70 ਜੁਲਾਈ-ਸਤੰਬਰ, 2023

# ਕਹਾਣੀ ਧਾਰਾ

80/-



ਮੇਰੀ ਨਗਰੀ 'ਚ ਲੋਕੀ ਸਿਆਲ ਏਦਾਂ ਵੀ ਲੰਘਾਉਂਦੇ ਨੇ, ਜਲਾ ਕੇ ਸਬਜ਼ ਵੇਲਾਂ ਜਿਸਮ ਅਪਣੇ ਸੇਕ ਆਉਂਦੇ ਨੇ
ਹਮੇਸ਼ਾ ਰਸਤਿਆਂ ਵਿਚ ਮਘ ਰਹੇ ਕੋਲੇ ਵਿਛਾਉਂਦੇ ਨੇ, ਇਹ ਆਖ਼ਰ ਕੌਣ ਨੇ ਜੋ ਸੁਰਖ਼ ਫ਼ੁੱਲਾਂ ਨੂੰ ਜਲਾਉਂਦੇ ਨੇ

-ਕੁਲਵਿੰਦਰ

70 ਕਹਾਣੀ ਧਾਰਾ ਜੁਲਾਈ-ਸਤੰਬਰ, 2023

70 ਜੁਲਾਈ-ਸਤੰਬਰ, 2023

'KAHANI DHARA'(PUNJABI QUARTERLY)
R.N.I. Regd No. PUN PUN /2006 /19971
ISSN: 2321-4449



e-mail:
kahanidhara@gmail.com
bhagwantrasulpuri@gmail.com

ਸੰਪਾਦਕ:

ਭਗਵੰਤ ਰਸੂਲਪੁਰੀ

94170-64350

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor KAHANI DHARA
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇੱਕ ਅੰਕ 80/- (ਸਧਾਰਨ ਡਾਕ)
100/-(ਰਜਿ. ਡਾਕ), 10 ਅੰਕ 800/-
10 ਅੰਕ : ਡਾਲਰ 150/ ਪੌਂਡ 120

ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ

Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

## ਰੈਫਰੀਡ ਪੈਨਲ / ਸਲਾਹਕਾਰ ਬੋਰਡ

*ਡਾ. ਸਰਬਜੀਤ ਸਿੰਘ
ਮੁੱਖੀ, ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

*ਡਾ. ਮਨਜਿੰਦਰ ਸਿੰਘ
ਮੁੱਖੀ, ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

*ਡਾ. ਰਵੀ ਰਵਿੰਦਰ
ਮੁੱਖੀ, ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

*ਡਾ. ਕੁਲਦੀਪ ਸਿੰਘ
ਮੁੱਖੀ, ਪੰਜਾਬੀ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

*ਡਾ. ਗੁਰਮੁੱਖ ਸਿੰਘ
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਭੀਮ ਇੰਦਰ ਸਿੰਘ
ਮੁੱਖੀ ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਮੋਹਨ ਸਿੰਘ ਤਿਆਗੀ
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਯਾਦਵਿੰਦਰ ਸਿੰਘ
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ



Title Painting
Surjit Kaur

Account Name
**Bhagwant Rasulpuri**
Account No.: 65089711724
IFS Code: SBIN0050485
State Bank of India
G.T.B. Nagar, Jalandhar

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Krihanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ : ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਜੁਲਾਈ, 2023)

# ਕਹਾਣੀ ਧਾਰਾ

*ਅੰਕ:70,ਜੁਲਾਈ-ਸਤੰਬਰ,2023*


**ਸੰਪਾਦਕੀ**
ਲਹਿਰਾਂ ਦਾ ਸਾਹਿਤ–2
**ਭਗਵੰਤ ਰਸੂਲਪੁਰੀ**

**ਗੋਸ਼ਟੀ-2**
*ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ*
ਗੋਸ਼ਟੀ ਵਿਚ ਭਾਗ ਲੈਣ ਵਾਲੇ
**ਬਲੀਜੀਤ**
**ਸ਼ਬਦੀਸ਼**
**ਡਾ. ਸੁਖਪਾਲ ਕੌਰ**
**ਭਗਵੰਤ ਰਸੂਲਪੁਰੀ**
–3

**ਪੋਲਿਸ਼ ਕਹਾਣੀ**
ਪੰਖ ਮੁਕਟ
**ਈਸਹਾਕ ਬਸ਼ੇਵਿਸ ਸਿੰਗਰ**
ਉਲਥਾਕਾਰ: **ਮਕਸੂਦ ਸਾਕਿਬ**
ਲਿਪਾਂਤਰ: ਜੋਗਿੰਦਰ ਪਾਲ ਮਾਨ–30

**ਪਾਕਿਸਤਾਨੀ ਪੰਜਾਬੀ ਕਹਾਣੀ**
ਸਾਵਾ ਤੋਤਾ ਚੁੰਜ ਦਰਆਵੇ ਬੋੜ ਗਿਆ
**ਜ਼ੁਬੈਰ ਅਹਿਮਦ**–46

**ਪੰਜਾਬੀ ਕਹਾਣੀਆਂ**
ਸੇਵਾ / **ਹਰਪ੍ਰੀਤ ਸਿੰਘ ਚਨੂੰ**–52
ਛੱਲਾਂ/ **ਦੀਪਤੀ ਬਬੂਟਾ**–70
ਜੈਸਾ ਫ਼ਿਲਮੋਂ ਮੇਂ ਹੋਤਾ ਹੈ ...
**ਐੱਚ ਐੱਸ ਡਿੰਪਲ**–81
ਘੇਰਾ / **ਵਿਪਨ ਕੁਮਾਰ**–89

**ਸ਼ਬਦ ਚਿੱਤਰ**
ਮੇਰੇ ਉਸਤਾਦ ਪੰਡਿਤ ਵਿਸ਼ਨੂੰ ਕਾਲੀਆ
**ਬਲਵਿੰਦਰ ਬਾਲਮ**–97

**ਜਨ ਬੋਧ**
ਸ਼ੂਦਰਾਂ ਦਾ ਉਥਾਨ ਕਰਨ ਵਾਲਾ
ਕਲਯੁਗ ਅਤੇ ਭਗਤੀ ਵਿਚਾਰਧਾਰਾ
**ਡਾ. ਸੇਵਾ ਸਿੰਘ**
ਅਨੁਵਾਦ: **ਪ੍ਰਕਾਸ਼ ਕੌਰ ਸੰਧੂ**–102

**ਸਮੀਖਿਆ**
ਉੱਚੀਆਂ ਆਵਾਜ਼ਾਂ
**ਡਾ. ਚੰਦਰ ਪ੍ਰਕਾਸ਼**– 134
ਭੁੱਖ ਇਉਂ ਸਾਹ ਲੈਂਦੀ ਹੈ
**ਡਾ. ਜਸਵਿੰਦਰ ਕੌਰ ਬਿੰਦਰਾ**–140
ਮੈਂ ਇਕ ਕਥਾ
**ਡਾ. ਜਸਵਿੰਦਰ ਕੌਰ ਬਿੰਦਰਾ**–143
ਤ੍ਰਿਕਾਲ ਸੰਧਿਆ
**ਡਾ. ਭੁਪਿੰਦਰ ਕੌਰ**–145

**ਹੁੰਗਾਰਾ**
ਕਹਾਣੀ ਧਾਰਾ : ਮਨੋ–ਵਿਗਿਆਨਕ
ਯਥਾਰਥ ਦੀ ਸਫ਼ਲ ਪੇਸ਼ਕਾਰੀ
**- ਨਿਰੰਜਣ ਬੋਹਾ** –149
ਕਹਾਣੀ ਧਾਰਾ: ਵਿਭਿੰਨ ਵਿਸ਼ਿਆਂ ਨੂੰ ਪੇਸ਼
ਕਰਦੀ ਸਮਕਾਲੀ ਕਹਾਣੀ
**-ਪ੍ਰੋ. ਪਵਨਦੀਪ ਕੌਰ**–153

**ਮੇਰਾ ਸਟੱਡੀ ਟੇਬਲ**
**ਭਗਵੰਤ ਰਸੂਲਪੁਰੀ**– 157

# ਸੰਪਾਦਕੀ : ਲਹਿਰਾ ਦਾ ਸਾਹਿਤ

ਸੰਤਾਲੀ ਤੋਂ ਲੈ ਕੇ ਹੁਣ ਤੱਕ ਪੰਜਾਬੀ ਸਾਹਿਤ ਲਹਿਰਾਂ ਦੇ ਗੋਡੇ ਥੱਲੇ ਰਿਹਾ ਏ। ਜਿਨ੍ਹਾਂ ਸਾਹਿਤਕਾਰਾਂ ਦੇ ਸੋਤਰ ਸੁੱਕ ਜਾਂਦੇ ਨੇ ਉਹ ਵੀ ਕੁਝ ਨਾ ਲਿਖਣ ਲਈ ਲਹਿਰਾਂ ਵੱਲ ਅੱਡੀਆਂ ਚੁੱਕ-ਚੁੱਕ ਝਾਕਦੇ ਰਹਿੰਦੇ ਨੇ। ਦੇਸ਼ ਵੰਡ ਦੀ ਲਹਿਰ, ਨਕਸਲੀ ਲਹਿਰ, ਮੁਜ਼ਾਰਾ ਲਹਿਰ, ਪ੍ਰਗਤੀਸ਼ੀਲ ਲਹਿਰ, ਹਰੀ ਕ੍ਰਾਂਤੀ ਦੀ ਲਹਿਰ, ਖ਼ਾਲਿਸਤਾਨੀ-ਚੁਰਾਸੀ ਦੀ ਲਹਿਰ, ਪ੍ਰਯੋਗਵਾਦੀ ਲਹਿਰ, ਦਲਿਤ ਲਹਿਰ, ਵਿਸ਼ਵੀਕਰਨ ਦੀ ਲਹਿਰ, ਕਰੋਨਾ ਲਹਿਰ ਤੇ ਕਿਸਾਨ ਅੰਦੋਲਨ ਵਰਗੀਆਂ ਲਹਿਰਾਂ ਤੋਂ ਪ੍ਰਭਾਵਤ ਹੋ ਕੇ ਪੰਜਾਬੀ ਲੇਖਕ ਆਪਣੀ ਸਿਰਜਣਾ ਦੇ ਸਰੋਤ ਲੈਂਦਾ ਆ ਰਿਹਾ ਏ। ਹੁਣ ਮਸਲਾ ਇਹ ਵਿਚਾਰਨ ਵਾਲਾ ਏ ਕਿ ਲਹਿਰਾਂ ਸਾਹਿਤ ਦਾ ਨੁਕਸਾਨ ਕਰਦੀਆਂ ਨੇ? ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਲਿਖਣ ਵਾਲਾ ਲੇਖਕ ਉਲਾਰ ਤੇ ਕਾਹਲੀ ਦਾ ਸ਼ਿਕਾਰ ਹੋ ਜਾਂਦਾ ਏ? ਕੀ ਸੱਚਮੁੱਚ ਲੇਖਕ ਤੱਤਾ-ਤੱਤਾ 'ਗੁੜ' ਪਾਠਕਾਂ ਦੇ ਹੱਥਾਂ 'ਤੇ ਰੱਖ ਕੇ ਉਨ੍ਹਾਂ ਦੇ ਹੱਥ ਤੇ ਮੂੰਹ ਸਾੜਦਾ ਏ। ਕੁਝ ਲੇਖਕ ਜਿਨ੍ਹਾਂ ਦੇ ਸੋਤਰ/ ਦਾਣੇ ਮੁੱਕ-ਸੁੱਕ ਜਾਂਦੇ ਨੇ ਉਹ ਕਿਸੇ ਨਵੀਂ ਲਹਿਰ ਦੀ ਉਡੀਕ ਵਿਚ ਕਿਓਂ ਬੈਠ ਜਾਂਦਾ ਏ? ਇਹ ਮਸਲੇ ਵਿਚਾਰਨ ਵਾਲੇ ਨੇ।

ਦੇਸ਼ ਵੰਡ ਦੀ ਲਹਿਰ ਦਾ ਬਹੁਤਾ ਸਾਹਿਤ ਨਸ਼ਟ ਹੋ ਗਿਆ ਏ। ਸਾਡੇ ਚੇਤਿਆਂ 'ਚ ਗਿਣਤੀ ਦੀਆਂ ਰਚਨਾਵਾਂ ਦੇ ਨਾਂ ਨੇ। ਨਕਸਲੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਲੇਖਕਾਂ ਨੇ ਕਵਿਤਾ ਦੇ ਢੇਰ ਲਾ ਦਿੱਤੇ। ਕਹਾਣੀਆਂ ਵੀ ਬਹੁਤ ਲਿਖ ਹੋਈਆਂ ਤੇ ਨਾਵਲ ਵੀ ਕਾਫੀ ਮਾਤਰਾ ਵਿਚ ਲਿਖੇ ਗਏ ਪਰ ਸਾਨੂੰ ਸਮਾਜ ਦੀ ਸਹੀ ਤਸਵੀਰ ਨਾ ਲੱਭੀ। ਅਸੀਂ ਸਾਹਿਤ 'ਬੰਦੂਕ ਦੀ ਨਾਲੀ' 'ਚੋਂ ਲੱਭਦੇ ਰਹੇ। ਪ੍ਰਗਤੀਵਾਦੀ ਲਹਿਰ ਦਾ ਸਾਹਿਤ ਵੀ ਸਮਾਜ ਦੀ ਸਹੀ ਤਸਵੀਰ ਵਿਖਾਉਣ ਤੋਂ ਖੁੰਝ ਗਿਆ। ਪ੍ਰੇਮ ਪ੍ਰਕਾਸ਼ ਕਹਿੰਦਾ ਹੁੰਦਾ ਏ ਕਿ 'ਲੱਕੜ ਸੋਚ' ਰੱਖਣ ਵਾਲੇ ਪ੍ਰਗਤੀਵਾਦੀਆਂ ਨੇ ਪੰਜਾਬੀ ਸਾਹਿਤ ਦਾ ਬਹੁਤ ਨੁਕਸਾਨ ਕੀਤਾ। ਸੇਖੋਂ ਆਪਣੇ ਸਮੇਂ ਉਸ ਸਾਹਿਤ ਦੀ ਹੀ ਗੱਲ ਕਰਦੇ ਸਨ ਜੋ ਮਾਰਕਸਵਾਦੀ ਸੋਚ ਨਾਲ ਲਿਖਿਆ ਜਾਂਦਾ ਸੀ। ਸਮੇਂ ਨਾਲ ਇਨ੍ਹਾਂ ਚਿੰਤਕਾਂ ਦੀ ਸੋਚ ਬਦਲੀ ਵੀ। ਉਨ੍ਹਾਂ ਨੇ ਯਥਾਰਥਵਾਦੀ ਸੋਚ ਨਾਲ ਲਿਖੇ ਜਾ ਰਹੇ ਸਾਹਿਤ ਦੀ ਖੁੱਲ੍ਹ ਕੇ ਗੱਲ ਕਰਨੀ ਸ਼ੁਰੂ ਕਰ ਦਿੱਤੀ। ਹਰੀ ਕ੍ਰਾਂਤੀ ਦੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਭਰਵੇਂ ਰੂਪ ਵਿਚ ਕਹਾਣੀ, ਨਾਵਲ ਤੇ ਕਵਿਤਾ ਲਿਖੀ ਗਈ। ਇਕ ਸਮੇਂ ਪ੍ਰਯੋਗਵਾਦੀ ਤੇ ਪ੍ਰਗਤੀਵਾਦੀ ਗਾਹੇ ਬਗਾਹੇ ਗੁੱਥਮ-ਗੁੱਥੀ ਵੀ ਹੋ ਜਾਂਦੇ ਸਨ। ਪੰਜਾਬ ਸੰਕਟ ਸਮੇਂ ਸਾਹਿਤ ਢੇਰਾ ਦੇ ਢੇਰ ਲਿਖਿਆ ਗਿਆ। ਹੁਣ ਮਸਾਂ ਅੱਧਾ ਕੁ ਕਿੱਲੋ ਸਾਹਿਤ ਬਚਿਆ ਏ। ਜਦੋਂ ਪੰਜਾਬ 'ਚ ਦਲਿਤ ਲਹਿਰ ਚੱਲੀ ਤਾਂ ਦਲਿਤ ਸਾਹਿਤ ਵੀ ਵੱਡੀ ਪੱਧਰ 'ਤੇ ਸੁਚੇਤ ਅਚੇਤ ਲਿਖਿਆ ਜਾਣ ਲੱਗ ਪਿਆ। ਬਚੇਗਾ ਉਹੀ ਜਿਹਦੇ 'ਚ ਸਾਹਿਤ ਦੇ ਸਦੀਵੀਂ ਤੱਤ ਹੋਣਗੇ। ਸਮਕਾਲ ਵਿਚ ਵਿਸ਼ਵੀਕਰਨ ਲਹਿਰ ਦੀ ਚੜ੍ਹਤ ਏ। ਉਪਰੋਥਲੀ ਕਰੋਨਾ ਤੇ ਕਿਸਾਨ ਲਹਿਰਾਂ ਨੇ ਦਾਬਾ ਪਾ ਲਿਆ। ਜਿਹੜੇ ਪੰਜਾਬੀ ਲੇਖਕਾਂ ਕੋਲ ਕੁਝ ਹੋਰ ਲਿਖਣ ਲਈ ਨਹੀਂ ਸੀ, ਉਨ੍ਹਾਂ ਤੁਰੰਤ ਲਿਖਣਾ ਸ਼ੁਰੂ ਕਰ ਦਿੱਤਾ। ਕਵਿਤਾ ਦਾ ਹੜ੍ਹ ਆ ਗਿਆ। ਕਹਾਣੀਕਾਰ-ਨਾਵਲਕਾਰ ਵੀ ਪਿੱਛੇ ਨਹੀਂ ਰਹੇ। ਸਾਡੇ ਲੇਖਕਾਂ ਦਾ ਇਹ ਦੁਖਾਂਤ ਏ ਕਿ ਉਹ ਲਹਿਰਾਂ ਤੋਂ ਪ੍ਰਭਾਵਿਤ ਸਮਾਜ ਤੇ ਲੋਕਾਂ ਨੂੰ ਬਹੁਤ ਕਾਹਲੀ ਨਾਲ ਫੜਨ ਲੱਗਦੇ ਨੇ। ਵਿਸ਼ਲੇਸ਼ਣ ਦੀ ਬਜਾਏ ਵਰਣਨ ਵਿਚ ਪੈ ਕੇ ਆਪਣੀ ਰਚਨਾ ਦਾ ਨਾਸ ਮਾਰ ਲੈਂਦੇ ਨੇ। ਇਨ੍ਹਾਂ ਦੋ ਲਹਿਰਾਂ ਬਾਰੇ ਸਾਨੂੰ ਬਹੁਤ ਹਲਕੇ ਪੱਧਰ ਦੀ ਕਹਾਣੀ ਪੜ੍ਹਨ ਨੂੰ ਮਿਲਦੀ ਏ। ਦੁਖਾਂਤ ਇਹ ਕਿ ਹਰ ਲੇਖਕ ਆਪਣੀ ਰਚਨਾ ਦੀ ਝੰਡੀ ਫੜ ਕੇ ਸੋਸ਼ਲ ਮੀਡੀਏ ਤੇ ਗੇੜੀ ਦਈ ਜਾਂਦਾ ਏ ! ਅਸੀਂ ਕਿੰਨਾ ਕੁ ਚਿਰ ਖਾਲੀ ਬੋਰੀ ਫੜ ਕੇ ਖੜੇ ਰਹਾਂਗੇ... ਸਮੇਂ ਦੇ ਛਾਨਣੇ ਨੇ ਬਰੀਕ ਤੇ ਕਮਜ਼ੋਰ ਰਚਨਾਵਾਂ ਥੱਲੇ ਸੁੱਟ ਦੇਣੀਆਂ ਨੇ, ਫੇਰ ਉਨ੍ਹਾਂ ਨੂੰ ਰਾਖ਼ ਬਣਨ ਤੋਂ ਕੋਈ ਨ੍ਹੀਂ ਰੋਕ ਸਕਦਾ। 'ਗੋਸ਼ਟੀ' 'ਚ ਅਸੀਂ ਏਸ ਬਾਰੇ ਵੀ ਗੱਲਾਂ ਕੀਤੀਆਂ ਨੇ।

**- ਭਗਵੰਤ ਰਸੂਲਪੁਰੀ**

# ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ



*('ਕਹਾਣੀ ਧਾਰਾ' ਨੇ ਹਰ ਅੰਕ ਵਿਚ ਗੋਸ਼ਟੀ ਛਾਪਣ ਦੀ ਪ੍ਰੰਪਰਾ ਪਿਛਲੇ ਅੰਕ ਤੋਂ ਸ਼ੁਰੂ ਕੀਤੀ ਏ। ਇਹ ਗੋਸ਼ਟੀ ਕਿਸੇ ਇਕ ਵਿਸ਼ੇ ਜਾਂ ਕਿਸੇ ਕਿਤਾਬ ਉੱਤੇ ਹੋਇਆ ਕਰੇਗੀ। ਅਜਿਹੀਆਂ ਗੋਸ਼ਟੀਆਂ ਅਸੀਂ 'ਕਹਾਣੀ ਧਾਰਾ' ਦੇ ਮੁੱਢਲੇ ਅੰਕਾਂ ਵਿਚ ਵੀ ਛਾਪੀਆਂ ਸਨ। ਇਸ ਵਾਰ ਅਸੀਂ ਨਵੀਂ ਪੰਜਾਬੀ ਕਹਾਣੀ ਜਾਂ ਕਹਿ ਲਓ ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ 'ਤੇ ਗੋਸ਼ਟੀ ਕਰਵਾਈ ਏ। ਇਹ ਗੋਸ਼ਟੀ ਕਲਾ ਭਵਨ, ਚੰਡੀਗੜ੍ਹ ਵਿਚ ਮਿਤੀ 10 ਜੂਨ,2023 ਨੂੰ ਕੀਤੀ ਗਈ। ਇਸ ਗੋਸ਼ਟੀ 'ਚ ਕਹਾਣੀਕਾਰ ਬਲੀਜੀਤ, ਨਾਟਕਕਾਰ -ਸ਼ਾਇਰ, ਇਤਿਹਾਸ, ਮਿਥਿਹਾਸ ਤੇ ਪੰਜਾਬੀ ਸਮਾਜ /ਸਾਹਿਤ ਦੀ ਸੂਝ ਰੱਖਣ ਵਾਲੇ ਸ਼ਬਦੀਸ਼, ਗਲਪ ਆਲੋਚਨਾ 'ਚ ਤੇਜੀ ਨਾਲ ਆਪਣੀ ਸਪੇਸ਼ ਬਣਾਉਣ ਵਾਲੀ ਡਾ. ਸੁਖਪਾਲ ਕੌਰ ਸਮਰਾਲਾ ਅਤੇ ਇਸ ਪਰਚੇ ਦੇ ਸੰਪਾਦਕ ਭਗਵੰਤ ਰਸੂਲਪੁਰੀ ਨੇ ਭਾਗ ਲਿਆ। ਤਕਰੀਬਨ ਦੋ ਘੰਟੇ ਚੱਲੀ ਇਸ ਗੋਸ਼ਟੀ 'ਚ ਸੂਤਰਧਾਰ ਦੀ ਭੂਮਿਕਾ ਭਗਵੰਤ ਰਸੂਲਪੁਰੀ ਨੇ ਨਿਭਾਈ। -ਸੰਪਾਦਕ)*

**ਰਸੂਲਪੁਰੀ**-ਦੋਸਤੋ ! ਇਸ ਗੋਸ਼ਟੀ 'ਚ ਤੁਹਾਡਾ ਸਵਾਗਤ ਏ। ਅੱਜ ਆਪਾਂ ਇੱਕੀਵੀਂ ਸਦੀ 'ਚ ਲਿਖੀ ਜਾ ਰਹੀ ਪੰਜਾਬੀ ਕਹਾਣੀ ਦੀ ਪਛਾਣ ਕਰਨੀ ਏ। ਇਸ ਕਹਾਣੀ ਨੂੰ ਸਮਕਾਲੀ ਕਹਾਣੀ ਜਾਂ ਅੱਜ ਲਿਖੀ ਜਾ ਰਹੀ ਕਹਾਣੀ ਵੀ ਕਹਿ ਸਕਦੇ। ਸਾਨੂੰ ਪਤਾ ਈ ਏ ਕਿ ਇੱਕੀਵੀਂ ਸਦੀ ਦੇ ਦੋ ਦਹਾਕੇ ਬੀਤ ਗਏ ਨੇ। ਤੀਜੇ ਦੇ ਸ਼ੁਰੂ ਦੇ ਸਾਲ ਨੇ। ...ਆਪਣੀ ਗੱਲ ਨੂੰ ਤੋਰਨ ਲਈ ਜੇ ਅਸੀਂ ਪੰਜਾਬੀ ਕਹਾਣੀ ਦੇ ਮੋਟੇ ਮੋਟੇ ਨੁਕਤੇ ਵਿਚਾਰੀਏ ਤਾਂ ਮੈਨੂੰ ਲੱਗਦਾ ਏ ਕਿ ਪੰਜਾਬੀ ਕਹਾਣੀ ਲਹਿਰਾਂ ਤੋਂ ਪੀੜਤ ਰਹੀ ਏ। ਤੁਸੀਂ ਇਸ ਨੂੰ ਲਹਿਰਾ ਤੋਂ ਪ੍ਰਭਾਵਿਤ ਵੀ ਕਹਿ ਸਕਦੇ ਹੋ। ਸਾਡਾ ਬਹੁਤਾ ਕਹਾਣੀਕਾਰ ਲਹਿਰਾਂ ਵੱਲ ਵੇਖ ਕੇ ਕਹਾਣੀ ਲਿਖਦਾ ਰਿਹਾ ਏ। ਬਿਨਾ ਸ਼ੱਕ ਲਹਿਰਾਂ ਨੇ ਸਾਨੂੰ ਚੰਗੀਆਂ ਤੇ ਨਿੱਗਰ ਕਹਾਣੀਆਂ ਵੀ ਦਿੱਤੀਆਂ। ਸਾਡੇ ਵਡੇਰਿਆ ਨੇ ਵੰਡ ਦੀ ਤ੍ਰਾਸਦੀ ਵੇਖੀ ਤੇ ਹੰਢਾਈ। ਇਸ ਨੂੰ ਇਕ ਲਹਿਰ ਦਾ ਨਾਂ ਦਿੱਤਾ ਜਾਂਦਾ ਏ। ਇਸ ਲਹਿਰ ਤੋਂ ਬਹੁਤ ਸਾਹਿਤ ਲਿਖਿਆ ਗਿਆ। ਕਹਾਣੀ ਵੀ ਲਿਖੀ ਗਈ। ਭਰਵੇਂ ਰੂਪ 'ਚ ਨਾਵਲ ਵੀ ਸਾਡੇ ਸਾਹਮਣੇ ਆਇਆ। ਹਿੰਦੀ ਉਰਦੂ ਵਿਚ ਬਹੁਤ ਲਿਖਿਆ ਗਿਆ। ਮੰਟੋ ਦੀਆਂ ਕਹਾਣੀਆਂ 'ਟੋਬਾ ਟੇਕ ਸਿੰਘ', 'ਖੋਲ ਦੋ' ਨੂੰ ਅਸੀਂ ਅੱਜ ਵੀ ਚੇਤੇ ਕਰਦੇ ਹਾਂ। ਮਹਿੰਦਰ ਸਿੰਘ ਸਰਨਾ ਨੇ ਕਮਾਲ ਦੀਆਂ ਕਹਾਣੀਆਂ ਲਿਖੀਆਂ। ਆਪਾਂ 'ਛਵੀਆਂ ਦੀ ਰੁੱਤ' ਵੇਖ ਸਕਦੇ ਹਾਂ। ਉਪਰੰਤ ਪੰਜਾਬ 'ਚ ਨਕਸਲੀ ਲਹਿਰ ਜਦੋਂ ਆਪਣੇ ਪੈਰ ਪਸਾਰਦੀ ਏ ਤਾਂ ਇਸ ਲਹਿਰ ਤੋਂ ਪੰਜਾਬੀ ਕਹਾਣੀਕਾਰ ਵੀ

ਅਣਭਿੱਜ ਨਹੀਂ ਰਹਿੰਦੇ। ਇਸ ਸਮੇਂ ਜਿਹੜੀ ਕਹਾਣੀ ਲਿਖੀ ਗਈ ਉਸ ਵਿਚ ਜਿਹੜਾ ਸ਼ੋਸ਼ਣ ਦਾ ਸ਼ਿਕਾਰ ਪਾਤਰ ਹੁੰਦਾ ਸੀ, ਉਹ ਕਹਾਣੀ ਦੇ ਅਖੀਰ ਵਿਚ ਵਿਦਰੋਹ ਕਰਦਾ ਤੇ ਜ਼ੁਲਮ ਕਰਨ ਵਾਲੇ ਨੂੰ ਹਥਿਆਰਾਂ ਨਾਲ ਮਾਰਦਾ ਹੋਇਆ ਵੀ ਸਾਡਾ ਕਹਾਣੀਕਾਰ ਵਿਖਾਉਂਦਾ ਸੀ। ਓਸ ਵੇਲੇ ਦੇ ਕਹਾਣੀਕਾਰ ਹਰ ਮਸਲੇ ਦਾ ਹੱਲ ਬੰਦੂਕ ਦੀ ਨਾਲੀ ਵਿੱਚੋਂ ਨਿਕਲੀ ਗੋਲੀ ਨਾਲ ਕਰਦੇ ਸਨ। 'ਮਿੱਟੀ ਰੰਗੇ ਲੋਕ' ਕਹਾਣੀ ਸੰਗ੍ਰਹਿ ਵਿਚ ਪ੍ਰੇਮ ਗੋਰਖੀ ਨੇ ਇਸ ਕਿਸਮ ਦੇ ਪਾਤਰ ਪੇਸ਼ ਕੀਤੇ। ਤੁਸੀਂ ਕੌਣ ਮਾਂ ਬਣਦੀ ਏ, ਹੱਡ ਬੀਤੀ-ਜਗ ਬੀਤੀ, 'ਮਾਂ-ਧੀ' ਵਰਗੀਆਂ ਕਹਾਣੀਆਂ ਵੇਖ ਸਕਦੇ ਹੋ। ਵਰਿਆਮ ਸੰਧੂ ਦੀ ਪਹਿਲੀ ਕਿਤਾਬ 'ਲੋਹੇ ਦੇ ਹੱਥ' ਦੀਆਂ ਕਹਾਣੀਆਂ ਵੇਖ ਸਕਦੇ ਹਾਂ। ਆਪਾਂ ਨਛੱਤਰ, ਅਤਰਜੀਤ, ਗੁਰਬਚਨ ਭੁੱਲਰ ਤੇ ਓਸ ਦੌਰ ਦੇ ਹੋਰ ਕਹਾਣੀਕਾਰਾਂ ਦੀਆਂ ਕਹਾਣੀਆਂ ਵੇਖ ਸਕਦੇ ਹਾਂ। ਫੇਰ ਸਾਡੇ ਸਾਹਮਣੇ ਹਰੀ ਕ੍ਰਾਂਤੀ ਆਉਂਦੀ ਏ। ਇਸ ਨਾਲ ਪਿੰਡ, ਪੇਂਡੂ ਕਿਸਾਨ ਤੇ ਉਨ੍ਹਾਂ ਦੇ ਖੇਤਾਂ ਵਿਚ ਕੰਮ ਕਰਨ ਵਾਲਾ ਖੇਤ ਮਜ਼ਦੂਰ ਦਲਿਤ ਵੀ ਬਦਲਣ ਲੱਗਦਾ ਏ। ਇਕ ਤਰ੍ਹਾਂ ਨਾਲ ਪੇਂਡੂ ਸਮਾਜ ਬਦਲਣ ਲੱਗ ਪੈਂਦਾ ਏ। ਇਸ ਬਦਲਾਅ ਨੂੰ ਅਸੀਂ ਪੰਜਾਬੀ ਕਹਾਣੀ ਵਿਚ ਵੀ ਵੇਖ ਸਕਦੇ ਹਾਂ। ਇਸ ਬਦਲ ਰਹੇ ਪੇਂਡੂ ਸਮਾਜ ਦੀ ਕਹਾਣੀ ਵੱਡੀ ਮਾਤਰਾ ਵਿਚ ਪੜ੍ਹਨ ਨੂੰ ਮਿਲਦੀ ਏ। ਏਥੇ ਆ ਕੇ ਸਾਡੀ ਕਹਾਣੀ ਦੀ ਸੁਰ ਸਹਿਜ ਹੋਣ ਲੱਗ ਪੈਂਦੀ ਏ। ਇਸ ਸਮੇਂ ਬਹੁਤ ਉੱਚ ਪੱਧਰ ਦੀਆਂ ਕਹਾਣੀਆਂ ਪੈਦਾ ਹੁੰਦੀਆਂ ਨੇ। ਕਿਰਪਾਲ ਕਜ਼ਾਕ, ਗੁਰਬਚਨ ਸਿੰਘ ਭੁੱਲਰ, ਵਰਿਆਮ ਸੰਧੂ ਤੇ ਪ੍ਰੇਮ ਪ੍ਰਕਾਸ਼ ਸਮੇਤ ਬਹੁਤ ਸਾਰੇ ਨਾਂ ਗਿਣੇ ਜਾ ਸਕਦੇ ਹਨ। ਵਰਿਆਮ ਸੰਧੂ ਦੀ 'ਡੁੰਮ', 'ਅੰਗ ਸੰਗ' ਤੇ 'ਆਪਣਾ ਆਪਣਾ ਹਿੱਸਾ' ਪੜ੍ਹ ਸਕਦੇ ਹਾਂ। ਫਿਰ ਅਸੀਂ ਸੁਖਵੰਤ ਕੌਰ ਮਾਨ ਦੀਆਂ ਕਾਫੀ ਕਹਾਣੀ ਵੇਖ ਸਕਦੇ ਹਾਂ। ਉਪਰੰਤ ਪੰਜਾਬ ਸੰਕਟ ਦੀ ਲਹਿਰ ਪੰਜਾਬ 'ਚ ਵੱਡੀ ਪੱਧਰ 'ਤੇ ਉੱਥਲ-ਪੁੱਥਲ ਮਚਾ ਦਿੰਦੀ ਏ। ਇਸ ਲਹਿਰ ਨਾਲ ਪੰਜਾਬੀਅਤ ਅਤੇ ਮਨੁੱਖਤਾ ਦਾ ਵੱਡੀ ਮਾਤਰਾ ਵਿਚ ਘਾਣ ਹੁੰਦਾ ਏ। ਫਿਰਕੂ ਹਨੇਰੀ ਵੀ ਝੁੱਲਦੀ ਏ ਪਰ ਸਾਡਾ ਲੇਖਕ ਸੈਕੂਲਰ ਬਣ ਕੇ ਸਾਹਿਤ ਦੀ ਸਿਰਜਣਾ ਕਰਦਾ ਏ। ਪੰਜਾਬ ਸੰਕਟ ਦੀ ਲਹਿਰ ਤੋਂ ਪੰਜਾਬੀ ਕਹਾਣੀ ਅਣਭਿੱਜ ਨਹੀਂ ਰਹਿੰਦੀ। ਦਹਿਸ਼ਤ, ਡਰ, ਭੈਅ, ਅਮਾਨਵੀ ਚਿਹਰਿਆਂ ਦਾ ਪ੍ਰਵਚਨ ਉਸਾਰਦੀ ਪੰਜਾਬੀ ਕਹਾਣੀ ਆਪਣਾ ਸਫ਼ਰ ਜਾਰੀ ਰੱਖਦੀ ਏ। ਇੱਕੀਵੀਂ ਸਦੀ ਦੇ ਆਉਣ ਨਾਲ ਪੰਜਾਬ ਸੰਕਟ ਦੀ ਲਹਿਰ ਖਤਮ ਹੋ ਜਾਂਦੀ ਏ। ਪੰਜਾਬੀ ਕਹਾਣੀਕਾਰ ਵਿਹਲਾ ਹੋ ਜਾਂਦਾ ਏ। ਉਹ ਏਧਰ ਓਧਰ ਝਾਕਦਾ ਏ ਕਿ ਕੋਈ ਲਹਿਰ ਚੱਲੇ ਤਾਂ ਉਸਦੀ ਕਲਮ ਵੀ ਚੱਲੇ। ਭਾਵੇਂ ਇੱਕੀਵੀਂ ਸਦੀ ਦੇ ਦੋ ਦਹਾਕੇ ਵਿਚ ਕੋਈ ਲਹਿਰ ਨਹੀਂ ਉੱਠਦੀ ਪਰ ਇਨ੍ਹਾਂ ਦੋ ਦਹਾਕਿਆਂ ਵਿਚ ਵੀ ਲਹਿਰ ਚੱਲਦੀ ਏ। ਇਹਨੂੰ ਆਪਾਂ ਵਿਸ਼ਵੀਕਰਨ ਦੀ ਲਹਿਰ ਕਹਿ ਸਕਦੇ ਹਾਂ। ਪੰਜਾਬੀ ਦੇ ਚਿੰਤਕ ਇਸ ਸਮੇਂ ਨੂੰ ਉਦਾਰੀਕਰਨ-ਨਿੱਜੀਕਰਨ ਜਾਂ ਡਿਜੀਟਲ ਸੂਚਨਾ ਕ੍ਰਾਂਤੀ ਦਾ ਦੌਰ ਵੀ ਕਹਿੰਦੇ ਨੇ। ਇਸ ਵਿਸ਼ਵੀਕਰਨ ਨਾਲ ਜੋ ਪੰਜਾਬ ਦੇ ਹਾਲਾਤ ਪੈਦਾ ਹੁੰਦੇ ਨੇ ਉਸ ਨਾਲ ਸਾਡਾ ਸਮਾਜ ਤੇਜੀ ਨਾਲ ਬਦਲਦਾ ਏ। ਮਨੁੱਖ ਦੀ ਸੋਚ ਬਦਲਦੀ ਏ। ਇਸ ਸਮੇਂ ਸਾਡਾ ਸੰਯੁਕਤ ਪਰਿਵਾਰ ਟੁੱਟਦਾ ਏ। ਇਕਹਿਰਾ ਪਰਿਵਾਰ ਹੋਂਦ 'ਚ ਆਉਂਦਾ ਏ। ਉਸ ਤੋਂ ਅੱਗੇ ਮਨੁੱਖ ਇਕੱਲਾ-ਇਕੱਲਾ ਸਮਾਜ ਵਿਚ ਵਿਚਰਨ ਲੱਗਦਾ ਏ। ਸਾਡੀ ਔਰਤ ਬਦਲਦੀ ਏ। ਮਰਦ ਬਦਲਦਾ ਏ। ਏਥੋਂ ਤੱਕ ਥਰਡ ਜੈਂਡਰ ਆਪਣੀ ਪਛਾਣ ਬਣਾਉਣ ਲੱਗ ਪੈਂਦਾ ਏ। ਇਸ ਦੌਰ 'ਚ ਹਰ ਕੋਈ ਬਦਲਣ ਲੱਗਦਾ ਏ। ਕਿਸਾਨ ਬਦਲਦਾ ਏ... ਦਲਿਤ ਬਦਲਦਾ ਏ... ਤੇ ਕਹਾਣੀ ਵਿਚ ਵੀ ਪਾਤਰ-ਦ੍ਰਿਸ਼-ਘਟਨਾਵਾਂ ਬਦਲ ਜਾਂਦੀਆਂ ਨੇ। ਇਸ ਦੌਰ ਦੇ ਬਦਲੇ ਹੋਏ ਮਨੁੱਖ ਨੂੰ...ਸਮਾਜ ਨੂੰ ਸਾਡਾ ਕਹਾਣੀਕਾਰ ਆਪਣੀ ਆਪਣੀ ਪੱਧਰ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਏ। ਕਹਾਣੀਕਾਰਾਂ ਦਾ ਇਕ ਪੂਰ ਉੱਠ ਖੜ੍ਹਾ ਹੁੰਦਾ ਏ। ਜਿਹਨੂੰ ਆਪਾਂ ਕਹਾਣੀ ਦੀ ਚੌਥੀ ਪੀੜ੍ਹੀ ਦਾ ਨਾਂ ਵੀ ਦੇ ਦਿੰਦੇ ਆ। ਇੱਕੀਵੀਂ ਸਦੀ ਦੇ ਮੁੱਢਲੇ ਸਾਲਾਂ 'ਚ ਵੀ ਜਿੰਦਰ, ਤਲਵਿੰਦਰ ਸਿੰਘ, ਸੁਖਜੀਤ, ਬਲਵਿੰਦਰ ਸਿੰਘ ਗਰੇਵਾਲ, ਗੁਰਮੀਤ ਕੜਿਆਲਵੀ, ਬਲੀਜੀਤ,

ਬਲਬੀਰ ਪਰਵਾਨਾ, ਜਸਪਾਲ ਮਾਨਖੇੜਾ, ਜਸਵੀਰ ਰਾਣਾ, ਜਤਿੰਦਰ ਹਾਂਸ, ਬਿੰਦਰ ਬਸਰਾ, ਦੇਸ ਰਾਜ ਕਾਲੀ, ਅਜਮੇਰ ਸਿੱਧੂ ਮੇਰੇ ਸਮੇਤ ਹੋਰ ਬਹੁਤ ਸਾਰੇ ਕਹਾਣੀਕਾਰ ਪੈਦਾ ਹੁੰਦੇ ਨੇ। ਭਾਵੇਂ ਇਨ੍ਹਾਂ ਦਾ ਚਿੰਤਨ ਲਹਿਰਾਂ ਤੋਂ ਮੁਕਤ ਸੀ ਪਰ ਵਿਸ਼ਵੀਕਰਨ ਦੀ ਲਹਿਰ ਨਾਲ ਬਦਲ ਰਿਹਾ ਮਨੁੱਖ ਤੇ ਸਮਾਜ ਇਨ੍ਹਾਂ ਦੀਆਂ ਕਹਾਣੀਆਂ ਵਿਚ ਆਉਣ ਲੱਗ ਪੈਂਦਾ ਏ। ਇੱਕੀਵੀਂ ਸਦੀ ਦੇ ਤੀਜੇ ਦਹਾਕੇ ਵਿਚ ਕੁਝ ਇਸਤਰੀ ਕਹਾਣੀਕਾਰਾਂ ਦੇ ਨਕਸ਼ ਗੂੜ੍ਹੇ ਹੁੰਦੇ ਨੇ। ਭਾਵੇਂ ਕਿ ਇਨ੍ਹਾਂ ਚੋਂ ਕੁਝ ਨਾਲ ਪਹਿਲਾਂ ਵੀ ਸਰਗਰਮ ਸਨ। ਕੁਲਬੀਰ ਬਡੇਸਰੋਂ, ਪਰਵੇਜ਼ ਸੰਧੂ ਕਹਾਣੀ ਦੇ ਖੇਤਰ ਵਿਚ ਮੁੜ ਤੋਂ ਸਰਗਰਮ ਹੋ ਜਾਂਦੀਆਂ ਨੇ। ਅੱਗੇ ਨਿਰਮਲ ਜਸਵਾਲ, ਵਿਸ਼ਵ ਜੋਤੀ ਧੀਰ, ਤ੍ਰਿਪਤਾ ਕੇ. ਸਿੰਘ, ਦੀਪਤੀ ਬਬੂਟਾ, ਸਰਬਜੀਤ ਕੌਰ ਸੋਹਲ, ਸਰਘੀ ਅਤੇ ਅਰਵਿੰਦਰ ਕੌਰ ਧਾਲੀਵਾਲ ਦੇ ਨਾਂ ਲਏ ਜਾ ਸਕਦੇ ਨੇ। ਬਾਅਦ ਵਿਚ ਇਨ੍ਹਾਂ ਨਾਵਾਂ ਦੇ ਨਾਲ ਵਿਪਨ ਗਿੱਲ, ਜਸਪਾਲ ਕੌਰ ਤੇ ਰੇਮਨ ਅਦਿ ਦੇ ਨਾਂ ਵੀ ਜੁੜ ਜਾਂਦੇ ਨੇ।

ਬੀਤੇ ਚਾਰ ਕੁ ਸਾਲ ਪਹਿਲਾਂ ਦੋ ਲਹਿਰਾਂ ਚੱਲੀਆਂ... ਕਰੋਨਾ ਲਹਿਰ ਅਤੇ ਕਿਸਾਨ ਅੰਦੋਲਨ ਦੀ ਲਹਿਰ। ਪੰਜਾਬੀ ਕਹਾਣੀਕਾਰਾਂ ਨੇ ਇਨ੍ਹਾਂ ਦੋ ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਵੀ ਕਹਾਣੀਆਂ ਨਾਵਲ ਲਿਖੇ। ਅੱਗੇ ਚੱਲ ਕੇ ਆਪਾਂ ਇਨ੍ਹਾਂ ਲਹਿਰਾਂ ਤੋਂ ਪੀੜਤ ਕਹਾਣੀ ਦੀ ਗੱਲ ਵੀ ਕਰਨੀ ਏ। ਮੇਰੇ ਮਨ 'ਚ ਸਵਾਲ ਪੈਦਾ ਹੁੰਦਾ ਏ ਕਿ ਪੰਜਾਬੀ ਕਹਾਣੀ ਲਹਿਰਾਂ ਤੋਂ ਮੁਕਤ ਕਹਾਣੀ ਕਿਓਂ ਨਹੀਂ ਹੋ ਸਕੀ? ਇਕ ਸਵਾਲ ਹੋਰ ਪੈਦਾ ਹੁੰਦਾ ਏ ਕੀ ਲਹਿਰਾਂ ਚਲੰਤ ਜਾਂ ਮਾੜੀ ਕਹਾਣੀ ਪੈਦਾ ਕਰਦੀਆਂ ਨੇ। ਇੱਕੀਵੀਂ ਸਦੀ ਦੀ ਜਾਂ ਦੋ-ਢਾਈ ਦਹਾਕੇ ਦੀ ਕਹਾਣੀ ਦੇ ਪ੍ਰਸੰਗ ਵਿਚ ਆਪਾਂ ਗੱਲ ਕਰਨੀ ਏ। ਵਾਕਿਆ ਇਹ ਕਹਾਣੀ ਪਹਿਲੀ ਕਹਾਣੀ ਤੋਂ ਵੱਖਰੀ ਏ? ਇਸ ਨੇ ਕਰਾਫਟ ਦੇ ਪੱਧਰ ਤੇ ਕੋਈ ਵੱਢ ਮਾਰਿਆ।

**ਬਲੀਜੀਤ**-ਵੇਖੋ ਆਪਾਂ ਲਹਿਰਾਂ ਦੇ ਸਾਹਿਤ ਨੂੰ ਮੂਲੋ ਹੀ ਰੱਦ ਨਹੀਂ ਕਰ ਸਕਦੇ। ਲਹਿਰਾਂ ਨੇ ਬੜਾ ਚੰਗਾ ਸਾਹਿਤ ਵੀ ਪੈਦਾ ਕੀਤਾ। ਬਲਕਿ ਕਾਫੀ ਮਾਤਰਾ ਵਿਚ ਕੀਤਾ ਹੈਗਾ। ਜੋ ਚੰਗਾ ਹੁੰਦਾ ਐ ਉਹ ਪਾਠਕਾਂ ਦੇ ਮਨਾਂ 'ਚ ਵਸ ਜਾਂਦਾ, ਜੋ ਮਾੜਾ ਹੁੰਦਾ ਏ ਉਹ ਰੱਦ ਹੋ ਜਾਂਦਾ। ਇਹ ਵੀ ਗੱਲ ਐ ਕਿ ਤੁਸੀਂ ਕਿਸੇ ਨੂੰ ਮਾੜਾ ਲਿਖਣ ਤੋਂ ਰੋਕ ਵੀ ਨਹੀਂ ਸਕਦੇ। ਜੋ ਪ੍ਰਗਤੀਵਾਦ ਲਹਿਰ 'ਚੋਂ ਕਹਾਣੀ ਪੈਦਾ ਹੋਈ। ਉਸ ਦੌਰ ਦੇ ਕਹਾਣੀਕਾਰਾਂ ਨੂੰ ਅਸੀਂ ਅੱਜ ਵੀ ਚੇਤੇ ਕਰਦੇ ਹਾਂ। ਏਸੇ ਕਰਕੇ ਕਿਉਂਕਿ ਉਨ੍ਹਾਂ 'ਚ ਕਹਾਣੀ ਦੀ ਕਲਾ ਸੀ। ਅੱਗੇ ਜਿਨ੍ਹਾਂ ਲੋਕਾ ਨੇ ਚੁਰਾਸੀ ਦਾ ਦੁੱਖ ਭੋਗਿਆ ਉਸ ਨੂੰ ਸ਼ਿੱਦਤ ਨਾਲ ਪੇਸ਼ ਵੀ ਕੀਤਾ। ਉਹ ਕਹਾਣੀਆਂ ਅਸੀਂ ਅੱਜ ਵੀ ਚੇਤੇ ਕਰਦੇ ਹਾਂ। ਮੋਹਨ ਭੰਡਾਰੀ ਦੀ 'ਮੂਨ ਦੀ ਅੱਖ' ਐ... ਪ੍ਰੇਮ ਪ੍ਰਕਾਸ਼ ਦੀ 'ਇਹ ਉਹ ਜਸਵੀਰ ਨਹੀਂ' ਜਾਂ ਵਰਿਆਮ ਸੰਧੂ ਦੀਆਂ ਕਹਾਣੀਆਂ 'ਭੱਜੀਆਂ ਬਾਹੀਂ' ਤੇ ਹੋਰ ਹਨ। ਹੁਣ ਤੁਸੀਂ ਵੇਖ ਲਓ ਜਦੋਂ ਕਰੋਨਾ ਦੀ ਲਹਿਰ ਪੈਦਾ ਹੁੰਦੀ ਏ ਜਾਂ ਕਿਸਾਨ ਅੰਦੋਲਨ ਆਉਂਦਾ ਏ, ਇਨ੍ਹਾਂ ਲਹਿਰਾਂ ਬਾਰੇ ਜੋ ਕਹਾਣੀਆਂ ਲਿਖੀਆਂ ਗਈਆਂ ਇਹ ਕਾਹਲੀ ਵਿਚ ਲਿਖੀਆਂ ਗਈਆਂ। ਬਹੁਤ ਹਲਕੀਆਂ ਕਹਾਣੀਆਂ ਲਿਖੀਆਂ ਗਈਆਂ। ਹੁਣ ਤੁਸੀਂ ਲਿਖਣ ਤੋਂ ਤੇ ਛਪਣ ਤੋਂ ਕਿਸੇ ਨੂੰ ਹਟਾ ਨਹੀਂ ਸਕਦੇ। ਤੁਰਦਿਆਂ ਤੁਰਦਿਆਂ ਇਨ੍ਹਾਂ ਨੇ ਆਪੇ ਈ ਡਿੱਗ ਪੈਣਾ ਹੁੰਦਾ। ਮੈਂ ਇਹ ਵੀ ਕਹਿੰਦਾ ਹਾਂ ਸਮਕਾਲ ਵਿਚ ਲਿਖੀ ਜਾ ਰਹੀ ਕਹਾਣੀ ਨੂੰ ਹਲਕੀ ਜਾਂ ਭਾਰੀ ਕਹਾਣੀ ਕਹਿਣਾ ਨਹੀਂ ਚਾਹੀਦਾ। ਸਮੇਂ ਦੇ ਨਾਲ ਨਾਲ ਉਹ ਕਹਾਣੀ ਦਾ ਆਪੇ ਪਤਾ ਲੱਗ ਜਾਣਾ ਹੁੰਦਾ ਐ ਬਈ ਇਹ ਕਿੰਨੀ ਕੁ ਹਲਕੀ ਜਾਂ ਭਾਰੀ ਏ। ਜੋ ਨਿੱਗਰ ਕਹਾਣੀ ਹੁੰਦੀ ਐ। ਉਹ ਤੁਹਾਡੇ ਅੰਦਰ ਦੇਰ ਤੱਕ ਤੁਰਦੀ ਰਹਿੰਦੀ ਐ। ਦੂਜੀ ਪੜ੍ਹਦਿਆਂ ਸਾਰ ਤੁਸੀਂ ਭੁੱਲ ਜਾਂਦੇ ਹੋ। ਬਾਕੀ ਜੋ ਇੱਕੀਵੀਂ ਸਦੀ ਦੀ ਕਹਾਣੀ ਐ... ਮੈਂ ਸਮਝਦਾ ਹਾਂ ਕਿ ਇਹ ਮਨੁੱਖ ਦੇ ਬਹੁਤ ਨੇੜੇ ਜਾਂਦੀ ਐ। ਸਾਡੇ ਤੋਂ ਪਿਛਲੇ ਵੀ ਜੋ ਕਹਾਣੀਆਂ ਲਿਖਦੇ ਸਨ, ਜਿਨ੍ਹਾਂ ਦਾ ਵੱਡਾ ਨਾਂ ਬਣ ਗਿਆ ਉਹ ਮਨੁੱਖ ਦੇ ਧੁਰ ਅੰਦਰ ਤੱਕ ਜਾਂਦੇ ਸਨ। ਜੇ ਤੁਸੀਂ ਚੰਗਾ ਲਿੱਖਣਾ ਐ ਤਾਂ ਤੁਹਾਨੂੰ ਸਮਕਾਲ ਦੇ ਮਨੁੱਖ ਦੇ ਅੰਦਰ ਤੱਕ ਜਾਣਾ ਹੋਵੇਗਾ। ਮੈਂ ਸਮਝਦਾ ਹਾਂ ਕਿ ਜੇ ਤੁਸੀਂ ਮਨੁੱਖ ਦੇ ਨੇੜੇ ਜਾਣਾ ਹੋਵੇ ਤਾਂ

ਤੁਹਾਨੂੰ ਮਨੁੱਖ ਦੇ ਅੰਦਰ ਜਾਣਾ ਹੋਵੇਗਾ। ਮਨੁੱਖ ਦੀ ਰੂਹ 'ਚ ਝਾਕਣਾ ਹੋਵੇਗਾ। ਉਹਦਾ ਬਾਹਰੀ ਸਰੂਪ ਜਾਂ ਉਹਦੇ ਕੱਪੜੇ ਨਹੀਂ ਵੇਖਣੇ ਹੋਣਗੇ। ਕਿਸੇ ਨੇ ਕਿਹਾ ਬਈ ਤੁਸੀਂ ਬਜ਼ਾਰ 'ਚ ਖੜ ਕੇ ਬਾਹਾਂ ਖੜੀਆਂ ਕਰਕੇ ਜਿਨਾ ਮਰਜੀ ਕਹੀ ਜਾਓ ਬਈ ਮੈਂ ਕਹਾਣੀਆਂ ਲਿਖਦੇ...ਕਿਸੇ ਨੇ ਨਹੀਂ ਮੰਨਣਾ। ਮਾੜੇ ਸਾਹਿਤ ਨੂੰ ਐਵੇਂ ਤੁਸੀਂ ਗਾਲ੍ਹਾਂ ਕੱਢੋ ਜਾਂ ਕਿਸੇ ਦੇ ਬਰਖ਼ਿਲਾਫ਼ ਬੋਲੋ...ਕੀ ਫੈਦਾ? ਪਾਤਰਾਂ ਬਾਰੇ ਮੈਂ ਕਹਿੰਦਾ... ਨਹੀਂ ਯਾਰ! ਉਹ ਬੰਦਾ ਜਿਹੜਾ ਮਨੁੱਖ ਦੇ ਵਿੱਚ ਬੈਠਾ ਹੋਇਆ ਜੋ ਗਤੀ ਕਰ ਰਿਹਾ। ਮਨੁੱਖ ਦੀ ਰਵਾਨਗੀ ਨੂੰ ਤੋੜਦਾ ਐ। ਮੈਂ ਸਮਝਦਾ ਹਾਂ ਆਮ ਆਦਮੀ ਦੇ ਨੇੜੇ ਕਹਾਣੀ ਜਿਆਦਾ ਹੈਗੀ ਐ...ਜਿਸ ਕਹਾਣੀ ਬਾਰੇ ਆਪਾਂ ਅੱਜ ਗੱਲ ਕਰ ਰਹੇ ਹਾਂ ਇਹ ਲਹਿਰ ਦੀ ਕਹਾਣੀ ਨਹੀਂ ਏ।

**ਰਸੂਲਪੁਰੀ**-ਵਿਸ਼ਵੀਕਰਨ ਦੇ ਸਮੇਂ ਨੂੰ ਜਦੋਂ ਮੈਂ ਵੇਖਦਾ ਹਾਂ ਤਾਂ ਇਸ ਸਮੇਂ ਸਾਰਾ ਕੁਝ ਬੜੀ ਤੇਜੀ ਨਾਲ ਬਦਲਦਾ ਏ। ਨਾਰੀ ਦਾ ਸਰੂਪ ਬਦਲਦਾ ਏ ਤੇ ਸਾਡੀਆਂ ਨਾਰੀ ਕਹਾਣੀਕਾਰਾਂ ਇਸ ਬਦਲ ਰਹੀ ਔਰਤ ਨੂੰ ਆਪਣੀ ਆਪਣੀ ਸਮਰੱਥਾ ਨਾਲ ਆਪਣੀਆਂ ਆਪਣੀਆਂ ਕਹਾਣੀਆਂ ਵਿਚ ਫੜ੍ਹਦੀਆਂ ਹਨ। ... ਏਸੇ ਤਰ੍ਹਾਂ ਦਲਿਤ ਚਿੰਤਨ ਦਾ ਸਰੂਪ ਵੀ ਬਦਲਿਆ ਏ। ਸਾਡੇ ਕਹਾਣੀਕਾਰ ਸੰਵਾਦ ਕਰਨ ਲੱਗਦੇ ਨੇ। ਸਰੂਪ ਸਿਆਲਵੀ ਨੇ ਭਰਵੇਂ ਰੂਪ 'ਚ ਇਤਿਹਾਸ ਮਿਥਿਹਾਸ ਦੇ ਪ੍ਰਸੰਗ 'ਚ ਦਲਿਤ ਸਮਾਜ ਦੀ ਇਤਿਹਾਸਕਾਰੀ ਦੀ ਗੱਲ ਕੀਤੀ ਏ। ਇਸੇ ਪ੍ਰਸੰਗ ਵਿਚ ਬਲਜੀਤੀ ਤੁਹਾਡੀਆਂ ਦੋ ਕਹਾਣੀਆਂ ਮੇਰੇ ਚੇਤੇ ਵਿੱਚ ਅੱਜ ਤੱਕ ਵਸੀਆਂ ਹੋਈਆਂ ਹਨ। ਉਹ ਨੇ 'ਠੀਂਹਾ' ਅਤੇ 'ਨੂਣ' ਮੈਨੂੰ ਬਲੀਜੀਤ ਦੀਆਂ ਇਹ ਦੋ ਕਹਾਣੀਆਂ ਤੇ ਕੁਝ ਹੋਰ ਵੱਖਰੀ ਸੁਰ ਦੀਆਂ ਕਹਾਣੀਆਂ ਲੱਗਦੀਆਂ ਨੇ। ਬਲੀਜੀਤ ਨੇ ਉਸ ਕਿਸਮ ਦੀ ਕਹਾਣੀ ਨਹੀਂ ਲਿਖੀ ਜਦੋਂ ਪ੍ਰਗਤੀਵਾਦੀ ਦੌਰ ਵਿਚ ਸ਼ੋਸ਼ਣ ਕਰਨ ਵਾਲੇ ਅਤੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਪਾਤਰਾਂ ਦੀ ਕਹਾਣੀ ਲਿਖਣ ਦੀ ਪ੍ਰੰਪਰਾ ਸਾਡੇ ਕੋਲ ਮੌਜੂਦ ਸੀ। ਜਿਸ ਕਹਾਣੀ ਵਿਚ ਜ਼ੁਲਮ ਦੇ ਸ਼ਿਕਾਰ ਪਾਤਰ ਹਥਿਆਰ ਚੁੱਕਦੇ ਨੇ। ਬਲੀਜੀਤੀ! ਤੁਹਾਡੇ ਜਿਹੜੇ ਅਨੁਭਵ ਸਨ ਉਹ ਕਿਸ ਕਿਸਮ ਦੇ ਸਨ ਜਾਂ ਇਨ੍ਹਾਂ ਪਾਤਰਾਂ ਵਿਚ ਐਨਾ ਠਰੰਮਾ ਜਾਂ ਸਹਿਜਤਾ ਕਿਵੇਂ ਆ ਗਈ।

**ਬਲੀਜੀਤ**-ਦਰਅਸਲ ਜਦੋਂ ਲੇਖਕ ਕਹਾਣੀ ਲਿਖਣ ਦਾ ਸੁਪਨਾ ਲੈਂਦਾ ਏ ਤਾਂ ਉਹਦਾ ਆਪਣਾ ਇਕ ਸੰਵਿਧਾਨ ਤੇ ਵਿਧੀ ਵਿਧਾਨ ਹੁੰਦਾ ਐ, ਬਈ ਜੇ ਮੈਂ ਲਿਖਣਾ ਐ ਤਾਂ ਕਿਵੇਂ ਲਿਖਣਾ ਐ। ਮੈਂ ਵੀ ਦਲਿਤ ਸਮਾਜ ਨੂੰ ਬਹੁਤ ਨੇੜੇ ਤੋਂ ਵੇਖਿਆ ਹੋਇਆ ਐ। ਮੈਂ ਸਮਝਦਾ ਹਾਂ ਕਿ ਮੇਰੇ ਸਮਾਜ ਦੀ ਸਾਹਿਤ ਵਿਚ ਕਾਫੀ ਬੇਇੱਜ਼ਤੀ ਹੋਈ ਐ... ਉਹ ਏਸ ਤਰ੍ਹਾਂ ਬਈ ਉਹਨੂੰ ਕਿਸੇ ਨੇ ਸਹੀ ਤਰੀਕੇ ਨਾਲ ਪੇਸ਼ ਹੀ ਨਹੀਂ ਕੀਤਾ ਗਿਆ, ਜਿਸ ਤਰ੍ਹਾਂ ਦਾ ਉਹ ਐ ਸੀ। ਜਦੋਂ ਮੈਂ ਏਸ ਸਮਾਜ ਬਾਰੇ ਦੋ ਚਾਰ ਕਾਗਜ਼ ਲਿਖ ਦਿੱਤੇ ਤਾਂ ਮੇਰੀ ਸਾਹਿਤ ਵਿੱਚ ਬੜੀ ਇੱਜ਼ਤ ਹੋਈ। ਮੈਨੂੰ ਇਹ ਸਾਹਿਤ ਚੰਗਾ ਲੱਗਣ ਲੱਗਾ। ਇਹ ਜੋ ਦੋ ਕਹਾਣੀਆਂ 'ਨੂਣ' ਤੇ 'ਠੀਂਹਾ' ਨੇ... ਇਨ੍ਹਾਂ ਦੇ ਪਾਤਰਾਂ ਨੂੰ ਜਦੋਂ ਮੈਂ ਘੜਦਾ ਹਾਂ ਤਾਂ ਮੈਂ ਇਹ ਨਹੀਂ ਸਮਝਦਾ ਸਾਂ ਕਿ ਇਹ ਕੋਈ ਹੌਲ਼ੀਆਂ ਚੀਜਾਂ ਨੇ। 'ਠੀਂਹਾ' ਦਾ ਬੁੜਾ ਐ ਜਾਂ 'ਨੂਣ' ਦਾ ਬੁੜਾ ਐ ਇਨ੍ਹਾਂ ਵਿਚ ਆਪਣੀ ਕਿਸਮ ਦੀ ਹਉਮੇ ਐ... ਜੇ ਤੁਸੀਂ ਧਿਆਨ ਨਾਲ ਵੇਖਿਆ ਹੋਵੇ। ਮੈਂ ਵੇਖਦਾ ਹੁੰਦਾ ਆਂ ਕਿ ਬੰਦੇ ਦੇ ਅਮੀਰ ਹੋਣ ਦੇ ਵੱਖਰੇ ਵੱਖਰੇ ਪੈਮਾਨੇ ਹੁੰਦੇ ਨੇ... ਲੇਖਕ ਕੋਲ ਜੇ ਆਪਣੀਆਂ ਲਿਖੀਆਂ ਚਾਰ ਕਿਤਾਬਾਂ ਹੋਣ ਤਾਂ ਉਹ ਆਪਣੇ ਆਪ ਨੂੰ ਅਮੀਰ ਸਮਝਦਾ ਐ... ਕੋਈ ਸਮਝਦਾ ਏ ਮੇਰੇ ਕੋਲ ਐਨੀ ਦੌਲਤ ਐ ਤਾਂ ਮੈਂ ਅਮੀਰ ਹਾਂ ਪਰ ਮੇਰੇ ਇਹ ਜੋ ਪਾਤਰ ਨੇ ਇਹ ਆਪਣੇ ਆਪ ਨੂੰ ਏਸੇ ਲਈ ਅਮੀਰ ਸਮਝਦੇ ਨੇ ਉਨ੍ਹਾਂ ਕੋਲ ਸਾਹ ਲੈਣ ਲਈ ਹਵਾ ਐ...ਅਸਮਾਨ ਥੱਲੇ ਬੈਠੇ ਨੂੰ ਉਹਨੂੰ ਸਾਰਾ ਕੁਝ ਦਿਸਦਾ ਐ... ਇਨ੍ਹਾਂ ਦੀ ਜੋ ਅਮੀਰੀ ਐ, ਉਹ ਫ਼ਕੀਰਾਂ ਵਾਲੀ ਅਮੀਰੀ ਐ। ਮੈਂ ਦਲਿਤ ਸਮਾਜ ਬਾਰੇ ਅਜੇ ਬਹੁਤ ਘੱਟ ਲਿਖਿਆ ਹੈਗਾ ਪਰ ਮੇਰਾ ਤਜ਼ਰਬਾ ਬਹੁਤ ਹੈਗਾ। 'ਨੂਣ' ਕਹਾਣੀ ਦੇ ਪਾਤਰ ਨੂੰ ਤਾਂ ਅਜੇ ਸੁਆਰ ਕੇ ਲਿਖਣਾ ਐ...।

**ਰਸੂਲਪੁਰੀ**-ਸ਼ਬਦੀਸ ਦਾ ਲਹਿਰਾਂ ਨਾਲ ਬਹੁਤ ਨੇੜੇ ਦਾ ਸੰਬੰਧ ਰਿਹਾ ਏ। ਚਾਹੇ ਉਹ ਲਹਿਰ ਪ੍ਰਗਤੀਵਾਦ ਦੀ ਹੋਵੇ ਜਾਂ ਪੰਜਾਬ ਸੰਕਟ ਸੀ। ਸ਼ਬਦੀਸ਼ ਕੀ ਲੇਖਕ ਬੈਠਾ ਇਹੀ ਵੇਖਦਾ ਰਹਿੰਦਾ ਕਿ ਕੋਈ ਨਵੀਂ ਲਹਿਰ ਪੈਦਾ ਹੋਵੇ ਤਾਂ ਮੈਂ ਕਹਾਣੀ ਲਿਖਾ? ਜਿਵੇਂ ਜਦੋਂ ਪੰਜਾਬ ਸੰਕਟ ਪੈਦਾ ਹੋਇਆ ਤਾਂ ਸਭ ਤੋਂ ਪਹਿਲਾਂ ਕਵੀਆਂ ਨੇ ਕਵਿਤਾਵਾਂ ਲਿਖ ਲਿਖ ਦੇ ਢੇਰ ਲਾ ਦਿੱਤੇ। ਫੇਰ ਕਹਾਣੀਆਂ ਲਿਖਣ ਦਾ ਦੌਰ ਸ਼ੁਰੂ ਹੋਇਆ... ਏਸ ਦੌਰਾਨ ਫੇ ਨਾਵਲ ਲਿਖ ਹੋਣ ਲੱਗ ਪਏ। ਬੜੇ ਨਾਵਲ ਲਿਖ ਹੋਏ। ਕੀ ਕਹਾਣੀਕਾਰ ਸੱਚਮੁੱਚ ਵੇਖਦਾ ਰਹਿੰਦਾ ਕਿ ਕੋਈ ਨਵੀਂ ਲਹਿਰ ਪੈਦਾ ਹੋਵੇ ਤਾਂ ਮੈਂ ਕਹਾਣੀ ਲਿਖਾ। ਕੀ ਸਾਹਿਤ ਲਿਖਣ ਲਈ ਲਹਿਰਾਂ ਦਾ ਪੈਦਾ ਹੋਣਾ ਜ਼ਰੂਰੀ ਹੁੰਦਾ ਐ?

**ਸ਼ਬਦੀਸ਼**-ਪਹਿਲੀ ਗੱਲ ਤਾਂ ਇਹੀ ਹੈ ਕਿ ਸਾਨੂੰ ਲੱਗਦਾ ਰਹਿੰਦਾ ਹੈ ਕਿ ਸਾਹਿਤ ਲਹਿਰਾਂ ਪੈਦਾ ਕਰਦੀਆਂ ਨੇ। ਪਰ ਸਾਹਿਤ ਤਾਂ ਉਨ੍ਹਾਂ ਲੋਕਾਂ ਰਾਹੀ ਹੀ ਲਿਖ ਕੇ ਆਉਂਦਾ ਹੈ, ਜਿਹੜੇ ਆਪਣੇ ਅਨੁਭਵ ਵਿੱਚੋਂ ਲਿਖਦੇ ਹਨ। ਜਦੋਂ ਅਸੀਂ ਲਹਿਰਾਂ ਦੇ ਸਾਹਿਤ ਦੀ ਗੱਲ ਕਰਦੇ ਹਾਂ ਜਿਵੇਂ ਹੁਣੇ ਬਲੀਜੀਤ ਵੀ ਕਹਿ ਕੇ ਹਟੇ ਨੇ... ਕਿ ਜਿਹੜਾ ਹਲਕਾ ਸਾਹਿਤ ਹੁੰਦਾ ਏ ਉਹ ਆਪਣੇ ਆਪ ਈ ਖਤਮ ਹੋ ਜਾਂਦਾ ਐ। ਹੁਣ ਸਵਾਲ ਪੈਦਾ ਹੁੰਦਾ ਐ ਕਿ ਉਹ ਸਾਹਿਤ ਖਤਮ ਕਿਓਂ ਹੋ ਜਾਂਦਾ ਐ? ਜੇ ਤਾਂ ਮੈਂ ਲੇਖਕ ਬਣਿਆ ਹਾਂ ਲਹਿਰ ਨੂੰ ਵੇਖ ਕੇ। ਲਹਿਰ ਦੇ ਅਨੁਭਵ ਨੇ ਮੈਨੂੰ ਲੇਖਕ ਬਣਨ ਵੱਲ ਪ੍ਰੇਰਤ ਕਰ ਦਿੱਤਾ। ਫਿਰ ਤਾਂ ਮੈਂ ਉਹੀ ਲਿਖਾਗਾ ਜਿਹਨੇ ਜਲਦੀ ਹੀ ਮਰ ਜਾਣਾ। ਜੇ ਮੈਨੂੰ ਮੇਰੀ ਜ਼ਿੰਦਗੀ ਦੇ ਅਨੁਭਵ ਨੇ ਲੇਖਕ ਬਣਾਇਆ, ਫਿਰ ਉਸ ਲੇਖਕ ਨੂੰ ਲਹਿਰ ਓਸ ਤਰੀਕੇ ਨਾਲ ਪ੍ਰਭਾਵਿਤ ਨਹੀਂ ਕਰੇਗੀ। ਲਹਿਰ ਤੋਂ ਪ੍ਰਭਾਵਿਤ ਹੋ ਕੇ ਲਿਖਣ ਦਾ ਮਤਲਬ ਤਾਂ ਇਹੀ ਹੈ ਕਿ ਤੁਸੀਂ ਉਸ ਲਹਿਰ ਤੋਂ ਪ੍ਰਭਾਵਿਤ ਚੀਜਾਂ ਤੇ ਮਸਲਿਆਂ ਨੂੰ ਸਮਝਣ ਦਾ ਯਤਨ ਕਰਦੇ ਹੋ, ਜੋ ਲਹਿਰ ਦੇ ਸਮੇਂ ਵਾਪਰਦੀਆਂ ਹਨ। ਪ੍ਰਗਤੀਸ਼ੀਲ ਲਹਿਰ 1926 ਤੋਂ ਚੱਲਦੀ ਆ ਰਹੀ ਐ। ਸਾਨੂੰ ਪਹਿਲਾਂ ਕਦੇ ਮਹਿਸੂਸ ਹੀ ਨਹੀਂ ਹੋਇਆ ਕਿ ਅਸੀਂ ਪੰਜਾਬ 'ਚ ਪ੍ਰਗਤੀਸ਼ੀਲ ਲੇਖਕ ਸੰਘ ਬਣਾਉਣਾ ਹੈ। ਸਾਡਾ ਤਾਂ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਹੀ ਸਰੀ ਜਾਂਦਾ ਸੀ। ਜਦੋਂ ਸੀ. ਪੀ. ਆਈ., ਸੀ. ਪੀ. ਐਮ. ਵੱਖ-ਵੱਖ ਹੋ ਗਈਆਂ ਤਾਂ ਉਨ੍ਹਾਂ ਜਨਵਾਦੀ ਲੇਖਕ ਸੰਘ ਬਣਾ ਲਿਆ, ਸਾਹਿਤਕਾਰਾ ਨੂੰ ਨਹੀਂ ਲੱਗਾ ਕਿ ਸਾਨੂੰ ਇਹ ਸੰਘ ਬਣਾਉਣ ਦੀ ਲੋੜ ਐ। ...ਫੇ ਅੱਗੇ ਆ ਜਾਂਦੀ ਐ ਨਕਸਲੀ ਲਹਿਰ। ਨਕਸਲੀ ਲਹਿਰ ਦੇ ਸਾਹਿਤ ਨੂੰ ਜੁਝਾਰ ਵਿਦਰੋਹੀ ਸੁਰ ਦਾ ਸਾਹਿਤ ਕਿਹਾ ਜਾਂਦਾ ਐ। ਭਾਵੇਂ ਕਿ ਪ੍ਰਗਤੀਵਾਦ ਦਾ ਇਹ ਅਗਲਾ ਪੜ੍ਹਾ ਐ। ਹਲਾਂ ਕਿ ਪ੍ਰਗਤੀਵਾਦ ਦੇ ਕੁਝ ਤੱਤਾਂ ਨੂੰ ਨਕਸਲੀ ਲਹਿਰ ਵਾਲੇ ਚੈਲੇਂਜ਼ ਵੀ ਕਰਦੇ ਨੇ ਪਰ ਲਿਖਣ ਤੇ ਅਨੁਭਵ ਦੇ ਮਾਮਲੇ ਵਿਚ ਕੁਝ ਜਿਆਦਾ ਫ਼ਰਕ ਨਹੀਂ। ਪੰਜਾਬੀ ਲੋਕਾਂ ਨੂੰ ਜਾਂ ਪੰਜਾਬੀ ਮਾਨਸਿਕਤਾ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕਰਨ ਵਾਲੀ ਲਹਿਰ ਆਈ ਖ਼ਾਲਿਸਤਾਨ ਦੀ ਲਹਿਰ। ਤੁਸੀਂ ਵੇਖੋਂ ਕਿ ਇਸ ਖ਼ਾਲਿਸਤਾਨ ਦੀ ਲਹਿਰ ਪੰਜਾਬੀ ਦੇ ਲੇਖਕਾਂ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਨਹੀਂ ਕਰ ਸਕੀ। ਇਸ ਦਾ ਮੁੱਖ ਕਾਰਨ ਇਹ ਕਿ ਲੇਖਕ ਦੇ ਬੇਸ਼ਕ ਕੰਨਸਰਨ (Concern) ਉਸ ਨੂੰ ਇਕ ਧਿਰ ਨਾਲ, ਇਕ ਧਰਮ ਨਾਲ ਜੁੜਨ ਲਈ ਪ੍ਰੇਰਤ ਨਹੀਂ ਕਰਦੇ। ਉਹਨੂੰ ਲੱਗਦਾ ਹੈ ਕਿ ਹਰ ਬੰਦਾ ਦਾ ਆਪਣਾ ਆਪਣਾ ਸੰਕਟ ਹੋ ਸਕਦਾ ਹੈ। ਦਲਿਤ ਬੰਦੇ ਦਾ ਆਪਣਾ ਸੰਕਟ ਹੈ। ਜੋ ਸਾਂਝਾ ਸੰਕਟ ਹੁੰਦਾ ਹੈ ਉਹ ਮੁੱਦੇ ਹੀ ਇਕ ਲੇਖਕ ਸਾਹਿਤ ਵਿਚ ਲੈ ਕੇ ਆਉਂਦਾ ਹੈ। ਇਕ ਸਮੇਂ ਇਸ ਤਰ੍ਹਾਂ ਵੀ ਲੱਗਦਾ ਸੀ ਜਿਹੜਾ ਕਿਸਾਨੀ ਬਾਰੇ ਨਹੀਂ ਲਿਖਦਾ, ਉਹ ਲੇਖਕ ਹੀ ਨਹੀਂ। ਕਿਉਂਕਿ ਸਾਡੀ ਸਾਰੀ ਖੱਬੇ ਪੱਖੀ ਲਹਿਰ ਕਿਸਾਨ ਪੱਖੀ ਰਹੀ ਏ। 1980 ਤੋਂ ਬਾਅਦ ਯੂ. ਪੀ. ਬਿਹਾਰ, ਮਹਾਂਰਾਸ਼ਟਰ ਵਿਚ ਦਲਿਤ ਲਹਿਰ ਵੇਖਣ ਨੂੰ ਮਿਲਦੀ ਐ। ਪੰਜਾਬੀ ਵਿਚ ਇਸ ਲਹਿਰ ਨੇ ਬਹੁਤ ਸਾਰੇ ਲੇਖਕਾਂ ਨੂੰ ਪ੍ਰਭਾਵਿਤ ਕੀਤਾ ਹੈ। ਇਸ ਦਲਿਤ ਲਹਿਰ ਦੇ ਖ਼ਿਲਾਫ਼ ਪ੍ਰਗਤੀਸ਼ੀਲ ਲੋਕਾਂ ਦਾ ਮੋਰਚਾ ਸੀ, ਬਈ ਇਹ ਕਿਹੜੀ ਦਲਿਤ ਲਹਿਰ ਹੋਈ? ਹੌਲੀ ਹੌਲੀ ਪੰਜਾਬ ਦੇ ਦਲਿਤ ਲੇਖਕ ਵੀ ਇਹ ਮੰਨਣ ਲੱਗ ਪਏ ਕਿ ਜਦੋਂ ਅਸੀਂ

ਦਲਿਤ ਸਮਾਜ ਦੀ ਗੱਲ ਕਰਦੇ ਹਾਂ ਤਾਂ ਕੀ ਅਸੀਂ ਸਮੁੱਚੇ ਸਮਾਜ ’ਚੋਂ ਦਲਿਤਾਂ ਨੂੰ ਤੋੜ ਕੇ ਦਲਿਤ ਸਾਹਿਤ ਦੀ ਗੱਲ ਕਰ ਸਕਦੇ ਹਾਂ? ਸਾਨੂੰ ਇਹ ਵੀ ਦੱਸਣਾ ਪਵੇਗਾ ਕਿ ਇਕ ਬਾਣੀਆ– ਬ੍ਰਾਹਮਣ ਇਕ ਦਲਿਤ ਨਾਲ ਕੀ ਕਰਦਾ? ਇਹ ਵੀ ਦੱਸਣਾ ਪਵੇਗਾ, ਇਕ ਜੱਟ ਕਿਸਾਨ ਦਲਿਤ ਨਾਲ ਖੇਤਾਂ ਵਿਚ ਕੀ ਕਰਦਾ ਹੈ। ਖੇਤਾਂ ਤੋਂ ਬਾਹਰ ਦੂਜੇ ਸਮਾਜਾਂ ਨਾਲ ਇਕ ਦਲਿਤ ਕਿਵੇਂ ਨਜਿੱਠਦਾ ਹੈ? ਤਾਂ ਸਾਨੂੰ ਅਨੁਭਵ ਤਾਂ ਸਾਰੇ ਸਮਾਜਾਂ ਦਾ ਚਾਹੀਦਾ ਹੈ। ਜੋ ਸਾਰੇ ਸਮਾਜਾਂ ਵਾਲਾ ਮਸਲਾ ਹੈ ਮੈਨੂੰ ਲੱਗਦਾ ਹੈ ਕਿ ਸਾਨੂੰ ਸਾਰੇ ਸਮਾਜਾਂ ਨਾਲ ਜੋੜੀ ਰੱਖਦਾ ਹੈ। ਹਾਲ ਦੀ ਘੜੀ ਇੱਕੀਵੀਂ ਸਦੀ ’ਚ ਬੈਠੇ ਅਸੀਂ ਕਹਿ ਸਕਦੇ ਹਾਂ ਕਿ ਪ੍ਰਗਤੀਸ਼ੀਲ ਲਹਿਰ ਇਕ ਲਹਿਰ ਦੇ ਤੌਰ ਅਤੇ ਜੁਝਾਰ ਵਿਦਰੋਹੀ ਲਹਿਰ ਇਕ ਲਹਿਰ ਦੇ ਤੌਰ ਤੇ ਲਗਭਗ ਹਾਸ਼ੀਏ ’ਤੇ ਜਾ ਚੁੱਕੀਆਂ ਹਨ। ਜੇ ਅਸੀਂ ਉਨ੍ਹਾਂ ਦੇ ਸਾਂਝੇ ਕੰਨਸਰਨ (Concern) ਦੀ ਗੱਲ ਕਰੀਏ ਜੋ ਲੇਖਕ ਦੇ ਵੀ ਕੰਨਸ਼ਰਨ(Concern) ਹਨ ਉਹ ਹੁਣ ਵੀ ਜੁੜੇ ਹੋਏ ਹਨ ਜੋ ਉਸ ਲਹਿਰ ਨਾਲ ਸਿੱਧੇ ਤੌਰ ਤੇ ਕਦੀ ਵੀ ਨਹੀਂ ਸਨ ਜੁੜੇ। ਮੈਨੂੰ ਅਜਿਹਾ ਲੱਗਦਾ ਹੈ।

**ਰਸੂਲਪੁਰੀ**-ਹੁਣ ਜੇ ਦਲਿਤ ਸਾਹਿਤ ਜਾਂ ਦਲਿਤ ਸਮਾਜ ਦੀ ਕਹਾਣੀ ਦੀ ਗੱਲ ਚੱਲੀ ਹੈ ਤਾਂ ਇਕ ਨੁਕਤਾ ਮੇਰੇ ਮਨ ਵਿਚ ਆਉਂਦਾ ਹੈ ਕਿ ਮੁੱਢਲੇ ਦੌਰ ’ਚ ਉਨ੍ਹਾਂ ਲੇਖਕਾਂ ਨੇ ਕੁਝ ਚੰਗੀਆਂ ਕਹਾਣੀਆਂ ਵੀ ਲਿਖੀਆਂ ਪਰ ਜਦੋਂ ਇਹ ਮਿੱਥ ਲਿਆ ਕਿ ਮੈਂ ਦਲਿਤ ਕਹਾਣੀ ਹੀ ਲਿਖਣੀ ਹੈ ਤਾਂ ਉਹ ਆਪਣੀਆਂ ਕਹਾਣੀਆਂ ’ਚ ਸਟੈਂਰਈਓਟਾਈਪ (stereotype) ਹੋ ਗਏ। ਉਹ ਮਨੁੱਖੀ ਯਥਾਰਥ ਨੂੰ ਇਕ ਪਾਸੇ ਰੱਖ ਕੇ ਦਲਿਤਵਾਦ ਕਹਾਣੀ ਵਿਚ ਘਸੋੜਨ ਲੱਗ ਪਏ। ਹੁਣ ਆ ਕੇ ਸਰੂਪ ਸਿਆਲਵੀ ਵੀ ਇਸ ਮਸਲੇ ਦਾ ਸ਼ਿਕਾਰ ਹੋ ਗਿਆ। ਮੈਂ ਸੁਖਪਾਲ ਨੂੰ ਪੁੱਛਣਾ ਚਾਹੁੰਦਾ ਕਿ ਉਹ ਦਲਿਤ ਕਹਾਣੀ ਨੂੰ ਕਿਸ ਤਰ੍ਹਾਂ ਵੇਖਦੇ ਨੇ।

**ਸੁਖਪਾਲ ਕੌਰ**-ਆਪਣੀ ਗੱਲ ਚਲਦੀ ਪਈ ਸੀ ਕਿ ਲੇਖਕ ਕਿਵੇਂ ਲਹਿਰਾਂ ਨਾਲ ਜੁੜਦਾ ਹੈ। ਫਿਰ ਕਿਵੇਂ ਦਾ ਸਾਹਿਤ ਲਿਖਦਾ ਹੈ। ਜੇਕਰ ਆਪਾਂ ਅੱਜ ਦੀ ਕਹਾਣੀ ਵੇਖੀਏ ਤਾਂ ਵਿਸ਼ਵੀਕਰਨ ਦੇ ਦੌਰ ਵਿਚ ਬੰਦੇ ਦੇ ਇਕਲਾਪੇ ਦੀ ਗੱਲ ਵਧੇਰੇ ਹੋ ਰਹੀ ਹੈ। ਵਿਸ਼ਵੀਕਰਨ ਦੇ ਦੌਰ ’ਚ ਵਿਚਰਦਿਆਂ ਸਾਨੂੰ ਸਭ ਤੋਂ ਵੱਡੀ ਸੁਗਾਤ ਇਹੀ ਮਿਲੀ ਹੈ ਕਿ ਉਹ ਵੱਡੀ ਮਾਤਰਾ ਵਿੱਚ ਪਰਿਵਾਰਾਂ ਵਿਚ ਰਹਿ ਕੇ ਅੰਦਰੋਂ ਇਕੱਲਾ ਹੋ ਗਿਆ। ਉਸ ਇਕੱਲੇਪਨ ਨੂੰ ਜਿਵੇਂ ਅੱਜ ਦੇ ਸਮੇਂ ਜੋ ਕਹਾਣੀਆਂ ਵਿਚ ਚਿਤਰਿਆ ਜਾ ਰਿਹਾ ਹੈ ਉਹ ਬਾ ਕਮਾਲ ਹੈ। ਜਦੋਂ ਆਪਾਂ ਦਲਿਤ ਕਹਾਣੀ ਦੀ ਗੱਲ ਕਰਦੇ ਹਾਂ ਤਾਂ ਮੈਨੂੰ ਲੱਗਦਾ ਨਹੀਂ ਇੱਕੀਵੀਂ ਸਦੀ ਵਿਚ ਦਲਿਤ ਸਮਾਜ ਦੀਆਂ ਚੰਗੀਆਂ ਕਹਾਣੀਆਂ ਨਹੀਂ ਲਿਖੀਆਂ ਗਈਆਂ। ਜੇ ਮੈਂ ਥੋੜ੍ਹਾ ਪਿੱਛੇ ਨੂੰ ਜਾਵਾਂ ਤਾਂ ਮੈਨੂੰ ਅਤਰਜੀਤ ਦੀ ‘ਨੂੰਹਾਂ’ ਕਹਾਣੀ ਚੇਤੇ ਆਉਂਦੀ ਏ। ਮੈਨੂੰ ਗੁਰਮੀਤ ਕੜਿਆਲਵੀ ਦੀ ਕਹਾਣੀ ‘ਆਤੂ ਖੋਜੀ’, ‘ਚੀਕ’ ਅਤੇ ‘ਹੱਡਾਰੋੜੀ ਤੇ ਰੇਹੜੀ’ ਚੇਤੇ ਆਉਂਦੀਆਂ ਨੇ। ਮੈਨੂੰ ਰਸੂਲਪੁਰੀ ਦੀਆਂ ਕਹਾਣੀਆਂ ‘ਖੋਜ’, ‘ਰਹਿਮਤ ਮਸੀਹ ਮੱਟੂ ਦੀ ਜੀਵੀਨੀ’ ਜਾਂ ‘ਠੇਢਾ’ ਚੇਤੇ ਆਉਂਦੀਆਂ ਹਨ। ਮੈਨੂੰ ਕੁਲਬੀਰ ਬਡੇਸਰੋਂ ਦੀ ਕਹਾਣੀ ‘ਬਾਹਰਲੀ ਬੈਠਕ’ ਚੇਤੇ ਆਉਂਦੀ ਏ। ਜੇ ਆਪਾਂ ਸਰੂਪ ਸਿਆਲਵੀ ਦੀਆਂ ਕਹਾਣੀਆਂ ਦੀਆਂ ਗੱਲ ਕਰੀਏ ਤਾਂ ਜੇ ਮੈਂ ਉਨ੍ਹਾਂ ਦੀਆਂ ਮੁੱਢਲੀਆਂ ਕਹਾਣੀਆਂ ਦੀ ਗੱਲ ਕਰਾਂ ਜਿਹਦੇ ਵਿਚ ਇਕ ਕਹਾਣੀ ਸਾਇਦ ‘ਰੇਪ’ ਹੈ। ਉਨ੍ਹਾਂ ਵਿਚ ਦਲਿਤ ਸਮਾਜ ਦੇ ਭਰਵੇਂ ਵੇਰਵੇ ਮਿਲਦੇ ਹਨ। ਸਮਾਜ ਦੀ ਗਤੀ ਸਹਿਜ ਤਰੀਕੇ ਨਾਲ ਪੇਸ਼ ਹੁੰਦੀ ਹੈ। ਪਰ ਹੁਣ ਆ ਕੇ ਉਹ ਹਰ ਘਟਨਾ ਤੇ ਪਾਤਰ ਵਿੱਚੋਂ ਦਲਿਤਵਾਦ ਘਸੋੜਨ ਲੱਗ ਪਿਆ ਏ। ਮੈਂ ਉਸ ਦਾ ਪਿਛਲੇ ਸਮੇਂ ਨਵਾਂ ਕਹਾਣੀ ਸੰਗ੍ਰਹਿ ਪੜ੍ਹਿਆ ‘ਨੰਗੇਲੀ’ ਮੈਨੂੰ ਐਂ ਲੱਗਾ ਕਿ ਦਲਿਤ ਸਾਹਿਤ ਵਿਚ ਲੇਖਕ ਦੇ ਆਪਣੇ ਆਪਣੇ ਅਨੁਭਵ ਤਾਂ ਹੁੰਦੇ ਹੀ ਹਨ, ਉਹਦੇ ਨਾਲ ਨਾਲ ਜਿਸ ਸਮਾਜ ਵਿਚ ਉਹ ਵਿਚਰ ਰਿਹਾ, ਜੋ ਘਟਨਾਵਾਂ ਉਸ ਨੇ ਵੇਖੀਆਂ ਹੁੰਦੀਆਂ, ਉਨ੍ਹਾਂ ਸਭ ਨੂੰ ਇਕੱਠਾ ਕਰਕੇ ਆਪਣੀ ਵਿਚਾਰਧਾਰਾ ਨਾਲ ਜੋੜ ਕੇ ਵੇਖਣ ਦੀ ਕੋਸ਼ਿਸ਼ ਵੀ ਕਰਦਾ ਹੈ। ਪਰ ਨਾਲ ਨਾਲ ਉਹ ਸਟੈਂਰਈਓਟਾਈਪ (stereotype) ਵੀ ਹੁੰਦਾ

ਜਾਂਦਾ ਏ। ਉਹ ਆਪਣੀਆਂ ਕਹਾਣੀਆਂ ਦੇ ਫੈਕਟ ਐਂਡ ਫਿਗਰ ਪੇਸ਼ ਕਰਦਾ ਹੈ। ਜਿਵੇਂ ਉਨ੍ਹਾਂ ਦੀ ਇਕ ਕਹਾਣੀ ਹੈ 'ਅੰਬੇਡਕਰੀ' ਉਨ੍ਹਾਂ ਨੇ ਕਹਾਣੀ ਵਿਚ ਇਕ ਪਾਤਰ ਘੜਿਆ ਹੈ ਪ੍ਰੋ. ਅੰਬੇਡਕਰੀ ਉਹ ਪੂਰੀ ਦੀ ਪੂਰੀ ਕਹਾਣੀ ਵਿਚ ਅੰਬੇਡਕਰ ਦਾ ਵਿਖਿਆਨ ਕਰਦਾ ਹੀ ਨਜ਼ਰ ਆਉਂਦਾ ਹੈ। ਲੇਖਕ ਦੇ ਵਿਚਾਰ ਤਾਂ ਪੜ੍ਹਨ ਨੂੰ ਮਿਲ ਜਾਂਦੇ ਨੇ ਪਰ ਕਹਾਣੀ ਕਿੱਥੇ ਹੈ? ਉਨ੍ਹਾਂ ਦੀਆਂ ਹੋਰ ਕਹਾਣੀਆਂ ਦਾ ਮੂਲ ਸਾਰ ਤੱਤ ਇਹੀ ਹੈ ਕਿ ਦਲਿਤਾਂ ਦਾ ਉੱਚ ਜਾਤੀ ਵੱਲੋਂ ਸ਼ੋਸ਼ਣ ਹੋ ਰਿਹਾ ਐ। ਜਿਹੜੇ ਦਲਿਤ ਪਾਤਰ ਹਨ, ਉਨ੍ਹਾਂ ਦੇ ਅੰਦਰ ਕੀ ਕੁਝ ਵਾਪਰਦਾ ਹੈ। ਉਹ ਕਿਵੇਂ ਆਪਣੇ ਆਪ ਨਾਲ ਜੱਦੋਜਹਿਦ ਕਰਦੇ ਪਏ ਹਨ। ਬਈ ਮੁੱਖ ਧਾਰਾ ਵਿਚ ਆਉਣ ਲਈ ਉਹ ਲੋਕ ਜਦੋਜਹਿਦ ਵੀ ਕਰਦੇ ਨੇ। ਉਹ ਚੀਜ਼ਾਂ ਮੈਨੂੰ ਦਲਿਤ ਸਾਹਿਤ ਵਿਚ ਬਹੁਤ ਘੱਟ ਵੇਖਣ ਨੂੰ ਮਿਲਦੀਆਂ ਹਨ। ਸਰੂਪ ਦਾ ਮੇਜਰ ਫੋਕਸ ਇਹੀ ਰਹਿੰਦਾ ਹੈ ਕਿ ਉੱਚ ਜਾਤੀ ਦੇ ਲੋਕ ਕਿਵੇਂ ਉਨ੍ਹਾਂ ਨੂੰ ਹਾਸ਼ੀਏ ਤੇ ਲੈ ਕੇ ਆਏ। ਇਕ ਕਿਸਮ ਦਾ ਨਫ਼ਰਤ ਦਾ ਇਜ਼ਹਾਰ ਹੀ ਮੈਨੂੰ ਬਾਅਦ ਦੀਆਂ ਕਹਾਣੀਆਂ ਵਿਚ ਲੱਭਾ ਏ। ਮਸਲਾ ਇਹ ਆਉਣਾ ਚਾਹੀਦਾ ਸੀ ਕਿ ਹੁਣ ਜਦੋਂ ਉਹ ਸੰਘਰਸ਼ ਕਰਕੇ ਦਲਿੱਦਰ ਭਰੀ ਜ਼ਿੰਦਗੀ ਤੋਂ ਬਾਹਰ ਨਿਕਲ ਆਏ ਹਨ ਤਾਂ ਉਨ੍ਹਾਂ ਦੀ ਉਹ ਜ਼ਿੰਦਗੀ ਕਿਸ ਕਿਸਮ ਦੀ ਹੈ। ਉਨ੍ਹਾਂ ਦੇ ਬੱਚੇ ਕਿਸ ਤਰ੍ਹਾਂ ਸੋਚਦੇ ਹਨ। ਉਹ ਬਿਰਤਾਂਤ ਦਾ ਹਿੱਸਾ ਬਣਾਉਣਾ ਚਾਹੀਦਾ ਏ।

**ਰਸੂਲਪੁਰੀ**-ਬਲੀਜੀਤ ਜੀ! ਜੇ ਆਪਾਂ ਇੱਕੀਵੀਂ ਸਦੀ ਦੇ ਇਹ 25 ਸਾਲ ਵੇਖੀਏ ਤਾਂ ਇਸ ਢਾਈ ਦਹਾਕੇ ਵਿਚ ਬਹੁਤ ਸਾਰੀਆਂ ਦਲਿਤ ਮਸਲੇ ਨਾਲ ਸੰਬੰਧਤ ਕਹਾਣੀਆਂ ਲਿਖੀਆਂ ਗਈਆਂ ਨੇ। ਬਲੀਜੀਤ ਜੀ ਕੀ ਤੁਹਾਨੂੰ ਲੱਗਦਾ ਹੈ ਕਿ ਜੋ ਦਲਿਤ ਪਾਤਰ ਜਾਂ ਦਲਿਤ ਸਮਾਜ ਬਦਲ ਰਿਹਾ ਏ, ਉਹ ਪੰਜਾਬੀ ਕਹਾਣੀ ਵਿਚ ਪੇਸ਼ ਹੋਇਆ ਏ।

**ਬਲੀਜੀਤ**-ਸਮਾਜ ਨੇ ਤਾਂ ਬਦਲਣਾ ਹੀ ਹੁੰਦਾ ਐ। ਇਹ ਬਦਲਦਾ ਰਹਿੰਦਾ ਐ। ਮਸਲਾ ਇਹ ਐ ਕੀ ਕਹਾਣੀਕਾਰ ਵੀ ਇਸ ਬਦਲੇ ਹੋਏ ਸਮਾਜ ਨੂੰ ਫੜਦਾ ਐ? ਇਸ ਬਦਲੇ ਹੋਏ ਸਮਾਜ ਨੂੰ ਤੁਸੀਂ 'ਠੇਢਾ' ਜਾਂ 'ਜੜ੍ਹਾਂ' 'ਚ ਪੇਸ਼ ਵੀ ਕੀਤਾ ਹੈਗਾ। ਪਰ ਮੈਂ ਆਪਣੀ ਕਹਾਣੀ 'ਚ ਜੋ ਗੱਲਾਂ ਲਿਖਦਾ ਹੈਗਾ, ਉਹ ਪੁਰਾਣੀਆਂ ਲਿਖਦਾ ਹੈਗਾ। ਬੀਤੇ ਸਮੇਂ ਦੀਆਂ। ਪਰ ਲਿਖਦਾ ਹੈਗਾ ਸਮਕਾਲ ਨਾਲ ਜੋੜ ਕੇ। ਇਕ ਕਿਸਮ ਨਾਲ ਸਮਾਜ ਦੀ ਇਤਿਹਾਸਕਾਰੀ ਕਰਦਾ ਹੈਗਾ। ਉਸ ਕਿਸਮ ਦੇ ਲੋਕ ਮੈਂ ਹੁਣ ਵੀ ਪਿੰਡਾਂ ਵਿਚ ਵੇਖੇ ਹਨ। ਉਨ੍ਹਾਂ ਵਿਚ ਕੁਝ ਲੋਕ ਹੁੰਦੇ ਐ, ਉਹ ਆਪਣੀ ਪੜ੍ਹਾਈ-ਭੜ੍ਹਈ ਕਰਕੇ ਅੱਗੇ ਆ ਜਾਂਦੇ ਨੇ। ਜਿਵੇਂ ਮੈਂ ਆ ਗਿਆ। ਮੇਰੀ ਜੂਨ ਸੁਧਰ ਗਈ। ਪਿੰਡ ਵਿਚੋਂ ਨਿਕਲ ਆਇਆ ਤੇ ਮੁਹਾਲੀ ਘਰ ਬਣਾ ਲਿਆ। ਪ੍ਰੰਤੂ ਇਹ ਬਦਲ ਰਿਹਾ ਸਮਾਜ ਅਜੇ ਕਹਾਣੀ ਦਾ ਹਿੱਸਾ ਬਹੁਤ ਘੱਟ ਬਣਿਆ ਐ।

**ਰਸੂਲਪੁਰੀ**-ਇੱਕੀਵੀਂ ਸਦੀ ਦੀ ਕਹਾਣੀ ਦੀ ਜੇ ਮੈਂ ਗੱਲ ਕਰਾਂ ਤਾਂ ਮੈਨੂੰ ਕੁਝ ਚਰਚਿਤ ਕਹਾਣੀਆਂ ਚੇਤੇ ਆਉਂਦੀਆਂ ਹਨ... ਮੈਨੂੰ ਸੁਖਜੀਤ ਦੀਆਂ 'ਮੈਂ ਰੇਪ ਨੂੰ ਇੰਜੁਆਏ ਕਰਦੀ ਆਂ', 'ਚੰਦਰੀ' ਜਾਂ 'ਕਾਮਬਲੀ' ਜਾਂ 'ਬਰਫ਼' ਆਦਿ ਕਹਾਣੀਆਂ ਚੇਤੇ ਆਉਂਦੀਆਂ ਨੇ। ਸੁਖਜੀਤ ਆਪਣੀ ਕਹਾਣੀ ਵਿਚ ਡੇਰਾਵਾਦ ਦੇ ਕੁਝ ਨਵੇਂ ਅਛੂਤੇ ਅਨੁਭਵ ਲੈ ਕੇ ਆਇਆ। ਜਾਂ ਉਸ ਨੇ ਪਾਤਰਾਂ ਦੇ ਮਨੋਵਿਗਿਆਨਕ ਪਹਿਲੂਆਂ ਨੂੰ ਆਪਣੀ ਵੱਖਰੀ ਸ਼ੈਲੀ 'ਚ ਪੇਸ਼ ਕੀਤਾ। ਭਾਵੇਂ ਕਿ ਆਪਣੀਆਂ ਬਾਅਦ ਦੀਆਂ ਕਹਾਣੀਆਂ ਵਿਚ ਉਹ ਥਿੜਕ ਗਿਆ। ਮੈਨੂੰ ਜਸਵੀਰ ਰਾਣਾ ਦੀ ਕਹਾਣੀ 'ਚੂੜੇ ਵਾਲੀ ਬਾਂਹ' ਚੇਤੇ ਆਉਂਦੀ ਐ... ਮੈਨੂੰ ਜਤਿੰਦਰ ਹਾਂਸ ਦੀ 'ਨੰਗੇਜ਼', 'ਫੌਜੀ' ਚੇਤੇ ਆਉਂਦੀਆਂ ਨੇ... ਮੈਨੂੰ ਅਜਮੇਰ ਸਿੱਧੂ ਦੀ ਕਹਾਣੀ 'ਨੱਚੀਕੇਤਾ ਦੀ ਮੌਤ' , 'ਗੌਰਜਾ' ਜਾਂ 'ਇਕਬਾਲ ਹੁਸੈਨ ਮੋਇਆ ਨਹੀਂ' ਚੇਤੇ ਆਉਂਦੀਆਂ ਨੇ। ਇਨ੍ਹਾਂ ਕਹਾਣੀਆਂ ਵਿਚ ਮੈਨੂੰ ਔਰਤ ਦੇ ਅਛੂਤੇ ਪਸਾਰ ਪੜ੍ਹਨ ਨੂੰ ਮਿਲਦੇ ਹਨ। ਜਿਹੜੇ ਮੈਨੂੰ ਪਹਿਲੀ ਕਹਾਣੀ ਵਿਚ ਧੁੰਦਲੇ ਜਿਹੇ ਪੜ੍ਹਨ ਨੂੰ ਮਿਲਦਾ ਸਨ ਜਾਂ ਤੁਸੀਂ ਕਹਿ ਲਓ ਸਮੇਂ ਦੇ ਬਦਲਣ ਨਾਲ ਇਨ੍ਹਾਂ ਕਹਾਣੀਕਾਰਾਂ ਨੇ ਖੁੱਲ੍ਹਾ ਲੈ ਲਈਆਂ। ਇਨ੍ਹਾਂ ਦੇ ਸਦੀਵੀ ਰਹਿਣ ਵਿਚ ਕਿਹੜੇ ਤੱਤ ਤੁਹਾਨੂੰ ਦਿਸਦੇ ਨੇ

ਜਾਂ ਇਹ ਇਕ ਵੇਗ 'ਚ ਐ ਕੇ ਉਹ ਚਰਚਿਤ ਹੋ ਗਈਆਂ।

**ਬਲੀਜੀਤ** -ਜਿਨ੍ਹਾਂ ਕਹਾਣੀਆਂ ਦੇ ਤੁਸੀਂ ਨਾਂ ਲਏ ਹਨ, ਇਹ ਬਿਨਾ ਸ਼ੱਕ ਪੰਜਾਬੀ ਸਾਹਿਤ ਦੀਆਂ ਅੱਛੀਆਂ ਕਹਾਣੀਆਂ ਹੈਗੀਆ ਹਨ। ਜੇ ਅਸੀਂ ਅੱਜ ਐਨੇ ਸਾਲਾਂ ਬਾਅਦ ਇਨ੍ਹਾਂ ਕਹਾਣੀਆਂ ਦੀਆਂ ਗੱਲਾਂ ਕਰਦੇ ਹਾਂ ਤਾਂ ਤੁਹਾਨੂੰ ਇਹ ਕਹਾਣੀਆਂ ਦੱਸਦੀਆਂ ਨੇ ਬਈ ਅਸੀਂ ਪਾਠਕਾਂ ਨੂੰ ਨਵੇਂ ਰਾਹ ਤੇ ਤੋਰਿਆ ਏ। ਮੈਂ ਫਿਰ ਆਪਣੀ ਗੱਲ ਕਹਿੰਦਾ ਹਾਂ ਕਿ ਲੇਖਕ ਨੇ ਧੁਰ ਅੰਦਰ ਜਾ ਕੇ ਵੇਖਣਾ ਹੁੰਦਾ ਐ। ਫੇਰ ਇਨ੍ਹਾਂ ਕਹਾਣੀਕਾਰਾਂ ਨੇ ਨਾਰੀ ਪਾਤਰਾਂ ਦੇ ਧੁਰ ਅੰਦਰ ਤੱਕ ਜਾ ਕੇ ਵੇਖਿਆ ਐ। ਮੈਨੂੰ ਇਹ ਕਹਾਣੀਆਂ ਦੁਬਾਰਾ ਪੜ੍ਹਨ ਚੰਗਾ ਲੱਗਦਾ ਹੈਗਾ। ਉਨ੍ਹਾਂ ਵਿੱਚ ਕੁੱਝ ਤੱਤ ਤਾਂ ਹੈਗੇ ਨੇ ਨਾ ਕਿ ਤੁਹਾਨੂੰ ਉਹ ਦੁਬਾਰਾ ਪੜ੍ਹਨ ਨੂੰ ਖਿੱਚਦੀਆਂ ਨੇ।

**ਸੁਖਪਾਲ ਕੌਰ**- ਜੇ ਮੈਂ ਜਸਵੀਰ ਰਾਣਾ ਦੀ ਕਹਾਣੀ 'ਚੂੜੇ ਵਾਲੀ ਬਾਂਹ' ਦੀ ਗੱਲ ਕਰਾਂ ਤਾਂ ਛੜੇ ਪਾਤਰ ਦੀ ਅੰਦਰਲੀ ਮਾਨਸਿਕਤਾ, ਉਸ ਦਾ ਯਥਾਰਥ ਬਾ ਕਮਾਲ ਐ। ਕਿਵੇਂ ਉਹ ਬੰਦਾ ਆਪਣੀ ਵੱਖਰੀ ਕਿਸਮ ਦੀ ਫੈਂਟਸ਼ੀ ਵਿਚ ਜੀਓ ਰਿਹਾ। ਆਪਣੀਆਂ ਸਾਰੀਆਂ ਇੱਛਾਵਾਂ ਇਕੋ ਔਰਤ ਦੀ ਫੈਂਟਸ਼ੀ ਨਾਲ ਜੀਓ ਰਿਹਾ। ਚੂੜੇ ਵਾਲੀ ਬਾਂਹ ਦੀ ਉਡੀਕ ਤੇ ਕਲਪਨਾ ਦਾ ਸੁਮੇਲ ਇਕ ਕਹਾਣੀਕਾਰ ਨੇ ਕਿੰਨੀ ਸਮਰੱਥਾ ਨਾਲ ਪੇਸ਼ ਕੀਤਾ ਏ। ਕੁਲਬੀਰ ਬਡੇਸਰੋਂ ਦੀ ਕਹਾਣੀ 'ਕਦੋਂ ਆਏਂਗੀ?' ਵੀ ਹੈਗੀ ਐ।

**ਰਸੂਲਪੁਰੀ**-ਮੈਨੂੰ ਕਿਤੇ ਕਿਤੇ ਐਂ ਵੀ ਲੱਗਣ ਲੱਗ ਪੈਂਦਾ ਐ ਕਿ ਸਾਡੇ ਹੁਣ ਦੇ ਜੋ ਕਹਾਣੀਕਾਰ ਹਨ। ਉਹ ਕਹਾਣੀ ਵਿਚ ਕਾਰਜ ਘੱਟ ਕਰਦੇ ਨੇ ਤੇ ਉਨ੍ਹਾਂ ਦੇ ਪਾਤਰ ਆਪਣੀ ਕਲਪਨਾ 'ਚ ਵੱਧ ਫਿਰ ਰਹੇ ਨੇ। ਸਾਡਾ ਇੱਕੀਵੀਂ ਸਦੀ ਦਾ ਕਹਾਣੀਕਾਰ ਪਾਤਰ ਨੂੰ ਨੀਮ ਬਹੋਸ਼ੀ 'ਚ... ਅਰਧ ਚੇਤਨ ਮਨ ਨਾਲ... ਸੁਪਨ ਅਵਸਥਾ 'ਚ ਜਾਂ ਨਸ਼ੇ ਦੀ ਹਾਲਤ 'ਚ ਲਿਜਾ ਕੇ ਪਾਤਰਾਂ ਦੀ ਮਨੋਦਸ਼ਾ ਵੱਧ ਪੇਸ਼ ਕਰਦਾ ਏ। ਕੀ ਆਪਾਂ ਹੁਣ ਦੀ ਕਹਾਣੀ ਦੀ ਇਹ ਖੂਬੀ ਕਹਿ ਸਕਦੇ ਹਾਂ। ਮਤੇ ਕਹਾਣੀਕਾਰ ਸਮਝਦਾ ਹੋਵੇ ਕਿ ਇਨ੍ਹਾਂ ਅਵਸਥਾਵਾਂ 'ਚ ਪਹੁੰਚਾ ਕੇ ਅਸੀਂ ਇਕ ਪਾਤਰ ਨੂੰ ਮਨ ਮਰਜ਼ੀ ਦਾ ਜਾਂ ਵਧੀਆ ਤਰੀਕੇ ਨਾਲ ਚਿੱਤਰ ਸਕਦੇ ਹਾਂ। ਜੇ ਅਸੀਂ ਵੇਖੀਏ ਤਾਂ ਸਾਡੇ ਜੋ ਤੀਜੀ ਪੀੜ੍ਹੀ ਦੇ ਕਹਾਣੀਕਾਰ ਹਨ, ਉਨ੍ਹਾਂ ਦੇ ਪਾਤਰ ਕਹਾਣੀ ਵਿਚ ਕਾਰਜ ਵੱਧ ਕਰਦੇ ਸਨ। ਸ਼ਬਦੀਸ਼ ਕਿਵੇਂ ਸੋਚਦਾ ਇਸ ਮਸਲੇ ਬਾਰੇ।

**ਸ਼ਬਦੀਸ਼**-ਮਸਲਾ ਇਹ ਐ ਕਿ ਅਸੀਂ ਕਹਾਣੀ 'ਚ ਪਾਤਰ ਦਾ ਕਾਰਜ ਕਿਸ ਨੂੰ ਕਹਿੰਦੇ ਹਾਂ। ਜੇ ਤਾਂ ਤੁਸੀਂ ਬੰਦੇ ਦੇ ਅੰਦਰ ਨੂੰ ਪਕੜਨ ਦੀ ਕੋਸ਼ਿਸ਼ ਕਰ ਰਹੇ ਹਾਂ। ਉਹਦੇ ਅਵਚੇਤਨ ਵਿਚ ਉਤਰਨ ਦੀ ਕੋਸ਼ਿਸ਼ ਕਰ ਰਹੇ ਹਾਂ ਤਾਂ ਉਹਦੇ ਅਵਚੇਤਨ 'ਚ ਕੀ ਕੁਝ ਵਾਪਰ ਰਿਹਾ, ਉਹ ਵੀ ਇਕ ਕਾਰਜ ਈ ਐ। ਅਸੀਂ ਉਹਨੂੰ ਵੀ ਇਕ ਕਾਰਜ ਹੀ ਕਹਾਂਗੇ। ਜੇ ਆਪਾਂ ਪਹਿਲੀਆਂ ਕਹਾਣੀਆਂ ਨੂੰ ਪੜ੍ਹੀਏ ਤਾਂ ਓਸ ਵੇਲੇ ਲੇਖਕ ਆਪਣੇ ਪਾਤਰਾਂ ਬਾਰੇ ਵਧੇਰੇ ਦੱਸਦਾ ਸੀ। ਹੁਣ ਜਦੋਂ ਅਸੀਂ ਇੱਕੀਵੀਂ ਸਦੀ ਦੀਆਂ ਕਹਾਣੀਆਂ ਵੇਖਦੇ ਹਾਂ ਤਾਂ 'ਮੈਂ' ਵਾਲੇ ਪਾਤਰ ਵਾਲੀਆਂ ਕਹਾਣੀਆਂ ਵਧੇਰੇ ਮਾਤਰਾ ਵਿਚ ਲਿਖ ਹੋ ਰਹੀਆਂ ਨੇ। ਉਹ ਜਿਹੜਾ 'ਮੈਂ' ਬੋਲਦਾ ਏ ਉਹਦੇ ਵਿਚ ਲੇਖਕ ਕਿਤੇ ਨਾ ਕਿਤੇ ਸ਼ਾਮਲ ਏ ਪਰ ਉਹਦੇ 'ਚ ਹੋਰ ਪਤਾ ਨੀਂ ਕੌਣ ਕੌਣ ਸ਼ਾਮਲ ਹੋ ਜਾਂਦਾ ਏ। ਇਕ ਕਹਾਣੀ 'ਚ ਪਤਾ ਨਹੀਂ ਕਿੰਨੇ ਲੋਕ ਸ਼ਾਮਲ ਹੋ ਕੇ ਇਕ ਪਾਤਰ ਬਣਦਾ ਏ। ਜਦੋਂ ਉਹ ਪਾਤਰ ਸਾਡੇ ਸਾਹਮਣੇ ਆਉਂਦਾ ਏ ਤਾਂ ਉਹ ਸਮੁੱਚੇ ਸਮਾਜ ਦੀ ਤਸਵੀਰ ਨੂੰ ਪੇਸ਼ ਕਰ ਰਿਹਾ ਹੁੰਦਾ ਏ। ਅਸੀਂ ਕਹਾਣੀ ਲਿਖਦੇ ਕਾਹਦੇ ਲਈ ਹਾਂ... ਸਮਾਜ ਨੂੰ ਸਮਝਣ ਲਈ ਹੀ ਨਾ ਔਰ ਸਮਾਜ ਵਿਚ ਕੀ ਵਾਪਰ ਰਿਹਾ ਉਹਨੂੰ ਪਰਖਣ ਲਈ ... ਉਹਦੇ ਬਾਰੇ ਚਰਚਾ ਕਰਨ ਲਈ। ਜੇ ਆਪਾਂ ਮੁੜ ਕੇ ਦਲਿਤ ਮੁੱਦੇ ਨੂੰ ਰਪੀਟ ਕਰੀਏ ਤਾਂ ਦਲਿਤਾਂ ਬਾਰੇ ਪਹਿਲਾਂ ਵੀ ਕਹਾਣੀਆਂ ਲਿਖੀਆਂ ਗਈਆਂ, ਹੁਣ ਵੀ ਲਿਖੀਆਂ ਜਾ ਰਹੀਆਂ ਨੇ। ਉਦੋਂ ਜਦੋਂ ਪੰਜਾਬੀ ਸਾਹਿਤ ਵਿਚ ਦਲਿਤ ਲਹਿਰ ਦਾ ਨਾਂ ਨਿਸ਼ਾਨ ਨਹੀਂ ਸੀ ... ਤੁਸੀਂ ਕਿਰਪਾਲ ਕਜ਼ਾਕ ਦੀਆਂ ਕਹਾਣੀ ਵੇਖੋ 'ਜਿੱਥੋਂ ਸੂਰਜ ਉੱਗਦਾ ਹੈ' ਔਰ ਉਹ ਕਹਾਣੀ ਹਰੀ

ਕ੍ਰਾਂਤੀ ਦੇ ਪ੍ਰਭਾਵ ਨੂੰ ਦੱਸ ਰਹੀ ਐ ਕਿ ਹਰੀ ਕ੍ਰਾਂਤੀ ਨੇ ਪਿੰਡ ਨੂੰ ਕਿਵੇਂ ਬਦਲ ਦਿੱਤਾ। ਜੇਕਰ ਹਰੀ ਕ੍ਰਾਂਤੀ ਨਾਲ ਕਿਸਾਨ ਵਿਚ ਖੁਸ਼ਹਾਲੀ ਆਈ ਏ ਤਾਂ ਉਹਦਾ ਨਿੱਕਾ ਜਿਹਾ ਹਿੱਸਾ ਉਨ੍ਹਾਂ ਦੇ ਖੇਤਾਂ ਵਿਚ ਕੰਮ ਕਰਨ ਵਾਲੇ ਦਲਿਤਾਂ ਨੂੰ ਵੀ ਮਿਲਿਆ। ਜਿਹਦੇ ਨਾਲ ਉਹਨਾਂ ਨੂੰ ਥੋੜ੍ਹਾ ਜਿਹਾ ਜਿਉਣ ਦਾ ਸਹਾਰਾ ਮਿਲਿਆ। ਉਨ੍ਹਾਂ ਦੇ ਬੱਚੇ ਵੀ ਸਕੂਲਾਂ 'ਚ ਜਾਣ ਲੱਗ ਪਏ। ਉਨ੍ਹਾਂ ਲੋਕਾਂ ਨੂੰ ਇਹ ਵੀ ਲੱਗਣ ਲੱਗ ਪਿਆ ਕਿ ਜੱਟਾਂ ਦੀ ਗੁਲਾਮੀ ਕਰਨ ਨਾਲੋਂ ਰਿਕਸ਼ਾ ਚਲਾਉਣਾ ਜਿਆਦਾ ਵਧੀਆਂ ਗੱਲ ਐ। ਫਿਰ ਇਹ ਲੱਗਣ ਲੱਗ ਪਿਆ ਕਿ ਰਿਕਸ਼ੇ ਨਾਲੋਂ ਹੁਣ ਥ੍ਰੀ ਵਿਲਰ ਲੈਣਾ ਠੀਕ ਐ। ਉਹ ਇਸ ਪਾਸੇ ਨੂੰ ਵੱਧਣ ਲੱਗ ਪਏ। ਸੋ ਇਹ ਬਦਲ ਰਿਹਾ ਸਮਾਜ ਤੁਹਾਡੇ ਅੰਦਰ ਕਿੰਨਾ ਕੁ ਐ। ਦੂਜੀ ਗੱਲ ਕਿ ਜਿਹੜਾ ਤੁਹਾਡਾ ਸਿੱਧਾ ਅਨੁਭਵ ਏ ਉਹ ਕਹਾਣੀ ਵਿਚ ਆ ਕੇ ਕਿੱਦਾ ਦਾ ਰੂਪ ਧਾਰਦਾ ਏ। ਹੁਣ ਆਪਾਂ ਜੇ ਸੁਖਜੀਤ ਦੀ ਗੱਲ ਕਰੀਏ ਤਾਂ ਉਹਦੇ ਕੋਲੋਂ ਜਿਹੜਾ 'ਡੇਰੇ' ਦਾ ਸਿੱਧਾ ਅਨੁਭਵ ਏ ਸਾਨੂੰ ਉਹਦੀ ਬਾਹਰੀ ਦਿੱਖ ਬਹੁਤ ਚੰਗੀ ਲੱਗਦੀ ਐ। ਔਰ ਜਦੋਂ ਸੁਖਜੀਤ ਕਹਾਣੀ ਲਿਖਦਾ ਐ ਤਾਂ ਤੁਹਾਨੂੰ ਇਹ ਵੀ ਨਹੀਂ ਲੱਗਦਾ ਕਿ ਉਹ 'ਏਸ ਡੇਰੇ' ਬਾਰੇ ਕਹਾਣੀ ਲਿਖ ਰਿਹਾ ਐ। ਉਦੋਂ ਲੱਗਦਾ ਐ ਕਿ ਨਹੀਂ ਪੰਜਾਬ 'ਚ ਜਿੱਦਾ ਦੇ ਡੇਰੇ ਨੇ ਉਹ ਉਨ੍ਹਾਂ ਬਾਰੇ ਲਿਖ ਰਿਹਾ ਐ। 'ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ' ਕਹਾਣੀ ਤੁਹਾਨੂੰ ਦੋ ਗੱਲਾਂ ਕਰਕੇ ਖਿੱਚਦੀ ਐ। ਇਕ ਤਾਂ ਉਹਦੇ 'ਚ ਡੇਰੇ ਦਾ ਅਨੁਭਵ ਕੀ ਐ। ਦੂਜੀ ਗੱਲ ਕਿ ਰੇਪ ਹਮੇਸ਼ਾਂ ਪਾਵਰ ਕਰਦੀ ਐ। ਜੈਂਡਰ ਨਹੀਂ ਕਰਦਾ। ਹਲਾਂਕਿ ਸਾਡੇ ਸਮਾਜ ਵਿਚ ਜੈਂਡਰ ਦੀ ਸਮੱਸਿਆ ਅਜੇ ਵੀ ਬਹੁਤ ਵੱਡੀ ਐ ਰੇਪ ਨੂੰ ਲੈ ਕੇ। ਮਰਦ ਕਿਓਂ ਰੇਪ ਕਰਦਾ ਐ? ਮਰਦ ਨੂੰ ਲੱਗਦਾ ਐ ਕਿ ਮੈਂ ਔਰਤ ਨਾਲੋਂ ਸੱਪੀਅਰਈਅਰ (superior) ਹਾਂ। ਜੇ ਆਪਾਂ ਦਲਿਤ ਔਰਤ ਦੀ ਗੱਲ ਕਰੀਏ ਤਾਂ ਉਹਦਾ ਸੰਕਟ ਤਾਂ ਦੂਜੀ ਔਰਤ ਨਾਲੋਂ ਵੀ ਵਧੇਰੇ ਐ। ਇਕ ਤਾਂ ਉਹ ਦਲਿਤ ਹੋਣ ਕਰਕੇ ਜ਼ੁਲਮ ਬਰਦਾਸ਼ਤ ਕਰਦੀ ਐ। ਦੂਜਾ ਉਹ ਦਲਿਤ ਹੋਣ ਕਰਕੇ ਬਾਹਰੀ ਲੋਕਾਂ ਦਾ ਜ਼ੁਲਮ ਬਰਦਾਸ਼ਤ ਕਰਦੀ ਐ। ਮਸਲਾ ਇਹ ਐ ਕਿ ਅਸੀਂ ਕਹਾਣੀਕਾਰ ਉਸ ਮਸਲੇ ਨੂੰ ਕਿੰਨਾ ਕੁ ਤੇ ਕਿਵੇਂ ਪਕੜਦੇ ਹਾਂ। ਉਂਝ ਅਸੀਂ ਜਾਤ ਦੀ ਗੱਲ ਕਰਦੇ ਓਪਨਲੀ (openly) ਕਹਿੰਦੇ ਫਿਰਦੇ ਐ ਬਈ ਅਸੀਂ ਤਾਂ ਜੱਟ ਹੁੰਦੇ ਐ... ਅਸੀਂ ਰਾਜਪੂਤ ਹੁੰਦੇ ਐ... ਅਸੀਂ ਬ੍ਰਾਹਮਣ ਹੁੰਦੇ ਐ...ਫਿਰ ਜਦੋਂ ਅਸੀਂ ਔਰਤ 'ਤੇ ਜ਼ੁਲਮ ਕਰਦੇ ਹਾਂ ਤਾਂ ਫਿਰ ਉਹਦੀ ਜਿਹੜੀ ਮਰਜ਼ੀ ਜਾਤ ਹੋਵੇ। ਫਿਰ ਉਹ ਇਕ ਔਰਤ ਹੋ ਜਾਂਦੀ ਐ। ਮਸਲਾ ਤਾਂ ਇਹੀ ਐ ਕਿ ਮਨੁੱਖ ਅੰਦਰੋਂ ਕਿੰਨਾ ਕੁ ਖੋਖਲਾ ਐ। ਔਰ ਨਾਲ ਨਾਲ ਉਹ ਕੀ ਕੁਝ ਚੁੱਕੀ ਫਿਰਦਾ ਐ। ਜੇ ਅਸੀਂ ਲਹਿਰਾਂ ਦੇ ਸਾਹਿਤ ਦੀ ਗੱਲ ਕਰੀਏ ਤਾਂ ਲਹਿਰਾਂ ਦੇ ਸਾਹਿਤ ਨੇ ਸਾਨੂੰ ਬਹੁਤ ਗ਼ਲਤ ਰਾਹ ਤੇ ਵੀ ਪਾ ਰੱਖਿਆ ਐ ਕਿ ਜਦੋਂ ਝੋਟਾ ਮਰੂਗਾ ਤਾਂ ਚੰਮ ਜੂੰਆਂ ਆਪੇ ਮਰ ਜਾਣਗੀਆਂ। ਮਤਲਬ ਇਨਕਲਾਬ ਆ ਲੈਣ ਦਿਓ ਬਾਕੀ ਮਸਲੇ ਆਪੇ ਹੱਲ ਹੋ ਜਾਣਗੇ। ਕੀ ਜਦੋਂ ਤੱਕ ਇਨਕਲਾਬ ਨਹੀਂ ਆਉਂਦਾ ਉਦੋਂ ਤੱਕ ਸਮਾਜੀ ਸੁਧਾਰ ਦੀ ਜ਼ਰੂਰਤ ਨਹੀਂ? ਕੀ ਕ੍ਰਾਂਤੀ ਸਿਆਸੀ ਹੀ ਹੁੰਦੀ ਐ। ਕੀ ਅੱਜ ਇਨਕਲਾਬ ਆ ਗਿਆ ਤਾਂ ਸਾਰਾ ਸਮਾਜ ਝਟ ਪਟ ਬਦਲ ਜਾਵੇਗਾ? ਸੱਤਾ ਬਦਲ ਜਾਵੇਗੀ। ਪਰ ਸਮਾਜ ਤਾਂ ਉੱਥੇ ਹੀ ਖੜਾ ਐ ਨਾ। ਬਦਲਣਾ ਤਾਂ ਸਮਾਜ ਨੂੰ ਐ। ਸੱਤਾ ਤਾਂ ਪੰਜਾਬ 'ਚ ਹੁਣ ਵੀ ਬਦਲੀ ਐ। ਉਹ ਪਾਰਟੀ ਜਿਹਦੇ ਬਾਰੇ ਕਲਪਨਾ ਵੀ ਨਹੀਂ ਕੀਤੀ, ਉਹ ਰਾਜ ਕਰ ਰਹੀ ਐ... ਪਾਰਟੀ ਬਦਲਣ ਨਾਲ ਕੀ ਸਮਾਜ ਬਦਲਿਆ ਐ? ਨਹੀਂ। ਜੇ ਨਹੀਂ ਬਦਲੀ ਤਾਂ ਅਸੀਂ ਕਹਾਣੀਕਾਰ ਲੋਕ ਉਸ ਨੂੰ ਕਿੰਨਾ ਕੁ ਪਕੜ ਚੁੱਕੇ ਐ। ਸ਼ੁਰੂ ਵਿਚ ਭਗਵੰਤ ਨੇ ਕਿਹਾ ਸੀ ਸਾਡੇ ਸਾਹਮਣੇ ਪੰਜਾਬ 'ਚ ਦੋ ਤਿੰਨ ਵੱਡੇ ਮਸਲੇ ਆਏ। ਉਨ੍ਹਾਂ ਵੱਡੇ ਮਸਲਿਆਂ ਵਿਚ ਸੰਤਾਲੀ ਇਕ ਵੱਡਾ ਮਸਲਾ ਐ। ਪਰ ਇਹ ਇਕ ਫੈਕਟ ਐ ਕਿ ਸੰਤਾਲੀ ਦੀ ਵੰਡ ਨੂੰ ਚੰਗੀ ਤਰ੍ਹਾਂ ਪਕੜਨ ਵਾਲੀਆਂ ਲਿਖਤਾਂ ਕਿੰਨੀਆਂ ਕੁ ਨੇ? ਜਿੰਨਾਂ ਨੂੰ ਅਸੀਂ ਵੱਢ ਪਾਉਣ ਵਾਲਾ ਸਾਹਿਤ ਕਹਿ ਸਕੀਏ। ਔਰ ਅਗਲਾ ਮਸਲਾ ਜਾਂ ਕਹਿ ਲਓ ਲਹਿਰ ਆਈ। ਨਕਸਲੀ ਲਹਿਰ। ਉਸ ਦੌਰ ਦੀਆਂ ਵੀ ਸਾਡੇ ਕੋਲੋਂ ਕਿੰਨੀਆਂ ਕੁ ਅੱਛੀਆਂ ਕਹਾਣੀਆਂ,

ਨਾਵਲ ਜਾਂ ਕਵਿਤਾਵਾਂ ਨੇ? ਫਿਰ ਖਾਲਸਤਾਨੀ ਦੀ ਲਹਿਰ ਆਈ। ਉਹਦੇ ਨਾਲ ਸਬੰਧਤ ਸਾਡੇ ਕੋਲੋਂ ਕਿੰਨੀਆਂ ਕੁ ਕਹਾਣੀਆਂ ਨੇ? (**ਸੁਖਪਾਲ**–(ਵਿਚੋਂ ਟੋਕ ਕੇ)– ਪੰਜਾਬੀ ਦੇ ਮੁਕਾਬਲੇ ਹਿੰਦੀ ਵਿਚ ਕਾਫੀ ਉੱਚ ਪੱਧਰ ਦਾ ਲਿਖਿਆ ਗਿਆ... ਤੁਸੀਂ ਕਮਲੇਸ਼ਵਰ ਦਾ 'ਕਿੰਨੇ ਪਾਕਿਸਤਾਨ' ਵੇਖੋ ਜਾਂ ਭੀਸ਼ਮ ਸਾਹਨੀ ਦਾ 'ਤਮਸ਼' ਵੇਖੋ) ਹਾਂ ਹਾਂ ਹਿੰਦੀ 'ਚ ਤਾਂ ਉਨ੍ਹਾਂ ਮਸਲਿਆ ਨੂੰ ਪੰਜਾਬੀਆਂ ਨਾਲੋਂ ਵੱਧ ਸਮਰੱਥਾ ਨਾਲ ਪਕੜਿਆ ਗਿਆ। ਔਰ ਬੰਗਾਲੀ 'ਚ ਤਾਂ ਉਸ ਤੋਂ ਕਿਤੇ ਵੱਧ ਐ। ਹੁਣ ਮਸਲਾ ਕੀ ਐ... ਸਾਡੇ ਏਥੇ ਪੰਜਾਬ 'ਚ ਪੁਲਿਸ ਖਲਨਾਇਕ ਈ ਐ। ਤੁਸੀਂ ਪੰਜਾਬ ਅਤੇ ਬਾਹਰਲੇ ਪ੍ਰਦੇਸ਼ਾ ਦੇ ਸਾਹਿਤ ਨੂੰ ਨੋਟ ਕਰੋ... 'ਥੈਂਕ ਯੂ ਮਿਸਟਰ ਗਲਾਡ' ਨੂੰ ਵੇਖੋ ਬੰਗਾਲ ਦੀ ਇਕ ਕਹਾਣੀ ਐ... ਜਿਹਦੇ 'ਚ ਪੁਲਿਸ ਵਾਲੇ ਦੇ ਅੰਦਰਲੇ ਜਜ਼ਬਾਤ ਦੀ ਗੱਲ ਕੀਤੀ ਗਈ ਐ। ਪੁਲਿਸ ਵਾਲਾ ਕਿੰਨਾ ਸਮਾਜ ਨਾਲ ਜੁੜਿਆ ਹੋਇਆ ਐ। ਲਹਿਰਾਂ ਤੋਂ ਪ੍ਰਭਾਵਿਤ ਕਹਾਣੀ ਦਾ ਸੰਕਟ ਇਹੀ ਐ ਕਿ ਬਹੁਤੇ ਕਹਾਣੀਕਾਰਾਂ ਨੇ ਪਾਤਰ ਬਲੈਕ ਐਂਡ ਵਾਇਟ (Black and white) ਘੜਨ ਦੀ ਬਹੁਤ ਕੋਸ਼ਿਸ ਕੀਤੀ। ਔਰ ਸਾਹਿਤ ਬਲੈਕ ਐਂਡ ਵਾਇਟ (Black and white) ਨਹੀਂ ਹੋ ਸਕਦਾ। ਪਾਤਰ ਦੀਆਂ ਬਹੁਤ ਸਾਰੀਆਂ ਪਰਤਾਂ ਹੁੰਦੀਆਂ ਨੇ। ਕਹਾਣੀ ਤੋਂ ਬਾਹਰ ਜਾ ਕੇ ਜੇ ਮੈਂ ਇਸ ਮਸਲੇ ਤੇ ਗੱਲ ਕਰਾਂ ਕਿ ਮੈਂ ਇਕ ਹਿੰਦੀ ਦੀ ਕਹਾਣੀ 'ਗੈਂਗਰੇਪ' ਤੇ ਅਧਾਰਤ ਨਾਟਕ ਖੇਡਿਆ। ਮੈਨੂੰ ਲੱਗਾ ਗੈਂਗਰੇਪ ਨਾਂ ਰੱਖਣ ਦਾ ਮਤਲਬ ਐ ਕਿ ਐਵੇਂ ਲੋਕਾਂ ਨੂੰ ਆਪਣੇ ਵੱਲ ਖਿੱਚਣਾ। ਤੇ ਮੈਂ ਉਹਦਾ ਨਾਂ 'ਹਵਾ ਜੇ ਏਦਾਂ ਈ ਵਗਦੀ ਰਹੀ' ਰੱਖ ਲਿਆ। ਜਿਹਦੇ 'ਚ ਪੱਤਰਕਾਰਾਂ ਬਾਰੇ ਗੱਲਾਂ ਸਨ। ਫਿਰ ਇਕ ਹੋਰ ਨਾਟਕ ਦਾ ਨਾਂ ਮੈਂ ਰੱਖ ਲਿਆ 'ਕਥਾ ਰਿੜਦੇ ਪਰਿੰਦੇ ਦੀ' ਉਹ ਸੀ ਕਿ ਇਕ ਲੇਖਕ ਦੇ ਅੰਦਰ ਕੀ ਕੁਝ ਵਾਪਰਦਾ ਐ। ਉਹਦੀ ਕਹਾਣੀ ਸੀ। ਉਨ੍ਹਾਂ ਦੋਹਾਂ ਨਾਟਕਾਂ 'ਚ ਕੰਮ ਕਰਦੀ ਕੁੜੀ ਮੈਨੂੰ ਕਹਿਣ ਲੱਗੀ ਕਿ ਸਰ! ਤੁਸੀਂ ਦੋ ਨਾਟਕ ਲਿਖੇ... ਤੁਸੀਂ ਪੱਤਰਕਾਰ ਵੀ ਹੋ ਤੇ ਲੇਖਕ ਵੀ ਤੇ ਨਾਟਕਾਂ 'ਚ ਦੋਹਾਂ ਦੀ ਤੁਸੀਂ ਬੇਇੱਜ਼ਤੀ ਕਰ ਦਿੱਤੀ ਐ? ਮੈਂ ਉਹਨੂੰ ਕਿਹਾ ਕਿ ਮੈਂ ਬੇਇੱਜ਼ਤੀ ਨਹੀਂ ਕੀਤੀ ਮੈਂ ਤਾਂ ਇਹ ਕਿਹਾ ਕਿ ਪੱਤਰਕਾਰ ਤੇ ਲੇਖਕ ਅਜਿਹੇ ਨਹੀਂ ਹੋਣੇ ਚਾਹੀਦੇ। ਮੈਂ ਕਹਿਣਾ ਇਹੀ ਸੀ ਕਿ ਇਹ ਮੇਰਾ ਨਿੱਜੀ ਅਨੁਭਵ ਸੀ। ਸੋ ਮੈਂ ਲਿਖ ਦਿੱਤਾ। ਮੈਂ ਹੁਣ ਫੈਕਟਰੀ ਮਜ਼ਦੂਰਾਂ ਬਾਰੇ ਲਿਖਣ ਤੁਰ ਪਵਾਂ? ਕਿ ਫੈਕਟਰੀ ਮਜ਼ਦੂਰਾਂ ਨੇ ਹੀ ਅਸਲ 'ਚ ਇਨਕਲਾਬ ਕਰਨਾ। ਉਹ ਹੀ ਤਾਂ ਅਸਲੀ ਪ੍ਰੋਲੋਤਾਰੀ ਐ। ਫਿਰ ਮੇਰੇ ਕੋਲ ਇਹ ਅਨੁਭਵ ਤਾਂ ਹੈ ਨਹੀਂ। ਮੈਂ ਉਨ੍ਹਾਂ ਬਾਰੇ ਕੀ ਲਿਖਾਂਗਾ? ਦੂਜੀ ਗੱਲ ਮੈਂ ਮੁੜ ਕੇ ਵਿਸ਼ੇ 'ਤੇ ਆਉਂਦਾ ਹਾਂ ਕਿ ਅਸੀਂ ਥੋਪਿਆ ਹੋਇਆ ਸੱਚ ਨਾ ਲਿਖੀਏ। ਸਾਡੇ ਅੱਗੇ ਕੋਈ ਡਾਂਗ ਫੜ ਕੇ ਨਹੀਂ ਖੜਾ ਬਈ ਤੁਸੀਂ ਏਸ ਵਿਸ਼ੇ ਬਾਰੇ ਕਿਉਂ ਨਹੀਂ ਲਿਖਦੇ? ਜਦੋਂ ਲੇਖਕ ਨੂੰ ਲੱਗਣ ਲੱਗ ਪੈਂਦਾ ਐ ਕਿ ਮੇਰੇ ਕੋਲੋਂ ਹੁਣ ਅਨੁਭਵ ਦਾ ਮਸਾਲਾ ਮੁੱਕ ਗਿਆ ਤਾਂ ਲਿਖਣਾ ਛੱਡ ਦੇਣਾ ਚਾਹੀਦਾ ਐ ਜਾਂ ਅਨੁਭਵ ਦੀ ਉਡੀਕ ਕਰਨੀ ਚਾਹੀਦੀ ਐ। ਅਸੀਂ ਉਨ੍ਹਾਂ ਚੀਜਾਂ ਬਾਰੇ ਲਿਖ ਕੇ ਆਪਣੇ ਆਪ ਨੂੰ ਜਿਉਂਦਾ ਰੱਖਣ ਦੀ ਕੋਸ਼ਿਸ਼ ਕਿਓ ਕਰ ਰਹੇ ਆਂ, ਜਿੰਨ੍ਹਾਂ ਬਾਰੇ ਸਾਡੇ ਅਨੁਭਵ ਹੀ ਨਹੀਂ। ਉਂਝ ਬਹੁਤੇ ਲੇਖਕ ਤਾਂ ਜਿਉਂਦੇ ਰਹਿਣ ਲਈ ਹੀ ਲਿਖਦੇ ਨੇ।

**ਰਸੂਲਪੁਰੀ**-ਸ਼ਬਦੀਸ਼ ਨੇ ਵੱਡੇ ਮਸਲੇ ਬਾਰੇ ਗੱਲ ਕੀਤੇ ਐ। ਵੇਖੋ ਇਹ ਮਸਲਾ ਤਾਂ ਗੰਭੀਰ ਐ। ਹੁਣ ਤੁਸੀਂ ਵੇਖੋ ਕਿ ਲਹਿਰਾਂ ਬੀਤ ਜਾਂਦੀਆਂ ਨੇ। ਲੇਖਕ ਉਨ੍ਹਾਂ ਬਾਰੇ ਲਿਖਦਾ ਰਹਿੰਦਾ ਐ। ਹੁਣ ਸੰਤਾਲੀ ਦੀ ਵੰਡ ਦਾ ਦੁਖਾਂਤ ਐ। ਪੰਜਾਬੀ ਦਾ ਲੇਖਕ ਹੁਣ ਵੀ ਲਿਖੀ ਜਾ ਰਿਹਾ ਐ। ਪੰਜਾਬ ਸੰਕਟ ਬੀਤੇ ਨੂੰ 40 ਸਾਲ ਹੋ ਗਏ ਨੇ। ਉਸ ਸੰਕਟ ਬਾਰੇ ਹੁਣ ਵੀ ਲਿਖਿਆ ਜਾ ਰਿਹਾ। ਮੈਂ ਹੁਣੇ ਜਿਹੇ 'ਹੁਣ' ਰਸਾਲੇ ਵਿਚ ਪੰਜਾਬ ਸੰਕਟ ਬਾਰੇ ਲਿਖੀਆਂ ਦੋ ਕਹਾਣੀਆਂ ਦੇ ਹਵਾਲੇ ਨਾਲ ਹੀ ਗੱਲ ਕਰ ਲੈਂਦਾ ਹਾਂ। ਉਸ ਪਰਚੇ 'ਚ ਇਕ ਕਹਾਣੀ ਤਾਂ ਛਪੀ ਏ ਅਨੇਮਨ ਸਿੰਘ ਦੀ 'ਪਿਆਰਾ ਨਿਹੰਗ' ਦੂਜੀ ਬਲੀਜੀਤ ਦੀ ਕਹਾਣੀ ਐ 'ਸਿਰ ਦੇ ਵਾਲ਼' ਹੋਰ ਵੀ ਕੁਝ ਕਹਾਣੀਆਂ ਇਸ ਮਸਲੇ ਤੇ ਹੁਣ ਲਿਖ ਹੋਈਆਂ ਨੇ। ਮਸਲਾ ਇਹ ਐ ਬਈ

ਇਕ ਕਹਾਣੀਕਾਰ ਨੂੰ ਕੀ ਤਕਲੀਫ਼ ਹੁੰਦੀ ਐ ਲੇਖਕ 40 ਸਾਲ ਬੀਤੇ ਮਸਲੇ ਨੂੰ ਦੁਬਾਰਾ ਲਿਖਦਾ ਐ। ਕੀ ਉਹਨੂੰ ਲੱਗਦਾ ਐ ਬਈ ਮੈਂ ਹੁਣ ਜੋ ਕਹਾਣੀ 'ਚ ਗੱਲ ਕਰ ਰਿਹਾ ਐ, ਉਹ ਪਹਿਲਾਂ ਕਿਸੇ ਨੇ ਕੀਤੀ ਨਹੀਂ। ਬਲੀਜੀਤ ਕਿਉਂ ਅੱਜ ਇਹ ਕਹਾਣੀ ਲਿਖ ਰਿਹਾ ਐ?... ਅਨੇਮਨ ਨੂੰ ਕੀ ਲੋੜ ਪੈ ਗਈ।

**ਬਲੀਜੀਤ**-ਹੁਣ ਮਸਲਾ ਪਹਿਲਾਂ ਤਾਂ ਇਹ ਐ ਬਈ ਲੇਖਕ ਲਿਖਦਾ ਕਿਓਂ ਐ। ਸੂਬਾ ਸਿੰਘ ਨੇ ਕਿਸੇ ਨੂੰ ਸਵਾਲ ਕੀਤਾ ਕਿ ਬਈ ਤੂੰ ਕਿਉਂ ਲਿਖਦਾ ਐ? ਉਹ ਕਹਿਣ ਲੱਗਾ ਬਈ ਮੈਨੂੰ ਕਿਸੇ ਨੇ ਲਿਖਣ ਤੋਂ ਰੋਕਿਆ ਹੀ ਨਹੀਂ... ਮੈਂ ਤਾਂ ਲਿਖਦਾ ਐਂ। (ਹਾਸਾ) ਸਾਡੇ ਪੰਜਾਬੀ ਵਿਚ ਇਹ ਵੀ ਵੱਡਾ ਮਸਲਾ ਏ ਕਿ ਲਿਖਣ ਵਾਲੇ ਨੂੰ ਕੋਈ ਰੋਕਦਾ ਹੀ ਨਹੀਂ। ਉਹ ਲਿਖੇ ਜਾਂ ਨਾ ਲਿਖੇ। ਸਾਡੇ ਲੇਖਕ ਚੁੱਪ ਕਰਨਾ ਵੀ ਜਾਣਦੇ ਐ। ਬੋਲਣਾ ਵੀ ਜਾਣਦੇ ਐ। ਪ੍ਰੇਮ ਪ੍ਰਕਾਸ਼ ਹੁਣ ਚੁੱਪ ਕਰ ਗਿਆ ਨਾ। ਏਥੋਂ ਤੱਕ ਲਾਊਡ ਵੀ ਬੋਲਣਾ ਜਾਣਦੇ ਐ। ਜੇ ਕੋਈ ਮਾੜਾ ਵੀ ਲਿਖੀ ਜਾਂਦਾ ਹੋਵੇ ਤਾਂ ਉਹਦੀ ਵਾਹ ਵਾਹ ਕਰਨ ਵਾਲੇ ਵੀ ਉਹਨੂੰ ਬਹੁਤ ਮਿਲ ਜਾਂਦੇ ਨੇ। ਜੇ ਲਿਖਣ ਵਾਲੇ ਦੇ ਥੱਲੇ ਕੁਰਸੀ ਹੋਵੇ ... ਫੇਰ ਤਾਂ ਕੀ ਕਹਿਣੇ!! ਖ਼ੈਰ ਜੇ ਤੁਸੀਂ ਮੈਨੂੰ ਪੁੱਛਦੇ ਹੋ ਕਿ ਬਈ ਤੂੰ 'ਸਿਰ ਦੇ ਵਾਲ਼' ਕਹਾਣੀ ਕਿਓਂ ਲਿਖੀ? ਦਰਅਸਲ ਮੇਰੇ ਮਨ 'ਚ ਇਸ ਮਸਲੇ ਬਾਰੇ 39 ਸਾਲਾਂ ਤੋਂ ਕੋਈ ਗੰਢ ਬੱਝੀ ਸੀ। ਮੈਂ ਖੋਲ੍ਹ ਦਿੱਤੀ। ਜੋ ਪਹਿਲਾਂ ਖੁੱਲ੍ਹੀ ਨੀਂ ਉਹ ਆਤਮ ਕਥਾਨਿਕ ਵਰਗੀ ਕਹਾਣੀ ਐ। ਜਦੋਂ ਕਹਾਣੀ ਮੇਰੇ ਕੋਲ ਸੀ। ਉਦੋਂ ਸਮਾਂ ਨਹੀਂ ਲੱਗਾ ਲਿਖਣ ਦਾ... ਹੁਣ ਮੈਂ ਨੌਕਰੀ ਤੋਂ ਵਿਹਲਾ ਹੋ ਗਿਆ ਹਾਂ ਤਾਂ ਲਿਖ ਦਿੱਤੀ।

**ਰਸੂਲਪੁਰੀ**-ਜਦੋਂ ਅੱਜ ਦੇ ਸਮੇਂ 'ਚ ਬੈਠ ਕੇ ਕਹਾਣੀਕਾਰ ਲਿਖਦਾ ਐ ਤਾਂ ਉਹ ਸਮਕਾਲ ਨਾਲ ਵੀ ਜੋੜਦਾ ਉਸ ਮਸਲੇ ਨੂੰ... ਕਿਉਂਕਿ ਉਹ ਅੱਜ 35-40 ਸਾਲ ਪੁਰਾਣੀ ਗੱਲ ਲਿਖ ਰਿਹਾ ਹੁੰਦਾ ਐ।

**ਬਲੀਜੀਤ**-ਵੇਖੋਂ ਮੈਨੂੰ ਨ੍ਹੀਂ ਲੱਗਦਾ ਬਈ ਲੇਖਕ ਸਮਕਾਲ ਨਾਲ ਜੋੜ ਕੇ ਓਸ ਮਸਲੇ ਨੂੰ ਲਿਖੇ। ਸਮਕਾਲ-ਸਮਕੂਲ ਦਾ ਮੈਨੂੰ ਨ੍ਹੀਂ ਪਤੈ। ਮੈਂ ਤਾਂ ਇਹੀ ਸਮਝਦਾ ਐ ਕਿ ਸਾਰਾ ਅਨੁਭਵ 'ਕੱਠਾ ਹੋ ਕੇ ਮੇਰੇ ਅੰਦਰ ਹੀ ਪਿਆ ਐ। ਮੇਰੇ ਅੰਦਰ ਦੂਜੀਆਂ ਜ਼ੁਬਾਨਾਂ ਦੇ ਲੇਖਕ ਵੀ ਅੰਦਰ ਈ ਬੈਠੇ ਐ... ਚਾਹੇ ਉਹ ਟੋਲਸਟੋਏ (Tolstoy)ਐ। ਚਾਹੇ ਸ਼ੈਕਸਪੀਅਰ(Shakespeare) ਐ... ਮੈਂ ਮੂਲ ਰੂਪ 'ਚ ਤਾਂ ਇੰਗਲਿਸ਼ ਸਾਹਿਤ ਦਾ ਪਾਠਕ ਐ। ਪੰਜਾਬੀ 'ਚ ਮੈਂ ਬਾਅਦ 'ਚ ਆਇਆ। ਜਿਵੇਂ ਇਹ ਕਹਾਣੀ ਐ 'ਸਿਰ ਦੇ ਵਾਲ਼' ... ਮੇਰੀ ਇਹ ਆਦਤ ਐ ਬਈ ਮੈਂ ਕਿਸੇ ਵਰਤਾਰੇ ਬਾਰੇ ਤੁਰੰਤ ਨਹੀਂ ਲਿਖ ਸਕਦਾ। ਕਿਸੇ ਵਰਤਾਰੇ ਨੂੰ ਤੁਰੰਤ ਫੜਿਆ ਹੀ ਨਹੀਂ ਜਾ ਸਕਦਾ। ਜਿਵੇਂ ਅੱਜ ਅਫ਼ਗਾਨਿਸਤਾਨ 'ਚ ਕੋਈ ਲੜਕੀ ਫੜ ਲੈਂਦੇ ਨੇ। ਜੰਗ ਲੱਗੀ ਐ। ਕੋਈ ਬੱਚਾ ਏਧਰ ਰਹਿ ਜਾਵੇ। ਅੰਗਰੇਜ਼ ਉਸ ਲੜਕੀ ਨੂੰ ਚੁੱਕ ਕੇ ਉਧਰ ਕਰ ਦਿੰਦੇ ਨੇ ਤਾਂ ਸਾਡੇ ਏਥੇ ਬੈਠਾ ਕਵੀ ਰਾਤੋ ਰਾਤ ਕਵਿਤਾ ਲਿਖ ਕੇ ਫੇਸ ਬੁੱਕ 'ਤੇ ਚਾੜ੍ਹ ਦਿੰਦਾ ਐ। .. ਤੁਸੀਂ ਕਿਸੇ ਵਰਤਾਰੇ ਨੂੰ ਐਨੀ ਜਲਦੀ ਨ੍ਹੀਂ ਪਕੜ ਸਕਦੇ। ਤੁਸੀਂ ਯਾਰ ਆਪਣੇ ਪਾਤਰਾਂ ਨਾਲ ਜਿਓ... ਉਹਦੇ ਨਾਲ ਗੱਲਾਂ ਕਰੋ। ਐਨੀ ਜਲਦੀ ਨਹੀਂ ਕਰਨੀ ਚਾਹੀਦੀ ਤੁਸੀਂ ਪਾਤਰ ਨੂੰ ਕਹੋ ਯਾਰ ਤੂੰ ਮੇਰੇ ਕੋਲ ਰਾਤ ਠਹਿਰ ਤੇ ਮੈਂ ਦੂਜੇ ਦਿਨ ਤੇਰੇ ਬਾਰੇ ਕਹਾਣੀ ਲਿਖਣੀ ਐ। ਮੈਂ ਓਸ ਕਹਾਣੀ ਦੇ ਪਾਤਰ ਨਾਲ 39 ਤੋਂ ਨਾਲ ਰਹਿ ਰਿਹਾਂ। ਐਨੇ ਸਾਲਾਂ ਦੀ ਉਹ ਗੱਲ ਮੈਂ ਭੁੱਲ ਨਹੀਂ ਸਕਿਆ। ਤਾਂ ਜਾ ਕੇ ਉਹ ਕਹਾਣੀ 'ਚ ਪੇਸ਼ ਹੋਇਆ।

**ਰਸੂਲਪੁਰੀ**-ਆਪਾਂ ਨਾਰੀ ਕਹਾਣੀਕਾਰਾਂ ਵੱਲ ਮੁੜਦੇ ਹਾਂ। ਜੇ ਮੈਂ ਸੁਖਵੰਤ ਕੌਰ ਮਾਨ ਦੀਆਂ ਕਹਾਣੀਆਂ ਦੇ ਹਵਾਲੇ ਨਾਲ ਗੱਲ ਕਰਾਂ ਉਸ ਨੇ ਪੰਜਾਬ ਦੀ ਕਿਸਾਨੀ ਪਰਿਵਾਰ ਦੀ ਔਰਤ ਨੂੰ ਵੱਖਰੇ ਤਰੀਕੇ ਨਾਲ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ। ਉਹਦੇ ਨਾਲ ਉਸ ਨੇ ਕਿਸਾਨ ਪਰਿਵਾਰਾਂ ਨਾਲ ਕੰਮ ਕਰਦੇ ਪਾਤਰਾਂ ਨੂੰ ਸੁਹਿਰਦਤਾ ਨਾਲ ਪੇਸ਼ ਕੀਤਾ। ਮੈਂ ਸੁਖਪਾਲ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਉਸ ਵੇਲੇ ਦੇ ਸਮਾਜ ਨੂੰ ਜਾਂ ਪਾਤਰਾਂ ਨੂੰ ਕਿਸ ਤਰ੍ਹਾਂ ਫੜਦੀ ਸੀ... ਤੇ ਇੱਕੀਵੀਂ ਸਦੀ ਦੀਆਂ ਬਾਕੀ ਕਹਾਣੀਕਾਰਾਂ ਪਾਤਰਾਂ ਨੂੰ ਕਿਸ ਤਰ੍ਹਾਂ ਪੇਸ਼ ਕਰਦੀਆਂ ਨੇ। ਮੇਰੇ ਮਨ 'ਚ ਸਵਾਲ ਪੈਦਾ ਹੁੰਦਾ ਐ ਕੀ ਅੱਜ ਦੀਆਂ

ਕਹਾਣੀਕਾਰਾਂ ਨੇ ਕੋਈ ਅਗਾਂਹ ਦੀ ਗੱਲ ਨਹੀਂ ਕੀਤੀ? ਜਿਵੇਂ ਆਪਾਂ ਵੇਖਦੇ ਹਾਂ ਕੁਲਬੀਰ ਬਡੇਸਰੋਂ ਕਈ ਦਹਾਕਿਆ ਤੋਂ ਲਿਖ ਰਹੀ ਏ, ਸਰਘੀ ਸਮਕਾਲ ਦੀ ਲੇਖਕਾਂ ਐ... ਅਰਵਿੰਦਰ ਕੌਰ ਧਾਲੀਵਾਲ ਐ... ਦੀਪਤੀ ਬਬੂਟਾ ਐ... ਵਿਸ਼ਵ ਜੋਤੀ ਧੀਰ ਐ... ਤ੍ਰਿਪਤਾ ਕੇ ਸਿੰਘ ਐ... ਹੋਰ ਨਾਂ ਵੀ ਨੇ।

**ਸੁਖਪਾਲ ਕੌਰ**-ਵੇਖੋ ਜੇ ਮੈਂ ਸੁਖਵੰਤ ਕੌਰ ਮਾਨ ਦੀਆਂ ਕਹਾਣੀਆਂ ਦੀ ਗੱਲ ਕਰਾਂ ਤਾਂ ਮੈਂ ਵੇਖਦੀ ਹਾਂ ਕਿ ਮਾਨ ਦਾ ਪਿਛੋਕੜ ਕਿਸਾਨੀ ਪਰਿਵਾਰ ਨਾਲ ਸਬੰਧ ਰੱਖਦਾ ਏ। ਉਸ ਨੇ ਬੜੀ ਸਿੱਦਤ ਨਾਲ ਮਨੁੱਖ ਦੇ ਯਥਾਰਥ ਨੂੰ ਪੇਸ਼ ਕੀਤਾ ਏ। ਉਸ ਨੇ ਨਿਮਨ ਕਿਸਾਨੀ ਤੇ ਨਿਮਨ ਖੇਤ ਮਜ਼ਦੂਰ ਦੇ ਅਛੂਤੇ ਯਥਾਰਥ ਨੂੰ ਪੇਸ਼ ਕੀਤਾ ਏ। ਉਸ ਨੇ ਸੰਤਾਲੀ ਦੇ ਆਰ ਪਾਰ ਫੈਲੀ ਮਨੁੱਖੀ ਤ੍ਰਾਸਦੀ ਨੂੰ ਵੀ ਪੇਸ਼ ਕੀਤਾ ਏ। ਉਸ ਦਾ ਭੋਗਿਆ ਹੋਇਆ, ਨੇੜਿਓ ਵੇਖਿਆ ਹੋਇਆ ਅਨੁਭਵ ਏ। ਜਿਸ ਅਨੁਭਵ ਦੀ ਗੱਲ ਸ਼ਬਦੀਸ਼ ਹੁਰਾਂ ਨੇ ਵੀ ਕੀਤੀ ਏ। ਉਹ ਨਾਰੀ ਸੰਕਟ ਨੂੰ ਪੇਤਲੇ ਰੂਪ 'ਚ ਪੇਸ਼ ਕਰਨ ਦੀ ਬਜਾਏ ਭਰਵੇਂ ਰੂਪ ਵਿਚ ਪੇਸ਼ ਕਰਦੀ ਐ। ਨਾਰੀ ਦਾ ਸਮਾਜਿਕ ਪਿਛੋਕੜ, ਉਹਦਾ ਅਵਚੇਤਨ, ਮਨ ਦੀਆਂ ਗੰਢਾਂ ਅਤੇ ਉਹਦੇ ਬਾਹਰੀ ਵਿਹਾਰ 'ਚ ਕਾਰਜਸ਼ੀਲ ਅੰਦਰੂਨੀ ਕੁੰਠਾਵਾਂ ਨੂੰ ਕਮਾਲ ਨਾਲ ਪੇਸ਼ ਕਰਦੀ ਐ। ਮੈਨੂੰ ਨਹੀਂ ਲੱਗਦਾ ਕਿ ਕੋਈ ਹੋਰ ਕਿਸਾਨੀ ਨਾਰੀ ਤੇ ਦਲਿਤ ਨਾਰੀ ਨੂੰ ਉਸ ਵੇਲੇ ਦੀ ਉਹਦੀ ਸਮਕਾਲੀ ਕਹਾਣੀਕਾਰ ਪੇਸ਼ ਕਰ ਸਕੀ ਹੋਵੇ। ਕਿਰਤ ਕਰਨ ਵਾਲੀ ਔਰਤ ਨੂੰ ਉਨ੍ਹਾਂ ਨੇ ਜਿਸ ਤਰ੍ਹਾਂ ਆਪਣੀਆਂ ਕਹਾਣੀਆਂ 'ਚ ਪੇਸ਼ ਕੀਤਾ ਉਹ ਬਾ-ਕਮਾਲ ਸੀ। ਓਹ ਔਰਤ ਵੰਡ ਦਾ ਦਰਦ ਵੀ ਸਹਿੰਦੀ ਐ... ਆਪਣਾ ਸਾਰਾ ਕੁਝ ਖੋਹ ਕੇ ਪਰਿਵਾਰ ਲਈ ਜਿਉਂਦੀ ਵੀ ਐ। ਜੋ ਆਪਾਂ ਔਰਤ-ਮਰਦ ਦੀ ਬਰਾਬਰੀ ਦੀ ਗੱਲ ਕਰਦੇ ਹਾਂ ਤਾਂ ਉਹ ਬਰਾਬਰੀ ਦੀ ਗੱਲ ਸੁਖਵੰਤ ਕੌਰ ਮਾਨ ਕਾਫੀ ਚਿਰ ਪਹਿਲਾ ਕਰ ਦਿੰਦੀ ਐ। ਉਹਦੀ ਔਰਤ ਪਾਤਰ ਕਿਤੇ ਵੀ ਦੱਬਦੀ ਨਜ਼ਰ ਨਹੀਂ ਆਉਂਦੀ। ਹੁਣ ਜਦੋਂ ਆਪਾਂ ਸਮਕਾਲ 'ਚ ਲਿਖਣ ਵਾਲੀਆਂ ਇਸਤਰੀ ਕਹਾਣੀਕਾਰਾਂ ਦੀ ਗੱਲ ਕਰਦੇ ਹਾਂ ਤਾਂ ਉਨ੍ਹਾਂ ਦੀਆਂ ਕਹਾਣੀਆਂ ਵਿਚ ਜੋ ਔਰਤ ਪੇਸ਼ ਹੁੰਦੀ ਐ ਉਹ ਇੱਕੀਵੀਂ ਸਦੀ ਦੀ ਔਰਤ ਹੈ, ਜਿਹੜੀ ਵਿਸ਼ਵੀਕਰਨ ਨੇ ਕਾਫੀ ਬਦਲ ਦਿੱਤੀ ਐ। ਉਹ ਪਿੰਡ 'ਚੋਂ ਨਿਕਲ ਕੇ ਸ਼ਹਿਰੀ ਮੱਧ ਵਰਗੀ ਪਰਿਵਾਰਾਂ ਵਿਚ ਆਪਣੇ ਅਸਤਿੱਤਵ ਦੀ ਲੜਾਈ ਲੜਦੀ ਪਈ ਐ। ਰਸੂਲਪੁਰੀ ਨੇ ਜੋ ਪਹਿਲਾ ਇਕ ਨੁਕਤੇ 'ਤੇ ਗੱਲ ਕੀਤੀ ਸੀ ਕਿ ਸਮਕਾਲੀ ਦੀ ਕਹਾਣੀ ਵਿਚ ਪਾਤਰ ਬਾਹਰੀ ਕਾਰਜ ਘੱਟ ਕਰਦੇ ਨੇ ਤੇ ਉਹ ਅੰਦਰੂਨੀ ਕਾਰਜ ਵੱਧ ਕਰਦੇ ਨੇ... 'ਮੈਂ' ਰਾਹੀਂ ਵੱਧ ਬੋਲਦੇ ਨੇ। ਇਸ ਮਸਲੇ ਨੂੰ ਮੈਂ ਇਸ ਤਰ੍ਹਾਂ ਸੋਚਦੀ ਹਾਂ ਕਿ ਵਿਸ਼ਵੀਕਰਨ ਦਾ ਸੰਤਾਪ ਭੋਗ ਰਿਹਾ ਬੰਦਾ ਆਪਣੇ ਆਪ ਨਾਲ ਗੱਲਾਂ ਵੱਧ ਕਰਨ ਲੱਗ ਪਿਆ ਐ। ਉਹ ਬਾਹਰ ਦੀ ਦੁਨੀਆਂ ਵਿਚ ਘੱਟ ਵਿਚਰ ਰਿਹਾ ਐ। ਜੇ ਕਰ ਤੁਸੀਂ ਚਾਰ ਬੰਦੇ ਬੈਠੇ ਵੇਖੋ ਤਾਂ ਚਾਰੇ ਬੰਦੇ ਆਪਣੇ ਆਪਣੇ ਫੋਨ ਵਿਚ ਰੁਝੇ ਹੋਏ ਮਿਲਣਗੇ। ਉਨ੍ਹਾਂ ਦਾ ਆਪਸ ਵਿਚ ਕੋਈ ਡਾਇਲਾਗ ਨਹੀਂ ਚਲ ਰਿਹਾ ਹੁੰਦਾ। ਦਰਅਸਲ ਇਸ ਤਰ੍ਹਾਂ ਦਾ ਇਕੱਲਾ ਬੈਠਾ ਬੰਦਾ ਵੀ ਇਕੱਲਾ ਨਹੀਂ ਹੁੰਦਾ... ਉਹਦੇ ਅੰਦਰ ਕੁਝ ਚੱਲ ਰਿਹਾ ਹੁੰਦਾ ਏ। ਜਿਨ੍ਹਾਂ ਕਹਾਣੀਕਾਰਾਂ ਦਾ ਤੁਸੀਂ ਜ਼ਿਕਰ ਕੀਤਾ ਏ। ਉਨ੍ਹਾਂ ਦੀਆਂ ਕਹਾਣੀਆਂ ਪੜ੍ਹੋ ਤਾਂ ਤੁਹਾਨੂੰ ਲੱਗੇਗਾ ਕਿ ਉਨ੍ਹਾਂ ਦੇ ਇਸਤਰੀ ਪਾਤਰਾਂ ਵੀ ਆਪਣੇ ਆਪ ਨਾਲ ਗੱਲਾਂ ਕਰਦੇ ਨੇ। ਉਨ੍ਹਾਂ ਦੀਆਂ ਕਹਾਣੀਆਂ ਮੈਂ ਪਾਤਰ ਜਾਂ ਮਨ ਬਚਨੀ ਰਾਹੀਂ ਅੱਗੇ ਚੱਲਦੀਆਂ ਨੇ। ਕੁਲਬੀਰ ਬਡੇਸਰੋਂ 'ਚ ਨਾਰੀ ਦੇ ਨਵੇਂ ਪਸਾਰ 'ਮੈਂ ਕੀ ਕਰਾਂ?', 'ਤੁਮ ਕਿਉਂ ਉਦਾਸ ਹੋ? ਤੇ 'ਆਕਰੋਸ਼' ਦੇ ਪੜ੍ਹਨ ਨੂੰ ਮਿਲਦੇ ਨੇ। ਏਸੇ ਤਰ੍ਹਾਂ ਜਦੋਂ ਮੈਂ ਰਸੂਲਪੁਰੀ ਦੀ ਕਹਾਣੀ 'ਡਲਿਵਰੀ ਮੈਨ' ਪੜ੍ਹੀ ਤਾਂ ਮੈਨੂੰ ਕਹਾਣੀ ਵਿਚ ਜੋ ਪ੍ਰੋਫੈਸਰ ਗੀਤਾ ਪਾਤਰ ਐ ਉਹ ਮੈਨੂੰ ਕਮਾਲ ਦੀ ਕਰੈਕਟਰ ਲੱਗੀ। ਇਕ ਦਮ ਵਿਸ਼ਵੀਕਰਨ ਦੇ ਦੌਰ 'ਚ ਵਿਚਰ ਰਹੀ ਨਾਰੀ! ਪ੍ਰੋ. ਗੀਤਾ ਕਹਾਣੀ ਵਿਚ ਬਹੁਤੀ ਵਾਰ ਆਪਣੇ ਇਕਲਾਪੇ ਦਾ ਆੱਲਟੱਰਨੇਟਿਵ (alternative) ਅਲੈਕਸਾ ਵਿੱਚੋਂ ਲੱਭਦੀ ਹੈ। ਜਿਹੜੀ ਕਿ ਇਕ ਮਸ਼ੀਨੀ ਡਿਵਾਇਸ ਹੈ। ਦਰਅਸਲ ਸਾਰੇ ਸਵਾਲ ਉਹ ਆਪਣੇ ਆਪ ਨੂੰ ਪੁੱਛਦੀ ਹੈ। ਮਧਿਆਮ ਅਲੈਕਸਾ

ਏ।ਕਹਾਣੀਕਾਰ ਮੈਂ ਪਾਤਰ ਨਾਲ ਸੰਵਾਦ ਕਰਨ ਲਈ ਇਕ ਆੱਲਟੱਰਨੇਟਿਵ (alternative) ਅਲੈਕਸਾ ਦੇ ਦਿੰਦਾ ਏ। ਇਹ ਉਹਦੀ ਸ਼ੈਲੀ ਏ। ਤੁਸੀਂ ਪਾਤਰ ਦੇ ਅੰਦਰਲਾ ਸੱਚ ਕਿਵੇਂ ਬਾਹਰ ਕੱਢਵਾਉਣਾ ਏ। ... ਅੱਜ ਕੱਲ ਦੀਆਂ ਨਾਰੀ ਕਹਾਣੀਕਾਰਾਂ ਵੀ ਬੰਦੇ ਦੇ ਅੰਦਰ ਨੂੰ ਫੜਨ ਦੀ ਕੋਸ਼ਿਸ਼ 'ਚ ਨੇ। ਉਨ੍ਹਾਂ ਦੀ ਹੋਂਦ ਦੀ ਲੜਾਈ ਵਧੇਰੇ ਮਾਤਰਾ ਵਿਚ ਪੇਸ਼ ਹੋ ਰਹੀ ਏ।

**ਰਸੂਲਪੁਰੀ**-ਇਕ ਦੌਰ ਵੀਨਾ ਵਰਮਾ ਦਾ ਸੀ। ਪਹਿਲਾਂ ਪਹਿਲ ਉਸ ਨੇ 'ਮੁੱਲ ਦੀ ਤੀਵੀਂ' 'ਚ ਬਹੁਤ ਅੱਛੀਆਂ ਕਹਾਣੀਆਂ ਲਿਖੀਆਂ ਸਨ। ਜਿਸ ਤਰ੍ਹਾਂ ਉਸ ਨੇ ਔਰਤ ਦੀ ਨਿਸੰਗਤਾ ਨੂੰ ਪੇਸ਼ ਕੀਤਾ ਉਹ ਪੰਜਾਬੀ ਸਾਹਿਤ ਵਿਚ ਇਕ ਕਿਸਮ ਦਾ ਧਮਾਕਾ ਸੀ। ਆਪਾਂ ਕਹਿ ਸਕਦਾ ਹਾਂ ਉਸ ਨੇ ਬੇਬਾਕ ਕਹਾਣੀ ਲਿਖ ਕੇ ਤਹਿਲਕਾ ਮਚਾ ਦਿੱਤਾ। ਬਲਵੰਤ ਗਾਰਗੀ ਨੇ ਉਹਦੇ ਸਿਰ 'ਤੇ ਹੱਥ ਰੱਖਿਆ। ਉਹ ਵੀ ਲੱਛੇਦਾਰ ਫ਼ਿਕਰੇਬਾਜ਼ੀ ਕਰਨ ਵਾਲਾ ਲੇਖਕ ਐ। ਫਿਰ ਉਸ ਨੇ ਢੇਰਾ ਦੇ ਢੇਰ ਕਹਾਣੀਆਂ ਦੇ ਲਾ ਦਿੱਤੇ। ਲਗਭਗ ਇਕ ਸੈਕੜਾ ਕਹਾਣੀਆਂ ਲਿਖ ਦਿੱਤੀਆਂ। ਗਿਣਤੀ ਵਧ ਗਈ... ਮਿਆਰ ਥੱਲੇ ਡਿੱਗ ਗਿਆ। ਆਪਾਂ ਕਹਿ ਸਕਦੇ ਹਾਂ ਕਿ ਉਹ ਸਟੈੱਰਈਓਟਾਈਪ (stereotype) ਹੋ ਗਈ। ਆਪਣੇ ਆਪ ਨੂੰ ਬੁਰੀ ਤਰ੍ਹਾਂ ਦੁਹਰਾਉਣ ਲੱਗ ਪਈ। ਉਸ ਦੀਆਂ ਕਹਾਣੀਆਂ ਦੇ ਪਾਤਰ ਬਦਲਦੇ ਸਨ ਵਿਹਾਰ ਉਹੀ ਰਹਿੰਦਾ ਸੀ। ਵੀਨਾ ਇਕੋ ਕਹਾਣੀ ਵਾਰ ਵਾਰ ਲਿਖਣ ਲੱਗੀ ਪਈ... ਕੇਂਦਰੀ ਨੁਕਤਾ ਇਹ ਸੀ ਬਈ ਔਰਤ ਦਾ ਦੈਹਿਕ ਸ਼ੋਸ਼ਣ ਬੰਦਾ ਭਰਾ, ਪਿਤਾ, ਪਤੀ, ਦੋਸਤ, ਬੌਸ ਬਣ ਕੇ ਕਰਦਾ ਐ। ਜੇ ਮੈਂ ਇੱਕੀਵੀਂ ਸਦੀ ਵਿਚ ਆਈਆਂ ਕਹਾਣੀਕਾਰਾਂ ਦਾ ਜ਼ਿਕਰ ਕਰਾਂ ਜਿਨ੍ਹਾਂ 'ਚ ਕੁਲਬੀਰ ਬਡੇਸਰੋਂ ਦੀ ਕਹਾਣੀ 'ਮੁਹੱਬਤਾਂ, ਮੇਰਾ ਘਰ, 'ਇਕ ਖ਼ਤ ਪਾਪਾ ਦੇ ਨਾਂ' ਤੇ ਸਰਘੀ... 'ਆਫ਼ਟਰ ਫੌਰਟੀ', 'ਲਾਂਬੂ', 'ਘਰ', 'ਹੋਲੀਡੇ ਵਾਈਫ', 'ਰਾਡ' ਜਾਂ 'ਆਪਣੇ ਆਪਣੇ ਮਰਸੀਏ'... ਵਰਗੀਆਂ ਕਹਾਣੀਆਂ ਰਾਹੀਂ ਸਾਹਿਤ ਵਿਚ ਪ੍ਰਵੇਸ਼ ਕਰਦੀ ਐ। ਸਰਬਜੀਤ ਕੌਰ ਸੋਹਲ ਦੀਆਂ ਕਹਾਣੀਆਂ ਨੇ 'ਇਹਨਾਂ ਪਲਾਂ ਨੂੰ ਮਾਣ ਨਾ ਲਵਾ', 'ਹਾਂ ਮੈਨੂੰ ਬੰਦੇ ਪਸੰਦ ਨੇ'...ਵਿਪਨ ਗਿੱਲ ਦੀਆਂ ਕੁਝ ਕਹਾਣੀ ਨੇ 'ਅਣਕਹੀ ਪੀੜ ਹੈ', 'ਮਛਲੀ ਜਲ ਕੀ ਰਾਨੀ ਹੈ'...ਅਰਵਿੰਦਰ ਕੌਰ ਧਾਲੀਵਾਲ ਦੀਆਂ ਕਹਾਣੀਆਂ ਨੇ 'ਲਿਪ ਗਲੌਸ', 'ਹੈਸ਼ ਟੈਗ ਤੂੰ ਉਹ', 'ਮੈਂ ਛੁੱਟੀ ਤੇ ਜਾ ਰਹੀ ਹਾਂ'...ਤ੍ਰਿਪਤਾ ਦੀਆਂ ਕਹਾਣੀਆਂ ਨੇ... 'ਹਿਰਸ', 'ਇਕ ਦਿਨ', 'ਜਿੱਤੀ ਹੋਈ ਬਾਜ਼ੀ' ਤੇ ਦੀਪਤੀ ਬਬੂਟਾ ਦੀਆਂ ਕਹਾਣੀਆਂ 'ਬਦਨਾਮ ਬਸਤੀ' ਤੇ 'ਡਾਂਸ ਫਲੋਰ' ਆਦਿ ਆਦਿ। ਇਨ੍ਹਾਂ ਕਹਾਣੀਆਂ ਵਿਚ ਜੋ ਔਰਤਾ ਵਿਹਾਰ ਕਰਦੀਆਂ ਹਨ ਉਹ ਵੱਖਰੀ ਤਰ੍ਹਾਂ ਵਿਹਾਰ ਕਰਦੀਆਂ ਹਨ। ਇਹ ਦੱਬੂ ਮਾਨਸਿਕਤਾ ਵਾਲੀਆਂ ਨਹੀਂ। ਇਨ੍ਹਾਂ ਕਹਾਣੀਆਂ ਵਿਚ ਪੇਸ਼ ਔਰਤਾਂ ਦਾ ਦੱਬਿਆ ਹੋਇਆ ਅਸਤਿਤਵ ਜਾਂ ਹੋਂਦ ਜਿਹਨੂੰ ਉਹ ਜਿਉਣਾ ਚਾਹੁੰਦੀਆਂ ਸਨ ਪਰ ਜੀਓ ਨਹੀਂ ਸਕੀਆਂ। ਉਨ੍ਹਾਂ ਨੂੰ ਨਾਰੀਵਾਦੀ ਚਿੰਤਨ ਨਾਲ ਬੜੀ ਦਲੇਰੀ ਨਾਲ ਪੇਸ਼ ਕਰਦੀਆਂ ਹਨ। ਬਲਕਿ ਉਹ ਪ੍ਰੈਕਟੀਕਲੀ (practically) ਜਿਉਂਦੀਆਂ ਵੀ ਹਨ। ਆਪਣੀ ਦੇਹ ਦੀ ਆਜ਼ਾਦੀ ਵੀ ਮਾਣਦੀਆਂ ਨੇ। ਇਸ ਨਾਲ ਘਰ ਟੁੱਟਦੇ ਨੇ। ਪੱਛਮੀ ਨਾਰੀਵਾਦੀ ਲੇਖਕਾਵਾਂ ਦਾ ਤਲਿਸਮ ਉਨ੍ਹਾਂ ਦੇ ਜ਼ਿਹਨ 'ਚ ਏ। ਸਰਬਜੀਤ ਸੋਹਲ ਦੀ ਇਕ ਕਹਾਣੀ ਮੈਨੂੰ ਚੇਤੇ ਆਉਂਦੀ ਏ 'ਹਾਂ ਮੈਨੂੰ ਬੰਦੇ ਪਸੰਦ ਨੇ' ਉਸ ਦੀ ਔਰਤ ਆਪਣੀਆਂ ਦੈਹਿਕ ਲੋੜਾਂ ਕਰਕੇ ਘਰ ਤੋਂ ਬਾਗੀ ਹੋਣਾ ਚਾਹੁੰਦੀ ਐ ਪਰ ਫਿਰ ਉਹ ਘਰ ਵੱਲ ਮੁੜ ਪੈਂਦੀ ਏ। ਉਹ ਘਰ ਨੂੰ ਬਚਾਉਣ ਲੱਗ ਪੈਂਦੀ ਏ। ਇਸ ਤਰ੍ਹਾਂ ਦੀਆਂ ਔਰਤਾਂ ਵੀ ਤੁਹਾਨੂੰ ਨਵੀਂ ਕਹਾਣੀ ਵਿਚ ਲੱਭ ਜਾਣਗੀਆਂ। ਜਦੋਂ ਮੈਂ ਵਿਪਨ ਗਿੱਲ ਦੀਆਂ ਕਹਾਣੀਆਂ ਪੜ੍ਹਦਾ ਹਾਂ ਤਾਂ ਮੈਨੂੰ ਲੱਗਦਾ ਰਹਿੰਦਾ ਏ ਕਿ ਲੇਖਕ ਦੇ ਅੰਦਰ ਪੱਛਮੀ ਨਾਰੀਵਾਦ ਚਿੰਤਨ ਹਾਵੀ ਹੋ ਜਾਂਦਾ ਏ। ਤਾਂ ਲੇਖਕ ਆਪਣੀ ਇਕ ਧਾਰਨਾ ਬਣਾ ਲੈਂਦੀ ਏ ਕਿ ਅਸੀਂ ਇਸ ਚਿੰਤਨ ਵਾਲੀਆਂ ਨਾਰੀਵਾਦੀ ਕਹਾਣੀਆਂ ਲਿਖਣੀਆਂ ਨੇ। ਫਿਰ ਕਹਾਣੀਕਾਰ ਉਸ ਚਿੰਤਨ ਦੇ ਤੇਸੇ ਨਾਲ ਪਾਤਰ ਨੂੰ ਘੜਨ ਲੱਗ ਪੈਂਦਾ ਏ। ਕੁਝ ਹੋਰ ਕਹਾਣੀਆਂ ਵੀ ਤੁਹਾਨੂੰ ਪੜ੍ਹਨ ਨੂੰ

ਮਿਲ ਜਾਣਗੀਆਂ। ਮੈਂ ਕਹਿਣਾ ਚਾਹੁੰਦਾ ਹਾਂ ਕੀ ਨਵੀਂ ਕਹਾਣੀ ਵਿਚ ਚਿੰਤਨ ਹਾਵੀ ਹੋਣ ਲੱਗ ਪਿਆ? ਕੀ ਅਸੀਂ ਪਾਤਰਾਂ ਦੇ ਅੰਦਰੂਨੀ ਕਾਰਜ ਵਿਚ ਅਸੀਂ ਚਿੰਤਨ ਦਾ ਮਸਾਲਾ ਪਾਉਣ ਲੱਗ ਪੈਂਦੇ ਹਾਂ?

**ਸੁਖਪਾਲ ਕੌਰ**-ਬਹੁਤ ਸਾਲ ਪਹਿਲਾਂ ਜਦੋਂ ਮੈਂ ਪੰਜਾਬੀ ਕਹਾਣੀ ਉੱਤੇ ਪੀਐੱਚ. ਡੀ. ਕਰ ਰਹੀ ਸਾਂ ਤਾਂ ਉਸ ਸਮੇਂ ਮੈਂ ਸੀਮੋਨ ਦਾ ਬੋਅਵਾਰ (Simone de Beauvoir) ਦੀ ਕਿਤਾਬ 'ਦ ਸੈਕੰਡ ਸੈਕਸ' (The Second Sex)ਪੜ੍ਹੀ ਸੀ। ਸੀਮੋਨ ਇਕ ਥਾਂ ਕਹਿੰਦੀ ਏ ਕਿ ਹਮੇਸ਼ਾ ਔਰਤ ਔਰਤ ਨੂੰ ਨੀਵਾਂ ਕਰਦੀ ਐ ਜਾਂ ਔਰਤ ਔਰਤ ਦਾ ਸ਼ੋਸ਼ਣ ਕਰਦੀ ਐ। ਹਰ ਬੰਦੇ ਦੇ ਅੰਦਰ ਆਪਣੀ ਹੋਂਦ ਨੂੰ ਕਾਇਮ ਰੱਖਣ ਦੀ ਇਕ ਚਾਹਤ ਹੁੰਦੀ ਏ। ਇਹ ਚਾਹਤ ਔਰਤ ਅੰਦਰ ਵੀ ਹੁੰਦੀ ਏ। ਔਰਤ ਸਮਾਜ ਵਿਚ ਬਹੁਤ ਦੱਬੀ ਰਹੀ ਐ। ਹੁਣ ਵੀ ਦੱਬੀ ਜਾਂਦੀ ਰਹਿੰਦੀ ਐ। ਵੀਨਾ ਵਰਮਾ ਨੇ ਔਰਤ ਦੀ ਆਜ਼ਾਦ ਹਸਤੀ ਨੂੰ ਪੇਸ਼ ਕੀਤਾ ਏ। ਵੀਨਾ ਵਰਮਾ ਨੂੰ ਲੱਗਦਾ ਸੀ ਕਿ ਸਾਡੀ ਜ਼ਿੰਦਗੀ ਵਿਚ ਜਿਹੜੀ ਲਿਬੀਡੋ (Libido ;the desire for sex) ਦੀ ਅਹਿਮੀਅਤ ਹੈ ਉਹ ਵਧੇਰੇ ਹੈ। ਉਸ ਤੋਂ ਬਿਨਾ ਔਰਤ ਦੇ ਹੋਰ ਬਹੁਤ ਸਾਰੇ ਫੇਜ ਹੁੰਦੇ ਹਨ, ਜਿੱਥੇ ਔਰਤ ਡੌਮਇਨੰਟ (dominate) ਨੂੰ ਤੋੜਨਾ ਚਾਹੁੰਦੀ ਐ। ਉਹ ਵਲਗਣਾ ਤੋਂ ਬਾਹਰ ਆਉਣਾ ਚਾਹੁੰਦੀ ਐ। ਜਿੱਥੇ ਰਸੂਲਪੁਰੀ ਸੋਹਲ ਦੀ ਕਹਾਣੀ 'ਹਾਂ ਮੈਨੂੰ ਬੰਦੇ ਪਸੰਦ ਨੇ' ਦੀ ਗੱਲ ਕਰਦੇ ਨੇ। ਅਸਲ ਵਿਚ ਉਹ ਘਰ ਨੂੰ ਬਚਾਉਣਾ ਨਹੀਂ ਚਾਹੁੰਦੀ, ਬਲਕਿ ਉਹ ਘਰ 'ਚ ਆਪਣੀ ਸਪੇਸ ਬਰਾਬਰੀ ਦੀ ਚਾਹੁੰਦੀ ਐ। ਜੇ ਬੰਦੇ ਹੀ ਬਾਹਰ ਵਰਜਿਤ ਸੰਬੰਧ ਬਣਾਉਣਾ ਚਾਹੁੰਦੇ ਨੇ ਤੇ ਹੁਣ ਔਰਤ ਵੀ ਉਹ ਕਾਰਜ ਕਰ ਕੇ ਵੇਖਣਾ ਚਾਹੁੰਦੀ ਐ। ਔਰਤ ਸੋਚਦੀ ਐ ਕਿ ਉਹ ਓਸ ਲੈਵਲ ਤੱਕ ਪਹੁੰਚ ਸਕਦੀ ਹੈ? ਜਿਸ ਲੈਵਲ ਤੱਕ ਬੰਦਾ ਪਹੁੰਚ ਜਾਂਦਾ ਏ। ਜੇ ਤੁਸੀਂ ਕਹਿੰਦੀ ਹੋ ਕਿ ਇਸ ਦੇ ਵਿਸ਼ੇ ਅਤੇ ਔਰਤਾਂ ਦਾ ਕਾਰਜ ਨਾਰੀਵਾਦੀ ਲਹਿਰ ਕਰਕੇ ਏ ਤਾਂ ਮੈਂ ਕਹਿ ਸਕਦੀ ਹਾਂ ਕਿ ਨਾਰੀਵਾਦ ਦੀ ਲਹਿਰ ਤਾਂ ਪੂਰੀ ਦੁਨੀਆ 'ਚ ਫੈਲੀ ਹੋਈ ਏ। ਹੁਣ ਤੁਸੀਂ ਪਰਵਾਸੀ ਕਹਾਣੀ ਲਿਖਣ ਵਾਲੀਆਂ ਔਰਤਾਂ ਦੀਆਂ ਲਿਖੀਆਂ ਕਹਾਣੀਆਂ ਦੀ ਗੱਲ ਕਰੋ ਤਾਂ ਉਹ ਤੁਹਾਨੂੰ ਇਹ ਗੱਲਾਂ ਹੋਰ ਭਰਵੇਂ ਰੂਪ ਵਿਚ ਵੇਖਣ ਨੂੰ ਮਿਲਣਗੀਆਂ। ਜਦੋਂ ਉਹ ਔਰਤਾਂ ਏਧਰ ਆਪਣੀ ਪਰੰਪਰਾ ਵਿਚ ਬੱਝੇ ਪਰਿਵਾਰਾਂ 'ਚ ਰਹਿ ਕੇ ਆਜ਼ਾਦੀ ਪ੍ਰਾਪਤ ਨਹੀਂ ਕਰ ਸਕੀਆਂ ਤੇ ਉਧਰ ਜਾ ਕੇ ਉਹ ਆਜ਼ਾਦੀ ਪ੍ਰਾਪਤ ਕਰ ਲੈਂਦੀਆਂ ਨੇ। ਸਹਿਜੇ ਸਹਿਜੇ ਇਹ ਵਰਤਾਰਾ ਏਧਰ ਪੰਜਾਬ ਵਿਚ ਜਦੋਂ ਆਉਂਦਾ ਏ ਤਾਂ ਅਸੀਂ ਨਾਰੀ ਦਾ ਬਦਲਦਾ ਰੂਪ ਕਹਾਣੀ ਵਿਚ ਵੇਖਦੇ ਹਾਂ। ਮੈਨੂੰ ਐਂ ਲੱਗਦਾ ਐ ਕਿ ਉਨ੍ਹਾਂ ਔਰਤਾਂ ਅੰਦਰ ਆਪਣੀ ਐੱਗਜਿਸਟੰਸ (existence) ਦੀ ਚਾਹਤ ਏ। ਬਸ ਉਹ ਚਾਹਤ ਵਿਖਾਉਣ ਨੂੰ ਪ੍ਰਿਫੱਰ (prefer) ਕਰਦੀਆਂ ਹਨ। ਇਹ ਉਨ੍ਹਾਂ ਦਾ ਮੇਜਰ ਰੋਲ ਨਹੀਂ ਰਹਿ ਗਿਆ ਕਿ ਉਹ ਸਾਹਿਤ 'ਚ ਇਹ ਵਿਖਾਉਣ ਕਿ ਅਸੀਂ ਹੁਣ ਮਰਦ ਦੇ ਬਰਾਬਰ ਪਹੁੰਚ ਗਈਆਂ ਆ ਜਾਂ ਅੱਗੇ ਆ ...ਪਿੱਛੇ ਆ। ਇਹ ਹੁਣ ਕੋਈ ਰੌਲਾ ਦੀ ਨਹੀਂ ਐ। ਹੁਣ ਤਾਂ ਮਸਲਾ ਇਹ ਪੈਦਾ ਹੋ ਗਿਆ ਏ ਕਿ ਔਰਤ ਹੋਣ ਦੇ ਨਾਤੇ ਜਿਹੜੀ ਹੋਂਦ ਏ। ਉਹ ਕਿੱਥੇ ਐੱਗਜਿਸਟ (exist) ਕਰਦੀ ਐ। ਉਹ ਗੱਲਾਂ ਸਾਡੇ ਲਈ ਵੱਧ ਮੈਟਰ ਕਰਦੀਆਂ ਹਨ ਬਾਕੀ ਗੱਲਾਂ ਸੰਕੈਂਡਰੀ ਰਹਿ ਜਾਂਦੀਆਂ ਨੇ।

**ਬਲੀਜੀਤ**-ਮੈਨੂੰ ਲੱਗਦਾ ਐ ਬਈ ਜਿਹੜਾ ਸਾਹਿਤ ਜਾਂ ਕਹਾਣੀਆਂ ਕਿਤਾਬਾਂ ਪੜ੍ਹ ਕੇ ਲਿਖੀਆਂ ਹੁੰਦੀਆਂ ਨੇ ਉਹ ਲਾਊਡ ਹੁੰਦੀਆਂ ਨੇ। ਜੇਕਰ ਲਿਖਣ ਵਾਲੇ ਨੂੰ ਗਹਿਰਾ ਤਜ਼ਰਬਾ ਹੋਵੇ ਤਾਂ ਤੁਸੀਂ ਸਾਰਥਕ ਰਚਨਾ ਕਰ ਸਕਦੇ ਹੋ। ਮੈਂ ਇਕ ਪਾਕਿਸਤਾਨੀ ਕਹਾਣੀ ਸੁਣ ਰਿਹਾ ਸਾਂ... ਉਹ ਕਹਾਣੀਕਾਰਾ ਦਾ ਪਾਤਰ ਕਹਿੰਦਾ ਐ ਕਿ ਮੈਨੂੰ ਮੈਰਿਜ ਬੋਝ ਲੱਗਦੀ ਐ। ਜੋ ਸਾਡੀ ਮੈਰਿਜ ਦਾ ਇਨਸਟਿਟਿਊਸ਼ੱਨ (institution) ਹੈ। ਉਹ ਹਰ ਪਾਸੇ ਤੋਂ ਅਨਫਿੱਟ ਐ। ਉਹ ਕਹਾਣੀ ਕੁਝ ਇਸ ਤਰ੍ਹਾਂ ਦੀ ਐ ਬਈ ਓਹ ਔਰਤ ਪੜ੍ਹਾਉਣ ਦਾ ਕੰਮ ਕਰਦੀ ਐ... ਉਹਦੇ ਘਰ ਵਾਲਾ ਸ਼ਰਾਬ ਪੀਂਦਾ ਐ...ਫੇ ਖਰੂਦ ਪਾਉਂਦਾ ਐ। ਉਹਦੇ ਮਨ 'ਚ ਕਈ ਵਾਰੀ ਆਉਂਦਾ ਐ ਬਈ ਮੈਂ ਇਹਨੂੰ ਛੱਡ ਦੇਵਾਂ। ਜਦੋਂ ਛੱਡਣ ਦੀ ਗੱਲ ਆਉਂਦੀ

ਤਾਂ ਉਹ ਔਰਤ ਸੋਚਦੀ ਐ ਬਈ ਲੋਕ ਕਹਿਣਗੇ, ਇਹ ਤਾਂ ਪਤੀ ਵੱਲੋਂ ਛੱਡੀ ਹੋਈ ਜ਼ਨਾਨੀ ਐ। ਸਮਾਜ ਤਾਂ ਖੜੱਪਾ ਸੱਪ ਹੈਗਾ ਐ... ਤੇ ਉਹ ਦੁੱਖੀ-ਸੁੱਖੀ ਰਹਿ ਕੇ ਆਪਣੀ ਜ਼ਿੰਦਗੀ ਘੜੀਸੀ ਜਾਂਦੀ ਐ। ਉਹ ਰਹਿੰਦੀ ਜ਼ਰੂਰ ਹੈ ਪਰ ਰਹਿੰਦੀ ਵੱਖਰੀ ਛੱਤ ਥੱਲੇ ਐ। ਮੇਰਾ ਅਦਾਲਤਾ ਦਾ ਕਾਫੀ ਤਜ਼ਰਬਾ ਹੈਗਾ। ਉਥੇ 40% ਕੇਸ ਮੀਆਂ-ਬੀਵੀ ਦੇ ਝਗੜੇ ਦੇ ਐ। ਬੱਚੇ ਹੁੰਦੇ ਨੇ। ਉਨ੍ਹਾਂ ਨੇ ਖਰਚਾ ਲੈਣਾ ਹੁੰਦਾ ਐ। ਮੈਂ ਉਹ ਜ਼ਨਾਨੀਆਂ ਨੂੰ ਕੋਰਟ ਦੇ ਅੰਦਰ ਤੇ ਬਾਹਰ ਬੰਦੇ ਨੂੰ ਗਾਲ੍ਹਾਂ ਕੱਢਦਿਆਂ ਵੇਖਿਆ ਹੋਇਆ। ਮੈਂ ਭੂਸ਼ਨ ਭਾਜੀ ਨੂੰ ਕਹਿੰਦਾ ਹੁੰਦਾ ਸਾਂ ਕਿ ਭਾਜੀ ਮੈਂ ਅਦਾਲਤਾ 'ਚ ਜਾਂਦਾ ਹੁੰਦਾ ਆ, ਉੱਥੇ ਤਾਂ ਮੀਆਂ ਬੀਵੀ ਦੇ ਝਗੜੇ ਦੇ ਬਹੁਤ ਕੇਸ ਲੱਗੇ ਹੁੰਦੇ ਨੇ। ਭੂਸ਼ਨ ਭਾਜੀ ਕਹਿੰਦੇ ਹੁੰਦੇ ਸਨ ਕਿ ਉਹ ਤਾਂ ਬੜੇ ਦਲੇਰ ਲੋਕ ਨੇ ਜਿਹੜੇ ਆਪਣਾ ਦੁੱਖ ਜੱਜ ਤੱਕ ਲੈ ਜਾਂਦੇ ਨੇ... ਬਹੁਤੇ ਦੱਬੂ ਲੋਕ ਤਾਂ ਆਪਣੇ ਘਰਾਂ ਵਿਚ ਹੀ ਰਹਿ ਗਏ। ਆਪਣੇ ਹਿੰਦੀ ਵਿਚ ਬਹੁਤ ਕੁਝ ਏਸ ਕਿਸਮ ਦਾ ਆ ਰਿਹਾ। ਉਹ ਤਾਂ ਨਾਰੀਵਾਦੀ ਸਿਧਾਂਤ ਦੀਆਂ ਕਿਤਾਬਾਂ ਪੜ੍ਹ ਕੇ ਹੀ ਲਿਖਦੇ ਐ ਨੇ। ਇਕ ਅਰਵਿੰਦਰ ਕੌਰ ਧਾਲੀਵਾਲ ਦੀ ਕਹਾਣੀ ਹੈ ਨਾ '.......' ਜਿਹਦੇ 'ਚ ਓਹ ਔਰਤ ਦੋ ਚਾਰ ਦਿਨਾਂ ਬਾਅਦ ਵਾਪਸ ਮੁੜ ਆਉਂਦੀ ਐ। ਇਕ ਥਾਂ ਉਹ ਬਾਰੇ ਬੋਲਦੀ ਕਹਿੰਦੀ ਐ ਕਿ ਮੈਂ **ਸੀਮੋਨ ਦਾ ਬੋਅਵਾਰ** ਦੀ ਕਿਤਾਬ ਪੜ੍ਹੀ ਸੀ। ....ਇਕ ਮੈਂ ਤ੍ਰਿਪਤਾ ਕੇ ਸਿੰਘ ਦੀ ਕਹਾਣੀ 'ਉਹ ਦਿਨ' ਪੜ੍ਹੀ ਸੀ ਇਕ ਮੈਂ **ਸੀਮੋਨ** ਦੀ ਕਿਤਾਬ ਪੜ੍ਹੀ ਸੀ ਕਹਾਣੀ ਲਿਖਣ ਲਈ ਮੇਰੇ ਉੱਤੇ ਦੋਹਾਂ ਚੀਜਾ ਨੇ ਅਸਰ ਕੀਤਾ। ਮੈਂ ਇਹ ਕਹਿਣਾ ਚਾਹੁੰਦਾ ਆ ਕਿ ਜੇਕਰ ਤੁਸੀਂ ਬਗੈਰ ਤਜ਼ਰਬੇ ਤੋਂ ਲਿਖਦੇ ਹੋ ਤਾਂ ਤੁਹਾਡੀ ਹੈਸੀਅਤ ਸਕੂਲ ਟੀਚਰ ਵੱਲੋਂ ਲਿਖੇ ਜਾਂਦੇ ਨੋਟਿਸ ਤੋਂ ਵੱਧ ਨਹੀਂ ਹੁੰਦੀ।

**ਰਸੂਲਪੁਰੀ**-ਅੱਜ ਦੀ ਜਿਹੜੀ ਕਹਾਣੀ ਐ। ਜਿਹਨੂੰ ਵਿਸ਼ਵੀਕਰਨ ਦੀ ਕਹਾਣੀ ਕਹਿੰਦੇ ਐ। ਔਰਤ ਦੇ ਮਸਲਿਆਂ ਨੂੰ ਲੈ ਕੇ ਜਿਹੜੀਆਂ ਕਹਾਣੀਆਂ ਲਿਖੀਆਂ ਜਾ ਰਹੀਆਂ ਨੇ। ਜੋ ਕਹਾਣੀਆਂ 'ਚ ਔਰਤ ਪਾਤਰ ਆਉਂਦੀਆਂ ਨੇ। ਉਨ੍ਹਾਂ ਦੀ ਉਮਰ ਪੰਜਾਹ ਸਾਲਾਂ ਦੇ ਆਸ ਪਾਸ ਐ। ਕੀ ਅਸੀਂ ਇਹ ਸਮਝੀਏ ਕਿ ਇਹ ਲਿਖਣ ਵਾਲੀਆਂ ਔਰਤਾਂ ਆਪਣੇ ਸਵੈ ਨੂੰ ਪੁਨਰ ਪ੍ਰਭਾਸ਼ਤ ਕਰਨਾ ਚਾਹੁੰਦੀਆਂ ਨੇ। ਜਾਂ ਉਹ ਆਪਣੇ ਅਚੇਤ ਤੌਰ ਤੇ ਆਪਣੇ ਸਵੈ ਨੂੰ ਹੀ ਪ੍ਰਗਟਾ ਰਹੀਆਂ ਹੁੰਦੀਆਂ ਨੇ। ਸਵੈ 'ਚੋਂ ਪਾਤਰ ਉਸਾਰਦੀਆਂ ਨੇ। ਜਾਂ ਉਹ ਨਾਰੀਵਾਦੀ ਵਿਚਾਰਧਾਰਾ ਨਾਲ ਨਾਰੀਵਾਦੀ ਪਾਤਰਾਂ ਨੂੰ ਘੜਦੀਆਂ ਨੇ। ਜੋ ਪਾਤਰ ਏਸ ਤਰ੍ਹਾਂ ਘੜੇ ਜਾਂਦੇ ਨੇ ਉਹਦੇ ਵਿਚ ਸਦੀਵਤਾ ਕਿੰਨੀ ਕੁ ਰਹਿੰਦੀ ਐ।

**ਸ਼ਬਦੀਸ਼**-ਇਸ ਗੱਲ ਤੇ ਆਉਣ ਤੋਂ ਪਹਿਲਾਂ ਜਿਹੜੀ ਪਹਿਲਾਂ ਗੱਲ ਚੱਲ ਰਹੀ ਸੀ, ਮੈਂ ਉਹਦੇ ਵੱਲ ਆਉਣਾ ਚਾਹੁੰਦਾ ਹਾਂ। ਜਦੋਂ ਆਪਾਂ ਵੀਨਾਂ ਵਰਮਾ ਦੀ ਗੱਲ ਕਰ ਰਹੇ ਹੁੰਦੇ ਆ ਤਾਂ ਜੇ ਕਰ ਕੋਈ ਮੈਨੂੰ ਵੀਨਾ ਵਰਮਾ ਦੀਆਂ ਕਹਾਣੀਆਂ ਬਾਰੇ ਪੁੱਛੇ ਤਾਂ ਮੈਂ ਕਹਾਂਗਾ ਕਿ ਉਹਨੇ 'ਸਤੀ' ਕਹਾਣੀ ਵੀ ਲਿਖੀ ਐ। ਜਿਹੜੀ ਕਦੇ ਨਹੀਂ ਮਰੇਗੀ। (ਰਸੂਲਪੁਰੀ-(ਵਿੱਚੋਂ ਹੀ) ਹਾਂ ਕੁਝ ਕਹਾਣੀਆਂ ਹਨ... ਪਰ ਆਟੇ 'ਚ ਲੂਣ ਬਰਾਬਰ) ਹਾਂ ਹਾਂ... ਕੁਝ ਕਹਾਣੀਆਂ ਉਹਨੇ 'ਮਰਿਆ ਹੋਇਆ ਚੂਹਾ' ਵਰਗੀਆਂ ਵੀ ਲਿਖੀਆਂ। ਜਿਹਨੂੰ ਲੋਕੀ ਮਜ਼ਾ ਲੈ ਕੇ ਪੜ੍ਹਦੇ ਜ਼ਰੂਰ ਹਨ ਪਰ ਕਹਾਣੀ ਵਜੋਂ ਉਹਦੀ ਮਾਨਤਾ ਜੀਰੋ ਐ। ਉਹ ਚਸਕੇ ਵਾਲੀ ਕਹਾਣੀ ਐ। ਹੁਣ ਦਿੱਕਤ ਕਿੱਥੇ ਐ। ਜਦੋਂ ਤੁਹਾਡਾ ਅਨੁਭਵ ਕੱਚਾ ਹੁੰਦਾ ਐ... ਜਦੋਂ ਤੁਸੀਂ ਆਪਣੇ ਅਨੁਭਵ ਨੂੰ ਅੰਦਰ ਰਿੱਝਣ ਨਹੀਂ ਦਿੰਦੇ। ਉਦੋਂ ਉਹ ਗੜਬੜ ਕਰ ਜਾਂਦਾ ਐ। ਵੀਨਾ ਵਰਮਾ ਜਿਹੜੀ ਜੌਬ ਕਰਦੀ ਏ। ਉਹ ਜੌਬ ਹੀ ਏਦਾ ਦੀ ਏ ਕਿ ਤੁਸੀਂ ਨਿੱਤ ਔਰਤਾਂ ਦੇ ਦੁਖੜੇ ਸੁਣਨੇ ਐ। ਹੁਣ ਔਰਤਾਂ ਦੇ ਦੁੱਖਾਂ ਦੀਆਂ ਕਹਾਣੀਆਂ ਸੁਣਦਿਆਂ ਤੁਹਾਨੂੰ ਸੌ ਕਹਾਣੀਆਂ ਅਜਿਹੀਆਂ ਮਿਲ ਜਾਣਗੀਆਂ ਜਿਹਦੇ ਵਿਚ ਮਰਦ ਔਰਤ ਦਾ ਸ਼ੋਸ਼ਣ ਕਰਦੇ ਨੇ ਪਰ ਤੁਸੀਂ ਸਾਰੇ ਸੌ ਪਾਤਰਾਂ ਦੀਆਂ ਸੌ ਕਹਾਣੀਆਂ ਥੋੜ੍ਹਾ ਲਿਖ ਸਕਦੇ ਹੋ। ਮਸਲਾ ਇਹ ਐ ਕਿ ਤੁਸੀਂ ਉਨ੍ਹਾਂ 'ਚੋਂ ਕਿੰਨੇ ਪਾਤਰਾਂ ਬਾਰੇ ਅਤੇ ਕਿਵੇਂ ਲਿਖਣਾ ਐ। (ਬਲੀਜੀਤ-(ਵਿਚੋਂ ਟੋਕ ਕੇ)-ਸਾਹਿਤ ਜਿਉਂਦੇ ਬੰਦਿਆਂ ਦੀ ਦਾਸਤਾਨ ਹੈਗੀ ਐ। ਇਹ ਕੋਈ ਮੁਰਦਾ

ਬੰਦਿਆਂ ਦਾ ਦਾਖਲਾ ਰਜਿਸਟਰ ਨਹੀਂ ਹੁੰਦਾ ਬਈ ਤੁਸੀਂ ਹਰ ਮੁਰਦੇ ਦਾ ਦਾਖਲਾ ਕਰਨਾ ਹੀ ਕਰਨਾ ਹੁੰਦਾ ਐ।) ...ਇਹਦੇ ਨਾਲ ਜੋੜ ਕੇ ਮੈਂ ਮੰਟੋ ਦੀ ਗੱਲ ਕਰਦਾ ਆ... ਮੰਟੋ ਨੂੰ ਕਿਸੇ ਨੇ ਪੁੱਛਿਆ ਬਈ ਤੁਸੀਂ ਕਿੱਦਾ ਦੀ ਔਰਤ ਬਾਰੇ ਕਹਾਣੀ ਲਿਖਣੀ ਪਸੰਦ ਕਰੋਗੇ? ਉਹ ਕਹਿੰਦਾ ਐ ਕਿ ਵੇਖੋ ਮੈਂ ਓਸ ਔਰਤ ਬਾਰੇ ਕਹਾਣੀ ਲਿਖਣੀ ਨਹੀਂ ਚਾਹੁੰਦਾ ਜਿਹੜੀ ਘਰ ਰਹਿ ਕੇ ਸਾਰੀ ਉਮਰ ਮਰਦ ਕੋਲੋਂ ਛਿੱਤਰ ਖਾਂਦੀ ਰਹਿੰਦੀ ਐ ਤੇ ਖਾਂਦੀ ਮਰ ਜਾਂਦੀ ਐ। ਤੇ ਮੈਂ ਓਸ ਔਰਤ ਬਾਰੇ ਵੀ ਕਹਾਣੀ ਲਿਖਣੀ ਨਹੀਂ ਚਾਹੁੰਦਾ ਜਿਹੜੀ ਔਰਤ ਆਪਣੇ ਬੱਚੇ ਜੰਮੀ ਤੇ ਪਾਲੀ ਜਾਂਦੀ ਐ। ਫੇਰ ਉਹਨੂੰ ਪੁੱਛਿਆ ਜਾਂਦਾ ਐ ਕਿ ਤੁਸੀਂ ਕਿਹੋ ਜਿਹੀ ਔਰਤ ਬਾਰੇ ਕਹਾਣੀ ਲਿਖਣੀ ਚਾਹੁੰਦੇ ਹੋ? ਮੰਟੋ ਕਹਿੰਦਾ ਐ ਕਿ ਮੈਂ ਓਸ ਔਰਤ ਬਾਰੇ ਕਹਾਣੀ ਲਿਖਣੀ ਚਾਹੁੰਦਾ ਐ ਕਿ ਉਹ ਔਰਤ ਘਰ ਵਾਲੇ ਨਾਲ ਲੜ ਪੈਂਦੀ ਐ ਤੇ ਕਹਿੰਦੀ ਐ ਕਿ ਮੈਂ ਹੁਣ ਵਾਪਸ ਨਹੀਂ ਮੁੜਨਾ। ਘਰ ਵਾਲਾ ਫ਼ਿਕਰ ਕਰੀ ਜਾਂਦਾ ਐ ਕਿ ਉਹ ਸੱਚੀ ਨਹੀਂ ਮੁੜੀ... ਕਿੱਥੇ ਗਈ ਹੋਵੇਗੀ? ਜਦੋਂ ਰਾਤ ਪੈਂਦੇ 'ਤੇ ਉਹ ਮੁੜਦੀ ਐ ਤਾਂ ਪਤੀ ਉਹਨੂੰ ਪੁੱਛਦਾ ਐ ਕਿ ਤੂੰ ਕਿੱਥੇ ਗਈ ਸੀ ਤਾਂ ਉਹ ਕਹਿੰਦੀ ਐ ਕਿ ਮੈਂ ਤਾਂ ਫਿਲਮ ਵੇਖਣ ਗਈ ਸੀ। ਮੰਟੋ ਕਹਿਣਾ ਚਾਹੁੰਦਾ ਐ ਕਿ ਮੇਰੀ ਦਿਲਚਸਪੀ ਉਨ੍ਹਾਂ ਲੋਕਾਂ ਨਾਲ ਐ ਜਿਹੜੀ ਔਰਤ ਦੂਜਿਆਂ ਨਾਲੋਂ ਵੱਖਰੀ ਐ। ਆਪਾਂ ਦਫ਼ਤਰ 'ਚ ਨੌਂ ਤੋਂ ਪੰਜ ਕੰਮ ਕਰਨ ਵਾਲੇ ਸ਼ਰੀਫ ਲੋਕਾਂ ਬਾਰੇ ਕਹਾਣੀ ਨਹੀਂ ਲਿਖਾਂਗੇ ਆਪਾਂ ਉਨ੍ਹਾਂ ਬਾਰੇ ਲਿਖਾਂਗੇ ਜਿਹੜੇ ਦੂਜਿਆਂ ਨਾਲੋਂ ਵੱਖ ਨੇ। ਹੁਣ ਅਗਲੀ ਗੱਲ ਜਿਹੜੀ ਰਸੂਲਪੁਰੀ ਨੇ ਕੀਤੀ ਐ। ਜਿਹੜੀ ਆਪਾਂ ਇੱਕੀਵੀਂ ਸਦੀ ਦੀ ਕਹਾਣੀ ਦੀ ਗੱਲ ਕਰਦੇ ਐ। ਚੀਜਾਂ ਨੂੰ ਵੇਖਣ ਲਈ ਆਪਾਂ ਸਮਾਂ ਤਹਿ ਕਰ ਸਕਦੇ ਹਾਂ ਪਰ ਸਦੀ ਬਦਲਣ ਨਾਲ ਕਹਾਣੀ ਨੇ ਇਕ ਦਮ ਨਹੀਂ ਬਦਲ ਜਾਣਾ ਹੁੰਦਾ। (ਰਸੂਲਪੁਰੀ-(ਵਿਚੋਂ ਟੋਕ ਕੇ) ਹਾਂ ਇਹ ਮੈਂ ਮੰਨਦਾ ਕਿ ਕਹਾਣੀ ਬਦਲਣ ਦੀ ਤੋਰ ਸਹਿਜੇ ਸਹਿਜੇ ਹੁੰਦੀ ਐ। ਤਰੀਕਾਂ ਦੇ ਬਦਲਣ ਨਾਲ ਕਹਾਣੀ ਨਹੀਂ ਬਦਲ ਜਾਂਦੀ।) ...ਮੈਂ ਵੀ ਓਸੇ ਗੱਲ ਤੇ ਆ ਰਿਹਾ...ਜਿਹੜੀ ਆਪਾਂ ਇੱਕੀਵੀਂ ਸਦੀ ਦੀ ਕਹਾਣੀ ਵੇਖ ਰਹੇ ਐ ਇਹ ਸਹਿਜੇ ਸਹਿਜੇ ਬਦਲਦੀ ਬਦਲਦੀ ਸਮਕਾਲ ਵਿਚ ਬਦਲੀ ਹੋਈ ਆਪਾਂ ਨੂੰ ਲੱਗਦੀ ਐ। ਮਸਲਾ ਇਹ ਐ ਬਈ ਕਹਾਣੀ ਜਿਉਂਦੀ ਕਿਹੜੀ ਰਹਿਣੀ ਐ...ਬਈ ਤੁਸੀਂ ਗੱਲ ਤਾਂ ਕੋਈ ਹੋਰ ਕਰ ਰਹੇ ਹੁੰਦੇ ਓ... ਪਰ ਅਖੀਰ ਵਿਚ ਉਹ ਜੁੜ ਕਿਸੇ ਹੋਰ ਨਾਲ ਜਾਂਦੀ ਐ। ਅੰਤ ਵਾਲੀ ਮਰੋੜੀ। ਜਿਵੇਂ ਰਘਬੀਰ ਢੰਡ ਦੀ ਕਹਾਣੀ 'ਕੁਰਸੀ' ਵੇਖ ਸਕਦੇ ਹਾਂ। ਹੁਣ ਵੇਖਣ ਨੂੰ ਇਕ ਕੁਰਸੀ ਬਾਰੇ ਸਧਾਰਨ ਕਹਾਣੀ ਐ। ਨਹੀਂ ਉਹ ਕੁਰਸੀ ਬਾਰੇ ਕਹਾਣੀ ਨਹੀਂ ਐ। ਅੱਜ ਦੀ ਕਹਾਣੀ ਦਾ ਵੱਡਾ ਸੰਕਟ ਇਹੀ ਐ ਬਈ ਕਿ ਅਸੀਂ ਜੋ ਸਾਡੇ ਆਲੇ ਦੁਆਲੇ ਵਾਪਰ ਰਿਹਾ ਉਸ ਨੂੰ ਫਟਾਫਟ ਫੜਨਾ ਚਾਹੁੰਦੇ ਹਾਂ। ਤੇ ਸਾਡੇ ਕੋਲ ਉਹ ਅਨੁਭਵ ਨਹੀਂ ਐ ਜਿਹੜਾ ਉਨ੍ਹਾਂ ਪ੍ਰਸੰਗਾ ਨੂੰ ਇਤਿਹਾਸ ਨਾਲ ਜੋੜ ਸਕੇ ਜਾਂ ਸਮਾਜਿਕ ਇਤਿਹਾਸ ਨਾਲ ਜੋੜ ਸਕੇ। ਕੋਈ ਪਾਤਰ ਤੁਹਾਡੇ ਅੰਦਰ ਕਿਓਂ ਜਿਉਂਦਾ ਰਹਿੰਦਾ ਐ? ਅਸੀਂ ਵਾਰ ਵਾਰ ਤੁਰਗਨੇਵ ਦਾ ਨਾਵਲ 'ਪਿਓ-ਪੁੱਤਰ' ਕਿਓਂ ਪੜ੍ਹਦੇ ਐ। ਇੰਡੀਆ ਵਿਚ ਸਾਡੇ ਕੋਲ ਤਾਂ ਉਹ (ਪਿਓ) ਕਦੇ ਐਨਅਰਕਿਸਟ (anarchist) ਹੋਏ ਨਹੀਂ। ਸਾਨੂੰ ਦੋਵੇਂ ਪੁੱਤ ਕਿਉਂ ਚੰਗੇ ਲੱਗਦੇ ਨੇ। ਭਾਵੇਂ ਸਾਡੇ ਐਨਅਰਕਿਸਟ (anarchist) ਲਹਿਰ ਪੈਦਾ ਨਹੀਂ ਹੋਈ ਪਰ ਸਾਡੇ ਸਮਾਜ ਵਿਚ ਐਨਅਰਕਿਸਟ (anarchist) ਤਾਂ ਪੈਦਾ ਹੋਏ ਹੀ ਹਨ। ਚਾਹੇ ਉਹ ਨਕਸਲੀ ਲਹਿਰ ਦੇ ਸਨ ਜਿਹੜੇ ਕਹਿੰਦੇ ਸਨ ਬਸ ਬੰਦੇ ਮਾਰਨ ਨਾਲ ਹੀ ਮਸਲਾ ਹੱਲ ਹੋ ਜਾਣਾ ਹੁੰਦਾ ਐ। ਸਾਡੇ ਏਥੇ ਖ਼ਾਲਿਸਤਾਨ ਦੀ ਲਹਿਰ ਵੀ ਪੈਦਾ ਹੋਈ। ਜਿਨ੍ਹਾਂ ਨੂੰ ਲੱਗਦਾ ਸੀ ਕਿ ਬੰਦੇ ਮਾਰਨ ਨਾਲ ਮਸਲੇ ਨੇ ਹੱਲ ਹੋ ਜਾਣਾ। ਪਰ ਬੰਦਾ ਜ਼ੁਲਮ ਨਾਲ ਨਹੀਂ ਬਦਲਦਾ। ਮੈਂ ਮੁੜ ਕੇ ਫਿਰ 'ਕੁਰਸੀ' ਕਹਾਣੀ ਤੇ ਆਉਂਦਾ ਹਾਂ। ਕੁਰਸੀ ਦੀ ਕਹਾਣੀ ਇਸ ਸਦੀ ਦੀ ਕਹਾਣੀ ਵੀ ਨਹੀਂ। ਉਹ ਤਾਂ ਕਈ ਸਦੀਆਂ ਦਾ ਮਸਲਾ ਐ। ਕਿ ਕਹਾਣੀ 'ਚ ਤੁਸੀਂ ਇਕ ਨਿੱਕੀ ਜਿਹੀ ਗੱਲ ਕਹੀ ਜਿਹੜੀ ਕਈ ਸਦੀਆਂ ਤੱਕ ਫੈਲ ਸਕਦੀ ਐ। ਹੁਣ ਅੱਜ ਦੀ ਬਦਲ ਰਹੀ ਕਹਾਣੀ ਨੂੰ ਅਸੀਂ ਜੇ ਵੇਖਣਾ ਹੋਵੇ ਤਾਂ ਅਸੀਂ

ਵੇਖਦੇ ਹਾਂ ਕਿ ਸਾਡੀ ਕਹਾਣੀ ਹਰੀ ਕ੍ਰਾਂਤੀ ਤੋਂ ਬਦਲਣੀ ਸ਼ੁਰੂ ਹੋ ਗਈ ਸੀ। ਜਿਹਦੇ 'ਚ ਕਈ ਲਹਿਰਾਂ ਦਾ ਆਪਾਂ ਜ਼ਿਕਰ ਕਰ ਚੁੱਕੇ ਐ। ਫਿਰ ਨਿਓ ਐੱਕਨੱਮਇਕਸ ਆੱਰਡੱਰ (New Economic Order) ਨੇ ਦੁਨੀਆਂ ਨੂੰ ਤੇਜ਼ੀ ਨਾਲ ਬਦਲ ਦਿੱਤਾ। ਅਸੀਂ ਅੱਜ ਉਸ ਸੰਸਾਰ 'ਚ ਜਿਓ ਰਹੇ, ਜਿਹੜੇ ਸੰਸਾਰ ਨੂੰ ਨਿਓ ਐੱਕਨੱਮਇਕਸ ਆੱਰਡੱਰ (New Economic Order) ਨੇ ਤੇਜੀ ਨਾਲ ਬਦਲ ਦਿੱਤਾ। ਹੁਣ ਸਾਡੇ ਕੋਲ ਕਿੰਨੇ ਕੁ ਲੇਖਕ ਹਨ? ਜਿਹੜੀ ਤੇਜੀ ਨਾਲ ਬਦਲ ਰਹੇ ਸਮਾਜ ਨੂੰ ਫੜ ਸਕੇ ਹਨ। ਕਿ ਕਿੰਨ੍ਹਾਂ ਕਾਰਨਾ ਕਰਕੇ ਸਮਾਜ ਬਦਲ ਰਿਹਾ ਐ। ਅਸੀਂ ਇਨ੍ਹਾਂ ਗੱਲਾਂ ਨੂੰ ਪਕੜ ਲਾਵਾਂਗੇ ਕਿ ਹਰੀ ਕ੍ਰਾਂਤੀ ਤੋਂ ਆਹ ਸਿੱਟੇ ਨਿਕਲ ਆਏ। ਪੰਜਾਬ ਸੰਕਟ ਨਾਲ ਮਨੁੱਖਤਾ ਦਾ ਘਾਣ ਹੋ ਗਿਆ। ਵਗੈਰਾ ਵਗੈਰਾ... ਫਿਰ ਅਸੀਂ ਕਾਹਲੀ ਕਾਹਲੀ 'ਚ ਕਹਾਣੀ ਵਿਚ ਉਹ ਵਸਤੂ ਵੇਰਵੇ ਵੀ ਲੈ ਆਵਾਂਗੇ। ਜਿੱਦਾ ਹੁਣੇ ਪਿੱਛੇ ਜਿਹੇ ਕਿਸਾਨੀ ਅੰਦੋਲਨ ਚੱਲਿਆ ਤਾਂ ਅਸੀਂ ਕਾਹਲੀ ਕਾਹਲੀ ਕਿਸਾਨੀ ਅੰਦੋਲਨ ਬਾਰੇ ਕਿੰਨਾ ਕੁਝ ਲਿਖ ਦਿੱਤਾ। ਕਵਿਤਾ ਬਾਰੇ ਤਾਂ ਅਸੀਂ ਆਮ ਕਹਿ ਵੀ ਦਿੰਦੇ ਐ। ਤੁਸੀਂ ਵੇਖੋ ਏਸ ਅੰਦੋਲਨ ਬਾਰੇ ਕਿੰਨੇ ਸਾਰੇ ਨਾਵਲ ਹੀ ਆ ਗਏ ਨੇ। ਕਹਾਣੀ ਵੀ ਆਈ ਜਾਂਦੀਆਂ ਨੇ ਤੇ ਨਾਟਕ ਵੀ।

**ਰਸੂਲਪੁਰੀ**-ਸ਼ਬਦੀਸ਼ ਨੇ ਬਹੁਤ ਹੀ ਵਿਚਾਰਯੋਗ ਨੁਕਤਾ ਪੇਸ਼ ਕੀਤਾ ਏ। ਸਾਡੇ ਲੇਖਕ ਜਾਂ ਕਹਾਣੀਕਾਰ ਆਪਣੇ ਅਨੁਭਵ ਨੂੰ ਰਿੱਝਣ ਨਹੀਂ ਦਿੰਦੇ।

**ਬਲੀਜੀਤ**- ਇਹ ਕਹਾਣੀਕਾਰਾਂ ਵਿਚ ਕਾਹਲ ਹੈਗੀ ਐ। ਜੇ ਇਹ ਗੱਲ ਮੇਰੇ 'ਚ ਹੈਗੀ ਐ ਤਾਂ ਮੈਨੂੰ ਜਾਂ ਕਿਸੇ ਨੂੰ ਛੱਡਣਾ ਨਹੀਂ ਚਾਹੀਦਾ। ਸਾਡੇ ਲੇਖਕ ਸਾਹਿਤ ਵਿਚ 'ਮੂਸੇਵਾਲਾ' ਬਣਨਾ ਚਾਹੁੰਦੇ ਨੇ। (ਹਾਸਾ) ਆਪਣਾ ਲਿਖਿਆ ਦੱਸਣ ਲਈ ਨਾਲ ਦੀ ਨਾਲ ਫੇਸ ਬੁੱਕ 'ਤੇ ਟੰਗੀ ਜਾਂਦੇ ਨੇ। ਡੰਡੇ 'ਚ ਆਪਣੀ ਕਹਾਣੀ ਦਾ ਝੰਡਾ ਫਸਾ ਕੇ ਫੇਸ ਬੁੱਕ 'ਤੇ ਟੰਗ ਦਿੰਦੇ ਨੇ। ਆਪਣੀ ਫੋਟੋ ਵੀ ਨਾਲ ਲਾਉਂਦੇ ਹੈਗੇ ਐ। ਬਸ ਸਾਨੂੰ ਰਚਨਾ ਦੀ ਝੱਟ ਪਟ ਦਾਦ ਮਿਲੀ ਜਾਵੇ। (ਸੁਖਪਾਲ ਕੌਰ-(ਵਿਚੋਂ ਟੋਕ ਕੇ) ਇਕੱਲੀ ਫੇਸ ਬੁੱਕ ਤੇ ਹੀ ਨਹੀਂ ਕਿਤਾਬਾਂ ਛਪਵਾਉਣ ਤੇ ਉਨ੍ਹਾਂ ਤੇ ਚਰਚਾ ਕਰਵਾਉਣ ਦੀ ਕਾਹਲ ਵੀ ਲੱਗੀ ਹੋਈ ਐ। ) ਹਾਂ ਹਾਂ.. ਜਿਹੜਾ ਜਿਆਦਾ ਲਿਖਦਾ ਐ। ਫਟਾ ਫਟ ਕਹਾਣੀ ਪਾਠਕਾਂ ਮੋਹਰੇ ਸੁੱਟੀ ਜਾਂਦੈ। ਇਕ ਅਜੇ ਪੜ੍ਹੀ ਨਹੀਂ ਹੁੰਦੀ ਦੂਜੀ ਆ ਜਾਂਦੀ ਐ। ਉਹਨੂੰ ਆਪਣੀ ਪਹਿਲੀ ਕਹਾਣੀ ਤੇ ਇਤਬਾਰ ਨਹੀਂ ਹੁੰਦਾ। ਜੇ ਮੈਂ ਆਪਣੀ ਗੱਲ ਕਰਾਂ ਬਈ ਮੇਰੀ ਆਪਣੇ ਨਾਲ ਕੱਮਿਟਮੰਟ (commitment) ਐ ਬਈ ਮੈਂ ਆਪਣੀ ਪਹਿਲੀ ਕਹਾਣੀ ਨਾਲੋਂ ਚੰਗੀ ਕਹਾਣੀ ਲਿਖਣ ਦੀ ਕੋਸ਼ਿਸ਼ ਕਰਾਂ। ਮੈਨੂੰ ਕੁੱਤੇ ਨੇ ਵੱਢਿਆ ਕਿ ਮੈਂ ਕਹਾਣੀ ਤੇ ਕਹਾਣੀ ਲਿਖੀ ਜਾਵਾਂ। ਐਵੇਂ ਧੱਕੇ ਖਾਂਦਾ ਫਿਰੀ ਜਾਵਾਂ। ਲੋਕਾਂ ਵੱਲ ਝਾਕੀ ਜਾਵਾਂ।

**ਰਸੂਲਪੁਰੀ**- ਮੈਨੂੰ ਲੱਗਦਾ ਐ ਕਿ ਕਹਾਣੀਕਾਰਾਂ ਵਿਚ ਹੁਣ ਕਾਹਲ ਏਸ ਕਰਕੇ ਵੀ ਪੈਦਾ ਹੋ ਗਈ ਐ ਕਿ ਕਹਾਣੀ ਨਾਲ ਸੰਬੰਧਤ ਬਹੁਤ ਸਾਰੇ ਇਨਾਮ ਸ਼ੁਰੂ ਹੋ ਗਏ ਨੇ। ਕਹਾਣੀਕਾਰਾਂ ਵਿਚ ਬੜੀ ਕਾਹਲ ਐ ਕਿ ਸਾਡੀ ਸਾਲ ਦੇ ਅੰਤ ਤੱਕ ਕਹਾਣੀ ਛਪ ਜਾਵੇ ਜਾਂ ਉਸ ਤੋਂ ਅੱਗੇ ਸਾਲ ਦੇ ਅੰਤ ਵਿਚ ਕਹਾਣੀ ਦੀ ਕਿਤਾਬਾਂ ਵੀ ਛਪ ਜਾਵੇ। 'ਕਹਾਣੀ ਧਾਰਾ' ਲਈ ਮੈਨੂੰ ਆਪਣੀ ਕਹਾਣੀ ਭੇਜ ਕੇ ਨਾਲ ਹੀ ਕਈ ਲੇਖਕ ਕਹਿੰਦੇ ਨੇ ਕਿ ਕੀ ਇਸੇ ਸਾਲ ਕਹਾਣੀ ਛਪ ਜਾਵੇਗੀ? ਜੇ ਮੈਂ ਕਹਾਂ ਅਗਲੇ ਸਾਲ ਛਪੂ ਤਾਂ ਕਹਿਣਗੇ ਬਈ ਏਸ ਸਾਲ ਛਾਪ ਦਿਓ ਤਾਂ ਚੰਗਾ ਨਹੀਂ ਮੈਂ ਹੋਰ ਪਰਚੇ ਨੂੰ ਭੇਜਣ ਬਾਰੇ ਸੋਚੂ। ਕੀ ਸੱਚਮੁੱਚ ਇਹ ਕਹਾਣੀ ਵਾਲੇ ਇਨਾਮ ਚੰਗੀ ਕਹਾਣੀ ਨੂੰ ਸੱਟ ਮਾਰ ਰਹੇ ਨੇ।

**ਬਲੀਜੀਤ**-ਇਹ ਤਾਂ ਇਨਾਮ ਦੇਣ ਵਾਲੇ ਦੇ ਨਿਰਭਰ ਕਰਦਾ ਹੁੰਦਾ ਐ। ਉਹ ਚੰਗੀ ਚੀਜ ਨੂੰ ਈ ਇਨਾਮ ਦਿੰਦੇ ਹੋਣਗੇ। ਪੰਜਾਬੀ 'ਚ ਇਨਾਮਾਂ ਦੀ ਹਾਲਤ ਬੜੀ ਮਾੜੀ ਹੈਗੀ ਐ। ਮੈਂ ਕਹਿੰਦਾ ਹੁੰਦਾ ਇਨ੍ਹਾਂ ਇਨਾਮਾਂ ਬਾਰੇ ਬਹੁਤ ਸੋਚਣਾ ਨਹੀਂ ਚਾਹੀਦਾ। ਜੋ ਚੰਗੀ ਲਿਖਤ ਹੁੰਦੀ ਐ ਉਹ ਤੁਹਾਡੇ ਲਈ ਇਨਾਮ ਤੋਂ ਘੱਟ ਨਹੀਂ ਹੁੰਦੀ।

**ਸ਼ਬਦੀਸ਼**-ਹੁਣ ਦਵਿੰਦਰ ਸਥਿਆਰਥੀ ਨੂੰ ਸਾਹਿਤ ਅਕੈਡਮੀ ਦਾ ਇਨਾਮ ਨਹੀਂ ਮਿਲਿਆ। ਕੀ ਸਥਿਆਰਥੀ ਆਪਣੇ ਸਮਕਾਲੀ ਲੇਖਕਾਂ ਤੋਂ ਛੋਟਾ ਹੋ ਗਿਆ?

**ਰਸੂਲਪੁਰੀ**-ਕੀ ਤੁਹਾਨੂੰ ਲੱਗਦਾ ਹੈ ਕਿ ਸਮਾਜ ਦਾ ਅਨੁਭਵ ਕਾਹਲ ਨਾਲ ਫੜਿਆ ਜਾਂਦਾ ਐ। ਜਾਂ ਕਾਹਲ ਨਾਲ ਅਨੁਭਵ ਫੜਿਆ ਹੀ ਨਹੀਂ ਜਾ ਸਕਦਾ।

**ਬਲੀਜੀਤ**-ਮੈਂ ਤੁਹਾਨੂੰ ਇਕ ਗੱਲ ਦੱਸਦਾ। ਜਦੋਂ ਹੁਣ ਮੈਂ ਵਿਹਲਾ ਹੋਇਆ ਤਾਂ ਮੈਂ ਸਾਰੇ ਲਿਖਣ ਵਾਲਿਆਂ ਦੀਆਂ ਕਹਾਣੀਆਂ ਦੀਆਂ ਕਿਤਾਬਾਂ ਪੜ੍ਹੀਆਂ ਖਾਸ ਕਰਕੇ ਨਵੇਂ ਲਿਖਣ ਵਾਲਿਆਂ ਦੀਆਂ। ਜਿਹੜਾ ਕਹਾਣੀਕਾਰ ਮੈਨੂੰ ਪਹਿਲੀਆਂ ਦੋ ਕਹਾਣੀਆਂ 'ਚ ਆਪਣੀ ਕਲਾ ਦੀ ਕੁੰਡੀ ਵਿਚ ਨਹੀਂ ਫਸਾ ਸਕਿਆ ਤਾਂ ਮੈਂ ਉਹ ਕਿਤਾਬ ਨੁਕਰੇ ਰੱਖ ਦਿੰਦਾ ਸਾਂ। ਮੁੜ ਉਹਦੇ ਵੱਲ ਝਾਕਦਾ ਵੀ ਨਹੀਂ।

**ਸ਼ਬਦੀਸ਼**-ਤੁਸੀਂ ਇਹ ਗੱਲ ਨੋਟ ਕਰੋ ਸਾਨੂੰ ਉਹ ਕਹਾਣੀਕਾਰ ਵਧੇਰੇ ਚੰਗੇ ਲੱਗਦੇ ਨੇ ਜਿਨ੍ਹਾਂ ਕੋਲ ਕਥਾ ਰਸ ਬਹੁਤ ਜਿਆਦਾ ਹੁੰਦਾ ਐ। ਕਹਾਣੀ 'ਚ ਕਥਾ ਰਸ ਹੋਣਾ ਕੋਈ ਕਮਜ਼ੋਰੀ ਨਹੀਂ ਹੈ। ਆਖਰਕਾਰ ਕਥਾਕਾਰ ਕਥਾ ਹੀ ਤਾਂ ਸੁਣਾ ਰਿਹਾ ਹੁੰਦਾ ਐ। ਪਰ ਕੀ ਕਥਾ ਰਸ ਹੋਣਾ ਹੀ ਕਾਫੀ ਐ? ਉਹਦੇ 'ਚ ਸਮਾਜ ਕਿੰਨਾ ਕੁ ਐ... ਇਤਿਹਾਸ ਕਿੰਨਾ ਕੁ ਐ। ਸੰਕੇਤ ਕਿੰਨੇ ਐ। ਮੈਂ ਜਦੋਂ ਵੀ ਭਗਵੰਤ ਨਾਲ ਉਹਦੀ ਕਹਾਣੀ ਦੀ ਗੱਲ ਕਰਾਂ ਤਾਂ ਕਹਿੰਦਾ ਹਾਂ ਬਈ ਤੇਰੀ ਉਹ ਕਹਾਣੀ 'ਆਦਿ ਡੰਕਾ' ਬਹੁਤ ਕਮਾਲ ਐ। ਤੁਸੀਂ ਪੁੱਛੋਗੇ ਕਿ ਮੈਨੂੰ ਉਹ ਕਹਾਣੀ ਕਿਓਂ ਚੰਗੀ ਲੱਗਦੀ ਐ? ਮੈਨੂੰ ਉਸ ਕਹਾਣੀ ਰਾਹੀਂ ਇਤਿਹਾਸ ਦਾ ਇਕ ਐਪੀਸੋਡ ਖੁੱਲ੍ਹਦਾ ਨਜ਼ਰ ਆਉਂਦਾ ਏ। ਤੁਸੀਂ ਉਹਨੂੰ ਕਮਜ਼ੋਰ ਕਹਾਣੀ ਵੀ ਕਹਿ ਸਕਦੇ ਹੋ। ਕਿ ਕਹਾਣੀਕਾਰ ਦੀ ਕਿਸੇ ਇਤਿਹਾਸਕ ਘਟਨਾ ਬਾਰੇ ਆਪਣੀ ਸੁਤੰਤਰ ਰਾਏ ਤਾਂ ਹੈ। ਅਸੀਂ ਉਸ ਕਹਾਣੀ ਰਾਹੀਂ ਕੁਝ ਸਮਝਣ ਦੀ ਕੋਸ਼ਿਸ਼ ਤਾਂ ਕਰ ਰਹੇ ਹਾਂ। (ਸੁਖਪਾਲ ਕੌਰ-(ਵਿਚੋ ਟੋਕ ਕੇ) ਪਰ ਕਈ ਵਾਰ ਕਹਾਣੀਆਂ ਇਤਿਹਾਸ ਦਾ ਪੰਨਾ ਬਣ ਕੇ ਰਹਿ ਜਾਂਦੀਆਂ ਨੇ। ਉਨ੍ਹਾਂ ਵਿਚ ਕਹਾਣੀ ਹੁੰਦੀ ਹੀ ਨਹੀਂ। ਮੈਨੂੰ ਲੱਗਦਾ ਕਿ ਕਹਾਣੀ ਵਿਚ ਜੇ ਕਥਾ ਰਸ ਨਾ ਲੱਭੇ ਤਾਂ ਪਾਠਕ ਅੱਗੇ ਤੁਰਦਾ ਹੀ ਨਹੀਂ। ਜੇਕਰ ਕਹਾਣੀ ਦੀਆਂ ਪਹਿਲੀਆਂ ਦੋ-ਚਾਰ ਸਤਰਾਂ ਪੜ੍ਹ ਕੇ ਤੁਹਾਡੀ ਕਹਾਣੀ ਵਿਚ ਰੁਚੀ ਨਹੀਂ ਬਣੀ ਤਾਂ ਤੁਸੀਂ ਉਹ ਕਹਾਣੀ ਪੜ੍ਹ ਹੀ ਨਹੀਂ ਸਕਦੇ।) ... ਹੁਣ ਤੁਸੀਂ ਵੇਖੋ ਕਥਾ ਰਸ ਤਾਂ ਭਗਵੰਤ ਦੀ 'ਡਲਿਵਰੀ ਮੈਨ' 'ਚ ਵੀ ਐ। ਕਥਾ ਰਸ ਤਾਂ ਬਾਕੀ ਕਹਾਣੀਆਂ ਵਿਚ ਹੈਗਾ। (ਰਸੂਲਪੁਰੀ- (ਵਿਚੋਂ ਟੋਕ ਕੇ) ਫੇ ਕੀ ਉਹ ਮਾੜੀ ਕਹਾਣੀ ਹੋਈ?) ... ਨਹੀਂ ਨਹੀਂ ਮੈਂ ਉਹਨੂੰ ਮਾੜੀ ਕਹਾਣੀ ਤਾਂ ਕਹਿੰਦਾ ਹੀ ਨਹੀਂ। ਅਸੀਂ ਉਸ ਕਹਾਣੀ ਨੂੰ ਕਿਓਂ ਵੱਖਰੀ ਵਿਚਾਰਾਗੇ। ਉਹ ਉਸ ਬੰਦੇ ਦੀ ਸਥਿਤੀ ਪਕੜਨ ਦੀ ਕੋਸ਼ਿਸ਼ ਕਰ ਰਹੀ ਐ ਕਿ ਜਦੋਂ ਸਮਾਜ ਨੇ ਉਸ ਬੰਦੇ ਨੂੰ ਐਦਾ ਦੇ ਹਾਲਾਤ 'ਚ ਪਹੁੰਚਾ ਦਿੱਤਾ ਕਿ ਤੁਸੀਂ ਇਕੱਲੇ ਹੋ। ਪਰ ਤੁਸੀਂ ਇਕੱਲੇ ਰਹਿਣਾ ਵੀ ਨਹੀਂ ਚਾਹੁੰਦੇ। ਤੇ ਤੁਹਾਡੇ ਕੋਲ ਇਕ ਐਸਾ ਅਨੁਭਵ ਐ ਕਿ ਤੁਸੀਂ ਕਿਸੇ ਨਾਲ ਵੀ ਰਹਿਣਾ ਨਹੀਂ ਚਾਹੁੰਦੇ। ਕਹਾਣੀ ਦਾ ਹੋਰ ਕਮਾਲ ਵੇਖੋ ... ਤੁਹਾਨੂੰ ਸਾਰੀ ਕਹਾਣੀ 'ਚ ਐਦਾ ਲੱਗਦਾ ਕਿ ਕਹਾਣੀ ਦਾ ਅੰਤ ਮੈਡਮ ਗੀਤਾ ਤੇ ਹੋਣਾ ਐ ਪਰ ਅੰਤ ਮੈਡਮ ਤੇ ਹੋ ਨਹੀਂ ਰਿਹਾ। ਅੰਤ ਕਹਾਣੀ ਦੇ ਡਲਿਵਰੀ ਮੈਨ ਤੇ ਹੋ ਰਿਹਾ। ਤੇ ਕਹਾਣੀ ਪੂਰੀ ਦੀ ਪੂਰੀ ਮੈਡਮ ਦੁਆਲੇ ਘੁੰਮਦੀ ਐ। ਮੈਡਮ ਬਾਰੇ ਤਾਂ ਇਕ ਘੁੰਡੀ ਹੈ, ਜਿਹੜੀ ਕਹਾਣੀ ਵਿਚ ਖੁੱਲ੍ਹਣੀ ਸੀ... ਮਾਮੇ ਵਾਲੀ... ਉਹ ਪਹਿਲਾਂ ਹੀ ਕਹਾਣੀਕਾਰ ਖੋਲ ਦਿੰਦਾ ਐ। ਕਹਾਣੀ ਵਿਚ ਮੈਡਮ ਬਾਰੇ ਤਾਂ ਅਜਿਹਾ ਕੁਝ ਵੀ ਨਹੀਂ ਸੀ ਜਿਹੜਾ ਨਵਾਂ ਆਣਾ ਸੀ। ਪਰ ਡਲਿਵਰੀ ਮੈਨ ਬਾਰੇ ਕੁਝ ਨਾ ਕੁਝ ਨਵਾਂ ਆਇਆ। ਫਿਰ ਉਹ ਪਾਤਰ ਕਿਹੜੀ ਕਿਹੜੀ ਡਲਿਵਰੀ ਦੀ ਹੱਦ ਤੱਕ ਪਹੁੰਚ ਜਾਂਦਾ ਐ ਜਾਂ ਹਾਲਾਤ ਉਹਨੂੰ ਪਹੁੰਚਾ ਦਿੰਦੇ ਨੇ। ਉਹ ਅਲੱਗ ਚੀਜ਼ ਐ।

**ਸੁਖਪਾਲ ਕੌਰ**-ਉਹ ਡਲਿਵਰੀ ਮੈਨ ਪਾਤਰ ਵੀ ਇਕ ਆਧੁਨਿਕ ਦੌਰ ਦਾ ਬੰਦਾ ਐ ਕਿ ਕਿਸ ਹੱਦ ਤੱਕ ਕਿਸ ਚੀਜ਼ ਦੀ ਡਲਿਵਰੀ ਦੇਣੀ ਐ। ਉਸ ਸਮਾਜ ਦਾ ਤੇ ਉਹਦਾ ਇਹ ਵੀ ਇਕ ਪੱਖ ਹੈ। ਅੱਜ

ਦਾ ਬੰਦਾ ਕਿੱਥੇ ਖੜ੍ਹਾ ਐ? ਤੇ ਕਿਸ ਹੱਦ ਤੱਕ ਡਲਿਵਰੀ ਕਰ ਸਕਦਾ ਐ।

**ਸ਼ਬਦੀਸ਼**-ਉਹੀ ਗੱਲ ਐ ਨਾ ਇਕ ਬਦਲ ਰਹੇ ਸਮਾਜ ਦਾ ਸੰਕਟ ਹੋ ਸਕਦਾ ਐ। ਖਾਸ ਕਰਕੇ ਜਿਹਨੂੰ ਉਹਦੀ ਪੜ੍ਹਾਈ ਨਾਲ ਸਬੰਧਤ ਜੌਬ ਨਹੀਂ ਮਿਲ ਰਹੀ। ਜਿਸ ਕਿਸਮ ਦੀ ਉਹ ਇੱਛਾ ਰੱਖਦਾ ਹੈ ਜਾਂ ਜਿਸ ਕਿਸਮ ਦੀ ਉਹਦੇ ਕੋਲ ਸਕਿਲ ਐ। ਹਲਾਂ ਕਿ ਜੇ ਮੋਟੇ ਤੌਰ ਤੇ ਕਿਹਾ ਜਾਵੇ ਕਿ ਇਹ ਸਿੱਧੇ ਸਿੱਧੇ ਤੌਰ 'ਤੇ ਬੇਰੋਜ਼ਗਾਰੀ ਨਾਲ ਸਬੰਧਤ ਕਹਾਣੀ ਐ। ਪਰ ਉਹ ਡਲਿਵਰੀ ਮੈਨ ਕਾਹਦੇ 'ਚੋਂ ਬਣਿਆ? ਉਸ ਸੰਕਟ 'ਚੋਂ। ਸਾਡੀ ਪਹਿਲੀ ਕਹਾਣੀ ਦਾ ਕੁਝ ਸੰਕਟ ਵੀ ਰਿਹਾ ਕਿ ਅਸੀਂ ਆਪਣੇ ਹੀਰੋ ਨੂੰ ਐਦਾ ਦਾ ਨਹੀਂ ਬਣਾ ਸਕਦੇ। ਖਾਸ ਕਰਕੇ ਪਹਿਲੇ ਲੇਖਕਾਂ 'ਚ ਇਹ ਬਹੁਤ ਸੰਕਟ ਰਿਹਾ ਪਰ ਹੁਣ ਇਹ ਲੇਖਕਾਂ ਲਈ ਕੋਈ ਮੁੱਦਾ ਨਹੀਂ ਐ। ਸਾਡੀ ਕਹਾਣੀ ਲਈ ਹੀਰੋ-ਹੀਰੋਇਨ ਕਿਓਂ ਜ਼ਰੂਰੀ ਐ? ਫਿਲਮਾਂ 'ਚ ਇਹ ਹੁੰਦਾ ਐ। ਉਹ ਤਾਂ ਉਨ੍ਹਾਂ ਦਾ ਇਕ ਬਿਜਨਸ ਐ। ਉਨ੍ਹਾਂ ਲਈ ਕੁਝ ਚਿਹਰੇ ਚਾਹੀਦੇ ਹੁੰਦੇ ਨੇ, ਉਹ ਉਨ੍ਹਾਂ ਨੂੰ ਬਿਜਨਸ ਦੇ ਸਕਣ। (ਸੁਖਪਾਲ ਕੌਰ- (ਵਿਚੋਂ ਟੋਕ ਕੇ) ਇਹ ਸਾਡੀਆਂ ਫਿਲਮਾਂ 'ਚ ਹੀ ਹੁੰਦਾ ਐ, ਜੇ ਤੁਸੀਂ ਇੰਗਲਿਸ਼ ਜਾਂ ਸਪੈਨਿਸ਼ ਫਿਲਮਾਂ ਵੇਖੋਂ ਤਾਂ ਉਨ੍ਹਾਂ 'ਚ ਹੀਰੋ ਆਮ ਬੰਦਾ ਹੀ ਹੁੰਦਾ।)

**ਰਸੂਲਪੁਰੀ**-ਸ਼ਬਦੀਸ਼ ਨੇ ਕਥਾ ਰਸ ਦੀ ਗੱਲ ਕੀਤੀ ਐ। ਮੈਨੂੰ ਲੱਗਦਾ ਕਿ ਸਾਂਵਲ ਧਾਮੀ ਦੀ ਕਹਾਣੀ ਵਿਚ ਬਹੁਤ ਜਿਆਦਾ ਕਥਾ ਰਸ ਹੁੰਦਾ ਐ। ਇਸੇ ਕਰਕੇ ਉਹਦੀਆਂ ਕਹਾਣੀਆਂ ਬਹੁਤ ਸਾਰੇ ਪਾਠਕਾਂ ਵਿਚ ਹਰਮਨ ਪਿਆਰੀਆਂ ਹੋਈਆਂ। ਤੁਸੀਂ ਉਸ ਦੀ 'ਪੁਲ਼' ਕਹਾਣੀ ਲੈ ਲਓ... ਤੁਸੀਂ 'ਗਾਇਡ' ਕਹਾਣੀ ਲੈ ਲਓ ਜਾਂ 'ਮਲ੍ਹਮ' ਤੇ ਉਸ ਤੋਂ ਬਾਅਦ 'ਪੇਂਜੀ ਦੇ ਫੁੱਲ' ਲੈ ਲਓ। ਉਸ ਨੇ ਕਮਾਲ ਦਾ ਪਾਠਕਾਂ ਨੂੰ ਬੰਨ੍ਹਣ ਵਾਲਾ ਕਥਾ ਰਸ ਦਿੱਤਾ ਐ। ਇਸ ਦੇ ਨਾਲ ਨਾਲ ਸਾਂਵਲ ਧਾਮੀ ਨੇ ਸ਼ੈਲੀ ਦੇ ਤੌਰ ਤੇ ਕੁਝ ਵੱਢ ਮਾਰਿਆ ਐ। (ਸ਼ਬਦੀਸ਼-(ਵਿਚੋਂ ਟੋਕ ਕੇ) 'ਤੂੰ ਨਿਆਲਾ ਨਾ ਬਣੀ' ਬਿਲਕੁਲ ਵੱਖਰੀ ਕਿਸਮ ਦੀ ਕਹਾਣੀ ਐ।)... ਹਾਂ ਹਾਂ ਇਹਦੇ ਨਾਲ ਉਹ ਪਾਤਰਾਂ ਦੇ ਵਿਹਾਰ ਨੂੰ ਫੜਨ ਲਈ ਕਈ ਕਈ ਸਾਲ ਲਗਾ ਦਿੰਦਾ ਹੋਵੇਗਾ। ਕਾਹਲ ਨਹੀਂ ਕਰਦਾ। ਇਸੇ ਕਰਕੇ ਉਹਦੇ ਪਾਤਰ ਲੰਮੇ ਕਾਲਖੰਡ ਵਿਚ ਵਿਚਰਦੇ ਨੇ। ਜਿਵੇਂ ਬਲੀਜੀਤ ਕਹਿੰਦਾ ਬਈ ਮੇਰੇ ਮਨ ਵਿਚ ਕਈ ਕਈ ਸਾਲ ਕਹਾਣੀ ਰਿੜਕ ਹੁੰਦੀ ਰਹਿੰਦੀ ਐ। ਇਸੇ ਕਰਕੇ ਸਾਂਵਲ ਧਾਮੀ ਵੱਡੀਆਂ ਕਹਾਣੀਆਂ ਲਿਖ ਸਕਿਆ।

**ਸ਼ਬਦੀਸ਼**-ਆਪਾਂ ਹੁਣੇ ਬਲੀਜੀਤ ਹੁਰਾਂ ਨੂੰ ਸਵਾਲ ਕੀਤਾ ਸੀ ਕਿ ਤੁਸੀਂ 'ਸਿਰ ਦੇ ਵਾਲ਼' ਕਹਾਣੀ ਐਨੇ ਸਾਲਾਂ ਬਾਅਦ ਕਿਓ ਲਿਖੀ?39 ਸਾਲ ਕਿਓਂ ਲੱਗੇ। ਹੁਣ ਆਪਾਂ ਇਹ ਵੀ ਕਹਿ ਸਕਦੇ ਹਾਂ ਕਿ ਸਾਂਵਲ ਧਾਮੀ ਤਾਂ ਕਹਾਣੀ ਲਿਖ ਰਿਹਾ ਸੰਤਾਲੀ ਦੀ ਵੰਡ ਦੀ 'ਮੱਲ੍ਹਮ' ਖਾਸ ਕਰਕੇ। ਸਵਾਲ ਇਹ ਐ ਕਿ ਉਹ 'ਮੱਲ੍ਹਮ' 'ਚ ਕਹਿਣਾ ਕੀ ਚਾਹੁੰਦਾ ਐ? ਜਿਨ੍ਹਾਂ ਲੋਕਾਂ ਨੇ ਉਨ੍ਹਾਂ ਜ਼ਮਾਨਿਆਂ ਵਿਚ ਐਨਾ ਜ਼ੁਲਮ ਕੀਤਾ ਉਨ੍ਹਾਂ 'ਚ ਡਰ ਕਿੰਨਾ ਐ। 'ਮੱਲ੍ਹਮ' ਤੋਂ ਡਰ ਲੱਗਣ ਲੱਗ ਪੈਂਦਾ ਹਲਾਂਕਿ ਤੁਸੀਂ ਉਸ ਤਰ੍ਹਾਂ ਦੀ ਬਿਮਾਰੀ ਤੋਂ ਪੀੜਤ ਹੋ ਚੁੱਕੇ ਹੋ ਜਿਹੜੀ ਮੱਲ੍ਹਮ ਨਾਲ ਵੀ ਠੀਕ ਨਹੀਂ ਹੋਣੀ। ਪਰ ਤੁਹਾਨੂੰ ਫਿਰ ਡਰ ਲੱਗਦਾ। ਹੁਣ ਜ਼ਖ਼ਮ ਦੇਣ ਵਾਲੇ ਕੌਣ ਨੇ? ਤੇ ਮੱਲ੍ਹਮ ਲਾਉਣ ਵਾਲੇ ਕੌਣ ਨੇ। ਉਹ ਕਹਾਣੀ ਜ਼ਖ਼ਮ ਦੇਣ ਤੇ ਮੱਲ੍ਹਮ ਲਾਉਣ ਦੇ ਨਾਲ ਸੰਬੰਧਤ ਐ। ਜੋ ਜ਼ਖ਼ਮ ਸਰੀਰ ਤੇ ਵਾਪਰਿਆ ਉਹ ਐਨਾ ਵੱਡਾ ਨਹੀਂ ਪਰ ਜਿਹੜਾ ਤੁਹਾਡੇ ਮਨ 'ਚ ਵਾਪਰਿਆ ਕਹਾਣੀ ਉਹਦੇ ਨਾਲ ਵਧੇਰੇ ਨੇੜੇ ਐ। ਇਸੇ ਕਰਕੇ ਉਹ ਵੱਡੀ ਕਹਾਣੀ ਐ। 'ਤੂੰ ਨਿਹਾਲਾ ਨਾ ਬਣੀ' ਵੀ ਏਸੇ ਕਰਕੇ ਵੱਡੀ ਕਹਾਣੀ ਐ। ਅਸੀਂ ਸਾਹਿਤ ਰਾਹੀ ਕੁਝ ਚੀਜਾ ਤਾਂ ਬਚਾ ਕੇ ਰੱਖਣੀਆਂ ਹੁੰਦੀਆਂ ਨੇ। ਸਾਹਿਤ ਮੁੱਖ ਤੌਰ ਤੇ ਏਹੀ ਕੰਮ ਕਰਦਾ ਐ। ਕਈ ਵਾਰ ਲੰਮੀਆਂ ਕਹਾਣੀਆਂ 'ਚ ਦੁਹਰਾਓ ਆ ਜਾਂਦਾ ਸਮੇਤ ਭਗਵੰਤ ਦੇ। ਜਿਹੜੀ ਕਹਾਣੀ 'ਡਲਿਵਰੀ ਮੈਨ' ਦੀ ਆਪਾਂ ਗੱਲ ਕਰ ਰਹੇ ਸਾਂ। ਤੁਸੀਂ ਕੁਝ ਗੱਲਾਂ ਬਹੁਤ ਛੇਤੀ ਛੇਤੀ ਰਪੀਟ ਕਰ ਦਿੰਦੇ ਓ... ਜਿਵੇਂ ਮੈਂ ਤਾਂ ਵਰਕਾ ਹੀ ਪਾੜ੍ਹ ਦਿੱਤਾ... ਇਹ ਫ਼ਿਕਰਾ ਰਪੀਟ ਹੋ ਜਾਂਦਾ। ਜਦੋਂ ਲੇਖਕ ਆਪਣੀ ਕਹਾਣੀ ਨੂੰ

ਅੰਤਮ ਰੂਪ ਦਿੰਦਾ ਏ ਤਾਂ ਉਹ ਰੈਪੀਟੀਸ਼ਨ (repetition) ਨੂੰ ਵੀ ਵੇਖਦਾ ਐ। ਕਹਾਣੀ ਵਿਚ ਇਕ ਥਾਂ ਰਪੀਟ ਹੁੰਦਾ ਕਿ ਮੇਰੇ ਬਿਨਾ ਤਾਂ ਪੱਤਾ ਵੀ ਨਹੀਂ ਹਿੱਲਦਾ... ਇਹ ਕੋਈ ਨਵੀਂ ਚੀਜ਼ ਵੀ ਨਹੀਂ ਐ।

**ਰਸੂਲਪੁਰੀ-** ਸ਼ਬਦੀਸ਼ ਨੇ ਕਹਾਣੀ ਨਾਲ ਸੰਬੰਧਤ ਮਿਆਰੀ ਮਸਲੇ ਉਠਾਏ ਨੇ। ਸ਼ਬਦੀਸ਼ ਨੇ ਸਾਂਵਲ ਧਾਮੀ ਦੀ ਕਹਾਣੀ ਦੇ ਹਵਾਲੇ ਨਾਲ ਪਾਤਰਾਂ ਬਾਰੇ ਗੱਲ ਕੀਤੀ ਐ। ਮੇਰੀ ਕਹਾਣੀ 'ਤੇ ਕੁਮੈਂਟ ਕਰਨ ਦਾ ਵੀ ਉਹ ਹੱਕ ਰੱਖਦਾ। ਮੇਰੇ ਮਨ ਵਿਚ ਇਕ ਗੱਲ ਕਹਾਣੀ ਵਿਚ ਕਾਰਜਸ਼ੀਲ ਪਾਤਰਾਂ ਦੀ ਖ਼ੁਦਮੁਖਤਿਆਰੀ ਦਾ ਮਸਲਾ ਆਉਂਦਾ ਐ। ਕਹਾਣੀ ਵਿਚ ਇਹ ਮਸਲਾ ਬਹੁਤ ਅਹਿਮ ਐ ਬਈ ਲੇਖਕ ਆਪਣੀ ਕਹਾਣੀ 'ਚ ਪਾਤਰ ਨੂੰ ਆਜ਼ਾਦ ਤੌਰ ਤੇ ਕਿਵੇਂ ਛੱਡ ਸਕਦਾ ਐ? ਉਹ ਆਜ਼ਾਦ ਤੌਰ ਤੇ ਵਿਚਰਨ ਦਿੰਦਾ ਹੈ ਜਾਂ ਨਹੀਂ। ਜਦੋਂ ਇਕ ਕਹਾਣੀਕਾਰ ਪਾਤਰ ਨੂੰ ਆਜ਼ਾਦ ਤੌਰ 'ਤੇ ਵਿਚਰਨ ਦਿੰਦਾ ਐ ਤਾਂ ਮੈਨੂੰ ਲੱਗਦਾ ਐ ਕਿ ਉਦੋਂ ਕਹਾਣੀ ਵੱਡੀ ਬਣ ਜਾਂਦੀ ਐ। ਸਾਂਵਲ ਧਾਮੀ ਦੀਆਂ ਕਹਾਣੀਆਂ ਏਸੇ ਕਰਕੇ ਵੱਡੀਆਂ ਬਣ ਸਕੀਆ। ਜਾਂ ਅਜਮੇਰ ਸਿੱਧੂ ਦੀ ਕਹਾਣੀ 'ਇਕਬਾਲ ਹੁਸੈਨ ਮੋਇਆ ਨਹੀਂ' ਜਾਂ ਬਲਵਿੰਦਰ ਗਰੇਵਾਲ ਦੀ ਕਹਾਣੀ 'ਡਬੋਲੀਆ' ਜਾਂ ਕੁਲਬੀਰ ਬਡੇਸਰੋਂ ਦੀ 'ਬਕ-ਬਕ' ਜਾਂ 'ਆਕਰੋਸ਼' ਅੱਗੇ ਗੁਰਮੀਤ ਕੜਿਆਲਵੀ ਦੀ 'ਆਤੂ ਖੋਜੀ' ਜਾਂ 'ਚੀਕ' ਜਾਂ ਬਲੀਜੀਤ ਦੀ ਕਹਾਣੀ 'ਠੀਂਹਾ' ਦਾ ਬਜ਼ੁਰਗ ਪਾਤਰ ਐ ਇਨ੍ਹਾਂ ਕਹਾਣੀਆਂ ਦੇ ਪਾਤਰਾਂ ਨੂੰ ਲੇਖਕਾਂ ਨੇ ਆਜ਼ਾਦ ਕਰ ਦਿੱਤਾ। ਉਹ ਖ਼ੁਦਮੁਖਤਾਰ ਹੋ ਕੇ ਵਿਚਰਦੇ ਨੇ। ਜਿਵੇਂ ਸਮਾਜ ਵਿਚ ਵਿਚਰਦੇ ਰਹੇ। ਪਰ ਕੁਝ ਕਹਾਣੀਆਂ ਏਹੋ ਜਿਹੀ ਪੜ੍ਹਨ ਨੂੰ ਮਿਲ ਜਾਂਦੀਆਂ ਨੇ ਕਿ ਉਨ੍ਹਾਂ ਦਾ ਕਹਾਣੀਕਾਰ ਪਾਤਰਾਂ ਨੂੰ ਆਪਣੀ ਮੁੱਠੀ 'ਚ ਲੈ ਕੇ ਆਪਣੀ ਮਨ ਮਰਜ਼ੀ ਕਰਨ ਲੱਗ ਪੈਂਦਾ। ਉਨ੍ਹਾਂ ਪਾਤਰਾਂ ਨੂੰ ਇੱਛਤ ਯਥਾਰਥ ਵੱਲ ਤੋਰ ਦਿੰਦਾ। ਜਾਂ ਕਹਿ ਲਓ ਆਪਣੀ ਵਿਚਾਰਧਾਰਾ ਜਾਂ ਉਦੇਸ਼ ਲਈ ਪਾਤਰ ਨੂੰ ਘੜਨ ਲੱਗ ਪੈਂਦਾ ਐ। ਮੇਰੇ ਸਾਹਮਣੇ ਦੋ ਕਹਾਣੀਆਂ ਆਉਂਦੀਆਂ ਨੇ... ਇਕ ਗੁਰਮੀਤ ਕੜਿਆਲਵੀ ਦੀ ਕਹਾਣੀ ਐ 'ਓਨਾ ਓਡਵਾਇਰ' ਉਹਦੇ 'ਚ ਉਹ ਕੀ ਕਰਦਾ ਐ ਕਿ ਉਡਵਾਇਰ ਦੀ ਪਤਨੀ ਦੀ ਸੋਚ ਨੂੰ ਪੰਜਾਬੀ ਬੰਦੇ ਦੀ ਸੋਚ ਬਣਾ ਕੇ ਪੇਸ਼ ਕਰਨ ਲੱਗ ਪੈਂਦਾ ਐ। ਕਹਾਣੀ 'ਚ ਓਡਵਾਇਰ ਦੀ ਪਤਨੀ ਕਹਿੰਦੀ ਐ ਪਰ ਤੁਹਾਨੂੰ ਐ ਲੱਗਦਾ ਜਿਵੇਂ ਉਹ ਕਹਾਣੀ ਕੋਈ ਦੇਸ਼ ਭਗਤ ਭਾਰਤੀ ਜਾਂ ਪੰਜਾਬੀ ਔਰਤ ਕਹਿ ਰਹੀ ਹੋਵੇ। ਓਹ ਓਨਾ ਆਪਣੇ ਸਮਾਜ, ਆਪਣੇ ਪਤੀ ਅਤੇ ਆਪਣੀ ਸੰਸਕ੍ਰਿਤੀ ਵਿਰੁੱਧ ਬੋਲਦੀ ਜਾਂ ਵਿਚਰਦੀ ਐ। ਲੇਖਕ ਆਪਣੇ ਇੱਛਤ ਯਥਾਰਥ ਲਈ ਪਾਤਰ ਨੂੰ ਰਬੜ ਦਾ ਪਾਤਰ ਬਣਾ ਦਿੰਦਾ ਐ। ਦੂਜੀ ਕਹਾਣੀ ਐ ਵਰਿਆਮ ਸੰਧੂ ਦੀ ਕਹਾਣੀ 'ਮੈਂ ਰੋਅ ਨਾ ਲਵਾ ਇਕ ਵਾਰ' ਉਸ ਕਹਾਣੀ ਵਿਚ ਵਰਿਆਮ ਆਪਣੀ ਮਰਜ਼ੀ ਨਾਲ ਉਸ ਸਿੱਧਰੇ ਪਾਤਰ ਨੂੰ ਜੋ ਮੂੰਹ ਆਇਆ ਕਹਾਈ ਅਤੇ ਕਰਵਾਈ ਜਾਂਦਾ ਐ। ਕਦੀ ਤਾਂ ਤੁਹਾਨੂੰ ਉਹ ਬਹੁਤ ਸਿਆਣਾ ਲੱਗਦਾ ਐ ਕਦੀ ਹੱਦ ਦਰਜ਼ੇ ਦਾ ਤਰਸਯੋਗ। ਬਈ ਕਹਾਣੀਕਾਰ ਪਾਤਰ ਨੂੰ ਕੀ ਸਮਝਦਾ ਐ? ਅਜਿਹਾ ਉਦੋਂ ਹੁੰਦਾ ਐ ਜਦੋਂ ਕਹਾਣੀਕਾਰ ਆਪਣੀ ਗੱਲ ਜਾਂ ਵਿਚਾਰਧਾਰਾ ਥੋਪਣ ਲਈ ਪਾਤਰ ਨੂੰ ਆਪਣੀ ਮੁੱਠੀ 'ਚ ਘੁੱਟ ਕੇ ਮਨ ਮਰਜ਼ੀ ਦਾ ਕਾਰਜ ਕਰਵਾਈ ਜਾਂਦਾ ਐ। ਕਹਾਣੀ ਵਿਚ ਇਸ ਕਿਸਮ ਦੇ ਮਸਲੇ ਕਿਓਂ ਆਉਂਦੇ ਨੇ।

**ਬਲੀਜੀਤ**-ਮੈਂ ਤੁਹਾਡੀ ਗੱਲ ਸਮਝ ਗਿਆ ਆ। ਇਹ ਲੇਖਕ ਲਈ ਬਹੁਤ ਵੱਡਾ ਮਸਲਾ ਹੈਗਾ ਐ। ਕਈ ਵਾਰ ਮੈਂ ਆਪਣੇ ਆਪ ਨੂੰ ਸਵਾਲ ਵੀ ਕਰਦਾ ਹੁੰਦਾ ਐ ਕਿ ਮੈਂ ਐਨਾ ਲਿਖਣਾ ਸਿਖ ਗਿਆ ਹੈਗਾ? ਤੇ ਫਿਰ ਮੈਂ ਲਿਖਣ ਲੱਗਾ ਹੈਗਾ। ਬਈ ਮੈਂ ਪਹਿਲਾਂ ਹੀ ਮਿੱਥ ਲਿਆ ਕਿ ਮੈਂ ਹੁਣ ਕਹਾਣੀ ਵਿਚ ਕੀ ਲਿਖਣਾ ਹੈਗਾ। ਐਦਾ ਨਹੀਂ ਹੁੰਦਾ। ਲੇਖਕ ਨੂੰ ਪਤਾ ਈ ਨੀਂ ਹੁੰਦਾ ਕਹਾਣੀ ਕਿਧਰ ਨੂੰ ਤੁਰ ਜਾਣੀ ਹੈਗੀ ਐ। ਇਹਦਾ ਮਤਲਬ ਇਹ ਹੈਗਾ ਕਿ ਜਿਹੜਾ ਪਾਤਰ ਐ ਇਹਨੂੰ ਮੈਂ ਮੱਝ ਵਾਂਗ ਡੰਡੇ ਨਾਲ ਹੱਕੂਗਾ ਬਈ ਤੂੰ ਹੁਣ ਐਂ ਨੂੰ ਜਾਣਾ ਜਾਂ ਐਂ ਨੂੰ ਨਹੀਂ ਜਾਣਾ। ਮੋਹਨ ਭੰਡਾਰੀ ਦੀ ਕਹਾਣੀ 'ਤਿਲ ਚੌਲੀ' ਹੈ ਜਿਹਦੇ ਵਿਚ ਕੀੜੇ ਮਕੌੜੇ ਨੂੰ ਵੀ ਉਹ ਆਪਣੀ ਮਰਜ਼ੀ ਨਾਲ ਤੋਰਦਾ ਹੈਗਾ। ਮੈਂ ਸਮਝਦਾ ਜਿਹੜਾ

ਲੇਖਕ ਹੈਗਾ ਉਹ ਕਹਾਣੀ ਲਿਖਦੇ ਲਿਖਦੇ ਸਿੱਖਦਾ ਵੀ ਹੈਗਾ। ਜੇ ਉਹ ਪਾਤਰ ਨੂੰ ਪਹਿਲਾ ਹੀ ਬੰਨ੍ਹ ਕੇ ਰੱਖ ਲੈਂਦਾ ਤਾਂ ਉਹ ਕਹਾਣੀ ਉੱਚੇ ਪੱਧਰ ਤੱਕ ਨਹੀਂ ਜਾਂਦੀ। ਯਾਰ ਪਾਤਰ ਦੀ ਜ਼ਿੰਦਗੀ ਤਾਂ ਬੜੀ ਆਜ਼ਾਦ ਜ਼ਿੰਦਗੀ ਹੁੰਦੀ ਐ, ਉਹ ਜਿੱਧਰ ਨੂੰ ਜਾਂਦਾ ਏ ਜਾਣ ਦਿਓ। ਤੁਹਾਡਾ ਉਹਦੇ ਤੇ ਕੀ ਕੰਟਰੋਲ ਹੈਗਾ? ਕੀ ਹੁਣ ਉਹ ਤੁਹਾਡੀ ਕਹਾਣੀ ਵਿਚ ਤੁਹਾਡਾ ਕੈਦੀ ਹੋ ਜਾਵੇਗਾ। ਉਹ ਬਾਹਰ ਆਪਣੀ ਅਜ਼ਾਦੀ ਨਾਲ ਘੁੰਮਦਾ ਫਿਰਦਾ ਐ.. ਉਹਨੂੰ ਘੁੰਮਣ ਫਿਰਨ ਦਿਓ। ਉਹ ਪਾਤਰ ਨੂੰ ਇਹ ਨਹੀਂ ਪਤਾ ਕਿ ਬਲੀਜੀਤ ਮੇਰੀ ਕਹਾਣੀ ਲਿਖਦਾ ਪਿਆ ਐ? ਉਹ ਤਾਂ ਆਪਣੀ ਜ਼ਿੰਦਗੀ ਨੂੰ ਜਿਉਂਦਾ ਐ। ਜੇ ਮੈਂ ਆਪਣੀ ਗੱਲ ਕਰਾਂ ਮੈਂ ਮੁੱਖ ਤੌਰ ਤੇ ਕਿਸੇ ਪਾਤਰ ਨੂੰ ਆਪਣੀ ਕਲਪਨਾ ਨਾਲ ਘੜ ਨਹੀਂ ਸਕਦਾ। ਜਦੋਂ ਮੈਂ ਕਿਸੇ ਪਾਤਰ ਨੂੰ ਵੀਹ ਵੀਹ ਸਾਲ ਵੇਖਦਾ ਰਹਿੰਦਾ... ਉਹਨੂੰ ਸਮਾਜ ਵਿਚ ਵਿਚਰਦੇ ਵੇਖਦਾ ਰਹਿੰਦਾ... ਉਸ ਤੋਂ ਬਾਅਦ ਜਾ ਕੇ ਉਹ ਮੇਰੇ ਸਾਹਮਣੇ ਆਣਾ ਸ਼ੁਰੂ ਹੁੰਦਾ ਹੈਗਾ। ਫਿਰ ਵੀ ਮੈਨੂੰ ਡਰ ਲੱਗਦਾ ਰਹਿੰਦਾ ਇਹ ਪਾਤਰ ਤਾਂ ਕਹਾਣੀ 'ਚ ਕੁਝ ਵੀ ਕਰ ਸਕਦਾ ਹੈਗਾ। ਜਿਹੜੀਆਂ ਕਹਾਣੀਆਂ ਦੇ ਅੰਤ ਦਾ ਤੁਸੀਂ ਪਹਿਲਾਂ ਅੰਦਾਜ਼ਾ ਲਗਾ ਲੈਂਦੇ ਹੋ ਕਿ ਇਸ ਕਹਾਣੀ ਦਾ ਅੰਤ ਆਹ ਹੋਵੇਗਾ ਉਥੇ ਲੱਗਣ ਲੱਗ ਪੈਂਦਾ ਕਿ ਕਹਾਣੀਕਾਰ ਨੇ ਆਪਣੇ ਆਪ ਨੂੰ ਪਹਿਲਾਂ ਹੀ ਇਕ ਸੱਚੇ ਵਿਚ ਬੰਨ੍ਹ ਲਿਆ ਐ। ਇਕ ਚੰਗੇ ਕਹਾਣੀਕਾਰ ਨੂੰ ਇਕ ਪਾਤਰ ਨੂੰ ਆਜ਼ਾਦੀ ਦੇਣੀ ਤਾਂ ਬਣਦੀ ਐ ਨਾ। ਉਸ ਨੂੰ ਹੱਕਣਾ ਨਹੀਂ, ਕਹਾਣੀ ਵਿਚ ਉਹਨੂੰ ਖੁੱਲ੍ਹੀ ਜ਼ਿੰਦਗੀ ਜਿਉਂਣ ਦੇਣਾ ਹੁੰਦਾ ਹੈਗਾ।

**ਰਸੂਲਪੁਰੀ**-ਸ਼ਬਦੀਸ਼ ਇਸ ਮਸਲੇ ਨੂੰ ਕਿਸ ਤਰ੍ਹਾਂ ਲੈਂਦਾ ਐ।

**ਸ਼ਬਦੀਸ਼**- ਪਹਿਲੀ ਗੱਲ ਕਿ ਮੈਂ ਸੌ ਫੀ ਸਦੀ ਇਹ ਨਹੀਂ ਕਹਿੰਦਾ ਕਿ ਪਾਤਰ ਆਜ਼ਾਦ ਹੁੰਦਾ। ਮਸਲਾ ਇਹ ਹੈ ਕਿ ਤੁਹਾਡਾ ਅਨੁਭਵ ਪਾਤਰ ਦੀ ਰੀਐਲਇਟੀ (reality) ਨਾਲ ਕਿੰਨਾ ਕੁ ਜੁੜਿਆ ਹੋਇਆ ਐ। ਤੁਸੀਂ ਉਹਨੂੰ ਕਿੰਨੀ ਆਜ਼ਾਦੀ ਦਿੱਤੀ ਐ। ਮਨ ਲਓ ਇਕ ਜੱਟ ਐ। ਉਹਨੇ ਜੱਟਾਂ ਵਾਂਗੂ ਸੋਚਣਾ ਐ। ਚਾਹੇ ਮੈਨੂੰ ਉਹ ਚੰਗਾ ਲੱਗੇ ਚਾਹੇ ਬੁਰਾ। ਇਕ ਦਲਿਤ ਐ, ਉਹਨੇ ਦਲਿਤ ਵਾਂਗੂ ਸੋਚਣਾ ਐ। ਵਰਿਆਮ ਸੰਧੂ ਦੀ ਕਹਾਣੀ ਦੀ ਜਿਹੜੀ ਭਗਵੰਤ ਨੇ ਗੱਲ ਕੀਤੀ। ਉਨ੍ਹਾਂ ਦੀ ਪਹਿਲੀ ਕਹਾਣੀ 'ਨੌਂ ਬਾਰਾਂ ਦਸ' ... ਇਹ ਦੋਵੇਂ ਕਹਾਣੀਆਂ ਇਕੋ ਲੜੀ ਵਿਚ ਆਉਂਦੀਆਂ ਨੇ। ਇਕੋ ਕਰੈਕਟ ਬਾਰੇ ਨੇ। ਤੇ ਤੁਹਾਨੂੰ ਪਹਿਲਾਂ ਪਤਾ ਲੱਗ ਜਾਂਦਾ ਕਿ ਇਹ ਜੱਟ ਦੀ ਦਲਿਤ ਬਾਰੇ ਲਿਖੀ ਕਹਾਣੀ ਐ। ਮਸਲਾ ਇਹ ਐ ਕਿ ਇਹ ਕਿਓਂ ਲੱਗੇ। ਇਹ ਨਹੀਂ ਲੱਗਣਾ ਚਾਹੀਦਾ। ਜਦੋਂ ਤੁਸੀਂ ਕਹਾਣੀ ਲਿਖ ਰਹੇ ਹੋ... ਜਦੋਂ ਉਹ ਪਾਤਰ ਬੋਲਦਾ ਐ ਤਾਂ ਤੁਹਾਨੂੰ ਝਟਕਾ ਲੱਗਣਾ ਚਾਹੀਦਾ ਐ ਕਿ ਯਾਰ ਐਂਜ ਵੀ ਹੋ ਸਕਦਾ ਐ। ਮੈਂ ਹਿੰਦੀ ਦੇ ਇਕ ਨਾਵਲ ਦੀ ਮਿਸ਼ਾਲ ਦਿੰਦਾ ਹਾਂ, ਇਹ ਭੀਸ਼ਮ ਸਾਹਨੀ ਦਾ ਨਾਵਲ 'ਮਾਈਆ ਦਾਸ ਕੀ ਮਾੜੀ' ਹੈ। ਉਹਦੇ 'ਚ ਇਕ ਥਾਂ ਤੇ ਸਾਖੀਆਂ ਦਾ ਜ਼ਿਕਰ ਐ ਕਿ ਸਾਖੀਆਂ ਕਹਿੰਦੀਆਂ ਨੇ ਕਿ ਸਿੱਖ ਕਦੇ ਹਾਰਦਾ ਨਹੀਂ। ਤਾਂ ਸਾਡੇ ਮਨਾਂ 'ਚ ਭੀਸ਼ਮ ਸਾਹਨੀ ਦੀ ਇਕ ਤਸਵੀਰ ਬਣੀ ਹੋਈ ਐ। ਤਾਂ ਤੁਹਾਨੂੰ ਲੱਗਦਾ ਨਹੀਂ ਕਿ ਯਾਰ ਭੀਸ਼ਮ ਸਾਹਨੀ ਨੂੰ ਕੀ ਹੋ ਗਿਆ? ਕਿ ਇਹ ਸਾਖੀਆਂ 'ਚ ਐਨਾ ਯਕੀਨ ਕਰਨ ਲੱਗ ਪਿਆ। ਸਾਨੂੰ ਐਦਾ ਦੀਆਂ ਸਾਖੀਆਂ ਕਿਓਂ ਸੁਣਾ ਰਿਹਾ। ਪਰ ਹੌਲੀ-ਹੌਲੀ ਤੇ ਉਹ ਪਾਤਰ ਅੱਗੇ ਜਾ ਕੇ ਇਹ ਸੋਚਣ ਲੱਗਦਾ ਕਿ ਉਹ ਸਾਖੀ ਕਿੱਥੇ ਗਈ?... ਜਦੋਂ ਅੰਗਰੇਜ਼ਾਂ ਨੇ ਸਾਡੇ ਤੇ ਕਬਜ਼ਾ ਕਰ ਲਿਆ... ਫਲਾਣੀ ਸਾਖੀ ਕਿੱਥੇ ਗਈ। ਹੁਣ ਲੇਖਕ ਨੇ ਸਾਖੀ ਵੇਲੇ ਵੀ ਤੁਹਾਨੂੰ ਪਕੜ ਕੇ ਰੱਖਿਆ ਤੇ ਜਦੋਂ ਸਾਖੀਆਂ ਕਿੱਥੇ ਗਈਆਂ ਦਾ ਸਵਾਲ ਖੜਾ ਕੀਤਾ ਤਾਂ ਉਦੋਂ ਵੀ ਉਹਨੇ ਪਾਠਕ ਨੂੰ ਪਕੜ ਕੇ ਰੱਖਿਆ। ਇਹ ਅਹਿਮ ਸਵਾਲ ਐ ਕਿ ਆਜ਼ਾਦੀ ਪਾਤਰ ਦੀ ਲੋੜ ਐ। ਇਹ ਸਮਾਜ ਦੀ ਵੀ ਡਿਮਾਂਡ ਐ। ਉਹਦੀਆਂ ਪ੍ਰਸਥਿਤੀਆਂ ਦੀ ਡਿਮਾਂਡ ਐ। ਮੈਂ ਫਿਰ ... ਮੈਂ ਰੋ ਨਾ ਲਵਾ ਤੇ ਆਉਂਦਾ ਆ.. ਇਕ ਕਮਜ਼ੋਰ ਬੰਦੇ ਦੀ ਹੋਰ ਤਰ੍ਹਾਂ ਦੀ ਸਥਿਤੀ ਹੁੰਦੀ ਐ। ਇਕ ਪਾਗਲ ਬੰਦੇ ਦੀ ਹੋਰ ਤਰ੍ਹਾਂ ਦੀ ਸਥਿਤੀ ਹੁੰਦੀ ਐ। ਇਕ

ਕਿਸੇ ਸਥਿਤੀ ’ਤੇ ਜਾ ਕੇ ਹਿੱਲ ਗਿਆ ਉਹਦੀ ਸਥਿਤੀ ਹੋਰ ਐ। ਸਾਡੇ ਕਿੰਨੇ ਲੋਕ ਨੇ ਜਿਨ੍ਹਾਂ ਨੂੰ ਸਿੱਧਰੇ ਤੇ ਪਾਗਲ ਦੇ ਫ਼ਰਕ ਦਾ ਨਹੀਂ ਪਤਾ? ਸਿੱਧਰੇ ਹੋਣਾ ਤੇ ਪਾਗਲ ਹੋਣਾ ਇਕ ਚੀਜ਼ ਨਹੀਂ ਐ। ਜਦੋਂ ਦੋਹਾਂ ਨੂੰ ਕਹਾਣੀਕਾਰ ਰਲਗਡ ਕਰ ਦੇਵੇਗਾ ਤਾਂ ਗੜਬੜ ਹੋਵੇਗੀ। ਇਹ ਵੀ ਹੋ ਸਕਦਾ ਕਿ ਤੁਸੀਂ ਅਸਲ ਜ਼ਿੰਦਗੀ ਵਿਚ ਉਹ ਪਾਤਰ ਕਰਦਾ ਵੇਖ ਲਿਆ ਹੋਵੇ। ਤਾਂ ਤੁਸੀਂ ਉਸ ਪਾਤਰ ਦਾ ਮਜ਼ਾ ਆਮ ਪਬਲਿਕ ਵਾਂਗ ਹੀ ਲੈਣ ਲੱਗ ਪਓ। ਤਾਂ ਵੱਡੇ ਲੇਖਕ ਹੋਣ ਦੇ ਬਾਵਜੂਦ ਤੁਹਾਡਾ ਲੇਖਕ ਹੋਣਾ ਅਜੀਬ ਹੋ ਗਿਆ ਲੱਗਦਾ ਐ। ਮਨ ਲਓ ਵਰਿਆਮ ਸੰਧੂ ਨੇ ਅਸਲ ਵਿਚ ਉਹ ਪਾਤਰ ਵੇਖਿਆ ਹੋਇਆ। ਉਹ ਐਦਾ ਦਾ ਈ ਸੀ ਜਿੱਦਾ ਦਾ ਕਹਾਣੀ ’ਚ ਐ। ਸਵਾਲ ਐ ਕਿ ਕੀ ਵਰਿਆਮ ਸੰਧੂ ਨੇ ਉਸ ਪਾਤਰ ਦੀ ਫੋਟੋਗ੍ਰਾਫੀ ਕਰਨੀ ਐ। ਵਰਿਆਮ ਤੋਂ ਸਾਡੀ ਡਿਮਾਂਡ ਫੋਟੋਗ੍ਰਾਫੀ ਦੀ ਨਹੀਂ ਐ। ਫੋਟੋਗ੍ਰਾਫੀ ਤਾਂ ਹਰ ਕੋਈ ਕਰ ਲਵੇਗਾ। ਉਹਦੀ ਕਹਾਣੀ ਤਾਂ ਪਤਾ ਨਹੀਂ ਕਿੰਨੇ ਲੋਕ ਚਸਕੇ ਲੈ ਲੈ ਕੇ ਸੁਣਾਉਂਦੇ ਹੋਣਗੇ। ਬਈ ਸਾਡੇ ਪਿੰਡ ਐਦਾ ਦਾ ਬੰਦਾ! ਕਹਾਣੀ ’ਚ ਪਕੜ ਜਿੰਨੀ ਮਰਜ਼ੀ ਹੋਵੇ। ਉਹਦਾ ਬਿਰਤਾਂਤ ਜਿੰਨਾ ਮਰਜ਼ੀ ਅੱਛਾ ਹੋਵੇ। ਕਥਾ ਰਸ ਜਿੰਨਾ ਮਰਜ਼ੀ ਹੋਵੇ। ਪਰ ਵਰਿਆਮ ਸੰਧੂ ਦੀ ਸੁਣਾਈ ਗੱਲ ਤੇ ਉਸੇ ਪਿੰਡ ਦੇ ਕਿਸੇ ਬੰਦੇ ਦੀ ਸੁਣਾਈ ਗੱਲ ’ਚ ਕੁਝ ਤਾਂ ਫ਼ਰਕ ਹੋਣਾ ਚਾਹੀਦਾ ਐ। ਜਿਹਦੇ ਚੋਂ ਪਤਾ ਲੱਗੇ ਕਿ ਇਕ ਲੇਖਕ ਨੇ ਉਸ ਪਾਤਰ ਨੂੰ ਕਿਵੇਂ ਕੰਨਸੀਵ (conceive) ਕੀਤਾ। ਤੇ ਆਮ ਲੋਕੀ ਜਿਹੜੇ ਉਹਦਾ ਮਖੌਲ ਉਡਾਉਂਦੇ ਆ ਕਿਵੇਂ ਕੰਨਸੀਵ (conceive) ਕਰਦੇ ਐ। ਉਹ ਤਾਂ ਕਹਾਣੀ ’ਚ ਸਿੱਧਾ ਵੀ ਕਹਿੰਦਾ ਐ ਬਈ ਮੈਂ ਤਾਂ ਲੇਖਕ ਐਂ। ਮੈਂ ਕਹਾਣੀ ਲਿਖੀ ... ਮੈਂ ਤਾਂ ਮਜ਼ਾ ਲੈਣ ਆਇਆ ਸੀ। ਤੂੰ ਤਾਂ ਚੁਸਤ ਈ ਬੜਾ ਐ... ਹੁਣ ਲੇਖਕ ਵੀ ਮਜ਼ਾ ਲੈਣ ਆਇਆ?? ਕਿ ਲੇਖਕ ਨੂੰ ਲੱਗੇ ਕਿ ਯਾਰ ਮੈਨੂੰ ਤਾਂ ਮਜ਼ਾ ਈ ਅੱਜ ਆਇਆ।

**ਬਲੀਜੀਤ**-ਪਾਤਰ ਦੀ ਜਿਹੜੀ ਆਜ਼ਾਦੀ ਦੀ ਗੱਲ ਸੀ। ਪਾਤਰ ਤਾਂ ਲੇਖਕ ਕੋਲ ਆ ਜਾਂਦੇ ਨੇ। ਪਹਿਲੀ ਗੱਲ ਇਹ ਆ ਕਿ ਲੇਖਕ ਆਜ਼ਾਦੀ ਮੰਗਦਾ ਵੀ ਹੈਗਾ? ਲੇਖਕ ਅਜ਼ਾਦ ਵੀ ਹੈ? ਜੇਕਰ ਉਹ ਖ਼ੁਦ ਕੈਦ ’ਚ ਹੋਵੇਗਾ ਤਾਂ ਉਹਦਾ ਪਾਤਰ ਵੀ ਕੈਦ ਵਿਚ ਹੋਵੇਗਾ। ਪਹਿਲੀ ਗੱਲ ਤਾਂ ਇਹ ਮੈਨੂੰ ਆਜ਼ਾਦੀ ਹੈਗੀ। ਮੇਰੇ ਲਿਖਣ ਦਾ ਮਕਸਦ ਇਹ ਹੈਗਾ ਬਈ ਮੈਂ ਆਜ਼ਾਦੀ ਮੰਗਦਾ। ਮੈਂ ਆਪਣੇ ਪਰਿਵਾਰ ’ਚ ਮੈਂਬਰਾਂ ਨੂੰ ਐਨੀ ਆਜ਼ਾਦੀ ਦਿੱਤੀ ਹੋਈ ਐ ਕਿ ਉਹ ਕੁਝ ਵੀ ਕਹਿ ਸਕਦੇ ਐ। ਇਸੇ ਕਰਕੇ ਉਹ ਆਪਣੇ ਵਿਚ ਪਾਤਰ ਪੈਦਾ ਕਰ ਲੈਂਦੇ ਨੇ। ਮੇਰਾ ਪਾਤਰ ਛੋਟਾ ਜਿਹਾ ਬੱਚਾ ਜਦੋਂ ਬੋਲਦਾ ਤਾਂ ਉਹਦੇ ਵੀ ਵੱਡੇ ਅਰਥ ਹੁੰਦੇ ਐ। ਉਹ ਕਿਸੇ ਦੇ ਘਰ ਗਿਆ ਉਹਦੀ ਮਾਂ ਆਪਣੇ ਬੱਚੇ ਨੂੰ ਰੋਟੀ ਖਵਾ ਰਹੀ ਐ। ਉਹ ਕਹਿ ਰਹੀ ਐ ਤੂੰ ਉਹਦੇ ਨਾਲ ਬਹਿ ਜਾ ਉਹ ਤੇਰੇ ਨਾਲ ਬਹਿ ਕੇ ਰੋਟੀ ਖਾ ਲੈਂਦਾ। ਉਹ ਔਰਤ ਆਪਣੇ ਬੱਚੇ ਨੂੰ ਰੋਟੀ ਖਵਾ ਰਹੀ ਐ ਤਾਂ ਉਹ ਕਹਿੰਦਾ ਐ, ਆਂਟੀ ਮੇਨੇ ਵੀ ਖਾਨਾ ਨਹੀਂ ਖਾਇਆ। ਬੱਚਾ ਇਸ ਤਰ੍ਹਾਂ ਆਪਣੇ ਆਪ ਕਹਾਣੀ ਲਿਖ ਲੈਂਦਾ ਐ। ਉਹ ਮੇਰੇ ਅੰਦਰ ਬੋਲਦਾ ਐ। ਮੈਂ ਤੁਹਾਡੇ ਸਾਹਮਣੇ ਗੱਲ ਕਰਦਾ ਹਾਂ। ਉਹ ਇਹ ਨਹੀਂ ਸਮਝਦੀ ਬਈ ਮੈਂ ਇਸ ਬੱਚੇ ਨੂੰ ਵੀ ਰੋਟੀ ਦੇ ਦੇਵਾ। ਜੇ ਤੁਸੀਂ ਪਾਤਰ ਨੂੰ ਆਜ਼ਾਦੀ ਦੇਣੀ ਐ ਤਾਂ ਆਜ਼ਾਦੀ ਤੁਸੀਂ ਖ਼ੁਦ ਵੀ ਮੰਗਣੀ ਐ। ਜੇ ਖ਼ੁਦ ਤੁਸੀਂ ਆਪਣੇ ਆਲੇ ਦੁਆਲੇ ਇਕ ਬਉਂਡਰੀ ਕੀਤੀ ਹੋਈ ਐ ਤਾਂ ਤੁਸੀਂ ਆਜ਼ਾਦ ਪਾਤਰ ਬਾਰੇ ਨਹੀਂ ਲਿਖ ਸਕਦੇ।

**ਸ਼ਬਦੀਸ਼**-ਮੈਂ ਇਨ੍ਹਾਂ ਦਿਨਾਂ ਵਿਚ ਇਕ ਨਾਵਲ ਪੜ੍ਹਿਆ ‘ਅਣਜੰਮੇ ਬੱਚੇ ਦੇ ਨਾਂ ਇਕ ਖ਼ਤ’ ਮਾਂ ਓਸ ਬੱਚੇ ਨਾਲ ਗੱਲਾਂ ਕਰ ਰਹੀ ਐ ਜਿਹੜਾ ਉਹਦੇ ਅੰਦਰ ਐ। ਉਹ ਅਣਵਿਆਹੀ ਮਾਂ ਏ ਤੇ ਅੰਦਰਲਾ ਬੱਚਾ ਮਰ ਗਿਆ ਐ। ਨਾਵਲ ਦੇ ਅੰਤ ’ਚ ਜਾ ਕੇ ਕੇਸ ਚੱਲ ਰਿਹਾ ਐ ਕਿ ਤੂੰ ਇਹਨੂੰ ਮਾਰਿਆ ਐ। ਮਸਲਾ ਇਹ ਐ ਕਿ ਮਾਂ ਦੀ ਕੋਈ ਆਜ਼ਾਦੀ ਨਹੀਂ ਐ? ਮਾਂ ਆਜ਼ਾਦ ਨਹੀਂ ਹੋ ਸਕਦੀ? ਦੂਜੀ ਗੱਲ ਜਿਹੜਾ ਬੱਚਾ ਤੁਹਾਡੇ ਅੰਦਰ ਆ ਗਿਆ। ਉਹ ਤੁਹਾਨੂੰ ਆਜ਼ਾਦ ਹੋਣ ਦੇਵੇਗਾ? ਜੇ ਤੁਸੀਂ ਪਤੀ ਨਾਲ ਹੋ ਤਾਂ ਉਥੇ ਤਾਂ ਤੁਸੀਂ ਫੈਸਲਾ ਲੈ ਲਿਆ ਕਿ ਮੈਂ ਇਹਨੂੰ ਜੰਮੂਗੀ। ਪਰ ਜੰਮਣਾ ਸੌਖਾ ਨਹੀਂ, ਕਿਉਂਕਿ ਉਹ

ਅਣਵਿਆਹੀ ਮਾਂ ਐ। ਹੁਣ ਉਹਦੇ ਅੰਦਰ ਆਜ਼ਾਦੀ ਦੀ ਗੱਲ ਵੀ ਚੱਲ ਰਹੀ ਐ। ਉਹਦੇ ਨਾਲ ਜੁੜਨ ਦੀ ਗੱਲ ਵੀ ਚੱਲ ਰਹੀ ਐ। ਬੱਚੇ ਦਾ ਦੁੱਖ ਵੀ ਉਹਦੇ ਅੰਦਰ ਐ। ਇਸ ਸਾਰੇ ਕੁਝ ਦੇ ਬਾਵਜੂਦ ਔਰਤ ਦੀ ਆਜ਼ਾਦੀ ਉਹ ਫਿਰ ਵੀ ਚਾਹੁੰਦੀ ਐ। ਏਥੇ ਸਵਾਲ ਐ ਕਿ ਤੁਸੀਂ ਗੱਲ ਨੂੰ ਕਿਵੇਂ ਕਹਿ ਰਹੇ ਹੋ। ਮਸਲਾ ਇਹ ਹੈ ਕਿ ਅਸੀਂ ਪਾਠਕ ਲਈ ਸੋਚਣ ਲਈ ਕੁਝ ਛੱਡਦੇ ਨਹੀਂ ਹਾਂ। ਸਾਰਾ ਕੁਝ ਕਹਾਣੀ 'ਚ ਕਹੀ ਜਾਂਦੇ ਆ। ਪਾਠਕ ਸਾਨੂੰ ਮੂਰਖ ਹੀ ਲੱਗਦਾ ਐ।

**ਰਸੂਲਪੁਰੀ**-ਤੁਸੀਂ ਗੱਲ ਕੀਤੀ ਐ ਬਈ ਪਾਤਰ ਤਾਂ ਆਜ਼ਾਦ ਹੀ ਹੁੰਦਾ ਐ। ਉਹਨੂੰ ਆਜ਼ਾਦ ਹੀ ਰਹਿਣ ਦੇਣਾ ਚਾਹੀਦਾ ਐ। ਕੀ ਲੇਖਕ ਦੀ ਆਪਣੀ ਵਿਚਾਰਧਾਰਾ, ਉਹਦਾ ਚਿੰਤਨ ਪਾਤਰ ਨੂੰ ਉਸਾਰਨ ਵਿਚ ਰੋਲ ਨਹੀਂ ਅਦਾ ਕਰਦਾ।

**ਬਲੀਜੀਤ**-ਜੋ ਵਿਚਾਰਧਾਰਾ ਜਾਂ ਚਿੰਤਨ ਹੁੰਦਾ ਉਹਨੂੰ ਲੇਖਕ ਕੈਦ ਸਮਝਦਾ ਐ। ਇਸ ਨੂੰ ਸਥਿਰ ਕਰਨ ਦਾ ਕੋਈ ਲਾਭ ਨਹੀਂ। ਮੈਂ ਸਮਝਦਾ ਸਾਰਾ ਕੁਝ ਲੇਖਕ ਦੇ ਅਵਚੇਤਨ ਵਿਚ ਹੁੰਦਾ ਐ। ਸਾਰਾ ਬ੍ਰਹਿਮੰਡ ਤੁਹਾਡੇ ਅੰਦਰ ਬੈਠਾ ਹੁੰਦਾ ਹੈਗਾ। ਔਰ ਉਹ ਬਦਲਦਾ ਵੀ ਰਹਿੰਦਾ ਐ।

**ਰਸੂਲਪੁਰੀ**- ਇਹ ਵੀ ਲੱਗਦਾ ਕਿ ਲੇਖਕ ਅਚੇਤ ਤੌਰ ਤੇ ਪਾਤਰ ਕਹਾਣੀ ਵਿਚ ਉਸਾਰਦਾ ਐ ਤਾਂ ਉਹ ਬਾਅਦ ਵਿੱਚ ਵੱਡੇ ਬਣ ਜਾਂਦੇ ਨੇ। ਜਾਂ ਜਿਹੜਾ ਸੁਚੇਤ ਹੋ ਕੇ ਕਹਾਣੀ ਦੇ ਪਾਤਰ ਘੜਦੇ ਨੇ ਉਹ ਕਮਜ਼ੋਰ ਹੋ ਜਾਂਦੇ ਨੇ।

**ਸੁਖਪਾਲ ਕੌਰ**-ਲੇਖਕ ਚਾਹੇ ਅਚੇਤ ਤੌਰ ਤੇ ਲਿਖੇ ਜਾਂ ਸੁਚੇਤ ਹੋ ਕੇ ਲਿਖੇ। ਉਹ ਕਿਤੇ ਨਾ ਕਿਤੇ ਆਪਣੇ ਪਾਤਰ ਨਾਲ ਤੁਰ ਰਿਹਾ ਹੁੰਦਾ ਐ। ਇਹ ਨਹੀਂ ਹੁੰਦਾ ਬਈ ਲੇਖਕ ਨੇ ਉਸ ਪਾਤਰ ਨੂੰ ਆਜ਼ਾਦ ਕਰ ਦਿੱਤਾ ਐ। ਚਾਹੇ ਅੰਸ਼ਕ ਰੂਪ ਵਿਚ ਲੇਖਕ ਪਾਤਰ ਨਾਲ ਹੋਵੇ ਪਰ ਉਹ ਹੁੰਦਾ ਜ਼ਰੂਰ ਹੈ। ਪਾਤਰਾਂ ਨੂੰ ਘੜਨ ਦੀ ਗੱਲ ਚੱਲ ਰਹੀ ਸੀ ਲੋਕ ਤੁਰੇ ਜਾਂਦੇ ਬੰਦੇ 'ਤੇ ਕਹਾਣੀ ਲਿਖ ਦਿੰਦੇ ਐ। ਬਈ ਫਲਾਣੀ ਔਰਤ ਸੜਕ ਤੇ ਤੁਰੀ ਜਾ ਰਹੀ ਸੀ। ਇਕ ਬੱਚਾ ਆਇਆ ਉਹਨੂੰ ਉਸਨੇ ਖਾਣ ਨੂੰ ਫਰੂਟ ਦਿੱਤਾ। ਜਦੋਂ ਇਕ ਔਰਤ ਬਾਰੇ ਲੇਖਕ ਸੋਚਦਾ ਉਹਦੇ ਕਿੰਨੇ ਸਾਰੇ ਸ਼ੇਡਜ (shades) ਲੇਖਕ ਸੋਚਦਾ ਵੀ ਐ। ਅਸਲ ਵਿਚ ਉਥੋਂ ਹੀ ਉਹਦੇ ਪਾਤਰ ਦੀ ਉਸਾਰੀ ਸ਼ੁਰੂ ਹੋ ਜਾਂਦੀ ਐ। ਮਨ ਲਓ ਜਿਵੇਂ ਰਸੂਲਪੁਰੀ ਨੇ 'ਡਲਿਵਰੀ ਮੈਨ' ਕਹਾਣੀ ਦੀ ਪ੍ਰੋ. ਗੀਤਾ ਦੇ ਪਾਤਰ ਨੂੰ ਕਿਤੇ ਵੇਖਿਆ। ਤੁਸੀਂ ਉਹ ਪਾਤਰ ਵੇਖ ਲਈ। ਬਹੁਤ ਸਾਰੀਆਂ ਘਟਨਾਵਾਂ ਅਜਿਹੀਆਂ ਹੋਣਗੀਆਂ ਜਿਹੜੀਆਂ ਅਸਲ ਪਾਤਰ ਵਿਚ ਨਹੀਂ ਹੋਣਗੀਆਂ ਪਰ ਲੇਖਕ ਨੇ ਉਸ ਪ੍ਰੋ.ਗੀਤਾ ਪਾਤਰ ਨਾਲ ਜੋੜ ਦਿੱਤੀਆਂ। ਇਸ ਲਈ ਕਿ ਇਸ ਕਹਾਣੀ ਨੂੰ ਤੇ ਪਾਤਰ ਨੂੰ ਹੋਰ ਵਧੇਰੇ ਵਧੀਆ ਬਣਾ ਸਕਦੀਆਂ ਹਨ। ਤੁਸੀਂ ਅਸਲ ਵਿਚ ਇਸੇ ਤਰ੍ਹਾਂ ਦੀ ਔਰਤ ਤਾਂ ਨਹੀਂ ਵੇਖੀ ਹੋਵੇਗੀ। ਉਹਦੇ ਅੰਦਰ ਕੀ ਚੱਲ ਗਿਆ, ਉਹ ਲੇਖਕ ਦੀ ਕਲਪਨਾ ਸ਼ਕਤੀ ਐ। ਮੈਂ ਕਹਿੰਦੀ ਆ ਕਿ ਅਚੇਤ ਸੁਚੇਤ ਵਾਲਾ ਮਸਲਾ ਨਹੀਂ ਹੁੰਦਾ। ਲੇਖਕ ਗੈਰਹਾਜ਼ਰ ਹੋ ਕੇ ਵੀ ਹਾਜ਼ਰ ਰਹਿੰਦਾ ਐ।

**ਰਸੂਲਪੁਰੀ**- ਆਪਾਂ ਇਹ ਮੰਨੀਏ ਕਿ ਇਹ ਲੇਖਕ ਦੀ ਸਮਰੱਥਾ ਤੇ ਡਪੈਂਡ ਕਰਦਾ ਐ।

**ਸ਼ਬਦੀਸ਼**-ਕਈ ਵਾਰੀ ਸਮਰੱਥਾ ਤੇ ਡਪੈਂਡ ਕਰਦਾ। ਕਈ ਵਾਰੀ ਕਹਾਣੀ ਵਿਚ ਤੁਸੀਂ ਸਹਿਜ ਨਾਲ ਗੱਲ ਕਰ ਰਹੇ ਹੁੰਦੇ ਹੋ ਤੇ ਕਈ ਵਾਰੀ ਉਚੇਚ ਉੱਤੇ ਉਤਰ ਆਉਂਦੇ ਹੋ। ਹਲਾਂਕਿ ਲੇਖਕ ਤਾਂ ਤੁਸੀਂ ਉਹੀ ਹੋ। 'ਪੱਖੀ' ਕਹਾਣੀ ਸੰਗ੍ਰਹਿ ਤੇ ਸੰਤੋਖ ਸਿੰਘ ਧੀਰ ਹੁਣਾਂ ਨੂੰ ਇਨਾਮ ਮਿਲਿਆ। ਤਾਂ ਮੈਨੂੰ 'ਪੱਖੀ' ਦੀ ਕੋਈ ਕਹਾਣੀ ਪਸੰਦ ਨਹੀਂ। ਉਨ੍ਹਾਂ ਨੂੰ ਇਨਾਮ ਮਿਲਿਆ ਹੀ ਓਸ ਦੌਰ 'ਚ ਜਾ ਕੇ ਜਦੋਂ ਉਹ ਬਹੁਤ ਵਧੀਆ ਕਹਾਣੀਆਂ ਪਹਿਲਾਂ ਹੀ ਲਿਖ ਚੁੱਕੇ ਸਨ। ਪਰ ਮੈਨੂੰ ਉਨ੍ਹਾਂ ਦੀ 'ਇਕ ਸਧਾਰਨ ਆਦਮੀ' ਕਹਾਣੀ ਕਦੇ ਵੀ ਨਹੀਂ ਭੁੱਲਦੀ। ਕਿ ਸਧਾਰਨ ਬੰਦਾ ਕਿੰਨਾ ਮਾਸੂਮ ਹੋ ਸਕਦਾ ਏ। ਸਾਰੀ ਕਹਾਣੀ 'ਚ ਇਹੀ ਸੋਚੀ ਜਾਂਦਾ ਕਿ ਮੇਰੇ ਕੋਲੋਂ ਕਤਲ ਹੋ ਗਿਆ ਪਰ ਮੈਂ ਮੰਨਣਾ ਹੀ ਨਹੀਂ ਜਦੋਂ ਪੁਲਿਸ ਆਉਂਦੀ ਐ ਤਾਂ ਉਹ ਝੱਟ ਕਹਿ

ਦਿੰਦਾ ਕਿ ਹਾਂ ਉਹ ਬੰਦਾ ਮੈਂ ਹੀ ਮਾਰਿਆ। ਉਹਦੇ ਕੋਲੋਂ ਕਿਹਾ ਹੀ ਨਹੀਂ ਜਾਂਦਾ ਕਿ ਮੈਂ ਨਹੀਂ ਮਾਰਿਆ। ਹੁਣ ਮਸਲਾ ਤੇ ਘੁੰਡੀ ਇਹ ਐ ਕਿ ਇਕ ਸਧਾਰਨ ਆਦਮੀ ਉਨ੍ਹਾਂ ਵਰਗਾ ਨਹੀਂ ਏ, ਜਿਹੜੇ ਬੰਦੇ ਮਾਰਦੇ ਨੇ। 'ਪੱਖੀ' ਕਿਤਾਬ ਦੇ ਪਾਤਰ ਧਿਰਾ ਬਣ ਕੇ ਵਿਚਰਦੇ ਨੇ। ਹੁਣ ਤੁਸੀਂ ਪ੍ਰੇਮ ਪ੍ਰਕਾਸ ਦੀ ਕਹਾਣੀ 'ਇਹ ਓਹ ਜਸਬੀਰ ਨਹੀਂ' ਵੇਖ ਲਵੋ। ਇਹ ਕਹਾਣੀ ਪ੍ਰੇਮ ਪ੍ਰਕਾਸ਼ ਹੀ ਲਿਖ ਸਕਦਾ ਸੀ। ਇਹ ਹੋ ਸਕਦਾ ਵਰਿਆਮ ਸੰਧੂ ਨਾ ਲਿਖ ਸਕਦਾ ਹੋਵੇ। ਹਲਾਂ ਕਿ ਉਸ ਦੌਰ ਦੀਆਂ ਸੰਧੂ ਨੇ ਬਹੁਤ ਅੱਛੀਆਂ ਕਹਾਣੀਆਂ ਵੀ ਲਿਖੀਆਂ। ਲੇਖਕ ਦੇ ਸੰਸਕਾਰ ਵੀ ਕਿਤੇ ਨਾ ਕਿਤੇ ਉਸ ਦੇ ਅਵਚੇਤਨ ਵਿਚ ਪਏ ਹੁੰਦੇ ਹਨ।

**ਰਸੂਲਪੁਰੀ-** ਸਾਡੇ ਕੋਲ ਪੰਜਾਬ ਸੰਕਟ ਨਾਲ ਸੰਬੰਧਤ ਪੰਜ ਸੱਤ ਕਹਾਣੀਆਂ ਹੀ ਬਚੀਆਂ ਹਨ। ਦੋ ਵਰਿਆਮ ਸੰਧੂ ਦੀਆਂ ਕਹਾਣੀ ਹਨ... 'ਭੱਜੀਆਂ ਬਾਹੀਂ' ਤੇ 'ਮੈਂ ਹੁਣ ਠੀਕ ਠਾਕ ਹਾਂ'... ਇਕ ਪ੍ਰੇਮ ਪ੍ਰਕਾਸ਼ ਦੀ 'ਇਹ ਉਹ ਜਸਬੀਰ ਨਹੀਂ', ਇਕ ਦੋ ਮੋਹਨ ਭੰਡਾਰੀ ਦੀਆਂ ਕਹਾਣੀਆਂ ਨੇ।

**ਸ਼ਬਦੀਸ਼**-ਹਾਂ ਬਸ ਐਨੀਆਂ ਕੁ ਹੀ... ਰਘਬੀਰ ਢੰਡ ਦੀ ਕਹਾਣੀ ਹੈ 'ਸ਼ਾਨੇ-ਪੰਜਾਬ'।

**ਰਸੂਲਪੁਰੀ**-ਇੱਕੀਵੀਂ ਸਦੀ ਦੇ ਤੀਜੇ ਦਹਾਕੇ 'ਚ ਕਰੋਨਾ ਲਹਿਰ ਤੇ ਕਿਸਾਨ ਅੰਦੋਲਨ ਦੋ ਮਹੱਤਵਪੂਰਨ ਲਹਿਰਾ ਨੇ। ਇਨ੍ਹਾਂ ਲਹਿਰਾਂ ਨਾਲ ਸੰਬੰਧਤ ਵੀ ਸਾਨੂੰ ਕਹਾਣੀਆਂ ਪੜ੍ਹਨ ਨੂੰ ਮਿਲੀਆਂ। ਕਰੋਨਾ ਭਾਰੀ ਸੰਕਟ ਬਣ ਕੇ ਆਇਆ। ਲੌਕ ਡਾਊਨ ਲੱਗਾ। ਮੈਨੂੰ ਲੱਗਦਾ ਜਿਵੇਂ ਅਸੀਂ ਲਹਿਰਾਂ ਦੇ ਚੱਲਣ ਦੀ ਤਾਕ 'ਚ ਬੈਠੇ ਹੁੰਦੇ ਹਾਂ ਬਈ ਨਵੀਂ ਲਹਿਰ ਚੱਲੇ ਤੇ ਅਸੀਂ ਲਹਿਰਾਂ ਤੋਂ ਪੀੜਤ ਲੋਕਾਂ ਦਾ ਰੁਦਨ ਵਾਲਾ ਸਾਹਿਤ ਲਿਖੀਏ। ਕਰੋਨਾ ਸੰਕਟ ਨਾਲ ਸੰਬੰਧਤ ਬਹੁਤ ਸਾਰੀਆਂ ਕਹਾਣੀ ਪੜ੍ਹਨ ਨੂੰ ਮਿਲ ਜਾਂਦੀਆਂ ਨੇ... ਇਕ ਗੁਰਮੀਤ ਕੜਿਆਲਵੀ ਦੀ ਕਹਾਣੀ 'ਜਿਉਂਦਾ ਰਹਿ ਵੇ ਬੱਚੜਿਆ' ਜਿਹਦੇ 'ਚ ਮਾਂ ਦੀ ਸੰਵੇਦਨਾ ਨੂੰ ਗੁਰਮੀਤ ਨੇ ਬੜੀ ਸਿੱਦਤ ਨਾਲ ਫੜਿਆ ਏ। ਇਕ ਕੁਲਬੀਰ ਬਡੇਸਰੋਂ ਦੀ ਕਹਾਣੀ ਏ 'ਬਕ-ਬਕ' ਅੱਗੇ ਅਜਮੇਰ ਸਿੱਧੂ ਦੀ ਕਹਾਣੀ ਐ 'ਆਈ ਕਾਂਟ ਬ੍ਰੀਦ' ਤੇ 'ਵੈੱਲ ਪਾਵਰ' ਕਹਾਣੀ ਨਰਿੰਦਰ ਕੌਰ ਭੱਚੂ ਲਿਖਦੀ ਐ। ਕਰਮਜੀਤ ਨਡਾਲਾ ਦੀ ਇਕ ਕਹਾਣੀ ਛਪਦੀ ਏ 'ਮਰੀਜ਼'... ਕੇਸਰਾ ਰਾਮ ਦੀਆਂ ਤਿੰਨ ਚਾਰ ਕਹਾਣੀਆਂ ਪੜ੍ਹਨ ਨੂੰ ਮਿਲਦੀਆਂ ਨੇ 'ਗਾਇਲਹਾਈ', 'ਲੌਕ ਡਾਊਨ' ਤੇ 'ਕਥਾ ਕਰੋਨਾ'... ਮੇਜ਼ਰ ਮਾਂਗਟ ਦੀ ਇਕ ਕਹਾਣੀ ਐ 'ਇਕਾਂਤਵਾਸ' ਇਸੇ ਤਰ੍ਹਾਂ ਕਿਸਾਨ ਅੰਦੋਲਨ 'ਤੇ ਪ੍ਰੇਮ ਗੋਰਖੀ ਦੀ ਕਹਾਣੀ 'ਕਿਸਾਨ ਮੋਰਚਾ' ਪੜ੍ਹਨ ਨੂੰ ਮਿਲਦੀ ਐ। ਜਿਹੜੀ ਉਹਦੇ ਦਿਹਾਂਤ ਤੋਂ ਉਪਰੰਤ ਛਪਦੀ ਏ। ਇਕ ਕਹਾਣੀ ਸੁਖਪਾਲ ਥਿੰਦ ਦੀ ਹੁਣੇ ਜਿਹਾ ਛਪੀ ਏ 'ਫ਼ਸਲਾਂ ਦੇ ਫ਼ੈਸਲੇ'। ਜਦੋਂ ਕਿਸਾਨ ਅੰਦੋਲਨ ਚੱਲਿਆ ਤਾਂ ਲੇਖਕਾਂ ਨੂੰ ਲੱਗਣ ਲੱਗਾ ਕਿ ਚਲੋ ਇਹਦੇ ਬਾਰੇ ਵੀ ਨਾਵਲ ਲਿਖੀਏ... ਕਹਾਣੀਆਂ ਲਿਖੀਆਂ। ਹੁਣ ਜਦੋਂ ਇਸ ਸਮੇਂ ਨੂੰ ਵਿਸ਼ਵੀਕਰਨ ਨਾਲ ਜੋੜ ਕੇ ਵੇਖਦੇ ਹਾਂ ਤਾਂ ਸਾਡੇ ਕੋਲ ਸੂਚਨਾ ਪ੍ਰਾਪਤ ਕਰਨ 'ਚ ਕ੍ਰਾਂਤੀ ਆਉਂਦੀ ਐ। ਮੈਨੂੰ ਅਜਮੇਰ ਸਿੱਧੂ ਦੀ ਕਹਾਣੀ 'ਆਈ ਕਾਂਟ ਬ੍ਰੀਦ' ਅਤੇ ਸੁਖਪਾਲ ਥਿੰਦ ਦੀ ਕਹਾਣੀ 'ਫ਼ਸਲਾਂ ਦੇ ਫ਼ੈਸਲੇ' ਪੜ੍ਹ ਕੇ ਲੱਗਾ ਕਿ ਲੇਖਕਾਂ ਉੱਤੇ ਸੂਚਨਾਤਮਿਕ ਗਿਆਨ ਭਾਰੂ ਹੋ ਗਿਆ ਏ। ਲੇਖਕਾਂ ਨੂੰ ਇਨ੍ਹਾਂ ਲਹਿਰਾਂ ਬਾਰੇ ਵੇਖਣ ਪੜ੍ਹਨ ਲਈ ਬਹੁਤ ਸਾਰੇ ਸਰੋਤ ਪ੍ਰਾਪਤ ਹੋ ਗਏ। ਉਹ ਇਕੋ ਤਰ੍ਹਾਂ ਆਪਣੇ ਅਨੁਭਵ ਪ੍ਰਾਪਤ ਕਰਦੇ ਨੇ। ਕਿਸਾਨ ਅੰਦੋਲਨ ਨੂੰ ਅਸੀਂ ਵੈਬ ਚੈਨਲਾਂ ਤੇ ਮੁਖ ਧਾਰਾ ਦੇ ਮੀਡੀਏ ਤੇ ਵੇਖਿਆ ਵੀ ਤੇ ਅਖ਼ਬਾਰਾਂ ਲੇਖਾਂ 'ਚ ਪੜ੍ਹਿਆ ਵੀ। ਜਦੋਂ ਕਹਾਣੀਕਾਰ ਇਕੋ ਤਰ੍ਹਾਂ ਗ੍ਰਹਿਣ ਕੀਤੇ ਅਨੁਭਵ ਦੇ ਅਧਾਰ ਤੇ ਇਨ੍ਹਾਂ ਮਸਲਿਆਂ ਬਾਰੇ ਕਹਾਣੀ ਲਿਖਦਾ ਐ ਤਾਂ ਸਾਨੂੰ ਲੱਗਣ ਲੱਗ ਪੈਂਦਾ ਕਿ ਜਿਵੇਂ ਅਸੀਂ ਵੇਖੇ ਸੁਣੇ ਸੂਚਨਾਤਮਿਕ ਵੇਰਵਿਆ ਦੀ ਸਕ੍ਰਿਪਟ ਪੜ੍ਹ ਰਹੇ ਹੁੰਦੇ ਆ। ਮੈਨੂੰ ਅਜਮੇਰ ਸਿੱਧੂ ਦੀ ਕਹਾਣੀ ਪੜ੍ਹ ਕੇ ਲੱਗਾ ਕਿ ਜਿਵੇਂ ਮੈਂ ਰਵੀਸ਼ ਕੁਮਾਰ ਦੇ 'ਪ੍ਰਾਇਮ ਟਾਇਮ' ਦੀ ਸਕਰ੍ਰਿਪਟ ਪੜ੍ਹ ਰਿਹਾ ਹੋਵੇ। ਓਸ ਸਮੇਂ ਉਸਨੇ ਕਰੋਨਾ ਲਹਿਰ ਤੇ ਕਈ ਐਪੀਸੋਡ ਕੀਤੇ ਸਨ। ਸੁਖਪਾਲ ਥਿੰਦ ਨੇ ਸਾਰੇ ਕਿਸਾਨ ਅੰਦੋਲਨ ਦੇ ਵੇਰਵਾ ਕਹਾਣੀ ਵਿਚ ਸਾਨੂੰ ਪੜ੍ਹਨ ਲਈ ਪਰੋਸ ਦਿੱਤੇ। ਬਈ ਕਿਵੇਂ ਅੰਦੋਲਨ ਸ਼ੁਰੂ

ਹੋਇਆ। ਕਿਵੇਂ ਉੱਚਾਈ ਤੇ ਗਿਆ... ਫਿਰ ਕਾਨੂੰਨਾਂ ਨੂੰ ਰੱਦ ਕਰਵਾ ਕੇ ਉਹ ਘਰਾ ਨੂੰ ਪਰਤ ਗਏ। ਹੁਣ ਮਸਲਾ ਇਹ ਏ ਕਿ ਇਹ ਗੱਲਾਂ ਤਾਂ ਅਸੀਂ ਪਹਿਲਾਂ ਹੀ ਪੜ੍ਹ-ਵੇਖ ਚੁੱਕੇ ਹੋਏ ਆ। ਹੁਣ ਲੇਖਕ ਕਿਓ ਲਿਖ ਰਿਹਾ ਏ? ਪਾਠਕ ਕਿਓਂ ਇਹ ਗੱਲਾਂ ਪੜ੍ਹੇ ਜਿਹੜੀਆਂ ਉਹਨੂੰ ਪਹਿਲਾ ਹੀ ਪਤਾ ਏ। ਕਰੋਨਾ ਕਾਲ ਦੀਆਂ ਬਹੁਤੀਆਂ ਕਹਾਣੀਆਂ ਮੈਨੂੰ ਇਕੋ ਜਿਹੀਆਂ ਲੱਗੀਆਂ। ਹਰ ਲੇਖਕ ਉੱਠ ਕੇ ਉਹੀ ਕਹਾਣੀ ਲਿਖੀ ਜਾ ਰਿਹਾ ਏ। 'ਕਹਾਣੀ ਧਾਰਾ' ਪਰਚੇ ਨੂੰ ਅਜਿਹੀਆਂ ਕਈ ਕਹਾਣੀਆਂ ਮਿਲੀਆਂ ਪਰ ਮੈਨੂੰ ਲੱਗਾ ਇਹ ਇਕੋ ਜਿਹੀਆਂ ਫਲੈਟ ਕਿਸਮ ਦੀਆਂ ਕਹਾਣੀ ਨੇ। ਮੈਂ ਉਨ੍ਹਾਂ ਨੂੰ ਛਾਪਣ ਤੋਂ ਇਨਕਾਰ ਕਰ ਦਿੱਤਾ। ਹੁਣ ਮਸਲਾ ਇਹ ਐ ਕਿ ਆਖਰ ਕਹਾਣੀਕਾਰ ਇਸ ਕਿਸਮ ਦੀ ਕਹਾਣੀ ਕਿਓਂ ਲਿਖਦਾ ਏ? ਉਹ ਇਸ ਤਰ੍ਹਾਂ ਦਾ ਪੇਤਲੀ ਪੱਧਰ ਤੇ ਲਹਿਰਾ ਦਾ ਵਰਣਨ ਕਰਕੇ ਪਾਠਕ ਨੂੰ ਕੀ ਦੱਸਣਾ ਜਾਂ ਮਹਿਸੂਸ ਕਰਵਾਉਣਾ ਚਾਹੁੰਦਾ ਏ। ਜੇ ਮੈਂ ਆਪਣੀ ਗੱਲ ਕਰਾਂ ਤਾਂ ਮੈਂ ਕਦੇ ਇਨ੍ਹਾਂ ਦੋ ਲਹਿਰਾਂ ਬਾਰੇ ਕੋਈ ਕਹਾਣੀ ਲਿਖਣ ਲਈ ਤਰਲੋਮੱਛੀ ਨਹੀਂ ਹੋਇਆ। ਮੈਨੂੰ ਲੱਗਾ ਜੇ ਮੈਂ ਲਿਖੀ ਤਾਂ ਇਹ ਸੂਚਨਾ ਤੋਂ ਵੱਧ ਕੁਝ ਨਹੀਂ ਹੋਵੇਗੀ।

**ਸ਼ਬਦੀਸ਼**-ਭਗਵੰਤ ਮੈਨੂੰ ਇੰਜ ਲੱਗਦਾ ਏ ਕਿ ਜਦੋਂ ਸਾਨੂੰ ਸੋਸ਼ਲ ਮੀਡੀਏ ਰਾਹੀਂ ਸੂਚਨਾਵਾਂ ਮਿਲਦੀਆਂ ਨੇ ਅਸੀਂ ਸੂਚਨਾਵਾਂ ਦਾ ਸ਼ਿਕਾਰ ਹੋ ਜਾਂਦੇ ਹਾਂ। ਸੂਚਨਾਵਾਂ ਤਾਂ ਸਾਨੂੰ ਇਹ ਮਿਲ ਰਹੀਆਂ ਕਿਸਾਨ ਹੁਣ ਹਰਿਆਣਾ ਪਾਰ ਕਰ ਗਏ। ਹਰਿਆਣੇ ਦੀ ਸਰਕਾਰ ਨੇ ਇਹ ਕੀਤਾ। ਦਿੱਲੀ ਦੀ ਸਰਕਾਰ ਆਹ ਬਿਆਨ ਦੇ ਰਹੀ ਐ। ਖੇਤੀ ਮੰਤਰੀ ਮੀਟਿੰਗ 'ਚ ਕੁਝ ਕਹਿ ਰਿਹਾ ਤੇ ਬਾਹਰ ਆ ਕੇ ਕੁਝ ਕਹਿ ਰਿਹਾ। ਕਿਸਾਨ ਜਥੇਬੰਦੀਆਂ ਕਿਵੇਂ ਵਿਚਰ ਰਹੀਆਂ। ਮੋਰਚੇ 'ਚ ਕਿਵੇਂ ਦਾ ਕਲਚਰ ਹੈ। ਇਹ ਤਾਂ ਸਾਰੀਆਂ ਸੂਚਨਾਵਾਂ ਹੋ ਗਈਆਂ... ਰਿਪੋਰਟਾਂ ਤਾਂ ਨਿੱਤ ਅਖ਼ਬਾਰਾਂ ਪੜ੍ਹਨ ਵਾਲੇ ਨੂੰ ਪਤੈ। ਅਸਲ ਨੁਕਤਾ ਤਾਂ ਇਹ ਐ ਕਿ ਕਾਨੂੰਨ ਆਏ ਕਿਓ। ਹੋ ਸਕਦਾ ਹਰ ਲੜਨ ਵਾਲੇ ਨੂੰ ਇਸ ਗੱਲ ਦਾ ਗਿਆਨ ਨਾ ਹੋਵੇ ਕਿ ਕਾਨੂੰਨ ਆਏ ਕਿਓ? ਫਿਰ ਲੇਖਕ ਕਾਹਦੇ ਲਈ ਕਹਾਣੀ ਲਿਖਦਾ ਐ। ਜੇਕਰ ਇਸ ਲਹਿਰ ਦੀਆਂ ਅੰਦਰਲੀਆਂ ਪਰਤਾਂ ਉਹ ਨਹੀਂ ਫੜ ਸਕਦਾ। ਪੰਜਾਬ 'ਚ ਅਨਾਜ਼ ਇਕੱਠਾ ਕਰਨ ਵਾਲੇ ਸਟੋਰ ਬਣੇ ਨੂੰ ਤਾਂ ਕਿੰਨੇ ਸਾਲ ਹੋ ਗਏ, ਕਾਨੂੰਨ ਤਾਂ ਹੁਣ ਆਏ ਨੇ। ਤੁਹਾਡੇ ਕੋਲ ਤਾਂ ਕਹਾਣੀ ਹੈ, ਪਰ ਕਹਾਣੀਕਾਰ ਨੇ ਗਹਿਰਾਈ 'ਚ ਜਾ ਕੇ ਕਦੇ ਪਰਖਿਆ ਹੀ ਨਹੀਂ। ਮੈਂ ਪਹਿਲਾਂ ਵੀ ਇਹ ਗੱਲ ਕਹਿ ਚੁੱਕਾ ਕਿ ਅਸੀਂ ਇਤਿਹਾਸ ਨਾਲੋਂ ਬੇਸੀਕਲੀ ਟੁੱਟੇ ਹੋਏ ਲੋਕ ਹਾਂ। ਇਸ ਕਰਕੇ ਅਸੀਂ ਉਨ੍ਹਾਂ ਚੀਜਾਂ ਨੂੰ ਪਕੜ ਨਹੀਂ ਸਕੇ। ਕਹਾਣੀਕਾਰ ਨੇ ਉਨ੍ਹਾਂ ਅੰਦਰਲੀਆਂ ਗੱਲਾਂ ਨੂੰ ਲੱਭਣਾ ਹੁੰਦਾ ਐ ਕਿ ਇਸ ਵਰਤਾਰੇ ਦੇ ਅੰਦਰ ਕਾਰਜਸ਼ੀਲ ਕਿਹੜੇ ਤੱਤ ਹਨ ਜਿਨ੍ਹਾਂ ਕਰਕੇ ਇਹ ਸੰਕਟ ਪੈਦਾ ਹੋ ਗਿਆ। ਅਸੀਂ ਇਸ ਗੱਲ ਤੋਂ ਬੜੇ ਖੁਸ਼ ਹੁੰਦੇ ਹਾਂ ਕਿ ਕਹਾਣੀ ਲਹਿਰਾਂ ਨਾਲੋਂ ਟੁੱਟ ਗਈ ਐ। ਜੋ ਤੁਹਾਡੇ ਆਲੇ ਦੁਆਲੇ ਵਾਪਰ ਰਿਹਾ ਉਹ ਤਾਂ ਸੁਖਪਾਲ ਥਿੰਦ ਨੇ ਵੀ ਵਿਖਾ ਦਿੱਤਾ ਤੇ ਅਜਮੇਰ ਸਿੱਧੂ ਨੇ ਵੀ ਵਿਖਾ ਦਿੱਤਾ। ਵਰਤਾਰੇ ਦੇ ਅੰਦਰ ਕੀ ਵਾਪਰ ਰਿਹਾ ਉਹ ਕਹਾਣੀ ਐ। ਅਸੀਂ ਲਹਿਰਾਂ ਦਾ ਵਰਨਣ ਕਰਨ ਲੱਗ ਪੈਂਦੇ ਐ। ਵਿਸ਼ਲੇਸ਼ਣ ਪਿੱਛੇ ਰਹਿ ਜਾਂਦਾ।

**ਬਲੀਜੀਤ**-ਜਿਹੜਾ ਮੀਡੀਆ ਹੈਗਾ ਨਾ ਇਹ ਲੇਖਕ ਨੂੰ ਦੱਬਦਾ ਪਿਆ ਐ। ਕਈ ਵਾਰ ਲੇਖਕ ਆਪੇ ਮੀਡੀਏ ਹੇਠ ਦੱਬੇ ਜਾਂਦੇ ਐ। ਅੱਜ ਦੇ ਬਹੁਤੇ ਲੇਖਕ ਤਾਂ ਫੇਸ ਬੁੱਕ, ਵਾਟਸ ਐਪ ਜਾਂ ਟੀ ਵੀ ਤੇ ਸੂਚਨਾ ਪ੍ਰਾਪਤ ਕਰਨ ਲੱਗੇ ਰਹਿੰਦੇ ਨੇ। ਤਾਂ ਚੰਗਾ ਸਾਹਿਤ ਪੜ੍ਹਨ ਨਾਲੋਂ ਟੁੱਟ ਜਾਂਦੇ ਨੇ। ਲਿਖਣਾ ਤਾਂ ਦੂਰ ਰਿਹਾ। ਫਿਰ ਸੰਕਟ ਤਾਂ ਆਵੇਗਾ। ਜਦੋਂ ਕਰੋਨਾ ਆਇਆ ਤਾਂ ਮੀਡੀਆ ਬਹੁਤ ਬੰਦੇ ਤੇ ਹਾਵੀ ਹੋ ਗਿਆ। ਖਾਸ ਕਰਕੇ ਮੁਬਾਇਲ ਵਾਲਾ ਸੋਸ਼ਲ ਮੀਡੀਆ। ਜਦੋਂ ਤੱਕ ਲਾਇਫ਼ ਦਾ ਕੋਈ ਤਜ਼ਰਬਾ ਨਹੀਂ ਤੁਸੀਂ ਟੀ ਵੀ ਵੇਖਿਆ, ਤੁਸੀਂ ਯੂ ਟਿਊਬ ਵੇਖਿਆ ਜਿਹੜੀ ਪਹਿਲਾਂ ਰਿਪੋਰਟਇੰਗ (reporting) ਹੋਈ ਐ ਤੁਸੀਂ ਉਹ ਰਿਪੋਰਟਇੰਗ (reporting) ਕਰ ਦਿੱਤੀ। ਇਹ ਹੁੰਦਾ ਫਾਸਟ ਹੈਂਡ first hand) ਤਜ਼ਰਬਾ। ਫਿਰ ਸੈਕਿੰਡ ਹੈਂਡ (second hand) ਤਜ਼ਰਬਾ ਹੁੰਦਾ ਜੋ ਅਖ਼ਬਾਰ ਪੜ੍ਹ ਕੇ ਹੁੰਦਾ। ਜਿਨ੍ਹਾਂ ਲੋਕਾਂ ਨੇ ਇਹ

ਕਹਾਣੀਆਂ ਲਿਖੀਆਂ ਮੈਨੂੰ ਇਹ ਥਰਡ ਹੈਂਡ (third hand) ਤਜ਼ਰਬਾ ਲੱਗਦਾ। ਜਦੋਂ ਲੇਖਕ ਦਾ ਤਰਜ਼ਬਾ ਥਰਡਹੈਂਡ 'ਤੇ ਪਹੁੰਚ ਜਾਂਦਾ ਤਾਂ ਸਾਹਿਤ ਓਨਾ ਘਟੀਆ ਹੋਈ ਜਾਂਦਾ।

**ਸ਼ਬਦੀਸ਼**-ਹੁਣ ਤੁਸੀਂ 'ਪਲੇਗ' ਨਾਵਲ ਪੜ੍ਹੋ। ਉਹ ਨਾਵਲ ਨਾਲ ਦੀ ਨਾਲ ਨਹੀਂ ਲਿਖਿਆ ਗਿਆ। ਪਲੇਗ ਕੀ ਹੁੰਦੀ ਐ। ਇਹਦੇ ਬਾਰੇ ਵੀ ਲੇਖਕ ਨੇ ਪਹਿਲਾਂ ਪੜ੍ਹਿਆ। ਉਹਨੇ ਇਸ ਵਰਤਾਰੇ ਨੂੰ ਕਈ ਸਾਲ ਮਹਿਸੂਸ ਵੀ ਕੀਤਾ। ਉਸ ਨਾਵਲਕਾਰ ਦਾ ਸਿੱਧਾ ਕੋਈ ਅਨੁਭਵ ਨਹੀਂ ਹੈ। ਨਾ ਉਹ ਉਸ ਅਨੁਭਵ 'ਚੋਂ ਗੁਜਰਿਆ ਪਰ ਜਦੋਂ ਤੁਸੀਂ ਇਹ ਨਾਵਲ ਪੜ੍ਹ ਰਹੇ ਹੁੰਦੇ ਹੋ ਤਾਂ ਤੁਹਾਨੂੰ ਲੱਗਦਾ ਕਿ ਉਹ ਉਸ ਦੌਰ ਵਿਚ ਨਹੀਂ ਗੁਜਰਿਆ। ਤੁਸੀਂ ਵੇਖੋ ਕਿ ਉਸ ਸਮੇਂ ਇਕ ਘਟਨਾ ਵਾਪਰਦੀ ਐ ਕਿ ਇਕ ਕੁੜੀ ਮੀਲਾ ਦੇ ਮੀਲ ਸਾਇਕਲ ਚਲਾ ਕੇ ਆਪਣੇ ਘਰ ਕੋਲ ਪਹੁੰਚ ਗਈ ਤੇ ਆਪਣੇ ਘਰ ਦੇ ਬਾਹਰ ਪਹੁੰਚ ਕੇ ਉਹ ਮਰ ਗਈ। ਹੁਣ ਇਹ ਆਪਣੇ ਆਪ ਵਿਚ ਇਕ ਕਹਾਣੀ ਐ। ਹੁਣ ਇਕ ਕਹਾਣੀਕਾਰ ਇਸ ਘਟਨਾ ਨਾਲ ਹੋਰ ਘਟਨਾਵਾਂ ਜੋੜ ਕੇ ਜਦੋਂ ਕਹਾਣੀ ਲਿਖੇਗਾ ਤਾਂ ਉਹ ਅਸਲ ਵਿਚ ਕਹਾਣੀ ਬਣੇਗੀ। ਸਫ਼ਰ 'ਚ ਉਹਦੇ ਨਾਲ ਕਿੱਥੇ ਕਿੱਥੇ ਕੀ ਕੀ ਵਾਪਰਿਆ। ਉਹ ਆਪਣੇ ਆਪ 'ਚ ਮੁਕੰਮਲ ਕਹਾਣੀ ਐ।

**ਬਲੀਜੀਤ**-ਮੈਂ ਤਿੰਨ ਹਫ਼ਤੇ ਆਈਸੋਲੇਸ਼ਨ (isolation) 'ਚ ਰਿਹਾ। ਮੇਰੇ ਆਲੇ ਦੁਆਲੇ ਬਹੁਤ ਬੰਦੇ ਮਰੇ। ਮੈਂ ਇਸ ਸਮੇਂ ਬੜਾ ਕੁਝ ਭਿਆਨਿਕ ਵੇਖਿਆ। ਬੰਦਾ ਜਦੋਂ ਕਰੋਨਾ ਨਾਲ ਮਰਦਾ ਸੀ ਤਾਂ ਮੈਂ ਉਸ ਸਥਿਤੀ ਨੂੰ ਬੜੇ ਧਿਆਨ ਨਾਲ ਵੇਖਦਾ ਸਾਂ। ਤੁਸੀਂ ਵੇਖੋ ਕਿ ਮੈਨੂੰ ਐਨਾ ਅਨੁਭਵ ਸੀ ਪਰ ਮੈਂ ਕਰੋਨਾ ਬਾਰੇ ਕਹਾਣੀ ਨਹੀਂ ਲਿਖ ਸਕਿਆ। (ਹਾਸਾ) ਤੁਸੀਂ ਵੇਖੋ ਮੈਂ ਮੌਕੇ ਦਾ ਅਫ਼ਸਰ ਸੀ। ਜਿਹੜੇ ਕਰੋਨਾ ਨਾਲ ਮਰ ਰਹੇ ਸਨ, ਉਨ੍ਹਾਂ ਦਾ ਡਾਟਾ ਇਕੱਠਾ ਕਰਨ ਲਈ ਡੀ ਸੀ ਨੇ ਮੇਰੀ ਡਿਊਟੀ ਲਾਈ। ਕਿ ਤੁਸੀਂ ਮੈਨੂੰ ਇਹ ਦੱਸਣਾ ਕਿ ਇਲਾਕੇ ਵਿਚ ਇਸ ਨਾਲ ਕਿੰਨੀਆਂ ਮੌਤਾਂ ਹੋਈਆਂ ਤੇ ਸ਼ਮਸ਼ਾਨ ਘਾਟ ਵਿਚ ਮੁਰਦੇ ਕਿੰਨੇ ਫੂਕੇ ਨੇ। ਮੈਂ ਅੱਗੇ ਆਪਣੇ ਸੈਕਟਰੀ ਲਾ ਦਿੱਤੇ। ਉਹ ਸਾਨੂੰ ਕੁਝ ਰਿਪੋਰਟ ਕਰਦੇ ਅਸੀਂ ਅੱਗੇ ਹੋਰ ਦੱਸਦੇ।

**ਰਸੂਲਪੁਰੀ**-ਫਿਰ ਤਾਂ ਤੁਸੀਂ ਕਰੋਨਾ ਕਾਲ ਦੀਆਂ ਵੀਹ ਪੱਚੀ ਕਹਾਣੀਆਂ ਤਾਂ ਲਿਖ ਹੀ ਸਕਦੇ ਹੋ। ਕੇਸਰਾ ਰਾਮ ਨੇ ਕਰੋਨਾ ਤੇ ਚਾਰ-ਪੰਜ ਕਹਾਣੀਆਂ ਲਿਖੀਆਂ। ਇਕ ਨਾਵਲ ਕੜਿਆਲਵੀ ਨੇ ਲਿਖਿਆ।

**ਸ਼ਬਦੀਸ਼**-ਸੰਤਾਲੀ ਤੋਂ ਬਾਅਦ ਕੁਲਵੰਤ ਸਿੰਘ ਵਿਰਕ ਸਾਹਿਬ ਦੀ ਇਹ ਡਿਊਟੀ ਲੱਗੀ ਕਿ ਏਧਰ ਰਹਿ ਗਈਆਂ ਮੁਸਲਮਾਨ ਔਰਤਾਂ ਨੂੰ ਲੱਭਣ ਦੀ। ਪਰ ਇਸ ਮਸਲੇ ਬਾਰੇ ਉਨ੍ਹਾਂ ਦੀ ਪ੍ਰਸਿੱਧ ਕਹਾਣੀ 'ਖੱਬਲ' ਵੀ ਹੈ। ਉਹਦੇ ਕੋਲ ਕਿੰਨੀਆਂ ਕਹਾਣੀਆਂ ਹੋਣਗੀਆਂ ਜਿਹੜੀਆਂ ਉਸ ਨੇ ਔਰਤਾਂ ਦੀ ਜ਼ੁਬਾਨੀ ਸੁਣੀਆਂ। ਪਰ ਉਹਨੇ ਇਕ ਹੀ ਕਹਾਣੀ ਲਿਖੀ। ਹੁਣ 'ਖੱਬਲ' ਕਹਾਣੀ ਕਦੇ ਮਰ ਸਕਦੀ ਐ? ਜਾਂ ਵਿਰਕ ਦੀ 'ਤੂੜੀ ਦੀ ਪੰਡ' ਕਦੇ ਮਰ ਸਕਦੀ ਐ? ਬਈ ਹੁਣ ਜਾਤ ਪਾਤ ਦੀ ਪੰਡ ਬੱਝੀ ਨਹੀਂ ਰਹਿਣੀ। ਜਿਨ੍ਹਾਂ ਲੋਕਾਂ ਨੂੰ ਤੁਸੀਂ ਸਦੀਆਂ ਤੋਂ ਗੁਲਾਮ ਬਣਾ ਰੱਖਿਆ, ਉਨ੍ਹਾਂ ਨੇ ਗੁਲਾਮ ਨਹੀਂ ਰਹਿਣਾ।

**ਸੁਖਪਾਲ ਕੌਰ**-ਮੈਨੂੰ ਫਿਰ ਬਲੀਜੀਤ ਦੀ ਕਹਾਣੀ 'ਨੂਣ' ਚੇਤੇ ਆਉਂਦੀ ਐ। ਮੈਂ ਕਹਾਣੀ ਪੜ੍ਹ ਕੇ ਕਿੰਨਾ ਚਿਰ ਸੋਚਦੀ ਰਹੀ ਕਿ ਉਹ ਪਾਤਰ ਮੱਝ ਨਾਲ ਲਗਾਓ ਕਿਵੇਂ ਦਾ ਕਰ ਰਹੇ ਨੇ। ਤੇ ਮੱਝ ਜਾਂ ਕੱਟੀ ਕਿਵੇਂ ਕਹਾਣੀ ਵਿਚ ਵਿਚਰਦੀ ਐ। ਉਸ ਕਹਾਣੀ 'ਚ ਐਨਾ ਕੁਝ ਅਣਕਿਹਾ ਸੀ ਕਿ ਪਾਠਕ ਨੂੰ ਸੋਚਣ ਲਈ ਮਜ਼ਬੂਰ ਕਰਦਾ ਸੀ। ਪਾਠਕ ਪੜ੍ਹਦਾ ਪੜ੍ਹਦਾ ਕਈ ਵਾਰ ਸੋਚਦਾ ਕਿ ਯਾਰ ਏਥੇ ਆਹ ਗੱਲ ਕਿਵੇਂ ਹੋ ਗਈ। ਆਹ ਘਟਨਾ ਕਿਵੇਂ ਵਾਪਰ ਗਈ। ਇਕ ਜਸਬੀਰ ਭੁੱਲਰ ਦੀ ਕਹਾਣੀ 'ਥਾਰ ਦੇ ਫੁੱਲ' ਮੈਨੂੰ ਬਹੁਤ ਚੰਗੀ ਲੱਗੀ ਕਿ ਬੰਦਾ ਕਦੇ ਵੀ ਹਾਰਦਾ ਨਹੀਂ। ਫੌਜੀ ਅਨੁਭਵ ਬਾਰੇ ਕਹਾਣੀ ਹੈ। ਬੰਦਾ ਬਹੁਤ ਕੁਝ ਗਵਾ ਕੇ ਵੀ ਜਿਉਂਦਾ ਰਹਿੰਦਾ। ਕਾਫੀ ਦੇਰ ਪਹਿਲਾਂ ਦੀਪਤੀ ਬਬੂਟਾ ਦੀ ਕਹਾਣੀ 'ਡਾਂਸ ਫਲੋਰ' ਪੜ੍ਹੀ ਸੀ। ਉਹ ਵੀ ਹੱਟ ਕੇ ਲਿਖੀ ਗਈ ਬਹੁਤ ਕਮਾਲ ਦੀ ਕਹਾਣੀ ਲੱਗੀ। ਕੁਲਬੀਰ ਬਡੇਸਰੋਂ ਨੇ ਫਿਲਮੀ ਜ਼ਿੰਦਗੀ ਬਾਰੇ ਕਮਾਲ ਦੀਆਂ ਕਹਾਣੀਆਂ ਲਿਖੀਆਂ ਨੇ। ਬਾਕੀ ਰਸੂਲਪੁਰੀ ਦੀ 'ਠੇਡਾ' ਕਹਾਣੀ ਹੈ।

ਬਦਲ ਰਹੇ ਦਲਿਤ ਲੋਕਾਂ ਦੀ ਉਨ੍ਹਾਂ ਗੱਲ ਕੀਤੀ ਏ। ਹਾਂ ਗੁਰਮੀਤ ਪਨਾਗ ਦੀ ਮੈਂ ਇਕ ਕਹਾਣੀ 'ਦੇਹ ਦਾ ਰੁੱਖ' ਪੜ੍ਹੀ ਸੀ। ਜਿਹਦੇ ਵਿਚ ਇਕ ਕੁੜੀ ਦੀ ਜਿਹਨੂੰ ਰੀ-ਹੈਬਇਟੇਟ (rehabitat) ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਐ। ਅੱਜ ਦੇ ਦੌਰ ਦੀਆਂ ਕੁਝ ਚੰਗੀਆਂ ਕਹਾਣੀਆਂ ਹੈਗੀਆਂ ਹਨ।

**ਰਸੂਲਪੁਰੀ**-ਹੁਣ ਆਪਾਂ ਇਹ ਮੰਨ ਕੇ ਚੱਲੀਆਂ ਕਿ ਕਹਾਣੀਕਾਰ ਨੂੰ ਲਿਖਣ ਲੱਗਿਆ ਕਾਹਲ ਨਹੀਂ ਕਰਨੀ ਚਾਹੀਦੀ।

**ਬਲੀਜੀਤ**-ਕਾਹਲ ਦਾ ਤਾਂ ਕੋਈ ਮਸਲਾ ਹੀ ਨਹੀਂ। ਸੁਖਪਾਲ ਨੇ ਮੇਰੀ 'ਨੂਣ' ਕਹਾਣੀ ਦੀ ਗੱਲ ਕੀਤੀ ਹੈਗੀ ਐ। ਮੈਂ ਉਸ ਵੇਲੇ ਇਕ ਬੱਚੇ ਦੇ ਤੌਰ ਤੇ ਉਸ ਮੱਝ ਨੂੰ ਵੇਖਿਆ ਸੀ। ਉਸ ਬੁੱਢੇ ਨੂੰ ਵੀ। ਇਸ ਗੱਲ ਨੂੰ 55 ਸਾਲ ਹੋ ਗਏ। ਜਦੋਂ ਇਹ ਕਹਾਣੀ 'ਕਹਾਣੀ ਧਾਰਾ' 'ਚ ਛਪੀ ਤਾਂ ਮੈਨੂੰ ਅੰਮ੍ਰਿਤਸਰ ਤੋਂ ਅਰਵਿੰਦਰ ਕੌਰ ਧਾਲੀਵਾਲ ਦਾ ਫੋਨ ਆਇਆ ਉਹਨੇ ਕਿਹਾ ਕਿ ਬੜੀ ਦੇਰ ਬਾਅਦ ਮੈਂ ਕੋਈ ਚੰਗੀ ਕਹਾਣੀ ਪੜ੍ਹੀ ਐ। ਮੇਰੇ ਮਨ 'ਚ ਉਦੋਂ ਆਇਆ ਕਿ ਯਾਰ ਬੜੀ ਦੇਰ ਤੋਂ ਕਿਸੇ ਨੇ ਕੋਈ ਚੰਗੀ ਕਹਾਣੀ ਲਿਖੀ ਨਹੀਂ? (ਹਾਸਾ) (ਸੁਖਪਾਲ ਕੌਰ-(ਵਿਚੋਂ ਟੋਕ ਕੇ) ਮੈਨੂੰ ਚੰਗੀ ਕਹਾਣੀ ਉਹੀ ਲੱਗਦੀ ਐ ਕਿ ਬੰਦਾ ਕਹਾਣੀ ਪੜ੍ਹ ਕੇ ਦੋ ਤਿੰਨ ਮਿੰਟ ਸੋਚੇ ਜ਼ਰੂਰ ਬਈ ਆਹ ਹੋ ਕੀ ਗਿਆ। ਕਹਾਣੀਕਾਰ ਨੇ ਲਿਖ ਕੀ ਦਿੱਤਾ। ਮੈਂ ਤਾਂ ਇਹੀ ਸੋਚੀ ਜਾਂਦੀ ਸੀ ਯਾਰ ਇਸ ਬੰਦੇ ਨੇ ਮੱਝ ਦਾ ਕਰੈਕਟਰ ਕਿਆ ਕਮਾਲ ਦਾ ਪੇਸ਼ ਕੀਤਾ ਐ। ਜਦੋਂ ਉਹ ਕਹਿੰਦੀ ਐ ਬਈ ਮਸਤੀ ਹੋਈ ਘੁੰਮਦੀ ਫਿਰਦੀ ਐ ਭੱਜ ਜਾਣ ਨੂੰ।) ...ਤੁਸੀਂ ਵੇਖੋ ਕਹਾਣੀ 'ਚ ਪ੍ਰਸਿੰਨੀ ਨੇ ਉਹਨੂੰ ਮਸ਼ਕਰੀ ਕੀਤੀ ਕਿ ਹੁਣ ਤੂੰ ਟਿਕ ਜਾਵੀਂ। ਉਸ ਕੱਟੀ ਜੰਮ ਕੇ ਅੱਗੋਂ ਉਹਨੂੰ ਮਸ਼ਕਰੀ ਕਰ ਦਿੱਤੀ। (ਹਾਸਾ) ਸੋ ਮੈਂ ਕਹਿੰਦਾ ਕਹਾਣੀ ਦਾ ਕੋਈ ਸ਼ਾਸ਼ਤਰ ਕੋਈ ਤੰਤਰ ਤੁਹਾਨੂੰ ਕਹਾਣੀ ਦੇ ਗੁਰ ਨਹੀਂ ਦੱਸ ਸਕਦਾ। ਬਈ ਕਹਾਣੀ ਕਿਵੇਂ ਲਿਖਣੀ ਐ। ਜਿਹੜੀ ਧੁਰੋ ਕਹਾਣੀ ਬਣ ਕੇ ਆ ਜਾਂਦੀ ਐ ਉਹਦੀ ਕੋਈ ਰੀਸ ਨਹੀਂ। ਮੇਰੀ ਇਹ 90 ਪੰਨਿਆਂ ਦੀ ਕਹਾਣੀ ਸੀ। ਜਿਹੜੀ ਮੈਂ ਕੱਟ ਵੱਢ ਕਰਕੇ ਰੀਣ ਕੁ ਕਰ ਦਿੱਤੀ। ਤੇ ਪਾਠਕਾਂ ਨੇ ਸਿਰ 'ਤੇ ਚੁੱਕ ਲਈ।

**ਰਸੂਲਪੁਰੀ**-ਫਿਰ ਆਪਾ ਇਹ ਕਹੀਏ ਕਿ ਜਿਹੜੀਆਂ ਗੱਲਾਂ ਬੰਦੇ ਦੇ ਅਵਚੇਤਨ ਵਿਚ ਚਲਦੀਆਂ ਉਹੀ ਕਹਾਣੀ ਹੁੰਦੀ ਐ।

**ਸ਼ਬਦੀਸ਼**-ਵੇਖੋ ਗੱਲਾਂ ਚੱਲਣੀਆਂ ਤਾਂ ਲੇਖਕ ਰਾਹੀਂ ਹਨ ਵੇਖਣਾ ਇਹ ਹੈ ਕਿ ਲੇਖਕ ਉਸ ਅਵਚੇਤਨ ਨੂੰ ਖੋਲ੍ਹ ਕਿਵੇਂ ਰਿਹਾ।

**ਸੁਖਪਾਲ ਕੌਰ**-ਗੱਲ ਤਾਂ ਇਹ ਆ ਬਈ ਜਦੋਂ 'ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ' ਕਹਾਣੀ 'ਚ ਔਰਤ ਪਾਤਰ ਗੱਲਾਂ ਕਰਦੀ ਆ ਤਾਂ ਉੱਥੇ ਉਹਦਾ ਅਵਚੇਤਨ ਖੁੱਲ੍ਹ ਰਿਹਾ ਹੁੰਦਾ, ਖੋਲ੍ਹ ਲੇਖਕ ਹੀ ਰਿਹਾ ਐ।

**ਸ਼ਬਦੀਸ਼**-ਹੁਣ 'ਡਲਿਵਰੀ ਮੈਨ' 'ਚ ਅਲੈਕਸਾ ਦੇ ਡਾਇਲਾਗ ਤਾਂ ਭਗਵੰਤ ਨੇ ਹੀ ਘੜੇ ਐ।

ਸੁਖਪਾਲ ਕੌਰ-(ਵਿਚੋਂ ਟੋਕ ਕੇ) ਉਥੇ ਵੀ ਅਲੈਕਸਾ ਰਾਹੀਂ ਮੈਡਮ ਪ੍ਰੋ. ਦਾ ਅਵਚੇਤਨ ਹੀ ਖੁੱਲ੍ਹ ਰਿਹਾ ਹੈ। ਜਦੋਂ ਉਹ ਕਹਿੰਦੀ ਐ ਕਿ ਅਲੈਕਸਾ ਤੁਮੇ ਰੋਣਾ ਨਹੀਂ ਆਤਾ? ਉਹ ਕਹਿੰਦੀ ਆ ਮੈਂ ਰੋਣਾ ਨਹੀਂ ਜਾਣਤੀ। ਮੈਂ ਇਹੀ ਕਹਿੰਦੀ ਆ ਕਿ ਲੇਖਕ ਹਰ ਥਾਂ ਹਾਜ਼ਰ ਹੁੰਦਾ ਐ।


**ਰਸੂਲਪੁਰੀ**-ਦੋਸਤੋਂ ਆਪਾਂ ਭਾਵੇਂ ਚਾਰ ਜਣੇ ਆ ਫਿਰ ਵੀ ਆਪਾਂ ਪੰਜਾਬੀ ਕਹਾਣੀ 'ਤੇ ਖੁੱਲ੍ਹ ਕੇ ਗੱਲਾਂ ਕੀਤੀਆਂ ਨੇ। ਹੁਣ ਤੱਕ ਸਾਡੇ ਕੋਲ ਦੋ ਘੰਟੇ ਦੀ ਰਿਕਾਡਿੰਗ ਹੋ ਗਈ ਐ। ਪੰਜਾਬੀ ਕਹਾਣੀ ਬਾਰੇ ਸਾਡੀਆਂ ਧਾਰਨਾਵਾਂ ਕੋਈ ਅੰਤਮ ਧਾਰਨਾਵਾਂ ਨਹੀਂ। ਇਸ ਗੋਸ਼ਟੀ ਨੂੰ ਪੜ੍ਹ ਕੇ ਪਾਠਕਾਂ ਦੇ ਮਨਾਂ ਵਿਚ ਪੰਜਾਬੀ ਕਹਾਣੀ ਬਾਰੇ ਕੁਝ ਸਵਾਲ ਪੈਦਾ ਹੋਣਗੇ। ਉਹ ਵੀ ਆਪਸ ਵਿਚ ਸੰਵਾਦ ਰਚਾਉਣਗੇ। ਇੱਕੀਵੀਂ ਸਦੀ ਦੀ ਕਹਾਣੀ ਪੜ੍ਹਨ ਦੀ ਆਪਣੀ ਨਿੱਜੀ ਸਮਝ ਵੀ ਬਣਾਉਣਗੇ। ਧੰਨਵਾਦ!!!

**(ਸਕ੍ਰਿਪਟ: ਭਗਵੰਤ ਰਸੂਲਪੁਰੀ ਵੱਲੋਂ ਤਿਆਰ ਕੀਤੀ ਗਈ ਏ)**

*ਲਹਿੰਦੇ ਪੰਜਾਬੀ ਰੰਗ ਵਿੱਚ ਬਦੇਸੀ ਕਹਾਣੀਆਂ-1*

**ਪੋਲਿਸ਼ ਕਹਾਣੀ**

# ਪੰਖ ਮੁਕਟ


ਈਸਹਾਕ ਬਸ਼ੇਵਿਸ ਸਿੰਗਰ


ਜੋਗਿੰਦਰ ਪਾਲ ਮਾਨ

## ਈਸਹਾਕ ਬਸ਼ੇਵਿਸ ਸਿੰਗਰ
## ਉਲਥਾਕਾਰ: ਮਕਸੂਦ ਸਾਕਿਬ
## ਲਿਪਾਂਤਰ: ਜੋਗਿੰਦਰ ਪਾਲ ਮਾਨ

ਕਰੈਸਨੋ ਬਰੌਡ ਬ੍ਰਾਦਰੀ ਦੇ ਆਗੂ ਨਫ਼ਤਾਲੀ ਰੇਬ ਦਾ ਬੁੱਢੀ ਉਮਰੇ ਧੀ ਪੁੱਤਰ ਕੋਈ ਨਹੀਂ ਸੀ। ਇਕ ਧੀ ਜਣੇਪੇ ਵਿਚ ਮਰ ਗਈ, ਦੂਜੀ ਨੂੰ ਅਸਲੋਂ ਨਿੱਕੀ ਜਿੰਨੀ ਨੂੰ ਹੈਜ਼ੇ ਝੱਪ ਲਿਆ। ਪੁੱਤਰ ਘੋੜੇ ਉੱਤੇ ਦਰਿਆ ਪਾਰ ਕਰਦਾ ਡੁੱਬ ਮੋਇਆ। ਝੁੱਗੇ 'ਚੋਂ ਇਕ ਦੋਹਤਰੀ ਹੀ ਸਾਸੂ ਅਕਸਾ... ਮਾਂ ਪਿਉ ਮਹਿੱਟਰ ਬਾਲੜੀ। ਯਸ਼ੇਵਾ (ਯਹੂਦੀ ਇਬਾਦਤ ਘਰਾਂ ਨਾਲ ਬਣੇ ਪਾਠਸ਼ਾਲੇ) ਵਿਚ ਬਾਲੜੀਆਂ ਨੂੰ ਪੜ੍ਹਾਣ ਦਾ ਰਿਵਾਜ ਨਹੀਂ ਸੀ। ਉਂਜ ਵੀ ਬਾਤਸ਼ਾਹਜ਼ਾਦੀਆਂ ਨੂੰ ਕੀਹ ਪਈ ਸੀ ਵਾਧੂ ਪਿੱਟਣੇ ਸਹੇੜਨ ਦੀ ਤੇ ਯਹੂਦੀ ਕੁੜੀਆਂ ਸਨ ਈ ਸਾਰੀਆਂ ਬਾਤਸ਼ਾਹਜ਼ਾਦੀਆਂ!

ਅਕਸਾ ਘਰੇ ਪੜ੍ਹਦੀ। ਉਹਦਾ ਸੋਹਣ ਸਿਆਣਪ ਤੇ ਆਹਰ-ਉੱਦਮ ਹਰ ਕਿਸੇ ਨੂੰ ਮੋਹ ਲੈਂਦਾ। ਰੰਗ ਉਹਦਾ ਗੋਰਾ ਚਿੱਟਾ, ਵਾਲ਼ ਕਾਲ਼ੇ ਤੇ ਅੱਖਾਂ ਨੀਲੀਆਂ ਸਨ।

ਰੇਬ ਨਫ਼ਤਾਲੀ ਕੋਲ਼ ਸ਼ਹਿਜ਼ਾਦੇ ਜ਼ਾਰਤੋਇਸਕੀ ਦੀ ਜਾਗੀਰ ਸੀ। ਉਹਨੇ ਵੀਹ ਹਜ਼ਾਰ ਤੇ ਆਪਣੀ ਜ਼ਮੀਨ ਰੇਬ ਨਫ਼ਤਾਲੀ ਅੱਗੇ ਸਦਾ ਲਈ ਗਹਿਣੇ ਪਾ ਛੱਡੀ ਸੀ। ਰੇਬ ਨਫ਼ਤਾਲੀ ਨੇ ਆਪ ਈ ਇਕ ਘਰਾਟ (ਪਣ ਚੱਕੀ) ਇਕ ਕਲਾਲ ਖਾਨਾ (ਸ਼ਰਾਬ ਫੈਕਟਰੀ) ਬਣਾ ਲਈ ਤੇ ਅੱਸੀ ਕਿੱਲੇ ਹਾਪ (ਰੁੱਖ ਜੀਹਦੇ ਫ਼ਲ਼ ਦੀ ਸ਼ਰਾਬ ਨੂੰ ਪੁੱਠ ਲਾਂਦੇ ਨੇ) ਗੱਡ ਛੱਡਿਆ। ਉਹਦੀ ਸਵਾਣੀ ਨੀਸ਼ਾ ਪਰਾਗ ਦੇ ਇਕ ਅਮੀਰ ਘਰਾਣੇ ਤੋਂ ਸੀ। ਅਕਸਾ ਦੀ ਪੜ੍ਹਾਈ ਲਿਖਾਈ ਲਈ ਉਨ੍ਹਾਂ ਨੂੰ ਚੰਗੇ ਮਾਸਟਰਾਂ ਦਾ ਕੋਈ ਘਾਟਾ ਨਹੀਂ ਸੀ। ਬਾਈਬਲ ਤੇ ਫਰਾਂਸੀਸੀ ਦੇ ਦੂੰਹ ਮਾਸਟਰਾਂ ਦੇ ਨਾਲ਼ ਉਹਨਾਂ ਪਿਆਨੋ ਤੇ ਨਾਚ ਦੇ ਦੋ ਉਸਤਾਦ ਵੀ ਰੱਖੇ ਹੋਏ ਸਨ। ਅਕਸਾ ਕੋਈ ਸ਼ੈ ਵੀ ਸਿੱਖਦਿਆਂ ਚਿਰ ਨਾ ਲਾਂਦੀ। ਅੱਠਾਂ ਵਰ੍ਹਿਆਂ ਦੀ ਉਮਰੇ ਤਾਂ ਉਹ ਆਪਣੇ ਨਾਨੇ ਨਾਲ ਚੰਗਾ ਭਲਾ ਸ਼ਤਰੰਜ ਖੇਡ ਲੈਂਦੀ ਸੀ। ਰੇਬ ਨਫ਼ਤਾਲੀ ਨੂੰ ਉਹਦੇ ਦਿੱਤ-ਦਾਜ ਦੀ ਕੋਈ ਚਿੰਤਾ ਨਹੀਂ ਸੀ। ਕੱਲੀ ਕੱਲੀ ਉਹ ਈ ਤਾਂ ਵਾਰਸ ਸੀ ਉਹਦੀ।

ਪਹਿਲਾਂ ਪਹਿਲਾਂ ਅਕਸਾ ਲਈ ਕਈ ਸਾਕ ਆਏ ਪਰ ਉਹਦੀ ਨਾਨੀ ਨੀਸ਼ਾ ਕਿਸੇ ਇਕ ਤੇ ਨਾ ਮੰਨੀ। ਮੁੰਡਾ ਵੇਖਦਿਆਂ ਸਾਰ ਆਖ ਦੇਦੀਂ, "ਮੋਢਿਆਂ ਤੋਂ ਈ ਕਮਲ਼ਾ ਜਾਪਦਾ ਏ।" ਜਾਂ "ਮੱਥਾ ਸੌੜਾ ਸੂ!"

ਕਰਨੀ ਰੱਬ ਦੀ ਇਕ ਦਿਹਾੜੇ ਬੈਠਿਆਂ ਬਠਾਇਆਂ ਨੀਸ਼ਾ ਦਾ ਵੇਲ਼ਾ ਪੂਰਾ ਹੋ ਗਿਆ। ਰੇਬ ਨਫ਼ਤਾਲੀ ਅੱਸੀਆਂ ਨੂੰ ਅੱਪੜਿਆ ਖਲ੍ਹਾ ਸੀ। ਦੂਜਾ ਵਿਆਹ ਉਹ ਸੋਚ ਵੀ ਨਹੀਂ ਸੀ ਸਕਦਾ। ਦੁਨੀਆ ਦੇ ਨਾਲ ਨਾਲ ਉਹਨੇ ਆਪਣੇ ਆਪ ਨੂੰ ਦੀਨੀ ਆਹਰਾਂ ਦੇ ਧਿਆਨੇ ਲਾ ਲਿਆ। ਧੰਮੀ ਵੇਲੇ ਉੱਠਦਾ। ਤਾਲਮਦ (ਯਹੂਦੀ ਧਰਮ ਪੋਥੀ ਤੇ ਨਾਲੇ ਬੋਲੀ ਦਾ ਇਕ ਰੂਪ ਵੀ) ਪੜ੍ਹਦਾ। ਤਫ਼ਸੀਰਾ ਉੱਤੇ ਗਹੁ-ਵਿਚਾਰ ਕਰਦਾ ਤੇ ਧਰਮ ਬ੍ਰਾਦਰੀ ਦੇ ਵੱਡ ਵਡੇਰਿਆਂ ਨੂੰ ਚਿੱਠੀ ਚਪਾਠੀ ਕਰਦਾ। ਬੀਮਾਰਾਂ ਦੀ ਖ਼ਬਰਗੀਰੀ ਕਰਦਾ। ਹਫ਼ਤੇ ਵਿਚ ਦੋ ਦਿਨ ਅਕਸਾ ਨਾਲ "ਗ਼ਰੀਬ ਘਰ" ਜਾਂਦਾ। ਅਕਸਾ ਦਲ਼ੀਏ ਵਾਲਾ ਭਾਂਡਾ ਆਪ ਚਾ ਲੈਂਦੀ। ਕਈ ਵਾਰ ਤੇ ਉਹ ਬਾਹਵਾਂ ਕੁੰਜ ਕੇ ਲੋਕਾਂ ਦੇ ਬਿਸਤਰੇ ਵੀ ਵਿਛਾਣ ਲੱਗ ਪੈਂਦੀ।

ਹੁਨਾਲ ਰੁੱਤੇ ਦੁਪਹਿਰੀਂ ਸੌਣ ਮਗਰੋ ਨਫ਼ਤਾਲੀ ਬੱਘੀ ਜਆ ਕੇ ਪੈਲ਼ੀ ਬੰਨਾ ਤੇ ਪਿੰਡ ਵੇਖਣ ਨਿਕਲ ਪੈਂਦਾ। ਅਕਸਾ ਵੀ ਉਹਦੇ ਨਾਲ ਹੁੰਦੀ। ਰਾਹ ਵਿਚ ਉਹ ਅਕਸਾ ਨਾਲ ਹਰ ਨਿੱਕਾ-ਮੋਟਾ ਸਲਾਹ ਮਸ਼ਵਰਾ ਕਰਦਾ। ਲੋਕਾਂ ਨੂੰ ਪਤਾ ਸੀ, ਘਰ ਵਾਲੀ ਦੇ ਗੁਜ਼ਰ ਜਾਣ ਮਗਰੋ ਅਕਸਾ ਈ ਸੀ, ਜੇਹਦੀ ਗੱਲ ਨਫ਼ਤਾਲੀ ਚੋਖੇ ਧਿਆਨ ਨਾਲ ਸੁਣਦਾ ਸੀ।

ਅਕਸਾ ਏਸ ਗੱਲੋਂ ਬੜੀ ਕੜਮੀ ਸੀ, ਉਹਦੀ ਕੋਈ ਸਹੇਲੀ ਨਹੀਂ ਸੀ। ਉਹਦੀ ਨਾਨੀ ਜਿਊਂਦੀ ਸੀ ਤਾਂ ਉਹਨੇ ਵੀ ਬੜੇ ਜਤਨ ਕੀਤੇ ਕੋਈ ਕੁੜੀ ਉਹਦੀ ਦੋਹਤਰੀ ਦੀ ਸਹੇਲੀ ਬਣ ਜਾਏ। ਉਸ ਕੌੜਾ ਘੁੱਟ ਕਰ ਕੇ ਕਰੈਸਨੋ ਬਰੌਂਡ ਦੀਆਂ ਕੁੜੀਆਂ ਨੂੰ ਵੀ ਸੱਦ ਵੇਖਿਆ, ਪਰ ਕੋਈ ਵੀ ਅਕਸਾ ਦੀ ਤੱਕ ਉੱਤੇ ਨਾ ਪਈ। ਉਹਦੇ ਤੋਂ ਕੱਪੜੇ ਲੱਤੇ ਤੇ ਘਰ ਗ੍ਰਿਹਸਤੀ ਦੀਆਂ ਕਹਾਣੀਆਂ ਨਹੀਂ ਸਨ ਸੁਣੀਆਂ ਜਾਂਦੀਆਂ। ਉਸਤਾਦ ਸਨ ਤੇ ਉਹ ਬੰਦੇ, ਸਬਕ ਪੁੱਛਿਆ ਦੱਸਿਆ ਤੇ ਮੁੜ ਸਾਰਾ ਦਿਨ ਮੱਥੇ ਈ ਨਹੀਂ ਸੀ ਲੱਗਿਆ ਜਾ ਸਕਦਾ। ਰੇਬ ਨਫ਼ਤਾਲੀ ਦਾ ਆਪਣਾ ਜਿਊਣਾ ਬੜਾ ਭਰਪੂਰ ਸੀ। ਕਈਂ ਵੱਡੇ ਵੱਡੇ ਬੰਦਿਆਂ ਨਾਲ ਉਹਦਾ ਮੇਲ ਮਿਲਾਪ ਰਿਹਾ ਸੀ। ਵਾਰਸਾ, ਕਰੀਕੋ, ਡੈਨਜ਼ਬਰਗ ਦਾ ਕੋਈ ਵੀ ਮੇਲਾ ਅਜਿਹਾ ਨਹੀਂ ਸੀ ਜਿੱਥੇ ਉਹ ਕਈਂ ਕਈਂ ਵਰ੍ਹੇ ਨਾ ਜਾਂਦਾ ਰਿਹਾ ਹੋਵੇ। ਉਹ ਅਕਸਾ ਨੂੰ ਘੰਟਿਆਂ ਬੱਧੀ ਰਬੀਆਂ ਤੋਂ ਲੈ ਕੇ ਵੱਡੇ ਵੱਡੇ ਰਾਜਿਆਂ ਮਹਾਂਰਾਜਿਆਂ ਦੀਆਂ ਵੰਨ ਪਵੰਨੀਆਂ ਕਹਾਣੀਆਂ ਸੁਣਾਉਂਦਾ ਰਹਿੰਦਾ। ਅਕਸਾ ਬੜੀ ਨਿਹਾਲ ਹੁੰਦੀ। ਬਾਅਜ਼ੇ ਵੇਲੇ ਤੇ ਉਹ ਨਾਨੇ ਦੀਆਂ ਅੱਖਾਂ ਤੇ ਬੱਗੀ ਦਾੜ੍ਹੀ ਚੁੰਮਦਿਆਂ ਏਥੋਂ ਤੀਕਰ ਆਖ ਦੇਂਦੀ, "ਤੁਸੀਂ ਕਦੀਂ ਮੇਰੇ ਨਾਨਾ ਜੀ ਨਾ ਹੁੰਦੇ ਤਾਂ ਮੈਂ ਤੁਹਾਡੇ ਨਾਲ ਵਿਆਹ ਕਰ ਲੈਣਾ ਸੀ।"

ਰੇਬ ਨਫ਼ਤਾਲੀ ਅੱਗੋਂ ਆਂਹਦਾ , "ਪੋਲੈਂਡ ਵਿਚ ਬੰਦਿਆਂ ਦਾ ਕਾਲ਼ ਨਹੀਂ, ਵਧੀਆ ਗੱਲਾਂ ਕਰਨ ਵਾਲ਼ੇ ਸੋਹਣੇ ਗੱਭਰੂ ਤੇ ਮਿਉਂਦੇ ਨਹੀਂ।"

"ਕਿੱਥੇ ਨਾਨਾ ਜੀ?"

ਨਾਨੀ ਦੇ ਚਲਾਣੇ ਪਿਛੋਂ ਅਕਸਾ ਆਪਣੇ ਰਿਸ਼ਤੇ ਬਾਰੇ ਕਿਸੇ ਦੀ ਸਲਾਹ ਨੂੰ ਕੋਈ ਵੁੱਕਅਤ ਨਾ ਦੇਂਦੀ। ਹੋਰ ਤੇ ਹੋਰ ਉਹ ਆਪਣੇ ਨਾਨੇ ਨੂੰ ਵੀ ਨਾ ਮੰਨਦੀ। ਜਿਵੇਂ ਨਾਨੀ ਦੀ ਨਜ਼ਰ ਝੱਟ ਅਗਲਿਆਂ ਦੇ ਮਾੜੇ ਪੱਖ ਤੇ ਈ ਪੈਂਦੀ ਸੀ ਇੰਜੇ ਈ ਨਫ਼ਤਾਲੀ ਨੂੰ ਚੰਗੇ ਪੱਖਾਂ ਤੋਂ ਬਿਨਾ ਕੁਝ ਨਹੀਂ ਸੀ ਦਿਸਦਾ। ਅਕਸਾ ਨੇ ਨਾਨੇ ਨੂੰ ਰਾਜੀ ਕਰ ਲਿਆ ਸੀ ਬਈ ਜਿਹੜਾ ਵੀ ਰਿਸ਼ਤਾ ਆਵੇ ਉਹਨੂੰ ਸਿੱਧਾ ਸਾਹਵਾਂ ਉਹਦੇ ਨਾਲ ਮਿਲਣ ਦਿੱਤਾ ਜਾਵੇ। ਸੋ ਜਿਹੜੇ ਮੁੰਡੇ ਦਾ ਰਿਸ਼ਤਾ ਆਉਂਦਾ ਉਹਨੂੰ ਬੁਲਾ ਕੇ ਇਕ ਵੱਡੇ ਸਾਰੇ ਕਮਰੇ ਵਿਚ ਅਕਸਾ ਦੇ ਮੱਥੇ ਲਾ ਦਿੱਤਾ ਜਾਂਦਾ। ਇਕ ਉੱਚਾ ਸੁਣਨ ਵਾਲ਼ੀ ਬੁੱਢੀ ਨੌਕਰਾਣੀ ਨੂੰ ਖੁੱਲ੍ਹੇ ਬੂਹੇ ਵਿਚ ਬਹਾ ਦਿੱਤਾ ਜਾਂਦਾ ਜੋ ਧਿਆਨ ਰੱਖੇ ਮੁਲਾਕਾਤ ਲੰਮੀ ਨਾ ਹੋ ਸਕੇ, ਦੂਜਾ ਕੁੜੀ ਮੁੰਡੇ ਵਿਚਾਲੇ ਕੋਈ ਮਾੜੀ ਗੱਲ ਨਾ ਵਾਪਰੇ। ਅਕਸਾ ਮਸਾਂ ਈ ਕੁਝ ਮਿੰਟ ਬੈਠਦੀ। ਬਹੁਤੇ ਮੁੰਡੇ ਖੁੰਡੇ ਈ ਨਿਕਲਦੇ। ਕੁਝ ਛੋਹਲ਼ੇ ਬਣ ਕੇ ਹੋਛੇ ਮਖ਼ੌਲ ਕਰਨ ਲੱਗ ਪੈਂਦੇ। ਏਹੋ ਜੇਹਿਆਂ ਨੂੰ ਅਕਸਾ ਆਪ ਈ ਝਟਾ ਪਟ ਟੁਰਦਾ ਕਰ ਦੇਂਦੀ। ਅਜਬ ਗੱਲ ਸੀ ਉਹਦੀ ਨਾਨੀ ਹਾਲ਼ੇ ਵੀ ਉਹਨੂੰ ਆਪਣੀ ਰਾਅ ਦੇਂਦੀ ਸੀ। ਇਕ ਵਾਰ ਤੇ ਅਕਸਾ ਨੇ ਸਾਫ਼ ਈ ਸੁਣਿਆ, "ਏਹਦੀ ਬੂਥੀ ਜਿਵੇਂ ਸੂਰ ਦੀ ਹੁੰਦੀ ਏ।" ਇਕ ਵਾਰੀ ਫੇਰ ਉਹਨੇ ਨਾਨੀ ਨੂੰ ਇਹ ਆਖਦਿਆਂ ਸੁਣਿਆਂ, "ਇਹਨੇ ਕਿਤਾਬ ਵਿਚੋਂ ਖ਼ਤ ਰੱਟੇ ਹੋਏ ਨੇ।"

ਅਕਸਾ ਨੂੰ ਪੱਕ ਸੀ, ਇਹ ਗੱਲਾਂ ਉਹਦੀ ਨਾਨੀ ਦੀਆਂ ਨਹੀਂ ਸਨ। ਕੋਈ ਮੁਰਦਾ ਕਿਵੇਂ ਰਿਸ਼ਤਿਆਂ ਬਾਰੇ ਸਲਾਹ ਦੇਣ ਲਈ ਕਬਰਾਂ ਵਿਚੋਂ ਆ ਸਕਦਾ ਏ। ਪਰ ਵਾਜ ਤੇ ਬੋਲਣ ਢੰਗ ਸਗਵਾਂ ਉਹਦੀ ਨਾਨੀ ਵਾਲ਼ਾ ਸੀ। ਉਹ ਆਪਣੇ ਨਾਨੇ ਨਾਲ ਗੱਲ ਕਰਨਾ ਚਾਂਹਦੀ ਸੀ ਪਰ ਝਕ ਜਾਂਦੀ ਬਈ ਨਾਨਾ ਇਕ ਤਾਂ ਉਹਨੂੰ ਸ਼ਦਾਇਣ ਸਮਝਸੀ ਦੂਜਾ ਐਵੇਂ ਉਹਦਾ ਦੁੱਖ ਸੱਜਰਾ ਪਿਆ ਹੋਸੀ।

ਰੇਬ ਨਫ਼ਤਾਲੀ ਨੇ ਜਦੋਂ ਵੇਖਿਆ ਅਕਸਾ ਕਿਸੇ ਦੀ ਲੱਤ ਈ ਨਹੀਂ ਸੀ ਲੱਗਣ ਦੇਂਦੀ ਤਾਂ ਉਹ

ਚਿੰਤਾਵੰਦ ਰਹਿਣ ਲੱਗ ਪਿਆ। ਅਕਸਾ ਦਾ ਪੈਰ ਉਨ੍ਹੀਵੇਂ ਵਰ੍ਹੇ ਵਿਚ ਸੀ। ਕਰੈਸਨੋ ਬਰੌਡ ਦੇ ਲੋਕ ਹੁਣ ਗੱਲਾਂ ਕਰਦੇ, "ਇਹ ਤੇ ਕੋਈ ਸੂਰਮਾ ਆਵੇ ਕਿੱਧਰੋਂ ਚਿੱਟੇ ਦੁੱਧ ਘੋੜੇ ਤੇ ਚੜ੍ਹਿਆ ਤੇ ਏਹਨੂੰ ਵਿਆਹ ਖੜੇ। ਜਾਂ ਫੇਰ ਅਰਸ਼ਾਂ ਤੋਂ ਕੋਈ ਚੰਨ ਦਾ ਟੋਟਾ ਲਹਿ ਪਵੇ ਏਹਦੇ ਜੋਗਾ। ਓੜਕ ਏਹਨੇ ਘਰੇ ਬੈਠੀ ਨੇ ਬੁੱਢਿਆਂ ਹੋ ਜਾਣਾ ਏ!"

ਰੇਬ ਨਫ਼ਤਾਲੀ ਨੇ ਆਪਣੇ ਦਿਲ ਵਿਚ ਮਿੱਥ ਲਿਆ ਜੋ ਉਹਨੇ ਅਕਸਾ ਨੂੰ ਪੁੱਛੇ ਬਿਨਾ ਵਿਆਹ ਦੇਣਾ ਏ। ਉਹ ਇਕ ਯਸ਼ੇਵਾ ਵਿਚ ਗਿਆ ਤੇ ਜ਼ਮਾਖ਼ ਨਾਂ ਦੇ ਇਕ ਯਤੀਮ ਪਰ ਬਹੁੰ ਪੜ੍ਹੇ ਲਿਖੇ ਮੁੰਡੇ ਨੂੰ ਫੜ ਲਿਆਇਆ। ਜ਼ਮਾਖ਼ ਪੱਖੀਵਾਸਾਂ ਵਾਕਣ ਪੱਕੇ ਰੰਗ ਦਾ ਸੀ, ਮਧਰਾ ਜੇਹਾ ਤੇ ਚੌੜੇ ਮੋਢਿਆਂ ਵਾਲਾ, ਸਿਰ ਉੱਤੇ ਮੋਟੀਆਂ ਮੋਟੀਆਂ ਜਟਾਂ ਜੇਹੀਆਂ। ਦਿਨ ਵਿਚ ਅਠਾਰਾਂ ਅਠਾਰਾਂ ਘੰਟੇ ਪੜ੍ਹਨ ਨਾਲ ਉਹਦੀ ਨਜ਼ਰ ਰਹਿ ਗਈ ਹੋਈ ਸੀ। ਕਰੈਸਨੋ ਬਰੌਡ ਉਹ ਪਿੱਛੋਂ ਵੜਿਆ ਤੇ ਉਥੋਂ ਦੀ ਲਾਇਬਰੇਰੀ ਵਿਚ ਪਹਿਲੋਂ ਜਾ ਪੁੱਜਿਆ। ਉਹਦੇ ਸਾਹਮਣੇ ਤਾਲਮਦ ਦੀ ਅਲਮਾਰੀ ਖੁੱਲ੍ਹੀ ਪਈ ਸੀ। ਉਹਦੇ ਵਜੂਦ ਨਾਲ ਉਹਦੀਆਂ ਲਿਟਾਂ ਵੀ ਹੁਲਾਰੇ ਖਾਂਦੀਆਂ ਪਈਆਂ ਸਨ। ਪੜ੍ਹਿਆਰ ਉਹਨੂੰ ਮਿਲਣ ਆਏ ਤਾਂ ਉਹ ਕਿਤਾਬ ਤੋਂ ਨਿਗਾਹ ਹਟਾਏ ਬਿਨਾ ਬੋਲਦਾ ਰਿਹਾ। ਤਾਲਮਦ ਦਾ ਤੇ ਉਹ ਹਾਫ਼ਜ਼ ਸੀ। ਝਟ ਹਰ ਕਿਸੇ ਦੀ ਗ਼ਲਤੀ ਫੜ ਲੈਂਦਾ।

ਅਕਸਾ ਨੇ ਉਹਨੂੰ ਵੇਖਣਾ ਚਾਹਿਆ, ਪਰ ਨਫ਼ਤਾਲੀ ਨਾ ਮੰਨਿਆ। ਉਹਨੇ ਆਖ ਦਿੱਤਾ, ਇੰਜ ਧੋਬੀ ਮੋਚੀ ਕਰਦੇ ਨੇਂ ਚੰਗੇ ਘਰਾਂ ਦੀਆਂ ਕੁੜੀਆਂ ਨਹੀਂ। ਉਹਨੇ ਇਹ ਵੀ ਸੁਣਾ ਦਿੱਤਾ ਜੋ ਜ਼ਮਾਖ਼ ਨੂੰ ਭਜਾਇਆ ਤਾਂ ਉਹ ਫ਼ਾਰਖ਼ਤੀ ਦੇ ਦੇਸੀ। ਨਿਕਾਹ ਉੱਤੇ ਦਸਤਖ਼ਤਾਂ ਵੇਲੇ ਅਕਸਾ ਨੇ ਜ਼ਮਾਖ਼ ਨੂੰ ਵੇਖਿਆ। ਓਸੇ ਵੇਲੇ ਉਹਦੇ ਕੰਨਾਂ ਵਿਚ ਨਾਨੀ ਦੀ ਵਾਜ ਪਈ, "ਏਹਨਾਂ ਝੂਠੀਆਂ ਸ਼ੈਵਾਂ ਲੈ ਕੇ ਤੈਨੂੰ ਵੇਚ ਦਿੱਤਾ ਏ।"

ਵਾਜ ਏਨੀ ਸਾਫ਼ ਸੀ ਕਿ ਅਕਸਾ ਨੂੰ ਲੱਗਾ ਜਿਵੇਂ ਹਰ ਕਿਸੇ ਨੇ ਸੁਣ ਲਿਆ ਹੋਵੇ, ਪਰ ਇਹ ਉਹਦਾ ਵਹਿਮ ਸੀ। ਕੁੜੀਆਂ ਤੇ ਜ਼ਨਾਨੀਆਂ ਨੇ ਉਹਦੇ ਦਵਾਲ਼ੇ ਘੇਰਾ ਪਾ ਲਿਆ ਤੇ ਉਹਨੂੰ ਵਧਾਈਆਂ ਦੇਣ ਲੱਗ ਪਈਆਂ। ਉਹਦੇ ਸੋਹਪੱਣ ਉਹਦੇ ਕੱਪੜਿਆਂ ਤੇ ਗਹਿਣਿਆਂ ਦੀ ਸੋਭਾ ਕਰਦਿਆਂ ਉਹਨਾਂ ਦੇ ਮੂੰਹ ਨਹੀਂ ਸਨ ਸੁੱਕਦੇ। ਉਹਦੀ ਨਾਨੀ ਉੱਚੀ ਸਾਰੀ ਬੋਲੀ, "ਹੋਣੀਏ ਦਸਤਖ਼ਤ ਨਾ ਕਰੀਂ।" ਉਹਨੇ ਅਕਸਾ ਦੀ ਬਾਂਹ ਐਡੇ ਜ਼ੋਰ ਨਾਲ ਛਿੱਕੀ ਕਿ ਕਾਗ਼ਜ਼ ਉੱਤੇ ਪੂੰਝਾ ਵੱਜ ਗਿਆ।

ਰੇਬ ਨਫ਼ਤਾਲੀ ਬੂਹਕਿਆ, "ਇਹ ਕੀ ਕੀਤਾ ਈ।"

ਅਕਸਾ ਨੇ ਦਸਤਖ਼ਤ ਕਰਨੇ ਚਾਹੇ, ਪਰ ਕਲਮ ਉਹਦੇ ਹੱਥੋਂ ਢੈ ਗਿਆ। ਉਹ ਰੋਵਣ ਲੱਗ ਪਈ, "ਨਾਨਾ ਜੀ ਮੈਥੋਂ ਨਹੀਂ ਹੁੰਦੇ!"

"ਤੂੰ ਮੇਰਾ ਨੱਕ ਵੱਢ ਦਿੱਤਾ ਏ, ਅਕਸਾ!"

ਨਾਨਾ ਜੀ ਮੈਨੂੰ ਮਾਫ਼ ਕਰ ਦਿਓ!" ਅਕਸਾ ਨੇ ਦੋਵੇਂ ਹੱਥੀਂ ਮੂੰਹ ਕੱਜ ਲਿਆ। ਰੌਲ਼ਾ ਪੈ ਗਿਆ। ਬੰਦੇ ਕੰਨਾਂ ਨੂੰ ਹੱਥ ਲਾਵਣ ਲੱਗ ਪਏ। ਜ਼ਨਾਨੀਆਂ ਪਹਿਲੋਂ ਤੇ ਹੱਸੀਆਂ ਫੇਰ ਰੋਵਣ ਕੱਢ ਡੜ੍ਹੀਆਂ। ਅਕਸਾ ਚੁੱਪ ਚਾਨ ਰੋਂਦੀ ਰਹੀ। ਲੋਕਾਂ ਛਿੱਕ ਧਰੂਹ ਕੇ ਉਹਨੂੰ ਕਮਰੇ ਵਿਚ ਬਿਸਤਰੇ ਉੱਤੇ ਲਿਜਾ ਪਾਇਆ।

ਜ਼ਮਾਖ਼ ਆਖਣ ਲੱਗਾ, "ਮੈਂ ਆਪ ਏਹੋ ਜਿਹੀ ਕੁਦਾਨੀ ਨਾਲ ਵਿਆਹ ਨਹੀਂ ਕਰਨਾ ਚਾਹੁੰਦਾ।"

ਉਹ ਧੱਕੇ ਮਾਰਦਾ ਮਜਮੇ 'ਚੋਂ ਨਿਕਲਿਆ ਤੇ ਜਿਥੋਂ ਆਇਆ ਸੀ ਉਥੇ ਮੁੜਨ ਲਈ ਗੱਡੀ ਫੜਨ ਭੱਜ ਵਗਿਆ। ਰੇਬ ਨਫ਼ਤਾਲੀ ਨੇ ਉਹਨੂੰ ਗੱਲਾਂ ਤੇ ਪੈਸਿਆਂ ਨਾਲ਼ ਪਰਚਾਣਾ ਚਾਹਿਆ, ਪਰ ਉਹਨੇ ਨਫ਼ਤਾਲੀ ਦੇ ਨੋਟ ਭੋਇੰ ਉੱਤੇ ਵਗਾਹ ਮਾਰੇ। ਕਿਸੇ ਭੱਜ ਕੇ ਸਰਾਂ ਵਿਚੋਂ ਉਹਦਾ ਟਰੰਕ ਲਿਆ ਦਿੱਤਾ। ਘੋੜਾ ਗੱਡੀ ਟੁਰਨ ਲੱਗੀ ਤਾਂ ਉਹਨੇ ਕੂਕ ਕੇ ਆਖਿਆ, "ਉਹਨੂੰ ਮੈਂ ਤੇ ਰੱਬ ਦੋਵਾਂ ਨਹੀਂ ਬਖ਼ਸ਼ਣਾ!"

ਓਸ ਦਿਨ ਤੋਂ ਮਗਰੋਂ ਅਕਸਾ ਬੀਮਾਰ ਹੋ ਗਈ। ਰੇਬ ਨਫ਼ਤਾਲੀ ਸਾਰੀ ਉਮਰ ਕਾਮਯਾਬੀਆਂ ਨਾਲ ਖੇਡਦਾ ਰਿਹਾ ਸੀ, ਇਹ ਨਾਕਾਮੀ ਨਾ ਜਰ ਸਕਿਆ ਤੇ ਮੰਜੀ ਤੇ ਪੈ ਗਿਆ। ਉਹਦੇ ਮੂੰਹ ਤੇ ਹਲਦੀਆਂ ਵਰਤ ਗਈਆਂ। ਜ਼ਨਾਨੀਆਂ ਤੇ ਕੁੜੀਆਂ ਚਿੜੀਆਂ ਨੇ ਅਕਸਾ ਦਾ ਹਿਆਂ ਧਰਾ ਕਰਨ ਦੀ ਬਥੇਰੀ ਕੀਤੀ। ਰਬੀ ਤੇ ਹੋਰ ਵੱਡ ਵਡੇਰੇ ਰੇਬ ਨਫ਼ਤਾਲੀ ਨੂੰ ਵੇਖਣ ਆਏ ਪਰ ਉਹ ਦਿਨੋਂ ਦਿਨ ਖੁਰਦਾ ਗਿਆ। ਕੁਝ ਚਿਰ ਮਗਰੋਂ ਅਕਸਾ ਰੌਂ ਉੱਤੇ ਆ ਗਈ। ਉਹਨੇ ਨਾਨੇ ਦੇ ਕਮਰੇ ਵਿਚ ਜਾ ਕੇ ਅੰਦਰੋਂ ਕੁੰਡੀਮਾਰ ਲਈ। ਨੌਕਰਾਣੀ ਨੇ ਬੂਹੇ ਦੀ ਝੀਥ ਨਾਲ਼ ਕੰਨ ਲਾ ਕੇ ਅਕਸਾ ਦੀ ਐਨੀ ਕੁ ਗੱਲ ਈ ਸੁਣੀ, "ਤੂੰ ਤਾਂ ਸੁਦਾਈ ਏਂ!"

ਅਕਸਾ ਨੇ ਆਪਣੇ ਨਾਨੇ ਦੀ ਬੜੀ ਟਹਿਲ ਸੇਵਾ ਕੀਤੀ। ਦਵਾ ਦਾਰੂ ਲਿਆਂਦੀ। ਸਪੰਜ ਨਾਲ ਮਲ਼ ਮਲ਼ ਕੇ ਨੁਵਾਉਂਦੀ, ਪਰ ਬੁੱਢੜੇ ਦੇ ਫਿਫਰਿਆਂ 'ਚ ਸੋਜਾਂ ਪੈ ਗਈਆਂ ਸਨ। ਉਹਨੂੰ ਨੱਕੋਂ ਲਹੂ ਆਵਣ ਲੱਗ ਪਿਆ। ਮੂਤਰ ਉੱਕਾ ਬੰਦ ਹੋ ਗਿਆ ਤੇ ਉਹ ਕੁਝ ਚਿਰ ਮਗਰੋਂ ਲੱਦ ਗਿਆ। ਆਪਣੀ ਵਸੀਅਤ ਵਿਚ ਉਹਨੇ ਪਹਿਲਾਂ ਤੋਂ ਈ ਤੀਜਾ ਹਿੱਸਾ ਖ਼ੈਰਾਤ ਲਈ ਛੱਡ ਕੇ ਸਾਰੀ ਜ਼ਮੀਨ ਅਕਸਾ ਦੇ ਨਾਂ ਲਿਖ ਦਿੱਤੀ ਹੋਈ ਸੀ।

ਮਰਨੇ ਤੇ ਸੱਤ ਦਿਨ ਸੱਥਰ ਬਹਿਣ ਦਾ ਰਿਵਾਜ ਸੀ, ਪਰ ਅਕਸਾ ਨੇ ਇਹ ਰਿਵਾਜ ਨਾ ਕੀਤਾ। ਉਹ ਕਮਰੇ ਵਿਚ ਬੰਦ, ਇਕ ਨੀਵੀਂ ਜਿਹੀ ਚੌਂਕੀ ਤੇ ਬਹਿ ਕੇ 'ਜੋਬ' ਦੀ ਕਿਤਾਬ ਪੜ੍ਹਦੀ ਰਹੀ। ਕਿਸੇ ਨੂੰ ਅੰਦਰ ਆਵਣ ਦੀ ਇਜਾਜ਼ਤ ਨਹੀਂ ਸੀ। ਸਭ ਕੁਝ ਉਹਦੀ ਪਾਰੋਂ ਹੋਇਆ ਸੀ, ਇਹ ਗੱਲ ਉਹਨੂੰ ਝੋਰਾ ਬਣ ਕੇ ਚੰਬੜ ਗਈ।

ਜੋਬ ਦੀ ਕਹਾਣੀ ਉਹਨੇ ਪਹਿਲਾਂ ਈ ਪੜ੍ਹੀ ਹੋਈ ਸੀ, ਹੁਣ ਉਹ ਨਾਨੇ ਦੀ ਕੋਈ ਹੋਰ ਕਿਤਾਬ ਪੜ੍ਹਨਾ ਚਾਂਹਦੀ ਸੀ। ਉਂਜੇ ਫਰੋਲਾ ਫਰਾਲੀ ਕਰਦਿਆਂ ਉਹਨੂੰ ਇਕ ਦਿਨ ਬਾਈਬਲ ਦੀ ਨਵੀਂ ਪੁਰਾਣੀ ਪੋਥੀ ਦਾ ਪੋਲਿਸ਼ ਵਿਚ ਹੋਇਆ ਹੋਇਆ ਉਲਥਾ ਝੱਲ ਗਿਆ। ਏਸ ਕਿਤਾਬ ਦੀ ਉਹਨਾਂ ਦੇ ਧਰਮ ਵਿਚ ਇਜਾਜ਼ਤ ਨਹੀਂ ਸੀ ਤਾਂ ਵੀ ਉਹ ਵਰਕੇ ਥੁੱਲਦੀ ਗਈ। ਨਾਨੇ ਨੇ ਇਹ ਕਿਤਾਬ ਪੜ੍ਹੀ ਹੋਈ ਸੀ, ਉਹਨੂੰ ਅਚੰਭਾ ਪਿਆ ਹੁੰਦਾ ਸੀ। ਉਹਨੂੰ ਆਪਣੇ ਘਰ ਦੇ ਸਾਹਮਣਿਉਂ ਲੰਘਦੇ ਕਾਫ਼ਰਾਂ ਦੇ ਜਲੂਸ ਚੇਤੇ ਆਵਣ ਲੱਗ ਪਏ। ਜਲੂਸ ਨੇ ਆਪਣਾ ਦਿਹਾੜ ਮਨਾਵਣ ਲਈ ਕਿਵੇਂ ਸ਼ਬੀਹੀਆਂ ਤੇ ਮੂਰਤੀਆਂ ਚੁੱਕੀਆਂ ਹੋਂਦੀਆਂ ਸਨ। ਘਰ ਵਾਲ਼ੇ ਉਹਨੂੰ ਬਾਰੀਉਂ ਬੰਨੇ ਝਾਕਣ ਨਹੀਂ ਸਨ ਦੇਂਦੇ ਹੁੰਦੇ। ਨਾਨਾ ਜੀ ਆਂਹਦੇ ਹੁੰਦੇ ਸਨ ਇਹ ਬੁੱਤ ਪੂਜਾ ਏ। ਸੜਿਆਂ ਵਿੱਚ ਅਕਾਂਹ ਦੇ ਫੁੱਲ ਪਏ ਹੋਏ ਸਨ। ਇਹ ਫੁੱਲ ਤੇ ਉਹਦੀ ਨਾਨੀ ਅਕਸਰ ਚੁਗਦੀ ਹੁੰਦੀ ਸੀ। ਏਹਦਾ ਮਤਲਬ ਏ ਨਾਨੀ ਜੀ ਬਾਈਬਲ ਪੜ੍ਹਦੇ ਸਨ। ਨਾਨੀ ਦੇ ਵੱਡਕੇ ਪਿਛੋਂ ਬੋਹੀਮੀਆ ਦੇ ਸਨ। ਉਹ ਆਪਣੇ ਬਾਪ ਦਾ ਦੱਸਦੇ ਹੁੰਦੇ ਸਨ ਕਿ ਸਤਾਈਜ਼ੈਵੀ ਫ਼ਿਰਕੇ ਤੋਂ ਸਨ। ਅਕਸਾ ਨੂੰ ਚੇਤੇ ਆਇਆ ਸੁਹਿਜ਼ਾਦਾ ਜ਼ਾਰਤੋਇਸਕੀ ਆਪਣੀ ਜਾਗੀਰ ਤੇ ਆਇਆ ਉਹਦੀ ਨਾਨੀ ਕੋਲ ਕਿੰਨਾ ਕਿੰਨਾ ਚਿਰ ਬੈਠਾ ਰਹਿੰਦਾ ਸੀ। ਉਹ ਨਾਨੀ ਦੇ ਪੋਲਿਸ਼ ਉਚਾਰਣ ਦਾ ਆਸ਼ਕ ਸੀ। ਆਖਦਾ ਹੁੰਦਾ ਸੀ ਉਹ ਯਹੂਦੀ ਨਾ ਹੁੰਦੇ ਤਾਂ ਉਹਨੇ ਉਹਨਾਂ ਨਾਲ ਵਿਆਹ ਕਰ ਲੈਣਾ ਸੀ। ਏਹਦੋਂ ਉੱਤੇ ਹੋਰ ਕੀ ਵਡਿਆਈ ਹੋ ਸਕਦੀ ਸੀ।

ਉਸ ਰਾਤ ਅਕਸਾ ਨੇ ਪੂਰੀ ਅੰਜੀਲ ਪੜ੍ਹ ਛੱਡੀ। ਯਸੂ ਦਾ ਖ਼ੁਦਾ ਦਾ ਪੁੱਤ ਹੋਵਣ ਤੇ ਕਬਰ ਵਿਚੋਂ ਉਠਾਇਆ ਜਾਵਣ... ਉਹਨੂੰ ਪਚਦਾ ਨਹੀਂ ਸੀ। ਤਾਂ ਵੀ ਉਹਨੂੰ ਇਹ ਕਿਤਾਬ ਆਪਣੇ ਪੈਗ਼ੰਬਰਾਂ ਦੀ ਬੇਰਸ ਲਫ਼ਜ਼ਾਲੀ ਨਾਲੋਂ ਵਧੇਰੀ ਚੰਗੀ ਲੱਗੀ। ਪੈਗ਼ੰਬਰ ਕਿੱਧਰੇ ਵੀ ਅਰਸ਼ਾਂ ਦੀ ਬਾਤਸ਼ਾਹੀ ਤੇ ਮੁਰਦਿਆਂ ਦੇ ਮੁੜ ਕੇ ਜਿਉਂ ਪੈਣ ਦੀ ਗੱਲ ਨਹੀਂ ਸਨ ਕਰਦੇ। ਉਹਨਾਂ ਦਾ ਸਾਰਾ ਜ਼ੋਰ ਕਰਮਾਂ ਉੱਤੇ ਸੀ, ਨੇਕ ਕਰਮਾਂ ਦੇ ਨੇਕ ਤੇ ਭੈੜਿਆਂ ਦੇ ਭੈੜੇ ਸਿੱਟੇ ਉੱਤੇ।

ਸਾਤੇ ਦੀ ਅਖ਼ੀਰੀ ਰਾਤ ਅਕਸਾ ਬਿਸਤਰੇ ਤੇ ਲੰਮੀ ਪਈ ਉਂਘਲਾਉਂਦੀ ਪਈ ਸੀ ਕਿ ਉਹਨੂੰ ਪੈਰਾਂ ਦੀ ਬਿੜਕ ਆਈ। ਏਨੇ ਵਿਚ ਉਹਨੂੰ ਹਨੇਰੇ ਵਿਚੋਂ ਆਪਣੇ ਨਾਨੇ ਦਾ ਐਰਾ ਜਿਹਾ ਦਿੱਸਿਆ... ਪਤਲਾ ਮੂੰਹ, ਚਿੱਟੀ ਭੂਰ ਦਾੜ੍ਹੀ ਤੇ ਕੂਲ਼ੇ ਕੂਲ਼ੇ ਨੈਣ ਨਕਸ਼... ਸਿਰ ਦੀ ਟੋਟਣੀ ਉੱਤੇ ਨਿੱਕੀ ਜਿਹੀ ਯਹੂਦੀ ਟੋਪੀ,

"ਅਕਸਾ ਤੂੰ ਬੜਾ ਅਪਰਾਧ ਕੀਤਾ ਏ!" ਉਹ ਹੌਲੀ ਜਿਹੀ ਬੋਲੇ।

ਅਕਸਾ ਫਿੱਸ ਪਈ, "ਨਾਨਾ ਜੀ ਹੋਰ ਮੈਂ ਕੀਹ ਕਰਦੀ?"

"ਸਭ ਕੁਝ ਮੁੜ ਕੇ ਸੂਤ ਹੋ ਸਕਦਾ ਏ। ਤੂੰ ਜ਼ਮਾਖ਼ ਤੋਂ ਮਾਫ਼ੀ ਮੰਗ ਕੇ ਉਹਦੀ ਬੀਵੀ ਬਣ ਜਾ!"

"ਮੈਨੂੰ ਨਫ਼ਰਤ ਏ ਉਹਦੇ ਨਾਲ...।"

"ਤੇਰੇ ਲੇਖਾਂ ਵਿਚ ਉਹੋ ਈ ਏ!"

ਐਰਾ ਕੁਝ ਚਿਰ ਅਨ੍ਹੇਰੇ ਵਿਚ ਉਲੀਕਿਆ ਰਿਹਾ, ਫੇਰ ਅਲੋਪ ਹੋ ਗਿਆ ਤੇ ਉਹਦੀ ਥਾਂ ਇਕ ਖੱਪਾ ਜੇਹਾ ਰਹਿ ਗਿਆ। ਉਹ ਤਰੱਠ ਗਈ। ਪਲੰਘ ਦੀ ਢੋਅ ਤੇ ਸਿਰ ਧਰ ਕੇ ਲੰਮਿਆਂ ਪਿਆਂ ਉਹਦੀ ਅੱਖ ਲੱਗ ਗਈ। ਪਰ ਛੇਤੀ ਈ ਉਹ ਤ੍ਰਬਕ ਕੇ ਮੁੜ ਜਾਗ ਪਈ। ਹੁਣ ਉਹਦੇ ਕੰਨਾਂ ਵਿਚ ਉਹਦੀ ਨਾਨੀ ਦੀ ਜਿਉਂਦੀ ਜਾਗਦੀ ਵਾਜ ਪਈ ਆਂਵਦੀ ਸੀ, "ਅਕਸਾ ਮੇਰੀ ਬੱਚੀ!"

ਉਹ ਰੋਂਦੀ ਹੋਈ ਬੋਲੀ, "ਨਾਨੀ ਅੰਮਾਂ ਤੁਸੀਂ ਕਿੱਥੇ ਓ?"

"ਤੇਰੇ ਕੋਲ਼!"

"ਮੈਨੂੰ ਕੁਝ ਨਹੀਂ ਸੁੱਝਦਾ, ਕਿੱਥੇ ਟੁਰ ਜਾਵਾਂ?"

"ਤੂੰ ਪਾਦਰੀ ਕੋਲ ਜਾ, ਉਹ ਈ ਤੈਨੂੰ ਸਿੱਧੇ ਰਾਹ ਪਾ ਸਕਦਾ ਏ।"

ਅਕਸਾ ਦੇ ਡਰ ਨਾਲ ਪਰਾਣ ਖ਼ੁਸ਼ਕ ਹੋ ਗਏ। ਫੇਰ ਉਹ ਹਿੰਮਤ ਕਰਕੇ ਬੋਲੀ, "ਤੂੰ ਮੇਰੀ ਨਾਨੀ ਨਹੀਂ ਹੋ ਸਕਦੀ। ਪੱਕ ਨਾਲ਼ ਤੂੰ ਕੋਈ ਚੁੜੇਲ ਏਂ!"

"ਨਹੀਂ ਪੁੱਤਰ ਮੈਂ ਤੇਰੀ ਨਾਨੀ ਈ ਆਂ। ਚੇਤੇ ਕਰ ਇਕ ਵਾਰੀ ਅਸੀਂ ਦੋਵੇਂ ਪੱਧਰੀ ਪਹਾੜੀ ਲਾਗਲੇ ਛੱਪੜ 'ਚੋਂ ਖ਼ਸ ਲੈਣ ਗਈਆਂ ਸਾਂ ਤੇ ਤੈਨੂੰ ਪਾਣੀ ਵਿਚੋਂ ਸੋਨੇ ਦਾ ਰੁਪੱਈਆ ਲੱਭਿਆ ਸੀ। ਆਖੇਂ ਤਾਂ ਹੋਰ ਵੀ ਸਬੂਤ ਦੇ ਸਕਨੀ ਆਂ ਮੈਂ ਤੈਨੂੰ। ਇਹ ਈਸਾਈ ਲੋਕ ਸੱਚੇ ਨੇਂ। ਯਸੂ ਖ਼ੁਦਾ ਦਾ ਪੁੱਤਰ ਈ ਏ। ਜਿਹਨਾਂ ਇਹ ਨਹੀਂ ਮੰਨਿਆ ਉਹਨਾਂ ਰੱਬ ਥੀਂ ਸਜ਼ਾ ਪਾਈ। ਮਸੀਹ ਉਹਨਾਂ ਨੂੰ ਨਹੀਂ ਮਿਲ ਸਕਦੇ। ਹਾਲਾਂ ਉਹ ਜਿਉਂਦੇ ਜਾਗਦੇ ਨੇ ਤੇ ਹਾਜ਼ਰ ਨਾਜ਼ਰ ਨੇਂ।"

"ਨਾਨੀ ਮਾਂ, ਮੈਨੂੰ ਡਰ ਪਿਆ ਲੱਗਦਾ ਏ।"

ਅਚਨਚੇਤ ਉਹਦੇ ਸੱਜੇ ਕੰਨ ਵਿਚ ਨਾਨੇ ਦੀ ਵਾਜ ਪਈ, "ਅਕਸਾ ਏਹਦੀਆਂ ਗੱਲਾਂ ਤੇ ਨਾ ਕੰਨ ਧਰੀਂ। ਇਹ ਤੇਰੀ ਨਾਨੀ ਨਹੀਂਉਂ। ਇਹ ਬਦਰੂਹ ਈ, ਏਹਨੇ ਉਹਦਾ ਵੇਸ ਵਟਾਇਆ ਹੋਇਆ ਏ ਤੈਨੂੰ ਕੁਰਾਹੇ ਪਾਵਣ ਲਈ। ਏਹਨੇ ਤੈਨੂੰ ਦੋਜ਼ਕ ਵਿਚ ਧੱਕਾ ਦੇ ਦੇਣਾ ਏ।"

"ਅਕਸਾ ਇਹ ਤੇਰਾ ਨਾਨਾ ਨਹੀਂ, ਇਹ ਤੇ ਪਛੌੜੇ ਵਾਲਾ ਭੂਤਨਾ ਏ।" ਨਾਨੀ ਨੇ ਉਹਦੇ ਨਾਨੇ ਦੀ ਗੱਲ ਟੁੱਕੀ। "ਜ਼ਮਾਖ਼ ਨੇ ਤੇਰੇ ਨਾਲ ਚੰਗੀ ਨਹੀਂਓ ਕਰਨੀ। ਉਹ ਬੜਾ ਸ਼ੁਤਰ ਕੀਨਾ ਈ। ਤੇਰੇ ਨਾਲ ਉਹਨੇ ਕੁੱਤੇ ਦੀ ਬਾਬ ਕਰਨੀ ਊ। ਤੇਰੇ ਉਹਦੇ ਵਿਚੋਂ ਬੱਚੇ ਵੀ ਧੱਖ ਮਕੌੜੇ ਹੋਸਣ... ਵੇਲਾ ਈ ਬਚ ਜਾ। ਰੱਬ ਯਹੂਦੀਆਂ ਦੀ ਥਾਂ ਉਭੜਾਂ (ਈਸਾਈਆਂ) ਨਾਲ ਏ।"

"ਚੜੇਲੇ ਪਿਛਲ ਪੈਰੀਏ!" ਨਾਨਾ ਖਰਵਾ ਹੋ ਕੇ ਬੋਲਿਆ।

"ਝੂਠਾ!"

ਨਾਨਾ ਚੁੱਪ ਕਰ ਗਿਆ। ਨਾਨੀ ਬੋਲਦੀ ਰਹੀ, ਵਾਜ ਭਾਵੇਂ ਉਹਦੀ ਵਾਹਵਾ ਨੀਵੀਂ ਪੈ ਗਈ ਸੀ, "ਤੇਰਾ ਨਾਨਾ ਤੇ ਅਰਸ਼ਾਂ ਤੇ ਹਕੀਕਤ ਪੁੱਛਣ ਗਿਆ ਹੋਇਆ ਏ। ਉਹਨੇ ਧਰਮ ਬਦਲ ਲਿਆ ਏ।

ਫ਼ਰਿਸ਼ਤਿਆਂ ਨੇ ਉਹਨੂੰ ਨੂਰੀ ਪਾਣੀ ਵਿਚ ਡੋਬਾ ਦਿੱਤਾ ਏ। ਉਹ ਜੰਨਤਾਂ ਵਿਚ ਡੇਰੇ ਕੀਤੀ ਬੈਠਾ ਏ। ਇਹ ਜਿਹੜੇ ਪਾਦਰੀ ਨੇ ਨਾ, ਵੱਡੇ ਵੱਡੇ ਬਿਸ਼ਪ ਤੇ ਕਾਰਡੀਨਲ, ਇਹ ਸਾਰੇ ਵਲੀ ਨੇਂ। ਜਿਹਨਾਂ ਏਹਨਾਂ ਨਾਲ ਅੜੀ ਬੰਨ੍ਹੀ ਏ ਉਹਨਾਂ ਦੋਜ਼ਕ ਵਿਚ ਈ ਭੁੱਜਣਾ ਏ। ਆਖੇਂ ਤੇ ਵਿਖਾਵਾਂ ਤੈਨੂੰ।"

"ਕੀ?"

"ਉਛਾੜ ਲਾਹ ਕੇ ਨਾ, ਸਰਹਾਣੇ ਨੂੰ ਉਧੇੜ ਕੇ ਵੇਖ। ਵਿਚੋਂ ਇਕ ਪੰਖ ਮੁਕਟ (ਪਰਾਂ ਦਾ ਤਾਜ) ਨਿਕਲੇਗਾ। ਜੇ ਕਿਸੇ ਬੰਦੇ ਦੇ ਹੱਥ ਦਾ ਬੁਣਿਆ ਹੋਵੇ ਤਾਂ ਆਖੀਂ!"

ਨਾਨੀ ਗਾਇਬ ਹੋ ਗਈ। ਅਕਸਾ ਗੂੜ੍ਹੀ ਨੀਂਦਰੇ ਸੌਂ ਗਈ। ਧੰਮੀ ਵੇਲੇ ਨਾਲ ਉੱਠ ਕੇ ਉਹਨੇ ਸਰਹਾਣਾ ਫੜਿਆ ਤੇ ਉਧੇੜ ਕੇ ਵੇਖਿਆ। ਉਹਨੂੰ ਆਪਣੀਆਂ ਅੱਖਾਂ ਤੇ ਯਕੀਨ ਨਾ ਆਵੇ, ਵਿਚੋਂ ਸੱਚੀਂ ਮੁੱਚੀਂ ਇਕ ਪੰਖ ਮੁਕਟ ਨਿਕਲ ਆਇਆ ਸੀ। ਨਿੱਕਾ ਜੇਹਾ ਤੇ ਅੰਤਾਂ ਦਾ ਸੋਹਣਾ, ਵਿਚ ਸੋਨਾ ਵੀ ਲੱਗਾ ਹੋਇਆ ਸੀ। ਬੁਣਤਰ ਅਜਿਹੀ ਬਈ ਦੁਨੀਆ ਦਾ ਵੱਡੇ ਤੋਂ ਵੱਡਾ ਕਾਰੀਗਰ ਵੀ ਪੁੱਠਾ ਜੰਮ ਆਵੇ ਤਾਂ ਰੀਸ ਨਾ ਬਣਾ ਸਕੇ। ਮੁਕਟ ਉੱਤੇ ਇਕ ਨਿੱਕੀ ਜੇਹੀ ਸਲੀਬ ਵੀ ਲੱਗੀ ਹੋਈ ਸੀ। ਇਹ ਏਡੀ ਕੁ ਮਹੀਨ ਤੇ ਸੋਹਲ ਸੀ ਕਿ ਅਕਸਾ ਦਾ ਹਵਾੜ੍ਹਾ ਨਹੀਂ ਸੀ ਸਹਿੰਦੀ। ਉਹਨੂੰ ਕੱਖ ਸਮਝ ਨਹੀਂ ਸੀ ਆਂਵਦੀ ਕਿ ਇਹ ਤਾਜ ਕੀਹਨੇ ਬਣਾਇਆ ਤੇ ਉਹਦੇ ਸਰਹਾਣੇ ਵਿਚ ਕਿਵੇਂ ਆਇਆ, ਪੱਕ ਨਾਲ ਇਹ ਕੋਈ ਕਰਾਮਤ ਸੀ। ਓੜਕ ਉਹ ਮੋਮਬੱਤੀ ਨੂੰ ਫੂਕ ਮਾਰ ਕੇ ਬਿਸਤਰੇ ਤੇ ਲੰਮੀ ਪੈ ਗਈ। ਸਵੇਰੇ ਉੱਠੀ ਤੇ ਉਹਦੇ ਭਾਣੇ ਸਾਰਾ ਕੁਝ ਸੁਫ਼ਨਾ ਸੀ। ਪਰ ਮੇਜ਼ ਉੱਤੇ ਤਾਜ ਸਗਵਾਂ ਪਿਆ ਹੋਇਆ ਸੀ, ਪੀਂਘ ਦੇ ਅਣਤ ਗਿਣਤ ਰੰਗ ਵਖਾਲਦਾ ਹੋਇਆ। ਉਹ ਕੁਝ ਚਿਰ ਤੇ ਏਸ ਅਲੋਕਾਰ ਬਾਰੇ ਸੋਚਦੀ ਰਹੀ। ਫੇਰ ਉਹਨੇ ਕਾਲ਼ੇ ਕੱਪੜੇ ਪਾਏ, ਕਾਲ਼ੀ ਈ ਚਾਦਰ ਲਈ ਤੇ ਬੱਘੀ ਵਿਚ ਬਹਿ ਕੇ ਪਾਦਰੀ ਦੇ ਘਰ ਅੱਪੜ ਗਈ। ਸੱਤਰ੍ਹਾਂ ਵਰ੍ਹਿਆਂ ਦੇ ਬੁਢੜੇ ਪਾਦਰੀ ਨੂੰ ਉਹਨੇ ਵੇਖਿਆ ਹੋਇਆ ਸੀ, ਈਸਟਰ ਦੇ ਦਿਨਾਂ ਵਿਚ ਉਹ ਵਾਹਕਾਂ ਰਾਹਕਾਂ ਦੇ ਲੰਗਰ ਤੇ ਦੁਆਵਾਂ ਪੜ੍ਹਨ ਤੇ ਹੋਰ ਜੰਮਣੇ ਮਰਨੇ ਦੀਆਂ ਰਸਮ ਰੀਤਾਂ ਪਾਰੋਂ ਉਹਨਾਂ ਦੀ ਜਾਗੀਰ ਵਿਚ ਆਉਂਦਾ ਹੁੰਦਾ ਸੀ। ਅਕਸਾ ਨੂੰ ਚੇਤੇ ਸੀ, ਉਹਦੀ ਨਾਨੀ ਪਾਦਰੀ ਨੂੰ ਆਪਣੇ ਕੋਲ ਸੱਦ ਕੇ ਉਹਦੀ ਬੜੀ ਸੇਵਾ ਕਰਦੀ ਹੁੰਦੀ ਸੀ। ਦੋਵੇਂ ਕਿੰਨਾ ਕਿੰਨਾ ਚਿਰ ਪਤਾ ਨਹੀਂ ਕਿਹੜੀਆਂ ਗੱਲਾਂ ਵਿਚ ਈ ਖੁੱਭੇ ਰਹਿੰਦੇ ਸਨ।

ਪਾਦਰੀ ਅਕਸਾ ਨੂੰ ਬੜਾ ਹੁੰਮ ਕੇ ਮਿਲਿਆ। ਉਹਦੇ ਮੂੰਹੋਂ ਜੋ ਵੀ ਹਕੀਕਤ ਸੀ ਸਾਰੀ ਸੁਣੀ। ਮੁੜ ਉਹਨੇ ਅਕਸਾ ਨੂੰ ਯਹੂਦੀਆਂ ਵਿਚ ਪਰਤਣ ਤੋਂ ਵਰਜਿਆ ਨਾਲ਼ੇ ਉਹਦੇ ਬਖ਼ਤ ਖੁੱਲ੍ਹਣ ਦੀ ਬਸ਼ਾਰਤ ਦਿੱਤੀ। ਉਹ ਮੁਕਟ ਲਿਆਵਣ ਘਰ ਗਈ, ਪਰ ਨੌਕਰਾਣੀ ਨੇ ਕਮਰਾ ਕਰ ਲਿਆ ਹੋਇਆ ਸੀ। ਸੋ ਮੁਕਟ ਕਿੱਥੋਂ ਹੁਣ? ਉਹਨੇ ਬਥੇਰਾ ਉਰ੍ਹਾਂ-ਪਰ੍ਹਾਂ ਗੁੱਠਾਂ ਭਾਲੀਆਂ ਪਰ ਮੁਕਟ ਕਿੱਧਰੇ ਵੀ ਨਹੀਂ ਸੀ।

ਛੇਤੀ ਹੀ ਪੂਰੇ ਕਰੈਸਨੋ ਬਰੌਡ ਵਿਚ ਅਕਸਾ ਦਾ ਈਸਾਈ ਹੋ ਜਾਵਣ ਧੁੰਮ ਗਿਆ।

ਛੇ ਵਰ੍ਹੇ ਬੀਤ ਗਏ। ਅਕਸਾ ਨੇ ਵਿਆਹ ਕਰ ਲਿਆ ਤੇ ਹੁਣ ਉਹ ਅਕਸਾ ਤੋਂ ਮਾਰੀਆ ਮਾਲੋਸਕਾ ਬਣ ਗਈ। ਬੁੱਢਾ ਵਲਾਦੀ ਸਲਾਮਾਲਕੋਇਸਕੀ ਆਪ ਤੇ ਔਂਤਰਾ ਨਖੱਤਰਾ ਸੀ, ਏਸ ਲਈ ਉਹਨੇ ਮਰਨ ਲੱਗਿਆ ਆਪਣੀ ਕੁਲ ਜਾਗੀਰ ਆਪਣੇ ਭਤਰੱਈਏ ਲਦੋਕ ਦੇ ਨਾਂ ਲਾ ਦਿੱਤੀ। ਲਦੋਕ ਪੰਜਤਾਲ਼ੀ ਵਰ੍ਹਿਆਂ ਦਾ ਸੀ ਤੇ ਛੜਮ-ਛਾਂਟ ਸੀ। ਲੱਗਦਾ ਸੀ ਜਿਵੇਂ ਉਹਨੇ ਸਾਰੀ ਉਮਰ ਇੰਜ ਈ ਕੱਢ ਛੱਡਣੀ ਸੀ। ਆਪਣੀ ਨਿੱਕੀ ਭੈਣ ਗਲੋਰੀਆ ਦੇ ਨਾਲ ਉਹ ਚਾਚੇ ਦੇ ਧੌਲਰ ਵਿਚ ਈ ਰਹਿੰਦਾ ਸੀ। ਉਹਦੇ ਕਮਨਿਆਣਿਆਂ ਵਿਚੋਂ ਕਈ ਬਾਲ ਸਨ, ਜਿਹੜੇ ਪਛਾਣੇ ਤੇ ਜਾ ਸਕਦੇ ਸਨ ਪਰ ਉਹਦੇ ਆਖੇ ਨਹੀਂ ਸਨ ਜਾ ਸਕਦੇ। ਨਿੱਕੇ ਜਿਹੇ ਕੱਦ ਤੇ ਛੀਟਕੇ ਵਜੂਦ ਦਾ ਦਾੜ੍ਹੀ ਮੇਜਰ ਲਦੋਕ ਪੁਰਾਣੀਆਂ ਕਿਤਾਬਾਂ ਬੜੀਆਂ ਪੜ੍ਹਦਾ ਸੀ। ਦਾਰੂ ਉਹ ਹਮੇਸ਼ ਇਕੱਲਿਆਂ ਪੀਂਦਾ, ਸ਼ਿਕਾਰ ਦਾ ਵੀ ਢੇਰ ਸ਼ੌਕੀ ਸੀ। ਨਾਚ ਦੀਆਂ

ਮਹਿਫ਼ਲਾਂ ਉਹਨੂੰ ਭਾਂਦੀਆਂ ਨਹੀਂ ਸਨ। ਜਾਗੀਰ ਦਾ ਬੰਦੋਬਸਤ ਉਹ ਬੜੀ ਸਖ਼ਤੀ ਨਾਲ ਚਲਾਂਦਾ ਸੀ। ਕੁਝਨਾਂ ਦੇ ਖ਼ਿਆਲ ਵਿਚ ਉਹ ਖ਼ਬਤੀ ਤੇ ਕੁਝਨਾਂ ਦੀ ਸੋਚ ਮੂਜਬ ਉਹ ਪੂਰਾ ਨਹੀਂ ਤਾਂ ਅੱਧਾ ਪਾਗਲ ਜ਼ਰੂਰ ਸੀ। ਅਕਸਾ ਈਸਾਈ ਹੋਈ ਤਾਂ ਲਦੋਕ ਨੇ ਉਹਨੂੰ ਵਿਆਹ ਦੀ ਸੁਲਹ ਮਾਰੀ। ਆਖਣ ਵਾਲੇ ਤੇ ਆਖਦੇ ਨੇ ਮਹਾਂ ਸੂਮ ਲਦੋਕ ਨੂੰ ਅਸਲ ਵਿਚ ਅਕਸਾ ਦੀਆਂ ਜ਼ਮੀਨਾਂ ਦਾ ਮੋਹ ਜਾਗ ਪਿਆ ਸੀ। ਪਾਦਰੀ ਤੇ ਕਈਆਂ ਹੋਰ ਬੰਦਿਆਂ ਅਕਸਾ ਨੂੰ ਵਿਆਹ ਦੀ ਸੁਲਹ ਮੰਨ ਲੈਣ ਦਾ ਆਖਿਆ। ਲਦੋਕ ਦੀ ਭੈਣ ਗਲੋਰੀਆ ਏਸ ਵਿਆਹ ਤੇ ਉੱਕਾ ਰਾਜ਼ੀ ਨਹੀਂ ਸੀ, ਪਰ ਲਦੋਕ ਨੇ ਉਹਨੂੰ ਅਸਲੋਂ ਨਾ ਉਭਾਸਰਨ ਦਿੱਤਾ।

ਕਰੈਸਨੋ ਬਰੌਡ ਦੇ ਯਹੂਦੀਆਂ ਨੂੰ ਧੜਕਾ ਸੀ ਅਕਸਾ ਉਹਨਾਂ ਦੇ ਵੈਰ ਪੈ ਜਾਸੀ ਤੇ ਲਦੋਕ ਨੂੰ ਭੜਕਾ ਕੇ ਉਹਨਾਂ ਦਾ ਕਾਰੋਬਾਰ ਠੱਪ ਕਰਾ ਦੇਸੀ, ਪਰ ਲਦੋਕ ਦਾ ਯਹੂਦੀਆਂ ਨਾਲ ਕਾਰ ਵਪਾਰ ਉਂਜੇ ਚੱਲਦਾ ਰਹਿਆ। ਉਹ ਉਹਦੇ ਕੋਲੋਂ ਮੱਛੀ, ਕਣਕ ਤੇ ਹੋਰ ਮਾਲ ਡੰਗਰ ਲੈਂਦੇ ਜ਼ੈਲਗ ਫ਼ਾਰਮ ਪੋਲਰ ਯਹੂਦੀ ... ਜਾਗੀਰ ਨੂੰ ਹਰ ਨਿੱਕੀ ਮੋਟੀ ਵਸਤ ਅਪੜਾਂਦਾ। ਗਲੋਰੀਆ ਕਿੱਲੇ ਤੇ ਉਂਜੇ ਈ ਚੌਧਰ ਪਈ ਘੁਕਾਉਂਦੀ।

ਵਿਆਹ ਤੋਂ ਕੁਝ ਚਿਰ ਮਗਰੋ ਤਾਈਂ ਅਕਸਾ ਤੇ ਲਦੋਕ ਨੇ ਰਲ਼ ਕੇ ਕੁਝ ਥਾਵਾਂ ਦੇ ਦੌਰੇ ਕੀਤੇ। ਲਦੋਕ ਦੂਜੀਆ ਜਾਗੀਰਾਂ ਵਿਚ ਵੀ ਜਾਣ ਲੱਗ ਪਿਆ। ਤੇ ਨਾਚ ਪਾਰਟੀਆਂ ਦੇ ਸੱਦੇ ਦੇਣ ਬਾਰੇ ਗੱਲਾਂ ਕਰਦਾ ਵੀ ਸੁਣੀਂਦਾ। ਮਾਰੀਆ (ਅਕਸਾ) ਸਾਹਮਣੇ ਉਹਨੇ ਹੋਰਨਾਂ ਜ਼ਨਾਨੀਆਂ ਨਾਲ ਆਪਣੇ ਪੁਰਾਣੇ ਸਾਂਗੇ ਮੰਨੇ ਤੇ ਅੱਗੋਂ ਬੰਦੇ ਦਾ ਪੁੱਤਰ ਬਣਨ ਦਾ ਕਾਰਾ ਕੀਤਾ। ਪਰ ਬਹੁਤਾ ਚਿਰ ਨਾ ਪਿਆ ਤੇ ਉਹ ਮੁੜ ਪੁਰਾਣੇ ਚਾਲਿਆਂ ਤੇ ਆ ਗਿਆ। ਦੋਵਾਂ ਜੀਆਂ ਵਿਚਾਲ਼ੇ ਰਤਜਗੀ ਦੀ ਚੁੱਪ ਪੱਸਰ ਖਲੋਤੀ। ਲਦੋਕ ਹੁਣ ਮਾਰੀਆ ਕੋਲ ਨਾ ਸੌਂਦਾ। ਬਾਲ ਬੱਚੇ ਕਿੱਥੋਂ ਆ ਜਾਣਾ ਸੀ। ਹੌਲੀ ਹੌਲੀ ਉਹ ਰੋਟੀ ਵੇਲੇ ਵੀ ਇਕੱਠੇ ਨਾ ਹੁੰਦੇ। ਮਾਰੀਆ ਨੂੰ ਕੁਝ ਆਖਣਾ ਹੁੰਦਾ ਤਾਂ ਪਰਚੀ ਲਿਖ ਘੱਲਦਾ। ਪੈਸਾ ਧੇਲਾ ਸਾਰਾ ਗਲੋਰੀਆ ਦੇ ਹੱਥ ਸੀ। ਮਰ ਕੇ ਵੀ ਉਹਦੇ ਨਾਲ ਕੀ ਹੋਵੇਗਾ? ਸੂਲ਼ਾਂ ਦੀ ਸੇਜ ਉੱਤੇ ਉਹਦੇ ਡੱਕਰੇ ਭੁੱਜਣਗੇ? ਦੋਜ਼ਕ ਦੀ ਅੱਗ ਉਹਨੂੰ ਸਾੜੇਗੀ? ਉਹਨੂੰ ਕੁੱਤੇ, ਚੂਹੇ ਜਾਂ ਚੱਕੀ ਦੇ ਪੁੜ ਦੀ ਜੂਨ ਭੋਗਣੀ ਪਵੇਗੀ?

ਅਕਸਾ ਤੋਂ ਵੇਲਾ ਲੰਘਾਇਆਂ ਨਹੀਂ ਲੰਘਦਾ। ਦਿਨ ਰਾਤ ਆਪਣੇ ਬੰਦੇ ਦੀ ਲਾਇਬਰੇਰੀ ਵਿਚ ਵੜੀ ਸੜੀਆਂ ਬੁੱਸੀਆਂ ਪੁਰਾਣੀਆਂ ਕਿਤਾਬਾਂ ਵਿਚ ਡੁੱਬੀ ਰਹਿੰਦੀ। ਪੁਰਾਣੇ ਬਾਤਸ਼ਾਹਵਾਂ, ਦੁਰਾਡੇ ਦੇਸਾਂ ਦਿਆਂ ਸ਼ਹਿਜ਼ਾਦਿਆਂ ਨਵਾਬਾਂ ਤੇ ਕਾਰਡੀਨਲਾਂ ਦੀਆਂ ਲੜਾਈਆਂ ਤੇ ਸਾਜ਼ਸ਼ਾਂ ਨਾਲ਼ ਕਿਤਾਬਾਂ ਭਰੀਆਂ ਹੋਈਆ ਸਨ। ਸਲੀਬੀ ਲੜਾਈਆਂ ਤੇ ਕਾਲ਼ੀ ਤਾਊਨ ਦੀਆਂ ਕਹਾਣੀਆਂ ਉਹਦੇ ਮਨ ਨੂੰ ਬਹੁੰ ਟੁੰਬਦੀਆਂ। ਦੁਨੀਆਂ ਚਤਰਾਈ ਨਾਲ ਅੱਗੇ ਨੂੰ ਘਿਸੜਦੀ ਟੁਰੀ ਜਾਂਦੀ ਸੀ। ਉੱਤੇ ਅਸਮਾਨਾਂ ਤੇ ਤਾਰੇ ਭਿੜਦੇ ਹੋਏ ਇਕ ਦੂਜੇ ਨੂੰ ਜੁੱਫ਼ੀ ਆਂਵਦੇ ਸਨ। ਬੋਦੀ ਵਾਲ਼ੇ ਤਾਰੇ ਤਬਾਹੀਆਂ ਦੀ ਦੱਸ ਪਾਈ ਆਉਂਦੇ ਸਨ।

ਪੰਖ ਮੁਕਟ ਨਿਕਲਣ ਵਾਲੀ ਰਾਤੋਂ ਪਹਿਲਾਂ ਅਕਸਾ ਨੂੰ ਅਜ਼ਗ਼ੈਬ ਥੀਂ ਕੋਈ ਇਸ਼ਾਰਾ ਨਹੀਂ ਸੀ ਮਿਲਿਆ। ਮਹੀਨਾ ਨਾਨੇ ਨਾਨੀ ਦੀਆਂ ਅਵਾਜ਼ਾਂ ਮੁੜ ਕੇ ਉਹਦੇ ਕੰਨੀਂ ਨਹੀਂ ਸਨ ਪਈਆਂ। ਕਈਂ ਵਾਰ ਅਕਸਾ ਦਾ ਦਿਲ ਕੀਤਾ ਨਾਨੇ ਨੂੰ ਸੱਦੇ। ਪਰ ਆਪਣੇ ਨਾਪਾਕ ਹੋਠਾਂ ਉੱਤੇ ਉਹਦਾ ਨਾਂ ਲੈਣ ਦੀ ਉਹਨੂੰ ਹਿੰਮਤ ਨਾ ਹੋਈ। ਯਹੂਦੀਆਂ ਦੇ ਖ਼ੁਦਾ ਨਾਲ਼ ਉਹਨੇ ਧੋਖਾ ਕੀਤਾ ਸੀ ਤੇ ਫੇਰ ਉਹ ਈਸਾਈਆਂ ਦੇ ਖ਼ੁਦਾ ਨਾਲ ਵੀ ਸੱਚੀ ਨਹੀਂ ਸੀ ਰਹੀ। ਜ਼ੈਲਗ ਫਰਾਮ ਪੋਲਰ ਨੂੰ ਵੇਖ ਕੇ ਕਈਂ ਵਾਰ ਦਿਲ ਕੀਤਾ ਯਹੂਦੀਆਂ ਬਾਰੇ ਪੁੱਛਣ ਨੂੰ। ਪਰ ਝਕ ਗਈ। ਪੋਲਰ ਉਹਦੇ ਨਾਲ ਬੋਲਣ ਕਿਧਰੇ ਗੁਨਾਹ ਕਬੀਰਾ ਈ ਨਾ ਪਿਆ ਸਮਝੇ। ਫੇਰ ਜੇ ਗਲੋਰੀਆ ਵੇਖ ਲੈਂਦੀ ਤੇ ਉਹਨੇ ਤੇ ਹਰ ਪਾਸੇ ਉਂਜ ਈ ਨਸ਼ਰ ਕਰ ਦੇਣਾ ਸੀ। ਉਹਦਾ ਯਹੂਦੀਆਂ ਨਾਲ ਮੇਲ ਜੋਲ।

ਵਰ੍ਹਿਆਂ ਦੇ ਵਰ੍ਹੇ ਲੰਘ ਗਏ। ਗਲੋਰੀਆ ਦਾ ਝਾਟਾ ਧੌਲ਼ਾ ਹੋ ਗਿਆ। ਲਦੋਕ ਦੀ ਬਕਰ ਦਾੜ੍ਹੀ ਵੀ ਬੱਗੀ ਹੋ ਗਈ। ਨੌਕਰ ਸਾਰੇ ਬੁੱਢੜੇ ਤੇ ਡੋਰੇ ਹੋ ਗਏ। ਅੱਖਾਂ ਵੀ ਉਹਨਾਂ ਦੀਆਂ ਰਹਿ ਗਈਆਂ। ਅਕਸਾ ਆਖ ਲਓ ਜਾਂ ਮਾਰੀਆ... ਤਰੀਹਾਂ ਵਿਚ ਸੀ ਪਰ ਉਹ ਆਪਣੇ ਆਪ ਨੂੰ ਚੋਖਾ ਬੁਢੜੀ ਠੇਰੀ ਈ ਖ਼ਿਆਲ ਕਰਦੀ। ਵੇਲੇ ਨਾਲ ਉਹਨੂੰ ਪੱਕ ਹੁੰਦਾ ਗਿਆ ਸ਼ੈਤਾਨ ਨੇ ਈ ਉਹਦਾ ਧਰਮ ਛੁਡਾਇਆ ਸੀ। ਪੰਖ ਮੁਕਟ ਵੀ ਉਹਦੀ ਈ ਕਾਰਸਤਾਨੀ ਸੀ। ਪਿਛਾਂਹ ਮੁੜਨ ਦਾ ਕੋਈ ਰਾਹ ਨਹੀਂ ਸੀ ਬਚਿਆ। ਰੂਸੀ ਕਾਨੂੰਨ ਮੁਜਬ ਛੱਡੇ ਧਰਮ ਵਿਚ ਮੁੜ ਨਹੀਂ ਸੀ ਆਇਆ ਜਾ ਸਕਦਾ। ਯਹੂਦੀਆਂ ਦੀ ਜਿਹੜੀ ਕੋਈ ਖ਼ਬਰ ਉਹਦੇ ਤਾਈਂ ਅੱਪੜੀ ਉਹ ਵੀ ਕੋਈ ਚੰਗੀ ਨਹੀਂ ਸੀ। ਕਰੈਸਨੋ ਬਰੌਡ ਦਾ ਇਬਾਦਤ ਘਰ ਤੇ ਬਜ਼ਾਰ ਅੱਗ ਨੇ ਭਸਮ ਕਰ ਸੁੱਟਿਆ ਸੀ। ਸੌਖੇ ਸੁਖੱਲੇ ਲੋਕ ਤੇ ਹੋਰ ਵੱਡੇ ਵਡੇਰੇ ਬਗ਼ਲੀਆਂ ਪਾਈ ਪਿੰਨਦੇ ਫਿਰਦੇ ਸਨ। ਉੱਤੋਂ ਵਬਾਵਾਂ ਕਹਿਰ ਘੱਤੀ ਖਲ੍ਹੀਆਂ ਸਨ। ਉਹ ਖ਼ੁਦਕਸ਼ੀ ਕਰਨ ਦਾ ਸੋਚਣ ਲੱਗ ਪੈਂਦੀ। ਪਰ ਕਿਵੇਂ ਕਰੇ? ਰੱਸੀ ਨਾਲ ਫਾਹ ਲੈਣ ਜਾਂ ਆਪਣੀਆਂ ਨਾੜਾਂ ਵੱਢਣ ਦਾ ਉਹਨੂੰ ਜਿਗਰਾ ਨਹੀਂ ਸੀ ਪੈਂਦਾ। ਹੌਲੀ ਹੌਲੀ ਉਹਨੂੰ ਪੱਕ ਹੋ ਗਿਆ ਜੱਗ ਕਾਲ਼ੀਆਂ ਤਾਕਤਾਂ ਦੇ ਹੱਥ ਵਸ ਵਿਚ ਏ। ਖ਼ੁਦਾ ਕੋਲ ਕੁਝ ਨਹੀਂ। ਸਭ ਕੀਤਾ ਕੱਤਰਿਆ ਸ਼ੈਤਾਨ ਦਾ ਈ ਏ। ਉਹਨੂੰ ਇਕ ਕਿਤਾਬ ਲੱਭ ਪਈ ਜਿਹਦੇ ਵਿਚ ਕਾਲ਼ੀਆਂ ਤਾਕਤਾਂ ਕੀਲਣ ਤੇ ਕੁਰਬਾਨੀਆਂ ਦੇ ਵੇਰਵੇ ਦਰਜ ਸਨ। ਜਾਦੂਗਰਨੀਆਂ ਦੇ ਬਹੁਕਰਾਂ ਬੇਲਚਿਆਂ ਉੱਤੇ ਚੜ੍ਹ ਕੇ ਉਡਾਰੀਆਂ ਮਾਰਨ ਦੀਆਂ ਕਹਾਣੀਆਂ ਸਨ। ਸ਼ਤੂੰਗੜਿਆਂ ਨਾਲ ਉਹਨਾਂ ਦੇ ਸੌਣ ਦੇ ਹਾਲ ਸਨ ਤੇ ਕੋਝੀਆਂ ਸ਼ਕਲਾਂ ਵਾਲੇ ਬਾਲ ਜੰਮਣ ਦੇ ਕਿੱਸੇ।

"ਤੁਸੀਂ ਕਿਸੇ ਤੇ ਭਾਰੂ ਨਹੀਂ ਹੋ ਸਕਦੇ ਤਾਂ ਉਹਨੂੰ ਆਪਣੇ ਤੇ ਭਾਰੂ ਕਰ ਲਵੋ। ਅਕਸਾ ਹਰ ਵੇਲੇ ਏਹੋ ਮਿਸਾਲ ਵਿਚਾਰਦੀ ਰਹਿੰਦੀ। ਉਹ ਹੁਣ ਰਾਤ ਨੂੰ ਸ਼ੈਤਾਨ ਨੂੰ ਸੱਦ ਲੈਂਦੀ ਜਿਵੇਂ ਛੁੱਟੜ ਜ਼ਨਾਨੀਆਂ ਅਕਸਰ ਕਰਨ ਲੱਗ ਪੈਂਦੀਆਂ ਨੇਂ। ਗੰਦ ਮੰਦ ਕੱਠਾ ਕਰ ਕੇ ਉਹਨੇ ਕਈਂ ਵੰਨਾਂ ਦੇ ਕਾੜ੍ਹੇ ਕਾੜ੍ਹ ਕਾੜ੍ਹ ਪੀਤੇ, ਮੰਤਰ ਪੜ੍ਹਨੇ ਤੇ ਫੇਰ ਇਕ ਚਾਨਣੀ ਰਾਤੇ ਸ਼ੈਤਾਨ ਆਣ ਵਖਾਲ਼ੀ ਦਿੱਤੀ। ਨੰਗ ਧੜੰਗ, ਸਿਰ ਤੇ ਲੰਮ ਸਲੰਮੀਆਂ ਮੀਢੀਆਂ, ਹਿਰਨ ਦੇ ਸਿੰਗ ਤੇ ਸੂਰ ਦੀਆਂ ਕਤਲੀਆਂ ਵਾਕਣ ਅਗਾਂਹ ਨੂੰ ਵਧੇ ਹੋਏ ਦੋ ਦੰਦ।

"ਜੀ ਮੇਰੀ ਸਾਈਣ, ਆਖੋਂ ਤੇ ਅੱਧੀ ਬਾਤਸ਼ਾਹੀ ਵੰਡਦਿਆਂ ਤੈਨੂੰ ਆਪਣੀ।"

ਅਕਸਾ ਉਹਦੇ ਮੱਕੜੀ ਦੇ ਜਾਲ਼ੇ ਵਰਗੇ ਸਰੀਰ ਵਿਚ ਸਮਾਣਾ ਚਾਂਹਦੀ ਸੀ ਪਰ ਉਹਨੇ ਸ਼ੈਤਾਨ ਨੂੰ ਆਪਣੇ ਨਾਨੇ ਨਾਨੀ ਬਾਰੇ ਪੁੱਛ ਲਿਆ।

"ਉਹ ਤੇ ਮੁਦ ਮੁਦੀਦ ਦੇ ਧੂੜੀਂ ਧੂੜ ਹੋ ਗਏ ਨੇਂ।"

"ਪੰਖ ਮੁਕਟ?"

"ਮੇਰਾ ਈ ਬੁਣਿਆ ਹੋਇਆ ਸੀ।"

"ਤੂੰ ਏਡਾ ਚਲਿੱਤਰ ਖੇਡਿਆ ਮੇਰੇ ਨਾਲ!"

ਉਹ ਹੱਸ ਕੇ ਆਖਣ ਲੱਗਾ, "ਮੈਂ ਚਲਿੱਤਰ ਈ ਖੇਡਣਾ ਕਿ ਹੋਰ ਕੀ?"

"ਸੱਚ ਕੀ ਏ ਮੁੜ?"

"ਸੱਚ ਏਹੋ ਏ ਬਈ ਕੋਈ ਸੱਚ ਨਹੀਂ।"

ਕੁਝ ਚਿਰ ਦੀ ਵਖਾਲ਼ੀ ਮਗਰੋਂ ਸ਼ਤਾਨ ਓਹਲੇ ਹੋ ਗਿਆ। ਅਕਸਾ ਜਾਗੋ ਮੀਟੀ ਜਿਹੀ ਹੋ ਗਈ। ਕੋਈ ਉਹਦੇ ਨਾਲ ਗੱਲਾਂ ਕਰਦਾ ਰਿਹਾ। ਫੇਰ ਉਹਨੂੰ ਆਪਣੀਆਂ ਛਾਤੀਆਂ ਭਾਰੀਆਂ ਤੇ ਕੁਚ ਸਖ਼ਤ ਹੋ ਗਏ ਜਾਪੇ। ਸਿਰ ਵਿਚ ਪੀੜ ਵਰਮੇ ਵਾਕਣ ਫਿਰਨ ਲੱਗ ਪਈ। ਦੰਦ ਬੰਨੇ ਨਿਕਲ ਆਏ ਤੇ ਜੀਭ ਵਧ ਕੇ ਏਡੀ ਕੁ ਲੰਮੀ ਹੋ ਗਈ ਕਿ ਉਹਨੂੰ ਤਾਲੂ ਪਾਟਦਾ ਜਾਪਿਆ। ਅੱਖਾਂ ਦੇ ਡੇਲੇ ਵਧ ਕੇ ਬਾਹਰ ਉੱਬਲ਼ਦੇ

ਜਾਪੇ। ਕੰਨਾਂ ਵਿਚ ਵਦਾਣ ਚੱਲਣ ਲੱਗ ਪਏ। ਉਹਨੂੰ ਜਣੇਪੇ ਦੀਆਂ ਪੀੜਾਂ ਛਿੜ ਪਈਆਂ। ਉਹ ਕਿਸੇ ਬਲਾ ਨੂੰ ਪਈ ਜੰਮਦੀ ਸੀ। ਉਹ ਰੱਬ ਅੱਗੇ ਹਾੜੇ ਘੱਤ ਘੱਤ ਮੁਆਫ਼ੀਆਂ ਮੰਗਣ ਲੱਗ ਪਈ। ਓੜਕ ਉਹਦੀ ਅੱਖ ਖੁਲ੍ਹ ਗਈ। ਸਵੇਰੇ ਉੱਠੀ ਤਾਂ ਉਹਦਾ ਰੌਂ ਬਹਾਲ ਸੀ।

ਨਾਨਾ ਉਹਦੀ ਪਵਾਂਦੀ ਮੱਲੀ ਖਲੋਤਾ ਸੀ। ਉਹ ਰੋਣ ਲੱਗ ਪਈ, "ਨਾਨਾ ਜੀ ਮੈਂ ਕੀ ਕਰਾਂ? ਕਿੱਥੇ ਜਾਵਾਂ?"

"ਤੂੰ ਜ਼ਮਾਖ਼ ਤੋਂ ਮੁਆਫ਼ੀ ਮੰਗ ਤੇ ਉਹਨੂੰ ਕਰ ਲੈ।"

ਉਹਨੂੰ ਆਪਣੀ ਜਣੇਪੇ ਵਾਲ਼ੀ ਹਾਲਤ ਚੇਤੇ ਆਈ। ਪਰ ਕੁਝ ਵੀ ਨਹੀਂ ਸੀ। ਉਹਨੇ ਚਿਰਾਂ ਪਿੱਛੋਂ ਇਬਰਾਨੀ ਵਿਚ ਰੱਬ ਦਾ ਸ਼ੁਕਰਾਨਾ ਕੀਤਾ। ਸਵੇਰੇ ਉੱਠ ਕੇ ਉਹਨੇ ਚਾਦਰ ਨਾਲ ਸਿਰ ਕੱਜਿਆ। ਲਦੋਕ ਤੇ ਗਲੋਰੀਆ ਨੇ ਉਹਦਾ ਕੁਝ ਨਹੀਂ ਸੀ ਛੱਡਿਆ। ਉਹਦੀ ਸਾਰੀ ਵਿਰਾਸਤ ਲੁੱਟ ਲਈ ਸੀ। ਨਾਨੀ ਦੇ ਛੱਡੇ ਹੋਏ ਇਕ ਗਹਿਣੇ ਈ ਬਚ ਰਹੇ ਸਨ। ਉਹਨੇ ਉਹਨਾਂ ਨੂੰ ਪੋਟਲੀ ਵਿਚ ਬੰਨ੍ਹਿਆ 'ਪੱਛੀ ਵਿਚ ਇਕ ਕੁੜਤਾ ਤੇ ਕੱਛੀ ਸੁੱਟੀ। ਲਦੋਕ ਸ਼ਿਕਾਰ ਤੇ ਚਲਿਆ ਗਿਆ ਸੀ ਗਲੋਰੀਆ ਦੋ ਦਿਨਾਂ ਦੀ ਮੰਜੀ ਤੇ ਪਈ ਸੀ। ਨੌਕਰਾਣੀ ਅਕਸਾ ਲਈ ਨਾਸ਼ਤਾ ਲਿਆਈ ਉਹਨੇ ਮਸਾਂ ਮਰਕੇ ਦੋ ਗਰਾਹੀਆਂ ਈ ਲਈਆਂ। ਫੇਰ ਉਹ ਮਲਕੜੇ ਜੇਹੇ ਓਥੋਂ ਨਿਕਲ ਟੁਰੀ। ਕੁੱਤਿਆਂ ਭਾਣੇ ਉਹ ਕੋਈ ਓਭੜ ਸੀ। ਜਿੱਧਰੋਂ ਲੰਘਦੀ ਭੌਂਕਣ ਕੱਢ ਭੁੜਦੇ। ਨੌਕਰਾਂ ਚਾਕਰਾਂ ਜਾਗੀਦਾਰਨੀ ਨੂੰ ਕਮਨਾਨਿਆਂ ਵਾਕਣ ਸਿਰ ਤੇ ਰੁਮਾਲ ਬੱਧੀ ਗੇਟ ਵਿਚੋਂ ਲੰਘਦਿਆਂ ਵੇਖਿਆ ਤਾਂ ਉਹ ਡੌਰ ਭੌਰੇ ਹੋ ਗਏ।

ਮਾਲਕੋਇਸਕੀ ਦੀ ਭੋਇੰ ਕਰੋਸਨੋ ਬਰੌਡ ਤੋਂ ਚੋਖੀ ਦੂਰ ਨਹੀਂ ਸੀ ਤਾਂ ਵੀ ਅਕਸਾ ਨੂੰ ਸੜਕ ਉੱਤੇ ਪੂਰਾ ਦਿਨ ਲੰਘ ਗਿਆ। ਰਜਵਾਹ ਦੇ ਪਾਣੀ ਨਾਲ ਮੂੰਹ ਹੱਥ ਧੋ ਕੇ ਉਹ ਘੜੀ ਅਰਾਮ ਕਰਨ ਬਹਿ ਗਈ। ਉਥੇ ਈ ਉਹਨੇ ਨਾਲ ਲਿਆਂਦੀ ਰੋਟੀ ਨਾਲੋਂ ਚੱਪਾ ਕੁ ਤੋੜ ਕੇ ਖਾਧਾ।

ਕਰੈਸਨੋ ਬਰੌਡ ਦੇ ਗੁਸਤਾਨ ਵਿਚ ਗੋਰਕੁਨ ਐਬਰ ਦੀ ਝੁੱਗੀ ਸੀ। ਬਾਹਰ ਉਹਦੀ ਜ਼ਨਾਨੀ ਟੱਪ ਵਿਚ ਕੱਪੜੇ ਪਈ ਧੋਂਦੀ ਸੀ। ਅਕਸਾ ਨੇ ਉਹਦੇ ਤੋਂ ਕਰੈਸਨੋ ਬਰੌਡ ਦਾ ਰਾਹ ਪੁੱਛਿਆ। ਉਹਨੇ ਨੱਕ ਦੀ ਸੇਧੇ ਟੁਰਦੇ ਰਹਿਣ ਦਾ ਆਖਿਆ। ਫੇਰ ਅਕਸਾ ਨੇ ਉਹਨੂੰ ਪਿੰਡ ਦੀ ਖ਼ੈਰ ਖ਼ਬਰ ਪੁੱਛੀ ਤਾਂ ਉਹ ਅੱਗੋਂ ਉਹਨੂੰ ਪੁੱਛਣ ਲੱਗ ਪਈ, ਉਹ ਕਿਥੋਂ ਤੇ ਕੌਣ ਏ?

ਅਕਸਾ ਨੇ ਉਹਨੂੰ ਰੇਬ ਨਫ਼ਤਾਲੀ ਟੱਬਰ ਨਾਲ ਆਪਣੀ ਦੂਰ ਦੀ ਰਿਸ਼ਤੇਦਾਰੀ ਦੱਸੀ ਤੇ ਬੜੇ ਢੰਗ ਨਾਲ ਉਹਦੇ ਤੋਂ ਅਕਸਾ ਬਾਰੇ ਪੁੱਛਿਆ। ਉਹਦਾ ਨਾਂ ਸੁਣਦਿਆਂ ਈ ਗੋਰ ਕੁਨ ਦੀ ਜ਼ਨਾਨੀ ਉਹਨੂੰ ਪਲੂਤੇ ਕੱਢਣ ਲੱਗ ਪਈ। ਅਕਸਾ ਨੇ ਉਹਨੂੰ ਆਪਣੇ ਨਾਨੀ ਨਾਨੇ ਦੀਆਂ ਕਬਰਾਂ ਵਿਖਾਵਣ ਲਈ ਕਿਹਾ। ਉਹਨੇ ਅੱਗੋਂ ਪੱਥਰ ਦੀਆਂ ਦੋ ਸਿਲਾਂ ਵੱਲ ਇਸ਼ਾਰਾ ਕਰ ਦਿੱਤਾ। ਅਕਸਾ ਨੇ ਜਾ ਕੇ ਕਬਰ ਸਾਹਮਣੇ ਗੋਡੇ ਟੇਕ ਦਿੱਤੇ ਤੇ ਵਾਹਵਾ ਰਾਤ ਤੀਕਰ ਉਥੇ ਬੈਠੀ ਰਹੀ।

ਤਿੰਨ ਮਹੀਨੇ ਅਕਸਾ ਨੇ ਜ਼ਮਾਖ਼ ਦੀ ਭਾਲ਼ ਵਿਚ ਕੱਟ ਛੱਡੇ ਪਰ ਉਹਦਾ ਕਿਧਰੋਂ ਵੀ ਕੋਈ ਖੋਜਖੁਰਾ ਨਾ ਲੱਭਾ। ਉਸ ਵਿਚਾਰੀ ਕੋਈ ਥਾਂ ਕੋਈ ਬੰਦਾ ਨਾ ਛੱਡਿਆ, ਪਰ ਕਿਸੇ ਨੂੰ ਵੀ ਕੁਝ ਪਤਾ ਨਹੀਂ ਸੀ। ਸਰਾਵਾਂ ਉਦੋਂ ਐਡੀਆਂ ਹੁੰਦੀਆਂ ਨਹੀਂ ਸਨ। ਰਾਤ ਹੁੰਦੀ ਤੇ ਉਹ ਅਨਾਥ ਆਸ਼ਰਮਾਂ ਵਿਚ ਸੌਂ ਕੇ ਵੇਲਾ ਕੱਟ ਲੈਂਦੀ। ਉਹਦੇ ਆਲ਼ ਦਵਾਲ਼ੇ ਬੁੱਢੜੇ ਬੀਮਾਰ ਲੋਕ ਖੰਘਦੇ, ਬੜਾਉਂਦੇ ਰਹਿੰਦੇ। ਬਾਲ ਰੋਂਦੇ। ਮਾਵਾਂ ਪਲੂਤੇ ਕੱਢਦੀਆਂ। ਅਕਸਾ ਇਹ ਸਾਰੀ ਬੇਸਕੂਨੀ ਆਪਣੀ ਸਜ਼ਾ ਕਰ ਕੇ ਮੰਨ ਲਈ ਸੀ, ਤਾਂ ਵੀ ਆਪਣੇ ਰੁਲ਼ ਜਾਣ ਦੀ ਕਿਰਕ ਰਹਿੰਦੀ। ਯਹੂਦੀ ਬ੍ਰਾਦਰੀ ਦੇ ਵੱਡਕੇ ਦੂਰ ਦੂਰ ਕਰਦੇ। ਛੇਤੀ ਕੀਤਿਆਂ ਉਹਨੂੰ ਨੇੜੇ ਨਾ ਆਵਣ ਦਿੰਦੇ। ਕਈਂ ਕਈਂ ਦਿਨ ਉਹਨਾਂ ਦੇ ਬੂਹਿਆਂ ਤੇ ਬੈਠੀ ਰਹਿੰਦੀ। ਕਦੀਂ ਤੇ ਸੋਚਣ ਲੱਗ ਪੈਂਦੀ, ਕੀਹਦੀ ਭਾਲ਼ ਕਰਦੀ ਫਿਰਦੀ ਏਂ, ਜੇਹਦਾ ਹੁਣ ਤੀਕਰ ਆਪਣਾ ਬਾਲ ਬੱਚਾ ਹੋ ਗਿਆ ਹੋਵੇਗਾ। ਮਤੇ

ਉਂਜ ਈ ਮਰ ਖਪ ਗਿਆ ਹੋਵੇ। ਪਰ ਉਹਨੂੰ ਕੋਈ ਰਾਹ ਨਹੀਂ ਸੀ ਸੁੱਝਦਾ। ਫੇਰ ਦੂਜਿਆਂ ਨੂੰ ਹਾੜੇ ਪਾਣ ਲੱਗੀ, ਉਹਦੇ ਲਈ ਮੌਤ ਦੀਆਂ ਦੁਆਵਾਂ ਮੰਗਣ।

ਸਿਆਲ਼ਾਂ ਦੀ ਇਕ ਦੁਪਹਿਰੇ ਉਂਜ ਈ ਇਕ ਦੂਰ ਦੁਰਾਡੀ ਸਰਾਂ ਵਿਚ ਬੈਠੀ ਭਠਿਆਰੀ ਤੋਂ ਜ਼ਮਾਖ਼ ਦਾ ਪੁੱਛਦੀ ਪਈ ਸੀ, ਕੋਲੋਂ ਇਕ ਮੁਸਾਫ਼ਰ ਬੋਲ ਪਿਆ, "ਬੀਬੀ ਤੂੰ ਕਿੱਧਰੇ ਅਜ਼ਬੈਕਾ ਵਾਲ਼ੇ ਮਾਸਟਰ ਜ਼ਮਾਖ਼ ਦਾ ਤੇ ਨਹੀਂ ਪੁੱਛਦੀ?" ਉਹ ਜ਼ਮਾਖ਼ ਦਾ ਮੂੰਹ ਮੁਹਾਂਦਰਾ ਤੇ ਡੀਲ ਡੌਲ ਦੱਸਣ ਲੱਗ ਪਿਆ।

ਓਸ ਬੰਦੇ ਤੋਂ ਈ ਅਕਸਾ ਨੂੰ ਪਤਾ ਲੱਗਾ ਜ਼ਮਾਖ਼ ਬਹੁੰ ਕਾਵੜੀਲਾ ਬੰਦਾ ਏ। ਲੋਕ ਉਹਦੇ ਕੋਲ ਬਾਲ ਨਹੀਂ ਪੜ੍ਹਨੇ ਪਾਂਦੇ। ਇਕ ਜ਼ਨਾਨੀ ਉਹਨੇ ਮਾਰ ਛੱਡੀ ਏ ਦੂਜੀ ਨਸਾ ਛੱਡੀ ਏ। ਬੱਚਾ ਉਹਦਾ ਕੋਈ ਨਹੀਂ। ਖਦੜਾ ਏ।

ਅਕਸਾ ਦੀਆਂ ਅੱਖਾਂ ਭਿੱਜ ਗਈਆਂ ਤੇ ਓਸੇ ਵੇਲੇ ਅਜ਼ਬੈਕਾ ਜਾਣ ਲਈ ਉੱਠ ਖਲੋਤੀ। ਸਰਾਂ ਸਾਹਮਣੇ ਈ ਇਕ ਘੋੜਾ ਗੱਡੀ ਅਜ਼ਬੈਕਾ ਜਾਣ ਲਈ ਤਿਆਰ ਖਲੋਤੀ ਸੀ। ਅਕਸਾ ਛੇਤੀ ਨਾਲ਼ ਉਹਦੇ ਵਿਚ ਜਾ ਬੈਠੀ। ਉਹਨਾਂ ਵੇਲਿਆਂ ਵਿਚ ਸੜਕਾਂ ਦਾ ਕੋਈ ਹੱਜ ਨਹੀਂ ਸੀ। ਖੱਡੇ ਖਾਲ਼ ਤੇ ਛੱਪੜ ਰਾਹਵਾਂ ਵਿਚ ਬੇਸ਼ੁਮਾਰ ਈ ਆਉਂਦੇ ਸਨ। ਮੁਸਾਫ਼ਰ ਕਈਆਂ ਥਾਵਾਂ ਤੇ ਲਹਿ ਕੇ ਪੈਹਾ ਮਾਰਦੇ, ਗੱਡੀ ਖਾਲ਼ਿਆਂ ਵਿਚੋਂ ਕੱਢਦੇ ਤੇ ਕੋਚਵਾਨ ਦੀ ਧੀ ਦੀ ਭੈਣ ਦੀ ਕਰਦੇ ਹੋਏ ਮੁੜ ਅੰਦਰ ਆਣ ਬਹਿੰਦੇ। ਅਕਸਾ ਆਪਣੀ ਥਾਉਂ ਇਕ ਵਾਰ ਨਾ ਉੱਠੀ। ਬਾਹਰ ਬਰਫ਼ ਪੈਣ ਲੱਗ ਪਈ ਸੀ ਤੇ ਨਾਲ ਠੰਢੀ ਸੀਤ ਹਵਾ ਵੀ ਝੁੱਲ ਪਈ ਸੀ। ਅਜ਼ਬੈਕਾ ਅੱਪੜਦਿਆਂ ਉਹਨਾਂ ਨੂੰ ਵਾਹਵਾ ਕੁਫ਼ਤੇ ਵੇਲੇ ਹੋ ਗਏ। ਸਾਰਾ ਪਿੰਡ ਈ ਦਲਦਲ ਵਿਚ ਧੱਸਿਆ ਹੋਇਆ ਸੀ। ਕਿਸੇ ਨੇ ਅਕਸਾ ਨੂੰ ਜ਼ਮਾਖ਼ ਦੇ ਘਰ ਦਾ ਦੱਸਿਆ। ਉਹ ਪਹਾੜੀ ਉੱਤੇ ਕਸਾਈਆਂ ਦੀਆਂ ਹੱਟੀਆਂ ਲਾਗੇ ਇਕ ਝੁੱਗੀ ਵਿਚ ਰਹਿੰਦਾ ਸੀ। ਅਕਸਾ ਔਖੀ ਸੌਖੀ ਉਥੇ ਅੱਪੜੀ। ਹਰ ਪਾਸੇ ਸਿੱਲ੍ਹੀ ਜਿਹੀ ਮੁਸ਼ਕ ਖਿੰਡੀ ਹੋਈ ਸੀ ਹਾਲਾਂ ਸਿਆਲਾਂ ਦੇ ਦਿਨ ਸਨ। ਕਸਾਈਆਂ ਦੀਆਂ ਹੱਟੀਆਂ ਦਵਾਲ਼ੇ ਫਿਰਦੇ ਕੁੱਤੇ ਅਜੇ ਤਾਈਂ ਉਰ੍ਹਾਂ ਪਰਾਂਹ ਭੌਂਦੇ ਨਜ਼ਰੀਂ ਪੈਂਦੇ ਸਨ।

ਅਕਸਾ ਨੇ ਬਾਰੀ ਥਾਣੀਉਂ ਝੁੱਗੀ ਅੰਦਰ ਝਾਕਿਆ, ਮਿੱਟੀ ਨਾਲ਼ ਭਰਿਆ ਫ਼ਰਸ਼ ਤੇ ਪੁਰਾਣੀਆਂ ਕਿਤਾਬਾਂ ਦੀਆਂ ਅਲਮਾਰੀਆਂ ਨਜ਼ਰੀ ਪਈਆਂ। ਦੀਵੇ ਦੀ ਮੱਠੀ ਲੋਅ ਵਿਚ ਉਹਨੇ ਵੇਖਿਆ ਮੇਜ਼ ਦੇ ਸਾਹਮਣੇ ਇਕ ਮਧਰੇ ਕੱਦ, ਸੰਘਣੇ ਭਰਵੱਟਿਆਂ ਤੇ ਤ੍ਰਿੱਖੀ ਨੱਕ ਵਾਲ਼ਾ ਪੀਲ਼ਾ ਵਸਾਰ ਬੰਦਾ ਵੱਡੀ ਸਾਰੀ ਕਿਤਾਬ ਉੱਤੇ ਉੜਿਆ ਬੈਠਾ ਸੀ। ਗਲ਼ ਉਹਨੇ ਇਕ ਪਾਟੀ ਪੁਰਾਣੀ ਰੂੰ ਦੀ ਫਤੂਹੀ ਪਾਈ ਹੋਈ ਸੀ ਤੇ ਸਿਰ ਦੀ ਟੋਟਣੀ ਉੱਤੇ ਗੋਲ਼ ਟੋਪੀ। ਅਕਸਾ ਦੇ ਵੇਖਦਿਆਂ ਵੇਖਦਿਆਂ ਇਕ ਮੋਟਾ ਸਾਰਾ ਚੂਹਾ ਆਪਣੇ ਬਿੱਲ ਵਿਚੋਂ ਨਿਕਲ਼ ਕੇ ਪਾਸੇ ਤੇ ਵਿਛੇ ਬਿਸਤਰੇ ਉੱਤੇ ਭੱਜ ਟੁਰਿਆ। ਅਕਸਾ ਨੇ ਜ਼ਮਾਖ਼ ਬੁੱਢੇ ਹੋਏ ਨੂੰ ਵੀ ਪਛਾਣ ਲਿਆ। ਉਹ ਆਪਣਾ ਪਿੰਡਾ ਖੁਰਕਦਾ ਪਿਆ ਸੀ। ਫੇਰ ਉਹਨੇ ਆਪਣੇ ਉਂਗਲ਼ਾਂ ਦੇ ਪੋਟਿਆਂ ਤੇ ਲਬ ਲਾਈ ਤੇ ਉਹਨਾਂ ਨੂੰ ਮੱਥੇ ਨਾਲ਼ ਪੂੰਝ ਲਿਆ। ਅਕਸਾ ਇਕੋ ਵੇਲੇ ਰੋਣਾ ਹੱਸਣਾ ਚਾਂਹਦੀ ਸੀ। ਏਨੇ ਵਿਚ ਉਹਦੇ ਕੰਨਾਂ ਨੇ ਨਾਨੀ ਦੀ ਵਾਜ ਸੁਣੀ, "ਅਕਸਾ, ਨੱਸ ਜਾ।"

"ਕਿੱਥੇ?"

"ਈਸਾਈਆਂ ਵਿਚ ਚਲੀ ਜਾ।"

ਹੁਣ ਅਕਸਾ ਨੂੰ ਨਾਨਾ ਬੋਲਦਾ ਕੰਨੀਂ ਪਿਆ, "ਇਹ ਤੈਨੂੰ ਖੂਹ ਖਾਤੇ ਡਿੱਗਣੋ ਬਚਾ ਲਵੇਗਾ।" ਅਕਸਾ ਨੇ ਕਦੀਂ ਨਾਨੇ ਨੂੰ ਏਡੇ ਟਿੱਲ ਨਾਲ ਬੋਲਦਿਆਂ ਨਹੀਂ ਸੀ ਸੁਣਿਆ। ਉਹਨੂੰ ਬੇਹੋਸੀ ਤੋਂ ਪਹਿਲਾਂ ਵਾਲੀ ਵਾਂਦ ਸਹੀ ਹੋਈ ਬੂਹੇ ਨਾਲ ਢਾਸਣਾ ਲਾਣਾ ਚਾਹਿਆ ਤੇ ਬੂਹਾ ਚੌੜ ਚੱਪਟ ਖੁਲ੍ਹ ਗਿਆ।

ਜ਼ਮਾਖ਼ ਨੇ ਜ਼ਰਕਾਨ ਮਾਰੀਆਂ ਅੱਖਾਂ ਉਤੋਂ ਇਕ ਭਰਵੱਟਾ ਚਾ ਕੇ ਉਹਦੇ ਵੱਲ ਤੱਕਿਆ, "ਕੀ ਏ?"

"ਤੂੰ ਜ਼ਮਾਖ਼ ਏ ਨਾਂ?"

"ਆਹੋ, ਤੂੰ ਕੌਣ ਏਂ?"

"ਮੈਂ ਅਕਸਾ ਆਂ ਕਰੈਸਨੋ ਬਰੌਡੋਂ, ਤੇਰੀ ਮੰਗ...।"

ਜ਼ਮਾਖ਼ ਦਾ ਮੂੰਹ ਅੱਡਿਆ ਗਿਆ ਤੇ ਉਹਦਾ ਇਕੋ ਇਕ ਦੰਦ ਕਾਲ਼ੀ ਕੂੰਡੀ ਵਰਗਾ ਬੰਨੇ ਨਿਕਲ਼ ਆਇਆ, "ਮੁਰਤਦ।"

"ਮੈਂ ਮੁੜ ਯਹੂਦੀ ਹੋ ਗਈ ਆਂ।"

ਜ਼ਮਾਖ਼ ਭਖ ਪਿਆ, "ਚੱਲ ਦਫ਼ਾ ਹੋ ਏਥੋਂ।"

"ਰੇਬ ਜ਼ਮਾਖ਼ ਮੇਰੀ ਗੱਲ ਤਾਂ ਸੁਣ।"

ਉਹ ਮੁੱਕ ਵੱਟਦਾ ਉਹਦੇ ਵੱਲ ਭੱਜਿਆ। ਰਾਹ ਵਿਚ ਪਿਆ ਦੀਵਾ ਉਹਦੇ ਠੁੱਡੇ ਨਾਲ਼ ਡਿੱਗ ਕੇ ਬੁਝ ਗਿਆ। ਹੋਯਸ਼ਸੀਜ਼ ਦਾ ਪੜ੍ਹਾਈ ਘਰ ਲੋਕਾਂ ਨਾਲ ਭਰਿਆ ਸੀ। ਭਲ਼ਕੇ ਨਵਾਂ ਚੰਨ ਦਿਸਣਾ ਸੀ। ਲੋਕ ਦੁਆ ਕਰਨ ਇਕੱਠੇ ਹੋਏ ਹੋਏ ਸਨ। ਚਾਣਚੱਕ ਬੂਹਾ ਖੁੱਲ੍ਹਿਆ ਤੇ ਇਕ ਪਾਟੇ ਪੁਰਾਣੇ ਕੱਪੜਿਆਂ ਵਾਲ਼ਾ ਬੰਦਾ ਇਕ ਜ਼ਨਾਨੀ ਨੂੰ ਗਲ਼ ਵਿਚ ਰੱਸਾ ਪਾਈ ਗਾਂ ਵਾਕਣ ਛਿਕਦਾ ਅੰਦਰ ਆਣ ਵੜਿਆ। ਜ਼ਨਾਨੀ ਦੇ ਸਿਰ ਉੱਤੇ ਕਾਲ਼ਾ ਜੇਹਾ ਰੁਮਾਲ ਤੇ ਗਲ਼ ਟਾਟ ਸੀ। ਉਹਦੀ ਧੌਣ ਦਵਾਲ਼ੇ ਥੋਮ ਦੀਆਂ ਤੁੱਰੀਆਂ ਦੀ ਮਾਲ਼ਾ ਸੀ। ਉਹ ਬੂਹੇ ਵਿਚ ਮੂੰਹ ਦਾਅ ਲੰਮੀ ਪੈ ਕੇ ਲੋਕਾਂ ਨੂੰ ਆਪਣੇ ਉੱਤੇ ਥੁੱਕਾਂ ਸੁੱਟਣ ਦਾ ਆਖਣ ਲੱਗ ਪਈ। ਸਾਰੇ ਪੜ੍ਹਾਈ ਘਰ ਵਿਚ ਜ਼ਨਾਨੀਆਂ ਬੰਦੇ ਆਪਣੀਆਂ ਦੁਆਵਾਂ ਭੁੱਲ ਕੇ ਉਹਦੇ ਵੱਲ ਉਲਰਨ ਲੱਗ ਪਏ, ਰੌਲ਼ਾ ਪੈ ਗਿਆ। ਨਾਲ਼ ਆਏ ਬੰਦੇ ਨੇ ਥੜੇ ਉੱਤੇ ਚੜ੍ਹ ਕੇ ਲੋਕਾਂ ਨੂੰ ਚੁੱਪ ਕਰਾਇਆ ਤੇ ਦੱਸਿਆ, "ਇਹ ਰੇਬ ਨਫ਼ਤਾਲੀ ਦੀ ਦੋਹਤਰੀ ਏ, ਅਕਸਾ ਏਸ ਮੁਰਤਦ ਹੋ ਕੇ ਈਸਾਈ ਜਾਗੀਰਦਾਰਾਂ ਨਾਲ਼ ਵਿਆਹ ਕਰ ਲਿਆ ਸੀ। ਹੁਣ ਇਹਨੂੰ ਸੱਚ ਦਿਸ ਪਿਆ ਏ ਤੇ ਇਹ ਮੁੜ ਕੇ ਯਹੂਦੀ ਹੋਣਾ ਚਾਂਹਵਦੀ ਏ, ਪਰ ਪਹਿਲੀ ਕੀਤੀ ਦਾ ਡੰਡ ਦੇ ਕੇ।"

ਪੜ੍ਹਾਈ ਘਰ ਵਿਚ ਹਾਜ਼ਰ ਜੀਅ ਤਰਾਸ ਤਰਾਸ ਪਏ ਕਰਦੇ ਸਨ। ਭਲਾ ਇਹ ਕੀ ਢੰਗ ਮੁਆਫ਼ੀ ਦਾ... ਇਕ ਇਨਸਾਨ ਨੂੰ ਰੱਸਾ ਪਾ ਕੇ ਡੰਗਰਾਂ ਵਾਕਣ ਧਰੂਈ ਫਿਰਨਾ। ਕਈਂ ਤਾਂ ਜ਼ਨਾਨੀ ਦੇ ਸੰਗੀ ਓਸ ਬੰਦੇ ਨੂੰ ਮਾਰਨ ਵੀ ਪਏ ਪਰ ਰੇਬ ਬੀਜ਼ਬਲ ਨੇ ਹੋੜ ਦਿੱਤਾ। ਇਹ ਇਲਾਕਾ ਆਸਟਰੀਆ ਦੇ ਕਾਨੂੰਨ ਵਿਚ ਸੀ। ਏਥੇ ਕੋਈ ਯਹੂਦੀ ਮੁੜ ਕੇ ਆਪਣੇ ਧਰਮ ਵਿਚ ਆ ਸਕਦਾ ਸੀ। ਰੇਬ ਬੀਜ਼ਬਲ ਸੋਚਦਾ ਪਿਆ ਸੀ, ਜੇ ਈਸਾਈਆਂ ਨੂੰ ਏਹ ਪਤਾ ਲੱਗ ਜਾਵੇ ਯਹੂਦੀ ਈਸਾਈ ਹੋਵਣ ਤੇ ਐਡਾ ਭੈੜਾ ਸਲੂਕ ਕਰਦੇ ਨੇਂ ਤਾਂ ਉਹਨਾਂ ਯਹੂਦੀਆਂ ਦੇ ਬਰਖ਼ਿਲਾਫ਼ ਕੋਈ ਸਖ਼ਤ ਕਨੂੰਨ ਕਢਵਾ ਦੇਣਾ ਸੀ। ਇਹ ਸੋਚ ਕੇ ਉਹ ਝੱਟ ਅਕਸਾ ਕੋਲ਼ ਅੱਪੜਿਆ, "ਪੁੱਤਰੀਏ ਤੂੰ ਤੋਬਾ ਕਰ ਲਈ ਏ ਬਸ ਤੂੰ ਸਾਡੀ ਧੀ ਏਂ। ਉਤਾਂਹ ਉੱਠ ਖਲੋ, ਬੜੀ ਹੋ ਗਈ ਏ।"

"ਰਬੀ, ਮੈਂ ਆਪਣੇ ਲੋਕਾਂ ਦੀ ਗੁਨਾਹਗਾਰ ਆਂ।"

"ਰੱਬ ਤੈਨੂੰ ਮੁਆਫ਼ ਕਰ ਦਏਗਾ।"

ਹੁਣ ਜ਼ਨਾਨੀਆਂ ਵੀ ਉਥੇ ਆ ਗਈਆਂ ਸਨ। ਰੇਬ ਬੀਜ਼ਬਲ ਦੀ ਜ਼ਨਾਨੀ ਵੀ ਵਿਚੇ ਈ ਸੀ। ਬੀਜ਼ਬਲ ਨੇ ਉਹਨੂੰ ਆਖਿਆ, "ਏਸ ਕਾਕੀ ਨੂੰ ਘਰ ਲੈ ਜਾ ਤੇ ਸੋਹਣੇ ਸੋਹਣੇ ਕੱਪੜੇ ਪਵਾ। ਸਭ ਸੂਰਤਾਂ ਰੱਬ ਦੀਆਂ ਆਪਣੀਆਂ ਨੇਂ।"

"ਮੈਂ ਆਪਣੇ ਗੁਨਾਹਵਾਂ ਦਾ ਡੰਡ ਭਰਨਾ ਏ, ਰਬੀ।"

"ਉਹ ਵੀ ਵੇਖ ਲੈਨੇ ਆਂ! ਕੀ ਦੀਨਾ ਬੰਦਾ ਏ ਤੇਰਾ, ਤੂੰ ਆਪਣੇ ਆਪ ਨੂੰ ਇੰਜ ਕਾਹਨੂੰ ਮਾਰਨੀ ਏਂ।"

ਕੁਝ ਜ਼ਨਾਨੀਆਂ ਦੇ ਅਥਰੂ ਨਿਕਲ ਆਏ। ਰਬੀ ਦੀ ਜ਼ਨਾਨੀ ਆਪਣੀ ਚਾਦਰ ਲਾਹ ਕੇ ਅਕਸਾ ਦੇ ਮੋਢਿਆਂ ਤੇ ਪਾ ਦਿੱਤੀ। ਇਕ ਹੋਰ ਨੇ ਅਗਾਂਹ ਵਧ ਕੇ ਆਪਣੀ ਟੋਪੀ ਨਾਲ ਉਹਦਾ ਸਿਰ ਕੱਜ ਦਿੱਤਾ। ਫਿਰ ਉਹਨੂੰ ਉਸ ਨਿੱਕੀ ਜੇਹੀ ਕੋਠੜੀ ਵਿਚ ਲੈ ਗਈਆਂ ਜਿੱਥੇ ਕਿਸੇ ਵੇਲੇ ਗੁਨਾਹਗਾਰਾਂ ਨੂੰ ਰੱਖਿਆ ਜਾਂਦਾ ਸੀ। ਉਹਨਾਂ ਵੇਲਿਆਂ ਦੀ ਯਾਦਗਾਰੀ ਇਕ ਸੰਗਲ ਤੇ ਇਕ ਮੁੱਢੀ ਦੀ ਸ਼ਕਲ ਵਿਚ ਅਜੇ ਵੀ ਓਥੇ ਪਈ ਹੋਈ ਸੀ। ਜਿਸ ਵੇਲੇ ਜ਼ਨਾਨੀਆਂ ਅਕਸਾ ਨੂੰ ਕੱਪੜੇ ਪਈਆਂ ਬਦਲਵਾਂਦੀਆਂ ਸਨ ਉਹ ਆਪਣੀਆਂ ਛਾਤੀਆਂ ਤੇ ਮੁੱਕ ਮਾਰਦੀ ਹੋਈ ਡੁਸਕਦੀ ਪਈ ਸੀ, "ਮੈਂ ਰੱਬ ਦੀ ਨਾਫ਼ਰਮਾਨੀ ਕੀਤੀ, ਬੁੱਤ ਪੂਜੇ, ਈਸਾਈ ਨਾਲ ਸੁੱਤੀ। ਲੋਹੜਾ ਨੀ, ਮੈਂ ਜਾਦੂ ਟੂਣੇ ਕੀਤੇ, ਸ਼ਤਾਨ ਨਾਲ ਯਾਰੀ ਲਾਈ, ਉਹਨੇ ਮੈਨੂੰ ਪੰਖ ਮੁਕਟ ਦਿੱਤਾ, ਮੇਰੀ ਤਕਦੀਰ, ਨੀ ਮੈਂ ਭੁੱਲ ਗਈ।"

ਦੁਆ ਤੋਂ ਵੇਹਲੇ ਹੋ ਕੇ ਲੋਕ ਅਣਸੁਣੇ ਬੰਦੇ ਵਲ ਹੋਏ, ਰੇਬ ਨਫ਼ਤਾਲੀ ਦੀ ਦੋਹਤਰੀ ਨਾਲ ਉਹਦਾ ਲਾਗਾ ਦੇਗਾ ਪੁੱਛਣ?

"ਮੈਂ ਜ਼ਮਾਖ਼ ਆਂ, ਮੇਰਾ ਏਹਦਾ ਵਿਆਹ ਹੋਇਆ ਸੀ ਪਰ ਏਹਨੇ ਨਾਂਹ ਕਰ ਦਿੱਤੀ। ਹੁਣ ਓਸ ਨਾਂਹ ਦੀ ਈ ਮੁਆਫ਼ੀ ਮੰਗਣ ਆਈ ਏ ਮੇਰੇ ਤੋਂ।" ਉਹਨੇ ਦੱਸਿਆ।

"ਇਕ ਚੰਗੇ ਯਹੂਦੀ ਦਾ ਦੂਜੇ ਯਹੂਦੀ ਨੂੰ ਮੁਆਫ਼ ਕਰਨ ਈ ਬਣਦਾ ਏ।" ਰੇਬ ਬੀਜ਼ਬਲ ਬੋਲਿਆ।

"ਮੈਂ ਤੇ ਕਰ ਦਿੱਤਾ ਏ ਜੇ ਰੱਬ ਵੀ ਕਰੇ...।"

"ਉਹ ਵੀ ਮਿਹਰ ਕਰਦਾ ਏ।"

ਇਹ ਸੁਣਨ ਦੀ ਦੇਰ ਸੀ ਜ਼ਮਾਖ਼ ਦੇ ਧਾਰਮਿਕ ਇਲਮ ਦਾ ਸਮੁੰਦਰ ਬਿਫਲ ਪਿਆ। ਉਹਨੇ ਤਾਲਮਦ ਤੇ ਹੋਰ ਸ਼ਰਹ ਤਫ਼ਸੀਰਾਂ ਫੋਲ ਧਰੀਆਂ। ਹੋਰ ਤੇ ਹੋਰ ਉਹਨੇ ਕਈਆਂ ਥਾਵਾਂ ਤੇ ਰਬੀ ਦੀ ਵੀ ਦਰੁਸਤੀ ਕਰ ਦਿੱਤੀ। ਓੜਕ ਰਬੀ ਉਹਦੇ ਬਾਲ ਬੱਚੇ ਬਾਰੇ ਪੁੱਛਣ ਲੱਗ ਪਿਆ। ਜਦੋਂ ਜ਼ਮਾਖ਼ ਦੇ ਤਲਾਕੇ ਹੋਵਣ ਦਾ ਪਤਾ ਲੱਗਾ ਉਸ ਆਖਿਆ, "ਚਲੋ ਫੇਰ ਤੇ ਸਾਰਾ ਕੁਝ ਸੂਤਰ ਹੋ ਸਕਦਾ ਏ।"

ਅਖ਼ੀਰ ਉਹਨਾਂ ਸਾਰੇ ਲੋਕਾਂ ਰੇਬ ਬੀਜ਼ਬਲ ਦੀ ਅਗਵਾਈ ਵਿਚ ਦੋਵਾਂ ਦੀ ਢੇਰ ਟਹਿਲ ਸੇਵਾ ਕੀਤੀ ਤੇ ਫੇਰ ਨਕਾਹ ਪੜ੍ਹਵਾ ਦਿੱਤਾ। ਰਬੀ ਨੇ ਅਕਸਾ ਦੇ ਕਫ਼ਾਰੇ ਦਾ ਦੱਸਿਆ, ਉਹ ਸੋਮਵਾਰ ਤੇ ਜੁਮੇਰਾਤ ਦਾ ਰੋਜ਼ਾ ਰੱਖੇ ਐਤਵਾਰ ਨੂੰ ਗੋਸ਼ਤ ਮੱਛੀ ਨਾ ਖਾਵੇ, ਜ਼ਬੂਰਾਂ ਪੜ੍ਹੇ ਤੇ ਸਵੇਰੇ ਉੱਠ ਕੇ ਸਜਦਾ ਸਜੂਦ ਕਰੇ।

ਜ਼ਮਾਖ਼ ਕਫ਼ਾਰੇ ਦੀ ਥਾਂ ਡੰਡ ਦੇ ਹੱਕ ਵਿਚ ਸੀ, ਉਹਦੇ ਹਸਾਬ ਨਾਲ ਮੁਰਤਦ ਹੋਵਣ ਨਿੱਕਾ ਮੋਟਾ ਗੁਨਾਹ ਨਹੀਂ ਸੀ। ਓਸ ਵੇਰਵਾ ਕੀਤਾ, "ਜੁੱਤੀ ਵਿਚ ਰੋੜੇ ਹੋਵਣ, ਸਿਆਲ਼ਾਂ ਵਿੱਚ ਡਿਗਦੀ ਬਰਫ਼ ਉੱਤੇ ਨੰਗੇ ਪਿੰਡੇ ਲੇਟਣੀਆਂ ਲਈਆਂ ਜਾਵਣ, ਗਰਮੀਆਂ ਵਿਚ ਧੁੱਪੇ ਰਿਹਾ ਜਾਵੇ ਤੇ ਸਬਾਤ ਤੋਂ ਸਬਾਤ ਤਾਈਂ ਰੋਜੇ ਰੱਖੇ ਜਾਵਣ।"

"ਅੱਜ ਬੰਦੇ ਏਡ ਸਖ਼ਤੀਆਂ ਨਹੀਂ ਝੱਲ ਸਕਦੇ।" ਰਬੀ ਨੇ ਝਕਦਿਆਂ ਆਖਿਆ।

"ਜੇ ਗੁਨਾਹ ਕਰ ਸਕਦੇ ਨੇ ਤੇ ਫੇਰ ਡੰਡ ਦੀ ਸਖ਼ਤੀ ਕਿਉਂ ਨਹੀਂ ਜਰ ਸਕਦੇ।"

ਅਕਸਾ ਨੇ ਵੀ ਜ਼ਮਾਖ਼ ਦੀ ਹਾਂ ਵਿਚ ਹਾਂ ਰਲਾਈ ਤੇ ਆਪਣੇ ਲਈ ਉਹਦਾ ਦੱਸਿਆ ਡੰਡ ਮੰਨ ਲਿਆ। ਫੇਰ ਉਹਨੇ ਜ਼ਮਾਖ਼ ਕੋਲੋਂ ਆਪਣੀ ਗੰਢੜੀ ਲੈ ਕੇ ਖੋਲ੍ਹੀ ਜੋ ਗਹਿਣਾ ਗੱਟਾ ਸੀ ਕੱਢ ਕੇ ਬਾਹਰ ਧਰ ਦਿੱਤਾ। ਮਜਮੇ ਦੇ ਮੂੰਹੋਂ ਹਉਂਕਾ ਨਿਕਲ ਗਿਆ।

"ਮੈਂ ਇਹਨਾਂ ਗਹਿਣਿਆਂ ਦੀ ਅਹਿਲ ਨਹੀਂ। ਰਬੀ ਦਾ ਜੋ ਜੀ ਕਰਦਾ ਏ ਏਹਨਾਂ ਦਾ ਕਰ ਲਵੇ, ਮੈਨੂੰ ਉਜ਼ਰ ਨਹੀਂ।"

ਰਬੀ ਨੇ ਏਥੇ ਵੀ ਮਜ਼ਹਬੀ ਹਵਾਲੇ ਨਾਲ ਰਈ ਕਰਨੀ ਚਾਹੀ, ਪਰ ਜ਼ਮਾਖ਼ ਨਾ ਮੰਨਿਆ, ਆਖਣ ਲੱਗਾ, "ਏਹ ਗਹਿਣੇ ਏਹਦੀ ਨਾਨੀ ਵਲੋਂ ਨੇ ਪਰ ਏਹਨੇ ਨਾਨੀ ਦੀ ਨਾਫ਼ਰਮਾਨੀ ਕੀਤੀ ਏ ਏਸ ਲਈ

ਉਹਦੀ ਵਿਰਾਸਤ ਉੱਤੇ ਏਹਦਾ ਕੋਈ ਹੱਕ ਨਹੀਂ।”

ਰਬੀ ਨੂੰ ਚੁੱਪ ਕਰਨਾ ਪਿਆ। ਜ਼ਮਾਖ਼ ਨੇ ਆਪਣੇ ਜ਼ਿੰਮੇ ਪਾਣੀ ਢੋਣ ਤੇ ਅਕਸਾ ਨੇ ਆਟਾ ਗੁੰਨ੍ਹਣ ਤੇ ਕੱਪੜੇ ਧੋਣ ਦੇ ਕੰਮ ਲਾ ਲਏ।

ਦੋਵੇਂ ਕਬਰਸਤਾਨ ਲਾਗ ਇਕ ਝੁੱਗੀ ਵਿਚ ਰਹਿਣ ਲੱਗ ਪਏ। ਸਾਰਾ ਸਾਰਾ ਦਿਨ ਜ਼ਮਾਖ਼ ਮਸ਼ਕ ਵਿਚ ਪਾਣੀ ਢੋਂਦਾ, ਅਕਸਾ ਕੱਪੜੇ ਧੋਂਦੀ। ਦੋਵੇਂ ਬਹੁਤਾ ਚਿਰ ਰੋਜ਼ੇ ਨਾਲ ਹੁੰਦੇ। ਅਕਸਾ ਆਪਣੀ ਜੁੱਤੀ ਵਿਚ ਰੋੜ ਪਾਈ ਰੱਖਦੀ। ਰਾਤ ਨੂੰ ਦੋਵੇਂ ਵੱਖੋ ਵੱਖਰੇ ਸੌਂਦੇ। ਤਿੰਨ ਵਰ੍ਹੇ ਉਹਨਾਂ ਨੂੰ ਇੰਜੇ ਬੀਤ ਗਏ। ਜ਼ਮਾਖ਼ ਨੇ ਅਕਸਾ ਨੂੰ ਕਦੀਂ ਛੁਹ ਕੇ ਨਹੀਂ ਸੀ ਵੇਖਿਆ। ਉਹਨੂੰ ਆਪਣੇ ਗੁਨਾਹ ਚੇਤੇ ਆਂਵਦੇ ਸਨ ਕਿਵੇਂ ਉਹ ਆਪਣੀਆਂ ਬੀਵੀਆਂ ਦੇ ਸਮੇ ਅਕਸਾ ਨਾਲ ਭੋਗ ਕਰਨ ਨੂੰ ਸਿੱਕਦਾ ਰਹਿੰਦਾ ਸੀ। ਏਸੇ ਸਿੱਕ ਵਿਚ ਉਹਨੇ ਆਪਣੀਆਂ ਜ਼ਨਾਨੀਆਂ ਨਾਲ ਵਧੀਕੀ ਕੀਤੀ। ਰਬੀ ਨੇ ਇਕ ਵਾਰੀ ਫੇਰ ਉਹਨਾਂ ਨੂੰ ਤਸੀਹਿਆਂ ਤੋਂ ਹਟਕਣਾ ਚਾਹਿਆ ਪਰ ਜ਼ਮਾਖ਼ ਆਖ ਦਿੱਤਾ, “ਤਸੀਹੇ ਬਿਨਾ ਤੋਵਾ ਨਹੀਂ ਹੋ ਸਕਦੀ।”

ਅਕਸਾ ਹਰ ਰਾਤ ਤੋਵਾ ਤਿਲਾ ਕਰ ਕੇ ਸੌਂਦੀ। ਉਹਦੇ ਸੁਫ਼ਨੇ ਅਜੇ ਨਰੋਲ ਨਹੀਂ ਸਨ ਹੋਏ। ਸ਼ਤਾਨ ਹਾਲੇ ਵੀ ਉਹਦੀ ਨਾਨੀ ਬਣਕੇ ਉਹਨੂੰ ਵਖਾਲੀ ਦੇਂਦਾ ਤੇ ਰੰਗ ਬਰੰਗਿਆਂ ਸ਼ਹਿਰਾਂ, ਨਾਚ ਗਾਣੇ ਦੀਆਂ ਮਹਿਫ਼ਲਾਂ ਤੇ ਨਫ਼ਸ ਪਾਲ ਜ਼ਨਾਨੀਆਂ ਦੀਆਂ ਗੱਲਾਂ ਸੁਣਾ ਕੇ ਉਹਨੂੰ ਕੁਰਾਹੇ ਪਾਵਣ ਦੇ ਉਪਰਾਲੇ ਕਰਦਾ। ਨਾਨੇ ਨੇ ਮੁੜ ਚੱਪ ਵੱਟ ਲਈ ਸੀ।

ਇਕ ਰਾਤ ਅਕਸਾ ਡਿੱਠਾ ਉਹ ਨੰਗ-ਮੁਨੰਗੀ ਇਕ ਮਘੋਰੇ ਜੇਹੇ ਵਿਚ ਖਲੋਤੀ ਸੀ ਉਹਦੇ ਆਲ ਦਵਾਲੇ ਬੌਨੇ ਘੇਰਾ ਘੱਤੀ ਨੱਚਦੇ ਤੇ ਨੰਗੇ ਗਾਵਣ ਗਾਂਵਦੇ ਪਏ ਸਨ। ਤੂਤੀਆਂ ਤੇ ਢੋਲਾਂ ਦਾ ਰੌਲਾ ਪਿਆ ਸੀ। ਉਹ ਜਾਗੀ ਤੇ ਤਾਂ ਵੀ ਕਿੰਨਾ ਚਿਰ ਏਹੋ ਰੌਲਾ ਉਹਦੇ ਕੰਨੀਂ ਗੂੰਜਦਾ ਰਿਹਾ, “ਮੈਂ ਸਦਾ ਲਈ ਕੁਰਾਹੇ ਪੈ ਗਈ ਆਂ।” ਉਹਨੇ ਆਪਣੇ ਆਪ ਨਾਲ ਝੇਰਾ ਕੀਤਾ।

ਜ਼ਮਾਖ਼ ਵੀ ਜਾਗ ਪਿਆ ਸੀ। ਉਹਨੇ ਬਾਰੀ ਥਾਣੀਉਂ ਬੰਨੇ ਝਾਕਿਆ ਤੇ ਫੇਰ ਅਕਸਾ ਨੂੰ ਆਖਣ ਲੱਗਾ, “ਬਰਫ਼ ਮੁੜ ਪੈਣ ਲੱਗ ਪਈ ਏ।”

ਅਕਸਾ ਉਹਦੀ ਗੱਲ ਸਮਝ ਗਈ ਤੇ ਆਖਣ ਲੱਗੀ, “ਮੇਰੇ ’ਚ ਤਾਕਤ ਨਹੀਂ।”

“ਸ਼ਤਾਨ ਨਾਲ ਮੂੰਹ ਕਾਲਾ ਕਰਨ ਦੀ ਤਾਕਤ ਹੈ ਤੇਰੇ ਵਿਚ?”

“ਮੇਰੇ ਹੱਡ ਦੁਖਦੇ ਨੇਂ।”

“ਫ਼ਰਿਸ਼ਤਿਆਂ ਨੂੰ ਆਖ!”

ਬਰਫ਼ ਤੇ ਪਿਛਲੇ ਪਹਿਰ ਦੇ ਚੰਨ ਦੀ ਲੋਅ ਪਈ ਕਿਰਦੀ ਸੀ। ਕਮਰੇ ਵਿਚ ਵੀ ਚਾਨਣ ਸੀ। ਜ਼ਮਾਖ਼ ਦੇ ਵਾਲ਼ ਯੋਗੀਆਂ ਵਾਕਣ ਵਧੇ ਹੋਏ ਸਨ ਤੇ ਅੱਖਾਂ ਮਸ਼ਾਲਾਂ ਵਾਕਣ ਪਈਆਂ ਬਲਦੀਆਂ ਸਨ। ਅਕਸਾ ਹਰਾਨ ਸੀ ਸਾਰਾ ਦਿਨ ਪਾਣੀ ਢੋਣ ਪਿਛੋਂ ਰਾਤੀਂ ਪੜ੍ਹਣ ਕਿਵੇਂ ਬਹਿ ਜਾਂਦਾ ਸੀ। ਰੋਟੀ ਵੀ ਮਸਾਂ ਇਕ ਅੱਧ ਗਰਾਹੀ ਈ ਖਾਂਦਾ ਸੀ। ਉਹ ਵੀ ਬੇਸਵਾਦੀ ਕਰਕੇ ਬਿਨਾ ਚਿੱਥਿਆਂ ਲੰਘਾ ਲੈਂਦਾ। ਅਕਸਾ ਦੀ ਬਣਾਈ ਯਖਨੀ ਨੂੰ ਵੀ ਚੋਖਾ ਲੂਣ ਤੇ ਕਾਲੀਆਂ ਮਿਰਚਾਂ ਪਾ ਕੇ ਬੇਸਵਾਦੀ ਕਰ ਲੈਂਦਾ। ਅਕਸਾ ਆਪ ਵੀ ਸੁੱਕ ਕੇ ਤੀਲਾ ਹੋ ਗਈ ਸੀ। ਕਈਂ ਵਾਰ ਪਾਣੀ ਵਿਚੋਂ ਮੂੰਹ ਵੇਖਦੀ ਤਾਂ ਉਹਨੂੰ ਆਪਣੀਆਂ ਹੜਬਾਂ ਨਿਕਲੀਆਂ ਵਖਾਲੀ ਦੇਂਦੀਆਂ। ਹਰ ਵੇਲੇ ਖੰਘਦੀ ਰਹਿੰਦੀ ਤੇ ਲਹੂ ਥੁੱਕਦੀ ਰਹਿੰਦੀ।

“ਚੱਲ ਉਤਾਂਹ ਉੱਠ ਬਦਕਾਰ ਕਿਸੇ ਥਾਂ ਦੀ। ਮਤੇ ਏਹੋ ਅੰਤਲੀ ਰਾਤ ਹੋਸੀ।”

“ਰੱਬ ਕਰੇ!”

“ਆਪਣੇ ਕੀਤੇ ਗੁਨਾਹ ਦੱਸ।”

“ਦੱਸੇ ਤੇ ਹੋਏ ਨੇਂ ਤੈਨੂੰ।”

"ਬਦਕਾਰੀ ਦਾ ਸਵਾਦ ਲੈਂਦੀ ਸੈਂ ਨਾ!"

"ਬਹੁੰ ਥੋੜਾ, ਮਸਾਂ ਅੱਖ ਦੇ ਪਲਕਾਰੇ ਜਿੰਨਾ।"

"ਰੱਬ ਤੋਂ ਡਰਦੀ ਨਹੀਂ ਸੈਂ?"

"ਡਰਦੀ ਸਾਂ।"

"ਪਰ ਤੂੰ ਜਾਣਦੀ ਬੁੱਝਦੀ ਰੱਬ ਦੀ ਨਾਫ਼ਰਮਾਨ ਹੋਈਉਂ।"

"ਈਸਾਈ ਸੱਚੇ ਲੱਗਦੇ ਸਨ ਮੈਨੂੰ।"

"ਸ਼ਤਾਨ ਤੈਨੂੰ ਖੰਭਾਂ ਦਾ ਤਾਜ ਦਿੱਤਾ?"

"ਮੈਨੂੰ ਮੁਅੱਜਜ਼ਾ ਲੱਗਦਾ ਸੀ।"

"ਮਚਲੀ ਨਾ ਬਣ।"

"ਮਚਲੀ ਨਹੀਂ ਬਣਦੀ ਉਹ ਨਾਨੀ ਦੇ ਵਾਜ ਵਿਚ ਬੋਲਦਾ ਸੀ।"

"ਤੂੰ ਨਾਨੇ ਨੂੰ ਛੱਡ ਕੇ ਨਾਨੀ ਦੇ ਆਖੇ ਕਿਉਂ ਲੱਗੀਉਂ?"

"ਅਕਲ ਖੱਸ ਗਈ ਮੇਰੀ।"

"ਤੇ ਵਰ੍ਹਿਆਂ ਬੱਧੀ ਪਲੀਤੀ ਵਿਚ ਡੁੱਬੀ ਰਹੀਉਂ।"

ਕੁਝ ਚਿਰ ਮਗਰੋਂ ਉਹ ਨੰਗੇ ਪੈਰੀਂ ਬੰਨੇ ਬਰਫ਼ ਵਿਚ ਨਿਕਲ ਗਏ। ਜ਼ਮਾਖ਼ ਉਹਦੇ ਤੋਂ ਪਹਿਲਾਂ ਲੇਟਣੀਆਂ ਲੈਣ ਲੱਗ ਪਿਆ। ਇਕ ਪਲ ਮਗਰੋਂ ਅਕਸਾ ਨੇ ਵੀ ਆਪਣਾ ਆਪ ਬਰਫ਼ ਤੇ ਸਿੱਟ ਦਿੱਤਾ। ਜ਼ਮਾਖ਼ ਉੱਚੀ ਉੱਚੀ ਕੂਕਾਂ ਮਾਰਨ ਲੱਗ ਪਿਆ, "ਅਸੀਂ ਮਕਰੀ ਆਂ, ਫ਼ਰੇਬੀ ਆਂ, ਸਾਨੂੰ ਮੌਤ ਦੇ ਦੇ, ਏਹੋ ਈ ਸਾਡੇ ਕਾਲੇ ਕਰਤੂਤਾਂ ਦਾ ਦਾਰੂ ਏ।"

ਅਕਸਾ ਲਈ ਏਹ ਕੁਰਲਾਟ ਨਵਾਂ ਨਹੀਂ ਸੀ, ਪਰ ਸੁਣਦਿਆਂ ਉਹ ਹਰ ਵਾਰ ਕੰਬ ਜਾਂਦੀ। ਉਹਨੂੰ ਆਪਣਾ ਈਸਾਈ ਖਸਮ ਚੇਤੇ ਆਵਣ ਲੱਗ ਪੌਂਦਾ, ਕੰਮੀ ਕਮੀਰੀਆਂ ਨੂੰ ਦੁੱਰੇ ਮਾਰਦਾ। ਕੰਮੀ ਕਮੀਰੇ ਅੱਗੋਂ ਇੰਜ ਈ ਕੁਰਲਾਟ ਘੱਤਦੇ ਸਨ। ਅਕਸਾ ਨੂੰ ਸਭਨਾਂ ਸਖ਼ਤੀਆਂ ਤੋਂ ਵਧ ਜ਼ਮਾਖ਼ ਦੇ ਰੋਵਣ ਤੋਂ ਡਰ ਆਂਵਦਾ ਸੀ। ਕਦੀਂ ਕਦੀਂ ਜੇ ਉਹ ਚੰਗੇ ਰੌਂ ਵਿਚ ਹੁੰਦਾ ਤਾਂ ਉਹਦੇ ਨਾਲ ਵਸਣ ਦੀਆਂ ਗੱਲਾਂ ਕਰਦਾ। ਉਹਦੇ ਬਾਲਾਂ ਦਾ ਪਿਉ ਬਣਨ ਦੀ ਖਾਹਿਸ਼ ਕਰਦਾ, ਪਰ ਇਹ ਕਦੋਂ ਹੋਣਾ ਸੀ? ਉਹਦਾ ਸਾਰਾ ਵੇਲਾ ਅਕਸਾ ਦੇ ਤੇ ਆਪਣੇ ਗੁਨਾਹ ਫਰੋਲਣ ਵਿਚ ਲੰਘਦਾ ਸੀ। ਅਕਸਾ ਦਿਨੋ ਦਿਨ ਲਿੱਸੀ ਹੁੰਦੀ ਗਈ। ਲਾਂ ਉੱਤੇ ਟੰਗੀਆਂ ਲੀਰਾਂ ਤੇ ਕਬਰਾਂ ਦੀਆਂ ਸਿਲਾਂ ਉਹਨੂੰ ਆਪਣੇ ਵੱਲ ਸੱਦਦੀਆਂ ਜਾਪਦੀਆਂ।

ਹੁਨਾਲਾਂ ਦੇ ਇਕ ਲੋਹੇ ਲਾਖੇ ਦਿਹਾੜੇ ਅਕਸਾ ਦਰਿਆ ਨਾਲ ਲੱਗਦੀ ਚਰਾਂਦ ਵਿਚੋਂ ਚੁਲਾਈ ਚੁਗਣ ਗਈ। ਚੁਗਦਿਆਂ ਚੁਗਦਿਆਂ ਵਾਹਵਾ ਥੱਕ ਗਈ ਤੇ ਇਕ ਪਾਸੇ ਘਾਹ ਉੱਤੇ ਨਿੱਸਲ ਹੋ ਗਈ। ਉਹਦੀ ਅੱਖ ਲੱਗ ਗਈ। ਜਦੋਂ ਅੱਖ ਉੱਘੜੀ ਰਾਤ ਪੈ ਗਈ ਹੋਈ ਸੀ। ਅਸਮਾਨ ਉੱਤੇ ਬੱਦਲ ਹੋਏ ਹੋਏ ਸਨ ਤੇ ਹੁੱਸੜ ਲੱਗਾ ਹੋਇਆ ਸੀ। ਘਾਹ ਵਿਚੋਂ ਇਕ ਮੁਸ਼ਕ ਜਹੀ ਉੱਠ ਕੇ ਉਹਦੇ ਸਿਰ ਨੂੰ ਚੜ੍ਹਦੀ ਜਾਂਦੀ ਸੀ। ਉਹਨੂੰ ਭੌਂ ਆਵਣ ਲੱਗ ਪਏ। ਅਨ੍ਹੇਰੇ ਵਿਚ ਉਹਨੇ ਆਪਣੀ ਪੱਛੀ ਲੱਭੀ। ਕੋਈ ਗਾਂ ਜਾਂ ਬੱਕਰੀ ਸਾਰੀ ਚੁਲ਼ਾਈ ਚਰ ਗਈ ਸੀ। ਤੇ ਹੁਣ ਪੱਛੀ ਅਸਲੋਂ ਵਿਹਲੀ ਸੀ। ਉਹਨੂੰ ਆਪਣਾ ਬਾਲਪਣ ਚੇਤੇ ਆ ਗਿਆ। ਨਾਨਾ ਨਾਨੀ ਉਹਨੂੰ ਸੋਹਣੇ ਸੋਹਣੇ ਕੱਪੜੇ ਪਵਾ ਕੇ ਕਿਵੇਂ ਪਿਆਰ ਦੇ ਹੁੰਦੇ ਸਨ ਤੇ ਨੌਕਰ ਚਾਕਰ ਕਿਵੇਂ ਹਰ ਵੇਲੇ ਉਹਦੀ ਸੇਵਾ ਲਈ ਹਾਜ਼ਰ ਰਹਿੰਦੇ ਸਨ। ਖੰਘ ਨਾਲ ਉਹਦਾ ਸਾਹ ਘੁਟੀਜਣ ਲੱਗ ਪਿਆ। ਮੱਥਾ ਗਰਮ ਸੀ ਤੇ ਹਵਾ ਉਹਦੇ ਪਿੰਡੇ ਨੂੰ ਚੀਰ ਕੇ ਪਈ ਲੰਘਦੀ ਸੀ। ਚੰਨ ਅਜੇ ਨਹੀਂ ਸੀ ਨਿਕਲਿਆ ਤੇ ਅਨ੍ਹੇਰੇ ਵਿਚ ਉਹਦੇ ਪੈਰ ਕੰਡਿਆਂ ਤੇ ਟੋਇਆਂ ਟਿੱਬਿਆਂ ਤੇ ਪਏ ਪੈਂਦੇ ਸਨ। "ਕੇਹੜੇ ਅਜ਼ਾਬ ਵਿਚ ਪੈ ਗਈ ਆਂ ਮੈਂ।" ਉਹਨੇ ਹਉਕਾ ਭਰਦਿਆਂ ਆਪਣੇ ਆਪ ਨੂੰ ਆਖਿਆ। ਇਕ

ਰੁੱਖ ਕੋਲ ਸਾਹ ਲੈਣ ਖਲੋ ਗਈ। ਉਸ ਵੇਲੇ ਉਹਨੂੰ ਆਪਣਾ ਨਾਨਾ ਵਖਾਲੀ ਦਿੱਤਾ, "ਨਾਨਾ ਜੀ।" ਉਹ ਫਿੱਸ ਪਈ।

"ਮੈਨੂੰ ਸਾਰ ਏ ਤੇਰੇ ਦੁੱਖਾਂ ਦੀ...।"

"ਨਾਨਾ ਜੀ ਮੈਂ ਕੀ ਕਰਾਂ। ਮੇਰੀ ਹਿੰਮਤ ਵੀ ਜਵਾਬ ਦੇ ਗਈ ਏ ਹੁਣ ਤਾਂ।"

"ਮੇਰੀਏ ਧੀਏ ਤੇਰੀ ਸਖ਼ਤੀ ਕੱਟੀ ਗਈ ਏ। ਅਸੀਂ ਤੈਨੂੰ ਉਡੀਕਦੇ ਪਏ ਆਂ। ਮੈਂ ਤੇ ਤੇਰੀ ਨਾਨੀ। ਨਾਲ ਹੋਰ ਵੀ ਕਈਂ ਪਾਕ ਰੂਹਾਂ ਨੇਂ।"

"ਕਦੋਂ ਮਿਲਾਂਗੀ ਮੈਂ ਤੁਹਾਨੂੰ?"

ਓਸੇ ਵੇਲੇ ਈ ਉਹਦੇ ਨਾਨੇ ਦਾ ਐਰਾ ਅਨ੍ਹੇਰੇ ਵਿਚ ਗਵਾਚ ਗਿਆ ਤੇ ਉਹ ਅੰਨ੍ਹਿਆਂ ਵਾਕਣ ਝੁੱਗੀ ਦਾ ਰਾਹ ਟੋਂਹਦੀ ਟੁਰਨ ਲੱਗ ਪਈ।

ਘਰ ਅੱਪੜੀ ਤੇ ਅੱਗੇ ਜ਼ਮਾਖ਼ ਅੱਖਾਂ ਦੇ ਅੰਗਿਆਰੇ ਭਖਾਈ ਬੈਠ ਸੀ,

"ਆ ਗਈ ਏਂ?"

"ਆਹੋ ਜ਼ਮਾਖ਼।"

"ਐਨਾ ਚਿਰ ਕਿੱਥੇ ਲਾਇਆ ਈ। ਮੈਂ ਨਮਾਜ਼ ਵੀ ਨਾ ਪੜ੍ਹ ਸਕਿਆ ਤੇਰੇ ਖ਼ਿਆਲਾਂ ਪਾਰੋਂ।"

"ਮੁਆਫ਼ੀ ਦੇ ਦੇ। ਚਰਾਂਦ ਵਿਚ ਮੇਰੀ ਅੱਖ ਲੱਗ ਗਈ ਸੀ।"

"ਝੂਠੀ, ਮੁਰਤਦ, ਹੰਗਾਲ਼ੀ ਹੋਈ ਸਾਰੇ ਜ਼ਮਾਨੇ ਦੀ। ਚਰਾਂਦ ਸਾਰੀ ਵੇਖ ਮਾਰੀ ਮੈਂ। ਆਂਹਦੀ ਕਿਉਂ ਨਹੀਂ ਕਿਸੇ ਅਯਾਲੀ ਨਾਲ ਮੂੰਹ ਪਈ ਕਾਲ਼ਾ ਕਰਦੀ ਸਾਂ।"

"ਐਡਾ ਅਜ਼ਗ਼ੈਬ ਨਾ ਤੋਲ ਜ਼ਮਾਖ਼।"

ਉਹ ਉੱਠ ਕੇ ਅਕਸਾ ਨੂੰ ਜ਼ੋਰ ਜ਼ੋਰ ਦੀ ਝੂਨਣ ਲੱਗ ਪਿਆ, "ਖਰੀ ਦੱਸ। ਕੁੱਤੀਏ ਚੁੜੇਲੇ। ਬੱਚੇ ਖਾਣੀਏ, ਪਿਛਲ ਪੈਰੀਏ!"

ਜ਼ਮਾਖ਼ ਨੂੰ ਐਡਾ ਅਨ੍ਹੇਰ ਕਦੀਂ ਨਹੀਂ ਸੀ ਵਗਿਆ। ਅਕਸਾ ਨੇ ਆਖਿਆ, "ਮੈਂ ਤੇਰੀ ਵਫ਼ਾਦਾਰ ਆਂ, ਐਵੇਂ ਕਾਹਨੂੰ ਤੱਤਾ ਹੋਨਾ ਏਂ। ਤੈਨੂੰ ਆਖਿਆ ਜੂ ਏ ਮੇਰੀ ਅੱਖ ਲੱਗ ਗਈ ਸੀ ਫੇਰ ਮੈਂ ਪਿਛਾਂਹ ਪਰਤਦੀ ਪਈ ਸਾਂ ਅੱਗੋਂ ਨਾਨਾ ਜੀ ਮਿਲ ਪਏ।" ਉਹ ਏਡੀ ਕੁ ਨਤਾਣੀ ਹੋਈ ਪਈ ਸੀ ਕਿ ਇਕਦਮ ਹੇਠਾ ਢੈ ਪਈ।

ਜ਼ਮਾਖ਼ ਓਸੇ ਵੇਲੇ ਠੰਢਾ ਹੋ ਗਿਆ, "ਨੇਕ ਪਾਕ ਰੂਹੇ, ਤੇਰੇ ਬਿਨ ਤੇ ਮੈਂ ਕਿਸੇ ਥਾਂ ਦਾ ਨਹੀਂ। ਤੂੰ ਤਾਂ ਵਲੀ ਏਂ। ਮੇਰਾ ਤੱਤਾ ਬੋਲਣ ਬਖ਼ਸ਼ ਦੇ। ਇਹ ਸਾਰਾ ਤੇਰੇ ਪਿਆਰ ਸਦਕਾ ਏ, ਮੈਂ ਚਾਹੁਨਾਂ ਤੇਰੇ ਦਾਮਨ ਤੇ ਕੋਈ ਛਿੱਟ ਨਾ ਰਵ੍ਹੇ। ਤੂੰ ਨਿਰਮਲ ਹੋ ਜਾਏਂ ਤੇ ਫੇਰ ਜੰਨਤ ਵਿਚ ਨੇਕ ਬੀਬੀਆਂ ਦੀ ਸੰਗਤ ਨਸੀਬ ਹੋਵੇ। ਇਹ ਮੇਰੀ ਜ਼ਿੰਮੇਵਾਰੀ ਏ।" ਉਹ ਕੀਰਨੇ ਪਾਂਦਾ ਬੋਲੀ ਜਾਂਦਾ ਸੀ। ਅਕਸਾ ਹੋਰ ਵੀ ਡਰ ਗਈ।

ਅਗਲੀ ਸਵੇਰ ਅਕਸਾ ਤੋਂ ਉੱਠਿਆ ਨਾ ਗਿਆ। ਜ਼ਮਾਖ਼ ਉਹਦੇ ਲਈ ਦਲ਼ੀਆ ਬਣਾ ਲਿਆਇਆ ਪਰ ਉਹਦੇ ਸੰਘੋਂ ਨਾ ਲੰਘਿਆ। ਬਾਹਰ ਡੁੱਲ੍ਹ ਗਿਆ। ਜ਼ਮਾਖ਼ ਵੈਦ ਕੋਲ ਭੱਜਿਆ ਗਿਆ। ਵੈਦ ਨੇ ਇਹ ਆਖ ਕੇ ਨਾਂਹ ਕਰ ਦਿੱਤੀ, "ਓਹੜ ਪੋਹੜ ਨਾਲ ਗੱਲ ਨਹੀਂ ਬਣਨੀ।"

ਕਫ਼ਨੀਰੀਆਂ ਆਣ ਢੁੱਕੀਆਂ। ਅਕਸਾ ਉਂਜੇ ਪਟੜਾ ਹੋਈ ਪਈ ਸੀ। ਉਹਦੇ ਪਰਾਣ ਹੌਲੀ ਹੌਲੀ ਖੁੱਸਦੇ ਪਏ ਸਨ। ਅੱਧੇ ਦਿਨ ਮਗਰੋਂ ਜ਼ਮਾਖ਼ ਡਾਕਟਰ ਲਿਆਣ ਸ਼ਹਿਰ ਭੱਜ ਵਗਿਆ। ਰਾਤ ਲੰਘ ਗਈ ਪਰ ਉਹ ਨਾ ਪਰਤਿਆ। ਸਵੇਰ ਹੋਈ ਤੇ ਰਬੀ ਦੀ ਘਰ ਵਾਲੀ ਨੇ ਅਕਸਾ ਨੂੰ ਸਿਰਹਾਣਾ ਲਿਆ ਦਿੱਤਾ। ਕਈਆਂ ਵਰ੍ਹਿਆਂ ਪਿੱਛੋਂ ਉਹਨੇ ਸਿਰਹਾਣੇ ਉੱਤੇ ਸਿਰ ਧਰਿਆ। ਸ਼ਾਮ ਗੂੜ੍ਹੀ ਹੋਈ ਨਾਲ ਕਫ਼ਨੀਰੀਆਂ ਹਾਂਡੀ ਰੋਟੀ ਕਰਨ ਆਪੋ ਆਪਣੇ ਘਰ ਟੁਰ ਗਈਆਂ। ਅਕਸਾ ਕੋਲ ਕੋਈ ਨਹੀਂ ਸੀ। ਦੀਵਾ ਬਲਦਾ

ਪਿਆ ਸੀ। ਬਾਰੀ ਥਾਣੀਉਂ ਨਿੱਘੀ ਨਿੱਘੀ ਵਾਅ ਅੰਦਰ ਆਵਣ ਲੱਗ ਪਈ। ਚੰਨ ਫਿੱਕਾ ਸੀ ਪਰ ਤਾਰਿਆਂ ਵਿਚ ਵਾਹਵਾ ਜਿੰਦ ਵਖਾਲੀ ਦੇਂਦੀ ਸੀ। ਬੀਂਡਿਆ ਤੇ ਡੱਡੂਆਂ ਦੀਆਂ ਵਾਜਾਂ ਇਨਸਾਨੀ ਹੋਵਣ ਦਾ ਭੁਲਾਵਾ ਪਾਂਦੀਆਂ ਸਨ। ਅਕਸਾ ਨੂੰ ਸਹੀ ਹੋਇਆ ਕੋਈ ਪਰਛਾਵਾਂ ਉਹਦੀ ਮੰਜੀ ਕੋਲੋਂ ਦੀ ਹੁੰਦਾ ਕੰਧ ਦੇ ਉੱਤੋਂ ਦੀ ਬੰਨੇ ਨਿਕਲ ਗਿਆ ਏ। ਉਹਦਾ ਅੰਤ ਪੁੱਜਾ ਖਲ੍ਹਾ ਸੀ ਪਰ ਉਹਨੂੰ ਮੌਤ ਦਾ ਭੋਰਾ ਡਰ ਨਹੀਂ ਸੀ। ਉਹਨੇ ਆਪਣਾ ਰਹਿਆ ਖਹਿਆ ਸਾਹ-ਸਤ ਕੁੰਜਿਆ। ਨਾਜ਼ਾਂ ਨਾਅਮਾਂ ਦੀ ਪਲੀ ਅਕਸਾ ਵਿਚ ਕਈਂ ਗੱਲਾਂ ਦੂਜਿਆਂ ਤੋਂ ਵਾਧੂ ਸਨ। ਪਰ ਹੋਣੀ ਨੇ ਨਰਦਾਂ ਈ ਪੁੱਠੀਆਂ ਕਰ ਛੱਡੀਆਂ ਸਨ। ਉਹਦੀ ਕੀਤੀ ਦਾ ਫ਼ਲ ਸੀ ਜਾਂ ਪਿਛਲੀ ਪੀੜ੍ਹੀ ਦੀਆਂ ਸਨ ਜਿਹੜੀਆਂ ਉਹਦੇ ਅੱਗੇ ਆਈਆਂ। ਉਹਨੂੰ ਅੱਲਾ ਤੋਵਾ ਨਾਲ ਵੇਲਾ ਪਾਰ ਕਰਨ ਦੀ ਸੁਰਤ ਸੀ ਪਰ ਐਨੀ ਪੀੜ ਕੱਟ ਕੇ ਵੀ ਖ਼ਲਾਸੀ ਦਾ ਪੱਕ ਨਹੀਂ ਸੀ।

ਨਾਨੇ ਨਾਨੀ ਕੋਲੋਂ ਸੁਣਿਆ ਹੋਇਆ ਸੀ ਤੇ ਉਹਨੇ ਆਪ ਵੀ ਪੜ੍ਹਿਆ ਹੋਇਆ ਸੀ, ਦੁਨੀਆਂ ਐਟਮਾਂ ਦਾ ਬੇਤਰਤੀਬਾ ਇਕੱਠ ਸੀ। ਉਹਦੀ ਖ਼ਾਹਿਸ਼ ਸੀ ਕੋਈ ਇਸ਼ਾਰਾ ਹੋਵੇ ਅਜ਼ਗ਼ੈਬ ਥੀਂ ਤੇ ਉਹਨੂੰ ਸੱਚ ਦਰਸਾ ਜਾਵੇ। ਉਹਦੇ ਤੇ ਬੇਹੋਸ਼ੀ ਗ਼ਲਬਾ ਕਰਨ ਲੱਗ ਪਈ। ਉਹਨੇ ਵੇਖਿਆ ਉਹ ਇਕ ਸੌੜੇ ਅਨ੍ਹੇਰੇ ਰਾਹ ਤੇ ਡਿੱਗਦੀ ਟੁਰੀ ਜਾਂਦੀ ਏ। ਜਦੋਂ ਤਹਿ ਤੇ ਅੱਪੜਦੀ ਏ ਤਾਂ ਭੋਇੰ ਪਾਟ ਜਾਂਦੀ ਏ ਤੇ ਉਹ ਹੋਰ ਹੇਠਾਂ ਈ ਹੇਠਾਂ ਪਹਿਲੇ ਤੋਂ ਵੀ ਸੰਘਣੇ ਅਨ੍ਹੇਰੇ ਵਿਚ ਡਿੱਗਦੀ ਜਾਂਦੀ ਏ।

ਉਹਨੇ ਅੱਖਾਂ ਖੋਲ੍ਹ ਲਈਆਂ ਜਿਵੇਂ ਉਹਨੂੰ ਸਾਰ ਹੋਵੇ ਏਸ ਵੇਲੇ ਕੀ ਕਰਨਾ ਬਣਦਾ ਏ। ਉਹਨੇ ਹਿੰਮਤ ਕਰਕੇ ਇਕ ਚਾਕੂ ਲੱਭਿਆ ਤੇ ਉਦੇ ਨਾਲ ਸਰਹਾਣੇ ਦੀਆਂ ਸਿਉਣਾਂ ਉਧੇੜ ਦਿੱਤੀਆਂ। ਅੰਦਰੋਂ ਇਕ ਪੰਖ ਮੁਕਟ ਨਿਕਲ ਆਇਆ, ਜੀਹਦੇ ਉੱਤੇ ਮੋਟਾ ਮੋਟਾ ਰੱਬ ਦਾ ਨਾਂ ਲਿਖਿਆ ਸੀ। ਉਹ ਹਰਾਨ ਸੀ ਸਚਾਈ ਦੀ ਦੱਸ ਏਹ ਮੁਕਟ ਈ ਕਿਵੇਂ ਪਾ ਸਕਦਾ ਸੀ। ਕੀ ਅਰਸ਼ਾਂ ਉੱਤੇ ਸੱਚੀਂ ਮੁੱਚੀਂ ਕਈਂ ਅਕੀਦੇ ਸਨ। ਉਹਨੇ ਇਕ ਹੋਰ ਮੁਅੱਜਜ਼ਾ ਮੰਗਿਆ ਤੇ ਫੇਰ ਉਹਨੂੰ ਇਬਲੀਸ ਦੇ ਆਖੇ ਲਫ਼ਜ਼ ਚੇਤੇ ਆ ਗਏ, "ਸੱਚ ਏਹੋ ਈ ਏ ਬਈ ਕੋਈ ਸੱਚ ਨਹੀਂ।"

ਰਾਤ ਡੂੰਘੀ ਹੋਈ ਤਾਂ ਕਫ਼ਨੀਰੀਆਂ ਵੀ ਪਰਤ ਆਈਆਂ। ਅਕਸਾ ਨੇ ਮੁਕਟ ਉਹਨਾਂ ਦੇ ਪੈਰਾਂ ਤੋਂ ਬਚਾਵਣ ਦੀ ਸੋਚੀ ਪਰ ਨਤਾਨਗੀ ਪਾਰੋਂ ਕੁਝ ਨਾ ਕਰ ਸਕੀ ਤੇ ਮੁਕਟ ਕਫ਼ਨੀਰੀਆਂ ਦੇ ਪੈਰਾਂ ਥੱਲੇ ਆ ਕੇ ਮਿੱਧਿਆ ਗਿਆ। ਏਹਦੇ ਨਾਲ ਈ ਅਕਸਾ ਨੇ ਆਪਣੀਆਂ ਅੱਖਾਂ ਨੂਟ ਲਈਆਂ।

ਧੰਮੀ ਵੇਲੇ ਉਹਨੇ ਹਉਕਾ ਭਰਿਆ ਤੇ ਉਹਦਾ ਰੂਹ ਜੱਗ ਤੋਂ ਪ੍ਰਦੇਸੀ ਹੋ ਗਿਆ। ਇਕ ਕਫ਼ਨੀਰੀ ਨੇ ਖੰਭ ਚੁੱਕ ਕੇ ਉਹਦੇ ਨੱਕ ਨਾਲ ਛੁਹਾ ਕੇ ਵੇਖਿਆ ਉਹਦਾ ਸਾਹ ਮੁੱਕ ਗਿਆ ਹੋਇਆ ਸੀ। ਸ਼ਾਮਾਂ ਨੂੰ ਜਾ ਕੇ ਕਫ਼ਨੀਰੀਆਂ ਉਹਨੂੰ ਨਵਾਇਆ ਧਵਾਇਆ ਤੇ ਉਹਦੇ ਆਪਣੇ ਹੱਥਾਂ ਦਾ ਸੀਤਾ ਕਫ਼ਨ ਉਹਨੂੰ ਪਵਾ ਦਿੱਤਾ। ਜ਼ਮਾਖ਼ ਅਜੇ ਤਾਈਂ ਨਹੀਂ ਸੀ ਪਰਤਿਆ, ਨਾ ਫੇਰ ਉਹਨੂੰ ਕਿਸੇ ਪਰਤਦਿਆਂ ਡਿੱਠਾ। ਕੁਝ ਲੋਕਾਂ ਦਾ ਵਿਚਾਰ ਸੀ ਉਹ ਸੜਕ ਹਾਦਸੇ ਵਿਚ ਮਰ ਗਿਆ ਸੀ। ਕੁਝ ਨਾਂ ਭਾਣੇ ਉਹ ਬੰਦਾ ਨਹੀਂ ਕੋਈ ਜਿੰਨ ਭੂਤ ਸੀ। ਅਕਸਾ ਨੂੰ ਲੋਕਾਂ ਇਕ ਬਜ਼ੁਰਗ ਦੀ ਚੁਖੰਡੀ ਵਿਚ ਦੱਬ ਦਿੱਤਾ। ਰਬੀ ਨੇ ਉਹਦੇ ਲਈ ਉਚੇਚੀ ਦੁਆ ਆਖੀ। ਰਬੀ ਦੀ ਜ਼ਨਾਨੀ ਦਾ ਦਿੱਤਾ ਸਰਹਾਣਾ ਉਂਜੇ ਉੱਧੜਿਆ ਪਿਆ ਸੀ।

ਕਫ਼ਨੀਰੀਆਂ ਨੇ ਅਕਸਾ ਦੀਆਂ ਪੋਰਾਂ ਨਾਲ ਰੂੰ ਵੀ ਲੱਗਾ ਵੇਖਿਆ। ਕਿਸੇ ਨੂੰ ਏਨੀ ਸਮਝ ਨਾ ਆ ਸਕੀ, ਮਰਦੇ ਵੇਲੇ ਅਕਸਾ ਸਰਹਾਣੇ ਵਿਚੋਂ ਕੀ ਲੱਭਦੀ ਰਹੀ ਸੀ। ਲੋਕਾਂ ਬੜਾ ਕਿਆਸ ਕੀਤਾ ਪਰ ਏਹ ਘੁੰਡੀ ਕਿਸੇ ਤੋਂ ਨਾ ਖੁੱਲ੍ਹ ਸਕੀ।

ਜੱਗ ਉੱਤੇ ਜੇ ਸੱਚ ਹੈ ਵੀ ਤਾਂ ਪੰਖ ਮੁਕਟ ਵਾਕਣ ਸੰਘਣਾ ਉਣਿਆ ਹੋਇਆ ਤੇ ਢੇਰ ਲੁਕਵਾਂ ਈ ਏ। (**ਸੰਪਰਕ; ਲਿਪਾਂਤਰ-89683-43252**)

ਪਾਕਿਸਤਾਨੀ ਪੰਜਾਬੀ ਕਹਾਣੀ

# ਸਾਵਾ ਤੋਤਾ ਚੁੰਜ ਦਰਆਵੇ ਬੋੜ ਗਿਆ

ਜ਼ੁਬੈਰ ਅਹਿਮਦ



ਉਸ ਦੁਰਾਡੇ ਪਿੰਡ ਦੇ ਸਕੂਲ ਅਸੀਂ ਸਰਕਾਰੀ ਡਿਊਟੀ ਪਾਰੋਂ ਜੁੜੇ ਸਾਂ। ਮੈਂ ਆਪਣੇ ਸਟਾਫ਼ ਸਣੇ ਸ਼ਾਮ ਤੋਂ ਅਗਦੋਂ ਈ ਉਸ ਪ੍ਰਾਇਮਰੀ ਸਕੂਲ ਅਪੜਿਆ ਤੇ ਅਸੀਂ ਚੌਕੀਦਾਰ ਕੋਲੋਂ ਕਮਰੇ ਖੁਲਵਾ , ਲੋੜ ਮੋਜਬ ਲੜੀਂਦੇ ਕਮਰੇ ਭਾਲਣ ਤੇ ਜਾਚਨ ਲੱਗ ਪਏ। ਇਕ ਕਮਰਾ ਸਾਡੇ ਅਪੜਨ ਤੋਂ ਪਹਿਲਾਂ ਈ ਫ਼ੌਜੀਆਂ ਮੱਲ ਲਿਆ। ਉਹਨਾਂ ਵੀ ਸਾਡੇ ਨਾਲ ਈ ਸੀ ਡਿਉਟੀ ਭੁਗਤਾਣੀ। ਅਗਲੇ ਦਿਹਾੜੇ ਇਹ ਬਣਨਾ ਸੀ ਪੋਲਿੰਗ ਟੇਸ਼ਣ ਤੇ ਵੋਟਾਂ ਸਨ ਪੈਣੀਆਂ। ਪਿੰਡ ਤੋਂ ਕੁਝ ਹੱਟਵਾਂ ਸੀ ਸਕੂਲ। ਸੰਘਣੇ ਰੁਖਾਂ ਵਿਚ ਸਕੂਲ ਦੀ ਨਵੀਂ ਉਸਰੀ ਇਮਾਰਤ ਸਾਵੀ ਗੂੜ੍ਹੀ ਛਾਂ ਲੁਕੀ ਬੈਠੀ ਸੀ। ਸੋਹਣੀਆਂ ਬਣਾ ਸਵਾਰੀਆਂ ਕਿਆਰੀਆਂ ਤੇ ਕੁਤਰਿਆ ਸਾਵਾਂ ਕੀਤਾ ਘਾਹ। ਨਵੀਂ ਕਰਮਚੀ ਰੰਗ ਨਾਲ ਰੰਗੀਆਂ ਕੰਧਾਂ, ਬੂਹੇ ਤੇ ਬਾਰੀਆਂ , ਗੂੜ੍ਹੀ ਸਾਵੀ ਛਾਂ ਪਾਰੋਂ ਅਜਬ ਗਹਿਰ ਸਾਰੀ ਥਾਂ ਵਿਚ, ਦੂਰੋਂ ਇੰਜ ਜਾਪੇ ਜਿਵੇਂ ਗੂੜ੍ਹੇ ਸਾਵੇ ਉਤੇ ਕਸੇ ਕਰਮਚੀ ਟਿੱਕੀ ਰੱਖ ਦਿੱਤੀ ਹੋਵੇ।

ਰਾਤੀਂ ਸਕੂਲ ਦੇ ਚੌਕੀਦਾਰ ਦੱਸਿਆ ਪਈ ਇਕ ਵਾਰੀ ਇੱਥੇ ਆਲਸੀ ਬੈਂਕ ਦੇ ਗੋਰੇ ਆਏ ਸਨ। ਉਹਨਾਂ ਨੂੰ ਇਹ ਥਾਂ ਏਨੀ ਸੋਹਣੀ ਲੱਗੀ ਪਈ ਇਕ ਦੋ ਵਰ੍ਹੇ ਹੋਏ ਉਹਨਾਂ ਦੀ ਮਿਲ ਵਰਤਣ ਪਾਰੋਂ ਇਸ ਸਕੂਲ ਦੀ ਉਸਰੀ ਹੋਈ ਏ। ਉਂਜ ਸਕੂਲ ਦੀ ਪੁਰਾਣੀ ਇਮਾਰਤ ਵੀ ਨਾਲ ਸੀ ਉਹ ਪੁਰਾਣੀ ਏਨੀ ਸੀ ਪਈ ਉਹਦੀ ਵਰਤੋਂ ਨਾ ਹੋਵਣ ਜੋਗ ਸਮਝੋ। ਬੂਹੇ ਬਾਰੀਆਂ ਗ਼ੈਬ ਤੇ ਛੱਤਾਂ ਵਿਚ ਮੋਰੇ , ਨਿਰੇ ਖੁਲ੍ਹੇ। ਨਵੇਂ ਉਸਾਰੇ ਸਕੂਲ ਵਿਚ ਤਰੈ ਕਮਰੇ ਵੱਡੇ ਕਮਰੇ ਤੇ ਇਕ ਨਿੱਕਾ ਹੈਡ ਮਾਸਟਰ ਦਾ ਕਮਰਾ ਸੀ। ਹੈਡ ਮਾਸਟਰ ਦੀ ਕੁੰਜੀ ਨਹੀਂ ਸੀ ਚੌਕੀਦਾਰ ਕੋਲ। ਰਹਿੰਦਿਆਂ ਤਿੰਨ ਕਮਰਿਆਂ ਵਚੋਂ ਇਕ ਫ਼ੌਜੀਆਂ ਸਾਂਭ ਲਿਆ ਤੇ ਹੁਣ ਸਾਨੂੰ ਦੋ ਕਮਰਿਆਂ ਨਾਲ ਈ ਸੀ ਕੰਮ ਸਾਰਨਾ ਪੈਣਾ । ਰਾਤ ਉਥਾਈਂ ਟਿੱਕਣ ਪਿਛੋਂ ਸਵੇਰੇ ਸੱਤ ਵਜੇ ਅਸਾਂ ਕੰਮ ਉਤੇ ਸੀ ਹਾਜ਼ਰ ਹੋਣਾ ।

ਫ਼ੌਜੀਆਂ ਦੇ ਕਮਰੇ ਮੋਹਰੇ ਈ ਉਹ ਟੱਕਰਿਆ ਮੈਨੂੰ। ਦੂਜੇ ਬੇਲੀ ਉਹਦੇ ਇੱਧਰ ਉਧੱਰ ਹੋਏ ਹੋਏ ਸਨ। ਪੂਰੀ ਫ਼ੌਜ਼ੀ ਵਰਦੀ ਵਿਚ ਟੈਸ਼ਨ ਸ਼ੱਨ ਖੱਲਾ ਸੀ ਉਹ । ਹੱਸ ਮੈਂ ਉਸ ਨਾਲ ਹੱਥ ਮਿਲਾਇਆ ਤੇ ਐਵੇਂ ਕਮਰੇ ਅੰਦਰ ਝਾਤੀ ਪਾਈ: ‘ਤੱਕ ਲੋ। ਉਸ ਆਖਿਆ। ਮੇਰਾ ਸਭਾ ਕੁਝ ਇੰਜ ਦਾ ਸੀ ਪਈ ਜਦ ਅਸਾਂ ਰਾਤ ਵੀ ਇੱਥੇ ਈ ਲੰਘਾਉਣੀ ਏ ਨਾਲੇ ਭਲਕੇ ਵੀ ਇੱਥੇ ਰਹਿਣਾ ਏ ਤੇ ਫਿਰ ਕੰਮ ਦੀ ਸਾਂਝ ਬੰਦਿਆਂ ਵਿਚ ਜਿਹੜਾ ਸਾਂਗਾ ਉਸਾਰਦੀ ਏ। ਖ਼ਵਰੇ ਮਾੜੀ ਜਿਹੀ ਸੇਂਤਰ ਕੀਤੀ ਸੀ ਮੈਂ ਉਸ ਵੱਲ। ਉਹ ਵੀ ਮੈਨੂੰ ਉਂਜੇ ਈ ਨਿੱਘ ਨਾਲ ਮਿਲਿਆ। ਖਮਰੇ ਵਿਚ ਚਾਰ ਮੰਜੀਆਂ ਡੱਠੀਆਂ ਸਨ ਜਿਹਨਾਂ ਉਤੇ ਸਵਾਰ ਕੇ ਬਿਸਤਰੇ ਵਿਛਾਏ ਹੋਏ ਸਨ ਤੇ ਪੈਂਦਾ ਵਲੇ ਸਾਫ਼ ਨਵੀਆਂ ਰਜ਼ਾਈਆਂ ਤਹਿ ਕਰ ਕੇ ਰੱਖੀਆਂ ਹੋਈਆਂ ਸਨ। ਜਿਵੇਂ ਫ਼ੌਜੀਆਂ ਨੂੰ ਇਹ ਸਾਰੇ ਕੰਮ ਇਕ ਕਰੜੇ ਪ੍ਰਬੰਧ ਹੇਠ ਹਮੇਸ਼ਾ ਕਰਨ ਦੀ ਵਾਦੀ ਹੁੰਦੀ ਏ।

ਪੋਹ ਮਾਘ ਦੀ ਚੜ੍ਹਤਲ੍ਹ , ਘਣੇ ਰੁੱਖ ਤੇ ਆਲ ਦੁਆਲੇ ਕੋਈ ਅਬਾਦੀ ਨਾ ਹੋਵਣ ਪਾਰੋਂ ਕੁਝ ਡਾਢੀ ਠੰਡ ਸੀ ਉਥੇ। ਸਿੱਧੀ ਪੈਰੀਂ ਚੜ੍ਹੇ ਪਈ। ਅਸੀਂ ਦੋਵੇਂ ਮੰਜੀਆਂ ਉਤੇ ਆਹਮੋ ਸਾਹਮਣੇ ਬਹਿ ਗਏ। ਮੈਂ ਸਿਗਰਟ ਦੀ ਡੱਬੀ ਕੱਢੀ ਤੇ ਅਗਾਂਹ ਕਰ ਦਿੱਤਾ। ਉਸ ਇਕ ਸਿਗਰਟ ਲਿਆ ਤੇ ਮੂੰਹ ਹੇਠਾਂ ਕਰ ਕੇ ਬਾਲਾਂ

ਹਾਰ ਹੱਸਿਆ।ਝੱਤ ਚਾਣਚਕ ਚੌਕਸੀ ਨਾਲ ਬੂਹੇ ਵੱਲ ਤੱਕਿਆ ਤੇ ਡਰਦਾ ਉਹਦੇ ਮੂੰਹ ਉਤੇ ਪਰਛਾਵਾਂ ਜਿਹਾ ਫਿਰ ਗਿਆ।ਫਿਰ ਉਸ ਮੇਰੇ ਵੱਲ ਤੱਕਿਆ ਤੇ ਲੱਜ ਦੀ ਉਹਦੇ ਮੂੰਹ ਉਤੇ ਲਹਿਰ ਜਿਹੀ ਲੰਘੀ ਪਹਿਲਾਂ ਤਾਂ ਉਹ ਸਿਗਰਟ ਲਾਣ ਲੱਗਾ ਤੇ ਮੁੜ ਝਬਦੇ ਉਠ ਆਖਣ ਲੱਗਾ "ਡਿਊਟੀ ਏ ਨਾ, ਡਿਊਟੀ ਤੋਂ ਵੱਤ ਪੀਸਾਂ ਹੁਣ ਡਿਊਟੀ ਹੈ ਮੇਰੀ ਅਸੀਂ ਅਸਲ੍ਹਾ ਲੁੱਗਾ ਨਹੀਂ ਛੱਡਦਾ।" ਮੈਂ ਵੀ ਨਾਲੇ ਉਠ ਖਲੋਤਾ। ਉਹਨਾਂ ਚਾਰ ਫ਼ੌਜੀਆਂ 'ਚੋਂ ਜਿਹਨਾਂ ਸਾਡੇ ਨਾਲ ਡਿਊਟੀ ਕਰਨੀ ਸੀ ਉਹ ਪਹਿਲਾ ਮਿਲਣ ਆਲਾ ਸੀ।



ਮੇਰੇ ਸਿਗਟ ਦੇਣ ਤੇ ਉਹਦੇ ਨਾ ਪੀਣ ਤੇ ਰੱਖ ਲੈਣ ਉਤੇ ਸਾਡਾ ਜਿਹੜਾ ਭੇਤੀ ਸੰਬੰਧ ਬਣਿਆ ਉਹ ਅਖ਼ੀਰਲੇ ਵੇਲੇ ਤਾਈਂ ਰਹਿਆ। ਮਗਰੋਂ ਉਸ ਮੈਨੂੰ ਦੱਸ ਵੀ ਛੱਡਿਆ ਪਈ ਉਹਨਾਂ ਨੂੰ ਡਿਊਟੀ ਵੇਲੇ ਗ਼ੈਰ ਫ਼ੌਜੀ ਯਾਂ ਓਬੜ ਬੰਦੇ ਤੋਂ ਸਿਗਟ ਪੀਣ ਦੀ ਮਨਾਹੀ ਏ।

ਛੇਤੀ ਰਹਿੰਦੇ ਤਰੈ ਫ਼ੌਜੀ ਵੀ ਅੱਪੜ ਗਏ ।ਉਹਨਾਂ ਵਿਚੋਂ ਇਕ ਹਵਾਲਦਾਰ ਸੀ ਤੇ ਉਹੋ ਉਸ ਵੇਲੇ ਅਫ਼ਸਰ ਵੀ ਉਹਨਾਂ ਦਾ। ਵਾਲਦਾਰ ਵੀ ਚੰਗਾ ਸੀ ਬੰਦਾ।ਇਕ ਹੱਥ ਨਾਲ ਅਫ਼ਸਰੀ ਘੂਕਾਂਦਾ ਸੀ ਤੇ ਦੂਏ ਬੰਨੈ ਗਪੌੜੀਆਂ ਮਾਰਨ ਦਾਵੀ ਡਾਢਾ ਰਸਕਾ ਸਾ ਸੂ।ਫ਼ੌਜੀਆਂ ਤੋਂ ਅੱਡ ਅਸੀਂ ਵੀ ਚਾਰ ਬੰਦੇ ਸਾਂ ਤੇ ਰਹਿੰਦਿਆਂ ਸਵੇਲੇ ਸੀ ਅੱਪੜਨਾ।ਅਸਾਂ ਲੋੜ ਮੂਜਬ ਕਮਰਿਆਂ ਵਿਚ ਕੁਰਸੀਆਂ ਮੇਜ਼ ਸਿੱਧੇ ਕੀਤੇ ਤੇ ਚੌਕੀਦਾਰ ਰਾਹੀਂ ਪਿੰਡ ਦੇ ਨੰਬਰਦਾਰ ਨੂੰ ਸੁਨੇਹਾ ਘੱਲ ਦਿੱਤਾ ਪਈ ਸਾਡੇ ਲਈ ਰੋਟੀ ਟੁੱਕਰ ਤੇ ਰਾਤੀਂ ਰਹਿਣ ਦਾ ਪ੍ਰਬੰਧ ਕਰੇ।ਰਾਤੀਂ ਅਸੀਂ ਕਾਗ਼ਜ਼ ਕੱਢ ਕੇ ਅਪਣਾ ਕੰਮ ਕਰਦੇ ਰਹੇ ।ਸਵਖ਼ਤੇ ਸਵਖ਼ਤੇ ਈ ਸਾਡਾ ਕੰਮ ਛੋਹਣਾ ਸੀ ਤੇ ਅਸੀਂ ਸਾਰੇ ਇਕ ਖਿਝ ਵਿਚ ਸਾਂ।ਚੋਣਾਂ ਕਰਵਾਣ ਤੇ ਵੋਟਾਂ ਪਾਵਣ ਵਿਚ ਐਵੇਂ ਪਤਾ ਨਹੀਂ ਕਿੰਨੇ ਲਫ਼ਾਫ਼ਿਆਂ ਦਾ ਮੂੰਹ ਭਰਨਾ ਪੈਂਦਾ ਏ ਤੇ ਵੋਟਾਂ ਦਾ ਵੇਲਾ ਮੁੱਕਣ ਮਗਰੋਂ ਤਾਂ ਏਨੀ ਵੇਹਲ ਈ ਨਹੀਂ ਪਈ ਕੋਈ ਹੋਰ ਕੰਮ ਨਿਬੇੜਿਆ ਜਾਵੇ , ਇਸ ਲਈ ਕੁਝ ਕਾਗ਼ਜ਼ ਅਗਦੋਂ ਈ ਤਿਆਰ ਕਰਨੇ ਪੈਂਦੇ ਨੇਂ ।

ਅੱਧ ਰਾਤ ਮਗਰੋਂ ਜਦ ਮੈਂ ਅਪਣਾ ਕੰਮ ਮੁਕਾ ਕੇ ਸੌਣ ਲੱਗਾ ਤੇ ਫ਼ੌਜ਼ੀਆਂ ਦੇ ਕਮਰਿਓਂ ਮੱਠੀ ਗਾਵਣ ਦੀ ਵਾਜ ਆਂਦੀ ਪਈ ਸੀ।

ਘਲਾ ਪੂਰ ਬੰਗਲਾ ਪਾਣੀ ,ਖੜ ਕੇ ਝਾਲਾਂ ਤੂੰ
ਕਸਮ ਚਵਾ ਲੈ, ਕਦੀ ਨਹੀਂ ਲੱਥਾ ਖ਼ਿਆਲਾਂ ਤੂੰ
ਸਾਵਾ ਤੋਤਾ ਚੁੰਜ ਦਰਿਆਵੇ ਬੋੜ ਗਿਆ
ਸੁੱਖਾਂ ਦਾ ਜ਼ਾਮਨ ਦੁੱਖਾਂ ਦੇ ਵੇਲੇ ਛੋੜ ਗਿਆ

ਖ਼ਵਰੇ ਇਕ ਗਾਉਣ ਦੀ ਵਾਜ ਕੱਢ ਦੀ ਆਉਂਦੀ ਪਈ ਸੀ ਪਰ ਆਪਣੇ ਕੰਮ ਦੇ ਧਿਆਨ ਪਾਰੋਂ ਮੈਂ

ਗੌਂਹ ਨਾ ਕੀਤਾ ਯਾਂ ਖ਼ਵਰੇ ਅੱਧ ਰਾਤ ਦੀ ਡੂੰਘੀ ਚੁੱਪ ਪਾਰੋਂ ਗਾਵਣ ਦੀ ਵਾਜ ਬਹੁਤੀ ਪਈ ਸੀ। ਕਦੀ ਇਹ ਉੱਚੀਆਂ ਹੇਕਾਂ ਵਿਚ ਆਉਂਦੀ ਜਾਪਦੀ ਤੇ ਕਦੀ ਹੌਲੀ ਹੁੰਦੀ ਵੈਣ ਵਿਚ ਵਟੀਜਦੀ ਲੱਗਦੀ ਜਿਵੇਂ ਕੋਈ ਵਿਰਲਾਪ ਪਿਆ ਕਰਦਾ ਹੋਵੇ ।ਉੱਠ ਕੇ ਬਹਿ ਗਿਆ ਮੈਂ ਚਾਦਰ ਦੀ ਬੁੱਕਲ ਮਾਰ, ਕਮਰੇ ਤੋਂ ਬਾਹਿਰ ਆ ਵਰਾਂਡੇ ਖਲੋ ਗਿਆ। ਆਉਂਦੇ ਦੀਂਹ ਦੇ ਰੁਝਵੇਂ ਦੀ ਖਿਝ ਪਾਰੋਂ ਨੀਂਦ ਪੱਲਾ ਨਹੀਂ ਸੀ ਫੜਾਂਦੀ ਪਈ। ਬਾਹਰ ਅੰਤਾਂ ਦਾ ਕੋਹਰਾ ਲੱਥਦਾ ਪਿਆ ਹੋਵੇ ਤੇ ਰੁੱਖਾਂ ਵਿਚੋਂ ਪਾਣੀ ਚੋਂਦਾ ਹੋਵੇ। ਵਰਾਂਡੇ ਵਿਚ ਜਗਦਾ ਇਕੱਲਾ ਬਲਬ ਵੀ ਜਾਪੇ ਜਿਵੇਂ ਠੰਡ ਨਾਲ ਕੰਬਦਾ ਪਿਆ ਸੀ। ਮੈਨੂੰ ਐਵੇਂ ਕਿਤੇ ਸੁਣੀ ਗੱਲ ਚੇਤੇ ਆਈ ਪਈ ਫ਼ੌਜੀ ਰਾਤਾਂ ਨੂੰ ਉੱਠ ਉੱਠ ਰੋਂਦੇ ਨੇ। ਖ਼ਵਰੇ ਨਿੱਕਿਆਂ ਹੁੰਦਿਆਂ ਮਾਂ ਕੋਲੋਂ ਸੁਣਿਆ ਸੀ। ਗਾਵਣ ਦੀ ਵਾਜ ਮੁੜ ਆਈ:

ਸਾਹਮਣੇ ਫ਼ੌਜੀਆਂ ਦਾ ਕਮਰਾ ਸੀ ਤੇ ਵਾਜ ਉੱਕਾ ਸਾਫ਼ ਸੁਣਾਈ ਦਿੱਤੀ ਪਈ ਸੀ।

ਗੱਡੀਆ ਦਾ ਧੂੰ ਮਾਹੀਆ
ਸੜ ਗਈ ਕਿਸਮਤ, ਹੱਡੀਆਂ ਚੁਗ ਲੈ ਤੂੰ ਮਾਹੀਆ

ਪਰ ਫਿਰ ਕੁਝ ਚਿਰਾਂ ਪਿੱਛੋਂ ਇਹ ਵਾਜ ਹੌਲੀ ਹੁੰਦੀ ਕੁਰਲਾਵਣ ਵਿਚ ਵਟੀਜਦੀ ਗਈ।

ਅਗਲੇ ਦਿਹਾੜੇ ਅਸੀਂ ਸਿਰ ਸੁੱਟ ਕੇ ਕੰਮੀਂ ਰੁੱਝੇ ਰਹੇ ।ਕਸੇ ਨਾਲ ਗੱਲ ਕਰਨ ਵੇਹਲ ਈ ਨਹੀਂ ਸੀ। ਸਵੇਰੇ ਉਂਜ ਵੀ ਏਨੀ ਕੋਹਰ ਸੀ ਪਈ ਬਾਹਿਰੋਂ ਆਉਣ ਵਾਲਾ ਅਮਲਾ ਵੀ ਚਿਰਕੇ ਅਪੜਿਆ ਤੇ ਸਾਨੂੰ ਕੰਮ ਨੂੰ ਥਾਂ ਠਿਕਾਣੇ ਕਰਦੇ ਤੇ ਸਵਾਹਰਦੇ ਕੁਝ ਬਹੁਤਾ ਈ ਵੇਲਾ ਲੱਗ ਗਿਆ ਉਤੋਂ ਸੱਤ ਵਜੇ ਅਫ਼ਸਰਾਂ ਦੀ ਆਵਾਜਾਈ ਵੀ ਛੋਹ ਪਈ, ਵੋਟਾਂ ਵੇਲੇ ਸਿਰ ਨਾ ਛੋਹਣ ਪਾਰੋਂ ਸਾਨੂੰ ਸਾਰਿਆ ਨੂੰ ਸਣੇ ਫ਼ੌਜੀਆਂ ਦੇ ਝਾੜਾਂ ਪੈ ਗਈਆਂ। ਫ਼ੌਜੀਆਂ ਨੂੰ ਫ਼ੌਜੀ ਅਫ਼ਸਰਾਂ ਤੋਂ ਤੇ ਸਾਨੂੰ ਸਾਡੇ ਅਫ਼ਸਰਾਂ ਤੋਂ। ਇਹ ਵੱਖਰੀ ਗੱਲ ਏ ਪਈ ਸਵੇਰੇ ਸਵੇਰੇ ਏਨੀ ਠੰਡ ਵਿਚ ਅਜੇ ਇਕ ਵੋਟ ਭੁਗਤਾਣ ਵਾਲਾ ਵੀ ਨਹੀਂ ਸੀ ਆਇਆ। ਸਿਵਲ ਅਮਲੇ ਦਾ ਪ੍ਰਬੰਧ ਮੇਰੇ ਕੋਲ ਸੀ ਇਸ ਲਈ ਮੈਂ ਤਾਂ ਜਿਵੇਂ ਸਾਰਾ ਦੀਂਹ ਇਕ ਲੱਤ ਉਤੇ ਈ ਖਲੋਤਾ ਰਹਿਆ। ਇਕ ਦੋ ਵਾਰ ਮੇਰਾ ਉਹਦਾ ਟਾਕਰਾ ਹੋਇਆ ਤੇ ਮੈਂ ਆਪਣੇ ਰੁਝੇਵੇਂ ਪਾਰੋਂ ਉਹਦੇ ਵੱਲ ਧਿਆਨ ਨਾ ਕੀਤਾ ਤੇ ਉਸ ਗਿਲਾ ਕੀਤਾ " ਅੱਜ ਤਾਂ ਵੇਹੰਦੇ ਈ ਨਹੀਂ ਪਏ ਓ। ਬਹੂੰ ਰੁੱਝੇ ਓ।"

ਰਾਤੀਂ ਸੱਤ ਅੱਠ ਵਜੇ ਜਾ ਵੇਹਲ ਹੋਈ। ਅੱਗੋਂ ਸਰਕਾਰੀ ਗੱਡੀ ਸਾਨੂੰ ਲੈਣ ਆਪਣਾ ਸੀ ਪਰ ਉਹ ਵੇਲੇ ਸਿਰ ਨਾ ਅਪੜੀ। ਉਡੀਕ-ਉਡੀਕ ਫਾਵੇ ਹੋ ਗਏ। ਸਿਆਲ ਉਸ ਵਰ੍ਹੇ ਦਾ ਸਿਖਰਾਂ ਤੇ ਸੀ। ਪੈਰਾਂ ਨੂੰ ਸੀਤ ਚੜ੍ਹੇ। ਕੋਹਰੇ ਨਾਲ ਰੁਖਾਂ ਚੋਂ ਪਾਣੀ ਇੰਜ ਚੋਵੇ ਜਿਉਂ ਕੱਣੀ-ਕੱਣੀ ਮੀਂਹ ਪੈਂਦਾ ਹੋਵੇ।

ਅਖ਼ੀਰ ਅਸੀਂ ਚੌਕੀਦਾਰ ਦਾ ਮਿੰਨਤ ਤਰਲਾ ਕੀਤਾ ਤੇ ਉਸ ਨੂੰ ਪਿੰਡੋਂ ਕੁੱਝ ਬਾਲਣ ਲਿਆਣ ਦਾ ਆਖਿਆ। ਵੋਟਾਂ ਦੇ ਨਤੀਜੇ ਲੈਣ ਮਗਰੋਂ ਸਾਰਾ ਪਿੰਡ ਇੰਜ ਗ਼ੈਬ ਹੋਇਆ ਜਿਵੇਂ ਉਹਨਾਂ ਦੀ ਗ਼ਰਜ਼ ਈ ਮੁੱਕ ਗਈ ਹੋਵੇ ਸਾਡੇ ਤੋਂ। ਹਵਾਲਦਾਰ ਵੀ ਚੌਕੀਦਾਰ ਨਾਲ ਪਿੰਡ ਗਿਆ ਤੇ ਝੱਟ ਈ ਸੁੱਕੀਆ ਪਾਥੀਆਂ ਦੀ ਭਰੀ ਬੋਰੀ ਤੇ ਚਾਹ ਪੀਣ ਦਾ ਸਾਮਾਨ ਲੈ ਆਇਆ। ਚੌਕੀਦਾਰ ਵੀ ਇਧਰੋਂ ਉਧਰੋਂ ਨੱਸ ਭੱਜ ਕਰ ਕੇ ਕੁਝ ਲੱਕੜਾਂ ਦਾ ਬਾਲਣ ਜੋੜਿਆ ਤੇ ਅਸੀਂ ਵਰਾਂਡੇ ਭਾਂਬੜ ਲਾ ਕੇ ਬਹਿ ਗਏ। ਸੱਭ ਨੂੰ ਅੰਤਾਂ ਦਾ ਥਕੇਵਾਂ ਸੀ। ਰੱਬ ਭਲਾ ਕਰੇ ਚੌਕੀਦਾਰ ਦਾ ਜਿਸ ਘੜੀ ਦੋ ਘੜੀ ਪਿੱਛੋਂ ਸਾਨੂੰ ਚਾਹ ਦੀ ਫੇਰੀ ਤੋਰੀ ਰੱਖੀ ਜਿਸ ਨਾਲ ਠੰਡ ਦਾ ਕੁਝ ਆਸਰਾ ਹੋ ਗਿਆ। ਹਵਾਲਦਾਰ ਆਪਣੀ ਫ਼ੌਜੀ ਹਯਾਤੀ ਦੀਆਂ ਗੱਲਾਂ ਛੇੜ ਬੈਠਾ। ਰਹਿੰਦੇ ਤਰੈਵੇ ਫ਼ੌਜੀ ਸਾਡੇ ਨਾਲ ਗੱਲ ਕਰਨੋਂ ਪਹਿਲਾਂ ਹਵਾਲਦਾਰ ਦੇ ਮੂੰਹ ਵੱਲ ਤੱਕਦੇ ਸਨ ਜਿਵੇਂ ਉਹਦੇ ਅੱਗੇ ਗੱਲ ਕਰਨੋਂ ਝਕਦੇ ਹੋਵਣ। ਖ਼ਵਰੇ ਉਹਨਾਂ ਨੂੰ ਸਿਵਲ ਨਾਲ ਖੁੱਲ ਖੇਡਣ ਦੀ ਮਨਾਹੀ ਸੀ।

ਉਂਜ ਉਹ ਆਪਸ ਵਿਚ ਬਹੂੰ ਰਚੇ-ਮੱਚੇ ਹੋਏ ਸਨ ਤੇ ਇਕ ਦੂਜੇ ਨੂੰ ਟਿਚਕਰ ਮਾਰਨ ਲੱਗਿਆਂ 'ਸੰਤਰੀ' ਆਖ ਕੇ ਸਦਾਉਂਦੇ ਸਨ। ਇਹ ਉਹਨਾਂ ਦੇ ਮਖ਼ੌਲ ਦਾ ਕੋਈ ਰੰਗ ਹੋਣਾ ਏ। ਸਾਡੇ ਵਿਚੋਂ ਕੁਝ ਤਾਂ

ਥਕੇਵੇਂ ਪਾਰੋਂ ਉਂਘਲਾ ਵੀ ਜਾਂਦੇ ਤੇ ਜਦ ਚਾਹ ਦੀ ਫੇਰੀ ਚੱਲਦੀ ਤੇ ਪੂਰੀ ਜ਼ੋਰ ਲਾ ਕੇ ਅੱਖਾਂ ਖੋਲਦੇ ਤੇ ਗੱਲ ਸੁਣਨ ਦਾ ਆਹਰ ਕਰਦੇ ਲਗਦੇ ਤੇ ਇਸ ਪਾਰੋਂ ਉਹਨਾਂ ਦੀਆਂ ਵਿਗੜੀਆਂ ਸ਼ਕਲਾਂ ਵੇਖ ਕੇ ਦੂਜਿਆਂ ਨੂੰ ਹਾਸਾ ਆ ਜਾਂਦਾ।

ਮੈਂ ਐਵੇਂ ਪੁੱਛਿਆ ਰਾਤੀਂ ਗਾਵਣ ਕੌਣ ਗਾਉਂਦਾ ਪਿਆ ਸੀ। ਮੈਂ ਉਹ ਗਾਵਣ ਸੁਣਨਾ ਚਾਹੁੰਦਾ ਆਂ। ਤਿੰਨੇ ਫ਼ੌਜੀਆਂ ਉਸ ਵੱਲ ਤੱਕਿਆ ਤੇ ਭੇਤੀ ਮੁਸਕੇ। ਹਵਾਲਦਾਰ ਖ਼ਵਰੇ ਗੱਲਾਂ ਸੁਣਨ ਸੁਣਾਨ ਦਾ ਸ਼ੌਂਕੀ ਸੀ ਆਖਣ ਲੱਗਾ , " ਸੁਣਾ ਸਾਹਿਬ ਨੂੰ ਅਪਣੀ ਕਹਾਣੀ ਫਿਰ ਗਾਵਣ ਵੀ ਸੁਣ ਲੈਸਾਂ।"

ਓਚਣ -ਚੇਤ ਉਹ ਅਗਾਂਹ ਹੋ ਕੇ ਆਖਣ ਲੱਗਾ। "ਲਉ ਜੀ ਮੈਂ ਤੁਹਾਨੂੰ ਇਕ ਗੱਲ ਸੁਣਾਨਾਂ।" ਘੱਲ ਛੋਹਣ ਤੋਂ ਪਹਿਲਾਂ ਉਸ ਵਾਰੀ ਹਵਾਲਦਾਰ ਵੱਲ ਤਕਿਆ ਪਰ ਹਵਾਲਦਾਰ ਹੁਣ ਆਪੋਂ ਵੀ ਗੱਲ ਸੁਣਨ ਦਾ ਚਾਅ ਬਣਾਈ ਬੈਠਾ ਸੀ ਤੇ ਵਰਦੀ ਨੂੰ ਕਰਨਾ ਚਾਹੁੰਦਾ ਸੀ ਤਾਂ ਜੋ ਕਿਵੇਂ ਵੇਲਾ ਤਾਂ ਲੰਘੇ ਡਿਊਟੀ ਅਸੀਂ ਭੁਗਤਾ ਬੈਠੇ ਸਾਂ ਤੇ ਭਾਵੇਂ ਡਾਢੇ ਥੱਕੇ ਹੋਏ ਸਾਂ ਪਰ ਖਿਝ ਕੋਈ ਨਹੀਂ ਸੀ।

ਓਂਗ ਦੇ ਭਾਂਬੜ ਵਿਚ ਉਸ ਦੀਆਂ ਅੱਖਾਂ ਲਿਸ਼ਕਦੀਆਂ ਪਈਆਂ ਸਨ ਤੇ ਉਸ ਆਪਣੇ ਸੁੱਕੇ ਬੁੱਲ੍ਹ ਹਲਾਣੇ ਛੋਹੇ।

"ਮੇਰੇ ਯੂਨਟ ਹਿੱਕ ਨਵਾਂ 'ਸੰਤਰੀ' ਆਇਆ। ਊਹ ਰਾਤਾਂ ਨੂੰ ਉਠ ਕੇ ਰੋਂਦਾ ਹਾਈ। ਹੋ ਸਕਦਾ ਊਹ ਪਹਿਲਾਂ ਵੀ ਊਹ ਇੰਜ ਕਰੇਂਦਾ ਹੋਵੇ। ਕਿਸੇ ਨੂੰ ਸੂਹ ਨਾ ਲੱਗ ਬਈ ਕਿਹੜੀ ਗੱਲੇ ਰੋਂਦਾ ਹਾਈ। ਉਹਦੇ ਅਫ਼ਸਰ ਵੀ ਡਾਢੇ ਹਰਿਆਣ। ਬਹੂੰ ਗਵੇੜ ਲਾਏ ਬਈ ਗੱਲ ਖੁੱਲ੍ਹੇ ਪਰ ਕਿਥਾਂ ਨਾ ਕਾਈ ਦੱਸੇ ਨਾ ਕਾਈ ਸੂਹ ਲੱਗੇ ਵੱਤ ਅਫ਼ਸਰਾਂ ਮੇਰੀ ਡਿਊਟੀ ਲਾਈ ਪਈ ਗੱਲ ਢੂੰਡ। ਊਹ ਰਹਿੰਦਾ ਮਈਆਂ ਨਾਲ ਈ ਹਈ। ਜੇ ਅਫ਼ਸਰ ਪੁਛੱਣ ਛੁੱਟੀ ਲੈਣੀ ਏ ਉਹ ਨਾਂਹ ਕਰ ਦੇਵੇ। ਜਦੋਂ ਉਹਦੇ ਕੋਲੋਂ ਪੈਸਿਆਂ ਬਾਰੇ ਪੁਛਿਆ ਜਾਵੇ ਫਿਰ ਵੀ ਨਾ ਕਰ ਦੇਵੇ ।ਜੇ ਪੁਛੀਏ ਤੇਰੇ ਪਿਓ ਕਿਦਾਈਂ ਧਿੰਗੋਂ ਤੈਨੂੰ ਭਰਤੀ ਕਰਾ ਦਿੱਤਾ ਤਾਂ ਉਹ ਕਾਈ ਵਲਦਾ ਨਾ ਦੇਵੇ। ੜਤੱ ਅਫ਼ਸਰਾ ਇਹ ਗੱਲ ਮੇਰੇ ਤੇ ਸੁਟੀ ਬਈ ਤੂੰ ਇਹ ਗੱਲ ਲੱਭ। ਓਹਨਾਂ ਮੈਨੂੰ ਪੱਕਾ ਇਸੇ ਕੰਮੇ ਚਾਹ ਲਾਇਆ।

ਹੁਣ ਮੇਰਾ ਕੰਮ ਇਹੋ ਹਾਈ ਬਈ ਹਰ ਵੇਲੇ ਉਹਦੇ ਨਾਲ ਰਹਵਾਂ ਤੇ ਵਿਚਲੀ ਗੱਲ ਦੀ ਢੂੰਡ ਕਰਾਂ। ਅਫ਼ਸਰਾਂ ਆਖਿਆ ਜੇ ਤੂੰ ਇਹ ਗੱਲ ਲੱਭ ਲਵੇਂ ਬਈ ਇਸ ਨੂੰ ਕੀ ਰੋਗ ਹੈ ਤੇ ਵੱਤ ਹਿੱਕ ਮਹੀਨੇ ਦੀ ਤਨਖ਼ਾ ਤੇ ਪੂਰੇ ਮਹੀਨੇ ਦੀ ਛੁੱਟੀ ਤੇਰਾ ਇਨਾਮ। ਸਾਨੂੰ ਫ਼ੌਜੀਆਂ ਨੂੰ ਛੁੱਟੀ ਦੀ ਡਾਢੀ ਲੋੜ ਰਹਿੰਦੀ ਹਈ। ਔਖੀ ਨੌਕਰੀ ਹਈ, ਵਤਨਾਂ ਦੁਰਾਡੀ, ਹਰ ਵੇਲੇ ਕੂੰ ਘਰਾਂ ਦੀ ਤਾਂਘ ਹੁੰਦੀ ਏ। ਦਾਹ ਦੀਹਾਂ ਅੰਦਰ ਮੈਂ ਇਹ ਗੱਲ ਲੱਭ ਕੇ ਅਫ਼ਸਰਾਂ ਨੂੰ ਰਿਪੋਰਟ ਕਰਨੀ ਹਈ। ਦਿਹਾੜੇ ਲੰਘੀ ਗਏ ਮੈਨੂੰ ਨਾ ਕੋਈ ਸੁੱਧ -ਬੁਧ ਲੱਗੀ ਨਾ ਗੱਲ ਦਾ ਸਿਰਾ ਹੱਥੀਂ ਆਇਆ। ਰਾਤਾਂ ਜਾਗ-ਜਾਗ ਮੈਂ ਉਹਦੀ ਜਸੂਸੀ ਕਰੇਂਦਾ ਰਹਿਆ। ਜਿਥੇ ਉਹ ਜਾਵੇ ਉਹਦੇ ਨਾਲ ਨੱਥੀ ਰਹਵਾਂ। ਗੱਲਾਂ ਨਾਲ ਵੀ ਬੜਾ ਵਲਾਇਆ ਪਰ ਊਸ ਮੈਨੂੰ ਚਾਰ ਨਾ ਦਿੱਤਾ।

ਛੇਕੜਲਾ ਦੀਂਹ ਹਈ ਮੇਰੇ ਨਾਂ ਇਕ ਚਿੱਠੀ ਆਈ। ਮੈਂ ਖੋਲ ਕੇ ਪੜ੍ਹੀ ਪਰ ਪੱਲੇ ਨਾ ਪਈ। ਅਜਬ ਪੁੱਠੀ ਸਿੱਧੀ ਚਿੱਠੀ ਹਾਈ ਤੇ ਅਖ਼ੀਰ ਉਤੇ ਕਿਸੇ ਦਾ ਨਾਂ ਵੀ ਨਾ ਲਿਖਿਆ ਹਈ। ਉਂਜ ਲਾਲ ਸਿਆਹੀ ਨਾਲ ਲਿਖੀ ਹਈ ।(ਪਿਛੋਂ ਮੈਨੂੰ ਉਸ ਦੱਸਿਆ ਪਈ ਉਹ ਤਾਂ ਲਹੂ ਨਾਲ ਲਿਖੀ ਹਈ) ਮੈਂ ਵਾਰ-ਵਾਰ ਉਹ ਚਿੱਠੀ ਪੜ੍ਹੀ ਪਰ ਸਿਰ-ਪੈਰ ਨਾ ਲੱਭਿਆ। ਅਖ਼ੀਰ ਨਿਮਾਸ਼ੀਂ ਜਦ ਉਹ ਮੂੰਹ -ਸਿਰ ਸੁੱਟ ਕੇ ਲੰਮਾ ਪਿਆ ਹਈ ਮੈਂ ਉਸ ਨੂੰ ਚਿੱਠੀ ਵਿਖਾਈ। ਚਿੱਠੀ ਵੇਖਦੇ ਈ ਉਹ ਉਸ ਨੂੰ ਚੁੰਮਣ ਲੱਗ ਪਿਆ ਤੇ ਨਾਲੋ ਨਾਲ ਰੋਣ ਡਹਿ ਪਿਆ। ਆਖਣ ਲੱਗਾ ਇਹ ਮੇਰੀ ਚਿੱਠੀ ਹੈ। ਮੈਂ ਈ ਤੇਰਾ ਨਾਂ ਦਿੱਤਾ ਹਾਈ ਕਿਉਂਜੇ ਮੇਰੇ ਨਾਂ ਉਤੇ ਚਿੱਠੀ ਨਹੀਂ ਆ ਸਕਦੀ ਮੈਂ ਮੁੜ ਅੱਸਲ ਗੱਲ ਗੌਲਣ ਦਾ ਤਰਲਾ ਮਾਰਿਆ ਤਾਂ ਉਸ ਸਾਰੀ

ਗੱਲ ਈ ਖੋਲ ਦਿੱਤੀ ਆਖਣ ਲੱਗਾ ਮੈਨੂੰ ਇਕ ਕੁੜੀ ਨਾਲ ਪਿਆਰ ਹੈ। ਉਹ ਵੀ ਮੇਰੇ ਨਾਲ ਪਿਆਰ ਕਰੇਂਦੀ ਹੈ। ਇਹ ਉਸ ਦੀ ਈ ਚਿੱਠੀ ਹੈ। ਪਹਿਲੇ ਇਹ ਚਿੱਠੀਆਂ ਦੂਜੀ ਯੂਨਟ ਵਿਚ ਕਿਸੇ ਹੋਰ ਦੇ ਨਾਂ ਆਉਂਦੀਆਂ ਸਨ। ਦੋਵੇਂ ਵਿਆਰ ਕਰਨਾ ਚਾਹੁੰਦੇ ਆਂ ਪਰ ਸਾਡੇ ਮਾਪੇ ਰਾਜ਼ੀ ਨਹੀਂ। ਅੱਕ ਮੇਰੇ ਪਿਓ ਮੈਨੂੰ ਫ਼ੌਜ ਭਰਤੀ ਕਰਾ ਦਿੱਤਾ ਹੈ। ਜੁਣ ਉਹ ਮੈਨੂੰ ਲਹੂ ਨਾਲ ਚਿੱਠੀਆਂ ਲਿਖਦੀ ਹੈ ਤੇ ਮੈਂ ਵੀ।

ਮੇਰਾ ਕੰਮ ਹੋ ਗਿਆ ਹਈ ਮੈਂ ਖੁਰਾ ਲੱਭ ਲਿਆ ਹਈ। ਅਗਲੇ ਦਿਹਾੜੇ ਮੈਂ ਅਫ਼ਸਰਾਂ ਨੂੰ ਸਾਰੀ ਗੱਲ ਸੁਣਾ ਦਿੱਤੀ। ਅਫ਼ਸਰਾਂ ਮੈਥੋਂ ਪੁਛਿਆ ਮੈਂ ਕੀ ਕਰ ਸਕਨਾਂ ਆਂ ਉਹਨਾਂ ਮੈਨੂੰ ਆਖਿਆ ਤੂੰ ਘੱਰ ਜਾਵਣ ਦੀ ਥਾਂ ਇਸ ਬੇਲੀ ਦਾ ਕੁਝ ਕਰ ਛੁੱਟੀ ਤੈਨੂੰ ਅਸੀਂ ਦੇ ਦੇਸਾਏਂ। ਮੈਨੂੰ ਉਹਨਾਂ ਪੈਸੇ ਵੀ ਦਿੱਤੇ। ਮੈਂ ਸੋਚਿਆ ਮੈਂ ਆਪਣੇ ਘੱਰ ਮਗਰੋਂ ਜਾਸਾਂ ਪਹਿਲਾਂ ਇਸ ਦਾ ਕੁਝ ਕਰਸਾਂ। ਮੈਂ ਇਸ ਬੇਲੀ ਦੇ ਘੱਰ ਗਿਆ ਤੇ ਉਹਦੇ ਮਾਪਿਆ ਨੂੰ ਆਖਿਆ ਤੁਹਾਡੇ ਮੁੰਡੇ ਨੂੰ ਇਕ ਕੁੜੀ ਨਾਲ ਪਿਆਰ ਹੈ। ਮਾਪਿਆ ਜਵਾਬ ਦਿੱਤਾ ਸਾਨੂੰ ਪਤਾ ਹੈ। ਮੈਂ ਆਖਿਆ ਤੁਸੀਂ ਉਹਦਾ ਵਿਆਹ ਕਿਉਂ ਨਹੀਂ ਕਰੇਂਦੇ। ਉਹਨਾਂ ਆਖਿਆ ਸਾਨੂੰ ਕੋਈ ਇਨਕਾਰੀ ਨਹੀਂ ਪਰ ਕੁੜੀ ਵਾਲੇ ਵੀ ਤਾਂ ਰਾਜ਼ੀ ਹੋਵਣ ਤਾਂ ਨਾ ! ਅਗਲੇ ਦਿਨ ਮੈਂ ਕੁੜੀ ਆਲਿਆਂ ਦੇ ਘੱਰ ਗਿਆ ਤੇ ਅਪਣਾ ਦੱਸਿਆ ਤੇ ਨਾਲੇ ਆਪਣੇ ਬੇਲੀ ਵੱਲੋਂ ਸਾਕ ਮੰਗਿਆ। ਅਖ਼ੀਰ ਮੈਂ ਕੁੜੀ ਦੇ ਮਾਪਿਆਂ ਨੂੰ ਰਾਜ਼ੀ ਕਰ ਲਿਆ ਤੇ ਇੰਜ ਉਹਦਾ ਵਿਆਹ ਹੋ ਗਿਆ।

ਵਿਆਹ ਹੋਵਣ ਪਿੱਛੋਂ ਉਸ ਮੈਥੋਂ ਪੁੱਛਿਆ ਪਈ ਜੇ ਉਹ ਮੇਰੇ ਕਿਸੇ ਕੰਮ ਆ ਸਕੇ ਤੇ ਉਸ ਨੂੰ ਖ਼ੁਸ਼ੀ ਹੋਸੀ। "ਤੇਰਾ ਜੋਈ ਮਸਲਾ ਹੈ।" ਮੈਂ ਆਖਿਆ ਮੇਰਾ ਵੀ ਇਹੋ ਮਸਲਾ ਏ। ਮੈਨੂੰ ਵੀ ਇਕ ਕੁੜੀ ਨਾਲ ਪਿਆਰ ਹੈ ਤੇ ਘਰ ਗਿਆ ਪਰ ਕੁੜੀ ਵਾਲੇ ਰਾਜ਼ੀ ਨਹੀਂ ਹੁੰਦੇ। ਫਿਰ ਮੇਰੇ ਵਾਂਗਰ ਉਹ ਕੁੜੀ ਵਾਲਿਆ ਦੇ ਘਰ ਗਿਆ ਕੁੜੀ ਦੀ ਮਾਂ ਨਾ ਮੰਨੀ ਤੇ ਹੁਣ ਤੀਕ ਰਾਜ਼ੀ ਨਹੀਂ ਹੋਈ ਹੋਈ। ਹੁਣ ਅਸਾਂ ਦੋਵਾਂ ਸੋਚਿਆ ਏ ਬਈ ਅਸਾਂ ਵਿਆਹ ਨਹੀਂ ਕਰਨਾ ਅਜੇ ਤੀਕ ਉਸ ਕੀਤਾ ਹੈ ਨਾ ਮੈਂ।

ਕਹਾਣੀ ਉਹਦੀ ਮੁੱਕ ਗਈ ਸੀ। ਕਹਾਣੀ ਸੁਣਾਂਦੇ ਉਸ ਇਕ ਵਾਰ ਵੀ ਹਵਾਲਦਾਰ ਵੱਲ ਨਾ ਤਕਿਆ ਤੇ ਹਵਾਲਦਾਰ ਵੀ ਮੂੰਹ ਸੁੱਟ ਕੇ ਬੈਠਾ ਰਿਹਾ ਸੀ। ਅਸਲੋਂ ਉਹਦੇ ਨਾਲ ਦਿਆਂ ਨੂੰ ਇਸ ਕਹਾਣੀ ਦਾ ਪਤਾ ਸੀ ਤੇ ਇਹ ਕਹਾਣੀ ਉਸ ਸਾਨੂੰ ਹੁਣ ਸੁਣਾਈ ਸੀ। ਕਹਾਣੀ ਤਾਂ ਸਾਰਿਆਂ ਚੁੱਪ ਕਰ ਕੇ ਸੁਣੀ ਪਰ ਉਸ ਦੀ ਗੱਲ ਮੁੱਕਣ ਨਾਲ ਸਾਰਿਆ ਦੇ ਮੂੰਹ ਉਤੇ ਹਾਸਾ ਜਿਹਾ ਖਿੱਲਰ ਗਿਆ। ਸਾਡੇ ਵਿਚੋਂ ਜਿਹੜੇ ਅਵਾਜ਼ਾਰ ਬੈਠੇ ਸਨ, ਉਹਨਾਂ ਨੂੰ ਗੱਲ ਵਿਚੋਂ ਮਖ਼ੌਲ ਬਣਾਉਣ ਦੀ ਰਾਹ ਨਜ਼ਰੀਂ ਆਈ। ਇਸ ਤੋਂ ਉਹ ਹੋਰ ਖਿਝ ਗਿਆ।

"ਜਿਸ ਬੰਦੇ ਨੂੰ ਇਸ਼ਕ ਨਹੀਂ ਹੋਇਆ ਉਸ ਨੂੰ ਕੀ ਪਤਾ ਹੋਵੇ । ਆਸ਼ਿਕ ਬੰਦੇ ਦੀਆਂ ਗੱਲਾਂ ਲਾਲ ਨਹੀਂ ਹੁੰਦੀਆਂ । ਉਹਨੂੰ ਭੁੱਖ ਤ੍ਰੇਹ ਨਹੀਂ ਲਗਦੀ । ਉਹ ਰੱਜ ਖਾ ਨਹੀਂ ਸਕਦਾ , ਸੌਂ ਨਹੀਂ ਸਕਦਾ, ਉਸ ਮੇਰੇ ਨਾਲ ਅੱਖਾਂ ਮਿਲਾਂਦਿਆਂ ਗੱਲ ਕੀਤੀ। ਮੈਂ ਚੁੱਪ ਕਰ ਉਹਦੀਆਂ ਗੱਲਾਂ ਸੁਣਦਾ ਰਿਹਾ। ਵਿਚੋਂ ਇਕ ਫ਼ੌਜੀ ਹੱਸ ਕੇ ਆਖਣ ਲੱਗ ਤੁਸੀਂ ਇਹਦਾ ਪਿੰਡਾ ਸਾਰੇ ਪਿੰਡੇ ਉਤੇ ਕੁੜੀ ਦਾ ਨਾਂ ਲਿਖਿਆ ਹੋਇਆ ਏ। ਇਕ ਫ਼ੌਜੀ ਛੇਤੀ ਨਾਲ ਬਦੋ ਬਦੀ ਉਹਦੀ ਕੰਡ ਨੰਗੀ ਕਰ ਦਿੱਤੀ। ਥਾਂ-ਥਾਂ ਕੁੜੀ ਦਾ ਨਾਂ ਲਿਖਿਆ ਹੋਇਆ ਸੀ। ਹੁਣ ਸਾਰੀਆਂ ਗੱਲਾਂ ਉਹਦੇ ਨਾਲ ਯਾਂ ਉਹਨੂੰ ਮੁਖ ਰੱਖ ਕੇ ਈ ਹੁੰਦੀਆਂ ਪਈਆਂ ਸਨ। ਜਿਹੜੀ ਗੱਲ ਵੀ ਹੁੰਦੀ ਯਾਂ ਉਹਦੇ ਬਾਰੇ ਹੁੰਦੀ ਯਾਂ ਉਹਦੇ ਇਸ਼ਕ ਕਹਾਣੀ ਬਾਰੇ । ਕਿਸੇ ਆਖਿਆ ਤੂੰ ਮਿਲਾਪ ਨਹੀਂ ਚਾਹੁੰਦਾ ? ਉਹ ਆਖਣ ਲੱਗਾ , ਵਿਛੋੜਾ ਵੀ ਮਿਲਾਪ ਏ, ਕਿਸੇ ਦੀ ਯਾਦ ਵਿਚ ਹੋਣਾ ਵੀ ਮਿਲਾਪ ਏ।

ਮੈਂ ਉਹਨੂੰ ਛੋਡਾਂ ਤਾਂ ਵਿਛੋੜਾ ਹੋਵੇ । ਪਿੱਛੇ ਅਸੀਂ ਇਕ ਵਾਰੀ ਕਿਸੇ ਰਿਸ਼ਤੇਦਾਰ ਦੇ ਘੱਰੀਂ ਸਬਬੋਂ ਇਕਠੇ ਸਾਂ। ਮੈਂ ਉਹਨੂੰ ਸੈਨਤ ਨਾਲ ਇਕ ਪਾਸੇ ਬੁਲਾਇਆ ਤੇ ਉਹਦੇ ਗੱਲ ਵਿਚ ਬਾਂਹਵਾਂ ਪਾ ਕੇ ਖਲੋਤਾ

ਸਾਂ ਪਈ ਦੂਰੋਂ ਉਹਦੀ ਮਾਂ ਨੇ ਵੇਖ ਲਿਆ।ਸਾਡੇ ਦੋਵਾਂ ਦੇ ਮਾਪੇ ਇੱਕਠੇ ਹੋ ਗਏ ਤੇ ਆਖਣ ਵੇਖੋ ਇਹਨਾਂ ਨੂੰ ।ਕਧਤੋਂ ਇਹ ਖੇਡ ਚੱਲਦੀ ਪਈ ਏ ।ਹੁਣ ਸਾਡਾ ਦੋਵਾਂ ਦਾ ਮਿਲਣਾ ਉਕਾ ਬੰਦ ਹੋ ਗਿਆ ਏ।ਕਿਸੇ ਪੁੱਛਿਆ ਜੇ ਕੁੜੀ ਵਿਆਹ ਕਰ ਲਿਆ ਉਸ ਆਖਿਆ "ਇਹ ਨਹੀਨ ਹੋ ਸਕਦਾ।ਸਾਡਾ ਮੇਲ ਜ਼ਰੂਰ ਹੋਵੇ ਗਾ , ਅੱਜ ਨਹੀਂ ਤੇ ਭਲਕੇ , ਭਾਵੇਂ ਛੇਤੀ ਭਾਵੇਂ ਦਸ ਵਰ੍ਹਿਆਂ ਪਿੱਛੋਂ।ਅਸਾਂ ਇੱਕਠੇ ਜੀਣ ਮਰਨ ਦੀ ਸੌਂਹ ਖਾਧੀ ਏ।ਜੇ ਇਸ ਜਹਾਨ ਨਾ ਮਿਲੇ ਤਾਂ ਅਗਲੇ ਵਿਚ ਮਿਲਸਾਂ।"

ਅਖ਼ੀਰ ਸਾਨੂੰ ਲੈਣ ਆਲੀ ਸਰਕਾਰੀ ਲਾਰੀ ਅੱਪੜ ਪਈ ਤੇ ਸਾਰੇ ਕਹਾਣੀ ਨੂੰ ਭੁੱਲ -ਭੁਲਾ ਕੇ ਉਹਦੇ ਵੱਲ ਨੱਸੇ। ਇਕ ਦੱਮ ਭਾਜੜ ਪੈ ਗਈ। ਅੱਧ ਰਾਤ ਤੋਂ ਬੁਹਤਾ ਵੇਲਾ ਤਾਂ ਹੋ ਗਿਆ ਹੋਣਾ। ਲਾਰੀ ਫ਼ੌਜੀਆਂ ਤੇ ਸਿਵਲ ਦੇ ਬੰਦਿਆਂ ਨਾਲ ਨੱਕੋ-ਨੱਕ ਹੋਈ ਪਈ ਸੀ।

ਘੁੱਪ ਅਨ੍ਹੇਰਾ।ਬੰਦੇ ਬੰਦਿਆਂ ਨੂੰ ਵੱਜਣ।ਲਾਰੀ ਦਾ ਪਿੱਛਲਾ ਪਾਸਾ ਚੌਣਾਂ ਦੇ ਸਾਮਾਨ ਨਾਲ ਤੂਸਿਆਂ ਪਿਆ ਸੀ।ਅਗਲੇ ਪਾਸੇ ਬੰਦੇ ਇਕ ਦੂਜੇ ਵਿਚ ਫਸੇ ਬੈਠੇ ਸਨ।ਅੱਧੇ ਤੋਂ ਬਹੁਤੇ ਬੰਦੇ ਉੱਗਲਾਂਦੇ ਪਏ ਸਨ ਤੇ ਐਵੇਂ ਕਿਸੇ ਦਾ ਸਿਰ ਨੀਂਦਰ ਵਿਚ ਕਿਸੇ ਦੇ ਮੂੰਹ ਨਾਲ ਵਜਦਾ ਯਾਂ ਸੀਟ ਨਾਲ ਤੇ ਦੂਜਾ ਜਿਹੜਾ ਆਪੋਂ ਵੀ ਉਘਲਾ ਰਿਹਾ ਹੁੰਦਾ ਸੀ ਬੁੜ -ਬੁੜ ਕਰਦਾ ਉਠ ਬਹਿੰਦਾ ।

ਮੈਨੂੰ ਦੂਜੀ ਵੱਡੀ ਲਾਮ ਦੀਆਂ ਬਲੈਕ ਐਂਡ ਵਾਈਟ ਫ਼ਿਲਮਾਂ ਚੇਤੇ ਆ ਗਈਆਂ ਜਿਹਨਾਂ ਵਿਚ ਇੰਜ ਈ ਥੱਕੇ ਟੁਟੇ ਹਾਰੇ ਫ਼ੌਜੀ ਲਾਮ ਮਗਰੋਂ ਪਰਤਦੇ ਨੇ।ਅਨ੍ਹੇਰੇ ਵਿਚ ਕਿੰਨਾ ਚਿਰ ਬੱਸ ਤੁਰਦੀ ਰਹੀ। ਅਖ਼ੀਰ ਇਕ ਥਾਂ ਬੱਸ ਖਲੋਤੀ ਤੇ ਅੱਚਣ -ਚੇਤ ਰੌਲਾ ਪੈ ਗਿਆ। ਇੱਥੇ ਸਾਰੇ ਫ਼ੌਜੀਆਂ ਲਹਿਣਾ ਸੀ। ਸਾਡਾ ਸਫ਼ਰ ਅਜੇ ਨਹੀਂ ਸੀ ਮੁਕਿਆ।

ਭਾਹਰ ਪਾਲ ਵਿਚ ਫ਼ੌਜੀ ਗੱਡੀਆਂ ਤੇ ਜੀਪਾਂ ਖਲੀਆਂ ਸਨ ਤੇ ਫ਼ੌਜੀ ਅਫ਼ਸਰ ਜਵਾਨਾਂ ਨੂੰ ਹਦਾਇਤਾਂ ਦਿੰਦੇ ਪਏ ਸਨ ।ਪਰ ਬਾਹਿਰ ਵੀ ਤੇ ਅੰਦਰ ਵੀ ਅੰਤਾਂ ਦਾ ਘੁੱਪ ਅਨ੍ਹੇਰਾ ਸੀ।ਚੋਖੀ ਪੁਰਾਣੀ ਲਾਰੀ ਸੀ ਤੇ ਲਾਰੀ ਦਾ ਡਰਾਇਵਰ ਤੇ ਕਲੀਨਰ ਉਂਜ ਵੀ ਇਸ ਸਰਕਾਰੀ ਵਗਾਰ ਪਾਰੋਂ ਅਵਾਜ਼ਾਰ ਹੋਈ ਬੈਠੇ ਸਨ।ਸਾਰੇ ਸੁੱਤੇ ਫ਼ੌਜੀ ਇਕ ਦੱਮ ਜਾਗ ਪਏ ਸਨ ਤੇ ਨੱਸ-ਨੱਸ ਕੇ ਲਾਰੀ ਤੋਂ ਆਪਣੇ ਬਿਸਤਰੇ ਤੇ ਦੂਜਾ ਸਾਮਾਨ ਕਾਲ੍ਹੀ ਕਾਲ੍ਹੀ ਬਾਹਿਰ ਫੜਾਂਦੇ ਪਏ ਸਨ।ਇਸ ਭਾਜੜ ਵਿਚ ਈ ਹਵਲਾਦਾਰ ਖ਼ਵਰੇ ਕਿੱਥੋਂ ਨਿਕਲ ਕੇ ਮੈਨੂੰ ਹੱਥ ਮਿਲਾਵਣ ਆ ਗਿਆ ਤੇ ਰੱਬ ਰਾਖਾ ਆਖਿਆ।ਮੈਂ ਬਾਰੀ ਨਾਲ ਈ ਬੈਠਾ ਸਾਂ ਤੇ ਅੱਖਾਂ ਪਾੜ-ਪਾੜ ਕੇ ਬਾਹਿਰ ਵੇਖਣ ਦਾ ਆਹਰ ਕਰਦਾ ਪਿਆ ਸਾਂ।ਮੈਂ ਉਸ ਨੂੰ ਈ ਲਭਦਾ ਪਿਆ ਸਾਂ ਖ਼ਵਰੇ ਕਿਉਂ।ਅਖ਼ੀਰ ਫ਼ੌਜੀਆਂ ਆਪਣਾ ਸਾਰਾ ਸਾਮਾਨ ਲਾਹ ਲਿਆ ਤੇ ਡਰਾਇਵਰ ਹੌਲੀ-ਹੌਲੀ ਲਾਰੀ ਤੋਰਨ ਲੱਗ ਪਿਆ।ਇਕ ਫ਼ੌਜੀ ਦਾ ਹੈਲਮਟ ਗੁਆਚ ਗਿਆ ਸੀ ਜਿਸ ਪਾਰੋਂ ਉਹ ਵਾਰ-ਵਾਰ ਲਾਰੀ ਤੋਂ ਉਤਰੇ ਤੇ ਚੜ੍ਹੇ ਪਿਆ।ਜੇ ਫ਼ੌਜੀ ਦਾ ਹੈਲਮਟ ਨਾ ਲੱਭਾ ਤਾਂ ਉਸ ਨੂੰ ਡਨ ਟਾਰਨਾ ਪੈਣਾ ਸੀ।ਫ਼ੌਜੀਆਂ ਦੀ ਕੋਈ ਸ਼ੈਅ ਗੁਆਚ ਨਹੀਂ ਸਕਦੀ।ਉਹ ਵਿਚਾਰ ਬੌਂਤਰਿਆ ਸਾਰੀ ਲਾਰੀ ਗਾਂਹਦਾ ਪਿਆ ਸੀ ਤੇ ਉਹਦੇ ਨਾਲ ਦੇ ਬੇਲੀ ਦੇ ਉਸ ਨਾਲ ਹਾਸਾ ਠੱਠਾ ਕਰੀ ਜਾਂਦੇ ਸਨ ।ਅਖ਼ੀਰ ਉਸ ਪਤਾ ਨਹੀਂ ਕਿਥੋਂ ਆਪਣਾ ਹੈਲਮਟ ਲੱਭਿਆ ਤੇ ਲਾਰੀ ਤੁਰ ਪਈ।

ਮੈਨੂੰ ਉਹ ਅਜੇ ਤੀਕ ਨਜ਼ਰੀਂ ਨਹੀਂ ਸੀ ਪੈਂਦਾ ਪਿਆ।ਅਖ਼ੀਰ ਮੈਂ ਉਸ ਨੂੰ ਵੇਖ ਈ ਲਿਆ।ਉਹ ਮੇਰੀ ਬਾਰੀ ਤੋਂ ਕੁਝ ਪਰਾਂਹ ਈ ਖਲੋਤਾ ਹੋਇਆ ਸੀ ਤੇ ਮੇਰੇ ਵੱਲ ਖ਼ਵਰੇ ਕੱਦ ਤੋਂ ਤੱਕਦਾ ਪਿਆ ਸੀ।ਅਨ੍ਹੇਰੇ ਵਿਚ ਉਸ ਦੀਆਂ ਅੱਖਾਂ ਲਿਸ਼ਕਦੀਆਂ ਪਈਆਂ ਸਨ ਤੇ ਬਾਲਾਂ ਜਿਹੀ ਮੁਸਕਾਨ ਉਸ ਮੁੱਖ ਉਤੇ ਸੀ। ਅਖ਼ੀਰ ਸਾਡੀਆਂ ਅੱਖਾਂ ਮਿਲੀਆਂ ਤੇ ਝੱਟ ਲਈ ਇਕ -ਮਿਕ ਹੋ ਗਈਆਂ।

**e_mail:kitab.trinjan@gmail.com**

ਕਹਾਣੀ

# ਸੇਵਾ

## ਹਰਪ੍ਰੀਤ ਸਿੰਘ ਚਨੂੰ



ਧਰਮ ਪੁਰ ਪਿੰਡ ਦਾ ਗੁਲਾਬੀ ਕੰਧਾਂ ਦੀ ਵੱਡ੍ਹੀ ਵਲਗਣ 'ਚ ਘਿਰਿਆ, ਸ਼ਾਂਤੀ ਤੇ ਸਕੂਨ ਦਾ ਮੁਜੱਸਮਾ ਵਾਟਰ ਵਰਕਸ। ਨਿਰਮਲ ਪਾਣੀ ਦੀਆਂ ਡਿੱਗੀਆਂ – ਅਸਮਾਨ ਛੂੰਹਦੀ ਟੈਂਕੀ... ਗੁਲਾਬੀ ਗੋਲਦਾਇਰਿਆਂ ਵਿੱਚ ਥਾਂ ਪੁਰ ਥਾਂ ਫਿਲਟਰਾਂ ਵਾਲੇ ਖੂਹ, ਪੰਪ ਮੋਟਰਾਂ ਵਾਲਾ ਧਰਤੀ 'ਚ ਨੀਵਾਂ ਬਣਿਆ, ਸ਼ੀਸ਼ੇ ਦੇ ਦਰਵਾਜ਼ਿਆਂ ਖਿੜਕੀਆਂ ਵਾਲਾ ਕਮਰਾ... ਏਰੀਅਲ ਦੀਆਂ ਹਰੀਆਂ ਕਚੂਰ ਵਾੜਾਂ... ਗੁਲਾਬ, ਗੇਂਦੇ ਦੇ ਫੁੱਲਾਂ ਦੀਆਂ ਕਿਆਰੀਆਂ। ਟਾਹਲੀਆਂ, ਧਰੇਕਾਂ, ਤੂਤਾਂ, ਗੁਲਮੋਹਰ ਤੇ ਅਮਲਤਾਸ ਦੇ ਦਰਖ਼ਤਾਂ ਦੀ, ਵਸਾਖ ਦੇ ਮਹੀਨੇ ਬੇਸ਼ੁਮਾਰ ਹਰਿਆਵਲ... ਕਾਲਜੇ ਨੂੰ ਠੰਡ ਪੈਂਦੀ... ਸ਼ਾਂਤੀ ਤੇ ਸਕੂਨ ਦਾ ਰਾਜ।

ਵਾਟਰ ਵਰਕਸ ਦੇ ਚੜ੍ਹਦੇ ਵਾਲੇ ਪਾਸੇ, ਮੁਰੱਬੇਬੰਦੀ ਵੇਲੇ ਗਰੀਬਾਂ ਤੇ ਬੇਜ਼ਮੀਨਿਆਂ ਨੂੰ ਵਸੋਂ ਲਈ ਮਿਲੇ ਪੰਜ ਪੰਜ ਮਰਲਿਆਂ ਦੇ ਪਲਾਟਾਂ 'ਚ ਉਘੜ-ਦੁਘੜੇ ਬਣੇ ਘਰਾਂ ਦੀ ਪਾਲ। ਕਿਸੇ ਦਾ ਛਤਾਣ ਗਲੀ ਦੇ ਉੱਤੇ ਤੇ ਵਿਹੜਾ ਪਿੱਛੇ... ਕਿਸੇ ਦਾ ਵਿਹੜਾ ਅੱਗੇ ਤੇ ਸਵ੍ਹਾਤ ਬਰਾਂਡਾ ਪਿੱਛੇ...। ਨਾਂਅ ਵਜਦਾ ਸੀ ਵਾਟਰ ਵਰਕਸ ਵਾਲੀ ਬਸਤੀ।

ਇਨ੍ਹਾਂ 'ਚੋਂ ਇੱਕ ਘਰ ਪੱਕਾ ਵੀ ਤੇ ਕੁਛ ਵਿਉਂਤ ਕੇ ਬਣਿਆ ਹੋਇਆ ਵੀ। ਗਲੀ ਉੱਤੇ ਵਿਚਕਾਰ ਛੋਟੀ ਜਿਹੀ ਗੈਲਰੀ ਤੇ ਦੋਹੇਂ ਪਾਸੇ ਦੋ ਛੋਟੀਆਂ ਬੈਠਕਾਂ।ਮਗਰਲੀ ਕੰਧ ਨਾਲ ਇੱਕ ਕਮਰਾ ਤੇ ਪਾਸੇ ਦੀ ਕੰਧ 'ਤੇ ਕਮਰੇ ਨਾਲ ਲਗਦੀ ਰਸੋਈ, ਚੁੱਲ੍ਹਾ-ਚੌਂਕਾ ਤੇ ਦੂਜੇ ਪਾਸੇ ਦੀ ਕੰਧ ਨਾਲ ਇੱਕ ਪਸ਼ੂਆਂ ਦਾ ਛਤੜਾ ਤੇ ਗੁਸਲਖਾਨਾ ਆਦਿ। ਵਿਹੜੇ ਵਿੱਚ ਪਾਣੀ ਦੀ ਟੂਟੀ ਤੇ ਗੁਸਲਖਾਨੇ 'ਤੇ ਪਲਾਸਟਿਕ ਦੀ ਛੋਟੀ ਜਿਹੀ ਟੈਂਕੀ, ਜਿਸ ਵਿੱਚੋਂ ਪਾਣੀ ਲੀਕ ਹੋ ਕੇ ਥੱਲੇ ਚਿੱਕੜ ਕਰੀ ਰਖਦਾ ਸੀ। ਗਲੀ ਵਾਲੀ ਇੱਕ ਬੈਠਕ ਦੀਆਂ ਬਾਰੀਆਂ ਵਿੱਚੋਂ ਵਾਟਰ ਵਰਕਸ ਤੇ ਪਿੰਡ ਦਾ ਨਜ਼ਾਰਾ ਦਿਸਦਾ ਸੀ। ਇਹ ਘਰ ਸੀ ਜਿਸ ਦਾ, ਬਚਪਨ ਤੋਂ ਹੀ ਉਹਦਾ ਨਾਂਅ ਨਾ ਘਣੀਆਂ – ਨਾ ਘੰਨਾ – ਨਾ ਘੰਨੀ – ਬਸ ਪੂਰਾ ਘਣ ਸਿਹੁੰ ਹੀ ਪੱਕ ਗਿਆ ਸੀ।

ਨਾਂਅ ਤਾਂ ਘਣ ਸਿਹੁੰ ਪਰ ਵਿਤ ਵਜੂਦ ਹਥੌੜੇ ਦਾ... ਨਿਹਚਾ ਤੇ ਹਿੰਮਤ ਗਿਰਮਟ ਵਰਮੇ ਵਰਗੀ... ਗਿਰਮਟ ਜਿਵੇਂ ਗੱਡੇ ਦੇ ਪਹੀਏ ਦੀ ਨਾਭ੍ਹ ਵਿੱਚੋਂ ਸੱਲ – ਸੁਰਾਖ ਮਾਰ ਕੇ ਪਾਰ ਹੋ ਜਾਂਦਾ ਐ, ਓਵੇਂ ਕੋਈ ਕੰਮ ਘਣ ਸਿਹੁੰ ਅੱਗੇ ਅਜੇ ਤੱਕ ਅੜਿੱਕਾ ਬਣ ਕੇ ਨਹੀਂ ਖੜ੍ਹਿਆ ਸੀ।

ਮਸਾਂ ਸਾਢੇ ਕੁ ਪੰਜ ਫੁੱਟ ਕੱਦ, ਧੁੱਪਾਂ ਹਨੇਰੀਆਂ 'ਚ ਝੁਲਸਿਆ ਰੰਗ, ਹੜਬਾਂ ਕੋਲੋਂ ਚੌੜਾ ਤੇ ਜ਼ਰਾ ਕੁ ਧੌਣ ਟੇਢੀ ਰੱਖਣ ਕਰਕੇ, ਤਿੱਖੀ ਠੋਡੀ ਵੀ ਟੇਢੀ ਲਗਦੀ ਵਾਲਾ ਚਿਹਰਾ। ਠੋਡੀ ਉੱਤੇ ਹਲਕੀ ਜਿਹੀ ਦਾਹੜੀ ਤੇ ਤਿੱਖੀਆਂ ਮੁੱਛਾਂ... ਛਾਂਟਵਾਂ ਗਠੀਲਾ ਸਰੀਰ। ਖੇਡਣ-ਪੜ੍ਹਣ ਤੋਂ ਵਿਰਵੇ ਬਚਪਨ ਕਰਦੇ ... ਮਾਲ ਡੰਗਰ-ਇੱਜੜਾਂ-ਵੱਗਾਂ ਪਿੱਛੇ ਭੱਜਣ ਨੱਸਣ ਕਰਕੇ, ਕਮਾਨ ਵਰਗੀਆਂ ਮਜ਼ਬੂਤ ਲੱਤਾਂ, ਅੱਟਣਾਂ ਵਾਲੇ ਹੱਥ -ਪਰ ਲਿਸ਼ਕਦੀਆਂ ਕਾਲੀਆਂ ਅੱਖਾਂ ਵਿੱਚ ਦੁਨੀਆਦਾਰੀ ਨੂੰ ਪੜ੍ਹਣ-ਸਮਝਣ ਦੀ ਜੋਤ ਸੀ।

ਪਹੁ ਫੁਟ ਪਈ ਸੀ, ਪਰ ਸੂਰਜ ਨਿਕਲਣ ਵਿੱਚ ਅਜੇ ਕੁਝ ਦੇਰ ਸੀ। ਅਜੇ ਘਣ ਸਿਹੁੰ ਬੈਠਕ ਵਿੱਚ, ਆਪਣੇ ਅਧਰੰਗ ਦੇ ਮਾਰੇ ਸਰੀਰ ਨਾਲ, ਕੇਸਮਿੰਟ ਦੀ ਫੁੱਲਾਂ ਨਾਲ ਕੱਢੀ, ਬਿਸਤਰੇ 'ਤੇ ਵਿਛੀ ਚਾਦਰ ਉੱਤੇ, ਜਿਹੜਾ, ਇਕਹਿਰੇ ਪਲਾਈ ਵਾਲੇ ਬੈੱਡ ਉੱਤੇ ਵਿਛਿਆ ਸੀ; ਪਿਆ ਕਦੇ ਟਾਇਲਾਂ ਬੱਤਿਆਂ ਦੀ ਛੱਤ

ਨਾਲ ਲਟਕਦੇ ਨਸਵਾਰੀ ਰੰਗ ਦੇ ਪੱਖੇ ਵੱਲ, ਕਦੇ ਪੈਂਦ ਵਾਲੇ ਪਾਸੇ ਪਏ – ਪਾਈਪ ਦੇ ਚੌਖਟ ਨੁਮਾ ਵਾਕਰ ਵੱਲ ਜਿਹੜਾ ਉਹਦੀ ਨਿੱਤਾਪ੍ਰਤੀ ਸਰੀਰਕ ਕ੍ਰਿਆ ਨਿਬੇੜਣ ਜਾਂ ਬੈਠਕ ਦੀ ਬਾਰੀ ਕੋਲ ਜਾ ਕੇ ਖੜ੍ਹਣ ਦਾ ਸਾਥੀ ਸੀ ਵੱਲ ਵੇਖੀ ਜਾਂਦਾ ਸੀ। ਕਦੇ ਕਦਾਈਂ ਖਿੜਕੀ ਵਿੱਚੋਂ ਵਾਟਰ ਵਰਕਸ ਦੇ ਦਰਖ਼ਤਾਂ ਵਿੱਚ ਜਨੌਰਾਂ ਦੇ ਜਾਗਣ ਦੀ ਚਿਚ-ਚਿਚਲਾਟ ਸੁਣ ਲੈਂਦਾ ਸੀ। ਜਦੋਂ ਅੰਮ੍ਰਿਤ ਵੇਲੇ ਦੀ ਅਰਦਾਸ ਪਿੱਛੋਂ ਗੁਰਦਵਾਰੇ ਵਿੱਚੋਂ ਅਨਾਊਂਸਮੈਂਟ ਹੋਈ ਤਾਂ ਓਹਦੇ ਕੰਨ ਖੜ੍ਹੇ ਹੋ ਗਏ।



'ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ... ਸਮੂਹ ਨਗਰ ਨਿਵਾਸੀਆਂ ਨੂੰ ਸੂਚਨਾ ਦਿੱਤੀ ਜਾਂਦੀ ਹੈ... ਕਿ ਅੱਜ ਗੁਰਦਵਾਰਾ ਕਲਗੀਧਰ ਸਾਹਿਬ ਪਾਤਸ਼ਾਹੀ ਦਸਵੀਂ ਦੇ ਗੁੰਬਦ ਦੀ ਸੇਵਾ ਦਾ ਮਹਾਨ ਕਾਰਜ ਪ੍ਰਾਰੰਭ ਹੋ ਰਿਹਾ ਹੈ। ਸਤਿਗੁਰਾਂ ਦੀ ਮੇਹਰ ਸਦਕਾ ਚਿਰਾਂ ਤੋਂ ਪਏ ਅਧੂਰੇ ਕਾਰਜ ਦੀ ਆਰੰਭਤਾ ਦੀ ਸੇਵਾ ਸਵੇਰੇ ਦਸ ਵਜੇ ਸ਼ੁਰੂ ਹੋਵੇਗੀ। ਸੰਗਤ ਨੂੰ ਬੇਨਤੀ ਹੈ ਕਿ ਇਸ ਪਵਿੱਤਰ ਕਾਰਜ ਵਿੱਚ ਤਨ, ਮਨ, ਧਨ ਨਾਲ ਯਥਾ ਯੋਗ ਹਿਸਾ ਪਾਇਆ ਜਾਵੇ ਤਾਂ ਕਿ ਕਾਰਜ ਦੀ ਸੰਪੂਰਨਤਾ ਹੋਵੇ ਜੀ। ਹਰ ਮਾਈ ਭਾਈ ਇਸ ਸੇਵਾ ਵਿੱਚ ਆਪਣੇ ਕੰਮਾਂ ਕਾਰਾਂ ਵਿੱਚੋਂ ਸਮਾਂ ਕੱਢ ਕੇ ਵਡਮੁੱਲਾ ਹਿਸਾ ਪਾਉਣ ਅਤੇ ਗੁਰੂ ਘਰ ਦੀਆਂ ਬਖਸ਼ਿਸ਼ਾਂ-ਖ਼ੁਸ਼ੀਆਂ ਪ੍ਰਾਪਤ ਕਰਨ। ਦੁਬਾਰਾ ਫੇਰ ਸੂਚਨਾ...।' ਅਖੀਰ 'ਚ ਸਾਧ ਸੰਗਤ ਜੀ ਜੋ ਗੱਲ ਰਹਿ ਗਈ ਸੀ, ਉਸ ਬਾਰੇ ਬੇਨਤੀ ਹੈ ਕਿ ਦਸ ਵਜੇ ਕਾਰਜ ਦੀ ਆਰੰਭਤਾ ਦੀ ਅਰਦਾਸ ਪਿੱਛੋਂ ਦੁੱਧ ਅਤੇ ਜਲੇਬੀਆਂ ਦਾ ਲੰਗਰ ਅਟੁੱਟ ਵਰਤੇਗਾ – ਸੋ ਲੰਗਰ ਦੀ ਸੇਵਾ ਵਿੱਚ ਵੀ ਸ਼ਾਮਲ ਹੋਣਾ ਜੀ। ... ਵਾਹਿਗੁਰੂ ਜੀ ਕਾ... ਖਾਲਸਾ... ਫਤਹਿ...।

ਘਣ ਸਿਹੁੰ ਨੇ ਜ਼ੋਰ ਲਾ ਕੇ ਪਾਸਾ ਵੱਟਿਆ ਤੇ ਬੈਠਕ ਦੀ ਸੱਜੇ ਹੱਥ ਵਾਲੀ ਬਾਰੀ ਵਿੱਚੋਂ ਦਿਸਦੇ ਨਿਸ਼ਾਨ ਸਾਹਬ ਵੱਲ, ਆਪਣੇ ਚਲਦੇ ਇੱਕ ਹੱਥ ਨੂੰ ਮੱਥੇ ਨਾਲ ਲਾ ਕੇ ਨਤ-ਮਸਤਕ ਹੋਇਆ। 'ਸ਼ੁਕਰ ਹੈ ਸੱਚੇ ਪਾਤਸ਼ਾਹ ਤੇਰਾ, ਬਹੁਤ ਚਿਰ ਹੋ ਗਿਆ ਸੀ; ਗੁਰੂ ਘਰ ਦੀ ਇਮਾਰਤ ਬਣੀ ਨੂੰ, ਪਰ ਗੁੰਬਦ ਬਿਨਾਂ ਕਾਹਦੀ ਸ਼ਾਨ ਸੀ। ਹੁਣ ਮਾਹਰਾਜ ਜਦੋਂ ਇਹ ਕਾਰਜ ਪੂਰਾ ਹੋ ਗਿਆ, ਫੇਰ ਤਾਂ ਨਹਿਰ ਵਾਲੇ ਉੱਚੇ ਪੁਲਾਂ ਕੋਲੋਂ ਗੁਰੂ-ਘਰ ਸਾਮਰਤੱਖ ਦਿਸਿਆ ਕਰੂ।' ... ਫੇਰ ਉਹਨੇ ਆਵਦੇ ਸਿਰਹਾਣੇ ਥੱਲਿਓਂ ਘਸਿਆ ਜਿਹਾ ਬਟੂਆ ਕੱਢ ਕੇ ਫਰੋਲਿਆ, ਜਿਸ ਵਿੱਚ ਇੱਕ ਪੰਜਾਹਾਂ ਦਾ ਤੇ ਕੁਛ ਦਸ-ਵੀਹ ਦੇ ਨੋਟ ਸਨ। '...ਚਲੋ ਯਥਾ ਸ਼ਕਤੀ...।'

"ਬਾਪੂ ਦੁੱਧ ਤੇ ਦਲੀਆ ਮੈਂ ਆਹ ਟਾਨ੍ਹ ਉੱਤੇ ਰੱਖ ਦਿੱਤਾ ਐ... ਜੇ ਹੁਣੇ ਖਾਣਾ ਐਂ ਤਾਂ ਮੈਂ ਖਵਾ ਦਿੰਦੀ ਹਾਂ... ਜੇ ਠਹਿਰਨਾ ਹੈ ਤਾਂ ਸਾਹਿਬੇ ਦਾ ਭਾਪਾ, ਜਦੋਂ ਪੱਠੇ ਲੈ ਕੇ ਮੁੜਿਆ, ਓਦੋਂ ਖਵਾ ਦੇਊਗਾ... ਮੈਂ ਤਿਆਰ ਹੋ ਕੇ, ਆਂਗਣ-ਵਾੜੀ ਸੈਂਟਰ ਜਾ ਕੇ ਜਵਾਕਾਂ ਦਾ ਮਿਡ-ਡੇ-ਮੀਲ ਤਿਆਰ ਕਰਨਾ ਹੈ।" ਆਖ ਕੇ ਘਣ ਸਿਹੁੰ ਦੀ ਧੀ ਮਿੰਦ੍ਹੋ ਉਸ ਦਾ ਜਵਾਬ-ਸੁਰ ਬਿੰਦ ਕੁ ਉਡੀਕਦੀ ਰਹੀ।

"ਕੋਈ ਨ੍ਹੀਂ ਪੁੱਤ ਆ ਜਾਣ ਦੇ ਗੁਰਨੈਬ ਸੇਂਅ ਨੂੰ... ਮੈਂ ਉਸ ਕੋਲੋਂ ਖਾ ਲਊਂਗਾ... ਨਾਲੇ ਉਹਦੇ ਨਾਲ ਗੱਲ ਵੀ ਕਰ ਲਊਂਗਾ... ਬਈ ਆਹ ਗੁਰੂ ਘਰੋਂ ਲੌਂਸਮੈਂਟ ਹੋਈ ਐ। ... ਸੇਵਾ ਦੀ, ਪੁੱਛੂੰਗਾ ਬਈ ਕਿਵੇਂ ਕਰਨਾ ਹੈ... ਜਾਹ ਪੁੱਤ ਤੂੰ ਲੇਟ ਨਾ ਹੋ...।"

"...ਚੰਗਾ ਬਾਪੂ ਜਿਵੇਂ ਤੇਰੀ ਮਰਜ਼ੀ।" ਆਖ ਕੇ ਮਿੰਦ੍ਹੋ ਬਾਹਰ ਚਲੀ ਗਈ।

ਸਾਈਕਲ ਦੀ ਘੰਟੀ ਦੀ ਟਨ-ਟਨ ਨਾਲ ਘਣ ਸਿੰਘ ਦੀ ਬਿਰਤੀ ਟੁੱਟੀ ਤੇ ਉਸ ਨੇ ਵੇਖਿਆ, ਬਈ ਗੁਰਨੈਬ ਸਾਇਕਲ 'ਤੇ ਪੱਠੇ ਲੱਦੀ ਗੈਲਰੀ ਵਿੱਚੋਂ ਦੀ ਪਸ਼ੂਆਂ ਵਾਲੇ ਛਤੜੇ ਵੱਲ ਨਿਕਲ ਗਿਆ।

..."ਪੁੱਤ ਨੈਬ ਸਿਆਂ... ਹਾਅ ਪੱਠੇ ਕੁਤਰੇ ਵਾਲੀ ਮਸ਼ੀਨ ਕੋਲ ਸੁੱਟ ਕੇ ਮੇਰੇ ਕੋਲ ਆਈਂ 'ਕੇਰਾਂ... ਤੇਰੇ ਨਾਲ ਜ਼ਰੂਰੀ ਸਲਾਹ ਕਰਨੀ ਐਂ...।"

"ਆਉਂਦਾਂ ਬਾਪੂ... ਮੂੰਹ ਹੱਥ ਧੋ ਲਵਾਂ, ਤੇਰੀ ਵੀ ਸੁਣ ਲੈਨਾ, ਥੋੜ੍ਹਾ ਜਿਹਾ ਸਬਰ ਕਰ...।"

" ...ਕੋਈ ਨ੍ਹੀਂ ਪੁੱਤ, ਮੂੰਹ ਹੱਥ ਕਿਉਂ ਭਾਵੇਂ ਨ੍ਹਾ-ਧੋ, ਕੇਸੀਂ ਅਸ਼ਨਾਨ ਵੀ ਕਰ ਲੈ...। ਮੈਥੋਂ ਉਂਈ ਕਾਹਲ ਜ੍ਹੀ ਹੋਗੀ।" ਫੇਰ ਮਨ 'ਚ ਸੋਚਿਆ ... "ਹੈ ਤਾਂ ਜਵਾਈ ਭਾਈ... ਜੇ ਮੰਨ ਗਿਆ ਤਾਂ...।"

ਬੈਠਕ ਵਿੱਚ ਆ ਕੇ ਨੈਬ ਸਿੰਘ ਨੇ ਕਿਹਾ,..."ਲੈ ਬਾਪੂ ਤੂੰ ਕੇਰਾਂ ਦੁੱਧ-ਦਲੀਆ ਛਕ... ਸਾਹਬਾ ਸਕੂਲ ਵਾਸਤੇ ਤਿਆਰ ਹੋਈ ਜਾਂਦਾ ਐ- ਮੈਂ ਓਹਨੂੰ ਤੋਰ ਕੇ ਕੰਮ ਉੱਤੇ ਵੀ ਜਾਣੈ...। ਛੀ-ਸੱਤ ਕਿਲੋਮੀਟਰ ਵਾਟ ਵੀ ਐ...।"

..."ਏਹ ਤਾਂ ਮੈਂ ਛਕ ਲੈਂਦਾ ਹਾਂ... ਪਰ ਤੂੰ ਮੇਰੀ ਗੱਲ ਵੱਲ ਧਿਆਨ ਕਰ ਸ਼ੇਰਾ... ਗੁਰੂ-ਘਰ ਦੀ ਲੌਂਸਮੈਂਟ ਤੂੰ ਵੀ ਸੁਣੀ ਹੋਣੀ ਐ।... ਵੇਖ ਬੱਚਾ ਜਦੋਂ ਗੁਰੂ-ਘਰ ਦੀ ਉਸਾਰੀ ਲੱਗੀ ਸੀ... ਮੈਂ ਤਨੋ-ਮਨੋ ਸੇਵਾ ਕੀਤੀ ਸੀ ...ਨਿਉਂ ਰੱਖਣ ਤੋਂ ਲੈ ਕੇ ਹਾਲ ਮੁਕੰਮਲ ਹੋਣ ਤੱਕ...। ਗਰੀਬ ਗੁਰਬੇ ਨੇ ਪੁੱਤ ਕੰਮ ਤਾਂ ਕਰਨਾ ਹੀ ਹੁੰਦਾ ਐ...ਓਥੇ ਥੋਹੜੀ ਬਹੁਤੀ ਦਿਹਾੜੀ ਵੀ ਮਿਲਦੀ ਐ...ਲੰਗਰ ਪ੍ਰਛਾਦਾ ਖੁੱਲ੍ਹਾ ਤੇ ਨਾਲ ਸੇਵਾ ਦਾ ਮੇਵਾ ਵੀ ਮਾਹਰਾਜ ਵੱਖਰਾ ਦਿੰਦਾ... ਥੱਕ ਹਾਰ ਕੇ ਵੀ ਪ੍ਰਸੰਨ ਚਿੱਤ ਘਰੇ ਮੁੜੀ ਦਾ ਸੀ।... ਤੂੰ ਪੁੱਤ ਇੱਕ ਤਾਂ ਆਹ ਮੇਰੇ ਬਟੂਏ ਵਿੱਚੋਂ ਕੁਛ ਪੈਸੇ ਲੈ ਜਾਅ...ਨਾਲੇ ਤਾਂ ਮਾਇਆ ਦਾ ਹਿੱਸਾ ਪਾ ਆ ਤੇ ਨਾਲੇ ਕੁਛ ਦਿਨ ਸੇਵਾ ਕਰ ਲੈ...ਵੇਖ ਮੈਂ ਤਾਂ ਹੁਣ ਆਹਰੀ ਹੋਇਆ ਪਿਆ ਹਾਂ...ਨ੍ਹੀਂ ਮੈਂ ਤੈਨੂੰ ਐਨੀ ਗੱਲ ਕਹਿਣੀ ਨ੍ਹੀਂ ਸੀ। ...ਚੱਲ ਜੇ ਬੱਠਲ ਨਾ ਚੱਕਿਆ ਜਾਂਦਾ ਤਾਂ ਰੁੜ ਖੁੜ ਕੇ ਭਾਂਡੇ ਮਾਂਜਣ ਦੀ ਸੇਵਾ ਹੀ ਕਰ ਲੈਂਦਾ...ਪਰ ਹੁਣ ਤਾਂ...।" ਤੇ ਘਣ ਸਿੰਘ ਦੀਆਂ ਅੱਖਾਂ ਵਿੱਚੋਂ ਲਾਚਾਰੀ ਤੇ ਬੇਬਸੀ ਦੀ ਝਲਕ ਮੂਧੇ ਮੂੰਹ ਡਿੱਗ ਪਈ।

ਖੁਆਉਣ-ਪਿਆਉਣ ਪਿੱਛੋਂ ਗੁਰਨੈਬ ਨੇ ਦੋਹਾਂ ਹੱਥਾਂ ਨਾਲ ਆਵਦੀ ਪੱਗ ਸਵਾਰੀ-ਦਾਹੜੀ ਮੁੱਛਾਂ 'ਤੇ ਹੱਥ ਫੇਰਿਆ ਤੇ ਠਰੰਮੇ ਨਾਲ ਬੋਲਿਆ, ..."ਵੇਖ ਬਾਪੂ ਸੇਵਾ ਤਾਂ ਚੱਲੂ ਬਥੇਰਾ ਚਿਰ ...ਸੁਣਿਆ ਐਂ ਕਿ ਅਠਾਰਾਂ ਵੀਹ ਲੱਖ ਦਾ ਬਜਟ ਐ...ਕਈ ਮਹੀਨੇ ਲੱਗਣਗੇ ਕੰਮ ਨੇਪਰੇ ਚੜ੍ਹਣ ਨੂੰ...। ਰਹੀ ਮੇਰੀ ਗੱਲ...ਵੇਖ ਜਿਹੜਾ ਚੌਥੇ ਮੇਰੇ ਨਾਲ ਕੰਮਪੋਡਰ ਆਇਆ ਸੀ ਤੇਰੇ ਖ਼ੂਨ ਦਾ ਨਮੂਨਾ ਲੈਣ...ਬਈ ਕਿੰਨ੍ਹਾ ਕੁ ਗਾਹੜਾ ਹੈ ਜਾਂ ਹੋਰ ਵੀ ਕੋਈ ਕੁਛ... ਓਹਦੀ ਮਿਲਣੀ ਹੈ ਅੱਜ ਰਿਪੋਰਟ, ਨਾਲੇ ਮਿਸ਼ਨਰੀ ਭਵਨ ਦੀ ਉਸਾਰੀ ਵਿੱਚ ਮੇਰੀ ਐ ਮਹੀਨਾ-ਵਾਰ ਪੱਕੀ ਦਿਹਾੜੀ... ਤੇ ਨਾਲੇ ਆਹ ਜਿਹੜੇ ਦਵਾਈਆਂ ਦੇ ਪੱਤੇ ਤੈਨੂੰ ਲਿਆ ਕੇ ਦਿੰਦਾ ਹਾਂ ਇਹ ਓਥੋਂ ਅੱਧ ਮੁੱਲ 'ਚ ਮਿਲਦੇ ਐ ਤੇ ਖ਼ੂਨ ਦੇ ਟੈਸਟ ਵੀ ਨਾਂ-ਮਾਤਰ ਫੀਸ ਨਾਲ ਹੁੰਦੇ ਐ। ਮੈਂ ਹੁਣ ਓਥੋਂ ਇੱਕਦਮ ਗੈਰਹਾਜਰ ਨ੍ਹੀਂ ਹੋ ਸਕਦਾ... ਰਹੀ ਗੱਲ ਸੇਵਾ ਦੀ ...ਉਹ ਤੂੰ ਬਾਪੂ ਬਥੇਰੀ ਕੀਤੀ ਹੈ ...ਮਾਇਆ ਦੀ ਸੇਵਾ ਜੇ ਕਰਨੀ ਹੈ ਤਾਂ ਉਹ ਪਰਚੀ ਕਟਵਾ ਲਿਆਊਂਗਾ ... ਤੇ ਮੇਵਾ...।" ਬੈਠਕ 'ਚੋਂ ਬਾਹਰ ਨਿਕਲਦੇ ਨੈਬ ਨੇ ਮੂੰਹ 'ਚ ਕਿਹਾ " ...ਮੇਵਾ, ਉਹ ਤਾਂ ਭਾਈ ਕੰਮ ਕਰਨ ਦਾ ਐ...ਤੂੰ ਆਪ ਹੀ ਆਵਦੀ ਅੱਖੀਂ ਵੇਖ ਲੈਅ...।"

..."ਸਹੁਰਾ ...ਜੁਆਈ ਹੀ ਨਿਕਲਿਆ ਨਾ...।" ਹੌਕਾ ਲੈ ਕੇ ਘਣ ਸਿੰਘ ਸੋਫ਼ੀ ਵੱਟ ਗਿਆ " ...ਕੀ ਪਤਾ ਜੇ ਆਵਦਾ ਮੁੰਡਾ ਬਚਿਆ ਹੁੰਦਾ...ਖੌਰੇ ਏਦੂੰ ਵੀ ਕੱਬਾ ਬੋਲਦਾ...।"

ਗੁਰਨੈਬ ਰੋਟੀ ਵਾਲਾ ਟਿਫ਼ਨ-ਥੈਲਾ ਸਾਇਕਲ ਦੀ ਟੋਕਰੀ ਵਿੱਚ ਰੱਖ ਕੇ ਟੱਲੀ ਮਾਰਦਾ ਬਾਹਰ ਗਲੀ 'ਚ ਆਪਣੇ ਕੰਮ ਉੱਤੇ ਨਿਕਲ ਗਿਆ।

ਸੂਰਜ ਉੱਚਾ ਚੜ੍ਹ ਆਇਆ ਸੀ। ਚੜ੍ਹਦੇ ਵਾਲੇ ਪਾਸੇ ਦੀ ਖੁੱਲ੍ਹੀ ਤਾਕੀ ਵਿੱਚੋਂ ਧੁੱਪ ਦਾ ਲਿਸ਼ਕਾਰਾ ਘਣ

ਸਿਹੁੰ ਦੇ ਬੈੱਡ ਉੱਤੇ ਸਿੱਧਾ ਪੈਂਦਾ ਸੀ। ਬਾਹਰ ਝਾਕਣ ਨਾਲ ਅੱਖਾਂ ਚੁੰਧਿਆ ਜਾਂਦੀਆਂ ਸਨ। ਓਹਨੇ ਹਿੰਮਤ ਕਰਕੇ ਕੋਲ ਪਈ ਤੂਤ ਦੀ ਸੋਟੀ ਨਾਲ ਤਾਕੀ ਭੇੜਣ ਦਾ ਯਤਨ ਕੀਤਾ, ਪਰ ਸੋਟੀ ਛੋਟੀ ਹੋਣ ਕਰਕੇ ਸਫ਼ਲ ਨਾ ਹੋਇਆ। ਲਾਚਾਰੀ ਵੱਸ ਪੂਰੀ ਵਾਹ ਤੇ ਜ਼ੋਰ ਲਾ ਕੇ ਪਾਸਾ ਲਿਆ ਤੇ ਮੂੰਹ ਵਾਟਰ ਵਰਕਸ ਵੱਲ ਦੀ ਖਿੜਕੀ ਵੱਲ ਕਰ ਲਿਆ। ਵਾਟਰ ਵਰਕਸ ਦਾ ਹਰਿਆ-ਭਰਿਆ, ਪਾਣੀ ਨਾਲ ਲਬਰੇਜ਼ ਠੰਡਕ ਦਾ ਅਹਿਸਾਸ, ਮਨ-ਮਸਤਕ ਉੱਤੇ ਛਾ ਗਿਆ।

..."ਵਾਹ ਓਏ ਮੇਰੇ ਮਾਲਕਾ... ਹੁਣ ਤਾਂ ਤਾਕੀ ਵਿੱਚੋਂ ਆਉਂਦੀ ਧੁੱਪ ਵੀ ਨ੍ਹੀਂ ਝੱਲੀ ਜਾਂਦੀ... ਤੇ ਕਦੇ ਦਿਨ ਸਨ ਜਦੋਂ ਜੇਠ-ਹਾੜ੍ਹ ਦੇ ਮਹੀਨਿਆਂ 'ਚ ਬਰਾਨੀ ਖੇਤਾਂ ਵਿੱਚ, ਪੋਹਲੀ ਦੇ ਕੰਡਿਆਂ ਦੀ ਪਰਵਾਹ ਕੀਤੇ ਬਿਨਾਂ – ਮਾਲ ਮਗਰ ਮੋੜੇ ਲਾਉਂਦਿਆਂ ਸਿਖਰ ਦੁਪਹਿਰ ਦਾ ਵੀ ਪਤਾ ਨ੍ਹੀਂ ਲੱਗਦਾ ਸੀ।" ... ਘਣ ਸਿਹੁੰ ਦੀ ਸੋਚ ਵਾਟਰ ਵਰਕਸ ਦੇ ਉੱਤੋਂ ਦੀ ਤਰਦੀ ਹੋਈ ਦੂਰ ਪੰਜਾਹ ਸਾਲ ਪਹਿਲਾਂ ਜਰਨੈਲੀ ਸੜਕ ਨਾਲ ਲਗਦੇ ਬਰਾਨੀ ਖੇਤਾਂ ਵਿੱਚ ਉਤਰ ਗਈ।

ਓਦੋਂ ਜਰਨੈਲੀ ਸੜਕ ਦਾ ਨਹਿਰ ਵਾਲਾ ਉੱਚਾ ਪੁਲ ਬਣ ਰਿਹਾ ਸੀ। ਵੱਡੀ ਮਸ਼ੀਨਰੀ ਦੇ ਨਾਲ-ਨਾਲ ਅਣਗਿਣਤ ਮਜ਼ਦੂਰ – ਗਧੇ, ਖੱਚਰਾਂ ਤੇ ਊਠ ਰੇਹੜੀਆਂ ਮਿੱਟੀ ਦੇ ਕੰਮ ਉੱਤੇ ਲੱਗੇ ਹੋਏ ਸਨ। ਓਹਨਾਂ 'ਚ ਇੱਕ ਰਾਜਸਥਾਨੀ ਓਡਾਂ ਦਾ ਟੱਬਰ ਵੀ ਸ਼ਾਮਲ ਸੀ। ਪੁਲ ਉੱਚਾ ਹੋਣ ਕਰਕੇ, ਬੜੀ ਲੰਬੀ ਢਲਾਨ ਉੱਤੇ ਮਿੱਟੀ ਪਾਉਣ ਦੇ ਕੰਮ ਵਿੱਚ ਉਹਦੀ ਊਠ ਰੇਹੜੀ ਬਹੁਤ ਦਿਨਾਂ ਤੋਂ ਓਥੇ ਸੀ।

ਟੱਬਰ ਵਿੱਚ ਬਿਰਖਾ ਰਾਮ ਓਡ, ਉਹਦੀ ਘਰ ਵਾਲੀ ਸੁਗਨੀ ਬਾਈ, ਇੱਕ ਛੇਅ ਕੁ ਸਾਲ ਦਾ ਪਤੀਲ ਜਿਹਾ ਮੁੰਡਾ, ਇੱਕ ਚੌਂਹ ਸਾਲਾਂ ਦੀ ਕੁੜੀ ਤੇ ਇੱਕ ਕੁੱਛੜ ਵਿੱਚ ਦੁੱਧ ਚੁੰਘਦਾ ਬਾਲ, ਜਿਸ ਨੂੰ ਉਹ 'ਮਹਾਰੋ ਨੇਨੋ ਟਾਬਰੀਓ' ਕਹਿ ਕੇ ਲਡਿਆਉਂਦੇ ਸਨ। ਖਾਲੀ ਰੇਤਲੇ ਬਰਾਨੀ ਖੇਤ ਵਿੱਚ, ਇੱਕ ਹਰੇ ਭਰੇ ਵਣ ਤੇ ਜੰਡੀ ਥੱਲੇ, ਜਿਸ ਨੂੰ ਉਹ ਖੇਜੜੀ ਸੱਦਦੇ ਸਨ; ਓਨ੍ਹਾਂ ਨੇ ਆਪਣਾ ਡੇਰਾ ਜਮਾਇਆ ਹੋਇਆ ਸੀ। ਕਾਲੇ ਪਲਾਸਟਿਕ ਦੇ ਪੰਨੇ ਦੀ ਤਰਪਾਲ ਨਾਲ ਬਣਾਈ ਛੋਟੀ ਜਿਹੀ ਝੌਂਪੜੀ ...ਇੱਕ ਪਾਸੇ ਮਿੱਟੀ ਦੇ ਢੇਲਿਆਂ ਦਾ ਚੁੱਲ੍ਹਾ-ਚੌਂਕਾ, ਪਾਣੀ ਦਾ ਘੜਾ, ਊਠ ਦੇ ਨੀਰੇ ਚਾਰੇ ਦਾ ਬੋਰਾ, ਬੈਠਣ ਸੌਣ ਲਈ ਇੱਕ ਵੱਡਾ ਮੰਜਾ ਤੇ ਇੱਕ ਰੇਹੜੀ ਦਾ ਤਖ਼ਤ, ਜਿਸ ਉੱਤੇ ਬਿਰਖਾ ਸੌਂਦਾ ਸੀ। ਨਿੱਕ ਸੁੱਕ ਝੌਂਪੜੀ ਵਿੱਚ ਸਾਂਭਿਆ ਹੁੰਦਾ, ਜਿਸ ਨੂੰ ਅੱਗੋਂ ਤਰਪਾਲ ਦੇ ਪਰਦੇ ਨਾਲ ਬੰਦ ਕਰਕੇ ਉਸ ਅੱਗੇ ਮੋਹੜੀ ਰੱਖ ਕੇ ਜਿੰਦਾਬੰਦ ਕੀਤਾ ਹੁੰਦਾ। ਓਡ ਤੇ ਓਡਣੀ ਅਲਾਟ ਹੋਏ ਖਤਾਨ ਵਿੱਚੋਂ ਆਪਣੀਆਂ ਖਾਸ ਕਿਸਮ ਦੀਆਂ ਲੰਮੇ ਚੌੜੇ ਪੱਤ ਵਾਲੀਆਂ ਕਹੀਆਂ ਨਾਲ ਮਿੱਟੀ ਪੁੱਟ ਕੇ ਰੇਹੜੀ ਭਰਦੇ... ਬਿਰਖਾ ਰਾਮ ਸੜਕ ਉੱਤੇ ਮਿੱਟੀ ਸੁੱਟਣ ਚਲਿਆ ਜਾਂਦਾ ਤੇ ਸੁਗਨੀ ਬਾਈ ਬਾਲ-ਬੱਚੇ ਕੋਲ ਗੇੜਾ ਮਾਰ ਜਾਂਦੀ।

ਓਹਨਾਂ ਦੇ ਖੇਜੜੀ ਵਾਲੇ ਡੇਰੇ ਤੋਂ ਦੋ ਕੁ ਵਾਹਣਾਂ ਦੀ ਵਿੱਥ ਉੱਤੇ, ਜੌਂਅ ਛੋਲਿਆਂ ਦੇ ਬੇਰੜੇ ਦਾ ਇਕ ਲੰਮਾਂ ਚੌੜਾ ਖੇਤ ਸੀ, ਜਿਸ ਵਿੱਚ ਦੋ ਜੰਡੀਆਂ ਤੇ ਇੱਕ ਬੇਰੀ ਦੀ ਤ੍ਰਿਵੇਣੀ ਸੀ। ਖੁੱਲ੍ਹੀ ਡੁੱਲ੍ਹੀ ਛਾਂਦਾਰ ਜਗ੍ਹਾ। ਵਸਾਖ ਦੇ ਮਹੀਨੇ – ਵਾਢੇ ਬੇਰੜਾ ਵੱਢਦੇ ਸਨ। ਤ੍ਰਿਵੇਣੀ ਦੀ ਛਾਂਵੇਂ, ਖੇਤ ਦੇ ਬਜ਼ੁਰਗ ਮਾਲਕ ਕੋਲੋਂ ਰੋਟੀ-ਚਟਣੀ-ਲੱਸੀ ਖਾਂਦੇ ਪੀਂਦੇ-ਝੱਟ ਅਰਾਮ ਕਰਦੇ, ਫੇਰ ਕੰਮ ਵਿੱਚ ਜੁਟ ਜਾਂਦੇ। ਬਜ਼ੁਰਗ ਕਦੇ ਵੱਢ੍ਹ ਵਿੱਚ ਓਹਨਾਂ ਕੋਲ ਗੇੜਾ ਮਾਰਦਾ ਤੇ ਫੇਰ ਛਾਂਵੇਂ ਆ ਕੇ ਬੈਠ ਜਾਂਦਾ। ਉਹਦੇ ਚਿੱਟੀ ਪੱਗ ਚਿੱਟਾ ਕਮੀਜ਼ ਤੇ ਤੇੜ ਡੱਬੀਆਂ ਵਾਲਾ ਚਾਦਰਾ ਬੰਨ੍ਹਿਆ ਹੁੰਦਾ। ਸਿਰ ਉੱਤੇ ਬਾਰੀਕ ਚਾਰਖਾਨੇ ਦੇ ਮੂਕੇ ਦਾ ਮੜਾਸਾ ਮਾਰਿਆ ਹੁੰਦਾ ਤੇ ਹੱਥ ਵਿੱਚ ਟਕੂਆ ਹੁੰਦਾ। ਜਾਇਦਾਦ, ਭਾਵੇਂ ਖੁੱਲ੍ਹੀ ਸੀ, ਪਰ ਸੁਭਾਅ ਤੇ ਆਦਤ ਵੱਲੋਂ ਨਿਮਰ ਤੇ ਸ਼ਰੀਫ਼ ਬੰਦਾ ਸੀ। ਰੱਜੇ ਪੁੱਜੇ ਜੱਟਾਂ ਵਾਲੀ ਹਉਮੈਂ ਤੋਂ ਕੋਰਾ ਸੀ। ਹਸਮੁੱਖ ਸੀ ਤੇ ਕਾਮਿਆਂ-ਮਿਹਨਤੀਆਂ ਨਾਲ ਰਚ-ਮਿਚ ਜਾਂਦਾ ਸੀ। ਜਦੋਂ ਮੜਾਸਾ ਖੋਲ੍ਹਦਾ ਸੀ ਤਾਂ ਕੰਨਾਂ ਦੀਆਂ ਭਾਰੀਆਂ ਨੱਤੀਆਂ ਤੇ ਸਫ਼ੈਦ ਦਾਹੜੀ ਮੁੱਛਾਂ ਉਸ ਦੇ ਸੁਰਖ ਚਿਹਰੇ ਨੂੰ ਹੋਰ ਸੋਹਣਾ ਬਣਾ ਦਿੰਦੀਆਂ ਸਨ। ਕੋਲ ਹੀ ਉਸ ਦੀ ਚਿੱਟੀ ਘੋੜੀ ਨਾਸਾਂ ਫੁਰ-ਫੁਰਾ

ਕੇ ਕੰਨਾਂ ਦੀਆਂ ਨੋਕਾਂ ਨੂੰ ਮਰੋੜੇ ਦੇਈ ਜਾਂਦੀ ਤੇ ਅੱਗੇ ਸੁੱਟੇ ਬੇਰੜੇ ਦੇ ਥੱਬੇ ਨੂੰ ਮੂੰਹ ਮਾਰੀ ਜਾਂਦੀ।

ਨੇੜੇ ਹੀ ਇੱਕ ਹੋਰ ਬੇਰੀ ਥੱਲੇ, ਘਣ ਸਿਹੁੰ ਦਾ ਬੱਕਰੀਆਂ ਦਾ ਇੱਜੜ ਤੇ ਥੋਹੜੀਆਂ ਜਿਹੀਆਂ ਲੋਕਾਂ ਦੀਆਂ ਨਾਲ ਰਲਾਈਆਂ ਕੱਟੀਆਂ-ਵਹਿੜਾਂ ਦਾ ਵੱਗ ਦੁਪਹਿਰਾ ਕੱਟ ਰਿਹਾ ਹੁੰਦਾ।ਘਣ ਸਿਹੁੰ ਮਾਲ ਨੂੰ ਛੋਟੇ ਪਾਲੀ ਦੇ ਹਵਾਲੇ ਕਰਕੇ ਬਜ਼ੁਰਗ ਦਲੀਪ ਸਿਹੁੰ ਕੋਲ ਪੈਰੀਂ ਹੱਥ ਲਾ ਕੇ ਬੈਠਦਾ-ਲੱਸੀ ਪੀਂਦਾ -ਪਿੰਡ ਦੀਆਂ ਗੱਲਾਂ ਸੁਣਾਉਂਦਾ-ਹਾਸਾ-ਠੱਠਾ ਕਰਦਾ। ਕਈ ਵਾਰੀ ਬਜ਼ੁਰਗ-ਬਚੀ ਹੋਈ ਲੱਸੀ ਤੇ ਰੋਟੀਆਂ ਓਡਾਂ ਨੂੰ ’ਵਾਜ ਮਾਰ ਕੇ ਦੇ ਦਿੰਦਾ। ..."ਓਏ ਪੁੱਤ ਘਣ ਸਿਹਾਂ-ਗਰੀਬ ਪ੍ਰਦੇਸੀ ਐ... ਜੇ ਅੰਨ ਏਹਨਾਂ ਦੇ ਮੂੰਹ ’ਚ ਪਊ, ਕੋਈ ਅਸੀਸ ਹੀ ਦੇਣਗੇ ... ਆਪਾਂ ਤਾਂ ਬੱਚਾ ਹੁਣ ਘਰੇ ਜਾ ਕੇ ਤਾਜੀਆਂ ਛਕਾਂਗੇ।"

"ਸਹੀ ਗੱਲ ਐ ਬਾਬਾ ਜੀ-ਸਿਆਣੇ ਆਖਦੇ ਐ...ਅੰਨ ਪਾਣੀ ਦਾ ਨਿਰਾਦਰ ਨ੍ਹੀਂ ਹੋਣਾ ਚਾਹੀਦਾ, ਕਿਸੇ ਲੋੜਵੰਦ ਦੇ ਕੰਮ ਆਉਣਾ ਚਾਹੀਦਾ ਐ।"

ਇੱਕ ਦਿਨ ਓਡਾਂ ਦਾ ਵੱਡਾ ਮੁੰਡਾ ਚੁੱਪ-ਚਪੀਤਾ ਦੇਸੀ ਬੇਰੀਆਂ ਦੇ ਲਾਲ ਬੇਰ ਖਾਣ ਡੇਰੇ ਤੋਂ ਦੂਰ ਨਿਕਲ ਗਿਆ। ਦੁਪਹਿਰ ਦਾ ਵੇਲਾ, ਕਾਂ-ਅੱਖ ਨਿਕਲਦੀ ਸੀ। ਲਾਲਚੀ ਜੁਆਕ ਨੇ ਬੇਰਾਂ ਨਾਲ ਜੇਬਾਂ ਭਰ ਲਈਆਂ। ਮਿੱਠੇ ਬੇਰ ਖਾ-ਖਾ ਕੇ ਗਲਾ ਖੁਸ਼ਕ ਹੋ ਗਿਆ। ਤ੍ਰੇਹ ਕਰਕੇ ਖੁਸ਼ਕ ਜੀਭ ਤਾਲੂਏ ਨਾਲ ਜਾ ਲੱਗੀ। ਬੇ-ਹਾਲ ਹੋਇਆ ਡੇਰੇ ਵੱਲ ਭੱਜਿਆ। ਪਰ ਪੋਹਲੀ ਦੇ ਕੰਡਿਆਂ ਨਾਲ ਵਿੰਨ੍ਹੇ ਨੰਗੇ ਪੈਰਾਂ ਨੇ ਤੇ ਪਿਆਸ ਨੇ ਪੇਸ਼ ਨਾ ਜਾਣ ਦਿੱਤੀ ਤੇ ਗਸ਼ ਖਾ ਕੇ ਬੇਰੜੇ ਵਿੱਚ ਡਿੱਗ ਪਿਆ।

ਓਹਨੀਂ ਦਿਨੀਂ ਜਵਾਨ ਘਣ ਸਿਹੁੰ, ਪੱਟ ਦੇ ਉਤਲੇ ਮਾਸ ਵਿੱਚ ਬਕਸੂਆ ਲਾ ਕੇ ਮਾਲ ਦਾ ਮੋੜਾ ਲਾਇਆ ਕਰਦਾ ਸੀ। ਜਦੋਂ ਬੇਰੜੇ ਦੇ ਖੇਤ ਵਿੱਚੋਂ ਕੱਟੀ ਭਜਾਉਂਦੇ ਹੋਏ ਓਹਨੇ ਵੇਖਿਆ ਬਈ ਓਡਾਂ ਦਾ ਮੁੰਡਾ ਡਿੱਗਿਆ ਪਿਆ। ਓਹਨੇ ਮਿੰਟ ਦੋ ਮਿੰਟ ਓਹਦੇ ਹੱਥਾਂ ਪੈਰਾਂ ਦੀਆਂ ਤਲੀਆਂ ਝੱਸੀਆਂ ਤੇ ਫੇਰ ਮੋਢੇ ’ਤੇ ਚੱਕ ਕੇ ਤ੍ਰਿਵੇਣੀ ਥੱਲੇ ਬਾਬੇ ਦਲੀਪ ਸਿਹੁੰ ਕੋਲੇ ਲੈ ਆਇਆ।

" ਬਾਬਾ ਜੀ ਔਹ ਡੇਰੇ ਵਾਲੇ ਓਡਾਂ ਦਾ ਮੁੰਡਾ ਐ, ਗਰਮੀ ਕਰਕੇ ਗਸ਼ ਖਾ ਗਿਆ... ਸਾਹ ਤਾਂ ਪੂਰੇ ਚਲਦੇ ਐ, ਹੁਣ ਕਿਵੇਂ ਕਰੀਏ?"

"ਕੋਈ ਨ੍ਹੀਂ ਸ਼ੇਰਾ, ਏਹਦੇ ਮੂੰਹ ਉੱਤੇ ਔਹ ਮੇਰੀ ਲੋਟ ਵਿੱਚੋਂ ਠੰਡਾ ਪਾਣੀ ਲੈ ਕੇ ਛਿੱਟੇ ਮਾਰ-ਨਾਲੇ ਪਾਣੀ ਬੁੱਲ੍ਹਾਂ ਨੂੰ ਲਾ ਦੇ-ਮਾਹਰਾਜ ਭਲੀ ਕਰੂਗਾ।"

ਜਦੋਂ ਘਣ ਸਿਹੁੰ ਨੇ ਇਹ ਕੰਮ ਕੀਤਾ-ਮੁੰਡੇ ਨੇ ਪਾਣੀ ਦੀ ਨਿੱਕੀ ਜਿਹੀ ਘੁੱਟ ਅੰਦਰ ਲੰਘਾ ਕੇ ਅੱਖਾਂ ਪੱਟ ਲਈਆਂ। ਬੱਸ ਫੇਰ ਕੀ ਸੀ ...ਓਹਨੂੰ ਲੱਸੀ ਵਿੱਚ ਟੁੱਕ ਦੀ ਬੁਰਕੀ ਭਿਉਂ ਕੇ ਖਵਾਈ... ਤੇ ਮੁੰਡਾ ਬਚ ਗਿਆ।

ਘਣ ਸਿਹੁੰ ਨੇ ਸਹਾਰੇ ਨਾਲ ਓਹਨੂੰ ਓਡਾਂ ਦੇ ਡੇਰੇ ਅਪੜਾਇਆ ਤੇ ਜਦੋਂ ਸਾਰੀ ਕਥਾ ਵਾਰਤਾ ਸੁਣਾਈ ਤਾਂ ਦੋਵੇਂ ਜੀਅ ਓਹਦੇ ਪੈਰਾਂ ’ਚ ਪੈ ਗਏ ਤੇ ਅੱਖਾਂ ’ਚੋਂ ਪਰਲ-ਪਰਲ ਹਿੰਝਾਂ ਵਹਾਉਣ ਲੱਗੇ।

..."ਹੈਂਅ ਕਮਲੇ ਨਾ ਹੋਣ ਤਾਂ... ਇਹ ਤਾਂ ਮੇਰਾ ਫਰਜ ਬਣਦਾ ਸੀ ਏਹਨੂੰ ਬਚਾਉਣਾ। ਜਾਓ ਔਹ ਬਾਬੇ ਦੇ ਪੈਰੀਂ ਹੱਥ ਲਾਓ...।" ਓਹ ਦੋਵੇਂ ਜੀਅ ਬਜ਼ੁਰਗ ਦਲੀਪ ਸਿਹੁੰ ਕੋਲ ਹੱਥ ਜੋੜ ਕੇ ਪੇਸ਼ ਹੋਏ – ਨਾਲ ਘਣ ਸਿਹੁੰ ਵੀ ਸੀ।

"ਓਹ ਭਾਈ ਮਿਹਰਬਾਨੀ ਤਾਂ ਓਸ ਦਾਤੇ ਦੀ ਐ, ਮੇਰੀ ਕਾਹਦੀ? ਥੋਡਾ ਬੱਚਾ ਬਚਾ ਲਿਆ ਘਣ ਸਿਹੁੰ ਨੇ... ਮੈਂ ਤਾਂ ਵਿਚਾਰੇ ਨੂੰ ਲੱਸੀ-ਪਾਣੀ ਪਿਲਾਇਆ... ਹੋਰ ਕੀ... ।" ਗਾਂਹ ਨੂੰ ਗੌਰ ਕਰਿਆ ਕਰੋ... ਐਂ ਜਵਾਕ ਨੂੰ ਰੋਹੀ ਵਿੱਚ ਕੱਲਿਆਂ ਨ੍ਹੀਂ ਛੱਡਣਾ ਚਾਹੀਦਾ। ...ਯਾਰ ਓਏ ਘਣ ਸਿਆਂ-ਏਹਨਾਂ ਨੂੰ ਬੇਰੜੇ ਦਾ ਤਕੜਾ ਥੱਬਾ ਚੁਕਾ ਦੇ, ਉਠ ਨੂੰ ਪਾ ਦੇਣਗੇ। ਨਾਲੇ ਆਹ ਲੱਸੀ ਰੋਟੀਆਂ ਫੜਾ ਦੇ-ਖਾ ਪੀ ਲੈਣਗੇ...।"

ਬਾਬੇ ਦੇ ਪੈਰੀਂ ਹੱਥ ਲਾ ਕੇ ਦੋਵੇਂ ਤੀਵੀਂ-ਮਾਲਕ ਪ੍ਰਸੰਨ ਚਿੱਤ ਆਵਦੀ ਖੇਜੜੀ ਥੱਲੇ ਆ ਕੇ ਮੁੰਡੇ ਨੂੰ

ਪਲੋਸਣ-ਪਿਆਰ ਕਰਨ ਲੱਗ ਪਏ। ਨਾਲ ਹੀ ਘਣ ਸਿਹੁੰ ਵੀ ਬੇਰੜੇ ਦਾ ਥੱਬਾ ਊਠ ਕੋਲ ਸੁੱਟ ਕੇ ਬੈਠ ਗਿਆ।

ਬਿਰਖਾ ਰਾਮ, ਪੱਕੇ ਰੰਗ ਦਾ, ਚੌੜੇ ਮੂੰਹ ਮੱਥੇ ਤੇ ਮੋਟੇ ਨੱਕ ਬੁੱਲ੍ਹਾਂ, ਵੱਡੀਆਂ ਲਾਲ ਅੱਖਾਂ ਵਾਲਾ, ਮਿਹਨਤ ਨਾਲ ਕਮਾਏ ਹੰਢਾਏ ਸਰੀਰ ਦਾ ਮਾਲਕ ਸੀ। ਉਮਰ ਭਾਵੇਂ ਪੰਜਾਹਾਂ ਤੋਂ ਉੱਤੇ ਸੀ, ਪਰ ਡੌਲੇ ਤੇ ਪਿੰਜਣੀਆਂ-ਪੱਟਾਂ ਦੀਆਂ ਛੱਲੀਆਂ ਵਿੱਚ ਜਾਨ ਸੀ। ਬਿਰਖਾ ਰਾਮ ਦਾ ਸੁਗਨੀ ਨਾਲ ਦੂਜਾ ਵਿਆਹ ਸੀ। ਸੁਗਨੀ ਦੀ ਵੱਡੀ ਭੈਣ ਓਹਨੂੰ ਵਿਆਹੀ ਸੀ, ਪਰ ਉਹ ਬੇ-ਔਲਾਦ ਕਈ ਸਾਲ ਬਿਰਖੇ ਦਾ ਸਾਥ ਦੇ ਕੇ ਤਪਦਿਕ ਨਾਲ ਚੱਲ ਵਸੀ ਸੀ। ਸੁਗਨੀ ਓਹਦੀ ਘਰ ਵਾਲੀ ਦੀ ਦੂਜੇ ਥਾਂ ਦੀ ਛੋਟੀ ਭੈਣ ਸੀ।

ਭਰਵੇਂ ਸੁਡੌਲ ਜਿਸਮ ਦਾ ਤਾਂਬੇ ਵਰਗੇ ਰੰਗ ਰੂਪ ਉੱਤੇ ਸੁਗਨੀ ਦੇ ਤਿੱਖੇ ਨੈਣ-ਨਕਸ਼, ਹੱਸਦੀਆਂ ਕਾਲੀਆਂ ਅੱਖਾਂ, ਗੋਲ ਚਿਹਰੇ ਉੱਤੇ ਗੋਲ ਠੋਡੀ, ਖੁੱਲ੍ਹੀ ਮੂੰਹ ਫਾੜ ਉੱਤੇ ਭਰਵੇਂ ਬੁੱਲ੍ਹ, ਸਜੀਲੀ ਦੰਦਾਂ ਦੀ ਚਮਕਦੀ ਪਾਲ...। ਇੱਕੋ ਤੱਕਣੀ 'ਚ ਘਣ ਸਿਹੁੰ ਉਸ ਦੀਆਂ ਕਾਲੀਆਂ ਅੱਖਾਂ 'ਚ ਡੁੱਬਦਾ ਹੀ ਚਲਾ ਗਿਆ। ਤੇ ਜਦੋਂ ਸੁਗਨੀ ਨੇ ਕੁੱਛੜ ਵਾਲੇ ਨੇਨ੍ਹੇ ਟਾਬਰ ਨੂੰ ਬਾਹਾਂ ਦੇ ਜ਼ੋਰ ਨਾਲ ਸਿਰੋਂ ਉੱਚਾ ਕਰਕੇ ਅਰਧ ਗੋਲ ਚੱਕਰ ਵਿੱਚ ਲਹਿਰਾਇਆ-ਲਡਾਇਆ ਤਾਂ ਉਸ ਦੀ ਪਤਲੀ ਵਾਇਲ ਦੀ ਗੂੜ੍ਹੇ ਪੀਲੇ ਰੰਗ ਦੀ ਚੋਲੀ ਵਿੱਚੋਂ, ਦੁੱਧ ਨਾਲ ਭਰੀ ਛਾਤੀ ਦਾ ਉਭਾਰ ਤੇ ਤੇੜ ਪਹਿਨੀ ਹੋਈ ਭਾਰੀ ਘੱਗਰੀ ਦਾ ਖਿਲਰ ਕੇ ਲਹਿਰਾਉਣਾ ਵੇਖ ਕੇ... ਘਣ ਸਿਹੁੰ ਦੀਆਂ ਅੱਖਾਂ ਨੇ ਸ਼ਾਇਦ ਪਹਿਲੀ ਵਾਰੀ, ਜਾਨਵਰਾਂ ਦੀ ਡੀਲ-ਡੌਲ ਤੇ ਸੁਹੱਪਣ ਵਿੱਚੋਂ ਬਾਹਰ ਨਿਕਲ ਕੇ ਇਨਸਾਨੀ ਜਾਮੇ 'ਚ ਔਰਤ ਦਾ ਰੂਪ ਵੇਖਿਆ ਹੋਵੇ। ਹੁਣ ਤੱਕ ਤਾਂ ਉਹ, ਕੱਟੀਆਂ-ਵੱਛੀਆਂ ਦੀ ਵੇਲ, ਸਿੰਗ-ਚੱਡਾ-ਖੁਰ-ਪੂਛਾਂ ਅਤੇ ਬੱਕਰੀਆਂ ਦੇ ਕੰਨਾਂ-ਲੰਮੂਤਰੇ ਮੂੰਹ-ਥਣਾਂ-ਲੇਵੇ ਆਦਿ ਦੇ ਹੁਸਨ ਦਾ ਹੀ ਸ਼ੈਦਾਈ ਸੀ। ਪਿੰਡਲੀਆਂ ਤੱਕ ਉੱਚੀ ਘੱਗਰੀ ਥੱਲੇ ਪੈਰਾਂ ਵਿੱਚ ਚਾਂਦੀ ਦੀਆਂ ਛਣ-ਛਣ ਕਰਦੀਆਂ ਪੰਜੇਬਾਂ, ਰੰਗ ਬਰੰਗੀਆਂ ਚੂੜੀਆਂ ਨਾਲ ਭਰੀਆਂ ਵੀਣੀਆਂ ਤੇ ਨੱਕ ਉੱਤੇ ਚਮਕਦਾ ਚੌੜਾ ਚਾਂਦੀ ਦਾ ਕੋਕਾ ...ਘਣ ਸਿਹੁੰ ਸੁਗਨੀ ਦੇ ਹੁਸਨ ਵਿੱਚ ਪਹਿਲੀ ਨਜ਼ਰੇ ਹੀ ਕੀਲਿਆ ਗਿਆ।

ਅਸਲ 'ਚ ਬਚਪਨ ਦੀਆਂ ਕੁਝ ਤਲਖ਼ ਹਕੀਕਤਾਂ ਕਰਕੇ, ਓਹਨੇ ਸੋਚਣ ਸਮਝਣ ਦਾ ਵਖਰਾ ਜਿਹਾ ਹੀ ਰਹੁ-ਰਵੀਰਾ ਅਪਣਾ ਰੱਖਿਆ ਸੀ।...

...ਪਿਉ ਦੇ ਮਰਨ ਦੀ ਸੁਰਤ ਨਹੀਂ। ਇਕ ਜਮਾਂਦਰੂ ਸਰੀਰੋਂ ਹੀਣਾ ਭਰਾ, ਜੋ ਗਭਰੂ ਹੋਣ ਤੋਂ ਪਹਿਲਾਂ ਹੀ ਤੁਰ ਗਿਆ। ਮਾਂ ਘਣ ਸਿਹੁੰ ਦੀ ਸੋਹਣੀ-ਸੁਨੱਖੀ, ਕੰਮ-ਧੰਦੇ ਦੀ ਪੂਰੀ ਕਾਰੀਗਰ, ਪੌਣੇ ਤਿੰਨ ਕਿੱਲੇ ਜ਼ਮੀਨ ਦੀ ਮਾਲਕਣ... ਪਰ ਸੁਖ ਓਹਨੇ ਕੋਈ ਨਾ ਵੇਖਿਆ... ਨਾ ਘਰ ਵਾਲੇ ਦਾ, ਜਿਹੜਾ ਵਿਆਹ ਤੋਂ ਪੰਜਵੇਂ ਵਰ੍ਹੇ ਕਿਸੇ ਅਭੇਦ ਬੀਮਾਰੀ ਨਾਲ ਮੁੱਕ ਗਿਆ... ਨਾ ਉਸ ਪਾਣੀ ਥੁੜੀ ਜ਼ਮੀਨ ਦਾ ਜਿਸ ਕਰਕੇ ਉਹ ਇੱਥੇ ਵਿਆਹੀ ਗਈ ਸੀ। ਉੱਤੋਂ ਛੋਟਾ ਮੁੰਡਾ ਅਪਾਹਜ ਜੰਮਿਆ। ਓਹਨੇ ਰੰਡੇਪਾ ਵੀ ਕੱਟਿਆ। ਉਮਰ ਦੇ ਸਿਖਰ ਦੁਪਹਿਰੇ ਲੋਕਾਂ ਦੀਆਂ ਸੱਚੀਆਂ ਝੂਠੀਆਂ ਊਜਾਂ ਵੀ ਸਹੀਆਂ। ਜਿਮੀਂਦਾਰਾਂ ਸਰਦਾਰਾਂ ਦੇ ਘਰਾਂ ਵਿੱਚ ਕੰਮ ਵੀ ਕੀਤਾ। ਕਬੀਲਦਾਰੀ ਰੋੜ੍ਹਣ ਲਈ ਜ਼ਮੀਨ ਗਹਿਣੇ-ਰਹਿਨ ਤੇ ਕੁਛ ਬੈਅ ਵੀ ਕੀਤੀ ਤੇ ਅਖੀਰ ਨਮੋਸ਼ੀ ਦੀ ਮਾਰ ਝੱਲ ਕੇ ਪਿੰਡੋਂ ਦਰ-ਬਦਰ ਵੀ ਹੋਈ।

- ਪਰ ਘਣ ਸਿਹੁੰ, ਪਿੰਡ ਦੀਆਂ ਗਲੀਆਂ ਵਿੱਚ ਵਿਛੇ ਕੱਕੇ ਰੇਤੇ 'ਚ ਸੁਨਹਿਰੀ ਕਿਣਕੇ ਵਾਂਗੂੰ ਚਮਕਦਾ ਰਿਹਾ। ਆਵਦਾ ਮਾਣ ਇੱਜ਼ਤ ਓਹਨੇ ਸ਼ਰੀਕੇ ਭਾਈਚਾਰੇ ਤੇ ਪਿੰਡ ਵਿੱਚ ਬਰਕਰਾਰ ਰੱਖਿਆ।

ਘਣ ਸਿਹੁੰ ਦਾ ਪਹਿਲਾ ਮੁੱਲ ਉਦੋਂ ਪਿਆ, ਜਦੋਂ ਉਹਦੀ ਮਾਂ ਇੱਕ ਸਰਦੇ-ਪੁਜਦੇ ਘਰ ਵਿੱਚ, ਸਫ਼ਾਈ, ਕਪੜੇ ਧੋਣ ਤੇ ਰੋਟੀ ਪਕਾਉਣ ਦਾ ਕੰਮ ਕਰਦੀ ਸੀ। ਉਹ ਮਾਂ ਦੇ ਨਾਲ ਹੁੰਦਾ। ਘਰ ਦੀ ਮਾਲਕਣ ਲਵੇਰੀਆਂ ਦੀ ਸਾਂਭ-ਸੰਭਾਲ ਦੀ ਜਨੂਨੀ ਸੀ। ਹੱਥੀਂ ਆਵਦੀ ਨਿਗਰਾਨੀ ਵਿੱਚ ਛੋਲਿਆਂ-ਵੜੇਵਿਆਂ ਦਾ ਵੰਡ ਰਿੰਨ੍ਹਦੀ - ਤੌੜੀਆਂ 'ਚੋਂ ਕੱਢ ਕੇ ਠੰਡਾ ਕਰਵਾਉਂਦੀ, ਉਖਲੀ ਵਿੱਚ ਕੁਟਦੀ ਜਾਂ ਕੁਟਵਾਉਂਦੀ, ਕੋਲ ਖੜ੍ਹ

ਕੇ ਸੁੰਨ੍ਹੀ ਰਲਵਾਉਂਦੀ। ਪਰ ਕੁੱਕੜ-ਕੁੱਕੜੀਆਂ-ਕਬੂਤਰ ਖੁਰਲੀਆਂ 'ਚ ਵੜ ਕੇ ਵੰਡ ਚੁਗਦੇ, ਪੈਰਾਂ ਨਾਲ ਖੌਰੂ ਪਾਉਂਦੇ-ਸੰਨ੍ਹੀ ਵਿੱਚ ਬਿੱਠਾਂ ਕਰਦੇ।

"ਔਤਰੇ! ਵੇਖ ਦਾਨਿਆਂ ਰੋਟੀਆਂ ਨਾਲ ਰਜਦੇ ਈ ਨਹੀਂ?... ਲੈ ਵੇ ਪੁੱਤ ਘਣ ਸਿਆਂ ਤੈਨੂੰ ਪੁੱਤ ਗੁੜ ਨਾਲ ਰੋਟੀ ਦੇਊਂ ਖਾਣ ਨੂੰ, ਰੱਜ ਕੇ ਖਾਈਂ। ਪਰ ਏਹਨਾਂ ਚੰਦਰਿਆਂ ਨੂੰ ਖੁਰਲੀ ਉੱਤੇ ਨਾ ਚੜ੍ਹਣ ਦੇਈਂ ਬਸ...।"

ਬੇਹੀਆਂ ਰੋਟੀਆਂ ਤੇ ਗੁੜ ਦੇ ਲਾਲਚ ਵਿੱਚ ਘਣ ਸਿਹੁੰ ਜਨੌਰਾਂ ਨੂੰ ਬਾਂਦਰ ਵਾਂਗੂ ਟਪੂਸ਼ੀਆਂ ਮਾਰਦਾ, ਖੁਰਲੀਆਂ ਦੇ ਲਿਵੇ ਨਾ ਲੱਗਣ ਦਿੰਦਾ।

ਗਰਮੀਆਂ ਦੀ ਰੁੱਤ ਵਿੱਚ ਪਿੰਡ ਦੇ ਅਵਾਰਾ ਪਸ਼ੂ, ਅਗੇਤੀ ਬੀਜੀ ਜਵਾਰ-ਚਰ੍ਹੀ ਨੂੰ ਟੁੱਟ ਕੇ ਪੈ ਜਾਂਦੇ। ਨੀਰਾ-ਪੱਠਾ ਘਰੇ ਘੱਟ ਆਉਂਦਾ, ਅਵਾਰਾ ਪਸ਼ੂਆਂ ਦੇ ਢਿੱਡ ਵਿੱਚ ਵੱਧ ਜਾਂਦਾ।

ਘਣ ਸਿਹੁੰ ਓਦੋਂ ਬਾਰਾਂ ਕੁ ਸਾਲਾਂ ਦਾ ਹੋਣਾ ਐ – ਜਦੋਂ ਉਹਨੂੰ ਕੁੱਕੜਾਂ ਦੀ ਰਾਖੀ ਪਿੱਛੋਂ... ਦਿਨ ਵੇਲੇ ਜਵਾਰ ਦੀ ਰਾਖੀ ਲਈ ਵਡਿਆਇਆ ਗਿਆ।

"ਲੈ ਬਈ ਘਣ ਸਿਆਂ – ਹੁਣ ਰੋਟੀ ਤੇ ਲੱਸੀ ਮਿਲੂ ਤੈਨੂੰ ਪਿੱਪਲ ਥੱਲੇ ਮੰਜੇ ਉੱਤੇ ਬੈਠੇ ਨੂੰ – ਪਰ ਆਹ ਜਿਹੜੀਆਂ ਦੋ ਤਿੰਨ ਵੱਛੀਆਂ ਨਿਆਈਂ ਵਾਲੀ ਜਵਾਰ ਵਿੱਚ ਗਿੱਝ ਗਈਆਂ, ਏਹ ਸ਼ੇਰਾ ਤੇਰੇ ਬਿਨਾਂ ਲੋਟ ਨ੍ਹੀਂ ਆਉਂਦੀਆਂ।"

...ਤੇ ਘਣ ਸਿਹੁੰ ਨੇ ਜਵਾਰ ਦੀ ਰਾਖੀ ਲਈ ਪਿੱਪਲ ਥੱਲੇ ਜਾਅ ਡੇਰਾ ਲਾਇਆ। ਬੈਠਣ ਲਈ ਉਹਦੇ ...ਓਥੇ ਖੋਪੇ ਦੇ ਵਾਣ ਦੀ ਕੰਡਿਆਂ ਵਾਲੀ ਮੰਜੀ ਸੀ। ਪਰ ਅਥਰੀਆਂ ਵੱਛੀਆਂ ਸਨ ਕਿ ਮੰਜੇ ਉੱਤੇ ਬਹਿਣ ਜਾਂ ਪਿੱਠ ਸਿੱਧੀ ਕਰਨ ਲਈ ਕਦੇ ਵੀ ਦਸ-ਵੀਹ ਮਿੰਟਾਂ ਤੋਂ ਵੱਧ ਮੌਕਾ ਨਹੀਂ ਦਿੰਦੀਆਂ ਸਨ।

ਘਣ ਸਿਹੁੰ ਮੁੱਛ ਫੁੱਟ ਗੱਭਰੂ ਹੋਇਆ ਤਾਂ ਉਹਦੀ ਮੰਗ ਸੀਰੀ ਰਲਣ ਵਾਸਤੇ ਹੋਣ ਲੱਗੀ... "ਆ ਜਾ ਘਣ ਸਿਆਂ – ਛੀਵੇਂ ਹਿੱਸੇ ਦਾ ਸੀਰ... ਛੀਵੇਂ ਦੀ ਆਮਦਨ, ਛੀਵੇਂ ਦਾ ਖਰਚਾ ਪਊਗਾ। ਕੰਮ ਬਈ ਪਾਣੀ-ਧਾਣੀ ਦਾ ਦਿਨ ਰਾਤ ਦਾ।" ਘਣ ਸਿਹੁੰ ਨੇ ਦੋ ਚਾਰ ਸੀਰ ਵੀ ਕੱਟੇ। ਪਰ ਫੇਰ ਸੋਚਿਆ – ਬੰਦਿਸ਼-ਬੰਧੇਜ ਵਾਲਾ ਕੰਮ ਨਹੀਂ ਲੋਟ ਆਉਂਦਾ... ਖੁੱਲ੍ਹਾ ਖੇਡਾਂਗੇ। ਓਹਨੇ ਭਾਈਚਾਰੇ ਵਿੱਚ ਇੱਜੜਾਂ ਵਾਲਿਆਂ ਨਾਲ ਯਾਰੀ ਪਾਲ ਲਈ। ਹੌਲੀ-ਹੌਲੀ ਭੇਡਾਂ ਬੱਕਰੀਆਂ ਦੇ ਸੌਦਿਆਂ ਵਿੱਚ ਵੀ ਹਿੱਸਾ ਲੈਣ ਲੱਗ ਪਿਆ। ਪਰਦੇ ਥੱਲੇ ਉਂਗਲਾਂ ਭੰਨਣ ਦਾ ਚੱਜ ਵੀ ਆ ਗਿਆ – ਵਪਾਰੀ ਬਣ ਬੈਠਾ। ਦਲਾਲੀ ਵਿੱਚੋਂ ਚਾਰ ਪੈਸੇ ਬਣਦੇ ਤਾਂ ਕੁਛ ਮਾਲ ਆਵਦਾ ਵੀ ਬਣਾ ਲਿਆ। ਪਰ ਰੱਬ ਦੀ ਕ੍ਰਿਪਾ ਨਾਲ ਠੱਗੀ-ਠੋਰੀ ਤੋਂ ਦੂਰ ਰਿਹਾ।

ਏਸ ਕਰਕੇ ਹੁਣ ਜਾਨਵਰਾਂ ਦੇ ਗੁਣ-ਔਗੁਣਾਂ ਤੇ ਨਕਸ਼-ਨੈਣਾਂ ਦਾ ਵੱਧ ਪਾਰਖੂ ਸੀ।

ਪਰ ਅੱਜ ਸੁਗਨੀ ਦੇ ਦਰਸ਼ਨ ਹੋਣ ਨਾਲ ਇੱਕ ਨਵਾਂ – ਝਰੋਖਾ ਖੁੱਲ੍ਹ ਗਿਆ।

ਪਹਿਲਾਂ ਘਣ ਸਿਹੁੰ ਮਾਲ ਚਾਰਨ ਪਿੰਡ ਦੇ ਚੁਫੇਰੇ ਰਾਹਾਂ ਕੱਸੀਆਂ ਤੇ ਮੈਰ੍ਹਿਆਂ ਵਿੱਚ ਜਾਂਦਾ ਹੁੰਦਾ ਸੀ। ਪਰ ਹੁਣ ਉਹ ਵਲ਼ ਪਾ ਕੇ ਵੀ ਦੁਪਹਿਰ ਨੂੰ ਸੁਗਨੀ ਦੇ ਨੇੜੇ, ਕਿਸੇ ਬੇਰੀ-ਜੰਡ ਥੱਲੇ ਮਾਲ ਨੂੰ ਜਾ ਬਿਠਾਉਂਦਾ-ਢਾਂਗੀ ਨਾਲ ਬੇਰੀ-ਜੰਡੀ-ਮਲ੍ਹਿਆਂ ਦੀ ਲਾਂਗੀ ਲਾਹੁੰਦਾ ਮਾਲ ਅੱਗੇ ਸੁਟਦਾ ਤਾਂ ਕਿ ਰੱਜ ਕੇ ਮਾਲ ਬੈਠਾ ਰਹੇ – ਮੋੜਾ ਨਾ ਲਾਉਣਾ ਪਵੇ। ਆਪ ਪਹਿਲਾਂ ਤ੍ਰਿਵੇਣੀ ਥੱਲੇ, ਜਿੱਥੇ ਹੁਣ ਬੇਰੜਾ ਗੌਹਣ-ਕੱਢਣ ਵਾਸਤੇ ਪਿੜ ਪਾਇਆ ਹੁੰਦਾ, ਉੱਥੇ ਬਾਬੇ ਦਲੀਪ ਸਿਹੁੰ ਦੀ ਹਾਜ਼ਰੀ ਲਾਉਂਦਾ-ਕਦੇ ਓਹਦੀ ਘੋੜੀ ਨੂੰ ਪਾਣੀ ਪਿਲਾਉਣ ਦੇ ਬਹਾਨੇ, ਮਿਰਜਾ ਬਣ ਕੇ ਓਡਾਂ ਦੇ ਡੇਰੇ ਤੋਂ ਦੀ, ਮੁੱਛਾਂ ਨੂੰ ਵੱਟ ਦਿੰਦਾ, ਚੱਕਰ ਕੱਢ ਆਉਂਦਾ। ਕਦੇ ਬਾਬਾ ਆਪ ਹੀ ਹੱਸ ਕੇ ਆਖ ਦਿੰਦਾ, "ਕਿਵੇਂ ਫੇਰ ਸ਼ੇਰਾ ਘਣ ਸਿਆਂ – ਆਹ ਲੱਸੀ ਬਚੀ ਪਈ ਐ, ਜਾਹ ਵਿਚਾਰੇ ਓਡਾਂ ਨੂੰ ਦੇ ਆ – ਨਾਲੇ ਗੱਲਾਂ ਬਾਤਾਂ ਮਾਰ ਆ।" ਨਾਲੇ ਬਾਬਾ ਮੁਸ਼ਕੜੀਏ ਹੱਸ ਪੈਂਦਾ। ਤੇ ਘਣ ਸਿਹੁੰ ਖ਼ੁਸ਼ ਹੋ ਕੇ ਤੁਰ ਜਾਂਦਾ।

ਕਈ ਵਾਰੀ ਬਿਰਖਾ ਉਸ ਤੋਂ ਪਿੰਡੋਂ ਹੱਟੀ ਤੋਂ ਕੋਈ ਸੌਦਾ ਪੱਤਾ ਮੰਗਵਾ ਲੈਂਦਾ, ਓਹ ਫੜਾਉਣ ਦੇ ਬਹਾਨੇ ਉਹ ਸੁਗਨੀ ਦੀ ਸੰਗਤ ਮਾਣਦਾ। ਬਹੁਤੀ ਵਾਰੀ ਬੱਕਰੀਆਂ ਚੋਅ ਕੇ ਦੁੱਧ ਦੀ ਡੋਲੀ ਲੈ ਜਾਂਦਾ ਤੇ ਉੱਥੇ ਸਾਰਿਆਂ ਦੇ ਚਾਹ ਦੀ ਪਤੀਲੀ ਉੱਬਲਦੀ।

ਓਡਾਂ ਦੇ ਟੱਬਰ ਵਿੱਚ ਘਣ ਸਿਹੁੰ ਇੰਜ ਰਚ ਮਿਚ ਗਿਆ ਜਿਵੇਂ ਸ਼ੱਕਰ 'ਚ ਘਿਉ ਰਚ ਜਾਂਦਾ ਹੈ। ਓਹਨਾਂ ਦੀ ਨਿਰੋਲ ਖੜਵੀ-ਰੁੱਖੀ ਜਿਹੀ ਬਾਗੜੀ ਬੋਲੀ ਓਹਦੀ ਸਮਝ ਵਿੱਚ ਘੱਟ ਆਉਂਦੀ ਸੀ, ਪਰ ਬਿਰਖੇ ਦਾ ਟੱਬਰ, ਪੰਜਾਬ ਜਾਂ ਪੰਜਾਬੀ ਬੋਲਦੇ ਰਾਜਸਥਾਨ ਦੇ ਇਲਾਕਿਆਂ ਦੀਆਂ ਨਹਿਰਾਂ 'ਤੇ ਕੰਮ ਕਰਦੇ ਰਹਿਣ ਕਰਕੇ ਰਲ਼ੀ ਮਿਲੀ ਬੋਲੀ ਵਿੱਚ ਉਸ ਨਾਲ ਗੱਲਾਂਬਾਤਾਂ ਮਾਰ ਲੈਂਦੇ ਸਨ। ਮੁਕਦੀ ਗੱਲ ਬਿਰਖੇ ਨੂੰ ਵੀ ਪ੍ਰਦੇਸ ਵਿੱਚ ਘਣ ਸਿਹੁੰ ਦਾ ਸਹਾਰਾ ਮਿਲ ਗਿਆ ਸੀ। ਤੇ ਘਣ ਸਿਹੁੰ ਵੀ ਸੁਗਨੀ ਦੇ ਇਸ਼ਕ ਪੇਚੇ ਦੀ ਗ੍ਰਿਫ਼ਤ ਵਿੱਚ ਕੈਦ ਹੋ ਗਿਆ ਸੀ। "ਅਰੇ ਘਣ ਸੀਆਂ ਤੂੰ ਮ੍ਹਾਰਾ, ਇਤਨਾ ਮਾਣ ਸਨਮਾਨ ਕਰੈ... ਤੂੰ ਤੋ ਮੇਰਾ ਪੱਕਾ ਛੋਟਾ ਭਾਈ ਸੈ।"

ਹੁਣ ਉਹ ਬਰਾਬਰ ਦੇ ਆਜੜੀ ਆਵਦੇ ਨਾਲ ਨਹੀਂ ਰਲਾਉਂਦਾ ਸੀ, ਸਗੋਂ ਕੋਈ ਛੋਟਾ ਮੁੰਡਾ ਰਖਦਾ, ਜਿਸ ਨੂੰ ਉਹ ਹੱਟੀ ਤੋਂ ਖਾਣ-ਪੀਣ ਦਾ ਸਮਾਨ ਦਿਵਾ ਕੇ - ਮਾਲ ਦੀ ਰਾਖੀ ਬਿਠਾ ਛਡਦਾ ਸੀ। ਆਪ ਵੱਡੇ ਭਾਈ ਬਿਰਖੇ ਦੇ ਡੇਰੇ ਵਜਦਾ...।

ਪੁਲ ਦੀ ਚੜ੍ਹਾਈ ਦੀ ਭਰਤ ਉੱਚੀ ਹੁੰਦੀ ਗਈ ਤੇ ਸੁਗਨੀ - ਘਣ ਸਿਹੁੰ ਦੇ ਇਸ਼ਕ ਪੇਚੇ ਦੀ ਗੁੱਡੀ ਵੀ ਨਾਲ ਹੀ ਉਤਾਂਹ ਚੜ੍ਹਦੀ ਗਈ।

" ...ਅਰੇ ਘਨ ਸੀਆਂ ਇੱਬ ਤੂੰ ਮ੍ਹਾਰੇ ਸਾਥ ਬਾਗੜ ਮੇਂ ਚਾਲ... ਕੇ ਦਸ-ਬੀਸ ਬਕਰੀਓਂ ਕਾ ਰੇਵੜ ਅਰ ਚਾਰ-ਪਾਂਚ ਪਾਡਕੜੀ ਲੀਏ ਘੂੰਮਤੋ ਫਿਰੈ... ਬਾਗੜ ਮੇਂ ਚਾਰ-ਚਾਰ ਸੌ ਕਾ ਰੇਵੜ ਅਰ ਸੈਂਕੜੇ ਗਾਈਓਂ ਕਾ ਬੱਗ ਥਨੈ ਦਿਖਾਊਂ... ਤੇਰੀ ਰੂਹ ਖੁਸ ਹੋ ਜਾਵੈਗੀ...। ਚਾਲ ... ਬਿਰਖੋ ਬੂਢੋ ਆਪੇ ਊਂਟ ਰੇਹੜੀ ਪੇ ਭਾੜੋ-ਮਾਟੀ ਢੌਂਵਤਾ ਫਿਰਤੋ ਰਈ... ਆਪਾ ਭੇਡੋਂ ਕਾ ਰੇਵੜ ਬਣਾ ਸ਼ਾਨ ਹੂੰ ਚਰਵਾਹੀ ਕਰਾਂਗੈ... ਸਾਚੀ ਪੂਛੈ ਤੋ ਇੱਬ ਤੇਰੇ ਬਿਨ ਮਨ ਕੋਈ ਨਾ ਲਾਗੈ... ਬਸ ਜੀਅ ਕਰੈ, ... ਅਰੇ ਤੇਰੇ ਤੋਂ ਬਿਨਾਂ ਏਕ ਬਿੰਦ ਕੀ ਜੁਦਾਈ ਕੋਨੀ ਸਹਾਰੀ ਜਾਵੈ।"

"ਹੁਣ ਤਾਂ ਸੁਗਨੀਏ ਮੇਰੀ ਰੂਹ ਤੇਰੇ 'ਚ ਹੀ ਵਸ ਗਈ... ਆਹ ਕਲਬੂਤ ਤਾਂ ਐਵੇਂ ਬੱਕਰੀਆਂ ਮਗਰ ਤੁਰਿਆ ਫਿਰਦੈ... ਰਾਤਾਂ ਨੂੰ ਸੁਫਨਿਆਂ ਵਿੱਚ ਵੀ ਤੂੰ, ਖਾਣ ਵੇਲੇ ਵੀ ਤੂੰ - ਪੀਣ ਵੇਲੇ ਵੀ ਤੂੰ... ਬਸ ਤੂੰ ਹੀ ਤੂੰ...। ਮੈਨੂੰ ਕਿਹੜਾ ਸਬਰ ਆਉਂਦਾ ਤੈਥੋਂ ਪਾਸੇ ਹੋ ਕੇ...।" ਘਣ ਸਿਹੁੰ ਨੇ ਸੁਗਨੀ ਦੇ ਪੈਰ ਦੀ ਤਲੀ ਉੱਤੇ ਉਂਗਲੀ ਨਾਲ ਘੋਰ-ਘੰਡੇ ਪਾਉਂਦੇ ਹੋਏ... ਚਿੱਤ ਦੀ ਸੱਚੀ ਗੱਲ ਆਖੀ...।

... ਕਿੰਨਾ ਚਿਰ ਦੋਵੇਂ ਮਸਤ ਹੋਏ ਜੰਡੀ ਦੀ ਛਾਵੇਂ, ਇੱਕ ਦੂਜੇ ਦੇ ਅੰਗਾਂ ਨੂੰ ਟੋਂਹਦੇ ਹੋਏ - ਕਿਸੇ ਵੱਖਰੀ ਦੁਨੀਆਂ ਵਿੱਚ ਡੁਬਦੇ - ਤਰਦੇ ਰਹੇ...।

..."ਪਰ ਸੁਗਨੀਏ, ਬਿਰਖੇ ਨੇ ਮੈਨੂੰ ਆਵਦਾ ਛੋਟਾ ਭਰਾ ਬਣਾਇਆ... ਕਿਤੇ ਓਹਦੇ ਇਤਬਾਰ ਨੂੰ ਮੈਂ ਧੋਖਾ ਤਾਂ ਨਹੀਂ ਦੇਈ ਜਾਂਦਾ...?"

"ਏ ਬਾਵਲੇ ਛੋਕਰੇ, ਗਰ ਬਿਰਖਾ ਨੇ ਤੇਰੇ ਕੋ ਛੋਟਾ ਭਾਈ ਮਾਨੈ ਤੋ ਅੱਪਨ ਫੇਰ ਦੇਵਰ-ਭ੍ਰਾਭੀ ਤੋ ਹੈਂ ਕਿ ਕੋਨੀ? ਅਰੇ ਮੂਰਖ ਤੇਰੇ ਕੋ ਤੋ ਰਿਸ਼ਤੇ - ਸਾਕ- ਸਕੀਰੀ ਕ੍ਯਾ... ਬੇਰਾ - ਠਾਅ ਵੀ ਕੋਨੀ। ਈਆਂ ਈ ਮਨ ਖਰਾਬ ਕਰੈ...।"

"ਐਂ ਤਾਂ ਸੁਗਨੀਏ ਮੈਂ ਕਿਹੜਾ ਜੁਆਕ ਹਾਂ... ਤੇਰੀ ਗੱਲ ਦੀ ਮੈਨੂੰ ਸਾਰੀ ਸਮਝ ਆ ਗਈ ... ਬਾਗੜ 'ਚ ਕਿਉਂ... ਮੈਂ ਤੈਨੂੰ ਐਥੇ ਈ ਰੱਖ ਲੂੰਗਾ... ਪਰ ਬਿਰਖਾ ਤੇ ਆਹ ਤੇਰੀ ਅਲਾਦ ਕੀ ਸੋਚੂ... ਕਿੱਧਰ ਨੂੰ ਜਾਊ?"

"ਅਰੇ ਘਨ ਸੀਆਂ ਤੂੰ ਮ੍ਹਾਨੇ ਇੱਤੇ ਜਨੋਂ ਕੋ ਇਧਰ ਰਾਖੇਗਾ... ਘਣੀ ਬਾਤਾਂ ਬਨਸੀ... ਤੇਰਾ ਇੱਤ ਕੋਨ ਐ... ਤੂੰ ਏਕਲੋ, ਮ੍ਹਾਰੈ ਸਾਗੇ ਚਾਲ... ਮੈਂ ਏਕ ਭੀ ਬਾਤ ਕੋਨੀ ਬਨਣ ਦੇਸਾਂ...।"

"ਸੁਗਨੀਏ ਹੈ ਤਾਂ ਦੋਹੇਂ ਪਾਸੇ ਈ ਧੱਕਾ – ਪਰ ਹੁਣ ਤੈਥੋਂ ਜੁਦਾ ਵੀ ਨ੍ਹੀਂ ਹੋਇਆ ਜਾਂਦਾ... ਘਰ-ਬਾਰ-ਜ਼ਮੀਨ ਜੈਦਾਤ, ਮਾਲ ਡੰਗਰ ਤੇ ਭਰੱਪਾ ... ਜੀਹਨੇ ਮੈਨੂੰ ਨਗਰ-ਖੇੜੇ ਵਿੱਚ ਵਸਾਇਆ...।" ਘਣ ਸਿਹੁੰ ਨੇ ਚਿੱਤ 'ਚ ਸੋਚਿਆ। ਪਰ ਮੂੰਹੋਂ ਇਹ ਕਿਹਾ, "ਕੋਈ ਨ੍ਹੀਂ ਸੁਗਨੀਏ ਜਿਵੇਂ ਤੇਰੀ ਮਰਜੀ-ਤੇਰੀ ਖੁਸ਼ੀ 'ਚ ਹੀ ਮੇਰੀ ਖੁਸ਼ੀ ਐ-ਬਣਾਉਂਦੇ ਹਾਂ ਕੋਈ ਹੀਲਾ ਵਸੀਲਾ... ਕਰਦੇ ਹਾਂ ਕੋਈ ਰੈਅ-ਮਸ਼ਵਰਾ...। ਮੈਂ ਤਾਂ ਸਦਾ ਥੋਡੀ ਸੇਵਾ 'ਚ ਹਾਜ਼ਰ ਰਿਹਾਂ ਤੇ ਤਾਅ ਉਮਰਾਂ ਰਹੂੰਗਾ।"

ਦੋ ਤਿੰਨ ਦਿਨ ਘਣ ਸਿਹੁੰ ਗੁੰਮ-ਸੁੰਮ ਹੋਇਆ, ਪਿੰਡ ਦੇ ਦੂਜੇ ਪਾਸੇ ਮਾਲ ਲਿਜਾਂਦਾ ਰਿਹਾ। ਗੱਲ ਗੁੱਝੀ ਨਹੀਂ ਰਹੀ ਸੀ। ਪਿੰਡ 'ਚ ਵੀ ਜਿੰਨੇ ਕੁ ਲੋਕਾਂ ਨਾਲ ਉਹਦਾ ਵਾਹ-ਵਾਸਤਾ ਸੀ, ਉਨ੍ਹਾਂ ਨੂੰ ਵੀ ਓਹਦੀ ਤੇ ਸੁਗਨੀ ਦੀ ਯਾਰੀ ਦੀ ਭਿਣਕ ਪੈ ਗਈ ਸੀ। ਪਰ ਘਣ ਸਿਹੁੰ ਦਾ ਜੋ ਅਕਸ ਪਿੰਡ 'ਚ ਬਣਿਆ ਸੀ, ਬਹੁਤੇ ਲੋਕਾਂ ਨੂੰ ਉਹਦੇ 'ਤੇ ਇਤਬਾਰ ਸੀ ਤੇ ਕੋਈ ਉਜਰ ਵੀ ਨਹੀਂ ਸੀ। ਓਹਦਾ ਆਵਦਾ ਮਨ ਹੀ ਤਾਰ ਉੱਤੇ ਡਲ੍ਹਕਦੇ ਤੁਪਕੇ ਦੀ ਤਰ੍ਹਾਂ ਲਰਜ਼ਦਾ ਸੀ।

ਇੱਕ ਦਿਨ ਆਥਣੇ ਜਿਹੇ-ਮਾਲ ਡੰਗਰ ਸਾਂਭ ਕੇ ਬਾਬੇ ਦਲੀਪ ਸਿਹੁੰ ਦੇ ਬਾਹਰਲੇ ਖੁੱਲ੍ਹੇ ਵਿਹੜੇ ਵਿੱਚ ਜਾ ਹਾਜ਼ਰ ਹੋਇਆ, ਜਿੱਥੇ ਬਾਬਾ ਸਣ ਦੇ ਬੁਣੇ ਮੰਜੇ ਉੱਤੇ ਚੌਕੜੀ ਮਾਰੀ ਬੈਠਾ-ਨਸਵਾਰ ਦੀ ਚੁਟਕੀ ਸੁੰਘ ਰਿਹਾ ਸੀ।

"ਪੈਰੀਂ ਪੈਂਦਾ ਹਾਂ ਬਾਬਾ ਜੀ।"

"ਓ ਆ ਬਈ ਸ਼ੇਰਾ... ਤੜਕੈਂ, ਐਂ... ਮਾਲ ਡੰਗਰ ਕਿਵੇਂ ਐਂ? ਅੱਜ ਤਾਂ ਬੜੇ ਚਿਰਾਂ ਤੋਂ ਦਰਸ਼ਨ ਦਿੱਤੇ, ਕਿਵੇਂ ਆਉਣਾ ਹੋਇਆ?"

"ਬਸ ਚਿੱਤ ਜਾ ਕੀਤਾ, ... ਮਖਿਆ ਚੱਲ ਬਾਬਾ ਜੀ ਦੇ ਦਰਸ਼ਨ ਕਰ ਆਈਏ...।"

"ਭਲਾ ਹੋਇਆ, ਹੋਰ ਸੁਣਾ ਜਾਂਦਾ ਹੁੰਦਾ ਐਂ... ਓਧਰ ਆਪਣੀ ਬਰਾਨ ਵੱਲ ਕਿ ਨਹੀਂ? ਪੁਲ ਦਾ ਕੀ ਬਣਿਆਂ... ਓਡ ਉਠ ਗਏ ਕੇ ਅਜੇ ਬੈਠੇ ਐ...?"

"ਜਾਂਦਾ ਹੁੰਦਾ ਆਂ ਬਾਬਾ ਜੀ, ਹੁਣ ਤਾਂ ਕੰਮ ਸਮਝੋ ਸਿਰੇ ਚੜ੍ਹ ਗਿਆ। ਦਸਾਂ ਕੁ ਦਿਨਾਂ ਦੀ ਗੱਲ ਐ... ਬਾਕੀ ਵਿਹਲੇ ਵਾਹਣਾਂ ਵਿੱਚ ਬਰਨੋ ਪਈ ਉਡਦੀ ਐ... ਪੋਹਲੀ ਦੇ ਰੇਲੇ ਬਣ-ਬਣ ਖਾਲ ਬੰਨੇ ਭਰੇ ਪਏ ਐ... ਬਸ ਪੁਲ ਵਾਲੀ ਰੌਣਕ ਹੈ... ਬਿਰਖੇ ਓਡ ਹੋਰੀਂ ਵੀ ਤਿਆਰੀ ਵੱਟੀ ਬੈਠੇ ਐ... ਮੈਨੂੰ ਕਹਿੰਦੇ ਸੀ... 'ਚੱਲ ਤੈਨੂੰ ਬਾਗੜ ਲੈ ਚਲੀਏ – ਚੱਲ ਸਾਡੇ ਨਾਲ ਓਥੇ ਤੈਨੂੰ ਇੱਜੜ ਬਣਾ ਦੇਵਾਂਗੇ ...ਐਸ਼ ਕਰੇਂਗਾ। ... ਉਹ ਸਹੁਰੀ ਸੁਗਨੀ ਬਾਹਲਾ ਈ ਗਲ ਪਈ ਫਿਰਦੀ ਐ... ਹੁਣ ਬਾਬਾ ਜੀ ਕਿਵੇਂ ਕਰੀਏ... ਪਿੰਡ ਵੀ ਆਵਦਾ-ਸਰੀਕਾ-ਕਬੀਲਾ ਵੀ ਆਵਦਾ... ਪਰ ਨਾ ਮਾਂ ਨਾ ਪਿਉ... ਨਾ ਭੈਣ ਨਾ ਭਾਈ...। ਕੱਲਾ ਕਹਿਰਾ... ਮੇਰੀ ਤਾਂ ਸਮਝੋਂ ਬਾਹਰ ਐ।" ਫਿਰ ਮਨ 'ਚ ਹੀ ਬੋਲਿਆ... "ਊਂਅ ਤਾਂ ਬਿਰਖੇ ਨੇ ਵੀ ਛੋਟਾ ਭਰਾ ਬਣਾਇਆ ਹੈ – ਤੇ ਹਾਂ, ਤਾਂ ਨਾਲੇ ਅਸੀਂ ਵੀ ਰਾਜਪੂਤ-ਮੇਘਵਾਲਾਂ ਦੇ ਪਿਛੋਕੜ ਵਾਲੇ...।"

ਬਾਬੇ ਨੇ ਵੀ ਘਣ ਸਿਹੁੰ ਦੀ ਮੁਹੱਬਤ ਦੀ ਹਵਾ-ਹਵਾਈ ਵੇਖੀ ਸੁਣੀ ਸੀ। ਉੱਤੋਂ ਘਣ ਸਿਹੁੰ ਆਪ ਹੀ ਸਲਾਹ ਲੈਣ ਬੈਠ ਗਿਆ। ..."ਵੇਖ ਪੁੱਤ... ਆਵਦੇ ਨੱਗਰ ਖੇੜੇ –ਦੁਖ-ਸੁਖ... ਇੱਜ਼ਤ ਮਾਨ ਭਾਈ ਬੰਦੀ ਨਾਲ ਹੀ ਨਿਬੜਦੀ ਹੁੰਦੀ ਐ। ਤੂੰ ਮਾਂ ਪਿਓ ਵਾਹਰਾ ਜਤੀਮ... ਚਲੋ ਤੇਰੀ ਮਾਸੀ ਚਾਚੀ ਨੇ ਤੇਰੀ ਮਾਂ ਪਿੱਛੋਂ ਤੇਰਾ ਸਾਥ ਦਿੱਤਾ... ਓਹਨਾਂ ਸਦਕੇ ਤੂੰ ਏਥੋਂ ਤਾਈਂ ਅੱਪੜਿਆ।... ਤੇਰਾ ਪਸ਼ੂ ਡੰਗਰ ਜੇ ਕਿਸੇ ਦੇ ਖੇਤ 'ਚ ਵੜ ਕੇ ਮੂੰਹ ਮਾਰ ਲਵੇ... ਕੋਈ ਨਫ਼ਾ-ਨੁਕਸਾਨ ਵੀ ਕਰ ਦੇਵੇ... ਤੈਨੂੰ ਕਦੇ ਕਿਸੇ ਨੇ ਓਏ ਨ੍ਹੀਂ ਆਖਿਆ...। ਏਹੀ ਤੇਰੀ ਪਿੰਡ 'ਚ ਬਣੀ ਭੱਲ ਐ... ਜੇ ਪੁੱਤ ਬਾਗੜ 'ਚ ਜਾਣਾ, ਜੀ ਸਦਕੇ ਜਾਹ-ਪਰ ਸ਼ੇਰਾ ਏਸ ਭਰੀ

ਜਵਾਨੀ ਨੇ ਉੱਛਲਣਾ ਹੁੰਦਾ... ਉੱਛਲਦੀ ਹੈ... ਸਾਰਿਆਂ ਦੀ ਉੱਛਲਦੀ ਐ... ਤੇਰੇ 'ਕੱਲੇ ਦੀ ਨ੍ਹੀਂ... ਪਰ ਜੇ ਹੁਣ ਤੂੰ ਪੁੱਛ ਹੀ ਲਿਆ ਤਾਂ... ਮੇਰੀ ਸਮਝ ਮੁਤਾਬਕ ਤਾਂ ... ਉਠ ਭਾਵੇਂ ਜਾਹ... ਪਰ ਪਰਦੇਸ 'ਚ ਨਿਬਹਣੀ ਬਹੁਤ ਔਖੀ ਹੁੰਦੀ ਐ... ਇਹ ਤਾਂ ਵਿਚਾਰੇ ਰੋਜ਼ੀ ਰੋਟੀ ਦੀ ਖਾਤਰ -ਪਾਣੀ ਦੀ ਖਾਤਰ ਏਥੇ ਧੱਕੇ ਖਾਂਦੇ ਫਿਰਦੇ ਐ... ਉੱਥੇ ਵੀਹ ਵੀਹ ਕੋਹ ਤੱਕ ਪੀਣ ਨੂੰ ਪਾਣੀ ਨ੍ਹੀਂ ਥਿਆਉਂਦਾ... ਏਹ ਲੋਕ ਤਾਂ ਕਾਲ-ਭੁੱਖ-ਤੇਹ ਕੱਟਣ ਗਿੱਝੇ ਐ... ਪਰ ਮੈਨੂੰ ਤਾਂ ਨ੍ਹੀਂ ਲਗਦਾ ਵੀ ਤੂੰ ਕੱਟ ਲਵੇਂਗਾ। ਬਾਕੀ ਪੁੱਤਰਾ 'ਗਾਂਹ ਤੇਰੀ ਮਰਜੀ... ਅਖੇ ਚਾਰ ਦਿਨ ਦੀ ਚਾਂਦਨੀ ਫੇਰ ਹਨੇਰੀ ਰਾਤ...। ਨਾਲੇ ਓਡਾਂ ਦੀ ਜਾਤ ਦਾ ਕੀ ਵਸਾਹ... ਕੀ ਪਤੈ... ਕਦੋਂ ਘੰਡੀ ਵੱਢ ਕੇ ਟਿੱਬੇ 'ਚ ਦੱਬ ਕੇ 'ਗਾਂਹ ਤੁਰ ਜਾਣ... ਓਡਾਂ ਦੇ ਤਾਂ ਕੁੱਤੇ ਨ੍ਹੀਂ ਬੰਦੇ ਛਡਦੇ... ਕੀ ਪਤਾ ਤੈਥੋਂ ਕਦੋਂ ਅਕ-ਥੱਕ ਜਾਣ...।"

ਫੇਰ ਘਣ ਸਿਹੁੰ ਨੇ ਆਵਦੇ ਯਾਰਾਂ - ਬੇਲੀਆਂ ਕੋਲ ਆਨੀ ਬਹਾਨੀਂ ਘਿਣੇ ਪਾਏ... "ਕੇ ਯਾਰੋ ਜੀਅ ਕਰਦੈ... ਬਈ ਹੁਣ ਤਾਂ ਪਿੰਡ ਛੱਡ ਦੇਈਏ...।"

"ਬਈ ਵੇਖ ਲੈ ਪਿੰਡ ਛੱਡ ਕੇ, ਜੇ ਪਿੰਡ ਬਿਨਾਂ ਸਰ ਜਾਊ - ਕੱਟ ਲਵੇਂਗਾ ਤਾਂ ਛੱਡ ਦੇ...।"

ਪੁਲ-ਸੜਕ ਦਾ ਕੰਮ ਨੇਪਰੇ ਚੜ੍ਹ ਚੱਲਿਆ ਸੀ। ਘਣ ਸਿਹੁੰ ਫੇਰ ਵੀ ਸੁਗਨੀ ਦੇ ਡੇਰੇ ਜਾਂਦਾ ਰਿਹਾ। ਪਰ ਅਖ਼ੀਰ 'ਚ ਸਬਰ ਦੇ ਨਾਗਵਲ਼ ਦੀ ਗੰਢ ਮਾਰ ਕੇ ਸੁਗਨੀ ਨੂੰ ਦਿਲਾਸਾ ਦਿੱਤਾ... ਜੁਆਕਾਂ ਨੂੰ ਖਾਣ-ਪੀਣ ਦਾ ਵਾਹਵਾ ਸਾਰਾ ਨਿੱਕ-ਸੁੱਕ-ਲੀੜਾ ਕਪੜਾ ਤੇ ਪੈਸੇ ਦੇ ਕੇ ਸਿਰ ਪਲੋਸਿਆ-ਬਿਰਖੇ ਨੂੰ ਸਿਰ-ਤੇੜ ਦੇ ਕਪੜੇ ਤੇ ਦੇਸੀ ਜੋੜਾ-ਜੁੱਤੀ ਦਿੱਤੀ... ਕੁੱਤੇ ਵਾਸਤੇ ਘੁੰਗਰੂਆਂ ਵਾਲਾ ਪਟਾ ਤੇ ਊਠ ਵਾਸਤੇ ਲੋਗੜੀ ਦੇ ਫੁੱਲਾਂ ਤੇ ਕੌਡੀਆਂ ਨਾਲ ਸਜੀ ਗਾਨੀ ਦਿੱਤੀ...।

" ਤੁਸੀਂ ਚੱਲੋ ਅਪੜੋ-ਦੇਸ-ਮੈਂ ਏਥੋਂ ਪਿੰਡ ਵਾਲੇ ਸਾਰੇ ਕੰਮ ਨਬੇੜ ਕੇ ਥੋਡੇ ਮਗਰੇ ਆਇਆ ਸਮਝੋ।"

"ਛੋਟੇ ਭਾਈ ਇਥੋਂ ਚੱਲ ਕੇ, ਬੀਕਾਨੇਰ ਕੋਲ... 'ਕਰਨੀ ਜੀ' ਬਰਾਂਚ 'ਤੇ ਕੰਮ ਕਰਾਂਗੇ - ਜਦੋਂ ਤੇਰਾ ਕੰਮ ਏਥੇ ਨਿਬੜ ਗਿਆ... ਓਥੇ ਆ ਮਿਲੀਂ...।"

ਬਰਾਨੀ ਧਰਤੀ... ਸੁਗਨੀ ... ਬਿਰਖੇ ਤੇ ਘਣ ਸਿਹੁੰ ਦੇ ਹੰਝੂਆਂ ਨਾਲ ਸਰਸ਼ਾਰ ਹੋ ਗਈ।

****

ਘਣ ਸਿਹੁੰ ਦੀ ਸੁਰਤ ਫੇਰ ਬੈਠਕ ਵਿੱਚ ਪਰਤੀ... "ਵਾਹ ਓਏ ਡਾਹਡਿਆ... ਨਾ ਸੁਗਨੀ ਮਿਲੀ ਨਾ ਵੀਰਾਂਵਲੀ ਨੇ ਤੋੜ ਨਿਭ੍ਹਾਹੀ।"

ਪੂਰਾ ਤਾਣ ਲਾ ਕੇ ਉਹ ਉੱਠ ਖੜ੍ਹਾ ਹੋਇਆ... ਵਾਕਰ ਦੇ ਸਹਾਰੇ ਪਿੰਡ ਵਾਲੀ ਖਿੜਕੀ ਵਿੱਚੋਂ... ਉੱਚੇ ਝੂਲਦੇ ਨਿਸ਼ਾਨ ਸਾਹਬ ਨੂੰ ਨੀਝ ਨਾਲ ਤੱਕਿਆ-ਗੁਰੂ-ਘਰ ਦੀ ਛੱਤ ਉੱਤੇ ਮਿਸਤਰੀਆਂ ਮਜ਼ਦੂਰਾਂ ਨੂੰ ਲੋਹੇ ਦੇ ਪਾਈਪਾਂ-ਬਾਂਸਾਂ-ਚਾਲੀਆਂ ਨਾਲ ਪੈੜ੍ਹਾਂ ਬੰਨ੍ਹਦਿਆਂ ਨੂੰ ਵੇਖਿਆ। ਸੱਜੇ ਹੱਥ ਦੀ ਬਾਰੀ ਵਿੱਚੋਂ ਧੁੱਪ ਨਾਲ ਜੱਦੋਜਹਿਦ ਕਰਦੀ ਵਾਟਰ-ਵਰਕਸ ਦੀ ਹਰਿਆਵਲ ਨੂੰ ਵੇਖਿਆ। ਭੌਂ ਕੇ ਗੈਲਰੀ 'ਚ ਖੜ੍ਹ ਕੇ ਘਰ ਦੇ ਵਿਹੜੇ-ਛਤੜੇ ਤੇ ਚੁੱਲ੍ਹੇ-ਚੌਂਕੇ ਨੂੰ ਵੇਖਿਆ... ਜਿਸ ਚੌਂਕੇ ਵਿੱਚ... ਅੱਖਾਂ ਦੀ ਕਮਜ਼ੋਰ ਜੋਤ ਵਾਲੀ ਉਸ ਦੀ ਸੁਆਣੀ-ਰੋਟੀ ਟੁੱਕ ਤੋਂ ਲੈ ਕੇ ਸਾਫ਼-ਸਫ਼ਾਈ ਲਿਪਾ-ਪੋਚੀ... ਮਾਲ ਡੰਗਰ ਤੇ ਘਣ ਸਿਹੁੰ ਦੀ ਸੇਵਾ ਕਰਦੀ ਕਦੇ ਥੱਕਦੀ ਨ੍ਹੀ ਸੀ। ਘਣ ਸਿਹੁੰ ਨੇ ਵੀ ਰੰਗ-ਰੂਪ ਤੋਂ ਸੁਹਣੀ ਸੁਨੱਖੀ ... ਵੀਰਾਂਵਲੀ ਨੂੰ ਘਰ ਦਾ ਗਹਿਣਾ ਬਣਾ ਕੇ ਰੱਖਿਆ ਸੀ। ਕਦੇ ਬਾਹਰ ਦੇ ਕੰਮ ਉੱਤੇ ਨਹੀਂ ਜਾਣ ਦਿੱਤਾ ਸੀ।

ਚਾਚੀ-ਮਾਸੀ ਤੇ ਤਾਏ ਨੇ ਜ਼ੋਰ ਪਾ ਕੇ ਉਸ ਦਾ ਵਿਆਹ ਵੀਰਾਂਵਲੀ ਨਾਲ ਆਪਣੀ ਰਿਸ਼ਤੇਦਾਰੀ ਵਿੱਚ ਕਰਵਾ ਕੇ ਘਣ ਸਿਹੁੰ ਨੂੰ ਸੁਗਨੀ ਦੇ ਵਿਯੋਗ ਤੋਂ ਮੁਕਤੀ ਦਿਵਾਈ ਸੀ। ਮੁੜ ਘਣ ਸਿਹੁੰ ... ਇੱਜੜ ਤੇ ਬਾਲ ਬੱਚੇ ਦੀ ਕਬੀਲਦਾਰੀ ਵਿੱਚ ਰੁੱਝ ਗਿਆ। ... ਵੀਰਾਂਵਲੀ ਨੇ ਵੱਡੀ ਧੀ ਮਿੰਦ੍ਹਰੋ ਨੂੰ ਜਨਮ ਦਿੱਤਾ। ਫੇਰ ਇੱਕ ਪੁੱਤ ਨੂੰ ਜਨਮ ਦਿੱਤਾ... ਜਿਹੜਾ ਦਾਈ ਦੇ ਨਾੜੂਆ ਕੱਟਣ ਦੀ ਅਣਗਹਿਲੀ ਕਰਕੇ ਧੁਨਕ-

ਵਾਅ ਦਾ ਸ਼ਿਕਾਰ ਹੋ ਗਿਆ। ਫੇਰ ਵੀਰਾਂਵਲੀ ਦੀ ਕੁੱਖ ਹਰੀ ਨਾ ਹੋਈ ਤੇ ਮਿੰਦ੍ਹੋ ਨੂੰ ਵਿਆਹ ਕੇ ਜਲੋਧਰ ਦੇ ਅਸਾਧ ਰੋਗ ਨਾਲ – ਘਣ ਸਿਹੁੰ ਨੂੰ ਅਲਵਿਦਾ ਕਹਿ ਗਈ।

ਘਣ ਸਿਹੁੰ ਨੇ ਫੇਰ... ਬੁਢਾਪੇ ਦੇ ਪਹਿਲੇ ਪਹਿਰ, ਇੱਜੜ ਦੇ ਭਾਰੂਆਂ ਨਾਲੋਂ ਟੱਬਰ-ਟੀਰ ਵਾਲਾ ਨਾਤਾ ਤੋੜ ਦਿੱਤਾ ਤੇ ਫ਼ਸਲਾਂ ਦੀ ਰਖਵਾਲੀ ਵਾਲਾ ਕੰਮ ਸਾਂਭ ਲਿਆ। ਦੋ ਵਾਰੀ ਤਾਂ ਉਸ ਨੂੰ ਪੂਰੀ ਪੱਤੀ ਦੀ ਕਣਕ ਦੀ ਰਖਵਾਲੀ ਦਾ ਸਿਆਲ ਵਿੱਚ ਵੱਡਾ ਠੇਕਾ ਵੀ ਦਿੱਤਾ ਗਿਆ। ...“ਗੇੜਾ ਮਾਰਣ ਨੂੰ ਕੋਈ ਟੈਰ ਜਾਂ ਟੱਟੂ-ਘੋੜਾ ਲੈ ਦਿੰਦੇ ਹਾਂ-ਇੱਕ ਅੱਧਾ ਬੰਦਾ ਰੱਖ ਕੇ ਕੰਮ ਚਲਾ ਰੱਖ...।” ਓਹਦੀ ਰਾਖੀ ਉੱਤੇ ਲੋਕਾਂ ਨੂੰ ਬਹੁਤ ਭਰੋਸਾ ਸੀ। ਕੰਬਾਈਨ ਨਾਲ ਵੱਢੀ ਕਣਕ ਮੰਡੀ ’ਚ ਸੁੱਟਣੀ ਹੁੰਦੀ ਤਾਂ ਘਣ ਸਿਹੁੰ ਮੰਡੀ ’ਚ ਰਾਖੀ ਵਾਸਤੇ ਬੁਕ ਹੋ ਜਾਂਦਾ... ਮਾਲਕਾਂ ਨੂੰ ਰਾਤ-ਬਰਾਤੇ ਵੀ ਓਥੇ ਜਾਣ ਦੀ ਖੇਚਲ ਨ੍ਹੀਂ ਕਰਨੀ ਪੈਂਦੀ ਸੀ।

ਰੋਟੀ-ਟੁੱਕ ਚਾਹ ਪਾਣੀ ਜ਼ਿਮੀਂਦਾਰ ਦੇ ਘਰੋਂ ਮਿਲਦਾ। ਤਨਖਾਹ ਤੇ ਦੋ ਕਿੱਲਿਆਂ ਦਾ ਹਿੱਸਾ – ਠੇਕਾ ਉਹ ਧੀ ਜਵਾਈ ਨੂੰ ਦੇ ਛਡਦਾ, ਜਿਹੜੇ ਦੂਜੇ ਚੌਥੇ ਆ ਕੇ ਗੇੜਾ ਮਾਰ ਜਾਂਦੇ ਸਨ ਤੇ ਘਰ ਦੀ ਸਾਂਭ-ਸੰਭਾਲ ਵੀ ਕਰ ਜਾਂਦੇ ਸਨ। ਪਰ ਕਰਨੀ ਰੱਬ ਦੀ – ਜਦੋਂ ਘਣ ਸਿਹੁੰ ਨੂੰ ਬੈਠੇ ਬਠਾਏ ਅਧਰੰਗ ਦਾ ਦੌਰਾ ਪਿਆ ਤੇ ਓਹਦਾ ਸੱਜਾ ਪਾਸਾ ਨਕਾਰਿਆ ਗਿਆ। ਮਹੀਨਾ ਭਰ ਹਸਪਤਾਲ ਰਹਿ ਕੇ ਉਹ ਬਚ ਗਿਆ। ਧੀ ਜੁਆਈ ਪੱਕੇ ਓਹਦੇ ਕੋਲ ਆ ਕੇ ਰਹਿਣ ਲੱਗ ਪਏ, ਓਹਨਾਂ ਦੀ ਸੇਵਾ-ਸੰਭਾਲ ਤੇ ਮਾਲਸ਼ਾਂ ਨਾਲ ਘਣ ਸਿਹੁੰ ਕਿਰਿਆ ਸੰਭਾਲਣ ਜੋਗਾ ਹੋ ਗਿਆ।

****

ਥੱਕ ਹਾਰ ਕੇ ਘਣ ਸਿਹੁੰ ਫੇਰ ਮੰਜੇ ਬੈੱਡ ’ਤੇ ਟੇਢਾ ਹੋ ਕੇ ਡਿੱਗ ਪਿਆ... ਗੈਲਰੀ ਵਿੱਚੋਂ ਮਿੰਦ੍ਹੋ ਤੇ ਸਾਹਬੇ ਦੀ ਅਵਾਜ਼ ਨਾਲ ਉਹ ਚੁਕੰਨਾ ਹੋ ਗਿਆ। ਮਿੰਦ੍ਹੋ ਸਾਹਬੇ ਦੀ ਬੁਚਕਾਰ ਕੇ ਡਾਂਟ-ਡਪਟ ਕਰ ਰਹੀ ਸੀ।

“ਕਿਉਂ ਕੁੜੀਏ, ਜੁਆਕ ਦੀ ਛੋਤ ਲਾਹੁੰਦੀ ਰਹਿੰਦੀ ਐਂ... ਆ ਜਾ ਮੇਰਾ ਪੁੱਤ, ਮੈਨੂੰ ਦੱਸ ਕੀ ਚਾਹੀਦਾ ਐ?”

ਗੁਰਸਾਹਿਬ ਮਾਂ ਤੋਂ ਗੁੱਟ ਛੁਡਾ ਕੇ ਨਾਨੇ ਕੋਲ ਭੱਜ ਆਇਆ। “ਕਿਉਂ ਪੁੱਤ ਕੋਈ ਬਾਤ-ਕਥਾ ਸੁਨਣੀ ਐਂ... ਕਿ ਕੋਈ ਹੋਰ ਗੱਲ ਮਸਲਾ ਐ...?”

“ਐਵੇਂ ਭੌਂਕਦਾ ਐ ਬਾਪੂ... ਗੁੜ ਦੀ ਚੂਰੀ ਕੁੱਟ ਕੇ ਖਵਾਈ ਐ... ਹੁਣ ਹੋਰ ਕੁਰ-ਕੁਰੇ, ਕੁਲਫੀਆਂ ਭਾਲਦੈ...। ਵੇਖ ਕਿਵੇਂ ਦੂਜੇ ਜੁਆਕਾਂ ਦੀਆਂ ਰੀਸਾਂ ਕਰਦੈ... ਜਿਵੇਂ ਪਿਉ ਦੀ ਇੰਗਲਿਸ ਆਉਂਦੀ ਹੋਵੇ।”

“ਬਸ ਐਨੀ ਕੁ ਗੱਲ ਪਿੱਛੇ...।”

“ਲੈ ਪੁੱਤ ਗੁਰਸਾਹਿਬ ਸਿਆਂ ਮੇਰੀ ਸੁਣ ਤੂੰ ਗੱਲ...। ਨਾ ਤੈਨੂੰ ਹੱਟੀ ਉੱਤੇ ਜਾਣ ਦੀ ਲੋੜ ਨਾ ਭੱਠੀ ਉੱਤੇ...। ਮੇਰੇ ਸਰ੍ਹਾਣਿਓਂ ਕੱਢ ਬਟੂਆ, ਫੜ ਪੈਸੇ... ਤੇ ਹਾਂਅ ਪੁੱਤ ਸਿੱਧਾ ਗੁਰੂ-ਘਰ ਵਗ ਜਾਹ... ਆਹ ਦੋ ਰਪੀਏ ਦੇ ਢਾਲੇ ਨਾਲ ਮੱਥਾ ਟੇਕੀਂ ਤੇ ਆਹ ਪੰਜਾਹਾਂ ਦੇ ਨੋਟ ਨਾਲ ਗੁੰਬਦ ਦੀ ਸੇਵਾ ਦੀ ਪਰਚੀ ਕਟਵਾ ਲਵੀਂ... ਮੇਰਾ ਨਾਂਅ ਲੈ ਦੇਈਂ... ਓਥੇ ਸਭ ਜਾਣਦੇ ਐ...। ਤੇ ਫੇਰ ਤੈਨੂੰ ਓਥੇ ਮਿਲਣਗੀਆਂ ਜਲੇਬੀਆਂ ਤੇ ਦੁੱਧ ਦਾ ਲੰਗਰ ਛਕਣ ਨੂੰ... ਤੇ ਪੁੱਤ ਔਹ ਪੰਨੀ ਵਾਲਾ ਲਫ਼ਾਫ਼ਾ ਗੀਝੇ ਵਿੱਚ ਪਾ ਲੈ... ਪੰਜ-ਚਾਰ ਮੇਰੇ ਵਾਸਤੇ ਵੀ ਲੈਂਦਾ ਆਈਂ... ਸਮਝਿਆ ਮੇਰਾ ਪੁੱਤ...। ਪਰ ਛੱਪੜ ਵਾਲੀ ਗਲੀ ਨਾ ਜਾਈਂ... ਸਿੱਧਾ ਸੜਕ ਦੇ ਥੱਲੇ-ਥੱਲੇ ਗੁਰੂ-ਘਰ ਜਾਈਂ। ਐਵੇਂ ਸੱਟ-ਫੇਟ ਖਾ ਕੇ ਮੈਨੂੰ ਉਲ੍ਹਾਂਭਾ ਨਾ ਦਿਵਾਈਂ...।”

ਜਲੇਬੀਆਂ ਦਾ ਤਸੱਵਰ ਕਰਕੇ ਘਣ-ਸਿਹੁੰ ਨੇ ਖ਼ੁਸਕ ਹੋਏ ਬੁੱਲ੍ਹਾਂ ਉੱਤੇ ਜੀਭ ਫੇਰ ਮਿਠਾਸ ਮਹਿਸੂਸ ਕੀਤੀ ਤੇ ਸਾਹਬੇ ਨੂੰ ਤੁਰਦੇ ਹੋਏ ਨੂੰ ਕਿਹਾ, “ਫੇਰ ਤੂੰ ਮੈਨੂੰ ਜਦੋਂ ਜਲੇਬੀਆਂ ਦਾ ਪ੍ਰਛਾਦ ਛਕਾਵੇਂਗਾ, ਫੇਰ ਤੈਨੂੰ ਮੈਂ ਸੁਣਾਊਂ ਬਾਤਾਂ-ਸਟੋਰੀਆਂ...।”

ਸਾਹਬਾ, ਗੈਲਰੀ ਵਿੱਚੋਂ ਮੋਟਰਸਾਈਕਲ ਦਾ ਪੋਜ਼ ਬਣਾਉਂਦਾ... ਕਿੱਕ ਮਾਰਦਾ, ਖੱਬੇ ਪੈਰ ਨਾਲ ਗੇਅਰ

ਬਦਲਣ ਦਾ ਤੇ ਸੱਜੇ ਹੱਥ ਨਾਲ ਹੈਂਡਲ ਦੀ ਰੇਸ ਘੁਮਾਉਣ ਦਾ ਡਰਾਮਾ ਕਰਦਾ... ਮੂੰਹ 'ਚੋਂ ਗੁਰੜ-ਗੁਰੜ ਦੀ ਅਵਾਜ਼ ਕੱਢਦਾ, ਗੁਰਦਵਾਰੇ ਵੱਲ ਸ਼ਕਾਟਾ ਪਾ ਗਿਆ। ਘਣ ਸਿਹੁੰ ਜਲੇਬੀਆਂ ਦੀ ਉਡੀਕ ਕਰਨ ਲੱਗ ਪਿਆ।

"ਕਿਉਂ ਬਾਪੂ? ਐਡਾ ਵੱਡ੍ਹਾ ਪਿੰਡ ਨਗਰ ਐ... ਸੁਖ ਨਾਲ ਜ਼ਮੀਨਾਂ ਜਾਇਦਾਤਾਂ ਵਾਲਿਆਂ ਦੀਆਂ ਤਿੰਨ ਪੱਤੀਆਂ ਹਨ। ਇਹ ਗੁਰੂ ਘਰ ਦਾ ਕੰਮ ਇੱਕੋ ਵੇਲੇ ਕਿਉਂ ਨ੍ਹੀਂ ਨਬੇੜ ਲੈਂਦੇ... ਕਦੇ ਹਾਲ ਦੀ ਸੇਵਾ - ਕਦੇ ਲੰਗਰ ਦੀ ਸੇਵਾ- ਕਦੇ ਨਿਸ਼ਾਨ ਸਾਹਬ ਦੀ ਤੇ ਕਦੇ ਗੁੰਮਟ ਦੀ...। ਪਰਸੋਂ ਮੈਂ ਵਾਟਰ ਵਰਕਸ ਵਿੱਚ ਦੀ ਲੰਘ ਕੇ ਆਈ ਸੀ। ਉੱਥੇ ਬੋਦੇ ਵਾਲਾ ਪੰਡਤ ਤੇ ਥਲੀਵਾਲੇ ਵਾਲੇ ਮੇਘਵਾਲਾਂ ਦੇ ਬੰਦੇ, ਗੱਲਾਂ ਕਰੀ ਜਾਂਦੇ ਸੀ... ਬਈ ਰਾਮ ਦੇਵ ਵਾਲੇ ਮੰਦਰ 'ਚ ਵੀ ਨਵੀਂ ਵੱਡੀ ਬਾਬੇ ਦੇ ਘੋੜੇ 'ਤੇ ਸਵਾਰ ਹੋਣ ਵਾਲੀ ਮੂਰਤੀ ਦੀ ਸਥਾਪਨਾ ਕਰਨੀ ਐ... ਹਾੜ੍ਹੀ ਨਿਕਲਣ ਪਿੱਛੋਂ ਟਰਾਲੀ ਤੋਰਾਂਗੇ... ਉਗਰਾਹੀ ਵਾਸਤੇ...। ਹੈਂਅ, ਤੂੰ ਮੈਨੂੰ ਦੱਸ ਬਈ ਸਾਡੇ ਆਂਗਣਵਾੜੀ ਸੈਂਟਰ ਦੇ ਇੱਕ ਕਮਰੇ ਦੀ ਤਾਂ ਛੱਤ ਡਿੱਗੀ ਪਈ ਤੇ ਚਾਰ ਕਣੀਆਂ ਪੈਣ 'ਤੇ ਵਰਾਂਡਾ ਤ੍ਰਿੱਪ ਤ੍ਰਿੱਪ ਕਰਨ ਲੱਗ ਪੈਂਦਾ ਐ... ਜਵਾਕ ਵਿਚਾਰੇ ਭਿਜਦੇ ਫਿਰਦੇ ਐ... ਓਹਦੀ ਕਾਰ ਸੇਵਾ ਨਾ ਪਿੰਡ ਕਰਦੈ ਨਾ ਸਰਕਾਰ ਕਰਦੀ ਹੈ।"

"ਪੁੱਤ ਮਿੰਦ੍ਰੋ... ਗੁਰੂ ਘਰ ਦੇ ਕੰਮ ਵੱਡੇ ਹੁੰਦੇ ਐ। ਇਹ ਕਿਹੜਾ ਕਿਸੇ ਜੱਟ-ਜਿਮੀਂਦਾਰ ਦੀ ਕੋਠੀ ਪਾਉਣੀ ਹੁੰਦੀ ਐ... ਬਈ ਕੰਮ ਇੱਕ ਜਾਂ ਦੋ ਕਿਸ਼ਤਾਂ 'ਚ ਨਿੱਬੜ ਜਾਊ। ਏਹ ਤਾਂ ਪੁੱਤ ਸੇਵਾ ਦੇ ਚਲਦੇ ਵਹੀਰ ਹੁੰਦੇ ਐ... ਸੰਗਤ ਦਾ ਪੈਸਾ... ਸੰਗਤ ਦੀ ਸੇਵਾ। ਜੇ ਇੱਕ ਕੰਮ ਮੁੱਕ ਜਾਵੇ, ਦੂਜਾ ਤੋਰ ਲਿਆ ਜਾਂਦਾ... ਨਹੀਂ ਪੁਰਾਣੇ ਨੂੰ ਢਾਹ ਕੇ ਨਵਾਂ ਵਿੱਢ ਲਿਆ ਜਾਂਦਾ ਹੈ।"

"ਪਰ ਬਾਪੂ ਵੇਖ ਤੂੰ ਬਈ ਕਣਕਾਂ ਤਾਂ ਰੰਗ ਵਟਾਈ ਬੈਠੀਆਂ... ਉੱਤੋਂ ਕੰਮ ਦੀ ਰੁੱਤ ਆਉਂਦੀ ਜਾਂਦੀ ਐ... ਇਹ ਫੱਗਣ ਦੀ ਵੇਹਲ 'ਚ ਕੰਮ ਵਿੱਢ ਲੈਂਦੇ...।"

"ਪੁੱਤ ਮਿਸਤਰੀਆਂ ਦਾ ਠੇਕਾ ਹੋਊ... ਗੁੰਮਟ ਦਾ ਕੰਮ ਉਚਾਈ ਗੋਲਾਈ ਵਾਲਾ ਹੁੰਦਾ ਐ... ਇਹ ਠਰੰਮੇ ਨਾਲ ਈ ਚਲਦਾ ਹੁੰਦਾ... ਵੇਖਿਆ ਨ੍ਹੀਂ ਮੰਦਰ ਦਾ ਕਿੰਨੇ ਚਿਰ 'ਚ ਬਣਿਆ ਸੀ। ਏਸ ਕੰਮ 'ਚ ਬਾਹਲੇ ਸੇਵਾਦਾਰਾਂ ਦੇ ਝੁਰਮਟ ਦੀ ਲੋੜ ਨ੍ਹੀਂ ਪੈਂਦੀ।"

ਸਾਹਬਾ ਜਦੋਂ ਗੁਰਦਵਾਰੇ ਪਹੁੰਚਿਆ ਤਾਂ ਚਹਿਲ-ਪਹਿਲ ਵੇਖ ਕੇ ਅਚੰਭਿਤ ਹੋ ਗਿਆ। ਗੁਰੂ ਘਰ ਦੀ ਦੁੱਧ ਚਿੱਟੀ ਲਿਸ਼ਕਦੀ ਇਮਾਰਤ ਤੇ ਚਿਲਕੋਰਾਂ ਮਾਰਦੇ ਹਾਲ ਦੇ ਸੰਗਮਰਮਰੀ ਮੁੱਖ ਦਵਾਰ ਤੇ ਫ਼ਰਸ਼ ਦੀ ਚਮਕ ਤੋਂ ਬਚਣ ਲਈ ਇੱਕ ਪਾਸੇ ਬੋਹੜ ਥੱਲੇ ਕੁਰਸੀਆਂ, ਮੰਜਿਆਂ 'ਤੇ ਬਣੇ ਸੰਵਰੇ ਬੀਬੇ ਬੰਦੇ ਬੈਠੇ ਸਨ। ਕੋਲ ਹੀ ਗੁਰਦਵਾਰੇ ਦੇ ਪ੍ਰਧਾਨ ਸਾਹਬ ਨਾਲ ਬੈਠਾ ਖ਼ਜ਼ਾਨਚੀ ਪਰਚੀਆਂ ਕੱਟ ਰਿਹਾ ਸੀ। ਮੂੰਹ-ਸਿਰ ਮੁੰਨੇ ਮੁੰਡੇ-ਖੁੰਡੇ ਗੱਭਰੂ, ਸਿਰਾਂ ਉੱਤੇ ਪਰਨੇ ਬੰਨ੍ਹੀ, ਪੈੜਾਂ ਦਾ ਸਮਾਨ ਮਿਸਤਰੀਆਂ ਕੋਲ ਪਹੁੰਚਾ ਰਹੇ ਸਨ। ਮਿਸਤਰੀ ਜੇ ਦੋ ਬਾਂਸ ਜਾਂ ਲੋਹੇ ਦੀਆਂ ਪਾਈਪਾਂ ਦਾ ਬਣਿਆ ਇੱਕ ਚੌਖਟਾ ਮੰਗਦਾ ਸੀ, ਤਾਂ ਉਹ ਚਾਰ ਚੀਜ਼ਾਂ ਓਹਦੇ ਮੂਹਰੇ ਧਰ ਦਿੰਦੇ ਸਨ। ਜੇ ਦਸ ਵੀਹ ਇੱਟਾਂ ਦੀ ਮੰਗ ਕਰਦਾ ਸੀ ਤਾਂ ਸੌ ਇੱਟ ਦਾ ਢੇਰ ਲੱਗ ਜਾਂਦਾ ਸੀ। ਜੇ ਦੋ ਬਾਲਟੀਆਂ, ਇੱਟਾਂ ਤਰ ਕਰਨ ਵਾਸਤੇ ਆਖਦਾ ਸੀ ਤਾਂ ਵੀਹ ਬਾਲਟੀਆਂ ਨਾਲ ਚਿੱਕੜ ਹੋ ਜਾਂਦਾ ਸੀ। ਅਖੀਰ ਮਿਸਤਰੀ ਜੋ ਹਰਿਆਣੇ ਤੋਂ ਆਇਆ ਸੀ, ਨੇ ਪ੍ਰਧਾਨ ਨੂੰ ਕਿਹਾ, "ਬਾਬਾ ਜੀ, ਨਿਊਂ ਕਾਮ ਕੈਸੇ ਚਲੇਗਾ, ਯੂੰ ਤੋ ਸਾਰਾ ਕਾਮ ਗੜਬੜਾ ਜਾਏਗੋ... ਇਨ ਲੜਕੋਂ ਕੋ ਕਾਬੂ ਕਰੋ ਥਮ।"

"ਕੋਈ ਨ੍ਹੀਂ ਠੇਕੇਦਾਰੋ, ਦੁੱਧ ਜਲੇਬੀਆਂ ਛਕੀਆਂ, 'ਕੇਰਾਂ ਤਾਂ ਏਹ ਜ਼ੋਰ ਮਾਰਨਗੇ ਹੀ... ਪਰ ਕਰਦੇ ਆਂ ਏਹਨਾਂ ਦਾ ਕੋਈ ਬੰਦੋਬਸਤ।"

"ਓਏ ਭਾਈ ਮੁੰਡਿਓ... ਓ ਬਾਈ ਨਛੱਤਰਾ... ਤੁਸੀਂ ਭਾਈ ਦੋ ਟਰੈਕਟਰ ਟਰਾਲੀਆਂ ਲੈ ਜਾਓ ਤੇ ਟਿੱਬੇ ਤੋਂ ਚਾਰ ਗੇੜੇ ਰੇਤੇ ਦੇ ਲੈ ਆਓ... ਗੁੰਬਦ ਦੀ ਗੋਲਾਈ ਦਾ ਕਾਲਬ ਕਰਨ ਵਾਸਤੇ ਰੇਤ ਦੀ ਲੋੜ

ਪਊ... ਜਾਓ ਮੇਰੇ ਸ਼ੇਰ... ਏਥੇ ਤਾਂ ਦਸ ਜਣੇ ਹੀ ਵਾਧੂ ਰਹਿਣਗੇ... ਬਾਕੀ ਅਸੀਂ ਬੈਠੇ ਹਾਂ? ਜੇ ਲੋੜ ਪਊ ਤਾਂ...।"

ਨਛੱਤਰ ਨੇ ਜਦੋਂ ਕਈਆਂ ਨੂੰ ਸੱਦਿਆ ਤਾਂ ਉਹ ਇੱਕ ਦੂਜੇ ਦੇ ਹੁੱਜਾਂ ਮਾਰਨ ਲੱਗ ਪਏ ਤੂੰ ਜਾਹ, ਤੁਸੀਂ ਜਾਓ... ਅਸੀਂ ਇੱਥੇ ਸੇਵਾ ਕਰਾਂਗੇ... ਪਰ ਫੇਰ ਗ੍ਰੰਥੀ ਬਾਬੇ ਦੇ ਸਮਝਾਉਣ 'ਤੇ ਉਹ ਟਰੈਕਟਰਾਂ ਟਰਾਲੀਆਂ 'ਤੇ ਸਵਾਰ ਹੋ ਗਏ।

ਲੰਗਰ ਵਾਲੇ ਪਾਸੇ ਮਾਈਆਂ-ਬੀਬੀਆਂ, ਭਾਂਡੇ ਮਾਂਜਣ ਦੀ ਸੇਵਾ ਤੋਂ ਬਿਨਾਂ ਤਿੰਨ ਚੁਰਾਂ ਭਖਾਈ ਬੈਠੀਆਂ ਸਨ। ਇੱਕ ਉੱਤੇ ਦਾਲ ਵਾਲੀ, ਇੱਕ ਉੱਤੇ ਖੀਰ ਵਾਲੀ ਦੇਗ ਤੇ ਤੀਜੀ ਉੱਤੇ ਰੋਟੀਆਂ ਪਕਾਉਣ ਲਈ ਲੋਹ ਤਵੀ ਤਪ ਰਹੀ ਸੀ।

ਕਿਉਂਕਿ ਹਾਲ ਦੀ ਛੱਤ ਉੱਤੇ ਸੰਗਤ ਦਾ ਤੋਰਾ ਫੇਰਾ ਸੀ, ਏਸ ਕਰਕੇ ਗੁਰੂ ਸਾਹਿਬ ਦਾ ਪ੍ਰਕਾਸ਼ ਨਾਲ ਲਗਦੇ ਇੱਕ ਵਖਰੇ ਕਮਰੇ ਵਿੱਚ ਕਰ ਦਿੱਤਾ ਗਿਆ ਸੀ।

ਸਾਹਬੇ ਨੇ ਪਹਿਲਾਂ ਛੋਟੇ ਕਮਰੇ ਵਿੱਚ ਜਾ ਕੇ, ਮਾਹਰਾਜ ਅੱਗੇ ਦੋ ਰੁਪਏ ਦੇ ਸਿੱਕੇ ਨਾਲ ਮੱਥਾ ਟੇਕਿਆ... ਫੇਰ ਬਾਹਰ ਆ ਕੇ ਖ਼ਜ਼ਾਨਚੀ ਬਾਬੇ ਤੋਂ ਪੰਜਾਹ ਰੁਪਏ ਦੀ ਪਰਚੀ ਕਟਵਾਈ। ਗੀਝੇ ਵਿਚਲੀ ਪੰਨੀ ਨੂੰ ਟੋਹਿਆ ਤੇ ਜਲੇਬੀਆਂ ਦੀ ਤਲਾਸ਼ ਵਿੱਚ ਆਸੇ-ਪਾਸੇ ਨਿਗਾਹ ਘੁਮਾਈ। ਖਿੱਲਾਂ ਪਤਾਸਿਆਂ ਵਾਲੇ ਸਿਲਵਰ ਦੇ ਭਰੇ ਟੱਬ ਨਾਲ... ਵੱਡ ਅਕਾਰੀ ਪਰਾਂਤ ਵਿੱਚ ਜਲੇਬੀਆਂ ਦਾ ਰਸਾ ਤੇ ਕੁਝ ਕੁ ਟੁੱਟੀਆਂ ਫਾਂਕਾਂ... ਜਿਨ੍ਹਾਂ ਉੱਤੇ ਮੱਖੀਆਂ ਭਿਣਕ ਰਹੀਆਂ ਸਨ। ਇਹ ਵੇਖ ਕੇ ਓਹਦਾ ਮਨ ਮਸੋਸਿਆ ਗਿਆ।

" ...ਹਾਂ ਬਈ ਬਚੜਿਆ ਕੀ ਨਾਂਅ ਲਿਖਾਂ...?"

'ਜੀ ਮੇਰੇ ਬਾਪੂ ਨਾਨੇ ਘਣ ਸਿਹੁੰ ਦਾ ਜੀ।'

ਪ੍ਰਧਾਨ ਸਾਹਬ... ਨਿਸ਼ਾਨ ਸਾਹਬ ਦੀ ਉਚਾਈ ਤੇ ਗੁੰਬਦ ਦੀ ਉਚਾਈ ਦੀ ਗਿਣਤੀ-ਮਿਣਤੀ ਦਾ ਮਨ 'ਚ ਹਿਸਾਬ ਕਿਤਾਬ ਲਾ ਰਹੇ ਸਨ। ਪਰ ਪਰਚੀ ਕੱਟਣ ਦੀ ਗੱਲ ਸੁਣ ਕੇ ਉਹ ਮੁੜ ਆਪੇ ਵਿੱਚ ਆਏ ਤੇ ਪੁੱਛਿਆ...' 'ਕੀ ਨਾਂਅ ਲਿਆ ਛੋਟੂ ਨੇ... ਘਣ ਸਿਹੁੰ?" ਤੇ ਓਹਨਾਂ ਦੇ ਮੱਥੇ 'ਚ ਨਾਂਅ ਯਾਦ ਕਰਨ ਲਈ ਵੱਟ ਪੈ ਗਿਆ ਤੇ ਅੱਖਾਂ ਸੁੰਗੜ ਗਈਆਂ।

"ਓ ਤਾਇਆ ਜੀ, ਘਣ ਸਿਹੁੰ ਚਮਿਆਰ ਦਾ ਦੋਹਤਾ ਐ... ਕਿਉਂ ਦਿਮਾਗ 'ਤੇ ਬੋਝ ਪਾਇਆ ਐ।" ਇੱਕ ਟੇਢੀ ਪੱਗ ਵਾਲੇ ਮੁੱਛ ਫੁੱਟ ਨੇ ਕਿਹਾ।

"ਓਹ ਨਹੀਂ ਬਈ ਨਹੀਂ, ਇਹ ਲਫ਼ਜ ਨ੍ਹੀਂ ਵਰਤਣਾ... ਪਰਚੀ ਉਤੇ ਲਿਖੋ... ਘਣ ਸਿਹੁੰ ਰਮਦਾਸੀਆ ਸਿੱਖ।" ਪ੍ਰਧਾਨ ਸਾਹਬ ਨੇ ਝਿੜਕਿਆ।

" ਚਲੋ ਜੀ ਐਂ ਤਾਂ ਭਾਵੇਂ ਹਾਥੀ ਵਾਲੀ ਪਾਰਟੀ ਦੇ ਕਹਿਣ ਵਾਂਗੂੰ ਭਾਵੇਂ ਦਲਿਤ ਸਿੱਖ ਲਿਖ ਲਓ... ਗੱਲ ਤਾਂ ਇੱਕੋ ਈ ਐ।" ਮੁੱਛ ਫੁੱਟ ਵੱਟ ਖਾ ਕੇ ਬੋਲਿਆ। ਪਰ ਸਾਰੇ ਚੁੱਪ ਕਰ ਗਏ।

"ਓ ਦੋਹਤਵਾਨਾ ਸੁਣਾ ਤੇਰਾ ਨਾਨਾ ਕਿਵੇਂ ਤਕੜੈ ਹੁਣ? ਮਾੜਾ ਮੋਟਾ ਟੁਰ ਫਿਰ ਲੈਂਦਾ ਐ?" ਇੱਕ ਬਾਬੇ ਨੇ ਪੁੱਛਿਆ।

"ਊਂ ਤਾਂ ਜੀ ਠੀਕ ਐ- ਖਾ-ਪੀ ਲੈਂਦਾ। ਪਰ ਤੁਰਿਆ ਫਿਰਿਆ ਤਾਂ ਮਾੜਾ ਮੋਟਾ ਹੀ ਜਾਂਦਾ, ਬਹੁਤਾ ਤਾਂ ਪਿਆ ਈ ਰਹਿੰਦਾ...।"

" ਜੇ ਤਕੜਾ ਹੁੰਦਾ ਤਾਂ ਓਹਨੇ ਤਾਂ ਏਥੇ ਸੇਵਾ ਵਿੱਚ ਲਿਆ ਦੇਣੀਆਂ ਸੀ 'ਨ੍ਹੇਰੀਆਂ। ਵੇਖਿਆ ਨ੍ਹੀਂ ਸੀ ਪਹਿਲਾਂ ਕਿਵੇਂ ਤੜਕੇ ਤੋਂ ਲੈ ਕੇ ਛਿਪਦੇ ਤਕ ਉਹ ਪੌੜੀ ਤੋਂ ਤੇ ਬੱਠਲ ਉਹਦੇ ਸਿਰ ਤੋਂ ਨ੍ਹੀਂ ਲਹਿੰਦਾ ਸੀ।" ਬਾਬੇ ਨੇ ਸਾਰਿਆਂ ਨੂੰ ਸੁਣਾ ਕੇ ਆਖਿਆ।

"ਲੈ ਪੁੱਤ ਹੱਥ ਜੋੜ-ਪ੍ਰਛਾਦ ਲੈ ਲਾਅ।" ...ਸਾਹਬੇ ਦੇ ਨਿੱਕੇ ਹੱਥਾਂ 'ਚ ਖਿੱਲਾਂ ਪਤਾਸਿਆਂ ਦਾ ਭੋਰਾ

ਕੁ ਪ੍ਰਛਾਦ ਆਇਆ ਤੇ ਉਹ ਵੀ ਡੁੱਲ੍ਹਣ ਲੱਗ ਪਿਆ।

"ਓਏ ਖੜ੍ਹ ਜਾ ਕੇਰਾਂ...।" ਤੇ ਧਰਮਾਤਮਾ ਗਿਆਨੀ ਨੇ ਉਹਦੀ ਜੇਬ ਖੋਲ੍ਹ ਕੇ ਪ੍ਰਛਾਦ ਨਾਲ ਭਰ ਦਿੱਤੀ... "ਘਰੇ ਜਾ ਕੇ ਵੰਡ ਦੇਈਂ... ਆ ਹੱਥ ਵਾਲਾ ਹੁਣ ਛਕ ਲੈ।"

ਸਾਹਬੇ ਨੇ ਹੱਥ ਵਿਚਲਾ ਪ੍ਰਛਾਦ ਖਾਧਾ ਤੇ ਆਵਦੇ ਕਲਪਿਤ ਮੋਟਰਸਾਈਕਲ ਦੀ ਗੁਰਦਵਾਰੇ 'ਚੋਂ ਨਿਕਲਦੇ ਹੀ ਘਰ ਵੱਲ ਰੇਸ ਖਿੱਚ ਦਿੱਤੀ... ਹੁਰਰ... ਹੋਰਰ, ਟੀਂ-ਟੀਂ।

ਟੀਂ-ਟੀਂ ਸੁਣ ਕੇ ਘਣ ਸਿਹੁੰ ਨੇ ਕਿਹਾ, "ਲੈ ਮਿੰਦ੍ਹਰੋ ਮੈਨੂੰ ਮਾੜਾ ਜ੍ਹਾ ਸਹਾਰਾ ਦੇਈਂ ਬੈਠ ਜਾਵਾਂ... ਲਗਦੈ ਸਾਹਬਾ ਆ ਗਿਆ।"

ਸਾਹਬੇ ਨੇ ਆਉਣ-ਸਾਰ ਖਾਲੀ ਪੰਨੀ ਮੰਜੇ ਉੱਤੇ ਵਗਾਹ ਕੇ ਮਾਰੀ ਤੇ ਜੇਬ ਵਿੱਚੋਂ ਮੁੱਠੀ ਖਿੱਲਾਂ-ਪਤਾਸਿਆਂ ਦੀ ਕੱਢ ਕੇ ਘਣ ਸਿਹੁੰ ਵੱਲ ਹੱਥ ਕੀਤਾ... "ਲੈ ਬਾਪੂ ਛਕ ਲੈ ਜਲੇਬੀਆਂ... ਉੱਥੇ ਤਾਂ ਫਾਂਕ ਵੀ ਬਚੀ ਹੈਨੀ ਸੀ।"

ਹੈਰਾਨੀ ਤੇ ਉਦਾਸੀ ਦੇ ਆਲਮ ਵਿੱਚ ਡੁੱਬੇ ਘਣ ਸਿਹੁੰ ਨੇ ਆਪਣੇ ਆਪ ਨੂੰ ਸੰਭਾਲਿਆ।

"ਕੋਈ ਨ੍ਹੀਂ ਪੁੱਤ ਪ੍ਰਛਾਦ ਤਾਂ ਪ੍ਰਛਾਦ ਹੀ ਹੁੰਦਾ ਐ, ਕੀ ਜਲੇਬੀਆਂ ਦਾ ਤੇ ਕੀ ਪਤਾਸਿਆਂ ਦਾ... ਸਤਨਾਮ ਵਾਖਰੂ ਆਖ... ਜਲੇਬੀਆਂ ਦਾ ਵਰਤ ਗਿਆ ਹੋਊ... ਸੰਗਤ ਕਿਹੜਾ ਮਾਰ ਕੇ ਕਿਤੇ ਥੋੜ੍ਹੀ ਹੁੰਦੀ ਐ। ਹਾਂ ਜੇ ਮੈਂ ਹੁੰਦਾ ਤਕੜਾ-ਫੇਰ ਤੈਨੂੰ ਰਜਾ ਦਿੰਦਾ...।"

ਮਿੰਦ੍ਹਰੋ ਪ੍ਰਛਾਦ ਲੈ ਕੇ ਆਖਣ ਲੱਗੀ, "ਦੋ ਪਤਾਸੇ ਤੇਰੇ ਭਾਪੇ ਵਾਸਤੇ ਵੀ ਛੱਡ ਦੇਈਂ... ਮੈਂ 'ਕੇਰਾਂ ਔਹ ਦਲੀਆ, ਜਿਹੜਾ ਆਂਗਣਵਾੜੀ ਵਿੱਚੋਂ ਮੈਂ ਲਿਆਂਦਾ ਸੀ – ਸੁਸਰੀ ਪਈ ਐ ਓਹਦੇ 'ਚ, ਓਹਨੂੰ ਧੁੱਪੇ ਰੱਖ ਆਵਾਂ, ਨਾਲੇ ਦੋ ਬੁੱਕ ਗਾਂ ਨੂੰ ਨੀਰੇ ਤੇ ਭੁੱਕ ਆਵਾਂ... ਤੂੰ ਨਾਨੇ ਕੋਲ ਬੈਠ ਕੇ ਗੱਲਾਂ ਮਾਰ...।"

ਸਾਹਬਾ ਮੰਜੇ ਦੀ ਪੁਆਂਦੀ ਬੈਠ ਕੇ- ਰੋਸੇ ਜਿਹੇ ਵਿੱਚ ਲੱਤਾਂ ਮਾਰਣ ਲੱਗ ਪਿਆ।

"ਨਾ ਪੁੱਤ ਮੇਰੇ ਸੱਟ ਵੱਜੂਗੀ। ਕੋਈ ਨ੍ਹੀਂ ਰੁੱਸ ਨਾ... ਜਲੇਬੀਆਂ ਮੈਂ ਤੈਨੂੰ ਤੇਰੇ ਭਾਪੇ ਤੋਂ ਮੰਡੀਓਂ ਮੰਗਵਾ ਦੇਊਂ... ਪਹਿਲਾਂ ਤੂੰ ਇਉਂ ਦੱਸ ਵੀ ਗੁਰੂ-ਘਰ 'ਚ ਹੋਰ ਕੀ ਗੱਲਾਂਬਾਤਾਂ ਹੋਈ ਜਾਂਦੀਆਂ ਸੀ। ਫੇਰ ਮੈਂ ਤੈਨੂੰ ਕੋਈ ਕਥਾ ਕਹਾਣੀ ਸੁਨਾਊਂ।"

"ਗੱਲਾਂ-ਗੱਲਾਂ... ਓਥੇ ਆਂਹਦੇ ਸੀ ਬੀ ਗੁੰਬਦ ਦਾ ਕਲਸ ਨਿਸ਼ਾਨ ਸਾਹਬ ਤੋਂ ਦੋ ਕੁ ਫੁੱਟ ਨੀਵਾਂ ਹੋਊਗਾ। ਨਾਲੇ ਕਹਿੰਦੇ ਸੀ ਬਈ ਅਮਰ ਸਿਉਂ ਖਾਲਸੇ ਬਿਨਾਂ ਤਾਂ ਨਿਸ਼ਾਨ ਸਾਹਬ ਦਾ ਚੋਲਾ ਬਦਲਣਾ ਔਖਾ ਹੋਇਆ ਪਿਆ – ਬਾਹਰੋਂ ਸਿੰਘ ਸੱਦਣਾ ਪੈਣਾ ਤੇ ਗੁੰਬਦ ਦੇ ਕਲਸ ਦੀ ਸੇਵਾ-ਧੁਆਈ ਕਰਨੀ ਵੀ ਔਖੀ ਹੋਊ। ਫੇਰ ਕਹਿੰਦੇ ਨਿਸ਼ਾਨ ਸਾਹਬ ਉੱਤੇ ਪੀਹੜੇ 'ਤੇ ਬੈਠ ਕੇ ਚੜ੍ਹਨਾ ਪੈਂਦਾ ਐ – ਗੁੰਬਦ ਨੂੰ ਤਾਂ ਪੌੜੀ ਲੱਗ ਜਿਆ ਕਰੂ। ਮੈਂ ਚਿੱਤ 'ਚ ਆਖਿਆ ਬਈ ਪੌੜੀ ਨਾਲ ਤਾਂ ਵੱਡਾ ਹੋ ਕੇ ਮੈਂ ਵੀ ਕਲਸ ਨੂੰ ਕੱਚੀ ਲੱਸੀ ਨਾਲ ਧੋ ਆਇਆ ਕਰੂੰ... ਐਵੇਂ ਡਰੀ ਜਾਂਦੇ ਐ।"

'ਤੂੰ ਨਾ ਕਿਤੇ ਪੌੜੀ ਲਾ ਕੇ ਰੱਬ ਨੂੰ ਹੱਥ ਲਾ ਆਵੀਂ... ਵੇਖ ਕੀ ਗੱਲਾਂ ਕਰਦੈ... ਰਹਿਣ ਦੇ ਏਹੋ ਜੇ ਕੰਮਾਂ ਨੂੰ.. ਵੇਖਿਆ ਨ੍ਹੀਂ, ਬਚਾਰੇ ਅਮਰ ਖਾਲਸੇ ਦਾ ਹਾਲ...।"

ਮਿੰਦ੍ਹਰੋ ਨੇ ਸਾਹਬੇ ਨੂੰ ਵਖਰੀ ਕੌੜੀ-ਮਿੱਠੀ ਜਿਹੀ ਘੁਰਕੀ ਦਿੱਤੀ।

"ਕਿਉਂ-ਕਿਉਂ ਨਾਨਾ ਅਮਰ ਖਾਲਸਾ 'ਤਾਂਹ ਚੜ੍ਹਣ ਤੋਂ ਡਰਦਾ ਸੀ? ਕਿ ਮੰਮ੍ਹੀ ਐਵੇਂ ਮਾਰੀ ਜਾਂਦੀ ਐ?"

"ਓ ਨਹੀਂ ਬੱਚਾ-ਜੇ ਡਰਦਾ ਹੁੰਦਾ ਤਾਂ ਆਹ ਗੱਲ ਕਿਉਂ ਬਣਦੀ... ਨਿਡਰ ਹੋ ਕੇ ਈ... ਹੱਥ ਧੋ ਬੈਠਾ।"

"ਊਂਅ-ਊਂਅ ਬਾਪੂ ਮੈਨੂੰ ਤਾਂ ਉਹਦੀ ਪੂਰੀ ਗੱਲ ਸੁਣਾ।"

"ਨਾਂ ਬਾਪੂ ਏਹਨੂੰ ਨਾ ਦੱਸੀਂ... ਐਵੇਂ ਡਰ ਜਾਊਗਾ।"

'ਲੈ ਪਹਿਲਾਂ ਥੋਨੂੰ ਅਮਰ ਸਿਓਂ ਦੀ ਇੱਕ ਹੋਰ ਗੱਲ ਸਣਾਉਂਦਾ ਹਾਂ।"

"ਵੇਖ ਮਿੰਦ੍ਰੋ ਅਮਰ ਖਾਲਸਾ-ਅਮਰ ਖਾਲਸਾ ਹੀ ਸੀ... ਓਹਦੇ ਵਰਗਾ ਕੋਈ ਹੋਰ ਗੁਰੂ-ਭਗਤ ਵਿਰਲਾ ਹੀ ਮਿਲੂ। ਇੱਕ ਵਾਰੀ ਓਹਨੇ ਘਰੇ ਸਧਾਰਣ-ਪਾਠ ਖੁਲ੍ਹਵਾ ਲਿਆ... ਚਾਰ ਭਰਾ ਸੀ, ਜਿਮੀਂਦਾਰਾਂ ਦੇ ਮੁੰਡੇ ਤੇ ਇੱਕ ਉਹਨਾਂ ਦੀ ਬੁਢੜੀ ਮਾਈ। ... ਜਦੋਂ ਜੱਟਾਂ ਦੀ ਜ਼ਮੀਨ, ਪਹਿਲਾਂ ਵੰਡੀਦੀ, ਫੇਰ ਘਟਦੀ ਤੇ ਅਖੀਰ 'ਚ ਖੁਰ ਜਾਂਦੀ ਐ ਨਾ... ਫੇਰ ਜਿਮੇਂ ਹਨੇਰੀ 'ਚ ਅੱਕ ਦੀਆਂ ਕੁੱਕੜੀਆਂ ਦੇ ਫੰਬੇ ਉੱਡ ਕੇ ਖਿੰਡ ਜਾਂਦੇ ਐ, ਫੇਰ ਓਵੇਂ ਓਹਨਾਂ ਨਾਲ ਹੁੰਦੀ ਐ।"

ਇੱਕ ਤਾਂ ਟਰੱਕਾਂ 'ਤੇ ਚੜ੍ਹ ਗਿਆ, ਇੱਕ ਸ਼ਰੀਕੇ 'ਚ ਹੀ ਸੀਰ ਕੱਟਣ ਲੱਗ ਪਿਆ। ਤੀਜਾ ਜਗਸੀਰਾ ਪਿੰਡ 'ਚ ਟਰੈਕਟਰ ਚਲਾਉਣ ਦੀ ਦਿਹਾੜੀ ਜਾਂ ਵਰਕਸ਼ਾਪ ਵਿੱਚ ਕੰਮ ਧੰਦਾ ਕਰ ਛੱਡਦਾ ਸੀ। ਜਿਹੜਾ ਸੀਰੀ ਰਲ਼ਦਾ ਸੀ, ਓਹ ਵਿਆਹਿਆ ਸੀ, ਪਰ ਅੱਡ ਰਹਿੰਦਾ ਸੀ। ਜਗਸੀਰਾ ਤੇ ਅਮਰ ਆਵਦੀ ਮਾਂ ਨਾਲ ਰਹਿੰਦੇ ਸੀ। ਇਹ ਦੋਹੇਂ ਅਣ-ਵਿਆਹੇ ਸੀ।

ਲਓ ਜੀ ਪਾਠ ਖੁਲ੍ਹਵਾ ਲਿਆ, ਭਾਦੋਂ ਦੇ ਮਹੀਨੇ। ਅਮਰ ਤੇ ਉਹਦੀ ਬੁਢੜੀ ਮਾਂ ਭਾਈ ਜੀ ਦੀ, ਦੋਹੇਂ ਵੇਲੇ ਲੰਗਰ ਪ੍ਰਛਾਦੇ ਨਾਲ ਪੂਰੀ ਸੇਵਾ ਕਰਦੇ। ਜਗਸੀਰਾ ਜੀ ਕਰਦਾ, ਮੱਥਾ ਟੇਕ ਲੈਂਦਾ, ਨਹੀਂ ਕੰਮ ਤੋਂ ਆ ਕੇ ਥੱਕ ਟੁੱਟ ਕੇ ਪੈ ਜਾਂਦਾ।

ਪਾਠ ਖੁੱਲ੍ਹਵਾਉਣ ਤੋਂ ਤੀਜੇ ਦਿਨ ਦੀ ਗੱਲ ਹੋਣੀ ਐ... ਰਾਤ ਨੂੰ ਅੰਤਾਂ ਦਾ ਗੁੰਮ ਤੇ 'ਵਾਅ ਨੂੰ ਲੱਗਗੇ ਜਿੰਦਰੇ... ਘਰੇ ਜਿਹੜਾ ਇੱਕ ਚੱਕਮਾ ਪੱਖਾ; ਸੀ ਮੇਜ਼ ਵਾਲਾ, ਉਹ ਅਮਰ ਖਾਲਸੇ ਨੇ ਮਾਹਰਾਜ ਦੀ ਤਾਬਿਆ ਵਿੱਚ ਲਾਇਆ ਹੋਇਆ ਸੀ। ਜਦੋਂ ਸੀਰੇ ਤੇ ਬੁਢੜੀ ਮਾਈ ਨੂੰ ਮੱਛਰ ਪੱਟ-ਪੱਟ ਕੇ ਖਾਣ ਲੱਗ ਪਿਆ, ਨੀਂਦ-ਚੈਨ ਕਿਸੇ ਕੋਲ ਨਾ ਆਵੇ... ਤਾਂ ਭਾਈ ਜਗਸੀਰੇ ਨੇ ਅੰਦਰੋਂ ਪੱਖਾ ਚੱਕ ਲਿਆਂਦਾ ਤੇ ਬਾਹਰ ਵੇਹੜੇ ਵਿੱਚ ਲਾ ਲਿਆ। ਸੁੱਤੇ ਪਏ ਖਾਲਸੇ ਨੂੰ ਜਦੋਂ ਘੁੰਮਦੇ ਪੱਖੇ ਦੀ ਘੂੰ-ਘੂੰ ਤੇ ਠੰਡੀ ਹਵਾ ਆਈ ਤਾਂ ਓਹਦੀ ਅੱਖ ਖੁੱਲ੍ਹ ਗਈ। ਓਹਨੇ ਵੇਖਿਆ... ਹੈਂਅ... ਪੱਖਾ ਏਥੇ ਕਿਵੇਂ... ਬਾਬਾ ਜੀ ਦਾ ਸੁਖ ਆਸਨ ਅੰਦਰ ਤੇ ਪੱਖਾ ਏਥੇ ਕੌਣ ਚੱਕ ਲਿਆਇਆ... ਓਹਨੇ ਨਾਗ ਵਾਂਗ ਫੁੰਕਾਰਾ ਛੱਡਿਆ, ਮੂੰਹ 'ਚ ਕੌੜੀ ਬੁੜ-ਬੁੜ ਕੀਤੀ ਤੇ ਪੱਖਾ ਫੇਰ ਤਾਬਿਆ ਵਿੱਚ ਲਾ ਆਇਆ... ਜਦੋਂ ਕੱਚੀ ਨੀਂਦ ਟੁੱਟੀ ਤਾਂ ਅੱਗ ਬਬੂਲਾ ਹੋਇਆ 'ਸੀਰਾ ਪੱਖਾ ਫੇਰ ਬਾਹਰ ਚੱਕ ਲਿਆਇਆ। ... ਖਾਲਸਾ ਜਾਗਦਾ ਪਿਆ ਸੀ... ਜਦੋਂ ਪੱਖਾ ਚੱਲ ਪਿਆ ਤਾਂ ਉਹ ਡਾਂਗ ਲੈ ਕੇ 'ਸੀਰੇ ਦੇ ਸਰ੍ਹਾਣੇ ਜਾਅ ਖੜ੍ਹਿਆ... "ਜੇ ਮੈਂ ਧਲੀਰ ਕੇ ਤੇਰੇ ਸਿਰ 'ਚ ਇੱਕ ਛੰਡੀ ਨਾ... ਕੁੱਜੇ ਦੀਆਂ ਠੀਕਰੀਆਂ ਵਾਂਗੂੰ ਖਿਲਰ ਜਾਊਗਾ।... ਤੂੰ ਹੁੰਦਾ ਕੌਣ ਐਂ... ਗੁਰੂ ਮਾਹਰਾਜ ਦੀ ਤਾਬਿਆ 'ਚੋਂ ਪੱਖਾ ਚੱਕਣ ਵਾਲਾ.. ਸ਼ਰਮ ਕਰ ਕੰਜਰਾ... ਮਸਾਂ ਘਰੇ ਬਾਬੇ ਦੇ ਪੈਰ ਪਏ ਐ... ਸੇਵਾ ਤਾਂ ਕੀ ਕਰਨੀ ਸੀ, ਸਗੋਂ ਚਲਿੱਤਰ ਕਰਦੈ। ਤਾਹੀਓਂ ਤਾਂ ਘਰ ਨ੍ਹੀਂ ਵਸਦੇ ਮੂਰਖਾ... ਹੁਣ ਸੁਣ ਲੈ ਕੰਨ ਖੋਲ੍ਹ ਕੇ ਜਿੰਨਾ ਚਿਰ ਗੁਰੂ-ਮਾਹਰਾਜ ਦਾ ਘਰੇ ਵਾਸਾ ਐ, ਓਨਾ ਚਿਰ ਪੱਖਾ ਓਥੇ ਰਹੂਗਾ - ਮਗਰੋਂ ਜਿੱਥੇ ਤੇਰਾ ਚਿੱਤ ਕਰੇ ਲਾ ਲਵੀਂ।"

"ਨਾ ਮੇਰੇ ਪੁੱਤ ਨਾ ਅੱਧੀ ਰਾਤ ਨੂੰ ਕਲੇਸ਼ ਪਾਓ... ਦੁਨੀਆਂ ਤਾਂ ਅੱਗੇ ਨ੍ਹੀਂ ਜਿਉਣ-ਟਿਕਣ ਦਿੰਦੀ... ਕੱਟ ਲਓ ਮੇਰੇ ਪੁੱਤ ਸਬਰ ਕਰਕੇ... ਤੂੰ, ਪੁੱਤ ਜੱਗਸੀਰ ਤਹੰਮਲ ਰੱਖ।" ਮਾਂ ਨੇ ਆਵਦਾ ਤਰਲਾ ਕੀਤਾ।

"ਮਰਜ਼ੀ ਐ ਤੇਰੀ ਖਾਲਸਿਆ... ਹੈ ਤਾਂ ਮਾਹਰਾਜ ਦੀ ਦੇਹ ਕਾਗਤਾਂ ਦੀ... ਐਥੇ ਹੱਡ ਮਾਸ ਦੀਆਂ ਦੇਹਾਂ ਤੜਪੀ ਜਾਂਦੀਆਂ... ਚੱਲ ਜਿਵੇਂ ਤੂੰ ਖੁਸ਼ ਓਵੇਂ ਸਹੀ, ਪਰ...।" ਚਾਦਰ ਚੱਕ ਕੇ ਸੀਰਾ ਗਲੀ ਵੱਲ ਚੱਲ ਪਿਆ। ਮਾਂ ਦੇ ਚਿੱਤ ਦੀ ਤਾਂ ਰੱਬ ਹੀ ਜਾਣਦਾ ਸੀ।

"ਹਾਏ ਵੇ ਸਿਧਰਿਆ - ਵੇ ਬੇ-ਅਕਲਾ, ਮਾਹਰਾਜ ਦੇ ਅੰਗਾਂ ਨੂੰ ਕਾਗਤ ਕਹਿੰਦੇ ਨੂੰ ਤੈਨੂੰ ਸ਼ਰਮ ਨਾ ਆਈ... ਵੇ ਫੁੱਟੇ ਕਰਮਾਂ ਵਾਲਿਆ...।" ਫੇਰ ਖਾਲਸਾ ਗਰਜਿਆ, "ਜਾਂਦਾ ਰਹਿ ਓਏ ਮੇਰੀਆਂ ਅੱਖਾਂ ਤੋਂ

ਦੂਰ... ਕਿਤੇ ਹੋਰ ਈ ਨਾ ਕਿਸੇ ਦਾ ਭੋਗ ਪੈ ਜਾਵੇ।" ਖਾਲਸੇ ਨੇ ਭੋਗ ਤੱਕ ਪੱਖਾ ਤਾਬਿਆ ਵਿੱਚ ਹੀ ਰੱਖਿਆ। ਏਹੋ ਜੀ ਸ਼ਰਧਾ ਸੀ ਅਮਰ ਖਾਲਸੇ ਦੀ, ਭਾਈ ਗੁਰਸਾਹਿਬ ਸਿਆਂ...।"

"ਤੇ ਬਾਪੂ ਜਗਸੀਰਾ ਭੋਗ 'ਤੇ ਆਇਆ ਸੀ ਫੇਰ?"

"ਆਹੋ ਆ ਗਿਆ ਸੀ... ਸਮਝਾਉਣ ਬੁਝਾਉਣ 'ਤੇ...।"

"ਤੇ ਨਾਨਾ-ਬਾਪੂ ਬਣ ਕੇ ਉਹ ਨਿਸ਼ਾਨ ਸਾਹਬ ਵਾਲੀ ਗੱਲ ਵੀ ਸੁਣਾ ਦੇ ਜਿਹੜੀ ਮੰਮੀ ਤੈਨੂੰ ਸੁਣਾਉਣ ਤੋਂ ਰੋਕਦੀ ਐ... ਫੇਰ ਭਾਵੇਂ ਸੌਂ ਜਾਈਂ।"

ਓਹ... ਓਹ ਭਾਈ ਇਉਂ ਹੋਈ ਸੀ; ... ਬਈ ਅਮਰ ਸੋਂਅ ਖਾਲਸਾ ਨਿਡਰ ਤੇ ਨਿਧੜਕ ਬੜਾ ਸੀ। ਲਵੀ ਉਮਰ ਸੀ, ਜਵਾਨ ਤਕੜਾ ਸੀ। ਗੁਰੂ ਘਰ ਦਾ ਨਿੱਤ-ਨੇਮੀ ਸੀ। ਗੁਰੂ-ਘਰ ਦੇ ਕੰਮ ਧੰਦੇ ਕਰਕੇ ਹੀ ਓਹਦਾ ਗੁਜ਼ਾਰਾ ਤੁਰਿਆ ਜਾਂਦਾ ਸੀ। ਉਹ ਆਈ ਵਸਾਖੀ ਨੂੰ, ਨਿਸ਼ਾਨ ਸਾਹਬ ਉੱਤੇ ਚੋਲਾ ਚੜ੍ਹਾਉਣ ਦੀ ਸੇਵਾ ਕਰਦਾ ਹੁੰਦਾ ਸੀ। ਪਹਿਲਾਂ ਆਪਣੇ ਗੁਰੂ-ਘਰ ਦੀ, ਫੇਰ ਹੋਰ ਪਿੰਡਾਂ ਵਾਲੇ ਵੀ ਜਿਨ੍ਹਾਂ ਦੇ ਨਿਸ਼ਾਨ ਸਾਹਬ ਉੱਚੇ ਸਨ... ਉਹਨੂੰ ਲੈ ਕੇ ਜਾਣ ਲੱਗ ਪਏ। ਗੱਲ ਕੀ ਵਿਸਾਖੀ ਦੇ ਆਸੇ-ਪਾਸੇ ਦੇ ਦਿਨਾਂ ਵਿੱਚ ਉਹ ਪਹਿਲਾਂ ਪੱਕਾ ਕਰ ਲਿਆ ਜਾਂਦਾ ਸੀ।

ਸਾਲ ਭਰ ਦਾ ਸਾਰੇ ਟੱਬਰ ਦਾ ਲੀੜਾ-ਕਪੜਾ ਵੀ ਜੁੜ ਜਾਂਦਾ ਸੀ ਤੇ ਮਾਇਆ ਦਾ ਗੱਫਾ ਵੀ ਖਾਸਾ ਮਿਲ ਜਾਂਦਾ ਸੀ। ... ਨਾਲੇ ਪੁੰਨ ਨਾਲੇ ਫਲੀਆਂ...। ਅਸਲ 'ਚ ਆਪਣੇ ਪਿੰਡਾਂ 'ਚ ਨਿਸ਼ਾਨ ਸਾਹਬ ਦੀ ਉਚਾਈ ਦੀ ਹੋੜ ਜਿਹੀ ਲੱਗ ਗਈ ਸੀ। ਪੁਰਾਣੇ ਨਿਸ਼ਾਨ ਸਾਹਬ ਪਹਿਲਾਂ ਪਿੰਡਾਂ ਦੇ ਗੁਰੂ-ਘਰ ਦੀ ਛੱਤ ਉਤੇ ਹੀ ਜ਼ਿਆਦਾ ਹੁੰਦੇ ਸਨ। ਪਰ ਫੇਰ ਇਤਿਹਾਸਕ ਤੇ ਵੱਡੇ ਗੁਰੂ ਘਰਾਂ ਦੀ ਵੇਖਾ-ਵੇਖੀ ਵਖਰੇ ਥੜ੍ਹਾ ਸਾਹਬ ਬਣਾ ਕੇ ਨਿਸ਼ਾਨ ਸਾਹਬ ਲੱਗਣ ਲੱਗ ਪਏ...। ਸੱਠ-ਸੱਠ, ਸੱਤਰ-ਸੱਤਰ ਫੁੱਟ ਤੇ ਕਈ ਥਾਈਂ ਏਸ ਤੋਂ ਵੀ ਉੱਚੇ... ਸਿਰੇ ਉੱਤੇ ਖੰਡਾ ਸਾਹਬ 'ਤੇ ਲੈਟ, ਅੱਧ ਵਿਚਕਾਰ ਚੌਂ-ਮੁਖੀਏ ਸਪੀਕਰ ਫਿੱਟ ਕਰ ਦਿੱਤੇ ਜਾਂਦੇ ਐ... ਗੁਰਬਾਣੀ ਦੂਜੇ ਪਿੰਡ ਦੀ ਜੂਹ ਤੱਕ ਸੁਣਦੀ ਐ। ...ਤਰਨਤਾਰਨ ਵੰਨੀਂ ਦੇ ਮਾਹਰ ਮਿਸਤਰੀ ਫਿੱਟ ਕਰਕੇ ਜਾਂਦੇ ਐ। ਚਾਰੇ ਪਾਸੇ ਮਜਬੂਤ ਖਿੱਚਾਂ ਕਸ ਕੇ ਸਿੱਧਾ-ਸਤੰਕ ਖੜ੍ਹਾ ਕਰਕੇ ਜਾਂਦੇ ਐ। ... ਚਰਖੜੀ-ਪੀੜ੍ਹਾ ਤੇ ਭੌਣੀ ਦੀ ਤਾਰ ਦੀ ਸਹੀ ਫਿਟਿੰਗ ਕਰਕੇ ਜਾਂਦੇ ਐ, ਤੇ ਉਹਦੇ ਰੱਖ-ਰਖਾਅ, ਸਾਂਭ-ਸੰਭ੍ਹਾਲ ਦੀ ਗੱਲ ਵੀ ਸਮਝਾ ਕੇ ਜਾਂਦੇ ਐ।

ਪਰ ਸਾਹਬਿਆ ਪੁੱਤਰਾ, 'ਨ੍ਹੇਰੀਆਂ, ਝਖੇੜਿਆਂ ਨਾਲ ਨਿਸ਼ਾਨ ਸਾਹਬ ਝੂਲਦੇ ਰਹਿੰਦੇ ਐ ਤੇ ਉਨ੍ਹਾਂ ਦੀ ਕੋਈ ਨਾ ਕੋਈ ਖਿੱਚ ਢਿੱਲੀ ਪੈ ਜਾਂਦੀ ਐ। ਏਸ ਕਰਕੇ ਉੱਪਰਲੇ ਸਿਰੇ ਤੋਂ ਉਹ ਕਈ ਵਾਰੀ ਇੱਕ ਪਾਸੇ ਨੂੰ ਝੁਕ ਜਾਂਦਾ ਹੈ।... ਸਾਲਾਂ ਬੱਧੀ ਤਾਰ ਚਰਖੜੀ ਤੇ ਭੌਣੀ ਦੀ ਦੇਖ-ਰੇਖ ਰੱਖਣ 'ਚ ਪਿੰਡਾਂ ਦੇ ਲੋਕ ਅਣਗਹਿਲੀ ਘੌਲ ਕਰ ਜਾਂਦੇ ਐ।

ਬੱਸ ਇੱਕ ਵਿਸਾਖੀ ਨੂੰ ਖਾਲਸਾ ਆਪਣੇ ਪਿੰਡੋਂ ਚੋਲੇ ਦੀ ਸੇਵਾ ਕਰਕੇ ਨਾਲ ਦੇ ਪਿੰਡ ਚੋਲਾ ਚੜ੍ਹਾਉਣ ਵਗ ਗਿਆ... ਓਥੋਂ ਅੱਗੇ ਹੋਰ ਕਿਤੇ ਵੀ ਜਾਣਾ ਸੀ। ਓਸ ਪਿੰਡ ਵਾਲਿਆਂ ਨੇ ਆਖਿਆ, ਭਈ ਖਾਲਸਾ ਜੀ, ਤਾਰ-ਚਰਖੜੀ ਪੀੜ੍ਹੇ ਦੀ ਨਿਰਖ-ਪਰਖ ਕਰ ਲਓ... ਪਰ ਖਾਲਸਾ ਨਿਧੜਕ ਸੀ। ਉੱਤੋਂ ਅਗਲੇ ਪਿੰਡ ਜਾਣ ਦੀ ਕਾਹਲ ਵਿੱਚ ਸੀ। "ਬਸ ਨਿਰਖ ਪਰਖ ਕੀਤੀ ਪਈ ਐ... ਸਭ ਕੁਛ ਠੀਕ ਐ... ਤੁਸੀਂ ਪ੍ਰਵਾਹ ਨਾ ਕਰੋ... ਨਵਾਂ ਚੋਲਾ ਸਾਹਬ ਤਿਆਰ ਰੱਖੋ... ਓਨੇ ਚਿਰ ਨੂੰ ਮੈਂ ਪੁਰਾਣਾ ਉਤਾਰ ਲੈਂਦਾ ਹਾਂ।..."

"ਤੇ ਖਾਲਸਾ ਜੀ ਚਾਹ ਪਾਣੀ ਤਾਂ ਪੀ ਲੈਂਦੇ..."

"ਉਹ ਕੰਮ ਨਬੇੜ ਕੇ ਹੀ ਪੀਵਾਂਗੇ..." ਤੇ ਉਹ ਭਾਈ ਅਰਦਾਸ ਕਰਕੇ ਪੀਹੜੇ ਉੱਤੇ ਚੜ੍ਹ ਗਿਆ... ਹੇਠਲੇ ਪਾਸਿਓਂ ਚੋਲੇ ਦੀਆਂ ਤਣੀਆਂ ਖੋਲ੍ਹਦਾ ਗਿਆ... ਚਰਖੜੀ ਨੂੰ ਦੋ ਜਣੇ ਹੌਲੀ ਹੌਲੀ ਗੇੜਾ ਦੇਈ ਗਏ... ਸਭ ਕੰਮ ਠੀਕ ਚਲਦਾ ਰਿਹਾ...। ਪਰ ਉਤਲੇ ਪਾਸੇ ਜਾ ਕੇ, ਨਿਸ਼ਾਨ ਸਾਹਬ ਝੁਕਿਆ ਹੋਣ ਕਰਕੇ,

ਪੀਹੜਾ ਉਹਦੇ ਨਾਲ ਖਹਿਣ ਲੱਗ ਪਿਆ। ਪੀਹੜੇ ਨੂੰ 'ਤਾਂਹ ਚੜ੍ਹਾਉਣ ਵਾਲੀ ਤਾਰ-ਮੀਹਾਂ ਕਰਕੇ ਜੰਗਾਲੀ ਗਈ ਸੀ। ਜਦੋਂ ਪੀਹੜੇ ਨੇ ਨਿਸ਼ਾਨ ਸਾਹਬ ਦੀ ਪਾਈਪ ਨਾਲ ਰਗੜ ਖਾਧੀ ਤਾਂ... ਚਰਖੜੀ ਫੇਰਨ ਵਾਲਿਆਂ ਨੇ ਵੇਖਿਆ, 'ਬਈ ਤਾਰ ਉੱਤੋਂ ਭੁਰਨ ਲੱਗ ਪਈ ਐ...' ਓਹਨਾਂ ਰੋਕ ਕੇ ਆਖਿਆ... "ਬਈ ਚਰਖੜੀ ਘੁੰਮਣੀ ਔਖੀ ਹੋ ਗਈ ਐ... ਆਪਾਂ ਕੋਈ ਹੋਰ ਵਿਉਂਤ ਬਣਾਈਏ..." ਪਰ ਖਾਲਸਾ ਅੱਗੋਂ ਆਂਹਦਾ 'ਦੋ ਫੁੱਟ ਤਾਂ ਹੁਣ ਮੇਰੇ ਹੱਥ ਆਖਰੀ ਤਣੀ ਤੋਂ ਨੀਵੇਂ ਰਹਿ ਗਏ ਐ। ਇੱਕ ਜਣਾ ਹੋਰ ਲੱਗ ਜਾਓ... ਮਾਰੋ ਥੋੜ੍ਹਾ ਜਿਹਾ ਜ਼ੋਰ...।" ਬੱਸ ਫੇਰ ਭਾਈ ਸਾਹਬਿਆ, ਜਦੋਂ ਤਿੰਨਾਂ ਬੰਦਿਆਂ ਨੇ ਚਰਖੜੀ ਨੂੰ ਹੇਅ ਏ ਲੈਅ ਆਖ ਕੇ ਮਾਰਿਆ ਜ਼ੋਰ... ਤਾਰ ਸਿਖਰੋਂ ਟੁੱਟੀ ਤੇ ਪੀਹੜਾ ਪੁੱਠਾ ਹੋ ਕੇ... ਸਣੇ ਅਮਰ ਖਾਲਸੇ ਦੇ... ਭੁੰਜੇ ਪੱਕੇ ਸੰਗਮਰਮਰੀ ਫਰਸ਼ ਉੱਤੇ ਵੱਜਿਆ...। ਬੱਸ ਢਾਈ ਸਾਹ ਵੀ ਨ੍ਹੀਂ ਆਏ... ਸਿਰ ਖਖੜੀ ਵਾਂਗੂੰ ਫਿੱਸ ਗਿਆ, ਅੰਗ ਪੈਰ ਟੁੱਟੇ ਤਾਂ ਕਿਸੇ ਨੇ ਵੇਖੇ ਹੀ ਨਹੀਂ।

ਘਣ ਸਿਹੁੰ ਦੀ ਬੈਠਕ ਵਿੱਚ ਅਚਾਨਕ ਮਾਤਮ ਛਾ ਗਿਆ। ਸਾਹਬਾ ਡੌਰ-ਭੌਰ ਅੱਖਾਂ ਭਰੀ ਬੈਠਾ ਸੀ... ਮਿੰਦ੍ਹੋ ਚੁੰਨੀ ਦੇ ਪੱਲੇ ਨਾਲ ਅੱਖਾਂ ਤੇ ਨੱਕ ਪੂੰਝ ਰਹੀ ਸੀ... ਘਣ ਸਿਹੁੰ ਟਿਕ-ਟਿਕੀ ਲਾ ਕੇ ਛੱਤ ਵੱਲ ਵੇਖ ਰਿਹਾ ਸੀ।...ਫ਼ੇਰ ਓਥੋਂ ਦੀ ਪੰਚੈਤ ਆਪਣੇ ਪਿੰਡ ਆਈ... ਗਲਾਂ 'ਚ ਪਰਨੇ ਪਾਈ... ਹੱਥ ਜੋੜੀ ਆਪਣੇ ਗੁਰੂ ਘਰ 'ਚ ਘੋਰ ਉਦਾਸੀ 'ਚ ਵਾਰੋ ਵਾਰੀ ਮੁਆਫ਼ੀਆਂ ਮੰਗੀ ਜਾਣ... ਬਈ ਸਾਡੇ ਪਿੰਡ ਤੋਂ ਬੱਜਰ ਗੁਨਾਹ ਹੋ ਗਿਆ... ਕਰਨੀ ਤਾਂ ਮਾਹਰਾਜ ਦੀ... ਪਰ ਜੀ ਅਸੀਂ ਤਾਅ ਉਮਰ ਥੋਡੇ ਦੇਣਦਾਰ ਹਾਂ...। ਜਿਵੇਂ ਆਖੋ ਸਾਨੂੰ ਮੰਜੂਰ ...। ਪੁਲਸ ਵਾਲੇ ਵੀ ਚੁੱਪ ਚੁਪੀਤੇ ਪਾਸੇ ਖੜ੍ਹੇ ਸੀ। ਫੇਰ ਅਮਰ ਖਾਲਸੇ ਦੀ ਬੁਢੜੀ ਮਾਈ ਦੇ, ਓਹਨਾਂ ਦੀ ਪੰਚੈਤ ਪੈਰੀਂ ਪੈ ਗਈ...।

ਬੁਢੜੀ ਅੰਮਾਂ ਨੇ ਧਾਹ ਮਾਰੀ... ਹੋਣ-ਹਾਰ ਨੂੰ ਕੌਣ ਰੋਕ ਸਕਦੈ ਵੇ ਮੇਰੇ ਬਚੜਿਆ... ਪਰ ਤੇਰੀ ਜਾਨ 'ਖੀਰ ਨੂੰ ਗੁਰੂ ਦੇ ਲੇਖੇ ਲੱਗੀ ਵੇ ਮੇਰੇ ਜਿਗਰ ਦੇ ਟੋਟਿਆ... ਵੇ ਤੇਰੀ ਸੇਵਾ ਪੂਰੀ ਹੋਈ ਵੇ ਪੁੱਤਾ ਅਮਰ ਸਿਆਂ... ਵੇ ਅੱਜ ਅਮਰ ਹੋ ਗਿਆ ਵੇ ਅਮਰ ਸਿਹੁੰ ਲੋਕੋ...।

ਪੁਲਸ ਨੇ ਦਫ਼ਾ ਚਹੱਤਰ ਦੀ ਕਾਰਵਾਈ ਪਾਈ। ਦੋਹਾਂ ਪਿੰਡਾਂ ਦੀ ਸੰਗਤ ਦੀ ਹਾਜ਼ਰੀ ਵਿੱਚ ਸੰਸਕਾਰ ਹੋਇਆ। ਆਪਣੇ ਗੁਰੂ ਘਰ ਵਿੱਚ ਭੋਗ ਪਿਆ...। ਓਥੋਂ ਦੀ ਪੰਚੈਤ ਤੇ ਗੁਰੂ ਘਰ ਦੇ ਸ਼ਰਧਾਵਾਨਾਂ ਨੇ ਇੱਕ ਗੁਪਤ ਦਾਨ ਦੀ ਥੈਲੀ ਬੁਢੜੀ ਮਾਈ ਦੀ ਝੋਲੀ ਵਿੱਚ ਪਾਈ ਤੇ ਬਸ...।

" ...ਤੇ ਬਾਪੂ ਓਸ ਥੈਲੀ ਵਿੱਚੋਂ ਜਗਸੀਰੇ ਨੂੰ ਵੀ ਕੁਛ ਮਿਲਿਆ?"

"ਹਾਂ ਭਾਈ ਪੈਸਾ ਤਾਂ ਸਾਰਿਆਂ ਨੇ ਰਲ਼ ਕੇ ਹੀ ਵਰਤਿਆ, ਜਗਸੀਰਾ ਤਾਂ ਮੋਟਰਸਾਇਕਲ ਵੀ ਲੈ ਆਇਆ ਸੀ। ਅਮਰ ਸਿਹੁੰ ਤਾਂ ਜੱਗ ਤੋਂ ਜਾਂਦਾ ਹੋਇਆ ਵੀ ਏਹਨਾਂ ਦੇ ਪੈਰ ਲਾ ਗਿਆ।"

ਦਿਨ ਛਿਪਣ ਨੂੰ ਆ ਗਿਆ ਸੀ। ਵਾਟਰ ਵਰਕਸ ਵਿੱਚ ਹਵਾ ਅਹਿਲ ਹੋਣ ਕਰਕੇ ਦਰਖ਼ਤ ਅਡੋਲ ਸ਼ਾਂਤ ਖੜ੍ਹੇ ਸਨ, ਜਿਵੇਂ ਉਨ੍ਹਾਂ ਦੀ ਪੀਨਕ ਲੱਗੀ ਹੋਵੇ। ਪੰਛੀ ਚਿਚਲਾਹਟ ਪਾਉਂਦੇ ਹੋਏ ਓਹਨਾਂ ਵਿੱਚ ਬਣੇ ਆਹਲਣਿਆਂ ਵਿੱਚ ਪਰਤ ਰਹੇ ਸਨ। ਕੰਮ-ਕਾਰ ਵਾਲੇ ਬੰਦੇ ਦਿਹਾੜੀ ਖ਼ਤਮ ਕਰਕੇ, ਬਸਤੀ ਵਾਲੀ ਗਲੀ ਵਿੱਚ ਜਾਂਦੇ ਹੋਏ, ਕੋਈ ਥੱਕਣ ਹਾਰਣ ਦੀ, ਕੋਈ ਨਸ਼ੇ ਪੱਤੇ ਦੀ; ਕੋਈ ਘਰੇ ਸੌਦਾ ਪੱਤਾ ਲੈ ਜਾਣ ਦੀਆਂ ਗੱਲਾਂ ਕਰਦੇ ਜਾਂਦੇ ਸਨ।

ਗੁਰਨੈਬ ਨੇ ਵੀ ਘਰ ਪਰਤ ਕੇ, ਗੈਲਰੀ ਦੇ ਇੱਕ ਪਾਸੇ ਸਾਇਕਲ ਲਾ ਦਿੱਤਾ। ਕੋਈ ਖਾਣ ਪੀਣ ਵਾਲੀ ਚੀਜ਼ ਦੀ ਲਫ਼ਾਫ਼ੀ ਸਾਹਬੇ ਨੂੰ ਫੜਾ ਕੇ... ਘਣ ਸਿਹੁੰ ਨੂੰ ਓਹਦੇ ਖ਼ੂਨ ਦੀ ਰਿਪੋਟ ਦਾ ਕਾਗਜ਼ ਵਿਖਾ ਕੇ ਕਿਹਾ, "ਬਾਪੂ ਤੇਰਾ ਕਲੈਸਟਰੋਲ ਵਧਿਆ ਪਿਆ...ਖ਼ੂਨ ਗਾੜ੍ਹਾ ਹੈ... ਨਾਲੇ ਥੋੜ੍ਹਾ ਜਾਅ ਬਲੱਡ ਯੂਰੀਆ ਐਸਡ ਵਧ ਐ... ਤਾਹੀਏ ਹੱਥ-ਪੈਰ ਦੇ ਜੋੜਾਂ ਵਿੱਚ ਚੀਸ ਪੈਂਦੀ ਐ। ਆਹ ਗੋਲੀਆਂ ਦਾ ਪੱਤਾ ਦਿੱਤਾ... ਤੜਕੇ ਆਥਣੇ ਰੋਟੀ ਪਿੱਛੋਂ ਖਾਣੀ ਐ... ਠੀਕ ਹੋ ਜਾਵੇਂਗਾ।"

ਮਿੰਦ੍ਰੋ ਚੁੱਲ੍ਹੇ ਚੌਂਕੇ ਵਿੱਚ ਰੋਟੀ ਪਾਣੀ ਦੇ ਆਹਰ ਲੱਗ ਗਈ। ਸਾਹਬਾ ਕੁਝ ਖਾਂਦਾ ਹੋਇਆ ਰੌਲਾ ਪਾ ਰਿਹਾ ਸੀ। ਗਾਂ ਧਾਰ ਕਢਾਉਣ ਵਾਸਤੇ ਰਿੰਗ ਰਹੀ ਸੀ। ਆਂਢ-ਗੁਆਂਢ 'ਚ ਬਸਤੀ ਦੇ ਕੰਮ-ਕਾਜੀ ਲੋਕ ਘਰੇ ਪਰਤ ਆਏ ਸਨ ਤੇ ਸੰਧਿਆ ਵੇਲੇ ਦਾ ਰੌਲਾ-ਗੌਲਾ ਚੁੱਲ੍ਹਿਆਂ 'ਚੋਂ ਉਠਦੇ ਧੂੰਏਂ ਵਾਂਗ ਹੌਲੀ-ਹੌਲੀ ਉੱਚਾ ਹੋ ਰਿਹਾ ਸੀ।

ਜਦੋਂ ਰਹਿਰਾਸ ਸਾਹਬ ਦੇ ਨਿਤ-ਨੇਮ ਪਿੱਛੋਂ ਅਰਦਾਸ ਹੋਈ ਤੇ ਫਿਰ ਗੁੰਬਦ ਦੀ ਸੇਵਾ ਵਿੱਚ ਕੱਟੀਆਂ ਗਈਆਂ ਪਰਚੀਆਂ ਦੀ ਲੌਂਸਮੈਂਟ ਘਣ-ਸਿਹੁੰ ਦੇ ਕੰਨੀ ਪਈ ਤਾਂ ਓਹਨੇ ਸਾਫ਼ੇ ਦਾ ਲੜ ਖੱਬੇ ਕੰਨ ਉੱਤੋਂ ਚੁੱਕ ਕੇ ਆਖਿਆ; ਓਏ ਸਾਹਬਿਆ ਓਏ ਭਾਈ ਸਾਰੇ ਜਣੇ ਚੁੱਪ ਕਰੋ – ਸੇਵਾ ਦੀ ਲੌਂਸਮੈਂਟ ਹੋ ਰਹੀ ਐ। ਨਾਂਅ ਸੁਨਣ 'ਚ ਦਿੱਕਤ ਆਉਂਦੀ ਐ।... ਇੱਕ ਹਜ਼ਾਰ ਰੁਪਿਆ ਹਜ਼ਾਰਾ ਸਿੰਘ ਨੰਬਰਦਾਰ, ਪੰਜ ਸੌ ਰੁਪਏ... ਪੰਜ ਹਜ਼ਾਰ ਰੁਪਏ ਗੁਪਤ... ਦੋ ਸੌ ਰੁਪਏ ... ਇਕਵੰਜਾ ਹਜ਼ਾਰ ਰੁਪਏ ਪ੍ਰਧਾਨ ਸਾਹਬ... ਸੌ ਰੁਪਿਆ ਜੱਗਾ ਸਿਹੁੰ ਮਿਸਤਰੀ... ਵੀਹ ਰੁਪਏ ਭੀਖਾ ਰਾਮ ਮੋਚੀ... ਪੰਜਾਹ ਰੁਪਏ ਘਣ ਸਿਹੁੰ ਰਮਦਾਸੀਆ ਸਿੱਖ....।

"ਗੁਰਨੈਬ ਸਿਆਂ ਬੋਲ ਗਿਆ ਆਪਣਾ ਨਾਂਅ ਵੀ।"

"ਜਦੋਂ ਮਾਇਆ ਦਿੱਤੀ ਹੈ ਫੇਰ ਬੋਲਣਾ ਹੀ ਸੀ ਬਾਪੂ।"

"ਪਰ ਤੂੰ ਨੈਬ ਸਿਆਂ ਪੁੱਤ, ਗੁਰੂ ਘਰ ਦੀ ਏਹ ਸਿਫ਼ਤ ਵੇਖ... ਬਈ ਭਾਵੇਂ ਲੱਖ ਦਿੱਤਾ ਹੋਵੇ, ਭਾਵੇਂ ਟਕਾ ਦਿੱਤਾ ਹੋਏ... ਨਾਂਅ ਸਭ ਦਾ ਵਾਰੀ ਸਿਰ ਬੋਲਦਾ ਹੈ... ਕੋਈ ਫਰਕ... ਦਰਿਓਤ ਨਹੀਂ ਹੁੰਦੀ...।"

"ਸਹੀ ਗੱਲ ਐ ਤੇਰੀ ਬਾਪੂ... ਇਹੀ ਆਪਣੇ ਧਰਮ ਦੀ ਵੱਡੀ ਵਡਿਆਈ... ਖ਼ੂਬੀ ਐ।"

"ਤੇ ਓਥੇ ਪੁੱਤ, ਜਿੱਥੇ ਤੂੰ ਕੰਮ ਕਰਦੈਂ... ਓਥੇ ਕੀ ਬਣਦਾ ਐ?"

"ਓਥੇ ਬਾਪੂ... ਇੱਕ ਛੋਟੀ ਜ੍ਹੀ ਡਿਸਪੈਂਸਰੀ ਐ ਦਵਾਈ ਬੂਟੀ ਵਾਲੀ, ਜਿੱਥੇ ਡਾਕਟਰ ਬੈਠ ਕੇ ਮਰੀਜ਼ਾਂ ਨੂੰ ਵੇਖਦਾ ਹੈ। ਇੱਕ ਕਮਰਾ ਟੈਸਟਾਂ ਵਾਲੀ ਲਬਾਰਟਰੀ ਦਾ ਹੈ... ਹੁਣ ਚਾਰ ਕਮਰਿਆਂ ਦੇ ਸਕੂਲ ਦੀ ਵਿੱਢ ਵਿੱਢੀ ਹੋਈ ਐ। ਬਿਲਡਿੰਗ ਬਣੀ ਜਾਂਦੀ ਐ। ਵਿੱਚੇ ਆਖਦੇ ਐ ਬਈ ਇੱਕ ਕਮਰਾ ਸਿਲਾਈ ਸੈਂਟਰ ਵਾਲਾ ਵੀ ਬਣਨਾ। ਇੱਕ ਹਾਲ ਤਾਂ ਪਹਿਲਾਂ ਬਣਿਆ ਹੀ ਹੋਇਆ ਹੈ, ਜਿੱਥੇ ਉਹ ਐਤਵਾਰ ਨੂੰ ਸਭਾ ਲਾਉਂਦੇ ਐ।"

"ਤੇ ਪੁੱਤ ਸਭਾ 'ਚ ਕੀ ਹੁੰਦਾ ਐ... ਕੀਰਤਨ ਵਗੈਰਾ...?"

"ਨਹੀਂ ਬਾਪੂ ਓਹ ਆਵਦੇ ਗੁਰ-ਪੀਰਾਂ – ਧਰਮ ਦੀਆਂ, ਕਰਾਇਸਟ ਦੀਆਂ ਸਾਖੀਆਂ ਸੁਣਾਉਂਦੇ ਐ... ਕਥਾ-ਕੁਥਾ ਕਰਦੇ ਐ... ਹੋਰ ਕੀ... ਬਾਕੀ ਮੈਂ ਤਾਂ ਕਦੇ ਬਹੁਤਾ ਸੁਣਦਾ ਨ੍ਹੀਂ, ਧਿਆਨ ਨਹੀਂ ਦਿੰਦਾ...।"

"ਤੇ ਨੈਬ ਸਿਆਂ, ਫੇਰ ਓਥੇ ਸੇਵਾ ਲਈ ਮਾਇਆ ਨਗਰ-ਖੇੜੇ ਵਿੱਚੋਂ ਆਉਂਦੀ ਐ... ਆਪਣੇ ਵਾਂਗੂੰ ਲੌਂਸਮੈਂਟ ਹੁੰਦੀ ਹੈ ਕਿ ਗੁਪਤ ਸੇਵਾ ਹੀ ਚਲਦੀ ਹੈ?"

ਅੱਕੇ ਜਿਹੇ ਗੁਰਨੈਬ ਨੇ ਜਵਾਬ ਦਿੱਤਾ..., "ਬਾਪੂ ਗੁਪਤ ਸੇਵਾ ਈ ਲਗਦੀ ਐ, ਮੈਂ ਤਾਂ ਕਦੇ ਸੇਵਾ ਦੀ ਪਰਚੀ ਕੱਟਦੀ ਵੇਖੀ ਨਹੀਂ... ਹਾਂ ਟੈਸਟਾਂ ਦੇ ਪੈਸੇ ਥੋਹੜੇ ਜਿਹੇ ਜ਼ਰੂਰ ਲੈਂਦੇ ਐ... ਦਵਾਈ ਵੀ ਅੱਧ ਮੁੱਲ ਉੱਤੇ ਦਿੰਦੇ ਐ... ਮਰੀਜ਼ ਬਥੇਰੇ ਆਉਂਦੇ ਐ...।"

"ਵੇਖੋ ਭਾਈ ਜੇ ਏਹ ਕੰਮ ਆਪਣੇ ਗੁਰੂ ਘਰਾਂ 'ਚ ਵੀ ਚੱਲ ਪਵੇ... ਕਦੇ ਨਾ ਕਦੇ ਤਾਂ।"

"ਵੇਖੋ ਬਾਪੂ 'ਗਾਂਹ ਨੂੰ ਕੀ ਬਣਦਾ ਐ, 'ਕੇਰਾਂ ਤਾਂ ਗੁੰਬਦ ਦੀ ਸੇਵਾ ਚੱਲ ਰਹੀ ਐ।" ਅਕੇਵਾਂ ਜ੍ਹਾ ਮੰਨਦੇ ਹੋਏ ਗੁਰਨੈਬ ਬੈਠਕ ਵਿੱਚੋਂ ਬਾਹਰ ਨਿਕਲ ਗਿਆ। ... ਤੇ ਘਣ ਸਿਹੁੰ ਦਾ ਸਿਰ ਤੇ ਦਿਮਾਗ ਛੱਤ ਉੱਤੇ ਨਸਵਾਰੀ ਰੰਗ ਦੇ ਚਲਦੇ ਪੱਖੇ ਦੇ ਨਾਲ ਹੀ ਘੁੰਮਣ ਲੱਗ ਪਿਆ।

" ...ਹੇ ਸੱਚੇ ਪਾਤਸ਼ਾਹ... ਬਗਸ਼ੀਂ... ਦਾਤਿਆ ਬਗਸ਼ੀਂ ਸੁਮੱਤ ਆਵਦੇ ਪੰਥ ਨੂੰ...।"

(**ਸੰਪਰਕ ਨੰ: 95308-07786**)

ਕਹਾਣੀ

# ਛੱਲਾਂ

**ਦੀਪਤੀ ਬਬੂਟਾ**



"ਉਸ ਤਲਬ ਦਾ ਕੀ ਕਰਾਂ ਜਿਸ ਦਾ ਕੋਈ ਹੱਲ ਨਹੀਂ?"

ਧੁਣਧੁਣੀ ਜਿਹੀ ਛਿੜੀ ਤੇ ਰਜਾਈ ਵਿੱਚ ਬੈਠੀ ਸੁਖਮੀਤ ਨੇ ਨਿੱਸਲ ਭੰਨੀ। ਪੀੜ ਪਰੁੰਨਿਆ ਅੰਗ-ਅੰਗ ਟੁੱਟਣ 'ਤੇ ਆਵੇ। ਪੈਰ ਆਪਸ 'ਚ ਰਗੜ-ਰਗੜ ਜਾਣ। ਨਾਗ-ਵਲ਼ ਪਾਉਂਦੀਆਂ ਲੱਤਾਂ ਤੋੜਾ-ਖੋਹੀ ਲਾਉਣ। ਵੱਸੋਂ ਬਾਹਰਾ ਹੋਇਆ ਸਰੀਰ ਅਧਵਾਟਿਓਂ ਅੰਦਰੇ-ਅੰਦਰ ਖੁੱਸਦਾ ਜਾਵੇ। ਸਾਹੋ-ਸਾਹ ਹੁੰਦੀ ਨੂੰ ਤਰੇਲੀ ਉਤਰੀ। ਉਸ ਰਜਾਈ ਵਗਾਹ ਮਾਰੀ ਤੇ ਅਲਮਾਰੀ ਨੂੰ ਜੜੇ ਤਾਲੇ ਵੱਲ ਵੇਖਣ ਲੱਗੀ। ਕੰਨਾਂ 'ਚੋਂ ਝੁਣਝੁਣੀ ਜਿਹੀ ਛਿੜੀ ਤੇ ਸਰੀਰ ਨੂੰ ਕਾਂਬਾ ਲਾ ਗਈ।

ਹਉਕਾ ਭਰ ਬਿਸਤਰੇ ਤੋਂ ਉੱਠੀ ਤੇ ਰਸੋਈ 'ਚ ਜਾ ਵੜੀ। ਐਵੇਂ ਇੱਧਰ-ਉੱਧਰ ਫਰੋਲਾ-ਫਰੋਲੀ ਕਰਦੀ ਦੀ ਨਜ਼ਰ ਖ਼ਾਲੀ ਪਤੀਲੇ 'ਤੇ ਜਾ ਠਹਿਰੀ। ਹੱਡ ਟੱਸ-ਟੱਸ ਕਰਨ ਤੇ ਜੀਅ ਕੱਚਾ ਹੋਣ ਲੱਗਿਆ। ਹਸਲੀ ਦੀਆਂ ਹੱਡੀਆਂ ਮਸਲਦੀ ਦਾ ਸਰੀਰ ਆਪੇ 'ਚ ਇਕੱਠਾ ਹੋ-ਹੋ ਜਾਵੇ। ਸ਼ੈਲਫ ਦੀ ਨੁੱਕਰ ਨੂੰ ਢੋਅ ਲਾ ਕੇ ਖੜੋਤੀ ਦੇ ਪੈਰਾਂ ਨੂੰ ਸੀਤ ਚੜ੍ਹਿਆ। ਬਾਹਾਂ ਦੀ ਬੁੱਕਲ ਮਾਰੀ ਤੇ ਲੱਤਾਂ 'ਚੋਂ ਕੜੱਲ ਕੱਢ ਬਾਲਾਂ ਨੂੰ ਵੇਖਣ ਬੀਜੀ ਦੇ ਕਮਰੇ ਵੱਲ ਹੋ ਗਈ।

ਦਾਦੀ ਦੀ ਛਾਤੀ ਨਾਲ ਲੱਗ ਸੁੱਤੀ ਪਈ ਨੂਰ ਤੇ ਦੂਜੇ ਪਾਸੇ ਇੱਕ-ਦੂਜੇ ਵੱਲੋਂ ਪਾਸਾ ਵੱਟ ਸੁੱਤੇ ਪਏ ਪ੍ਰੀਤ ਦੇ ਬਾਲ। ਪ੍ਰੀਤ ਦੇ ਕਾਕੇ ਨੇ ਪਾਸਾ ਲਿਆ। ਲੱਤ ਚੁੱਕੀ ਤੇ ਭੈਣ ਦੇ ਲੱਕ ਨੂੰ ਵਲ਼ਾ ਲਈ। ਅੱਧੇ ਨਾਲੋਂ ਵੱਧ ਖ਼ਾਲੀ ਬੈੱਡ ਵੇਖ ਬਾਲ਼ਾਂ ਕੋਲ ਜਾ ਬੈਠੀ।

"ਇੱਥੇ ਬਾਲ਼ਾਂ ਨਾਲ ਈ ਲੰਮੀ ਪੈ ਜਾਵਾਂ। ਸ਼ੈਦ ਦੋ ਘੜੀਆਂ ਅੱਖ ਲੱਗ ਜਾਵੇ।"

ਪਾਸੇ ਲੈਂਦੀ ਨੇ ਟਾਇਮ ਵੇਖਿਆ। ਰਾਤ ਦੇ ਪੌਣੇ ਬਾਰਾਂ। ਧਿਆਨ ਨੇਕ ਤੇ ਪ੍ਰੀਤ ਵਿੱਚ ਜਾ ਪਹੁੰਚਿਆ।

"ਕੀ ਕਰਦੇ ਹੋਣਗੇ ?" ਆਪ-ਮੁਹਾਰੇ ਅੱਖਾਂ ਬੰਦ ਹੋ ਗਈਆਂ। ਇੱਕ-ਦੂਜੇ ਵਿੱਚ ਕਰੰਗੜੀ ਹੋਏ ਨੇਕ ਤੇ ਪ੍ਰੀਤ ਪੁਤਲੀਆਂ ਅੰਦਰ ਘੋਲ਼ ਕਰਨ ਲੱਗੇ। ਰੋਮ-ਰੋਮ 'ਚੋਂ ਬਿਜਲੀ ਫਿਰ ਗਈ। ਉਸ ਫੜੱਕ ਦੇਣੀ ਅੱਖਾਂ ਖੋਲ੍ਹੀਆਂ ਤੇ ਸੁੱਕੇ ਬੁੱਲ੍ਹਾਂ 'ਤੇ ਜੀਭ ਫੇਰਦੀ ਬਾਲ਼ਾਂ ਕੋਲੋਂ ਉੱਠ ਖੜੋਤੀ। ਕਾਹਲੇ ਪੈਰੀਂ ਆਪਣੇ ਕਮਰੇ ਅੰਦਰ ਆਈ ਤੇ ਰਜਾਈ 'ਚ ਘੁਸਰ ਆਪਣੇ-ਆਪ 'ਚ ਗੁੱਛਾ ਹੋ ਗਈ।

***

ਦਰਿਆ ਦੇ ਕੰਢਿਓ-ਕੰਢੀ ਤੁਰੀ ਜਾ ਰਹੀ ਹਾਂ। ਪਾਣੀ ਦੇ ਤਲ 'ਤੇ ਟਿਕਿਆ ਮੰਦਿਰ। ਖੁੱਲ੍ਹੇ ਕਪਾਟ। ਗੁੰਬਦ ਉੱਤੇ ਗੇਰੂਆ ਝੰਡਾ ਲਹਿਰਾ ਰਿਹਾ। ਨੰਗੇ ਧੜ ਪਾਣੀ 'ਚ ਸਮਾਧੀ ਲਾਈ ਬੈਠਾ ਸਾਧੂ। ਮੈਂ ਉਹਦੇ ਵੱਲ ਹੋ ਗਈ। ਵੇਖਦੇ-ਵੇਖਦੇ ਉਹ ਦਰਿਆ ਦੇ ਵਿੱਚ-ਵਿਚਾਲੇ ਅਲੋਪ ਹੋ ਗਿਆ। ਇਸ ਤੋਂ ਪਹਿਲਾਂ ਕਿ ਮੰਦਿਰ ਦੀ ਦਹਿਲੀਜ਼ 'ਤੇ ਪਹੁੰਚਦੀ ਪੂਰੇ ਦਾ ਪੂਰਾ ਮੰਦਿਰ ਪਾਣੀ ਵਿੱਚ ਸਮਾ ਗਿਆ। ਦਰਿਆ ਪਾਰ ਕਰ ਖੁੱਲ੍ਹੇ ਵਾੜੇ ਵਿੱਚ ਜਾ ਪਹੁੰਚੀ। ਇੱਕ ਨੁੱਕਰੇ ਕੰਧ ਨਾਲ ਡੱਠੀ ਮੰਜੀ ਦੇ ਪੁਆਂਦੀ ਨੰਗੇ ਧੜ ਖੜ੍ਹਾ ਨੌਜਵਾਨ। ਭਰਿਆ-ਪੂਰਾ ਜੁੱਸਾ, ਡੌਲਿਆਂ ਦੀਆਂ ਮੱਛੀਆਂ ਫੜੱਕ-ਫੜੱਕ ਕਰਨ। ਸਾਹਾਂ ਦਾ ਸ਼ੋਰ ਪਾਉਂਦਾ ਉੱਤੇ-ਥੱਲੇ ਹੁੰਦਾ ਚੌੜਾ ਸੀਨਾ। ਨੌਜਵਾਨ ਦੀਆਂ ਅੱਖਾਂ ਵਿੱਚ ਅੱਖਾਂ ਗੱਡ ਜੜ੍ਹ ਹੋ ਗਈ ਹਾਂ।

ਬਾਹਾਂ ਉਲਾਰਦਿਆਂ ਜਿਵੇਂ ਹੀ ਨੌਜਵਾਨ ਨੇ ਪੁਲਾਂਘ ਪੁੱਟੀ, ਉਸ ਦੇ ਤਨ 'ਤੇ ਲਪੇਟਿਆ ਇਕਲੌਤਾ ਕੱਪੜਾ ਜ਼ਮੀਨ 'ਤੇ ਡਿੱਗ ਪਿਆ।



***

ਅੱਬੜਭਾਂਦੀ ਉੱਠੀ ਤੇ ਡੌਰ-ਭੌਰੀ ਹੋਈ ਬਿਸਤਰਾ ਫਰੋਲਣ ਲੱਗੀ। ਸਿਰਹਾਣੇ ਦਾ ਉਛਾੜ ਹੱਥ ਵਿੱਚ ਤੇ ਸਿਰਹਾਣਾ ਇੱਕ ਪਾਸੇ ਲੁੜਕਿਆ ਪਿਆ। ਭਾਂਅ-ਭਾਂਅ ਕਰਦਾ ਬੈੱਡ ਵੇਖ ਮੀਤ ਦੀ ਭੁੱਬ ਨਿਕਲ ਗਈ।

"ਅੱਖ ਲੱਗਦੇ ਉਹੀ ਸੁਪਨਾ ਘੇਰ ਬੈਠਾ ਜਿਸ ਤੋਂ ਪਿੱਛਾ ਛੁਡਾਉਂਦੀ ਸੌਣ ਤੋਂ ਖ਼ੌਫ਼ ਖ਼ਾਣ ਲੱਗੀ ਹਾਂ। ਵਾਹ ਨੀ ਮੇਰੀ ਗੁਲਾਬੋ ਰਾਣੀਏ, ਜਿਸ ਸੁੱਤੀ ਅੱਗ ਨੂੰ ਮੈਂ ਸੁਆਹ ਮੰਨ ਬੈਠੀ ਸਾਂ, ਤੇਰੇ ਹਾਸੇ ਮਜ਼ਾਕ 'ਚ ਆਖੇ ਬੋਲ ਭੁੱਬਲ ਹੇਠ ਦੱਬੀ ਚੰਗਿਆੜੀ ਨੂੰ ਹਵਾ ਦੇ ਗਏ। ਹੁਣ ਦੱਸ ਭਾਂਬੜ ਬਣੀ ਇਸ ਅੱਗ 'ਤੇ ਕਿਹੜਾ ਪਾਣੀ ਪਾਵਾਂ?"

ਸੋਚਾਂ ਦੀ ਚਰੱਖੜੀ ਚੜ੍ਹੀ ਕਿੱਥੇ ਦੀ ਕਿੱਥੇ ਜਾ ਪਹੁੰਚੀ।

ਉਬਲੀ ਦਾਲ ਖਾਣ ਵਾਲੀਆਂ ਮੈਂ ਤੇ ਪ੍ਰੀਤ, ਗੱਲਾਂ ਹੱਡ ਚੂਸਣ ਵਾਲੀਆਂ ਕਰਦੀਆਂ। ਹਾਣ-ਪਰਵਾਨ ਹੋਈਏ, ਹੋਰ ਗੱਲ। ਇੱਥੇ ਤਾਂ ਕੁੱਝ ਵੀ ਮੇਚ ਦਾ ਨਾ। ਚਾਲੀਆਂ ਨੂੰ ਟੱਪੀ ਮੈਂ ਦਸ ਪੜ੍ਹੀ ਵਿਧਵਾ। ਜ਼ਿੰਦਗੀ ਦਾ ਆਹਰ ਕਰੂੰਬਲ ਤੋਂ ਲਗਰ ਬਣਦੀ ਧੀ ਦੀ ਰਾਖੀ ਤੇ ਕੰਢੀ ਉੱਤੇ ਰੁੱਖੜਾ ਬਣੀ ਸੱਸ ਦੀ ਚਾਕਰੀ। ਜ਼ਿੰਦਗੀ ਦਾ ਗੁਜ਼ਰ-ਬਸਰ ਸੱਸ ਦੀ ਬੁਢਾਪਾ ਪੈਨਸ਼ਨ ਤੇ ਘਰ ਦੇ ਅੱਧੇ ਪੋਰਸ਼ਨ ਦਾ ਕਿਰਾਇਆ। ਦੂਜੇ ਬੰਨੇ ਵੇਖਣ ਨੂੰ ਮਸਾਂ ਸੋਲਵੇਂ ਵਰ੍ਹੇ ਦੀ ਫੁੱਟਵੀਂ ਕਰੂੰਬਲ ਸਰਕਾਰੀ ਨੌਕਰੀ ਲੱਗੀ ਪ੍ਰੀਤ ਅੱਠਵੇਂ ਮਹੀਨੇ ਲੱਗੇ ਜੋੜੇ ਬਾਲਾਂ ਦੀ ਮਾਂ। ਖੇਤੀਬਾੜੀ ਵਿਭਾਗ 'ਚ ਮੁਲਾਜ਼ਮ ਘਰਵਾਲਾ ਪ੍ਰੀਤ ਨੂੰ ਤਲੀਆਂ 'ਤੇ ਚੋਗ ਚੁਗਾਉਂਦਾ। ਰਿਟਾਇਰਡ ਮਾਸਟਰ, ਮਾਸਟਰਾਣੀ ਸੱਸ-ਸਹੁਰਾ ਅੱਧੇ ਨਾਲੋਂ ਵੱਧ ਵਰ੍ਹਾ ਧੀ ਕੋਲ ਕੈਨੇਡਾ ਜਾ ਰਹਿੰਦੇ। ਵਾਪਸ ਮੁੜਦੇ, ਬੇਰੀਆਂ ਤੋੜ-ਤੋੜ ਡੁਲ੍ਹਦੀਆਂ ਜੇਬਾਂ ਕਿਸੇ ਜ਼ਮੀਨ-ਜਾਇਦਾਦ 'ਤੇ ਢੇਰੀ ਕਰ ਅੱਡੀਆਂ ਭਾਰ ਹੋ-ਹੋ ਜਾਂਦੇ।

ਰੱਜੇ-ਪੁੱਜੇ ਘਰ ਦੀ ਪ੍ਰੀਤ 'ਚ ਮਾਸਾ ਬੂ ਨਾ। ਹਸੂੰ-ਹਸੂੰ ਕਰਦਾ ਨਿਰਾ ਪਟੋਲਾ ਜਿਹਾ। ਉਨ੍ਹਾਂ ਦੇ ਤੇ ਸਾਡੇ ਘਰ ਵਿਚਕਾਰ ਗਲੀ ਪੈਂਦੀ, ਪਰ ਉਹਨਾ ਦੀ ਨੁੱਕਰੀ ਕੋਠੀ ਤੇ ਮੇਰਾ ਨੁੱਕਰੀ ਮਕਾਨ ਗਲੀਆਂ ਨੂੰ ਟਿੱਚ ਜਾਣ ਕਦੋਂ ਗਲਵਕੜੀ ਹੋ ਗਏ, ਨਾ ਉਹ ਜਾਣੇ ਨਾ ਮੈਂ। ਮੈਨੂੰ ਆਂਟੀ ਡੀਅਰ ਸੱਦਦੀ ਪ੍ਰੀਤ ਦੀ ਜ਼ੁਬਾਨ ਸੁੱਕਦੀ ਤੇ ਜਦੋਂ ਮੈਂ ਉਹਨੂੰ ਗੁਲਾਬੋ ਆਖ ਬੁਲਾਉਂਦੀ ਉਹ ਖਿੜ ਕੇ ਗੁਲਾਬ ਹੋ ਜਾਂਦੀ। ਸਾਡੇ ਦੋਹਾਂ ਦੀ ਸਾਂਝ ਨੂੰ ਕਿਧਰੇ ਮੇਰੀ ਹੀ ਨਜ਼ਰ ਨਾ ਲੱਗ ਜਾਏ, ਮੈਂ ਆਪਣੇ ਪੈਰਾਂ ਦੀ ਮਿੱਟੀ ਚੁੱਕ ਚੁੱਲ੍ਹੇ 'ਚ ਸਾੜਦੀ।

ਸਾਡਾ ਤੇ ਉਹਨਾ ਦਾ ਇੱਕੋ ਦੋਧੀ ਹੋਣ ਕਰਕੇ ਉਹ ਅਕਸਰ ਡਿਊਟੀ ਜਾਣ ਲੱਗੀ ਖਾਲੀ ਪਤੀਲਾ ਫੜਾ ਜਾਂਦੀ। ਇੱਕ ਦਿਨ ਡਿਊਟੀ ਤੋਂ ਮੁੜ ਉਹ ਦੁੱਧ ਫੜਨ ਆਈ। ਬੀਜੀ ਨਹਾਅ ਰਹੀ ਸੀ। ਬਾਥਰੂਮ ਦੇ ਬੂਹੇ ਨਾਲ ਲੱਗ ਕੇ ਖੜ੍ਹੀ ਨੂਰ ਦਾ ਰੋ-ਰੋ ਬੁਰਾ ਹਾਲ। ਮੇਰੇ ਹੱਥੋਂ ਦੁੱਧ ਵਾਲਾ ਪਤੀਲਾ ਫੜ ਜਾਂਦੀ-ਜਾਂਦੀ ਪ੍ਰੀਤ ਵਾਪਸ ਮੁੜ ਪਈ,

"ਕੀ ਹਾਲ ਹੋਇਐ ਬੱਚੀ ਦਾ। ਤੁਸੀਂ ਚੁੱਕਦੇ ਕਿਉਂ ਨਹੀਂ?"

ਕੋਈ ਜਵਾਬ ਦਿੱਤੇ ਬਗੈਰ ਮੈਂ ਰਸੋਈ ਅੰਦਰ ਜਾ ਵੜੀ। ਉਸ ਦੁੱਧ ਵਾਲਾ ਪਤੀਲਾ ਰੱਖਿਆ ਤੇ ਨੂਰ ਨੂੰ ਕੁੱਛੜ ਚੁੱਕ ਵਰਾਉਣ ਲੱਗੀ। ਇਨੇ ਨੂੰ ਬੀਜੀ ਨਹਾਅ ਕੇ ਬਾਥਰੂਮ 'ਚੋਂ ਨਿਕਲ ਆਈ ਤੇ ਭੱਜ ਕੇ ਨੂਰ ਵੱਲ ਹੋ ਗਈ। ਪ੍ਰੀਤ ਕਿੰਨਾ ਚਿਰ ਬੀਜੀ ਕੋਲ ਬੈਠੀ ਗੱਲਾਂ ਕਰਦੀ ਰਹੀ। ਉਹਦੇ ਜਾਣ ਮਗਰੋਂ ਬੀਜੀ ਨੇ ਮੈਨੂੰ ਅਗਲੀ ਸਵੇਰ ਤੜਕੇ ਤਿਆਰ ਹੋ ਰਹਿਣ ਦਾ ਹੁਕਮ ਚਾੜ੍ਹ ਦਿੱਤਾ।

"ਮੀਤ, ਆਹ ਆਪਣੇ ਨਵੇਂ ਗੁਆਂਢੀਆਂ ਦੀ ਨੂੰਹ ਬਾਹਲੀਓ ਚੰਗੀ ਆ ਪੁੱਤ। ਸਰਕਾਰੀ ਹਸਪਤਾਲ 'ਚ ਨੌਕਰੀ ਲੱਗੀ ਆ। ਕਹਿੰਦੀ ਸੀ ਉਹਨਾ ਨੂੰ ਹੈਲਪਰ ਦੀ ਲੋੜ ਆ, ਤੇ ਪੁੱਤ ਮੈਂ ਤੇਰੇ ਵੱਲੋਂ ਹਾਮੀ ਭਰ 'ਤੀ। ਕੱਲ੍ਹ ਤੈਨੂੰ ਨਾਲ ਲੈ ਜਾਵੇਗੀ ਤੇ ਮੁੜਦੀ ਨਾਲ ਲੈਂਦੀ ਆਵੇਗੀ।"

ਬਸ ਇੱਥੋਂ ਸ਼ੁਰੂ ਹੋਇਆ ਸਿਲਸਿਲਾ ਕਿੱਧਰ ਦਾ ਕਿੱਧਰ ਮੋੜਾ ਖਾ ਗਿਆ। ਦੂਜਾ ਦਿਨ ਸੀ ਮੇਰਾ ਹਸਪਤਾਲ 'ਚ। ਪ੍ਰੀਤ ਮੈਨੂੰ ਗਾਇਨੀ ਵਾਰਡ 'ਚ ਲੈ ਗਈ। ਇੱਕ ਨਵਜੰਮੇ ਬਾਲ ਨੂੰ ਡਾਕਟਰਨੀ ਨੇ ਆਪਣੇ ਸਾਹਾਂ ਦਾ ਜੋਰ ਲਾ ਕੇ ਰੁਆਇਆ ਤੇ ਫਿਰ ਉਸ ਦੀ ਜ਼ਿੰਦਗੀ ਬਚਾਉਣ ਲਈ ਮਾਂ ਦੀ ਛਾਤੀ ਨਾਲ ਲਾ ਦਿੱਤਾ। ਮਾਂ ਦੇ ਦਿਲ ਦੀ ਧੜਕਣ ਬਾਲ ਦੇ ਦਿਲ ਨੂੰ ਸਾਹ ਦੇਣ ਲੱਗੀ। ਡਾਕਟਰਨੀ ਨੇ ਖੁਸ਼ੀ 'ਚ ਮੇਰਾ ਹੱਥ ਫੜ ਬਾਲ ਦੇ ਧੜਕਦੇ ਦਿਲ 'ਤੇ ਰੱਖ ਤਸੱਲੀ ਕਰਵਾਈ ਕਿ ਬਾਲ ਦਾ ਅਸਲ ਵਿੱਚ ਹੁਣ ਜਨਮ ਹੋਇਆ ਹੈ। ਪਹਿਲੀ ਵਾਰ ਮੇਰਾ ਨੂਰ ਦੀ ਧੜਕਣ ਮਹਿਸੂਸ ਕਰਨ ਲਈ ਕਲੇਜਾ ਫੜਕਿਆ। ਮੈਂ ਹਸਪਤਾਲ ਤੋਂ ਸ਼ੂਟ ਵੱਟੀ ਤੇ ਸਿੱਧਾ ਘਰ ਪਹੁੰਚ ਨੂਰ ਨੂੰ ਸੀਨੇ ਲਾ ਲਿਆ।

"ਮੀਤ ਪੁੱਤਰ ਆਪਣੇ ਕੋਲ ਆਹੀ ਜੀਤ ਦੀ ਖੁਸ਼ਬੋਈ ਆਪਾਂ ਨੂੰ ਜੀਉਣ ਲਈ ਬਥੇਰੀ ਪੁੱਤ। ਅਗਲੇ ਜਹਾਨ ਗਏ ਨਾ ਮੁੜੇ ਨਾ ਮੁੜਨੇ, ਪੁੱਤ ਮੇਰੀ ਮੰਨ ਵਿਆਹ ਕਰਵਾ ਲੈ। ਨੂਰ ਦੇ ਸਿਰ 'ਤੇ ਵੀ ਪਿਓ ਦਾ ਹੱਥ ਹੋ'ਜੂ। ਮੈਂ ਕੰਢੀ ਉੱਤੇ ਰੁੱਖੜਾ। ਕਦੋਂ ਤੱਕ ਤੁਹਾਨੂੰ ਮਾਂ-ਧੀ ਨੂੰ ਆਸਰਾ ਦਊਂ ਪੁੱਤ।"

ਜੀਤ ਦੇ ਜਾਣ ਤੋਂ ਬਾਅਦ ਮਾਪਿਆਂ ਨੇ ਹੀ ਨਹੀਂ ਸੱਸ ਹੋ ਕੇ ਬੀਜੀ ਨੇ ਵੀ ਕਿੰਨਾ ਜੋਰ ਪਾਇਆ ਸੀ ਮੇਰੇ 'ਤੇ ਰੰਗਲੀ ਚੁੰਨੀ ਪਾਉਣ ਦਾ, ਪਰ ਮੈਂ ਕਿਸੇ ਦੀ ਇੱਕ ਨਾ ਮੰਨੀ ਤੇ ਜੀਤ ਦੀਆਂ ਨਿਸ਼ਾਨੀਆਂ ਸਾਂਭਦੀ ਨੇ ਚਿੱਟਾ ਲੀੜਾ ਸੁੰਬਰ ਲਿਆ। ਬਾਕੀ ਗੱਲਾਂ ਅਣਸੁਣੀਆਂ ਕਰ ਬੀਜੀ ਦੇ ਮੂੰਹੋਂ ਨੂਰ ਦੇ ਰੂਪ 'ਚ ਜੀਤ ਦੀ ਖੁਸ਼ਬੋਈ ਭਰੇ ਬੋਲ ਸੁਣ ਮੇਰਾ ਅੰਦਰ ਪਾਟ ਗਿਆ।

"ਜੀਤ ਤੈਨੂੰ ਤਾਂ ਪਤਾ ਵੀ ਨਹੀਂ, ਵੇਖ ਤੈਨੂੰ ਪਿਉ ਬਣੇ ਦੋ ਵਰ੍ਹੇ ਹੋਣ ਨੂੰ ਆਏ।" ਮੈਂ ਰੋ-ਰੋ ਹੰਝੂਆਂ ਦਾ ਹੜ੍ਹ ਲਿਆ ਛੱਡਿਆ।

"ਰੋ ਲੈ, ਪੁੱਤਰ ਖੁੱਲ੍ਹ ਕੇ ਰੋ। ਇਨਾ ਰੋ ਕਿ ਸੈਲਾਬ ਆ ਜਾਵੇ ਤੇ ਅੰਦਰ ਠਹਿਰਿਆ ਗਲੇਬਾ ਵੀ ਰੁੜ੍ਹ ਜਾਵੇ।"

ਬੀਜੀ ਚੁੱਪ ਕਰਾਉਣ ਦੀ ਥਾਂ ਆਪ ਚੁੰਨੀ ਦੇ ਪੱਲੂ ਨਾਲ ਨੱਕ ਸੁਰਕੜਦੀ ਮੈਨੂੰ ਖੁੱਲ੍ਹ ਕੇ ਰੋ ਲੈਣ ਲਈ ਹੱਲਾਸ਼ੇਰੀ ਦਿੰਦੀ ਰਹੀ। ਜਦੋਂ ਰੋ-ਰੋ ਅੰਦਰ ਹੌਲਾ ਹੋ ਗਿਆ ਤਾਂ ਨੂਰ ਨੂੰ ਚੁੰਮ-ਚੁੰਮ ਕਮਲੀ ਹੁੰਦੀ ਮੈਂ ਨੂਰ ਅੰਦਰੋਂ ਧਰਤੀ, ਅੰਬਰ, ਕੁੱਲ ਲੋਕਾਈ ਵੇਖਣ ਲੱਗੀ।

***

ਪ੍ਰੀਤ ਮੇਰੇ ਲਈ ਰੱਬ ਬਣ ਕੇ ਆਈ ਸੀ ਤੇ ਮੈਂ ਉਹਦੇ ਨਿੱਕੇ-ਮੋਟੇ ਕੰਮ ਕਰਦੀ ਪੱਬਾਂ ਭਾਰ ਹੋਈ

ਰਹਿੰਦੀ। ਉਹ ਮੇਰੇ ਲਈ ਅਫ਼ਸਰਨੀ ਤੇ ਮੈਂ ਉਹਦੇ ਲਈ ਹੈਲਪਰ ਹੀ ਸੀ। ਨੌਂ ਸਾਲ ਇੱਕੋ ਰਾਹੇ ਚੱਲਦੀ ਜ਼ਿੰਦਗੀ ਨੇ ਨਵੀਂ ਕਰਵਟ ਲਈ। ਇੱਕ ਦਿਨ ਪ੍ਰੀਤ ਪੁੱਛਣ ਲੱਗੀ,

"ਆਂਟੀ ਜੇ ਮੇਰੇ ਘਰ ਵੀ ਕਿਲਕਾਰੀ ਗੂੰਜੇ ਤਾਂ ਸਾਂਭ ਲਵੋਗੇ?"

ਮੈਂ ਹੱਸ ਕੇ ਹਾਮੀ ਭਰ ਦਿੱਤੀ। ਪ੍ਰੀਤ ਨੂੰ ਦਿਨ ਚੜ੍ਹੇ। ਸਾਰੇ ਗ੍ਰਾਫ ਬਦਲ ਗਏ। ਉਹਦੇ ਸੱਸ-ਸਹੁਰਾ ਧੀ ਕੋਲ ਕੈਨੇਡਾ ਗਏ ਹੋਏ ਸਨ। ਇਸ ਔਖੀ ਘੜੀ ਮੈਂ ਉਹਦੀ ਹੈਲਪਰ, ਸੱਸ, ਮਾਂ, ਸਹੇਲੀ ਸਭ ਕੁੱਝ ਹੋ ਗਈ। ਉਹਦੀ ਪ੍ਰੈਗਨੇਂਸੀ ਦਾ ਇੱਕ-ਇੱਕ ਪਲ਼ ਮੈਂ ਇੰਝ ਹੰਢਾਇਆ ਜਿਵੇਂ ਅਸਲ ਵਿੱਚ ਮੈਂ ਹੁਣ ਮਾਂ ਬਣਨ ਵਾਲੀ ਹੋਵਾਂ। ਪ੍ਰੀਤ ਨੇ ਜੌੜੇ ਧੀ ਪੁੱਤ ਨੂੰ ਜਨਮ ਦਿੱਤਾ। ਨਵਜੰਮੇ ਬਾਲਾਂ ਦੀ ਛੋਹ ਪਾ ਮੈਂ ਨੂਰ ਦਾ ਮੱਥਾ ਚੁੰਮਦੀ। ਮੈਨੂੰ ਜੀਉਣ ਦਾ ਨਵਾਂ ਆਹਰ ਮਿਲ ਗਿਆ। ਪ੍ਰੀਤ ਦੇ ਜ਼ੋਰ ਪਾਉਣ 'ਤੇ ਮੈਂ ਨਿੱਕੇ ਬਾਲ਼ਾਂ ਨੂੰ ਸਾਂਭਣ ਲਈ ਘਰ 'ਚ ਨਰਸਰੀ ਖੋਲ੍ਹ ਲਈ।

ਪ੍ਰੀਤ ਦੇ ਦੋਵੇਂ ਬਾਲ਼ ਮੈਂ ਹੱਥੀਂ ਸਾਂਭੇ-ਪਾਲ਼ੇ। ਮੈਨੂੰ ਮੇਰੀ ਧੀ ਬਰੋਬਰ ਜਾਪਦੇ। ਉਹ ਵੀ ਮੇਰਾ ਬਥੇਰਾ ਕਰਦੀ। ਗਾਹੇ-ਬਗਾਹੇ ਮੇਰੀ ਧੀ ਦੇ ਮੂੰਹ ਗਰਾਹੀ ਪਾਈ ਰੱਖਦੀ। ਦਫ਼ਤਰ ਆਉਂਦੀ-ਜਾਂਦੀ ਮੇਰੀ ਸੱਸ ਦੀ ਦਵਾ-ਦਾਰੂ ਫੜ ਲਿਆਉਂਦੀ। ਜੇ ਮੈਂ ਨਿੱਕਾ-ਮੋਟਾ ਹਿਸਾਬ ਕਰਨ ਲੱਗਦੀ ਉਹ ਮੈਨੂੰ ਮਿੱਠਾ ਜਿਹਾ ਝਾੜ ਕੇ ਚੁੱਪ ਕਰਵਾ ਦਿੰਦੀ।

"ਆਂਟੀ ਡੀਅਰ ਮੈਂ ਤੇਰਾ ਦੇਣ ਦੇ ਸਕਦੀ ਆਂ ਭਲਾ? ਮੈਂ ਮਾਂ ਬਣਨ ਦੀ ਜਿੰਮੇਵਾਰੀ ਲੈਣ ਤੋਂ ਭੱਜਦੀ ਰਹੀ। ਤੂੰ ਹੌਸਲਾ ਦਿੱਤਾ ਤੇ ਮੈਂ ਵੀ ਮੁਕੰਮਲ ਔਰਤ ਹੋ ਪਾਈ। ਜੇ ਤੇਰਾ ਸਾਥ ਨਾ ਹੁੰਦਾ ਦੱਸ ਮੈਂ ਕਿਵੇਂ ਪੂਰੀ ਲਹਿੰਦੀ ਸਾਰੇ ਪਾਸੇ? ਘਰ-ਪਰਿਵਾਰ ਦੀ ਜਿੰਮੇਵਾਰੀ, ਉੱਤੋਂ ਨੌਕਰੀ ਤੇ ਫਿਰ ਜੌੜੇ ਨਿਆਣੇ ਮੈਨੂੰ ਤਾਂ ਸੋਚ ਕੇ ਡੋਬੂ ਆਉਂਦੇ ਆ।"

"ਤੇਰੇ ਕਿੱਥੇ ਇਹ ਤਾਂ ਮੇਰੇ ਕਲੇਜੇ ਦੇ ਟੁਕੜੇ ਨੇ। ਆਹ ਖਚਰੇ ਦੀਆਂ ਅੱਖਾਂ ਤੇ ਵੇਖ, ਨਿਰੀਆਂ ਮੇਰੇ 'ਤੇ ਗਈਐਂ।" ਮੈਨੂੰ ਕਾਕੇ 'ਤੇ ਬਾਹਲਾ ਮੋਹ ਆਉਂਦਾ। ਅੱਗੋਂ ਉਹ ਮੱਛਰੀ ਆਖਣ ਲੱਗਦੀ,

"ਆਹੋ, ਮੀਸਣਾ। ਹੁਣੇ ਅੱਖਾਂ 'ਚ ਪਤਾਸੇ ਭੋਰਦੈ।"

"ਨਾ ਮੈਂ ਕਿਹੜੇ ਪਤਾਸੇ ਭੋਰ ਲਏ ਦੱਸੀਂ ਖਾਂ?"

"ਮੁਹੱਲੇ ਦਾ ਕਿਹੜਾ ਬੰਦੈ ਜਿਹੜਾ ਸਾਡੀ ਆਂਟੀ ਡੀਅਰ ਨੂੰ ਵੇਖ ਸੀਨੇ 'ਤੇ ਹੱਥ ਨਹੀਂ ਧਰਦਾ? ਸੱਚ ਆਖਾਂ ਤਾਂ ਤੇਰੀ ਇੱਕ ਝਲਕ ਲਈ ਨਿਆਣੇ-ਸਿਆਣੇ ਤਰਲੇ ਲੈਂਦੇ ਆ।"

"ਆਹੋ, ਇਉਂ ਆਖ ਗੁਲਾਬੋ ਰਾਣੀਏ ਬਈ ਦੁਨੀਆ 'ਚ ਕਿਹੜਾ ਏ ਜਿਹੜਾ ਸ਼ਾਮਲਾਟ ਵਾਹੁਣ ਲਈ ਤਰਲੋ-ਮੱਛੀ ਨਹੀਂ ਹੁੰਦਾ?"

"ਮਾਈ ਡੀਅਰ ਆਂਟੀ ਜੀ ਇੱਥੇ ਵੱਡੇ-ਵੱਡੇ ਨਾਢੂ ਖਾਂਹ ਅਖਵਾਉਂਦੇ ਅੱਡੀਆਂ ਚੁੱਕ ਫਾਹਾ ਲੈਣ ਨੂੰ ਫਿਰਦੈ ਆ। ਕੱਲ੍ਹ ਦੀ ਸੁਣੋ। ਪਿਛਲੀ ਗਲੀ ਵਾਲੀ ਪੰਮੀ ਆਂਟੀ ਦੀ ਧੀ ਮਿਲੀ ਮੈਨੂੰ ਦਫ਼ਤਰੋਂ ਆਉਂਦੀ ਨੂੰ। ਗੱਲਾਂ ਕਰਦੀ ਮੈਂ ਤੁਹਾਡਾ ਜ਼ਿਕਰ ਛੇੜ ਬੈਠੀ। ਉਹ ਹੱਸਦੀ ਆਖਣ ਲੱਗੀ, ਪ੍ਰੀਤ ਭਾਬੀ ਮੇਰੇ ਘਰਆਲੇ ਦੀ ਸੁਣ ਲੈ। ਕੱਲ੍ਹ ਮੈਂ ਤੇਰੀ ਆਂਟੀ ਡੀਅਰ ਕੋਲ ਮੁੰਡਾ ਛੱਡ ਆਈ ਖੇਡਣ। ਵਾਪਸ ਲੈਣ ਗਈ ਘਰਵਾਲੇ ਨੂੰ ਨਾਲ ਲੈ ਗਈ। ਮੁੰਡਾ ਆਂਟੀ ਦੀ ਕੁੱਛੜੋਂ ਨਾ ਲੱਥੇ। ਮੈਂ ਕਹਿ ਬੈਠੀ, ਮੇਰੇ ਪੁੱਤਰ ਨੂੰ ਮੁਹੱਲੇ ਦੀਆਂ ਸਾਰੀਆਂ ਨਾਨੀਆਂ ਨਾਲੋਂ ਵੱਧ ਪਿਆਰੀ ਆਹ ਨਾਨੀ ਆ। ਵਾਪਸ ਮੁੜਦਾ ਮੇਰਾ ਘਰਆਲਾ ਆਖੇ, ''ਗੱਗੀ ਦੱਸੀਂ ਭਲਾ ਉਹ ਕਿਹੜੇ ਪਾਸਿਓਂ ਨਾਨੀ ਲੱਗਦੀ ਆ? ਤੇਰੇ ਨਾਲੋਂ ਕਿਤੇ ਫਿੱਟ ਪਈ ਆ। ਉਹਨੂੰ ਵੇਖ ਕੇ ਮੇਰੇ ਅਰਗਿਆਂ ਦਾ ਦਿਲ ਘਾਊਂ-ਮਾਊਂ ਹੁੰਦੈ। ਅੱਗੇ ਤੋਂ ਤੂੰ ਮੇਰੇ ਸਾਹਮਣੇ ਉਹਨੂੰ ਮੇਰੇ ਪੁੱਤ ਦੀ ਨਾਨੀ ਨਾ ਆਖੀਂ, ਮਾਸੀ ਭਾਵੇਂ ਆਖ ਲਿਆ ਕਰ। ਸਾਲੀ ਤਾਂ ਉਂ ਅੱਧੀਓ ਘਰਆਲੀ ਹੁੰਦੀ ਆ। ਲਾਗੇ ਨਾ ਵੀ ਲੱਗਣ ਦੇਵੇ ਦੂਰੋਂ ਵੇਖ-ਵੇਖ ਈ ਬੰਦੇ ਨੂੰ ਚਾਅ ਜਿਹੇ ਚੜ੍ਹੀ ਜਾਂਦੇ ਆ।''

ਮੈਨੂੰ ਹੱਸਦੀ ਨੂੰ ਗੋਤੇ ਆਉਣ ਤੇ ਉਹ ਆਖੇ, ''ਨਾ ਭਾਈ ਹੁਣ ਨਾ ਮੈਂ ਆਵਦੇ ਘਰਆਲੇ ਨੂੰ ਤੁਹਾਡੀ ਗਲੀ ਵਾਲੇ ਪਾਸਿਓਂ ਲੰਘਣ ਦਿੰਦੀ।'' ਪਤੈ ਆਂਟੀ ਡੀਅਰ ਨਿੱਕੇ-ਵੱਡੇ ਸਾਰੇ ਮਰਦੇ ਆ ਤੁਹਾਡੀ ਫਿੱਗਰ 'ਤੇ। ਕੌਣ ਆਖੂ ਤੁਹਾਨੂੰ ਫੋਰਟੀ ਪਲੱਸ। ਮੈਂ ਲੱਗਦੀ ਆਂ ਤੁਹਾਡੇ ਸਾਹਮਣੇ ਪੰਜਾਹਾਂ ਦੀ। ਨਾ ਦੱਸੋ ਤਾਂ ਮਸੀਂ ਪੱਚੀਆਂ ਦੇ ਲੱਗਦੇ ਓ।"

ਤਾਰੀਫ਼ ਕਿਹਨੂੰ ਚੰਗੀ ਨਹੀਂ ਲੱਗਦੀ। ਮੈਂ ਹੱਸਦੀ ਨੇ ਉਹਦਾ ਮੋਢਾ ਠਕੋਰਿਆ, "ਬੱਸ ਕਰ ਪ੍ਰੀਤ। ਐਵੇਂ ਲੱਗੀ ਏਂ ਇਸ ਉਮਰੇਂ ਚਨੇ ਦੇ ਝਾੜ 'ਤੇ ਚੜ੍ਹਾਉਣ। ਹੋਰ ਹਾਸੇ-ਮਜ਼ਾਕ 'ਚ ਬੁੱਢੀ ਨੂੰ ਮੁਸ਼ਕਾਵੇਂਗੀ।"

ਹੱਸ-ਹੱਸ ਲੋਟ-ਪੋਟ ਹੁੰਦੀ ਆਖੇ, "ਨਹੀਂ ਆਂਟੀ ਡੀਅਰ, ਸੱਚੀਓਂ ਮੇਰੇ ਡਿਪਾਰਟਮੈਂਟ 'ਚ ਹੈ ਇੱਕ ਅੰਕਲ। ਆਖੋ ਤਾਂ ਬਣਾਂ ਵਿਚੋਲਣ? ਨਿਰਾ ਰੱਬ ਦਾ ਰੂਪ। ਦਿਲ ਦਾ ਸਾਫ਼। ਸੌ ਫੀਸਦੀ ਕੁਆਰਾ। ਬਿਨਾਂ ਵੇਲਾ-ਕੁਵੇਲਾ ਵਿਚਾਰੇ ਸਾਰਿਆਂ ਦੀ ਮਦਦ ਕਰਨ ਵਾਲਾ। ਪਤਾ ਨਹੀਂ ਕਿੰਨੇ ਦਰਜਾ ਚਾਰ ਮੁਲਾਜ਼ਮਾਂ ਦੇ ਬਾਲਾਂ ਦੀਆਂ ਸਕੂਲਾਂ ਦੀਆਂ ਫ਼ੀਸਾਂ ਭਰਦੈ। ਬਾਹਲਾ ਦਾਨੀ ਤੇ ਸ਼ਰੀਫ਼ ।"

"ਨਾ ਭਾਈ ਰਹਿਣ ਦੇ ਪ੍ਰੀਤ। ਬਾਹਲਾ ਦਾਨੀ ਬੰਦਾ ਚੰਗਾ ਘਰਵਾਲਾ ਨਹੀਓਂ ਹੁੰਦਾ। ਇਹੋ-ਜਿਹੇ ਰੱਬ ਦਾ ਰੂਪ ਬਾਹਰਲੀਆਂ ਨੂੰ ਸ਼ੀਰਨੀਆਂ ਖੁਆਂਉਂਦੇ ਘਰਵਾਲੀਆਂ ਨੂੰ ਹੰਝੂਆਂ ਦੇ ਖੂਹਾਂ 'ਚ ਡੋਬੂ ਦਿੰਦੇ ਆ। ਤੂੰ ਕੋਈ ਹੋਰ ਭਾਲ, ਜਲੇਬੀ ਜਿਹਾ ਸਿੱਧਾ ਤੇ ਬਾਂਸ ਜਿਹਾ ਗੋਲ।"

ਮੈਂ ਤਾੜੀ ਮਾਰ ਹੱਸਦੀ ਪ੍ਰੀਤ ਦੇ ਲੱਕ ਦੁਆਲੇ ਬਾਂਹ ਦਾ ਘੇਰਾ ਪਾ ਲੈਂਦੀ। ਦੋਅਰਥੀ ਗੱਲਾਂ ਕਰਦੀਆਂ ਦੀ ਜ਼ੁਬਾਨ ਘੱਟ ਇਸ਼ਾਰੇ ਵੱਧ ਚੱਲਦੇ। ਇੱਕ-ਦੂਜੇ ਨੂੰ ਚੂੰਢੀ-ਧੱਫਾ ਕਰਦੀਆਂ ਅੱਗਾ-ਪਿੱਛਾ ਭੁੱਲ ਜਾਂਦੀਆਂ। ਉਹਦੀ ਸੰਗਤ 'ਚ ਮੈਂ ਕਿਤਾਬ 'ਚ ਰੱਖੇ ਸੁੱਕੇ ਫੁੱਲਾਂ ਦੀ ਸੁਗੰਧੀ ਬਣ ਮਹਿਕਣ ਲੱਗਦੀ ਜ਼ਿੰਦਗੀ ਸਤਰੰਗੀ ਪੀਂਘ ਬਣਨ ਨੂੰ ਅਹੁਲਦੀ। ਖੱਟੀਆਂ-ਮਿੱਠੀਆਂ ਸੁਣਾਉਂਦੀ ਪ੍ਰੀਤ ਕੋਈ ਨਾ ਕੋਈ ਅਜਿਹੀ ਸ਼ੁਰਲੀ ਛੱਡਦੀ ਮੇਰੀ ਜ਼ੁਬਾਨ ਠਾਕੀ ਜਾਂਦੀ। ਕੇਰਾਂ ਪੁੱਛਣ ਲੱਗੀ,

"ਆਂਟੀ ਇੱਕ ਗੱਲ ਪੁੱਛਾਂ?"

"ਇਹ ਮੇਰੀ ਗੁਲਾਬੋ ਦਾ ਕਿਹੜਾ ਰੂਪ ਏ ਜੋ ਠਾਹ ਸੋਟਾ ਮਾਰਨਾ ਭੁੱਲ ਮੈਥੋਂ ਗੱਲ ਕਰਨ ਦੀ ਇਜ਼ਾਜਤ ਮੰਗ ਰਿਹੈ?"

"ਮਜ਼ਾਕ ਨਹੀਂ ਸੀਰੀਅਸਲੀ। ਬੜਾ ਸੋਚਿਆ ਨਾ ਪੁੱਛਾਂ, ਪਰ ਰਹਿ ਵੀ ਨਹੀਂ ਹੁੰਦਾ। ਗੁੱਸਾ ਨਾ ਕਰਿਓ ਪਲੀਜ਼, ਨਪਿਆ ਤੁਲਿਆ ਜਵਾਬ ਦਿਓ? ਸਰੀਰ ਦੇ ਵੱਖ-ਵੱਖ ਅੰਗਾਂ ਦੀਆਂ ਲੋੜਾਂ ਹੁੰਦੀਐਂ। ਜਿਵੇਂ ਜੀਉਣ ਲਈ ਰੋਟੀ ਖਾਣੀ ਜ਼ਰੂਰੀ ਏ ਉਵੇਂ ਤਨ ਤੇ ਮਨ ਦੀਆਂ ਹੋਰ ਵੀ ਤੇ ਭੁੱਖਾਂ ਹੁੰਦੀਐਂ। ਆਂਟੀ, ਤੂੰ ਸੱਚੀਓਂ ਸੋਹਣੀ-ਸੁਣੱਖੀ ਏਂ। ਮੇਰੇ ਵਰਗੀਆਂ ਤੇਰੇ ਮੂਹਰੇ ਪਾਣੀ ਭਰਦੀਐਂ। ਵੱਡੇ-ਛੋਟੇ ਤੇਰੀ ਇੱਕ ਤੱਕਣੀ ਲਈ ਆਹਾਂ ਭਰਦੇ ਆ। ਪਰ ਤੂੰ ਕਦੀ ਕਿਸੇ ਨੂੰ ਅੱਖ ਚੁੱਕ ਕੇ ਨਹੀਂ ਵੇਖਿਆ। ਸੱਚ ਦੱਸੀਂ, ਅੰਕਲ ਦੇ ਜਾਣ ਮਗਰੋਂ ਤੇਰਾ ਕਦੀ ਦਿਲ ਨਹੀਂ ਕੀਤਾ? ਮੇਰਾ ਮਤਲਬ । ਹੁਣ ਤੂੰ ਅੱਗੋਂ ਆਪੇ ਸਮਝ ਲੈ ਨਾ, ਮੈਂ ਕੀ ਪੁੱਛਦੀ ਆਂ ?"

"ਚਲ ਕੱਲ੍ਹ ਰਾਤ ਦਾ ਸੁਪਨਾ ਸੁਣ ਮੇਰੀ ਗੁਲਾਬੋ ਰਾਣੀਏ। ਕੱਚੇ ਦੁੱਧ ਦਾ ਭਰਿਆ ਛੰਨਾ ਮੇਰੇ ਹੱਥ 'ਚ। ਨਿਗਾਹ ਖੁੱਲ੍ਹੇ ਦਰਵਾਜ਼ੇ ਵੱਲ ਪਈ। ਬੰਦ ਕਰਨ ਲਈ ਦਰਵਾਜ਼ੇ ਵੱਲ ਹੋ ਗਈ। ਅੱਗੋਂ ਪਾਣੀ ਦਾ ਪਹਾੜ ਛੱਲਾਂ ਮਾਰਦਾ ਆਵੇ। ਮੈਂ ਪਿਛਾਂਹ ਨੂੰ ਭੱਜੀ ਤੇ ਬਚਣ ਲਈ ਪੌੜੀਆਂ ਜਾ ਚੜ੍ਹੀ। ਛੱਤ 'ਤੇ ਚਾਦਰ ਲਪੇਟੀ ਖੜ੍ਹਾ ਨੌਜਵਾਨ। ਉਹਨੂੰ ਵੇਖਦੇ ਹੀ ਸੀਨੇ ਲੱਗਣ ਲਈ ਦਿਲ ਭੁੜਕ ਕੇ ਛਾਤੀ 'ਚੋਂ ਬਾਹਰ ਆਵੇ। ਕਦੀ ਦੁੱਧ ਦੇ ਨੱਕੋ-ਨੱਕ ਭਰੇ ਛੰਨੇ ਵੱਲ ਵੇਖਾਂ ਕਦੀ ਉਸ ਨੌਜਵਾਨ ਵੱਲ। ਵੇਖਦੇ-ਵੇਖਦੇ ਉਹਨੇ ਬਾਹਾਂ ਫੈਲਾ ਜਿਵੇਂ ਹੀ ਪੁਲਾਂਘ ਮੇਰੇ ਵੱਲ ਪੁੱਟੀ ਉਹਦੇ ਤਨ 'ਤੇ ਲਪੇਟੀ ਚਾਦਰ । ਐਦੂੰ ਪਹਿਲਾਂ ਕੁੱਝ ਹੋਰ ਹੁੰਦਾ, ਮੈਂ ਘਬਰਾ ਕੇ ਬਿਸਤਰੇ 'ਚੋਂ ਉੱਠ ਬੈਠੀ।"

"ਜਾ ਨੀ ਮਾਈ ਡੀਅਰ ਸੁਖਮੀਤ ਕੌਰ। ਰਹਿ ਗਈ ਨਾ ਝੱਲੀ ਦੀ ਝੱਲੀ। ਜਦੋਂ ਸੁਪਨੇ ਦਾ ਸੁਆਦ ਆਉਣ ਲੱਗਦੈ, ਉਦੋਂ ਈ ਤੂੰ ਘਬਰਾ ਕੇ ਉੱਠ ਬਹਿਨੀ ਏਂ। ਝੱਟ ਹੋਰ ਸੌਂ ਲਵੇਂ ਆਂ। ਘੱਟੋ-ਘੱਟ ਕੱਚੇ ਦੁੱਧ ਨੂੰ ਉਬਾਲ ਤਾਂ ਆ ਲੈਣ ਦਿੰਦੀ। ਕੀ ਪਤਾ ਵਾਤਸਾਯਨ ਦੇ ਆਸਨਾਂ 'ਚ ਕੋਈ ਨਵਾਂ ਆਸਨ ਹੀ ਜੁੜ ਜਾਂਦਾ।" ਹੱਸਦੀ ਨੇ ਮੇਰੇ ਗਲ਼ ਨੂੰ ਕਲਾਵਾ ਭਰ ਲਿਆ।

"ਮੈਂ ਕੀ ਜਾਣਾਂ ਤੇਰੇ ਵਾਤਸੈਨ ਤੇ ਉਹਦੇ ਆਸਨਾਂ ਨੂੰ। ਮੈਨੂੰ ਤਾਂ ਬਸ ਇਨਾ ਪਤੈ, ਇਹ ਅਧੂਰੇ ਸੁਪਨੇ ਜਿੰਦ ਨੂੰ ਕਾਹਤੋਂ ਖੋਰਾ ਲਾਉਂਦੇ ਜੇ ਹੋਣੀ ਕਹਿਰਵਾਨ ਨਾ ਹੋਈ ਹੁੰਦੀ।" ਠੰਡਾ ਹਉਕਾ ਭਰ ਟਾਇਮ ਵੇਖਿਆ। ਪੌਣੇ ਦੋ।

"ਇਹ ਪੌਣ ਖਾ ਗਈ ਜ਼ਿੰਦਗੀ ਦੇ ਸਾਰੇ ਸਵਾਏ।" ਰਜਾਈ ਖਿੱਚ ਕੇ ਉੱਪਰ ਕੀਤੀ ਤੇ ਸਿਰਹਾਣੇ ਹੇਠ ਬਾਂਹ ਦੇ ਲਈ। ਸਿਰਹਾਣੇ ਅੰਦਰੋਂ ਬਾਂਹ 'ਚ ਕੁੱਝ ਖੁੱਭਿਆ। ਪੀੜ ਵਾਲੀ ਥਾਂ ਮਲਦੀ ਟੇਢੀ ਹੋ ਸਿਰਹਾਣਾ ਠੀਕ ਕਰਨ ਲੱਗੀ। ਨਿਗਾਹ ਫਿਰ ਅਲਮਾਰੀ ਦੇ ਬੰਦ ਤਾਲੇ ਨਾਲ ਜਾ ਟਕਰਾਈ। ਪ੍ਰੀਤ ਦੇ ਬੋਲ ਸਿਰ 'ਚ ਖੌਰੂ ਪਾਉਣ ਲੱਗੇ,

"ਹੈਂ ਆਂਟੀ ਡੀਅਰ, ਤੂੰ ਜਿੰਨੀ ਸੋਹਣੀ ਆਂ, ਜੀਤ ਅੰਕਲ ਤਾਂ ਮਰਦਾ ਹੋਊ ਤੇਰੇ 'ਤੇ ?" ਸੋਚ-ਸੋਚ ਸਰੀਰ ਨੂੰ ਕੜੱਲਾਂ ਪੈ-ਪੈ ਜਾਣ।

"ਕਾਸ਼! ਮੇਰੇ 'ਤੇ ਮਰਨ ਦਾ ਮੌਤ ਨੇ ਵਿਹਲ ਦਿੱਤਾ ਹੁੰਦਾ। ਗਿਣਤੀ ਦੀਆਂ ਚਾਰ ਰਾਤਾਂ ਇਕੱਠੇ ਨਹੀਂ ਕੱਟੀਆਂ। ਘਰਵਾਲੇ ਨੂੰ ਰਿਝਾਉਣ ਦਾ ਮੌਕਾ ਵੀ ਨਾ ਮਿਲਿਆ ਤੇ ਹੋਣੀ ਜੋਰਾਵਰ ਹੋ ਗਈ। ਵਿਆਹ ਤੋਂ ਦੂਜੇ ਦਿਨ ਕਾਂਡਲੇ ਟਰੱਕ ਲੈ ਕੇ ਗਿਆ ਜੀਤ ਅੱਠੀਂ ਮਹੀਨੀਂ ਪਰਤਿਆ। ਮੈਂ ਪੱਬਾਂ ਭਾਰ ਉੱਡੀ ਫਿਰਾਂ। ਜੀਤ ਦੇ ਭਾਪਾ ਜੀ ਢਿੱਲੇ-ਮੱਠੇ ਤਾਂ ਕਦੋਂ ਦੇ ਰਹਿੰਦੇ ਸਨ, ਪਰ ਉਸ ਰਾਤ ਚੰਗੇ ਭਲੇ ਰੋਟੀ-ਟੁੱਕ ਖਾ ਕੇ ਸੁੱਤੇ। ਇੱਕੋ ਹਾਏ ਸੁਣੀ ਤੇ ਬੀਜੀ ਨੇ ਧਾਹ ਮਾਰੀ,

"ਤੇਰੇ ਭਾਪਾ ਜੀ ਗਏ ਜੀਤ।"

ਜਿਵੇਂ ਪੁੱਤਰ ਦੀ ਆਮਦ ਉਡੀਕਦੇ ਹੋਣ। ਲਉ ਜੀ ਪਿਉ ਦਾ ਮਰਨਾ ਕੂੰਜਦਾ ਜੀਤ ਟਰੱਕ ਦਾ ਅਗਲਾ ਗੇੜਾ ਲੈ ਕੇ ਗਿਆ, ਸੱਤਾਂ ਮਹੀਨਿਆਂ ਬਾਅਦ ਮੁੜਿਆ। ਪਹਿਲਾਂ ਹੀ ਮੇਰਾ ਪੱਕੀ ਉਮਰ 'ਚ ਵਿਆਹ ਹੋਇਆ ਸੀ। ਬੀਜੀ ਨੂੰ ਅੱਗਾ ਮਰਦਾ ਦਿਖਾਈ ਦੇਣ ਲੱਗਿਆ। ਜੀਤ ਘਰ ਆਇਆ ਬੀਜੀ ਨੇ ਸਿੱਧੇ ਤੇ ਸਾਫ਼ ਸ਼ਬਦਾਂ 'ਚ ਦਿਲ ਖੋਲ੍ਹ ਮਾਰਿਆ।

ਅਖੇ, "ਹੁਣ ਟਿਕ ਕੇ ਘਰ ਰਹੁ। ਮੈਂ ਵੀ ਕੋਈ ਪੋਤੇ-ਪੋਤੀ ਦਾ ਮੂੰਹ ਵੇਖਣ ਵਾਲੀ ਹੋਵਾਂ।"

ਉਹ ਤਿੰਨ ਰਾਤਾਂ ਮੈਂ ਧਰਤੀ 'ਤੇ ਨਹੀਂ ਜੀਤ ਦੀ ਛਾਤੀ ਦੇ ਅਸਮਾਨ 'ਤੇ ਹੁਲਾਰੇ ਲੈਂਦੇ ਮਾਣੀਆਂ। ਚੌਥੇ ਦਿਨ ਟਰੱਕ ਮਾਲਕ ਨੇ ਮਜਬੂਰੀ ਦੱਸਦਿਆਂ ਬੰਬਈ ਦਾ ਇੱਕ ਗੇੜਾ ਲਾ ਆਉਣ ਦਾ ਤਰਲਾ ਮਾਰਿਆ। ਨਾ ਚਾਹੁੰਦਿਆਂ ਵੀ ਜੀਤ ਨੇ ਜਾਣ ਦੀ ਹਾਮੀ ਭਰ ਦਿੱਤੀ। ਹਫ਼ਤੇ 'ਚ ਮੁੜ ਆਉਣ ਦਾ ਕਹਿ ਕੇ ਘਰੋਂ ਨਿਕਲਿਆ। ਅੱਗੇ ਦੀ ਅੱਗੇ ਗੇੜਾ ਪੈਂਦੇ ਨੂੰ ਦੂਜਾ ਮਹੀਨਾ ਵੀ ਲੰਘ ਗਿਆ। ਉਹ ਤਿੰਨ ਰਾਤਾਂ ਦਾ ਮੇਲ ਮੇਰੀ ਕੁੱਖ 'ਚ ਜੀਤ ਦਾ ਬੀਜ ਪਾ ਗਿਆ ਸੀ। ਉਹਦੇ ਪਿਆਰ ਦੀ ਬੂੰਦ ਕਰੂੰਬਲ ਬਣ ਫੁੱਟੀ, ਮੇਰੀ ਅੱਡੀ ਭੋਂਇ ਨਾ ਲੱਗੇ। ਹੋਰ ਦੋ ਦਿਨਾਂ ਤੱਕ ਜੀਤ ਘਰ ਮੁੜਨ ਵਾਲਾ ਸੀ। ਦੋ ਤੋਂ ਤਿੰਨ ਹੋਣ ਦਾ ਖ਼ਾਬ ਬੁਣਦੀ ਮੈਂ ਜੀਤ ਦੇ ਘਰ ਆਉਣ ਦੀਆਂ ਤਿਆਰੀਆਂ 'ਚ ਲੱਗੀ ਸੀ ਕਿ ਸੁਨੇਹਾ ਮਿਲਿਆ,

'ਹਾਈਵੇ 'ਤੇ ਟਰੱਕ ਪਲਟ ਗਿਐ।'

"ਹਾਏ ਮੇਰਾ ਜੀਤ।"

ਮੈਂ ਵੀ ਜੀਤ ਦੇ ਨਾਲ ਹੀ ਸਿਵੇ 'ਚ ਮੱਚ ਜਾਂਦੀ ਜੇ ਬੀਜੀ ਨੇ ਬਾਂਹ ਨਾ ਫੜੀ ਹੁੰਦੀ। ਮੈਂ ਕੁੱਖ ਨੋਚਾਂ। ਜਿਹੜਾ ਜੀਅ ਮੈਥੋਂ ਮੇਰੀ ਜ਼ਿੰਦਗੀ ਖੋਹ ਕੇ ਲੈ ਗਿਆ ਮੈਨੂੰ ਉਸ ਬਾਰੇ ਸੋਚ-ਸੋਚ ਕਚਿਆਣ ਆਉਂਦੀ।

ਜੋ ਮੇਰੀ ਹਾਲਤ ਸੀ ਨੂਰ ਤਾਂ ਮੇਰੀ ਕੁੱਖ 'ਚੋਂ ਹੀ ਕਿਰ ਗਈ ਹੁੰਦੀ ਹਾਏ ! ਮੇਰੀ ਨੂਰ।

ਅੰਦਰੇ-ਅੰਦਰ ਹਟਕੋਰੇ ਭਰਦੀ ਉੱਠੀ ਤੇ ਧੀ ਨੂੰ ਵੇਖਣ ਤੁਰ ਪਈ। ਸੁੱਤੀ ਪਈ ਧੀ ਦਾ ਹੱਸੂੰ-ਹੱਸੂੰ ਕਰਦਾ ਮੁੱਖੜਾ ਵੇਖ ਬੁੱਲ੍ਹ ਆਪ ਮੁਹਾਰੇ ਗੁਲਾਬ ਦੀਆਂ ਪੱਤੀਆਂ ਹੋ ਗਏ।

"ਵੇਖ ਜੀਤ ਆਪਣੀ ਨੂਰ। ਬਾਰਾਂ ਵਰ੍ਹਿਆਂ ਦੀ ਹੋ ਗਈ। ਸਾਰੇ ਕਹਿੰਦੇ ਆ ਹੂ-ਬ-ਹੂ ਤੇਰਾ ਨਕਸ਼ੈ। ਮੈਂ ਤਾਂ ਤੈਨੂੰ ਰੱਜ ਕੇ ਵੇਖਿਆ ਵੀ ਨਹੀਂ ਸੀ ਤੇ ਤੂੰ ।" ਦਿਲ 'ਚੋਂ ਹੌਲ ਉੱਠਿਆ ਤੇ ਧੀ ਦੀਆਂ ਬਲਾਵਾਂ ਲੈਂਦੀ ਰਸੋਈ ਵੱਲ ਹੋ ਗਈ। ਸ਼ੈਲਫ਼ 'ਤੇ ਰੇਸ਼ਮੀ ਰੁਮਾਲ ਹੇਠ ਢਕੀ ਪਈ ਪਲੇਟ ਧਿਆਨ ਫਿਰ ਪ੍ਰੀਤ 'ਚ ਲੈ ਪਹੁੰਚੀ।

ਭਾਂਤ-ਸੁਭਾਂਤੇ ਖਾਣੇ ਖਾਣ ਨਾਲੋਂ ਵੱਧ ਬਣਾ ਕੇ ਖੁਆਉਣ ਦੀ ਸ਼ੌਕੀਨ। ਛੁੱਟੀ ਵਾਲੇ ਦਿਨ ਕੁੱਝ ਨਾ ਕੁੱਝ ਨਵੇਕਲਾ ਜ਼ਰੂਰ ਬਣਾਉਂਦੀ। ਸੁਆਦ ਚਖਾਉਣ ਬਹਾਨੇ ਲੱਪ-ਘਲੱਪੀ ਸ਼ੈਅ ਮੈਨੂੰ ਫੜਾ ਜਾਂਦੀ।

"ਆਂਟੀ ਡੀਅਰ ਆਹ ਨਵੀਂ ਆਈਟਮ ਕੀਤੀ ਆ ਟਰਾਈ। ਚੱਖ ਕੇ ਦੱਸਿਓ। ਆਇਆ ਕੋਈ ਵੱਖਰਾ ਸੁਆਦ ?"

ਹੱਥ ਫੜੀ ਚੀਜ਼ 'ਚੋਂ ਗਰਾਹੀ ਮੇਰੇ ਮੂੰਹ ਪਾ ਅੱਖ ਦੱਬਦੀ ਤੇ ਠਹਾਕੇ ਮਾਰਦੀ ਲੱਕ ਤੋਂ ਲਿਫ਼ਦੀ ਜਾਂਦੀ। ਮਜ਼ਾਕ-ਮਜ਼ਾਕ 'ਚ ਮੈਨੂੰ ਕਈ ਕੁੱਝ ਕਹਿ ਜਾਂਦੀ। ਮੈਂ ਹਾਸੇ-ਮਜ਼ਾਕ ਤੋਂ ਉੱਤੇ ਨਾ ਲਿਆ ਕਦੀ। ਫਿਰ ਅੱਜ ਉਹਨੇ ਅਜਿਹਾ ਕੀ ਕਹਿ ਦਿੱਤਾ ਜਿਹੜਾ ਤੜਫਨੀ ਬਣ ਹੱਡਾਂ ਨੂੰ ਜੂੜ ਬੈਠੈ?

ਫਿੱਕੇ ਗੁਲਾਬੀ ਸੂਟ 'ਚ ਸੱਜੀ-ਫੱਬੀ ਪ੍ਰੀਤ ਰੇਸ਼ਮੀ ਰੁਮਾਲ ਨਾਲ ਕੱਜੀ ਪਲੇਟ ਮੇਰੇ ਹੱਥ ਫੜਾਉਂਦਿਆਂ ਬੋਲੀ,

"ਲੈ ਆਂਟੀ ਡੀਅਰ ਚੱਖ ਕੇ ਦੱਸ। ਨਵੀਂ ਰੈਸਿਪੀ ਕੀਤੀ ਆ ਟ੍ਰਾਈ।"

"ਰੈਸਿਪੀ ਛੱਡ ਮੇਰੀ ਗੁਲਾਬੋ ਰਾਣੀਏ। ਤੂੰ ਇਹ ਦੱਸ ਬਈ ਅੱਜ ਕਿੱਥੇ ਕਹਿਰ ਢਾਹੁਣ ਦਾ ਇਰਾਦਾ ਬਣਾਇਐ?" ਮੈਂ ਅੰਗੂਠੇ ਨਾਲ ਪਹਿਲੀ ਉਂਗਲ ਜੋੜ ਸੱਜਾ ਹੱਥ ਤਾਰੀਫ਼ 'ਚ ਨਚਾਇਆ।

"ਰੈਸਿਪੀ ਹੀ ਤਾਂ ਛੱਡ ਨਹੀਂ ਹੁੰਦੀ ਮਾਈ ਡੀਅਰ ਆਂਟੀ ਜੀ। ਕੋਰੇ ਕੁੱਜੇ 'ਚ ਜਮਾਏ ਦਹੀਂ ਦਾ ਸਵਾਦ ਵੱਖਰਾ ਹੀ ਹੁੰਦੈ। ਫਿਰ ਭਾਵੇਂ ਕੁੱਜਾ ਮਾਂਜ-ਮਾਂਜ ਜਿੰਨਾ ਮਰਜੀ ਲਿਸ਼ਕਾ ਲੋ, ਪਹਿਲੀ ਵਾਰੀ ਵਰਗਾ ਦਹੀਂ ਨਹੀਓਂ ਜੰਮਦਾ। ਤਾਂ ਕੀ ਭਲਾ, ਬੰਦਾ ਦਹੀਂ ਖਾਣਾ ਛੱਡ ਦਿੰਦੈ? ਨਹੀਂ ਨਾ। ਬਸ ਵਾਰ-ਵਾਰ ਦਹੀਂ ਖਾਣ ਲਈ ਉਸ 'ਚੋਂ ਭਾਂਤ-ਸੁਭਾਂਤੇ ਸਵਾਦ ਕੱਢੇ ਜਾਂਦੇ ਆ। ਸਮਝ ਲੈ ਬਈ ਆਹੀ ਹਾਲ ਬੰਦੇ, ਜਨਾਨੀ ਦਾ। ਜੀਭ ਨਾਲੋਂ ਜੀਅ ਵੱਧ ਭਾਲਦੈ ਕੋਈ ਨਵਾਂ ਸਵਾਦ। ਅੱਜ ਮੂਡ ਸੀ ਕੁੱਝ ਨਵਾਂ ਟ੍ਰਾਈ ਕਰਨ ਦਾ। ਦਹੀਂ, ਨਿਊਟਰੀ ਤੇ ਸੂਜੀ ਦੇ ਰਲ਼ਾ ਨਾਲ ਬਣਾਏ ਆ ਪਕੌੜੇ। ਹੁਣ ਤਾਂ ਜੀਅ ਕਰਦੈ ਪਕੌੜਿਆਂ ਨਾਲ ਇੱਕ-ਇੱਕ ਸ਼ਾਟ ਲਾਈਏ ਤੇ । ਜ਼ਿੰਦਗੀ ਕਾਲੀ ਚਿੱਟੀ ਹੀ ਨਹੀਂ, ਗੁਲਾਬੀ ਵੀ ਹੁੰਦੀ ਏ ਮਾਈ ਡੀਅਰ ਆਂਟੀ ਜੀਅਅਅਅ।"

ਖ਼ਾਲੀ ਹੱਥ 'ਚ ਗਲਾਸੀ ਫੜ ਪੈੱਗ ਗਟਕਣ ਦੀ ਐਕਟਿੰਗ ਕਰਦੀ ਨੇ ਅੱਖ ਮਾਰ ਜਿਸਮ 'ਚੋਂ ਆਕੜ ਭੰਨੀ ਤੇ ਮੇਰੇ ਪਾਏ ਕਾਲੇ-ਚਿੱਟੇ ਸੂਟ 'ਤੇ ਹੱਥ ਫੇਰਦੀ ਸਾਰੀ ਦੀ ਸਾਰੀ ਖਿੜਿਆ ਗੁਲਾਬ ਹੋ ਗਈ। ਸਿਰ ਦੇ ਵਾਲਾਂ ਤੋਂ ਪੈਰਾਂ ਦੇ ਨਹੁੰਆਂ ਤੱਕ ਸਰੂਰ ਹੋਈ ਪ੍ਰੀਤ ਦੇ ਅੰਗ ਮੁੜ-ਮੁੜ ਜਾਣ। ਅੰਗਾਂ 'ਚੋਂ ਕੜਾਕੇ ਕੱਢਦੀ ਮੇਰੇ ਨਾਲ ਇੰਝ ਲਿਪਟੀ ਜਿਉਂ ਚੰਦਨ ਰੁੱਖ ਨਾਲ ਸੱਪ ਗੁੱਥਮ-ਗੁੱਥਾ ਹੁੰਦੈ। ਮੈਂ ਉਹਦੇ ਲੱਕ 'ਚ ਮਿੱਠੀ ਜਿਹੀ ਚੂੰਡੀ ਵੱਢਦਿਆਂ ਪੁੱਛਿਆ,

"ਇਹ ਪਕੌੜੇ ਤਾਂ ਸਮਝ ਆਉਂਦੇ ਆ ਪਰ ਤੇਰਾ ਸ਼ਾਟ ਪੱਲੇ ਨਹੀਂ ਪਿਆ, ਮੇਰੇ ਪਟਾਕਿਆ।"

ਹੱਸ-ਹੱਸ ਦੋਹਰੀ ਹੁੰਦੀ ਆਖੇ, "ਆਂਟੀ, ਅੰਕਲ ਨਾਲ ਲਾਇਆ ਸੀ ਕਦੀ ਥ੍ਰਟੀ ਐਮ.ਐਲ. ਜਾਂ ਪਟਿਆਲਾ ਪੈੱਗ? ਬੋਲੇ ਤੋ, ਇੱਕ ਹਾੜਾ ਪਹਿਲੇ ਤੋੜ ਦਾ। ਹਾਏ ! ਦਿਲ ਭਾਲਦੈ, ਅਵੱਲਾ ਕੋਈ ਸਰੂਰ

ਜਿੰਦੀਏ ਨੀ, ਦਿਲ ਭਾਲਦੈ। ਆਂਟੀ ਡੀਅਰ ਸੱਚੀ ਦੱਸ, ਕਦੀ ਲਾਇਆ ਕੋਈ ਹਾੜਾ ਪਹਿਲੇ ਤੋੜ ਦਾ?" ਉਹ ਤਾੜੀ ਮਾਰ ਹੱਸਦੀ ਲੋਟ ਨਾ ਆਵੇ।

"ਚਲ ਜਾ ਕੁੜੇ। ਮੇਰੇ ਨਾਲ ਚਿਮੜਿਆਂ ਕੁੱਝ ਨਹੀਂਓ ਮਿਲਣਾ। ਜਾ ਮਖਿਆਂ ਹੋਰ ਪਕੌੜੇ ਠੰਡੇ ਪੈਂਦੇ ਊ। ਜਾ ਕੇ ਖੁਆ ਨੇਕ ਨੂੰ। ਮੈਂ ਸ਼ਰਮ ਜਿਹੀ ਮੰਨਦੀ ਨੇ ਨੀਂਵੀਂ ਪਾ ਲਈ।

"ਸੱਚੀ ਦੱਸੋ ਆਂਟੀ, ਕਦੀ ਦਿਲ ਨਹੀਂ ਕੀਤਾ ?"

"ਕਿਵੇਂ ਦੱਸਾਂ ਮੇਰੀ ਗੁਲਾਬੋ ਰਾਣੀਏ, ਯਾਦਾਂ ਦੀ ਨਿੱਘੀ ਪਿਟਾਰੀ ਦੀ ਕੰਬਣੀ ਕੀ ਹੁੰਦੀ ਏ? ਬਸ ਰਹਿਣ ਦੇ ਛੇੜ ਨਾ ਦਰਦਾਂ ਨੂੰ।" ਮੈਂ ਸੀਨੇ 'ਤੇ ਹੱਥ ਰੱਖ ਲੰਬਾ ਸਾਹ ਭਰਿਆ ਤੇ ਠਹਾਕਾ ਮਾਰਦਿਆਂ ਉਸ ਨੂੰ ਬਾਹਾਂ 'ਚ ਭਰ ਲਿਆ।

"ਆਏ ਹਾਏ। ਇੰਨਾ ਕਰੰਟ। ਆਂਟੀ ਅੰਕਲ ਕਿਵੇਂ ਝੱਲਦਾ ਹੋਊ?"

"ਚਲ ਜਾ ਹੁਣ, ਛੱਡ ਮੇਰਾ ਖਹਿੜਾ। ਤੇਰਾ ਰਾਂਝਾ ਮੈਨੂੰ ਗਾਲ੍ਹਾਂ ਕੱਢਦਾ ਹੋਊ। ਸੱਸ-ਸਹੁਰਾ ਹੈ'ਨ੍ਹੀਂ। ਮੌਕੇ ਦਾ ਫਾਇਦਾ ਚੁੱਕੋ। ਹੱਸੋ-ਖੇਡੋ ਤੇ ਪਾਉ ਲੁੱਡੀਆਂ।" ਮੈਂ ਹੱਸਦੀ ਨੇ ਨੀਵੀਂ ਪਾ ਉਸ ਨੂੰ ਜਾਣ ਲਈ ਆਖਿਆ।

"ਆਹੋ ਹੱਸਣ-ਖੇਡਣ ਦਿੰਦੇ ਆ ਕਿਧਰੇ ਤੁਹਾਡੇ ਟੈਣ-ਮਟੈਣੇ? ਗੱਲਾਂ ਦਾ ਕੜਾਹ ਹੈਗਾ, ਜਿੰਨਾ ਮਰਜੀ ਬਣਾ ਲੋ। ਨੇਕ ਸਿਰ ਚੁੱਕ-ਚੁੱਕ ਮੇਰੇ ਵੱਲ ਝਾਕੂ ਤੇ ਬਾਲਾਂ ਨੂੰ ਸੁਆਉਂਦੀ ਦਾ ਨੀਂਦਰ 'ਚ ਝੂਟੇ ਲੈਂਦਾ ਮੇਰਾ ਸਿਰ ਲੁੜਕ ਜਾਂਦੈ। ਪਤਾ ਉਦੋਂ ਲੱਗਦੈ ਜਦੋਂ ਸਵੇਰੇ ਜਾਗਣ ਦਾ ਅਲਾਰਮ ਖੜਕਦਾ ਬੰਦ ਹੋਣ 'ਚ ਨਹੀਂ ਆਉਂਦਾ।"

"ਜਾ ਤੇ ਚੜ੍ਹ ਜਾਂ ਚੰਡੋਲ ਬਣ ਕੇ। ਨਿਆਣੇ ਮੈਂ ਆਪੇ ਸਾਂਭ ਲੂੰ। ਤੂੰ ਲਾ ਜਾ ਕੇ ਜਿਹੜਾ ਸ਼ੌਟ-ਸ਼ੂਟ ਲਾਉਣੈ ਤੇ ਪੁਗਾ ਲੈ ਮਨ ਦੀ ਰੀਝ। ਬਸ, ਰਾਂਝਾ ਖੁਸ਼ ਹੋਣਾ ਚਾਹੀਦੈ।"

"ਤੂੰ ਨਿਆਣੇ ਸਾਂਭ ਮਾਈ ਡੀਅਰ। ਰਾਂਝੇ ਦੀ ਫ਼ਿਕਰ ਮੇਰੇ 'ਤੇ ਛੱਡ। ਦੁਆ ਕਰ ਅੱਜ ਰਾਂਝਾ ਤੇਰੀ ਹੀਰ ਗੁਲਾਬੋ ਨਾਲ ਪੂਰਾ ਲਹਿ ਲਵੇ। ਦੋ ਮਿੰਟਾਂ 'ਚ ਘੱਲਦੀ ਆਂ ਨਿਆਣੇ।" ਸਿੱਧੀ ਹੁੰਦੀ ਨੇ ਸ਼ਰੀਰ ਦੀ ਆਕੜ ਭੰਨੀ ਤੇ ਹੱਡੀਆਂ ਦੇ ਪਟਾਕੇ ਕੱਢਦੀ ਗਲੀ ਦਾ ਮੋੜ ਮੁੜ ਗਈ।

ਮੈਂ ਦਹਿਲੀਜ ਵਿੱਚ ਖੜ੍ਹੀ ਸੀ ਤੇ ਨੇਕ ਬਾਲਾਂ ਨੂੰ ਛੱਡ ਗਿਆ।

***

ਬੀਜੀ ਤੇ ਨੂਰ ਨੂੰ ਵੇਲੇ ਸਿਰ ਰੋਟੀ-ਪਾਣੀ ਖੁਆ ਕੇ ਸੁਆ ਦਿੱਤਾ। ਪ੍ਰੀਤ ਦੇ ਕਾਕੇ ਤੇ ਗੱਡੀ ਨੂੰ ਝੋਲੀ ਲੈ ਦੁੱਧ ਦੀ ਬੋਤਲ ਮੂੰਹ ਨੂੰ ਲਾਈ ਤੇ ਲਾਡ ਨਾਲ ਸਿਰ ਪਲੋਸਦੀ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਲੱਗੀ। ਪਹਿਲਾਂ ਵੀ ਅਕਸਰ ਬਾਲ ਮੇਰੇ ਕੋਲ ਰਹਿੰਦੇ ਆਏ ਸਨ। ਝੋਲੀ ਲੈਂਦਿਆਂ ਸੌਂ ਗਏ। ਬਾਲਾਂ ਨੂੰ ਬੀਜੀ ਨਾਲ ਬੈੱਡ 'ਤੇ ਰਜਾਈ 'ਚ ਨਿੱਘੇ ਕਰਕੇ ਪਾਇਆ ਤੇ ਰਸੋਈ ਸਮੇਟਣ ਲੱਗੀ। ਧਿਆਨ ਪਕੌੜਿਆਂ ਦੀ ਪਲੇਟ 'ਤੇ ਜਾ ਪਿਆ। ਪੈੱਗ ਗਟਕਣ ਦੀ ਐਕਟਿੰਗ ਕਰਦੀ ਪ੍ਰੀਤ ਦਿਮਾਗ 'ਚ ਖੌਰੂ ਪਾਉਣ ਲੱਗੀ। ਉਹਦਾ ਹੱਸਦਾ ਚਿਹਰਾ ਵੇਖ ਮੈਨੂੰ ਰੱਜ ਆਉਂਦਾ ਸੀ। ਫਿਰ ਅੱਜ ਉਸ ਤੋਂ ਚਿੜ ਕਿਉਂ ਚੜ੍ਹਨ ਲੱਗੀ ਏ? ਪਕੌੜਿਆਂ ਦੀ ਪਲੇਟ ਜਿਉਂ ਦੀ ਤਿਉਂ ਸ਼ੈਲਫ਼ 'ਤੇ ਛੱਡ ਆਪਣੇ ਬੈੱਡ 'ਤੇ ਆ ਪਈ। ਨਿਗਾਹ ਸਿਰਹਾਂਦੀ ਰੱਖੀ ਜੀਤ ਦੀ ਫੋਟੋ 'ਤੇ ਜਾ ਠਹਿਰੀ। ਜੀਤ ਦਾ ਭਰ ਜਵਾਨ ਜੁੱਸਾ ਮੇਰੇ ਅੱਧ ਕਾਲੇ-ਚਿੱਟੇ ਸਿਰ 'ਚ ਝਰਨਾਹਟਾਂ ਛੇੜਨ ਲੱਗਿਆ।

"ਆਂਟੀ ਡੀਅਰ ਕਦੀ ਅੰਕਲ ਨਾਲ ਲਾਇਆ ਸੀ ਇੱਕ ਹਾੜਾ ਪਹਿਲੇ ਤੋੜ ਦਾ?" ਜਿਉਂ-ਜਿਉਂ ਰਾਤ ਵਧਣ ਲੱਗੀ ਪ੍ਰੀਤ ਦਾ ਇੱਕ ਹਾੜਾ ਦਮਘੋਟੂ ਹੋਣ ਲੱਗਿਆ।

***

"ਮੀਤ, ਇੱਕ ਘੁੱਟ ਲਾ ਕੇ ਤਾਂ ਵੇਖ। ਵੇਖੀਂ ਫਿਰ ਕਿਵੇਂ ਆਉਂਦਾ ਨਜ਼ਾਰਾ।"

"ਜਾ ਮਖਿਆਂ ਹਟ ਪਰ੍ਹਾਂ। ਮੇਰਾ ਤੇਰੀ ਪੀਤੀ 'ਚ ਦਮ ਘੁਟਦੈ। ਅਖੇ, ਲਾਈਂ ਇੱਕ ਘੁੱਟ।"

"ਜਦੋਂ ਤੂੰ ਵੀ ਲਾ ਲਿਆ ਨਾ ਇੱਕ ਹਾੜਾ ਪਹਿਲੇ ਤੋੜ ਦਾ, ਵੇਖੀਂ ਫਿਰ ਦਮਘੋਟੂ ਕਿਵੇਂ ਮਸਤ ਕਲੰਦਰ ਬੁਲਾਉਂਦੀ। ਚਲ ਆ, ਅੱਜ ਬਾਰਾਂ ਸਾਲੀਂ ਦਾ ਡਾਟ ਪੁੱਟੀਏ। ਕਲਕੱਤਿਓਂ ਲਿਆਂਦੀ ਸਪੈਸ਼ਲ। ਪਹਿਲੇ ਤੋੜ ਦੀ ਪੁਰਾਣੀ ਦੇਸੀ ਦਾਰੂ ਤਾਂ ਮੱਚਦੀ ਆ ਸੁਲਫ਼ੇ ਦੀ ਲਾਟ ਵਾਂਗੂ। ਵੇਖਦੇ ਆਂ ਇਹ ਕਿੰਨਾ ਸੇਕ ਕੱਢਦੀ ਆ?"

ਬੰਦ ਬੋਤਲ ਜੀਤ ਦੇ ਹੱਥੋਂ ਫੜ ਮੈਂ ਅੱਗੇ ਤੋਂ ਜ਼ਿੰਦਗੀ ਦੀ ਇਸ ਵੈਰਨ ਨੂੰ ਕਦੀ ਹੱਥ ਨਾ ਲਾਉਣ ਦੀ ਸਹੁੰ ਲੈ ਲਈ।

"ਡੁੱਲ੍ਹ ਨਾ ਜਾਵੇਂ ਕਿਸੇ 'ਤੇ, ਤੂੰ ਕਿਤੇ। ਤਾਂਘਦਾ ਰਹਿੰਦਾਂ ਤੈਨੂੰ, ਮੈਂ ਪੁਰਾਣੀ ਸ਼ਰਾਬ ਵਾਂਗੂੰ।"

ਕੰਨਾਂ 'ਚ ਪਏ ਜੀਤ ਦੇ ਰਸ ਘੋਲਦੇ ਬੋਲ ਸਰੀਰ 'ਚ ਝੁਣਝੁਣੀ ਲਾ ਅੰਗ-ਅੰਗ ਮੁਸ਼ਕਾਉਣ ਲੱਗੇ। ਸਿਰਹਾਣੇ ਨੂੰ ਬੁੱਕਲ 'ਚ ਲੈ ਕੁੱਕੜੀ ਹੋ ਗਈ। ਇਕੱਠਿਆਂ ਗੁਜ਼ਾਰੀ ਪਹਿਲੀ ਤੋਂ ਚੌਥੀ ਤੇ ਆਖਰੀ ਰਾਤ ਭੌਣ ਚੜ੍ਹਾਉਣ ਲੱਗੀ।

***

ਰੋਟੀ-ਪਾਣੀ ਤੋਂ ਵਿਹਲੀ ਹੋ ਮੈਂ ਕਮਰੇ 'ਚ ਆਈ। ਘੁੱਪ ਹਨੇਰਾ। ਮੈਨੂੰ ਲੱਗਿਆ ਜੀਤ ਸੌਂ ਗਿਐ। ਪੋਲੇ ਪੈਰੀਂ ਹਨੇਰੇ 'ਚ ਰਾਹ ਟਟੋਲਦੀ ਮੈਂ ਬੈੱਡ ਦੀ ਨੁੱਕਰ ਨੂੰ ਹੱਥ ਪਾ ਹੌਲੀ ਜਿਹੀ ਬੈੱਡ ਦੇ ਇੱਕ ਪਾਸੇ ਲੰਮੀ ਪੈ ਗਈ। ਜਿਵੇਂ ਹੀ ਲੱਤਾਂ 'ਤੇ ਰਜਾਈ ਲੈਣ ਲੱਗੀ ਕਮਰੇ ਦੀ ਬੱਤੀ ਜਗ ਪਈ। ਅੱਬੜਭਾਂਦੀ ਉੱਠੀ। ਸਾਹਮਣੇ ਚਾਦਰ ਦੀ ਬੁੱਕਲ ਮਾਰੀ ਜੀਤ ਖੜ੍ਹਾ। ਜਿਵੇਂ ਹੀ ਮੈਂ ਉਹਦੇ ਵੱਲ ਵੇਖਿਆ ਉਸ ਬਾਹਾਂ ਫੈਲਾ ਕੇ ਚਾਦਰ ਖੋਲ੍ਹੀ ਤੇ ਮੈਨੂੰ ਆਪਣੇ ਵੱਲ ਆਉਣ ਲਈ ਇਸ਼ਾਰਾ ਕੀਤਾ। ਸ਼ਰਮ ਨਾਲ ਸੁਰਖ ਹੋ ਮੈਂ ਅੱਖਾਂ ਬੰਦ ਕਰ ਲਈਆਂ। ਜਿਸਮਾਂ ਤੋਂ ਰੂਹਾਂ ਦਾ ਮਿਲਣ ਕੀ ਹੁੰਦੈ ਦਾ ਅਹਿਸਾਸ ਹੋਇਆ ਜਦੋਂ ਜੀਤ ਨੇ ਮੈਨੂੰ ਬੁੱਕਲ 'ਚ ਲੈ ਚਾਦਰ ਅੰਦਰ ਆਪਣੇ ਨਾਲ ਘੁੱਟ ਲਿਆ।

"ਮੈਨੂੰ ਸੰਗ ਆਉਂਦੀ ਏ।" ਆਖ ਮੈਂ ਹੋਰ ਘੁੱਟ ਕੇ ਅੱਖਾਂ ਮੀਚ ਲਈਆਂ। ਜੀਤ ਨੇ ਮੇਰੇ ਕੱਸ ਕੇ ਬੰਨ੍ਹੀ ਵਾਲਾਂ ਦੀ ਗੁੱਤ ਖੋਲ੍ਹ ਆਪਣਾ ਮੂੰਹ ਵਾਲਾਂ ਅੰਦਰ ਲੁਕੋ ਲਿਆ।

"ਲੈ ਮੇਰੇ ਪੁੰਨਿਆਂ ਦੇ ਚੰਨ, ਬੱਦਲ ਵੀ ਕਹਿੰਦੇ ਆ ਲਾਹ ਦਿਉ ਸੰਗ।" ਮੈਂ ਪਹਿਲਾਂ ਨਾਲੋਂ ਵੱਧ ਸੰਗਦੀ ਨੇ ਜੀਤ ਦੀ ਛਾਤੀ ਨਾਲ ਲੱਗ ਕੱਛ 'ਚ ਸਿਰ ਦੇ ਲਿਆ। ਪਹਿਲੀ ਮਿਲਣੀ ਦੀ ਪੀੜ ਪੀਂਘ ਦਾ ਹੁਲਾਰਾ ਬਣ ਮੈਨੂੰ ਅੰਬਰੀਂ ਝੂਟਣ ਲਾਉਂਦਾ ਰਿਹਾ। ਦਿਲ ਕਰੇ ਇਹ ਪਹਿਲੀ ਰਾਤ ਕਦੇ ਨਾ ਮੁੱਕੇ।

ਅਗਲੀ ਸਵੇਰ ਭਾਪੇ ਦੀ ਮੌਤ ਤੋਂ ਬਾਅਦ ਦੀ ਰਸਮ ਪੂਰੀ ਕਰਨ ਬੀਜੀ ਪੇਕੇ ਫੇਰਾ ਪਾਉਣ ਚਲੀ ਗਈ। ਇਸ ਇਕੱਲ ਨੇ ਮੈਨੂੰ ਤੇ ਜੀਤ ਨੂੰ ਦਿਨ ਰਾਤ ਦਾ ਫਰਕ ਭੁਲਾ ਦਿੱਤਾ। ਇੱਕ ਦੂਜੇ ਲਈ ਕੁੱਲ ਲੋਕਾਈ ਹੋਏ ਦੁਨੀਆ ਜਹਾਨ ਭੁੱਲ ਗਏ। ਕਾਸ਼ ! ਉਹ ਦਿਨ ਰਾਤ ਦਾ ਭੁਲੇਖਾ ਤਾਅ ਉਮਰ ਚੱਲਦਾ ਰਹਿੰਦਾ। ਚੌਥੀ ਰਾਤ ਟਰੱਕ ਮਾਲਕ ਨੇ ਆ ਬੂਹਾ ਖੜਕਾਇਆ। ਜੀਤ ਨੇ ਬਥੇਰਾ ਨਾਂਹ-ਨੁੱਕਰ ਕੀਤੀ। ਮੈਂ ਵੀ ਜੀਤ ਨੂੰ ਨਾ ਘੱਲਣ ਦੀ ਜਿੱਦ ਫੜ ਲਈ, ਪਰ ਜਦੋਂ ਹੋਣੀ ਜੋਰਾਵਾਰ ਹੋ ਜਾਵੇ ਬੰਦੇ ਕੋਲੋਂ ਹਥਿਆਰ ਸੁੱਟਵਾ ਲੈਂਦੀ ਏ।

"ਮੀਤ ਯਾਰ, ਅੱਗੋਂ ਕਬੀਲਦਾਰੀ ਵੱਧਣੀ ਏ। ਮੇਰਾ ਕਿਹੜਾ ਜੀਅ ਕਰਦੈ ਤੇਰੇ ਕੋਲੋਂ ਦੂਰ ਜਾਣ ਨੂੰ, ਪਰ ਕੰਮ 'ਤੇ ਨਾ ਗਏ ਤਾਂ ਖਾਵਾਂਗੇ ਕਿੱਥੋਂ? ਫਿਰ ਦੱਸ ਤੂੰ ਨਹੀਂ ਚਾਹੁੰਦੀ, ਆਪਾਂ ਆਵਦੇ ਜੁਆਕਾਂ ਨੂੰ ਚੰਗੀ ਜ਼ਿੰਦਗੀ ਦੇਈਏ। ਵੱਡਿਆਂ ਦਾ ਦਿੱਤਾ ਮਕਾਨ ਹੈਗਾ, ਔਖੇ-ਸੌਖੇ ਬਸ ਆਪਣਾ ਟਰੱਕ ਪਾ ਲਈਏ । ਫਿਰ ਭਾਵੇਂ ਰੱਬ ਵੀ ਬੁਲਾਏ ਮੈਂ ਨਹੀਂ ਜਾਂਦਾ ਆਪਣੀ ਮੀਤੋ ਨੂੰ ਛੱਡ ਕੇ। ਰੱਜ ਕੇ ਉਦਰੇਵੇਂ ਲਾਹੂੰ ਤੇ ਮੂੰਹ

ਮਿੱਠਾ ਕਰਵਾਉਣ ਦੀ ਖ਼ਬਰ ਸੁਣ ਕੇ ਹੀ ਕੰਮ ’ਤੇ ਜਾਊਂ।”

ਉਹ ਆਖਰੀ ਰਾਤ ਸੀ ਜਿਹੜੀ ਮੈਂ ਤੇ ਜੀਤ ਨੇ ਇੱਕ-ਦੂਜੇ ਦੀ ਬੁੱਕਲ ’ਚ ਜਾਗਦਿਆਂ ਗੁਜ਼ਾਰੀ। ਉਦੋਂ ਦੀ ਜਾਗਦੀ ਅੱਜ ਤੱਕ ਨਹੀਂ ਸੁੱਤੀ, ਤੇ ਮੇਰਾ ਜੀਤ ਸਦਾ ਦੀ ਨੀਂਦੇਂ ਸੌਂ ਗਿਆ। ਬੋਰੀ ਵਾਂਗੂੰ ਸਿਉਂਤੀ ਜੀਤ ਦੀ ਨੀਲੀ ਪਈ ਦੇਹ ਮੇਰੀਆਂ ਅੱਖਾਂ ਦੀਆਂ ਪੁਤਲੀਆਂ ’ਚ ਠਹਿਰ ਗਈ। ਮੈਂ ਜੀਤ ਦੀਆਂ ਆਖਰੀ ਨਿਸ਼ਾਨੀਆਂ ਛਾਤੀ ਨਾਲ ਲਾ-ਲਾ ਜੀਤ ਨੂੰ ਹਾਕਾਂ ਮਾਰਾਂ। ਮਾਂ ਹੋ ਕੇ ਬੀਜੀ ਆਖੇ,

“ਮੋਇਆਂ ਨਾਲ ਨਾ ਸਾਕ ਧੀਏ। ਜੀਤ ਦਾ ਨਿੱਕ-ਸੁੱਕ ਦਾਨ ਕਰਕੇ ਹੌਲੀ ਹੋ ਜਾ। ਅੱਖਾਂ ਮੂਹਰੇ ਦਿਸਦੀਆਂ ਅੰਨ੍ਹਿਆਂ ਕਰਨਗੀਆਂ।”

ਮਾਪੇ ਵੱਖਰਾ ਜ਼ੋਰ ਪਾਉਣ, “ਅੱਗ ਦੀ ਉਮਰ ’ਚ ਪਿਆ ਰੰਡੇਪਾ ਕਿਵੇਂ ਕੱਟੇਂਗੀ ਸੁੱਖ? ਰੰਗਲੀ ਚੁੰਨੀ ਪਾ ਲੈ ਤੇ ਅੱਗੋਂ ਵਿਆਹ ਦੀ ਹਾਮੀ ਭਰ ਦੇ। ਪਹਿਲਾਂ ਹੀ ਪੱਕੀ ਉਮਰ ’ਚ ਵਿਆਹੀ। ਹੁਣ ਹੋਰ ਦੇਰ ਮਤਲਬ ਉਮਰ ਭਰ ਦੀ ਇਕੱਲ। ਉੱਤੋਂ ਕੁੱਖ ’ਚ ਪਲਦਾ ਜੀਅ ਕਿਵੇਂ ਪਾਲੇਂ-ਸਾਂਭੇਂਗੀ ?”

ਮੈਂ ਕਿਸੇ ਦੀ ਇੱਕ ਨਾ ਸੁਣੀ। ਜੀਤ ਦੀਆਂ ਨਿਸ਼ਾਨੀਆਂ ਕਲੇਜੇ ਲਾ-ਲਾ ਚੁੰਮਾਂ। ਕੁੱਖ ’ਚ ਪਲਦੀ ਜੀਤ ਦੀ ਆਖਰੀ ਨਿਸ਼ਾਨੀ ਇੱਕੋ ਵੇਲੇ ਜ਼ਿੰਦਗੀ ਤੇ ਅਗਲੇ ਪਲ਼ ਜੀਤ ਦੀ ਮੌਤ ਦਾ ਸੁਨੇਹਾ ਜਾਪਣ ਲੱਗਦੀ। ਨੂਰ ਜੰਮੀ। ਸਮਝ ਨਾ ਆਵੇ ਖੁਸ਼ ਹੋਵਾਂ ਜਾਂ ਉਦਾਸ ਤੇ ਮੈਂ ਧੀ ਵੱਲੋਂ ਮੂੰਹ ਮੋੜ ਲਿਆ। ਸਾਰਾ ਕੁੱਝ ਅਲਮਾਰੀ ’ਚ ਸਾਂਭ ਤਾਲਾ ਜੜ ਦਿੱਤਾ। ਚਾਬੀ ਸਿਰਹਾਣੇ ’ਚ ਪਾ ਸਿਉਣਾਂ ਲਾ ਸਿਰਹਾਂਦੀ ਸਾਂਭ ਲਈ।

“ਵਖਾ ਤੇ ਸਹੀ ਆਂਟੀ ਡੀਅਰ ਕਿਹੜਾ ਖਜ਼ਾਨਾ ਸਾਂਭ ਕੇ ਰੱਖਿਐ ਇਸ ਤਾਲੇ ਜੜੀ ਅਲਮਾਰੀ ਅੰਦਰ?”

“ਜਿਹੜਾ ਖਜ਼ਾਨਾ ਵੇਖਦਿਆਂ ਮੇਰੀ ਜਾਨ ਨਿਕਲਦੀ ਏ, ਤੈਨੂੰ ਕਿਵੇਂ ਦਿਖਾ ਦਿਆਂ ਮੇਰੀ ਗੁਲਾਬੋ ਰਾਣੀਏ? ਕੁੱਝ ਭੇਤ ਦੱਬੇ ਹੀ ਚੰਗੇ ਹੁੰਦੇ ਆ, ਨਹੀਂ ਤੇ ਭੂਤ ਬਣ ਸਿਰ ’ਤੇ ਸੁਆਰ ਹੋ ਜਾਂਦੇ ਆ।”

ਨੂਰ ਨਾਲ ਤਾਂ ਪ੍ਰੀਤ ਨੇ ਧੜਕਣਾਂ ਸਾਂਝੀਆਂ ਕਰਵਾ ਦਿੱਤੀਆਂ ਪਰ ਉਸ ਦੇ ਹਜ਼ਾਰਾਂ ਤਰਲੇ ਲੈਣ ’ਤੇ ਵੀ ਅਲਮਾਰੀ ਦੀ ਚਾਬੀ ਨੂੰ ਹਵਾ ਨਾ ਲੁਆਈ। ਅਲਮਾਰੀ ਨੂੰ ਜੜੇ ਤਾਲੇ ਵੱਲ ਵੇਖਦੀ ਨੇ ਸੁੱਕਾ ਘੁੱਟ ਗਲੇ ਤੋਂ ਅੰਦਰ ਲੰਘਾਇਆ। ਨਾਗ-ਵਲ਼ ਪਾ ਜੀਤ ਜਿੰਦ ਨੂੰ ਕਰੰਗੜੀ ਪਾਉਣ ਲੱਗਿਆ। ਅੱਖਾਂ ਘੁੱਟੀਆਂ ਜਾਣ। ਗਰਦਨ ਨਾਲ ਰਗੜ ਖਾਂਦੇ ਮੋਢੇ ਅੱਖਾਂ ’ਚ ਸਰੂਰ ਭਰਨ। ‘ਇੱਕ ਹਾੜਾ’ ਲਾਟਾਂ ਕੱਢਦਾ ਰੋਮ-ਰੋਮ ਨੂੰ ਸੇਕੇ ਲਾਵੇ। ਸਿਰ ਬੌਰਾ ਹੋ-ਹੋ ਜਾਵੇ। ਦੋਹਾਂ ਹੱਥਾਂ ਦੀਆਂ ਉਂਗਲਾਂ ਸਿਰ ’ਤੇ ਟਿਕਾ ਅੰਗੂਠਿਆਂ ਨਾਲ ਪੁੜਪੁੜੀਆਂ ਮਲਦੀ ਜਿੰਨਾ ਧਿਆਨ ਵਟਾਵਾਂ, ਉਨਾ ਹੀ ਆਪਸ ’ਚ ਘਿਉ-ਖਿੱਚੜੀ ਹੁੰਦੇ ਨੇਕ ਤੇ ਪ੍ਰੀਤ ਸਾਹਾਂ ਦੀ ਗਤੀ ਵਧਾਉਣ ਲੱਗੇ। ਭੱਜ ਕੇ ਰਸੋਈ ਅੰਦਰ ਗਈ। ਪਲੇਟ ’ਤੇ ਦਿੱਤਾ ਰੇਸ਼ਮੀ ਰੁਮਾਲ ਲਾਹਿਆ। ਗਪਾ-ਗਪ ਪਕੌੜੇ ਅੰਦਰ ਲੰਘਾਉਂਦੀ ਕਮਰੇ ਅੰਦਰ ਆ ਗਈ।

ਅਲਮਾਰੀ ਨੂੰ ਜੜਿਆ ਤਾਲਾ ਤੇ ਸਿਰਹਾਣੇ ਅੰਦਰ ਪਈ ਚਾਬੀ ਦਿਲ-ਦਿਮਾਗ ਦੀਆਂ ਖਿੱਤੀਆਂ ਘੁਮਾਉਣ ਲੱਗੇ। ਧੜਕਣਾਂ ਬੇਕਾਬੂ ਹੋ-ਹੋ ਜਾਣ। ਬੱਤੀ ਬੁਝਾਈ ਤੇ ਸਿਰ ਤੋਂ ਪੈਰਾਂ ਤੱਕ ਰਜਾਈ ਦੀਆਂ ਚਾਰੇ ਨੁੱਕਰਾਂ ਲੱਕ ਹੇਠ ਦੱਬ ਸਿਰਹਾਣੇ ਨੂੰ ਬਾਹਾਂ ’ਚ ਘੁੱਟ ਲਿਆ।

***

ਚੀਚਕ ਵਹੁਟੀ ਬਣੀ ਬੈੱਡ ’ਤੇ ਬੈਠੀ ਹਾਂ। ਮੇਰੇ ਹੱਥਾਂ ਦੀਆਂ ਉਂਗਲਾਂ ਪੋਟਿਆਂ ਤੋਂ ਹੁੰਦੀਆਂ ਨਹੁੰਆਂ ’ਤੇ ਫਿਰੀਆਂ। ਦਿਲ ਦੇ ਧਰਾਤਲ ਤੋਂ ਉੱਠੀਆਂ ਛੱਲਾਂ ਠਹਿਰੇ ਪਾਣੀਆਂ ਨੂੰ ਹੁਲਾਰਾ ਦੇਣ ਲੱਗੀਆਂ। ਜਿਉਂ ਹੀ ਸਪਰਸ਼ ਕੂਹਣੀ ਮੋੜ ਨੂੰ ਪਾਰ ਕਰ ਹਸਲੀ ਦੀ ਹੱਡੀ ਨੂੰ ਸਹਿਲਾਉਣ ਲੱਗਿਆ। ਆਪੇ ਤੋਂ ਬਾਹਰ ਹੋਇਆ ਤਨ-ਮਨ ਅੱਥਰੀ ਘੋੜੀ ਹੋ ਗਿਆ। ਸਿਰਹਾਣੇ ਦੀਆਂ ਸਿਉਣਾਂ ਉਧੜ ਗਈਆਂ। ਹੱਥਾਂ ’ਚੋਂ ਉਛਲਦੀ ਚਾਬੀ ਤਾਲੇ ਅੰਦਰ ਘੁੰਮੀ ਤੇ ਬਾਰਾਂ ਵਰ੍ਹਿਆਂ ਦਾ ਜੰਗਾਲਿਆ ਤਾਲਾ ਚਟਾਕ ਕਰਦਾ ਟੁੱਟ

ਗਿਆ। ਅਲਮਾਰੀ ਖੁੱਲ੍ਹੀ। ਜੀਤ ਦੀਆਂ ਨਿਸ਼ਾਨੀਆਂ ਸ਼ੂਕਦਾ ਤੂਫ਼ਾਨ ਬਣ ਸਿਰ ’ਤੇ ਸਵਾਰ ਹੋ ਗਈਆਂ। ਜਿਉਂ ਹੀ ਜੀਤ ਦੀ ਚਾਦਰ ’ਤੇ ਧਿਆਨ ਪਿਆ। ਚਾਦਰ ਤਨ ’ਤੇ ਲਪੇਟੀ ਜੀਤ ਸਾਹਮਣੇ ਖੜ੍ਹਾ। ਉਸ ਬਾਹਾਂ ਫੈਲਾਈਆਂ। ਮੈਂ ਧਾਹ ਗਲਵੱਕੜੀ ਜਾ ਪਾਈ। ਉਸ ਬਾਰਾਂ ਸਾਲੀਂ ਦਾ ਡਾਟ ਪੁੱਟਿਆ। ਮੇਰੀ ਕੱਸ ਕੇ ਬੱਧੀ ਗੁੱਤ ਖੁੱਲ੍ਹ ਕੇ ਘਣਘੋਰ ਘਟਾਵਾਂ ਬਣ ਅੰਬਰੀ ਜਾ ਚੜ੍ਹੀਆਂ। ਜੀਤ ਦੇ ਤਨ ਦੇ ਵਸਤਰ ਪਾਈ ਮੈਂ ਮਿਲਣ ਦੀ ਆਬਸ਼ਾਰ ’ਚ ਮਲ਼-ਮਲ਼ ਨਹਾਉਣ ਲੱਗੀ ਹਾਂ। ਦਿਨ-ਰਾਤ ਦੇ ਪਾੜੇ ਮੁੱਕ ਗਏ ਹਨ। ਜੀਤ ਦੇ ਪਿਆਰ ਦਾ ਨਸ਼ਿਆਇਆ ਅੰਗ-ਅੰਗ ਸਰੂਰਿਆ ਪਿਆ। ਕੰਨਾਂ ’ਚ ਘੰਟੀਆਂ ਵੱਜਣ ਲੱਗੀਆਂ ਹਨ। ਅੱਖਾਂ ਖੋਲ੍ਹਾਂ। ਖੁੱਲ੍ਹਣ ਹੀ ਨਾ। ਉੱਠਾਂ, ਉੱਠਿਆ ਨਾ ਜਾਵੇ।

“ਮੀਤ, ਮੀਤ।”

ਸੱਸ ਦੀਆਂ ਆਵਾਜ਼ਾਂ ’ਤੇ ਖਿੱਝ ਆਉਣ ਲੱਗੀ ਹੈ। ਬੀਬੀ ਤਾਂ ਪੇਕੀਂ ਗਈ ਸੀ। ਇਨੀ ਛੇਤੀ ਮੁੜ ਵੀ ਆਈ?

“ਮੀਤ, ਦੁੱਧ ਪੁਆ ਲੈ ਪੁੱਤ।” ਜਿਉਂ ਹੀ ਬੀਜੀ ਦੀ ਆਵਾਜ਼ ਦੇ ਨਾਲ ਕੰਨਾਂ ’ਚ ਮੋਟਰਸਾਇਕਲ ਦਾ ਤੇਜ਼ ਹਾਰਨ ਗੂੰਜਿਆ ਮੀਤ ਅੱਭੜਭਾਂਦੀ ਉੱਠ ਬੈਠੀ।

“ਆਏ, ਹਾਏ ਦੁੱਧ ਵਾਲਾ ਆ ਗਿਆ ਤੇ ਮੈਂ ।”

ਧਿਆਨ ਆਪਣੇ-ਆਪ ਵੱਲ ਗਿਆ। ਗਜ-ਗਜ ਲੰਬੇ ਖੁੱਲ੍ਹੇ ਵਾਲ਼ ਚਿਹਰੇ ’ਤੇ ਖਿਲਰੇ ਹੋਏ। ਕਾਲਾ-ਚਿੱਟਾ ਸੂਟ ਜੀਤ ਦੇ ਕੱਪੜਿਆਂ ’ਚ ਉਲਝਿਆ ਫਰਸ਼ ’ਤੇ ਪਿਆ ਤੇ ਤਨ ’ਤੇ ਜੀਤ ਦੀ ਚਾਦਰ। ਨਿਗਾਹ ਅਲਮਾਰੀ ਵੱਲ ਘੁੰਮੀ। ਜਿਸ ਅਲਮਾਰੀ ਨੂੰ ਸੁਖਮੀਤ ਨੇ ਮਰਦੇ ਦਮ ਤੱਕ ਨਾ ਖੋਲ੍ਹਣ ਦੀ ਸਹੁੰ ਖਾਧੀ ਸੀ, ਚੌੜ-ਚਪਾਟ ਖੁੱਲ੍ਹੀ ਹੋਈ। ਬਾਰਾਂ ਸਾਲੀਂ ਸ਼ਰਾਬ ਦੀ ਬੋਤਲ ਦਾ ਖੁੱਲ੍ਹਾ ਡਾਟ ਦਹਿਲੀਜ਼ ਕੋਲ ਤੇ ਡੁੱਲ੍ਹਦੀ ਬੋਤਲ ਫਰਸ਼ ’ਤੇ ਦੂਰ ਪਈ।

ਗੁੱਛਮ-ਗੁੱਛਾ ਹੋਏ ਜੀਤ ਦੇ ਕੱਪੜਿਆਂ ਵਿੱਚ ਉਲਝਿਆ ਕਾਲਾ-ਚਿੱਟਾ ਸਲਵਾਰ-ਕਮੀਜ਼ ਬੁੱਲ੍ਹੀਆਂ ’ਤੇ ਮੁਸਕਾਨ ਬਣ ਫੈਲ ਗਿਆ। ਉਹ ਗਹੁ ਨਾਲ ਬੈੱਡ ਨੂੰ ਵੇਖਣ ਲੱਗੀ। ਬਿਸਤਰੇ ਦੀ ਹਾਲਤ ਵੇਖ ਸੁਪਨੇ ਦਾ ਸਰੂਰ ਚਿਹਰੇ ’ਤੇ ਗੁਲਾਬੀ ਰੰਗਤ ਬਣ ਛਾ ਗਿਆ। ਟਨ-ਟਨ ਕਰਦੀਆਂ ਘੰਟੀ ਦੀਆਂ ਆਵਾਜ਼ਾਂ ਤੇ ਮੋਟਰਸਾਇਕਲ ਦੇ ਹਾਰਨ ਨੇ ਧਿਆਨ ਤੋੜਿਆ। ਕਾਹਲੀ ਨਾਲ ਕੱਪੜੇ ਪਾਏ ਤੇ ਦੁੱਧ ਦਾ ਪਤੀਲਾ ਫੜ ਦਰਵਾਜ਼ਾ ਜਾ ਖੋਲ੍ਹਿਆ। ਅੱਗੇ ਹੱਥ ’ਚ ਦੁੱਧ ਦਾ ਪਤੀਲਾ ਫੜੀ ਪ੍ਰੀਤ ਖੜ੍ਹੀ। ਸੁਖਮੀਤ ਦੁੱਧ ਪੁਆਉਣ ਲੱਗੀ। ਦੁੱਧ ਪਾਉਂਦਾ ਦੋਧੀ ਬੋਲਿਆ,

“ਭਾਬੀ ਗੁੱਸਾ ਨਾ ਕਰੀਂ, ਪਰ ਅੱਜ ਸੱਚੀਓਂ ਤੂੰ ਬੜੀ ਸੋਹਣੀ ਲੱਗ ਰਹੀ ਏਂ।”

ਦੋਧੀ ਨੂੰ ਕੋਈ ਜਵਾਬ ਦੇਣ ਬਜਾਏ ਆਪਣੇ ਅੰਦਰ ਦੀ ਹਾਲਤ ’ਤੇ ਕਾਬੂ ਪਾਉਂਦੀ ਉਹ ਵਾਪਸ ਘਰ ਦੇ ਅੰਦਰ ਮੁੜ ਪਈ।

“ਹੋਰ ਸੁਣਾ ਗੁਲਾਬੋ ਰਾਣੀਏਂ ਰਾਤ ਕਿਵੇਂ ?” ਗੱਲ ਸੁਖਮੀਤ ਦੇ ਮੂੰਹ ’ਚ ਤੇ ਪ੍ਰੀਤ ਬੋਲ ਪਈ,

“ਮੇਰੀ ਛੱਡ ਆਂਟੀ ਡੀਅਰ, ਅੱਜ ਮੈਂ ਨਹੀਂ ਪੂਰੇ ਦਾ ਪੂਰਾ ਖਿੜਿਆ ਗੁਲਾਬ ਤਾਂ ਤੂੰ ਬਣੀ ਏਂ। ਇੰਝ ਨਿਖਰੀ ਏਂ ਜਿਵੇਂ ਪਤਝੜ ਤੋਂ ਬਾਅਦ ਬਹਾਰ ਦੀਆਂ ਕਰੂੰਬਲਾਂ ਨਾਲ ਕੁਦਰਤ ’ਤੇ ਜਵਾਨੀ ਪਰਤੀ ਹੋਵੇ। ਦੱਸ ਕਿਹੜੇ ਦਰਿਆਵਾਂ ’ਚ ਗੋਤੇ ਲਾਏ ਆ ਜਿਹੜਾ ਗੁਲਾਬਾਂ ਦਾ ਅਰਕ ਬਣ ਮਹਿਕੀ ਏਂ?”

“ਅੱਜ ਮੈਂ ਪੂਰਾ ਸੁਪਨਾ ਵੇਖਿਆ ਤੇ ਰੱਜ-ਰੱਜ ਨਹਾਤੀ।” ਜਿਉਂ ਹੀ ਪ੍ਰੀਤ ਨੂੰ ਕਲਾਵੇ ਭਰਨ ਲਈ ਅੱਗੇ ਹੋਈ ਮੀਤ ਦੇ ਹੱਥ ’ਚ ਫੜਿਆ ਦੁੱਧ ਦਾ ਪਤੀਲਾ ਛਲਕ ਗਿਆ।

(**ਸੰਪਰਕ- 98146-70707**)

ਕਹਾਣੀ

# ਜੈਸਾ ਫ਼ਿਲਮੋਂ ਮੇਂ ਹੋਤਾ ਹੈ ...



**ਐੱਚ ਐੱਸ ਡਿੰਪਲ**

ਦਫ਼ਤਰ ਦੀਆਂ ਪੌੜੀਆਂ ਚੜ੍ਹ ਰਿਹਾ ਸੀ ਰਾਜਬੀਰ। ਉਸਦੇ ਨਾਲ ਦੋ ਪੁਲਿਸ ਮੁਲਾਜ਼ਮ, ਗੱਡੀ ਦਾ ਡਰਾਈਵਰ ਅਤੇ ਤਿੰਨ ਸਟਾਫ਼ ਮੈਂਬਰ ਸਨ। ਕਿਸੇ ਮਿਸ਼ਨ ਤੋਂ ਮੁੜੇ ਸਨ ਉਹ। ਮਿਸ਼ਨ ਤੇ ਹੁੰਦਿਆਂ ਪੰਜਾਹ ਫੋਨ ਆਉਂਦੇ ਹਨ, ਪੰਜਾਹ ਫੋਨ ਕਰਨੇ ਹੁੰਦੇ ਹਨ। ਅਜਿਹੇ ਵੇਲੇ ਘਰੋਂ, ਦੋਸਤਾਂ ਤੋਂ ਜਾਂ ਕਿਸੇ ਨਜ਼ਦੀਕੀ ਦਾ ਫੋਨ ਨਜ਼ਰ-ਅੰਦਾਜ਼ ਕਰਨਾ ਉਸਦੀ ਆਦਤ ਨਹੀਂ ਮਜਬੂਰੀ ਹੈ। ਇਸੇ ਮਜਬੂਰੀ ਕਰਕੇ ਉਸਨੇ ਅਰਪਨਾ ਦੀਆਂ ਤਿੰਨ ਕਾਲਾਂ "ਬਿਜ਼ੀ" ਕਰ ਦਿੱਤੀਆਂ ਸਨ, ਭਾਵੇਂ ਕਿ ਉਸਨੂੰ ਅਰਪਨਾ ਦੀ ਮਾਨਸਿਕ ਸਥਿਤੀ ਦਾ ਅੰਦਾਜ਼ਾ ਸੀ। ਇਸੇ ਕਰਕੇ ਪੌੜੀਆਂ ਚੜ੍ਹਦਿਆਂ ਸਭ ਤੋਂ ਪਹਿਲਾਂ ਅਰਪਨਾ ਦਾ ਫੋਨ ਮਿਲਾਇਆ। ਉਸਨੂੰ ਪਤਾ ਸੀ, ਅਰਪਨਾ ਫੋਨ ਚੁੱਕੇਗੀ। ਇਹ ਵੀ ਪਤਾ ਸੀ, ਕਿ ਥੋੜ੍ਹਾ ਗੁੱਸੇ ਨਾਲ ਹੀ ਚੁੱਕੇਗੀ, ਅਤੇ ਕੁਝ ਕਹੇਗੀ। ਇਸੇ ਸਥਿਤੀ ਨੂੰ ਭਾਂਪਦਿਆਂ ਉਸਨੇ ਖੁਦ ਅਰਪਨਾ ਦੀ ਰੀਸ ਲਗਾਈ ਸੀ। ਸਿਰਫ਼ ਮੂੰਹ ਵਿੱਚ। ਸ਼ਾਇਦ ਕਿਸੇ ਨੇ ਸੁਣੀ ਹੋਵੇ,

"ਮੈਂ ਵੀ ਨਹੀਂ ਫੋਨ ਚੁੱਕਣਾ। ਜਦੋਂ ਮੈਂ ਕਰਦੀ ਆਂ, ਤੁਹਾਡੀ ਆਕੜ। ਜਦੋਂ ਤੁਸੀਂ ਕਰਦੇ ਹੋ, ਮੈਂ ਕੰਮ ਤੇ ਬਿਜ਼ੀ।" ਇਹ ਆਕੜ ਤੇ ਰੁਝੇਵਾਂ ਅਕਸਰ ਟਕਰਾ ਜਾਂਦੇ ਹਨ, ਅਤੇ ਇਸ ਟਕਰਾ ਵਿੱਚੋਂ ਜੋ ਚੰਗਿਆੜੇ ਨਿਕਲਦੇ ਹਨ, ਉਹ ਦੋਹਾਂ ਦੇ ਖੱਟੇ-ਮਿੱਠੇ ਰਿਸ਼ਤੇ ਨੂੰ ਕਦੇ ਮੱਠਾ ਅਤੇ ਕਦੇ ਪੀਢਾ ਕਰ ਦਿੰਦੇ ਹਨ।

***

ਖੁਰਾਕ ਮਹਿਕਮੇ ਵਿੱਚ ਵੱਡਾ ਅਫ਼ਸਰ ਹੈ ਰਾਜਬੀਰ।

ਪਹਿਲਾਂ ਉਹ ਉਸੇ ਸਕੂਲ ਵਿੱਚ ਗਣਿਤ ਦਾ ਅਧਿਆਪਕ ਸੀ, ਜਿੱਥੇ ਅਰਪਨਾ ਅਰਥ ਸ਼ਾਸ਼ਤਰ ਦੀ ਲੈਕਚਰਾਰ ਸੀ। ਅਰਪਨਾ ਦੇ ਸਾਂਵਲਾ ਰੰਗ ਨੇ ਨਹੀਂ, ਉਸਦੀ ਮਿੱਠੀ ਆਵਾਜ਼ ਅਤੇ ਵਿਹਾਰ ਵਿਚਲੇ ਭੋਲੇਪਣ ਨੇ ਉਸਨੂੰ ਮੋਹ ਲਿਆ ਸੀ। ਅਰਪਨਾ ਦੇ ਲੰਮੇ ਵਾਲ਼ ਸੋਨੇ ਤੇ ਸੁਹਾਗਾ ਸਨ। ਮਹਿਲਾਵਾਂ ਦੇ ਲੰਮੇ ਵਾਲ਼ ਉਸਦੀ ਕਮਜ਼ੋਰੀ ਸਨ। ਅੱਜ ਵੀ ਹਨ। ਜਦੋਂ ਵੀ ਕਿਸੇ ਮੁਟਿਆਰ ਜਾਂ ਮਹਿਲਾ ਨੂੰ ਉਹ ਦੇਖਦਾ ਤਾਂ ਉਸਦੀ ਨਜ਼ਰ ਪਹਿਲਾਂ ਉਸਦੇ ਵਾਲ਼ਾਂ 'ਤੇ ਪੈਂਦੀ ਹੈ।

ਤੇ ਅਰਪਨਾ ਦੀ ਲੰਮੀ ਗੁੱਤ ਰਾਜਬੀਰ ਤੱਕਦਾ ਰਹਿੰਦਾ।

***

ਇਹ ਪੰਜ ਸਾਲ ਪਹਿਲਾਂ ਦੀ ਗੱਲ ਹੈ। ਉਸ ਬਾਅਦ ਦੋਹਾਂ ਦਾ ਕਦੀ ਮੇਲ ਨਹੀਂ ਹੋਇਆ। ਹਾਂ, ਫੋਨ ਤੇ ਅਕਸਰ ਦੋਵੇਂ ਲੜਦੇ ਹਨ, ਪਿਆਰ ਕਰਦੇ ਹਨ, ਗੱਲਾਂ ਕਰਦੇ ਹਨ, ਅਤੇ ਇੱਕ-ਦੂਜੇ ਨਾਲ ਗਿਲੇ-ਸ਼ਿਕਵੇ ਸਾਂਝੇ ਕਰਦੇ ਹਨ।

ਰਾਜਬੀਰ ਵਿਆਹੁਤਾ ਹੈ। ਉਸਦੀ ਪਤਨੀ ਹੈ, ਬੱਚੇ ਹਨ। ਉਸਦੀ ਪਤਨੀ ਅਰੋਮਾ ਦਾ ਰੰਗ ਗੋਰਾ ਹੈ, ਜਦਕਿ ਉਸਨੂੰ ਸਾਂਵਲਾ ਰੰਗ ਪਿਆਰਾ ਲਗਦਾ। ਵਿਆਹ ਵੇਲੇ ਉਸਦੇ ਵਾਲ਼ ਵੀ ਖੂਬ ਲੰਮੇ ਸਨ। ਪਰ, ਹੁਣ ਉਹ ਆਪਣੇ ਵਾਲ਼ਾਂ ਨਾਲ ਮਰਜ਼ੀ ਨਾਲ ਪ੍ਰਯੋਗ ਕਰਦੀ ਰਹਿੰਦੀ ਹੈ। ਰਾਜਬੀਰ ਨੂੰ ਇਹ ਚੰਗਾ ਨਹੀਂ ਲਗਦਾ।

***

ਵੈਸੇ, ਅਪਰਨਾ ਦੇ ਦੋਸਤਾਂ-ਮਿੱਤਰਾਂ ਦੀ ਲੜੀ ਵੀ ਲੰਮੀ ਹੈ, ਪਰ ਕਮਲ ਉਸਦਾ ਪਹਿਲਾ ਤੇ ਆਖ਼ਰੀ ਸਹਾਰਾ ਸੀ, ਜਿਸ ਦਾ ਬਦਲ ਉਸਨੂੰ ਅੱਜ ਤੱਕ ਨਹੀਂ ਮਿਲਿਆ।

***

ਉਸਦੇ, ਭਾਵ ਕਮਲ, ਵੱਲੋਂ ਦੋਸਤੀ ਤੋੜ ਲੈਣ ਤੇ ਉਸਨੇ ਆਪਣੇ ਲੰਮੇ ਵਾਲ਼ ਕਟਵਾ ਦਿੱਤੇ ਸਨ। ਉਹੀ ਲੰਮੇ ਵਾਲ਼ ਜਿਨ੍ਹਾਂ ਤੇ ਉਹ ਕਦੀ ਮਾਣ ਕਰਦੀ ਸੀ। ਜਿਨ੍ਹਾਂ ਨੂੰ ਉਹ ਬਹੁਤ ਮੋਹ ਕਰਦਾ ਸੀ। ਉਸ ਕੋਲ ਬੈਠਦਾ ਤਾਂ ਉਸਨੂੰ ਘੱਟ ਅਤੇ ਉਸਦੇ ਵਾਲ਼ਾਂ ਨੂੰ ਵੱਧ ਛੇੜਦਾ, ਸਹਿਲਾਉਂਦਾ, ਅਤੇ ਕਦੇ ਆਪਣੇ ਮੂੰਹ/ਚਿਹਰੇ ਤੇ ਅਤੇ ਕਦੇ ਹੱਥਾਂ ਦੁਆਲੇ ਲਪੇਟਦਾ, ਖੇਡਦਾ ਰਹਿੰਦਾ। ਅਰਪਨਾ ਨੂੰ ਉਸਦੀ ਇਹ ਹਰਕਤ ਖਿਝਾਉਂਦੀ ਵੀ, ਚੰਗਾ ਵੀ ਲਗਦੀ।

ਉਹ, ਜੋ ਉਸਨੂੰ ਬਹੁਤ ਪਿਆਰ ਕਰਦਾ ਸੀ।

ਉਹ, ਜੋ ਬਹੁਤ ਅਮੀਰ ਸੀ।

ਉਹ, ਜਿਸ ਲਈ ਉਸਦਾ ਜਿਸਮ ਸੋਨਾ ਸੀ।

ਉਹ ਜੋ ਦਿਨ ਵਿੱਚ ਤਿੰਨ-ਤਿੰਨ ਘੰਟੇ ਨਿਰੰਤਰ ਉਸ ਨਾਲ ਗੱਲਾਂ ਕਰਦਾ।

ਉਹ, ਜੋ ਬੇਬਾਕ ਸੀ।

ਉਹ, ਜਿਸ ਨਾਲ ਅਰਪਨਾ ਬੇਬਾਕ ਸੀ।

ਉਹ, ਜੋ ਵਾਅਦੇ ਵੀ ਕਰਦਾ, ਨਿਭਾਉਂਦਾ ਵੀ।

ਉਹ, ਜੋ ਨਿੱਕੇ-ਨਿੱਕੇ ਤੋਹਫ਼ੇ ਤੇ ਵੱਡੀਆਂ-ਵੱਡੀਆਂ ਖੁਸ਼ੀਆਂ ਦਿੰਦਾ।

ਉਹ, ਜਿਸਨੇ ਉਸਦੀ ਜ਼ਿੰਦਗੀ ਵਿੱਚ ਮਰਦ ਦੀ ਘਾਟ ਪੂਰੀ ਕਰਨ ਦਾ ਯਤਨ ਕੀਤਾ।

ਉਹ, ਜੋ ਉਸਨੂੰ ਇੱਕ ਵੱਡਾ ਦਰਦ ਦੇ ਕੇ ਬੇਵਫ਼ਾ ਹੋ ਗਿਆ।

ਉਹ, ਜੋ ਕਮਾਲ ਦਾ ਇਨਸਾਨ ਸੀ। ਕਮਾਲ ਸੀ।

ਉਹ, ਜੋ ਕਮਲ ਸੀ।

ਉਸਦਾ, ਜੋ ਹੁਣ ਅਰਪਨਾ ਨਹੀਂ, ਅਰਪਨਾ ਕਮਲ ਸੀ।

***

ਤੇ ਇੱਕ ਦਿਨ ਦੋਹਾਂ ਦੇ ਇਸ ਬੇਨਾਮ ਰਿਸ਼ਤੇ ਦੀ ਭਿਣਕ ਪਤਨੀ ਨੂੰ ਲੱਗ ਗਈ। ਤੇ ਘਰ ਵਿੱਚ ਹੰਗਾਮਾ ਖੜਾ ਹੋ ਗਿਆ। ਜਿਸਨੂੰ ਬਾਹਰ ਚਾਹੁਣ ਵਾਲੀਆਂ ਦੀ ਕਮੀ ਨਹੀਂ ਸੀ, ਨੂੰ ਘਰ ਹੀ ਸੁੰਨਾ-ਸੁੰਨਾ ਜਾਪਣ ਲੱਗਾ। ਕਿਉਂਕਿ ਘਰਵਾਲੀ ਨੇ ਨੇੜੇ ਨਾ ਆਉਣ ਦਾ ਸ਼ਾਹੀ ਫ਼ੁਰਮਾਨ ਸੁਣਾ ਦਿੱਤਾ ਸੀ।

ਤੇ, ਰੌਲਾ ਪਾਉਣ ਦੀ ਚਿਤਾਵਨੀ ਵੀ।

ਤੇ, ਕਮਲ ਨੇ ਹੱਥ ਜੋੜੇ, ਮੁਆਫ਼ੀ ਮੰਗੀ।

ਤੇ ਇਧਰ ਅਰਪਨਾ .....


ਜਿਸਨੂੰ ਨਿੱਕੇ-ਨਿੱਕੇ ਤੋਹਫ਼ੇ, ਨਿੱਕੀਆਂ-ਨਿੱਕੀਆਂ ਗੱਲਾਂ ਵਿੱਚੋਂ ਵੱਡੀ ਖੁਸ਼ੀ ਮਿਲਦੀ ਸੀ ਅੱਜ ਇੱਕ ਵੱਡੇ ਸਦਮੇ, ਵੱਡੀ ਪੀੜਾ ਦੇ ਰੂਬਰੂ ਸੀ।

ਕਿਉਂ ਕਿ ਕਮਲ ਚਲਾ ਗਿਆ ਸੀ। ਆਪਣੇ ਘਰ ......

ਤੇ ਜਿਹੜੀ ਇੱਕ ਲਈ ਵਫ਼ਾ ਸੀ, ਉਹ ਦੂਜੀ ਲਈ ਬੇਵਫ਼ਾਈ ਸੀ।

ਤੇ, ਇਸ ਹਿਜਰ ਨੂੰ ਕਟਾਰ ਵਾਂਗ ਆਪਣੇ ਸੀਨੇ ਵਿੱਚ ਖੋਭ ਲਿਆ ਸੀ।

ਤੇ, ਆਪਣੇ ਨਾਮ ਨਾਲ ਕਮਲ ਲਗਾ ਲਿਆ ਸੀ। ਸਦਾ ਲਈ!



***

ਕਦੇ ਉਸਦਾ ਵੀ ਇੱਕ ਸ਼ੌਹਰ ਸੀ, ਜੋ ਕਿ ਵੱਡੇ ਪਰਿਵਾਰ ਦਾ ਵਿਚਕਾਰਲਾ ਬੇਟਾ ਸੀ। ਸਭ ਜੀਅ ਇਕੱਠੇ ਰਹਿਣ ਕਰਕੇ ਇਹ ਪਰਿਵਾਰ ਵੱਡਾ ਸੀ। ਉਂਜ, ਇਸ ਪਰਿਵਾਰ ਵਿੱਚ ਹੋਰ ਕੋਈ ਵੱਡੀ ਗੱਲ ਨਹੀਂ ਸੀ। ਜਾਂ, ਸ਼ਾਇਦ ਅਰਪਨਾ ਨੂੰ ਦਿਖਾਈ ਨਹੀਂ ਦਿੱਤੀ ਸੀ। ਇਹ ਪਰਿਵਾਰ ਬਾਬਾ ਚੇਤਨ ਦਾਸ ਜੀ ਦਾ ਚੇਲਾ ਸੀ। ਜਿਨ੍ਹਾਂ ਨੇ ਆਪਣੀ ਚੇਤਨਾ ਨਾਲ ਲੱਖਾਂ ਲੋਕਾਂ ਨੂੰ ਨਸ਼ੇ ਤੋਂ ਹਟਾਇਆ, ਸਿੱਧੇ ਰਾਹ ਪਾਇਆ, ਪਰ ਖੁਦ ਚੇਤਨਾ ਦੇ ਪਿੱਛੇ ਭਟਕ ਗਿਆ ਸੀ, ਅਤੇ ਹੁਣ ਜ਼ੇਲ੍ਹ ਦੀਆਂ ਸਲਾਖ਼ਾਂ ਪਿੱਛੇ ਬੰਦ ਸੀ...

ਤੇ ਚੇਤਨਾ ਵੀ!

ਅਰਪਨਾ ਇੱਕ ਖੁੱਲ੍ਹੀ ਕਿਤਾਬ ਸੀ। ਉਹ ਆਪਣੀਆਂ ਸਹੇਲੀਆਂ, ਦੋਸਤਾਂ, ਸਹਿਕਰਮੀਆਂ ਨਾਲ ਗੱਲਾਂ ਕਰਦੀ। ਉਸਨੂੰ ਪਤਾ ਸੀ ਕਿ ਉਹ ਅਲੱਗ ਹੈ, ਪਰ ਇਹ ਵੀ ਪਤਾ ਸੀ ਕਿ ਉਹ ਇੱਕ ਔਰਤ ਹੈ, ਜਿਸ ਦੀ ਕਿਸਮਤ ਵਿੱਚ ਅਬਲਾ ਹੋਣਾ, ਗੁਲਾਮ ਹੋਣਾ, ਇਸ ਪਿਤਰੀ ਸਮਾਜ ਨੇ ਲਿਖਿਆ ਹੈ। ਰੱਬ ਵੀ ਸ਼ਾਇਦ ਮਰਦ ਹੋਵੇਗਾ, ਜਿਸਨੇ ਹਰ ਔਰਤ ਦੀ ਕਿਸਮਤ ਅਜਿਹੀ ਲਿਖੀ ਹੈ; ਉਹ ਕਦੇ ਨਾ ਆਖਦੀ, ਪਰ ਅਕਸਰ ਸੋਚਦੀ। ਤੇ, ਉਸਦਾ ਸ਼ੌਹਰ ਵੀ ਇਸੇ ਪਿਤਰੀ ਸੋਚ ਦਾ ਮਾਲਕ ਸੀ, ਪ੍ਰਤੀਨਿਧ ਸੀ, ਪ੍ਰਤੀਕ ਸੀ, ਗੁਲਾਮ ਸੀ।

***

ਬੱਸ ਇਸੇ ਗੁਲਾਮੀ ਦਾ ਸਿਲਾ ਭੋਗ ਰਹੀ ਸੀ ਉਹ।

"ਕਿਹੜੇ ਆਸ਼ਕਾਂ ਨਾਲ ਸਾਰਾ-ਸਾਰਾ ਦਿਨ ਫੋਨ ਤੇ ਗੱਲਾਂ ਕਰਦੀ ਰਹਿੰਦੀ ਏਂ?" ਉਹ ਗਰਜਿਆ ਸੀ, ਭਾਵੇਂ ਉਸਦੇ ਪਤਲੇ ਜਿਸਮ ਵਿੱਚੋਂ ਨਿਕਲੀ ਪਤਲੀ ਆਵਾਜ਼ ਅਰਪਨਾ ਦੀਆਂ ਅੱਖਾਂ ਦੇ ਸੇਕ ਦੇ ਭਾਰ ਹੇਠ ਹੀ ਦਬ ਕੇ ਰਹਿ ਗਈ ਸੀ। ਅਰਪਨਾ ਇੱਕ ਵਾਰ ਹੱਸੀ ਸੀ, ਪਰ ਬਾਅਦ ਵਿੱਚ ਬਹੁਤ ਰੋਈ ਸੀ। ਅਤੇ, ਜਦੋਂ ਉਸਨੇ ਆਪਣਾ ਮੋਬਾਈਲ ਆਪਣੇ ਪਤੀ ਦੇ ਹੱਥ ਵਿੱਚ ਦੇਖਿਆ ਸੀ, ਤਾਂ ਉਹ ਡਰੀ ਨਹੀਂ ਸੀ, ਉਸਨੂੰ ਆਪਣੇ ਪਤੀ ਦੀ ਸੋਚ ਤੇ ਤਰਸ ਆਇਆ ਸੀ। ਕੀ ਉਸਨੂੰ ਇਹ ਵੀ ਨਹੀਂ ਸੀ ਪਤਾ ਕਿ ਕਿਸੇ ਵਿਅਕਤੀ ਦੀ ਜਿੰਦਗੀ ਨਿੱਜੀ ਵੀ ਹੁੰਦੀ ਹੈ? ਉਹ ਤਾਂ ਇੱਕ ਵਕੀਲ ਹੈ। ਸੰਵਿਧਾਨ ਤਾਂ ਹਰ ਵਿਅਕਤੀ ਨੂੰ, ਔਰਤ ਨੂੰ, ਮਰਦ ਨੂੰ, ਬੱਚੇ ਨੂੰ ਤੇ ਤੀਜੇ-ਚੌਥੇ ਜੈਂਡਰ ਨੂੰ, ਸਭ ਨੂੰ ਆਪਣੀ ਮਰਜ਼ੀ ਦਾ ਅਧਿਕਾਰ ਦਿੰਦਾ ਹੈ, ਉਸ ਦੇ ਦਿਮਾਗ਼ ਵਿੱਚ ਕਿਤੋਂ ਪੜ੍ਹੇ ਵਿਚਾਰ ਆਏ। ਪਰ, ਉਹ ਵਕੀਲ ਦੂਜਿਆਂ ਲਈ ਸੀ। ਵਕੀਲ ਬਾਅਦ ਵਿੱਚ ਸੀ, ਪਹਿਲਾਂ ਇੱਕ ਮਰਦ ਸੀ।

"ਹਾਂ, ਕਰਦੀ ਹਾਂ।" ਉਹ ਐਨਾ ਹੀ ਕਹਿ ਸਕੀ ਸੀ, ਪਰ ਕੁਝ ਬੋਲ ਉਸਦੇ ਅੰਦਰ ਹੀ ਸਿਮਟ ਕੇ ਰਹਿ

ਗਏ ਸਨ, ਅਤੇ ਉਸਦੇ ਹੋਠਾਂ ਵਿੱਚ ਸਿਸਕੀਆਂ ਵਾਂਗ ਗੂੰਜੇ ਸਨ, "ਜੇਕਰ ਤੂੰ ਮੇਰੀ ਬੌਧਿਕ ਭੁੱਖ ਪੂਰੀ ਨਹੀਂ ਕਰ ਸਕਦਾ, ਤਾਂ ਮੈਂ ...।" ਪਰ, ਇਹ ਬੋਲ ਉਸਦੇ ਦਿਮਾਗ਼ ਦੀ ਪਰਿਕਰਮਾ ਕਰਕੇ ਅੰਦਰ ਹੀ ਕਿਤੇ ਦਬ ਗਏ ਸਨ।

ਪਰ, ਉਹ ਦਬੀ ਨਹੀਂ ਸੀ।

"ਤੁਸੀਂ ਕਰ ਲਵੋ, ਜੋ ਕਰਨਾ।" ਉਸਦੇ ਅੰਦਰ ਆਜ਼ਾਦ ਔਰਤ ਬੈਠੀ ਸੀ।

***

ਅਰਪਨਾ!

ਅਰਪਨਾ ਸਿਰਫ਼ ਉਸਦਾ ਨਾਮ ਨਹੀਂ, ਪਹਿਚਾਣ ਵੀ ਹੈ। ਆਪਣੇ-ਆਪ ਨੂੰ ਭੁੱਲ ਕੇ ਪੂਰੀ ਤਰ੍ਹਾਂ ਸਵੈ ਨੂੰ ਕਿਸੇ ਹੋਰ ਅੱਗੇ ਸਮਰਪਿਤ ਕਰ ਦੇਣਾ।

***

ਤੇ, ਫਿਰ ਉਹ ਆਜ਼ਾਦ ਹੋ ਗਈ ਸੀ।

ਕੁਝ ਲਿਖਤ-ਪੜ੍ਹਤ.....

ਤੇ ਫਿਰ ਇੱਕ ਪਾਸਾ।

ਤੇ, ਉਹ ਹੁਣ ਸੰਪੂਰਨ ਆਜ਼ਾਦ ਔਰਤ ਸੀ।

ਇੱਕ ਪੂਰੀ ਔਰਤ,

ਅਧੂਰੇ, ਗੁਲਾਮ ਸਮਾਜ ਅੰਦਰ .....

ਉਹ ਸਮਾਜ ਜੋ ਅਧੂਰਾ ਵੀ ਹੈ, ਗੁਲਾਮ ਵੀ।

ਜਿਸ ਅੰਦਰ ਔਰਤ ਦੀ ਇਹੀ ਦਸ਼ਾ ਹੈ - ਅਧੂਰੀ ਅਤੇ ਗੁਲਾਮ।

ਵੈਸੇ, ਸੰਪੂਰਨ ਕੌਣ ਹੈ?

***

ਇਹ ਅਧੂਰਾਪਣ ਕਈ ਵਾਰ ਉਸਤੇ ਹਾਵੀ ਹੋ ਜਾਂਦਾ।

ਫਿਰ ਫੋਨ ਉਸਦਾ ਸਹਾਰਾ ਬਣਦਾ।

ਫੋਨ ਵਿਚਲੇ ਮਰਦਾਨਾ ਨਾਮ ਉਸਦਾ ਧਿਆਨ ਖਿੱਚਦੇ।

ਉਹ ਮਰਦ ਜੋ 'ਅਵੇਲੇਵਲ ਹਨ। ਸ਼ਾਦੀਸ਼ੁਦਾ ਹੋਣ, ਜਾਂ ਕੁਆਰੇ।

ਆਖ਼ਰ ਇਹ ਇਨਸਾਨੀ ਜਿਸਮ ਹੈ, ਫਿਤਰਤ ਹੈ, ਮਜਬੂਰੀ ਹੈ। (ਉਹ ਸੋਚਦੀ)

ਤੇ ਵਿਰੋਧੀ ਲਿੰਗ ਲਈ ਆਕਰਸ਼ਣ ਸੁਭਾਵਿਕ ਵੀ ਹੈ, ਲੋੜ ਵੀ ਹੈ। (ਉਹ ਹੋਰ ਸੋਚਦੀ)

ਤੇ ਉਹ ਫੋਨ ਮਿਲਾਉਂਦੀ ਹੈ - ਪਹਿਲਾ, ਦੂਜਾ, ਤੀਜਾ ...

ਜੋ ਮਿਲ ਗਿਆ ਉਹੀ ਗਨੀਮਤ।

ਤੇ ਜੋ ਦੋਸਤ 'ਆਨਲਾਈਨ ਹੁੰਦੈ, ਉਨ੍ਹਾਂ 'ਚੋਂ ਜੋ 'ਅਵੇਲੇਵਲ' ਹੁੰਦਾ, ਉਹ ਉਸ ਨਾਲ ਆਪਣੇ ਮਨ ਦੇ ਵਲਵਲੇ, ਦਿਲ ਦੀਆਂ ਗੱਲਾਂ ਸਾਂਝੀਆਂ ਕਰਦੀ ਹੈ, ਕਦੀ ਉਹ ਬੋਲਦਾ, ਕਦੀ ਉਹ ਬੋਲਦੀ ਹੈ, ਕਦੀ ਦੋਵੇਂ ਬੋਲਦੇ ਨੇ, ਕਦੀ ਦੋਵੇਂ ਖ਼ਾਮੋਸ਼। ਇਸ ਖ਼ਾਮੋਸ਼ੀ ਵਿੱਚ ਸਾਹਾਂ ਦੀ ਆਵਾਜ਼, ਧੜਕਣ ਅਤੇ ਦੋ ਸਾਹਾਂ ਵਿਚਕਾਰਲਾ ਠਹਿਰਾਅ.....

ਤੇ, ਫਿਰ ਅਚਾਨਕ ਬੋਲਦੀ-ਬੋਲਦੀ ਉਹ ਸੌਂ ਜਾਂਦੀ ਹੈ।

ਤੇ ਅਗਲੀ ਸਵੇਰ...

ਉਹੀ ਖਵਾਹਿਸ਼ਾਂ, ਉਹੀ ਕਸ਼ਮਕਸ਼, ਉਹੀ ਜਿੰਮੇਵਾਰੀਆਂ ਅਤੇ ਉਹੀ ਸਮਾਜ, ਉਹੀ ਮਰਦਾਂ ਦੀਆਂ

ਬਘਿਆੜੀ ਨਜ਼ਰਾਂ, ਜੋ ਔਰਤ ਨੂੰ ਔਰਤ ਨਹੀਂ, ਸਿਰਫ਼ ਇੱਕ ਜਿਸਮ ਵਜੋਂ, ਇੱਕ ਵਸਤ ਵਜੋਂ ਦੇਖਦੀਆਂ। ਇਸ ਗੱਲ ਦਾ ਉਸਨੂੰ ਇਲਮ ਸੀ।

ਤੇ ਫਿਰ ਉਹ ਸਿਰਫ਼ ਇੱਕ ਹੋਰ ਔਰਤ ਨਹੀਂ ਹੁੰਦੀ।

ਆਜ਼ਾਦ ਹੋਣਾ ਇਸ ਗੁਲਾਮ ਸਮਾਜ ਵਿੱਚ ਇੱਕ ਗੁਨਾਹ ਹੈ। ਤੇ ਉਹ ਇਹ ਗੁਨਾਹ ਰੋਜ਼ ਕਰਦੀ ਹੈ। ਤੇ ਇਸ ਗੁਨਾਹ ਦਾ ਭਾਰ ਉਹ ਨਿਰੰਤਰ ਝੱਲ ਵੀ ਰਹੀ ਹੈ।

***

"ਭਾਬੀ"

ਕਿਰਾਏ ਦੇ ਮਕਾਨ ਵਿੱਚ ਰਹਿ ਰਹੀ ਅਰਪਨਾ ਨੂੰ ਜਦੋਂ ਗਵਾਂਢ ਦੇ ਅੱਧਖੜ੍ਹ ਉਮਰ ਦੇ ਸ਼ਰਮਾ ਜੀ ਘਰ ਦੀ ਘੰਟੀ ਖੜਕਾ ਕੇ ਬੁਲਾਉਂਦੇ ਨੇ, ਤਾਂ ਉਸਦੇ ਧੁਰ ਅੰਦਰ ਕੰਬਣੀ ਛਿੜ ਜਾਂਦੀ ਹੈ। ਗੁੱਸਾ ਅੰਦਰ ਹੀ ਅੰਦਰ ਪੀਂਦੀ ਉਹ ਬੂਹਾ ਖੋਲ੍ਹਦੀ ਹੈ।

"ਅਸੀਂ ਸਾਹਮਣੇ 332-ਏ ਵਿੱਚ ਰਹਿੰਦੇ ਹਾਂ। ਸਾਡੇ ਘਰ ਬੁੱਧਵਾਰ ਮਾਤਾ ਰਾਣੀ ਦਾ ਸਤਿਸੰਗ ਹੈ।"

ਮਾਤਾ ਰਾਣੀ ਦੇ ਸਤਿਸੰਗ ਦੀ ਸ਼ੌਕੀਣ ਅਤੇ ਉੱਥੇ ਹੋਣ ਵਾਲੇ ਲੰਗਰ-ਭੰਡਾਰੇ ਦੇ ਚੰਗੇ ਪ੍ਰਬੰਧ ਹੋਣ ਦੇ ਬਾਵਜੂਦ ਭਾਬੀ ਸ਼ਬਦ ਨੇ ਉਸਦੇ ਕੰਨਾਂ ਵਿੱਚ ਵਿਹੁੰ ਘੋਲ ਦਿੱਤੀ ਸੀ। ਉਸਨੇ ਕੁਸੈਲੇ ਜਿਹੇ ਮੂੰਹ ਨਾਲ ਆਖਿਆ ਸੀ, "ਚੰਗਾ ਜੀ, ਪਰ ਮੈਂ ਆ ਨਹੀਂ ਸਕਦੀ। ਮੈਂ ਕਿਤੇ ਜਾਣਾ....।"

ਤੇ ਉਹ ਪੁਰਾਣੀਆਂ ਕੌੜੀਆਂ ਯਾਦਾਂ ਦੇ ਦਰਿਆ ਦੇ ਵਹਿਣ ਵਿੱਚ ਬਹਿ ਗਈ ਸੀ। ਭਾਬੀ ਸ਼ਬਦ ਨਾਲ ਚਿੜ ਜਿਹੀ ਸੀ। ਭਾਬੀ ਕਹਿ ਕੇ ਮਰਦ ਹੱਕ ਜਿਹਾ ਜਮਾਉਣ ਲਗਦੇ ਨੇ, ਤੇ ਇਹ ਸ਼ਬਦ ਉਸਨੂੰ ਉਸ ਮਰਦ ਦੀ ਯਾਦ ਵੀ ਦਵਾਉਂਦਾ ਸੀ, ਜਿਸ ਨਾਲ ਉਸਨੂੰ ਜ਼ਮਾਨੇ ਭਰ ਤੋਂ, ਜ਼ਮਾਨੇ ਭਰ ਦੀ ਚਿੜ ਹੈ।

ਤੇ ਅੱਜ ਉਹ ਦਿਲ ਭਰ ਕੇ ਰੋਈ ਸੀ!

ਕੌਣ ਹਾਂ ਮੈਂ? ਸਮਾਜ ਵਿੱਚ ਰਹਿਣ ਲਈ ਇੱਕ ਬਨਾਵਟੀ ਰਿਸ਼ਤਾ ਅਤੇ ਪਹਿਚਾਣ ਜ਼ਰੂਰੀ ਹੈ। ਦਿਲਾਂ ਦੇ ਰਿਸ਼ਤੇ ਅਰਥਹੀਣ ਹਨ। ਰਸਮਾਂ ਦੇ ਰਿਸ਼ਤੇ ਹਨ। ਉਸਦੇ ਅੰਦਰ ਬੈਠੀ ਔਰਤ ਨਿਰੰਤਰ ਸੋਚਦੀ ਰਹਿੰਦੀ।

***

ਤੇ, ਉਸਦੀ ਇਹ ਆਜ਼ਾਦੀ ਮਰਦਾਂ ਲਈ ਹੀ ਨਹੀਂ, ਔਰਤਾਂ ਲਈ ਵੀ ਇੱਕ ਹਊਆ ਸੀ। ਕਿਤੇ ਉਨ੍ਹਾਂ ਦੇ ਮਰਦ ਭਟਕ ਨਾ ਜਾਣ ...

ਉਹ ਜਦੋਂ ਵੀ ਕਿਸੇ ਨੂੰ ਫੋਨ ਮਿਲਾਉਂਦੀ ਹੈ, ਸਹਿ-ਕਰਮਚਾਰਣਾਂ ਦੇ ਕੰਨ ਖੜੇ ਹੋ ਜਾਂਦੇ ਨੇ। ਸਹਿ-ਕਰਮਚਾਰੀਆਂ ਦੇ ਜਿਸਮਾਂ ਵਿੱਚ ਅਜੀਬ ਝਰਨਾਹਟ। ਆਸੇ-ਪਾਸੇ ਭੌਰਾਂ ਵਾਂਗ ਗੇੜੇ ਕੱਢ ਕੇ ਲੁਕਵੀਂ ਨਜ਼ਰੇ ਉਸਦੇ ਫੋਨ ਵੱਲ ਝਾਕਣਾ ਉਨ੍ਹਾਂ ਦੀ ਆਦਤ ਅਤੇ ਇਹ ਸਿਤਮ ਝੱਲਣਾ ਅਰਪਨਾ ਦੀ ਆਦਤ ਬਣ ਗਈ ਹੈ।

"ਕਿਸ ਨਾਲ ਗੱਲਾਂ ਕਰਦੀ ਐਂ?" ਉਨ੍ਹਾਂ ਦੇ ਦਿਮਾਗ਼ ਵਿਚਲੀ ਇਬਾਰਤ ਉਹ ਉਨ੍ਹਾਂ ਦੇ ਚਿਹਰਿਆਂ ਤੋਂ ਪੜ੍ਹ ਲੈਂਦੀ।

ਗਵਾਂਢਣਾਂ ਵੀ ਨਜ਼ਰ ਰੱਖਦੀਆਂ ਕਿ ਉਸਦੇ ਘਰ ਕੌਣ ਆਉਂਦਾ, ਕੌਣ ਜਾਂਦਾ!

ਸਮਾਜ ਦੇ ਇਸ ਬਨਾਵਟੀ ਵਿਹਾਰ ਨੇ ਉਸਨੂੰ ਹੋਰ ਬੇਬਾਕ ਬਣਾ ਦਿੱਤਾ ਹੈ।

***

ਉਹ ਫੋਨ ਤੇ ਰਾਜਬੀਰ ਨੂੰ ਦੱਸਦੀ ਹੈ, "ਮੇਰਾ ਜੀਅ ਕਰਦਾ ਮੈਂ ਬਦਨਾਮ ਹੋ ਜਾਵਾਂ। ਮੇਰੀ ਮਾਂ ਮੇਰੀਆਂ ਘੁੱਟ ਕੇ ਗੁੱਤਾਂ ਕਰਦੀ ਹੁੰਦੀ ਸੀ। ਮੈਂ ਕਦੇ ਵਾਲ ਖੁੱਲ੍ਹੇ ਨਹੀਂ ਸੀ ਰੱਖੇ। ਕਦੀ ਨਹੀਂ ਸੀ ਕਟਵਾਏ। ਅੱਜ ਤੱਕ

ਮਾਸ-ਮੱਛੀ, ਅੰਡਾ ਛੋਹ ਕੇ ਨਹੀਂ ਦੇਖਿਆ, ਗੈਰ-ਮਰਦ ਬਾਰੇ ਸੋਚਿਆ ਨਹੀਂ ਸੀ, ਸ਼ਰਾਬ-ਸਿਗਰਟ ਤੌਅਬਾ ਤੌਅਬਾ, ਪਰ ਨੈਤਿਕਤਾ ਦੀ ਵਹਿੰਗੀ ਚੁੱਕੀ ਫਿਰਦੀ ਇਸ ਸਮਾਜ ਨੂੰ ਪ੍ਰਵਾਨ ਹਾਂ, ਪਰ ਇਹ ਪ੍ਰਵਾਨਗੀ ਮੇਰੇ ਕੀ ਕੰਮ ! ਕੀ ਮੇਰਾ ਦਿਲ ਨਹੀਂ, ਇਛਾਵਾਂ ਨਹੀਂ? ਇੰਜ ਹੀ 10 ਸਾਲ ਹੋਰ ਕੱਟ ਲਵਾਂਗੀ, 20 ਸਾਲ ਹੋਰ। ਫਿਰ ਬੱਚਿਆਂ ਨੇ ਇਹ ਨਹੀਂ ਕਹਿਣਾ ਕਿ ਸਾਡੀ ਮਾਂ ਨੇ ਧਾਰਮਿਕ, ਸਮਾਜਿਕ ਤੇ ਨੈਤਿਕ ਕਦਰਾਂ-ਕੀਮਤਾਂ... ਉਹ ਤਾਂ ਕਹਿਣਗੇ, "ਬੁੱਢੀਏ, ਚੈੱਕ ਤੇ ਦਸਤਖਤ ਕਰ ਕਿ ਦਵਾਂ ਗਲ਼ ਗੂਠਾ?"

ਤੇ ਇਸੇ ਲਈ ਹੁਣ ਜੋ ਜੀਅ ਕਰਦਾ, ਕਰਨ ਨੂੰ ਜੀਅ ਕਰਦਾ। ਪਰ ਸਮਾਜ ਫਿਰ ਮੂਹਰੇ ਕੰਧ ਬਣ ਕੇ ਨਹੀਂ, ਪਹਾੜ ਬਣ ਕੇ ਖੜ ਜਾਂਦਾ।

ਨਵਾਂ ਘਰ ਲੈਣ ਬਾਰੇ ਸੋਚਿਆ। ਹਜ਼ਾਰ ਥਾਂ ਪੁੱਛ-ਪੜਤਾਲ ਕਰਨੀ। ਕਦੀ ਏਜੰਟ ਨੂੰ ਮਿਲਣਾ, ਕਦੀ ਬੈਂਕ ਲੋਨ ਲਈ ਮੈਨੇਜਰ ਨੂੰ। ਕਿਸੇ ਨੂੰ ਘਰ, ਕਿਸੇ ਨੂੰ ਬਾਹਰ। ਪੈਸਿਆਂ ਦਾ ਲੈਣ-ਦੇਣ। ਇੱਕ ਪਾਸੇ ਘਰ ਦੀ ਜਿੰਮੇਵਾਰੀ, ਦੂਜੇ ਪਾਸੇ ਸਮਾਜ ਦੀਆਂ ਨਜ਼ਰਾਂ ਤਿੱਖੀਆਂ। ਜਿਹੜੀਆਂ ਨੂੰ ਖੁਦ ਉਨ੍ਹਾਂ ਦੇ ਪਤੀ ਨਹੀਂ ਝੱਲਦੇ, ਉਹ ਅੰਦਰੋਂ-ਅੰਦਰੀਂ ਜਲਦੀਆਂ ਅਤੇ ਬਾਹਰ ਗੱਲਾਂ ਕਰਦੀਆਂ .......

ਤੇ ਅਰਪਨਾ ਕਿਰਾਏ ਦੇ ਘਰ ਬਦਲਦੀ ਰਹਿੰਦੀ....

ਪਰ, ਪੁਸ਼ਾਕਾਂ ਵਾਂਗ ਆਦਮੀ ਬਦਲਣ ਦੀ ਖਵਾਹਿਸ਼ ਉਸ ਅੰਦਰ ਕਦੇ ਨਹੀਂ ਜਾਗੀ... ਪਰ ਸਮਾਜ ਇਹੀ ਸਮਝਦਾ ਹੈ... ਉਸ ਲਈ ਹਰ ਆਜ਼ਾਦ ਔਰਤ ਬਦਚਲਣ ਹੈ।

"ਜੇ ਮਰ ਜਾਣਿਆਂ ਨੇ ਇਹੀ ਕਹਿਣਾ ਹੈ ਤਾਂ...।"

ਤੇ, ਅੱਜ ਉਹ ਕਮਰੇ ਵਿੱਚ ਇਕੱਲੀ ਹੈ। ਸ਼ੀਸ਼ੇ ਅੱਗੇ ਖੜ੍ਹੀ ਖੁਦ ਨੂੰ ਵੇਖਦੀ ਹੈ, ਨਿਹਾਰਦੀ ਹੈ। ਕਿਸੇ ਜਿਸਮ ਤੇ ਕੁਝ ਚਰਬੀ ਤਾਂ ਨਹੀਂ। ਕਿ ਕੱਪੜੇ ਢਿੱਲੇ ਹਨ। ਉਹ ਇੱਕ-ਇੱਕ ਕਰਕੇ ਸਭ ਕੱਪੜੇ ਉਤਾਰ ਦਿੰਦੀ ਹੈ। ਆਦਮ-ਕੱਦ ਸ਼ੀਸ਼ੇ ਅੱਗੇ ਖੜ੍ਹੀ ਜਿਸਮ ਨੂੰ ਤੱਕਦੀ ਹੈ। ਜਿਸਮ ਤਾਂ ਮੇਰਾ ਵੀ ਖੂਬ ਹੈ। ਮੈਂ ਖੁਦ ਨੂੰ ਮੁਹੱਬਤ ਕਰਾਂ ...। ਦੋਵੇਂ ਬਾਹਾਂ ਉਠਾ ਲੈਂਦੀ ਹੈ...।

ਕੱਛਾਂ ਵਿਚਲੇ ਕਾਲੇ ਵਾਲ਼ ਧਿਆਨ ਖਿੱਚਦੇ ਨੇ....।

ਇੱਕਦਮ ਬਾਹਾਂ ਹੇਠਾਂ ਕਰ ਲੈਂਦੀ ਹੈ। ਕਿਉਂ ਨਾ ਮੈਂ ਵੀ? ਫ਼ਿਲਮਾਂ ਵਿੱਚ ਬਾਹਾਂ ਉਲਾਰ ਕੇ ਝੂਮਦੀਆਂ ਅਭਿਨੇਤਰੀਆਂ ਦੀਆਂ ਸਾਫ਼ ਅੰਡਰ-ਆਰਮਜ਼ ਉਸਦੇ ਅੱਖਾਂ ਮੂਹਰੇ ਆ ਜਾਂਦੀਆਂ।

ਵਾਲ਼ ਖੋਲ੍ਹ ਲੈਂਦੀ ਹੈ, ਅਗਾਂਹ ਸੁੱਟ ਲੈਂਦੀ ਹੈ, ਅੰਗ ਤੇ ਅੰਗੀ ਢਕੇ ਜਾਂਦੇ ਨੇ। ਸ਼ਰਮਾ ਕੇ ਮੂੰਹ ਢਕ ਲੈਂਦੀ ਹੈ, ਦੋਹਾਂ ਹੱਥਾਂ ਨਾਲ। ਹੱਸ ਪੈਂਦੀ ਹੈ, ਤੇ ਫਿਰ ਫਟਾ-ਫਟ ਲਿਬਾਸ ਪਹਿਣ ਲੈਂਦੀ ਹੈ !

***

ਲੈਕਮੇ ਯੂਨੀਸੈਕਸ ਸੈਲੂਨ ਦੀਆਂ ਪੌੜੀਆਂ ਚੜ੍ਹਦਿਆਂ ਕਈ ਵਿਚਾਰ ਮਨ ਵਿੱਚ ਆਉਂਦੇ ਹਨ। ਗੋਰੀ ਕੁੜੀ ਪੁੱਛਦੀ ਹੈ, "ਮੈਡਮ, ਕੀ ਕਰਵਾਉਣਾ?"

"ਕਟਿੰਗ।"

"ਹੌਅ ਸ਼ਾਰਟ, ਮੈਡਮ? ਟਰਿੰਮਿੰਗ?"

"ਨਹੀਂ, ਬੱਸ ਜਿੰਨੇ ਵੱਧ ਤੋਂ ਵੱਧ ਹੋ ਸਕਦੇ ਨੇ।"

"ਬੁਆਇ ਕੱਟ !"

"ਮਰਜਾਣੀਏ ਐਨੇ ਛੋਟੇ ਨਹੀਂ। ਮੈਂ ਸਕੂਲ ਵਿੱਚ ਪੜ੍ਹਾਉਂਦੀ ਆਂ, ਕਾਲਜ ਵਿੱਚ ਨਹੀਂ। ਬੱਸ ਸ਼ੋਲਡਰ ਕੱਟ ਕਰਦੇ।" ਜਿੱਥੇ ਉਸਨੂੰ ਆਪਣੇ ਵਾਲਾਂ ਨਾਲ ਹੱਦੋਂ ਵੱਧ ਪਿਆਰ ਹੈ, ਉੱਥੇ ਸਮਾਜ ਨਾਲ ਨਫ਼ਰਤ ਵੀ ਸਮਾਜ ਨੇ ਪੈਦਾ ਕੀਤੀ ਹੈ, ਅਤੇ ਉਸਨੂੰ ਡਰ ਵੀ ਹੈ ਕਿ ਕਿਤੇ ਮੂਡ-ਮਨ ਨਾ ਬਦਲ ਜਾਵੇ।"

"ਪਹਿਲਾਂ ਕੈਂਚੀ ਲਿਆ... ਐਥੋਂ ਕੱਟ।" ਉਹ ਮਨ ਕਠੋਰ ਕਰਕੇ ਆਪ ਹੀ...।

ਤੇ ਫਿਰ ਅੰਡਰ-ਆਰਮਜ਼, ਆਈ ਬ੍ਰੋਜ਼ ਅਤੇ ਅੰਡਰ...।

ਹਲਕਾ ਫੁੱਲ ਮਹਿਸੂਸ ਕਰਦੀ ਹੈ ਉਹ...।

ਖਾਸ ਕਰਕੇ ਅੰਡਰ-ਵੀਅਰ, ਜਿੱਥੇ ਅਕਸਰ ਉਹ ਵਾਲਾਂ ਦਾ ਝੁਰਮਟ ਮਹਿਸੂਸ ਕਰਦੀ ਸੀ, ਹੁਣ ਵੈਕਸਿੰਗ ਨਾਲ ਉਹ ਏਰੀਆ ਪੂਰੀ ਤਰ੍ਹਾਂ ਸਫ਼ਾ-ਚੱਟ ਸੀ, ਪਲੇਨ। ਜੀਅ ਕੀਤਾ ਟੱਚ ਕਰਾਂ। ਪਿਸ਼ਾਬ ਨਾ ਆਉਣ ਦੇ ਬਾਵਜੂਦ ਉਹ ਵਾਸ਼ਰੂਮ ਵਿੱਚ ਚਲੀ ਜਾਂਦੀ ਹੈ। ਹੱਥ ਲਾ ਕੇ ਦੋ-ਤਿੰਨ ਵਾਰ ਦੇਖਦੀ ਹੈ। ਮਹਿਸੂਸ ਕਰਦੀ ਹੈ। ਆਜ਼ਾਦੀ ਕਿੰਨੀ ਸੌਖੀ ਹੈ। (ਇਸ ਵਾਕ ਵਿੱਚ ਤਨਜ਼ ਮਹਿਸੂਸ ਕਰਦੀ) ਕਿੰਨੀ ਪਿਆਰੀ ਹੈ। 16 ਮਾਰਚ ਦਿਨ ਮੰਗਲਵਾਰ - ਉਹ ਡਾਇਰੀ ਤੇ ਨੋਟ ਕਰ ਲੈਂਦੀ ਹੈ।

ਦਾ ਫਸਟ ਸਟੈੱਪ ਟੂਵਾਰਡਜ਼ ਬੀਈਂਗ ਆ ਬੈਡ ਵੂਮੈਨ ਇਜ ਕਰਾਸਡ.....

ਹੁਣ ਮੈਂ ਥੋੜ੍ਹੀ ਜਿਹੀ ਬੁਰੀ ਔਰਤ ਬਣ ਗਈ ਹਾਂ, ਆਜ਼ਾਦੀ ਵੱਲ ਪਹਿਲਾ ਕਦਮ!!!

***

ਐਕਟਿਵਾ ਚੁੱਕ ਉਹ ਘਰ ਵੱਲ ਮੁੜਦੀ ਹੈ, ਤਾਂ ਕੋਨੇ ਤੇ ਚਿਕਨ ਕਾਰਨਰ ਕੋਲੋਂ ਲੰਘਦਿਆਂ ਰੁਕ ਜਾਂਦੀ ਹੈ। ਦੁਕਾਨ ਅੰਦਰੋਂ ਆ ਰਹੀ ਗੰਧ ਉਸਦੇ ਨੱਕ ਨੂੰ ਚੜ੍ਹਦੀ ਹੈ। ਦੁਕਾਨ ਦੇ ਅੱਗੇ ਟੰਗੇ ਮੁਰਗਿਆਂ ਦੇ ਚੀਥੜੇ ਉਸਦੇ ਦਿਮਾਗ਼ ਅੰਦਰ ਤੜਥੱਲੀ ਮਚਾ ਦਿੰਦੇ ਹਨ। ਪਰ ਮਨ ਕਠੋਰ ਕਰਕੇ ਉਹ ਅੱਗੇ ਵਧਦੀ ਹੈ।

ਦੁਕਾਨ ਦੇ ਅੱਗੇ ਕੱਚ ਦੇ ਬੂਹੇ ਵਿੱਚੋਂ ਮੁਰਗਿਆਂ ਨੂੰ ਵੱਢਦੇ, ਕੱਟਦੇ ਅਤੇ ਟੁਕੜੇ-ਟੁਕੜੇ ਕਰਦੇ ਨੌਜਵਾਨ ਦਰਿੰਦੇ ਜਿਹੇ ਜਾਪਦੇ ਹਨ। ਉਹ ਪਾਸੇ ਤੇ ਕੈਸ਼ ਕਾਊਂਟਰ ਤੇ ਖੜ੍ਹੇ ਵੱਡੀਆਂ ਮੁੱਛਾਂ ਵਾਲੇ ਛੋਟੇ ਜਿਹੇ ਜਲਾਦ ਜਾਪਦੇ ਵਿਅਕਤੀ ਨੂੰ ਆਖਦੀ ਹੈ, "ਦੋ ਕਿਚਨ।"

"ਕਿਚਨ ਨਹੀਂ ਚਿਕਨ ਕਹੋ ਮੈਡਮ। ਤੇ ਦੋ ਕਿੱਲੋ, ਮੈਡਮ?"

"200 ਗ੍ਰਾਮ ਬੱਈਆ।"

"ਅੱਧਾ ਕਿਲੋ ਕਰ ਦਿੰਦਾ ਹਾਂ। ਦੋ ਸੌ ਗ੍ਰਾਮ ਨਾਲ ਕੀ ਬਣੇਗਾ?" ਅਰਪਨਾ ਦੇ ਮਨ ਆਇਆ ਕਿ ਆਖੇ ਕਿ ਮੈਂ ਪਹਿਲੀ ਵਾਰ ਟੇਸਟ ਕਰਨਾ ਹੈ, ਪਰ ਇਹ ਸ਼ਬਦ ਉਸਦੇ ਦਿਮਾਗ਼ ਤੋਂ ਹੋਠਾਂ ਤੱਕ ਦਾ ਸਫ਼ਰ ਤੈਅ ਕਰਨ ਵਿੱਚ ਅਸਫ਼ਲ ਰਹੇ।

"ਠੀਕ ਐ ਜੀ। ਕਿੰਨੇ ਪੈਸੇ?"

ਤੇ ਪੈਸੇ ਦੇ ਕੇ ਹੱਥ ਵਿੱਚ ਲਿਫ਼ਾਫ਼ਾ ਫੜੀ ਉਹ ਸੋਚ ਰਹੀ ਹੈ ਕਿ ਇਸਨੂੰ ਕਿੱਥੇ ਰੱਖਾਂ। ਅਚਾਨਕ ਪਿੱਛੋਂ ਆਵਾਜ਼ ਆਉਂਦੀ ਹੈ, "ਲਿਆਓ! ਚੰਗੀ ਤਰ੍ਹਾਂ ਇੱਕ ਹੋਰ ਲਿਫ਼ਾਫ਼ੇ ਵਿੱਚ ਪੈਕ ਕਰ ਦਿੰਦਾਂ।"

ਤੇ ਉਹ ਪੈਕੇਟ ਨੂੰ ਐਕਟਿਵਾ ਵਿੱਚ ਰੱਖਦੀ ਅਗਾਂਹ ਵਧਦੀ ਹੈ।

ਰਾਹ ਵਿੱਚੋਂ ਲੰਘਦਿਆਂ ਸ਼ਰਾਬ ਦੇ ਦੋ ਠੇਕਿਆਂ ਤੇ ਉਸਦੀ ਨਜ਼ਰ ਜਾਂਦੀ ਹੈ, ਪਰ ਹੀਂਆ ਨਹੀਂ ਪੈਂਦਾ। ਉਹ ਸੋਚਦੀ ਹੈ -

ਕਦੇ ਕਿਸੀ ਠੇਕੇ ਤੇ ਔਰਤਾਂ ਨਹੀਂ ਦੇਖੀਆਂ?

ਕੀ ਸ਼ਰਾਬ ਸਿਰਫ਼ ਮਰਦ ਹੀ ...।

ਕੀ ਔਰਤਾਂ ਨੂੰ ਕੋਈ ਗ਼ਮ ਨਹੀ, ਫ਼ਿਕਰ ਨਹੀਂ, ਤਣਾਉ ਨਹੀਂ?

ਪਰ ਔਰਤਾਂ ਤਾਂ ਸਗੋਂ ਵੱਧ ਤਣਾਉ, ਬੋਝ ਦਾ ਸਾਹਮਣਾ ਕਰਦੀਆਂ ਹਨ।

ਕੀ ਕਰਾਂ? ਕਿਵੇਂ?

***

ਖ਼ਿਆਲ ਆਉਂਦਾ ਹੈ ਕਮਲ, ਜੋ ਇੱਕ-ਦੋ ਵਾਰ ਬੀਅਰ ਲੈ ਕੇ ਆਇਆ ਸੀ, ਪਰ ਉਸਨੇ ਨਾਂਹ ਕਰ ਦਿੱਤੀ ਸੀ। ਰਾਜਬੀਰ ਨੂੰ ਆਖਾਂਗੀ, ਉਹ ਕਰੇਗਾ ਪ੍ਰਬੰਧ। ਪਰ ਉਸਤੋਂ ਤਾਂ ਆਪਣਾ ਨਹੀਂ ਸੰਭਲਦਾ?

ਲਾਰਿਆਂ ਦਾ ਬਾਦਸ਼ਾਹ।

ਫਿਰ ਅਧੂਰੀ ਇੱਛਾ ਲੈ ਕੇ ਪੂਰੀ ਔਰਤ ਆਪਣੇ ਗ੍ਰਹਿ-ਪ੍ਰਵੇਸ਼ ਕਰਦੀ ਹੈ।

***

"ਰੋਟੀ ਖਾ ਲੀ? ਦਫ਼ਤਰ ਚੱਲੇ? ਫੋਨ? ਚਸ਼ਮਾ, ਚਾਰਜਰ, ਪਾਣੀ ਦੀ ਬੋਤਲ, ਰੁਮਾਲ, ਸ਼ੂਜ? ਕੱਪੜੇ, ਬਰੱਸ਼, ਤੌਲੀਆ...... ਪਰਸ?" ਰਾਜਬੀਰ ਨਾਲ ਫੋਨ ਤੇ ਗੱਲਾਂ ਕਰਦੀ।

ਇੱਕ ਜਿੰਮੇਵਾਰ ਗ੍ਰਹਿਣੀ ਵਾਂਗ ਸਭ ਕੁਝ ਪੁੱਛਦੀ ਹੈ, ਯਾਦ ਕਰਵਾਉਂਦੀ।

"ਨਹਾ ਲਏ? ਸ਼ੇਵ?" ਅਚਾਨਕ ਸੌਰੀ ਆ ਹੈ, ਜਦ ਉਸਨੂੰ ਯਾਦ ਆਉਂਦਾ ਕਿ ਰਾਜਬੀਰ ਪੱਗ ਬੰਨ੍ਹਦਾ। ਜਾਂ

"ਮੰਮਾ ਲਈ ਫਰੂਟ ਲੈ ਜਾਇਓ ! ਇੱਕ ਵਧੀਆ ਸਲਵਾਰ-ਸੂਟ? ਪਾਪਾ ਲਈ ਕੱਪੜੇ, ਕੋਈ ਵਧੀਆ ਬਰਾਂਡ ਦੀ ਸਿਗਰਟ..." ਤੇ ਫਿਰ ਜਦ ਰਾਜਬੀਰ ਯਾਦ ਕਰਵਾਉਂਦਾ ਕਿ ਉਸਦੇ ਪਾਪਾ ਸਿੱਖ ਹਨ, ਤਾਂ ਫਿਰ ਦੋ ਵਾਰ ਸੌਰੀ ਆਖਦੀ ਹੈ।

***

ਸ਼ਾਮ ਦੇ ਛੇ ਵੱਜੇ ਹਨ। ਬੱਚੇ ਕੁਝ ਖਾਣ ਲਈ ਮੰਗ ਰਹੇ ਹਨ। ਭੁੱਖ ਅਰਪਨਾ ਨੂੰ ਵੀ ਲੱਗੀ ਹੈ। ਪਰ, ਉਸਨੇ ਮੰਗਲਵਾਰ ਦਾ ਵਰਤ ਰੱਖਿਆ ਹੈ। ਬੱਚਿਆਂ ਲਈ ਦੁੱਧ ਗਰਮ ਕਰਕੇ ਮੈਗੀ ਤਿਆਰ ਕਰਨ ਲੱਗਦੀ ਹੈ। ਸੋਚਦੀ ਹੈ ਜਦੋਂ ਸਮਾਜ, ਧਰਮ ਤੇ ਨੈਤਿਕਤਾ ਦੇ ਸਭ ਬੰਧਨ ਤੋੜ ਹੀ ਦਿੱਤੇ ਹਨ, ਫਿਰ ਵਰਤ ਕਿਉਂ? ਪਰ, ਵਰਤ ਉਸਨੂੰ ਕਮਲ ਦੀ ਯਾਦ ਦੁਆਉਂਦਾ ਹੈ। ਕਮਲ ਅਕਸਰ ਆਖਦਾ ਸੀ, "ਮੈਨੂੰ ਵਰਤ ਰੱਖਣ ਵਾਲੀਆਂ ਚੰਗੀਆਂ ਲੱਗਦੀਆਂ।" ਅਚਾਨਕ ਬਿਜਲੀ ਚਲੀ ਜਾਂਦੀ ਹੈ। ਰਸੋਈ ਵਿਚਲਾ ਪੱਖਾ ਬੰਦ ਹੋ ਜਾਂਦਾ। ਖੁੱਲ੍ਹੇ ਵਾਲ਼ ਚੁਭਣ ਲੱਗਦੇ ਨੇ। ਉਹ ਹੱਥ ਧੋ ਕੇ ਵਾਲ਼ ਬੰਨ੍ਹਣ ਲੱਗਦੀ ਹੈ। ਚੇਤੇ ਆਉਂਦਾ ਕਮਲ ਜੋ ਲੰਮੇ ਵਾਲ਼ ਪਸੰਦ ਕਰਦਾ ਸੀ।

ਦਿਮਾਗ ਦੀ ਫਿਰਕੀ ਘੁੰਮਦੀ।

ਬੱਚਿਆਂ ਨੂੰ ਬੁਲਾਉਂਦੀ ਹੈ। ਤਿੰਨੇ ਮੈਗੀ ਖਾਣ ਲੱਗਦੇ ਨੇ। ਜੋ ਉਸਦੇ ਬਾਹਰ ਜਾਣ ਬਾਅਦ ਬੱਚਿਆਂ ਨੇ ਰਲ਼ ਕੇ ਬਣਾਈ ਸੀ।

"ਮੰਮਾ ਫੋਅਅ...ਨ।" ਛੋਟਾ ਬੇਟਾ ਬੋਲਦੈ। ਪਰ, ਆਪਣੀ ਖੁਸ਼ੀ ਵਿੱਚ ਖੁਸ਼, ਆਪਣਿਆਂ ਵਿੱਚ ਰੁੱਝੀ ਅਰਪਨਾ ਬੇਫ਼ਿਕਰੀ ਜਿਹੀ ਨਾਲ ਹੱਥ ਮਾਰ ਦਿੰਦੀ ਹੈ। ਘੰਟੀ ਅਜੇ ਵੀ ਨਿਰੰਤਰ ਵੱਜ ਰਹੀ ਹੈ। ਉਸਦੇ ਆਪਣੇ ਅੰਦਰ !!!

(ਸੰਪਰਕ-98885-69669)

**ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ ਵੱਲੋਂ ਰੀਵਿਊ ਲਈ ਭੇਜੀਆਂ ਪੁਸਤਕਾਂ**



ਕਹਾਣੀ

# ਘੇਰਾ

ਵਿਪਨ ਕੁਮਾਰ



ਉਹ ਸੰਸਕਾਰੀ ਔਰਤ ਹੈ। ਮੰਗਲਵਾਰ ਮਾਤਾ ਚਿੰਤਪੁਰਨੀ ਦੀ ਜੋਤ ਲਗਾਉਂਦੀ ਹੈ। ਵੀਰਵਾਰ ਲੱਖਦਾਤਾ ਲਾਲਾਂ ਵਾਲੇ ਪੀਰ ਅਤੇ ਪੀਰ ਨਿਗਾਹੇ ਵਾਲੇ ਦਾ ਚਿਰਾਗ਼ ਲਗਾਉਂਦੀ ਹੈ। ਜੇਠੇ ਵੀਰਵਾਰ ਪੀਰਾਂ ਦੀ ਨਿਆਜ਼ ਬਣਾ ਕੇ ਵੰਡਦੀ ਹੈ। ਐਤਵਾਰ ਬਾਬਾ ਬਾਲਕ ਨਾਥ ਦੀ ਜੋਤ ਲਗਾਉਂਦੀ ਹੈ। ਇਹ ਉਹਦਾ ਪਿਛਲੇ ਕਈ ਸਾਲਾਂ ਤੋਂ ਨੇਮ ਹੈ। ਉਹ ਨੇਮ ਨਹੀਂ ਤੋੜਦੀ। ਮਾਤਾ ਚਿੰਤਪੁਰਨੀ ਦੀ ਜੋਤ ਲਗਾਉਣ ਵੇਲੇ ਉਹ ਇਕ ਹੀ ਭਜਨ ਲਗਾਤਾਰ ਕਈ ਸਾਲਾਂ ਤੋਂ ਗਾਉਂਦੀ ਆ ਰਹੀ ਹੈ–

ਤਾਂ ਕੀ ਹੋਇਆ, ਜੇ ਹੋ ਗਈ ਮੈਥੋਂ ਭੁੱਲ ਦਾਤੀਏ,
ਮੈਂ ਵੀ ਤੇਰਿਆਂ ਬਾਗ਼ਾਂ ਦੀ ਹੈਗੀ ਫੁੱਲ ਦਾਤੀਏ,
ਚੰਗੇ ਮਾੜੇ ਬਾਗ਼ਾਂ ਦੇ ਵਿਚ ਫੁੱਲ ਹੁੰਦੇ ਨੇ,
ਮਾਲੀ ਸਭਨਾਂ ਦੀ ਕਰਦਾ ਸੰਭਾਲ ਦਾਤੀਏ।
ਤਾਂ ਕੀ ਹੋਇਆ, ਜੇ ਹੋ ਗਈ ਮੈਥੋਂ ਭੁੱਲ ਦਾਤੀਏ,
ਮੈਂ ਵੀ ਤੇਰਿਆਂ ਬਾਗ਼ਾਂ ਦੀ ਹੈਗੀ ਫੁੱਲ ਦਾਤੀਏ,
ਚੰਗੇ ਮਾੜੇ ਘਰਾਂ ਦੇ ਵਿਚ ਬੱਚੇ ਹੁੰਦੇ ਨੇ,
ਮਾਪੇ ਸਭਨਾਂ ਦੀ ਕਰਦੇ ਸੰਭਾਲ ਦਾਤੀਏ।
ਤਾਂ ਕੀ ਹੋਇਆ, ਜੇ ਹੋਗੀ ਮੈਥੋਂ ਭੁੱਲ ਦਾਤੀਏ,
ਮੈਂ ਵੀ ਤੇਰਿਆਂ ਬਾਗ਼ਾਂ ਦੀ ਹੈਗੀ ਫੁੱਲ ਦਾਤੀਏ,
ਚੰਗੇ ਮਾੜੇ ਮਈਆ ਜੀ ਤੇਰੇ ਸੇਵਕ ਹੁੰਦੇ ਨੇ,
ਤੂੰ ਤਾਂ ਸਭਨਾਂ ਦੀ ਕਰਦੀ ਸੰਭਾਲ ਦਾਤੀਏ।

ਇਹੀ ਭਜਨ ਉਹ ਥੋੜ੍ਹੇ ਹੇਰ-ਫੇਰ ਨਾਲ ਵੀਰਵਾਰ ਤੇ ਐਤਵਾਰ ਨੂੰ ਵੀ ਗਾਉਂਦੀ ਹੈ। ਬਸ 'ਦਾਤੀਏ' ਦੀ ਥਾਂ 'ਤੇ 'ਦਾਤਿਆ' ਜਾਂ 'ਪੀਰ ਜੀ' ਤੇ 'ਜੋਗੀਆ' ਲਗਾ ਦਿੰਦੀ ਹੈ।...

ਜਦੋਂ ਇਕ ਵਾਰ ਉਹਦੇ ਛੋਟੇ ਮੁੰਡੇ ਨੇ ਪੁੱਛਿਆ, "ਅੰਮੀ, ਤੂੰ ਇਕ ਹੀ ਭਜਨ ਵਾਰ-ਵਾਰ ਗਾ ਕੇ ਅੱਕਦੀ ਨਈਂ?"

"ਪੜ੍ਹਨਾ ਤਾਂ ਮੈਂ ਚਿੰਤਪੁਰਨੀ ਚਾਲੀਸਾ ਚਾਹੁੰਨੀ ਆ ਪਰ...!!" ਇੰਨਾ ਆਖ ਉਹ ਚੁੱਪ ਕਰ ਜਾਂਦੀ। ਇਕ ਤਰ੍ਹਾਂ ਉਦਾਸ ਹੀ ਹੋ ਜਾਂਦੀ। ਉਹ ਕੋਰੀ ਅਨਪੜ੍ਹ ਸੀ। ਇਸ ਗੱਲ ਦਾ ਝੋਰਾ ਉਹਨੂੰ ਹਮੇਸ਼ਾ ਰਹਿੰਦਾ। "ਮਾਪਿਆਂ ਨੇ ਤਾਂ ਬਥੇਰਾ ਜ਼ੋਰ ਲਾਇਆ ਕਿ ਮੈਂ ਚਾਰ ਅੱਖਰ ਪੜ੍ਹ ਲਾਂ ਪਰ ਮੇਰੇ ਨਿਕਰਮੀ ਦੇ ਕਰਮ ਖੋਟੇ ਸੀ। ਇੰਨਾ ਆਖ ਉਹ ਇਕ ਲੰਮਾ ਹਾਉਂਕਾ ਲੈਂਦੀ। ਫੇਰ ਆਪ ਹੀ "ਚੱਲ ਮਨਾਂ ਹਊ, ਜੋ ਮੇਰੀ ਕਿਸਮਤ, ਜੋ ਮਈਆ ਨੂੰ ਮਨਜ਼ੂਰ।" ਆਖ ਕੇ ਉਹ ਹੋਰ ਕੰਮ ਲੱਗ ਜਾਂਦੀ।

...ਪੂਰੇ ਪਿੰਡ ਵਿਚ ਉਹ ਇਕੱਲੀ ਅਜਿਹੀ ਔਰਤ ਸੀ, ਜਿਹੜੀ ਪਿੰਡ ਵਿਚ ਬਣੇ ਬਾਬਾ ਬਾਲਕ ਨਾਥ ਦੇ ਮੰਦਰ ਦੇ ਭਵਨ ਅੰਦਰ ਜਾ ਕੇ ਮੱਥਾ ਟੇਕ ਸਕਦੀ ਸੀ। ਬਾਬਾ ਬਾਲਕ ਨਾਥ ਦੀ ਮੂਰਤੀ ਨੂੰ

ਇਸ਼ਨਾਨ ਕਰਾ ਸਕਦੀ ਸੀ। ਨਹੀਂ ਤਾਂ ਬਾਕੀ ਔਰਤਾਂ ਨੂੰ ਤਾਂ ਪੌੜੀਆਂ 'ਤੇ ਖੜ ਕੇ ਹੀ ਮੱਥਾ ਟੇਕਣਾ ਪੈਂਦਾ ਸੀ। ਇਹ ਪ੍ਰਚਲਿਤ ਸੀ ਕਿ ਜਦੋਂ ਬਾਲ ਬਾਲਕ ਨਾਥ ਰਤਨੋ ਦੀਆਂ ਮੱਝਾਂ ਚਰਾਉਣ ਜਾਂਦਾ ਹੁੰਦਾ ਸੀ ਤਾਂ ਉਹ ਮੱਝਾਂ ਨੂੰ ਚਰਨਾ ਛੱਡ ਆਪ ਸੌਂ ਜਾਂਦਾ ਸੀ। ਇਕ ਦਿਨ ਮੱਝਾਂ ਨੇ ਜ਼ਿਮੀਦਾਰਾਂ ਦੀਆਂ ਫ਼ਸਲਾਂ ਖ਼ਰਾਬ ਕਰ ਦਿੱਤੀਆਂ। ਉਹ 'ਲਾਂਬਾਂ ਲੈ ਕੇ ਰਤਨੋ ਘਰੇ ਆ ਗਏ। ਜਦ ਰਤਨੋ ਨੂੰ ਪਤਾ ਲੱਗਾ ਤਾਂ ਉਹਨੇ ਬਾਲ ਬਾਲਕ ਨਾਥ ਨੂੰ ਮਿਹਣਾ ਮਾਰਿਆ ਕਿ 'ਮੈਂ ਤੈਨੂੰ ਬਾਰ੍ਹਾਂ ਸਾਲ ਰੋਟੀਆਂ ਖਵਾਉਂਦੀ ਰਹੀ। ਲੱਸੀ ਪਿਲਾਉਂਦੀ ਰਹੀ। ਤੂੰ ਮੇਰੇ ਨਮਕ ਦਾ ਇਹ ਮੁੱਲ ਤਾਰਿਆ ਕਿ ਮੈਨੂੰ ਲੋਕਾਂ ਕੋਲੋਂ 'ਲਾਂਬੇਂ ਦਵਾ ਰਿਹਾ।' ਇਹ ਸੁਣ ਕੇ ਬਾਲ ਬਾਲਕ ਨਾਥ ਨੂੰ ਗੁੱਸਾ ਆਇਆ। ਉਹਨੇ ਬੋਹੜ ਵਿਚ ਆਪਣਾ ਚਿਮਟਾ ਮਾਰਿਆ ਤੇ ਆਖਿਆ, "ਆਹ ਲੈ ਮਾਈ ਆਪਣੇ ਬਾਰ੍ਹਾਂ ਸਾਲਾਂ ਦੀਆਂ ਰੋਟੀਆਂ ਤੇ ਲੱਸੀ। ਸਾਡਾ ਸਮਾਂ ਪੂਰਾ ਹੋਇਆ। ਹੁਣ ਅਸੀਂ ਚੱਲਦੇ ਆਂ।" ਇੰਨਾ ਆਖ ਬਾਲ ਬਾਲਕ ਨਾਥ ਉੱਥੋਂ ਚਲਾ ਗਿਆ।ਜਦੋਂ ਰਤਨੋ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ ਤਾਂ ਉਹ ਬਾਲ ਬਾਲਕ ਨਾਥ ਦੇ ਮਗਰ-ਮਗਰ ਭੱਜੀ ਤੇ 'ਵਾਜ਼ਾਂ ਮਾਰਨ ਲੱਗੀ। ਪਰ ਉਹ ਨਾ ਮੁੜਿਆ। ਇਕ ਥਾਂ ਆ ਕੇ ਬਾਲ ਬਾਲਕ ਨਾਥ ਦਾ ਲੰਗੋਟ ਝਾੜੀਆਂ ਵਿਚ ਅੜ ਕੇ ਖੁੱਲ੍ਹ ਗਿਆ ਤੇ ਉਹ ਨੰਗਾ ਹੋ ਗਿਆ। ਇਹ ਦੇਖ ਬਾਲ ਬਾਲਕ ਨਾਥ ਨੇ ਮਾਈ ਰਤਨੋ ਨੂੰ ਕਿਹਾ ਕਿ ਉਹ ਅੱਗੇ ਨਾ ਆਵੇ। ਇਹੀ ਕਾਰਨ ਸੀ ਕਿ ਬਾਬਾ ਬਾਲਕ ਨਾਥ ਦੇ ਮੰਦਰ 'ਚ ਔਰਤਾਂ ਦਾ ਪ੍ਰਵੇਸ਼ ਵਰਜਿਤ ਸੀ। ਪਰ ਉਹ ਇਕੱਲੀ ਅਜਿਹੀ ਔਰਤ ਸੀ ਜਿਹੜੀ ਬਾਬਾ ਬਾਲਕ ਨਾਥ ਦੇ ਮੰਦਰ ਦੇ ਭਵਨ ਵਿਚ ਆ-ਜਾ ਸਕਦੀ ਸੀ। ਮੂਰਤੀ ਨੂੰ ਇਸ਼ਨਾਨ ਕਰਾ ਸਕਦੀ ਸੀ।

ਇਸ ਦਾ ਕਾਰਨ ਵੀ ਬੜਾ ਅਜੀਬ ਸੀ। ਹੋਇਆ ਇਹ ਸੀ ਕਿ ਉਹਨਾਂ ਦਿਨਾਂ ਵਿਚ ਉਹਦੇ ਸਹੁਰੇ ਦਾ ਦੇਹਾਂਤ ਹੋਇਆ ਸੀ। ਉਹ ਖਾ-ਖੱਟ ਕੇ ਮਰਿਆ ਸੀ। ਇਸ ਲਈ 'ਵੱਡਾ ਕੀਤਾ' ਸੀ। ਇਸ ਲਈ ਉਸ ਦੇ ਭੋਗ ਵਾਲੇ ਦਿਨ ਘਰ ਵਿਚ ਕੋਈ ਉਦਾਸ ਨਹੀਂ ਸੀ। ਸਾਰੇ ਇਕ -ਦੂਜੇ ਨਾਲ ਹਾਸਾ-ਠੱਠਾ ਕਰ ਰਹੇ ਸਨ। ਸ਼ਾਮ ਨੂੰ ਸਾਰਾ ਆਰ-ਪਰਿਵਾਰ ਇਕੱਠਾ ਹੋਇਆ ਪਿਆ ਸੀ। ਉਹਦੀ ਸੱਸ, ਜੇਠਾਣੀ, ਦਰਾਣੀ ਤੇ ਨਨਾਣਾਂ ਸਾਰੀਆਂ ਬੈਠ ਕੇ ਗੱਲਾਂ ਕਰ ਰਹੀਆਂ ਸਨ। ਉਹ ਇਕੱਲੀ ਪਰ੍ਹੇ ਬੈਠੀ ਸੀ।

"ਨੀ ਲੀਲਾ, ਤੂੰ 'ਕੱਲੀ ਕਿਉਂ ਬੈਠੀ ਆ, ਇੱਥੇ ਆਜਾ।" ਉਹਦੀ ਵੱਡੀ ਨਨਾਣ ਨੇ ਉਹਨੂੰ ਆਵਾਜ਼ ਮਾਰੀ।

ਉਹ ਚੁੱਪ-ਚਾਪ ਉਹਨਾਂ ਕੋਲ ਆ ਕੇ ਬੈਠ ਗਈ। ਉਹ ਸ਼ਹਿਰਨ ਵਾਲਮੀਕਿਨ ਸੀ ਤੇ ਉਹਦਾ ਸਹੁਰਾ ਪਰਿਵਾਰ, ਜੇਠਾਣੀ ਤੇ ਦਰਾਣੀ ਪੇਂਡੂ ਵਾਲਮੀਕਿਨ। ਉਹ ਬਾਹਲੀਆਂ ਚਲਾਕ ਬਣਦੀਆਂ ਸਨ। ਉਹਨੂੰ ਤਾਂ ਕੁਝ ਸਮਝਦੀਆਂ ਹੀ ਨਹੀਂ ਸਨ। ਉਹ ਵੀ ਤਾਂ ਹੀ ਇਹਨਾਂ ਤੋਂ ਦੂਰ ਹੀ ਰਹਿਣਾ ਪਸੰਦ ਕਰਦੀ ਸੀ। ਪਰ ਹੁਣ ਜਦ ਨਨਾਣ ਨੇ ਆਵਾਜ਼ ਮਾਰ ਲਈ ਸੀ ਤਾਂ ਉਹ, ਉਹਨਾਂ ਕੋਲ ਆ ਕੇ ਬੈਠ ਗਈ। ਉਹਦੀ ਦਰਾਣੀ ਨੇ ਉਸਦੀ ਛੋਟੀ ਨਨਾਣ ਦੇ ਕੰਨ 'ਚ ਕੁਝ ਕਿਹਾ ਤੇ ਮੂੰਹ 'ਚ ਚੁੰਨੀ ਲੈ ਕੇ ਹੱਸਣ ਲੱਗ ਪਈ। ਜੇਠਾਣੀ ਨੇ ਦਰਾਣੀ ਵੱਲ ਦੇਖਿਆ ਤੇ ਉਹਦਾ ਵੀ ਹਾਸਾ ਨਿਕਲ ਗਿਆ।

"ਦੁਰ ਫਿੱਟੇ ਮੂੰਹ, ਕਚੱਜੀ।" ਛੋਟੀ ਨਨਾਣ ਨੇ ਉਹਦੇ ਵੱਲ ਦੇਖ ਕੇ ਬੋਲ ਮਾਰਿਆ।

ਉਹ ਸਮਝ ਗਈ ਕਿ ਕੀ ਗੱਲ ਹੋਈ ਹੈ। ਉਹਨੇ ਸਿਰ ਨੀਵਾਂ ਕਰ ਲਿਆ। ਛੋਟੀ ਨਨਾਣ ਨੇ ਜਦ ਉਹੀ ਗੱਲ ਵੱਡੀ ਨਨਾਣ ਨੂੰ ਦੱਸੀ ਤਾਂ ਉਹ "ਹਲਾ" ਆਖ ਹੈਰਾਨੀ ਨਾਲ ਉਹਦੇ ਵੱਲ ਦੇਖਣ ਲੱਗੀ। ਉਹਦਾ ਉੱਥੇ ਬੈਠਣਾ ਮੁਸ਼ਕਲ ਹੋ ਗਿਆ। ਉਹ ਆਪਣੇ ਆਪ ਨੂੰ ਕੋਸਣ ਲੱਗੀ ਕਿ ਕਿਉਂ ਉਹਨੇ ਉਸ ਦਿਨ ਐਡੀ ਵੱਡੀ ਭੁੱਲ ਕੀਤੀ। ਜਦ ਕਿ ਉਹਨੂੰ ਆਪਣੀ ਜੇਠਾਣੀ ਤੇ ਦਰਾਣੀ ਦਾ ਪਤਾ ਸੀ ਕਿ ਇਹਨਾਂ ਗੱਲ ਗੁੱਝੀ ਨਈਂ ਰਹਿਣ ਦੇਣੀ।

'ਗੋਹਾ ਫੇਰਨਾ' ਕਿੱਡੀ ਕੁ ਗੱਲ ਹੋ ਸਕਦੀ ਹੈ। ਪਰ ਉਹਨੂੰ ਗੋਹਾ ਫੇਰਨਾ ਨਹੀਂ ਸੀ ਆਉਂਦਾ। ਅੱਗੇ-

ਪਿੱਛੇ ਤਾਂ ਉਹਦੀ ਜੇਠਾਣੀ ਜਾਂ ਦਰਾਣੀ ਗੋਹਾ ਫੇਰ ਦਿਆਂ ਕਰਦੀਆਂ ਸਨ ਪਰ ਉਸ ਦਿਨ ਸੱਸ ਨੇ ਉਹਨੂੰ ਆਖ ਦਿੱਤਾ। ਪਹਿਲਾਂ ਤਾਂ ਉਹ ਸੋਚੀ ਪੈ ਗਈ। ਉਹ ਸ਼ਹਿਰਨ ਸੀ। ਇੱਟਾਂ ਦੇ ਫ਼ਰਸ਼ਾਂ ਵਾਲੇ ਘਰੋਂ ਆਈ। ਉਹਨੇ ਬਾਲਟੀ ਵਿਚ ਪਾਣੀ ਲਿਆ ਤੇ ਉਸ ਵਿਚ ਗੋਹਾ ਤੇ ਲਾਲ ਮਿੱਟੀ ਪਾ ਕੇ ਘੋਲ ਤਿਆਰ ਕਰ ਲਿਆ। ਹੱਥਾਂ ਨਾਲ ਗੋਹਾ ਫੇਰਨਾ ਤਾਂ ਆਉਂਦਾ ਨਹੀਂ ਸੀ। ਇਸ ਲਈ ਉਹ ਬਾਲਟੀ ਵਾਲਾ ਘੋਲ ਵਿਹੜੇ ਵਿਚ ਰੋੜ੍ਹੀ ਜਾਂਦੀ ਤੇ ਝਾੜੂ ਫੇਰੀ ਜਾਂਦੀ। ਇਸ ਤਰ੍ਹਾਂ ਉਹਨੇ ਸਾਰੇ ਵਿਹੜੇ ਵਿਚ ਗੋਹਾ ਫੇਰ ਦਿੱਤਾ। ਪਰ ਸੱਸ ਦੇਖ ਕੇ ਹੈਰਾਨ-ਪਰੇਸ਼ਾਨ ਹੋਈ ਜਾਵੇ ਤੇ ਜੇਠਾਣੀ ਤੇ ਦਰਾਣੀ ਹੱਸੀ ਜਾਣ। ਇਹੀ ਗੱਲ ਦਰਾਣੀ ਨੇ ਨਨਾਣ ਨੂੰ ਮਸਾਲੇ ਲਾ ਕੇ ਦੱਸੀ, ਜਿਸ ਕਰਕੇ ਉਹਨੂੰ ਆਪਣੇ ਤੋਂ ਕਈ ਸਾਲ ਛੋਟੀ ਨਨਾਣ ਤੋਂ "ਦੁਰ ਫਿੱਟੇ ਮੂੰਹ, ਕਚੱਜੀ !!" ਸੁਣਨਾ ਪਿਆ।



ਉਹ ਉਹਨਾਂ ਕੋਲੋਂ ਉੱਠ ਕੇ ਚਲੀ ਗਈ। ਉਹਨੇ ਜਾਂਦੀ-ਜਾਂਦੀ ਨੇ ਉਹ ਸਭ ਗੱਲਾਂ ਸੁਣੀਆਂ ਜਿਹੜੀਆਂ ਉਹਨਾਂ ਸਾਰੀਆਂ ਨੇ ਉਹਨੂੰ ਹੀ ਸੁਣਾਉਣ ਲਈ ਕਹੀਆਂ ਸਨ। ਉਹ ਗੁੱਸੇ ਨਾਲ ਕੰਬਣ ਲੱਗੀ। ਉਸੇ ਰਾਤ ਗੁਆਂਢੀਆਂ ਦੇ ਘਰ ਬਾਬੇ ਬਾਲਕ ਨਾਥ ਦੀ ਚੌਂਕੀ ਸੀ। ਉਹਨਾਂ ਨੂੰ ਵੀ ਸੱਦਾ ਸੀ। ਚੌਂਕੀ 'ਤੇ ਹੋਰ ਤਾਂ ਕੋਈ ਨਾ ਗਿਆ ਪਰ ਉਹ ਚਲੀ ਗਈ। ਉੱਥੇ ਬੈਠੀ ਭਜਨ ਮੰਡਲੀ ਬਾਬੇ ਬਾਲਕ ਨਾਥ ਦੀਆਂ ਭੇਟਾਂ ਗਾ ਰਹੀ ਸੀ।

'ਹੇਠ ਬੋਹੜ ਦੇ ਖੜ ਕੇ, ਰਤਨੋ ਨੇ 'ਵਾਜ਼ਾਂ ਮਾਰੀਆਂ',
'ਆਜਾ ਜੋਗੀਆਂ ਵੇ ਤੈਨੂੰ ਅੱਖੀਆਂ ਉਡੀਕਦੀਆਂ।'

ਉਹ ਬੈਠੀ ਤਾਂ ਚੌਂਕੀ ਵਿਚ ਸੀ ਪਰ ਉਹਦੇ ਦਿਮਾਗ਼ ਵਿਚ ਜੇਠਾਣੀ, ਦਰਾਣੀ ਤੇ ਨਨਾਣਾਂ ਦੀਆਂ ਊਂਜਾਂ ਘੁੰਮ ਰਹੀਆਂ ਸਨ। ਉਹ ਜਿੰਨਾ ਉਹਨਾਂ ਗੱਲਾਂ ਨੂੰ ਭੁਲਾਉਣ ਦੀ ਕੋਸ਼ਿਸ਼ ਕਰਦੀ, ਉਹ ਗੱਲਾਂ ਉਹਨੂੰ ਹੋਰ ਚੇਤੇ ਆਉਂਦੀਆਂ।

"ਸ਼ੋਕੀ ਦੀ ਤਾਂ ਜ਼ਿੰਦਗੀ ਖ਼ਰਾਬ ਕਰਤੀ ਬੀਬੀ।"

"ਕਚੱਜੀ ਰੰਨ ਪੱਲੇ ਪੈ ਗਈ ਵਿਚਾਰੇ ਦੇ।"

"ਇਹਦਾ ਤਾਂ ਕੰਮ ਈ ਇਹੋ ਆ।"

"ਇਹਦਾ ਤਾਂ ਉਹ 'ਸਾਬ ਆ, ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ।"

"ਨਾ ਇਹਨੂੰ ਬਹਿਣ-ਖਲੋਣ ਦਾ ਪਤਾ, ਨਾ ਪਹਿਨਣ-ਪਚਰਨ ਦਾ ਤੇ ਨਾ ਕੰਮ-ਕਾਰ ਦਾ।"

"ਸਾਰਾ ਦਿਨ ਹੱਸਦੀ ਰਹੂ ਬੌਂੜੀ ਜਈਂ।"

"ਬਿਲਕੁਲ ਈ ਨਿਲ ਆ ਇਹ ਤਾਂ, ਨਿਲ।"

ਇਹ ਗੱਲਾਂ ਵਾਰ-ਵਾਰ ਉਹਦੇ ਸਿਰ 'ਤੇ ਹਥੌੜੇ ਵਾਂਗ ਵੱਜ ਰਹੀਆਂ ਸਨ। ਗੁੱਸਾ ਉਹਦੇ ਦਿਮਾਗ਼ ਨੂੰ ਚੜ੍ਹ ਰਿਹਾ ਸੀ। ਉਹਦੀਆਂ ਤਲ਼ੀਆਂ ਪਸੀਨੇ ਨਾਲ ਭਿੱਜੀਆਂ ਪਈਆਂ ਸਨ। ਇੱਧਰ ਭਜਨ ਮੰਡਲੀ ਨੇ "ਧੂਣਾਂ ਤੇਰੇ ਹੀ ਨਾਮ ਦਾ ਲਾਇਆ, ਏਥੇ ਆਜਾ ਪੌਣਾਹਾਰੀਆਂ।" ਭਜਨ ਸ਼ੁਰੂ ਕਰ ਦਿੱਤਾ।

ਹਾਰਮੋਨੀਅਮ ਦੀ ਆਵਾਜ਼ ਤੇ ਢੋਲ ’ਤੇ ਪੈਂਦੀ ਧਮਕ ਨੇ ਉਹਨੂੰ ਮਜ਼ਬੂਰ ਕਰ ਦਿੱਤਾ। ਉਹਨੇ ਇਕਦਮ ਉੱਚੀ ਦੇਣੀ ਚੀਕ ਮਾਰੀ ਤੇ ਜਾ ਕੇ ਬਾਬੇ ਬਾਲਕ ਨਾਥ ਦੀ ਮੂਰਤੀ ਅੱਗੇ ਖੇਲਣ ਲੱਗ ਪਈ। ਸਾਰੀਆਂ ਸੰਗਤਾਂ ਇਕਦਮ ਪਿੱਛੇ ਹੱਟ ਗਈਆਂ। ਉਹਦੇ ਵਾਲ਼ ਖੁੱਲ੍ਹ ਗਏ। ਉਹ ਜ਼ੋਰ-ਜ਼ੋਰ ਦੀ ਥੱਲੇ ਹੱਥ ਮਾਰਨ ਲੱਗੀ। ਭਜਨ ਮੰਡਲੀ ਨੇ ਭਜਨ ਨੂੰ ਫੇਰ ਦੁਬਾਰਾ ਤੋਂ ਸ਼ੁਰੂ ਕਰ ਦਿੱਤਾ। ਉਹ ਹੋਰ ਜ਼ੋਰ ਨਾਲ ਖੇਲਣ ਲੱਗੀ। ਉਹਨੂੰ ਪੌਣ ਆ ਗਈ ਸੀ। ਸੰਗਤ ਉੱਠ-ਉੱਠ ਕੇ ਉਹਨੂੰ ਮੱਥਾ ਟੇਕਣ ਲੱਗੀ। ਕੋਈ ਜਾ ਕੇ ਉਹਦੀ ਸੱਸ, ਜੇਠਾਣੀ, ਦਰਾਣੀ ਤੇ ਨਨਾਣਾਂ ਨੂੰ ਬੁਲਾ ਲਿਆਇਆ। ਛੋਟੀ ਦਰਾਣੀ ਤਾਂ ਉਹਨੂੰ ਦੇਖ ਕੇ ਪਹਿਲਾਂ ਹੱਸਣ ਹੀ ਲੱਗ ਪਈ।

“ਊਧੀ-ਧੀ-ਧੀ ! ਇਕ ਉੱਚੀ ਆਵਾਜ਼ ਸਾਰੇ ਪੰਡਾਲ ਵਿਚ ਗੂੰਜ ਗਈ। ਸਾਰੇ ਪਾਸੇ ਸੰਨਾਟਾ ਛਾ ਗਿਆ। ਉਹਦੀ ਸੱਸ ਭੱਜ ਕੇ ਉਹਦੇ ਅੱਗੇ ਹੱਥ ਜੋੜ ਕੇ ਬੈਠ ਗਈ।

“ਬਖਸ਼ੋ ਬਾਬਾ ਜੀ, ਜੇ ਕੋਈ ਭੁੱਲ ਹੋ ਗਈ ਤਾਂ ਬਖਸ਼ੋ।” ਉਹਦੀ ਸੱਸ ਤਰਲੇ ਕਰਨ ਲੱਗੀ।

ਉਹਦੀ ਜੇਠਾਣੀ, ਦਰਾਣੀ ਤੇ ਨਨਾਣਾਂ ਵੀ ਡਰ ਗਈਆਂ।

“ਏਹ ਵੀ ਤੈਨੂੰ ਹੁਣ ਅਸੀਂ ਦੱਸੀਏ ਕਿ ਕੀ ਭੁੱਲ ਹੋਈ ਆ।” ਉਹਨੇ ਪੂਰੇ ਜੋਸ਼ ਤੇ ਗੁੱਸੇ ਨਾਲ ਕਿਹਾ।

ਉਹ ਸਿਰ ਥੱਲੇ ਸੁੱਟੀ ਬੈਠੀ ਸੀ। ਉਹਦੇ ਵਾਲ਼ਾਂ ਨੇ ਉਹਦਾ ਚਿਹਰਾ ਲੁਕਾਇਆ ਹੋਇਆ ਸੀ। ਉਹ ਹਿੱਲ ਰਹੀ ਸੀ। ਉਹਦੇ ਵਾਲ਼ ਵੀ ਹਿੱਲ ਰਹੇ ਸਨ। ਉਹਦੀ ਸੱਸ ਸੋਚੀ ਪੈ ਗਈ। ਇੰਨੇ ਨੂੰ ਉਹਦੀ ਜੇਠਾਣੀ, ਦਰਾਣੀ ਤੇ ਨਨਾਣਾਂ ਵੀ ਉਹਦੇ ਨੇੜੇ ਆ ਕੇ ਬੈਠ ਗਈਆਂ। ਸਭਨਾਂ ਨੇ ਹੱਥ ਜੋੜੇ ਹੋਏ ਸਨ। ਪੰਡਾਲ ਵਿਚ ਬੈਠੀ ਸੰਗਤ ਨੇ ਵੀ ਹੱਥ ਜੋੜੇ ਹੋਏ ਸਨ। ਭਜਨ ਮੰਡਲੀ ਵੀ ਹੁਣ ਤੱਕ ਚੁੱਪ ਕਰ ਗਈ ਸੀ। ਉਹਦੀ ਜੇਠਾਣੀ ਨੇ ਸੱਸ ਦੇ ਕੰਨ ’ਚ ਕਿਹਾ ਤੇ ਸੱਸ ਸਿਰ ਝੁਕਾਉਂਦੀ ਉਹਦੇ ਮੂਹਰੇ ਹੋਈ ਤੇ “ਮਾਫ਼ ਕਰੋ ਬਾਬਾ ਜੀ, ਦੁਬਾਰਾ ਇਹੋ ਜਿਹੀ ਭੁੱਲ ਨਹੀਂ ਹੁੰਦੀ।” ਆਖਣ ਲੱਗੀ। ਉਹਦੀ ਜੇਠਾਣੀ ਨੇ ਸੱਸ ਨੂੰ ਦੱਸਿਆ ਕਿ ਜੇਠੇ ਐਤਵਾਰ ਉਹਦਾ ਜੇਠ ਸ਼ਰਾਬ ਪੀ ਕੇ ਘਰ ਆਇਆ ਸੀ। ਸੱਸ ਵਾਰ-ਵਾਰ ਇਕੋ ਗੱਲ “ਮਾਫ਼ ਕਰੋ ਬਾਬਾ ਜੀ, ਮਾਫ਼ ਕਰੋ ਬਾਬਾ ਜੀ” ਦੁਹਰਾ ਰਹੀ ਸੀ। ਉਹਨੇ ਫੇਰ ਹੋਰ ਜ਼ੋਰ ਨਾਲ ਤੇ ਪੂਰੇ ਗੁੱਸੇ ਨਾਲ “ਭੁੱਲ ਬਖਸ਼ਾ ਊਧੀ, ਨਈਂ ਤੇਰਾ ਘਰ ਉੱਜੜਿਆ” ਆਖ ਸਭਨਾਂ ਨੂੰ ਨੱਕ ਨਾਲ ਲੀਕਾਂ ਕੱਢਣ ਲਈ ਕਿਹਾ। ਉਹਦੀ ਸੱਸ, ਜੇਠਾਣੀ, ਦਰਾਣੀ ਤੇ ਨਨਾਣਾਂ ਸਭ ਨੇ ਨੱਕ ਨਾਲ ਸੱਤ-ਸੱਤ ਲੀਕਾਂ ਕੱਢੀਆਂ ਤਾਂ ਜਾ ਕੇ ਉਹ ਸ਼ਾਂਤ ਹੋਈ। ਜਦ ਉਹ ਲੀਕਾਂ ਕੱਢ ਹੱਟੀਆਂ ਤਾਂ ਉਹਨੇ ਉੱਚੀ ਦੇਣੀ ‘ਅਲਖ ਨਿਰੰਜਣ’ ਆਖਿਆ ਤੇ ਬੇਹੋਸ਼ ਹੋ ਕੇ ਡਿੱਗ ਪਈ। ਬੇਹੋਸ਼ ਪਈ ਦੇ ਚਿਹਰੇ ਤੇ ਇਕ ਅਲੌਕਿਕ ਜਲੌਅ ਸੀ। ਜਿੰਨਾ ਜਲੌਅ, ਉੱਨੀ ਹੀ ਸ਼ਾਂਤੀ।

ਉਹ ਦਿਨ ਤੇ ਅੱਜ ਦਾ ਦਿਨ। ਸਾਰੇ ਪਿੰਡ ਵਿਚ ਉਹ ਇਕੱਲੀ ਅਜਿਹੀ ਔਰਤ ਸੀ, ਜਿਹੜੀ ਪਿੰਡ ਵਿਚ ਬਣੇ ਬਾਬਾ ਬਾਲਕ ਨਾਥ ਦੇ ਮੰਦਰ ਦੇ ਭਵਨ ਅੰਦਰ ਆ-ਜਾ ਸਕਦੀ ਸੀ। ਜਿਹੜਾ ਵੀ ਪਿੰਡ ਵਿਚ ਬਾਬੇ ਬਾਲਕ ਨਾਥ ਦੀ ਚੌਂਕੀ ਕਰਵਾਉਂਦਾ, ਉਹਨੂੰ ਉਚੇਚੇ ਤੌਰ ’ਤੇ ਜ਼ਰੂਰ ਸੱਦਦਾ।

...ਤੇ ਵੀਰਵਾਰ ਚਿਰਾਗ਼ ਲਗਾਉਣ ਵਾਲੀ ਗੱਲ ਵੀ ਬੜੀ ਦਿਲਚਸਪ ਸੀ। ਉਦੋਂ ਤੱਕ ਉਹ ਵੱਖ ਹੋ ਚੁੱਕੇ ਸਨ। ਸਾਂਝੇ ਘਰ ਵਿਚ ਚਿਰਾਗ਼ ਉਹਦਾ ਸਹੁਰਾ ਲਗਾਇਆ ਕਰਦਾ ਸੀ। ਜਦ ਕਦੇ ਉਹਦਾ ਸਹੁਰਾ ਵੀਰਵਾਰ ਘਰੋਂ ਬਾਹਰ ਗਿਆ ਹੁੰਦਾ ਤਾਂ ਭਾਵੇਂ ਉਹਨੂੰ ਹਨ੍ਹੇਰਾ ਹੋ ਜਾਏ, ਚਿਰਾਗ਼ ਉਹੀ ਲਗਾਉਂਦਾ ਸੀ। “ਬੁੜੀਆਂ ਨਈਂ ਚਿਰਾਗ਼ ਲਾਂਦੀਆਂ।” ਉਹਦੀ ਸੱਸ ਦਾ ਕਹਿਣਾ ਸੀ। ਉਹਦੇ ਘਰਵਾਲੇ ਨੇ ਕਦੀ ਚਿਰਾਗ਼ ਨਹੀਂ ਲਗਾਇਆ ਸੀ। ਇਹਨਾਂ ਦਿਨਾਂ ਵਿਚ ਹੀ ਉਹ ਬਿਮਾਰ ਹੋ ਗਈ। ਉਹਨੂੰ ਉਦਾਸੀ ਦੇ ਦੌਰੇ ਪੈਣ ਲੱਗੇ। ਉਹ ਸਾਰਾ-ਸਾਰਾ ਦਿਨ ਚੁੱਪ-ਚਾਪ, ਗੁੰਮ-ਸੁੰਮ ਬੈਠੀ ਰਹਿੰਦੀ। ਜੇ ਛੱਤ ਵੱਲ ਵੇਖਣ ਲੱਗਦੀ ਤਾਂ ਛੱਤ ਹੀ ਦੇਖੀ ਜਾਂਦੀ। ਜੇ ਕੋਲ ਪਏ ਕਿਸੇ ਭਾਂਡੇ ਵੱਲ ਦੇਖਣ ਲੱਗਦੀ ਤਾਂ ਕਿੰਨਾ-ਕਿੰਨਾ ਚਿਰ ਉਹਨੂੰ

ਹੀ ਦੇਖਦੀ ਰਹਿੰਦੀ। ਵੱਡਾ ਮੁੰਡਾ ਉਹਦੇ ਨੇੜੇ ਜਾਣ ਤੋਂ ਡਰਦਾ। ਛੋਟਾ ਉਹਦੇ ਦੁਆਲੇ ਘੁੰਮਦਾ ਰਹਿੰਦਾ। ਉਹਨੂੰ ਚਾਹ, ਪਾਣੀ, ਰੋਟੀ ਫੜਾਉਂਦਾ। ਉਹਦਾ ਘਰਵਾਲਾ "ਜਾਣ ਕੇ ਕਰਦੀ ਆ, "ਪਾਖੰਡ ਕਰਦੀ ਆ" ਕਹਿ ਕੇ ਉਹਨੂੰ ਝਈਆਂ ਲੈ ਲੈ ਪੈਂਦਾ। ਉਹਨੂੰ ਉਹਤੇ ਬਹੁਤ ਗੁੱਸਾ ਆਉਂਦਾ ਕਿਉਂਕਿ ਘਰਦਾ ਸਾਰਾ ਕੰਮ ਉਹਨੂੰ ਇਕੱਲੇ ਨੂੰ ਕਰਨਾ ਪੈ ਰਿਹਾ ਸੀ। ਜਦ ਉਸ ਦੇ ਬਿਮਾਰ ਹੋਣ ਦਾ ਉਹਦੇ ਸਹੁਰੇ ਪਰਿਵਾਰ ਨੂੰ ਪਤਾ ਲੱਗਾ ਤਾਂ ਪਹਿਲਾਂ ਤਾਂ ਕੋਈ ਉਹਦਾ ਪਤਾ ਹੀ ਲੈਣ ਨਾ ਆਇਆ। ਪਰ ਜਦ ਘਰ ਆਉਂਦੇ ਤਾਂ ਉਹ ਹੋਰ ਚੋਭ ਭਰੀਆਂ ਗੱਲਾਂ ਕਰਦੇ। ਘਰ ਆਉਂਦੇ ਤਾਂ ਪਤਾ ਲੈਣ ਪਰ ਉਹਨੂੰ "ਡਰਾਮੇ ਛੱਡ, ਘਰ ਸਾਂਭ ਆਪਣਾ" , "ਐ ਗੁਜ਼ਾਰਾ ਨਈਂ ਚੱਲਣਾ" , "ਆਪਣਾ ਹੱਗਿਆ ਆਪ ਈ ਨਜਿੱਠਣਾ ਪੈਣਾ।" ਆਖ ਚਲੇ ਜਾਂਦੇ। ਉਹਨਾਂ ਦੇ ਅਜਿਹੇ ਵਿਵਹਾਰ ਕਰਕੇ ਉਹ ਹੋਰ ਉਦਾਸ ਹੋ ਜਾਂਦੀ। ਕਿਸੇ ਦੇ ਦਿਮਾਗ਼ ਵਿਚ ਇਹ ਨਹੀਂ ਆਈ ਕਿ ਉਹਨੂੰ ਡਾਕਟਰ ਕੋਲ ਲਿਜਾਇਆ ਜਾਵੇ। ਕੋਈ ਦਵਾ-ਦਾਰੂ ਕਰਾਈ ਜਾਵੇ।

ਇਹਨਾਂ ਦਿਨਾਂ ਵਿਚ ਹੀ ਉਹਨਾਂ ਦੀ ਗੁਆਂਢਣ ਬੰਸੋ ਉਹਨਾਂ ਦੇ ਘਰ ਆਈ ਜਿਹੜੀ ਨਵੀਂ-ਨਵੀਂ ਇਸਾਈ ਬਣੀ ਸੀ। ਉਹਨੇ ਉਹਦੀ ਹਾਲਤ ਦੇਖੀ। ਉਹਤੋਂ ਉਹਦੀ ਹਾਲਤ ਦੇਖੀ ਨਾ ਗਈ।

"ਭੈਣੇ, ਤੂੰ ਮੇਰੇ ਨਾਲ ਚਰਚ ਚੱਲਿਆ ਕਰ, ਦੇਖੀ ਤੈਨੂੰ ਕਿੰਨੀ ਛੇਤੀ 'ਰਾਮ ਆਉਂਦਾ।" ਬੰਸੋ ਨੇ ਉਹਨੂੰ ਕਿਹਾ।

ਉਹਨੇ ਨਾ ਬੰਸੋ ਨੂੰ ਹਾਂ ਕੀਤੀ ਤੇ ਨਾ ਨਾਂਹ। ਪਰ ਵੀਰਵਾਰ ਨੂੰ ਬੰਸੋ ਤਿਆਰ ਹੋ ਕੇ ਉਹਨਾਂ ਦੇ ਘਰ ਆ ਗਈ। ਉਹ ਵੀਰਵਾਰ ਤੇ ਐਤਵਾਰ ਦੋ ਦਿਨ ਚਰਚ ਜਾਂਦੀ ਸੀ। ਬੰਸੋ ਨੇ ਉਹਨੂੰ ਚਰਚ ਜਾਣ ਲਈ ਤਿਆਰ ਹੋਣ ਲਈ ਕਿਹਾ। ਉਹ ਚੁੱਪ ਚਾਪ ਮੈਲ਼ੇ-ਕੁਚੈਲੇ ਕੱਪੜੇ ਪਾ ਕੇ ਉਹਦੇ ਨਾਲ ਚਰਚ ਚਲੀ ਗਈ। ਅੱਗੋਂ ਚਰਚ ਵਾਲੇ ਪਾਸਟਰ ਨੇ ਪਹਿਲੇ ਦਿਨ ਹੀ ਉਹਨੂੰ 'ਬਿਪਤਿਸ਼ਮਾ' ਵੀ ਦੇ ਦਿੱਤਾ। ਬੰਸੋ ਬਹੁਤ ਖ਼ੁਸ਼ ਸੀ। ਜਦ ਇਸ ਗੱਲ ਦਾ ਉਹਦੇ ਘਰਵਾਲੇ ਨੂੰ ਪਤਾ ਲੱਗਾ ਤਾਂ ਉਹਨੇ ਉਹਨੂੰ ਰੱਜ ਕੇ ਗਾਲ੍ਹਾਂ ਕੱਢੀਆਂ। ਜਦ ਸੱਸ, ਜੇਠਾਣੀ ਤੇ ਦਰਾਣੀ ਨੂੰ ਪਤਾ ਲੱਗਾ ਤਾਂ ਉਹ ਬੰਸੋ ਨਾਲ ਲੜੀਆਂ। ਉਹਨਾਂ ਨੂੰ ਖਿੱਝਦੇ ਤੇ ਕਲਪਦੇ ਦੇਖ ਉਹਨੂੰ ਥੋੜ੍ਹੀ ਤਸੱਲੀ ਜਿਹੀ ਵੀ ਹੋਈ। ਦਿਨਾਂ ਵਿਚ ਹੀ ਉਹ ਤੁਰਨ-ਫਿਰਨ ਜੋਗੀ ਹੋ ਗਈ। ਘਰ ਦਾ ਕੰਮ ਤਾਂ ਭਾਵੇਂ ਅਜੇ ਵੀ ਉਹ ਕਰਨ ਨਹੀਂ ਸੀ ਲੱਗੀ ਪਰ ਆਪਣੇ ਆਪ ਨੂੰ ਉਹਨੇ ਸੰਭਾਲ ਲਿਆ ਸੀ। ਹੁਣ ਉਹ ਹਰ ਵੀਰਵਾਰ ਤੇ ਐਤਵਾਰ ਬੰਸੋ ਨਾਲ ਚਰਚ ਜਾਣ ਲੱਗੀ। ਇਸਦਾ ਅਸਰ ਇਹ ਹੋਇਆ ਕਿ ਉਹਦਾ ਘਰਵਾਲਾ ਚਿਰਾਗ਼ ਲਗਾਉਣ ਲੱਗ ਪਿਆ। ਵੀਰਵਾਰ ਉਹ ਚਰਚ ਜਾਂਦੀ ਸ਼ਾਮ ਨੂੰ ਘਰੇ ਆ ਕੇ ਦੇਖਦੀ ਤਾਂ ਚਿਰਾਗ਼ ਲੱਗਾ ਹੁੰਦਾ। 'ਬਿਪਤਿਸ਼ਮਾ' ਲੈਣ ਕਰਕੇ ਉਹ ਹੁਣ ਪੱਕੀ ਇਸਾਈ ਬਣ ਚੁੱਕੀ ਸੀ। ਚਰਚ ਵਾਲਿਆਂ ਦੀ ਇਹ ਸਖ਼ਤ ਹਿਦਾਇਤ ਸੀ ਕਿ 'ਬਿਪਤਿਸ਼ਮਾ' ਲੈਣ ਬਾਅਦ ਕਿਸੇ ਵੀ ਪੀਰ-ਫ਼ਕੀਰ, ਦੇਵੀ-ਦੇਵਤਾ ਨੂੰ ਨਹੀਂ ਮੰਨਣਾ। ਪ੍ਰਸ਼ਾਦ ਨਹੀਂ ਖਾਣਾ। ਜੋਤਾਂ, ਚਿਰਾਗ਼ ਨਹੀਂ ਲਗਾਉਣੇ। ਬੱਸ ਯਿਸੂ ਮਸੀਹ ਦਾ ਨਾਮ ਲੈਣਾ ਤੇ ਬੰਦਗੀ ਕਰਨੀ। ਪਰ ਜਦ ਉਹਨੇ ਦੇਖਿਆ ਕਿ ਘਰ ਵਿਚ ਚਿਰਾਗ਼ ਲੱਗਣਾ ਸ਼ੁਰੂ ਹੋ ਗਿਆ ਹੈ ਤਾਂ ਉਹਨੇ ਚਰਚ ਜਾਣਾ ਉੱਕਾ ਈ ਛੱਡ ਦਿੱਤਾ। ਤੇ ਜਦ ਉਸ ਦੇ ਘਰਵਾਲੇ ਦਾ ਦੇਹਾਂਤ ਹੋਇਆ ਤਾਂ ਫੇਰ ਆਪਣੀ ਸੱਸ ਦੇ ਵਾਰ-ਵਾਰ ਮਨ੍ਹਾਂ ਕਰਨ ਦੇ ਬਾਵਜੂਦ ਉਹ ਖ਼ੁਦ ਚਿਰਾਗ਼ ਲਗਾਉਣ ਲੱਗੀ। ਚਿਰਾਗ਼ ਲਗਾ ਕੇ ਉਹਨੂੰ ਅਜੀਬ ਜਿਹੀ ਸ਼ਾਂਤੀ ਮਹਿਸੂਸ ਹੁੰਦੀ। ਚਿਰਾਗ਼ ਲਗਾਉਣ ਵੇਲੇ ਉਹਦੇ ਚਿਹਰੇ ਦਾ ਜਲੌਅ ਦੇਖਣ ਵਾਲਾ ਹੁੰਦਾ।

...ਮਾਤਾ ਚਿੰਤਪੁਰਨੀ ਦੀ ਜੋਤ ਤਾਂ ਪੇਕੇ ਘਰ ਵੀ ਉਹੀ ਲਗਾਉਂਦੀ ਸੀ। ਉਹ ਤੜਕਸਾਰ ਉੱਠਦੀ। ਪਹਿਲਾਂ ਨਹਾਉਂਦੀ। ਫੇਰ ਮੰਦਰ ਸਾਫ਼ ਕਰਦੀ। ਸ਼ੇਰਾਂਵਾਲੀ ਮਾਤਾ ਦੀ ਮੂਰਤੀ ਸਾਫ਼ ਕਰਦੀ। ਫੇਰ ਜੋਤ ਲਗਾਉਂਦੀ ਤੇ ਕਿੰਨਾ-ਕਿੰਨਾ ਚਿਰ ਜੋਤ ਅੱਗੇ ਅੱਖਾਂ ਬੰਦ ਕਰਕੇ ਭਜਨ ਗਾਉਂਦੀ ਰਹਿੰਦੀ ਜਿਹੜਾ ਉਹਨੇ ਆਪਣੀ ਮਾਂ ਤੋਂ ਸਿੱਖਿਆ ਸੀ। ਇਹੀ ਨੇਮ ਉਹਨੇ ਸਹੁਰੇ ਘਰ ਆ ਕੇ ਵੀ ਪਾਲਿਆ। ਜੋਤ

ਲਗਾਉਣ ’ਚ ਕਿਸੇ ਨੂੰ ਕੋਈ ਹਰਜ਼ ਨਹੀਂ ਸੀ। ਸਗੋਂ ਉਹਦੀ ਇਹੀ ਗੱਲ ਉਹਦੇ ਸਹੁਰੇ ਘਰ ਵਾਲਿਆਂ ਨੂੰ ਪਸੰਦ ਸੀ।

...ਇੰਨੀ ਧਾਰਮਕ ਹੋਣ ਦੇ ਬਾਵਜੂਦ ਉਹਨੂੰ ਇਕ ਹੋਰ ਸ਼ੌਕ ਸੀ। ਉਹਨੂੰ ਮੀਟ ਖਾਣਾ ਬਹੁਤ ਪਸੰਦ ਸੀ। ਮੁਰਗੇ ਦਾ ਮੀਟ। ਹਫ਼ਤੇ ’ਚ ਇਕ ਵਾਰ ਤਾਂ ਉਹਨਾਂ ਦੇ ਘਰ ਮੀਟ ਬਣਦਾ ਹੀ ਬਣਦਾ ਸੀ। ਕਈ-ਕਈ ਵਾਰ ਹਫ਼ਤੇ ’ਚ ਦੋ ਦਿਨ ਵੀ। ਮੰਗਲਵਾਰ, ਵੀਰਵਾਰ ਤੇ ਐਤਵਾਰ ਨੂੰ ਛੱਡ ਕੇ।

ਜਦ ਉਹ ਨਿੱਕੀ ਸੀ ਤਾਂ ਇਕ ਵਾਰ ਉਹਦੀ ਭੈਣ ਨੇ ਲੜ ਕੇ ਉਹਨੂੰ ਕੋਠੇ ਤੋਂ ਥੱਲੇ ਧੱਕਾ ਦੇ ਦਿੱਤਾ ਸੀ। ਜਿਸ ਕਰਕੇ ਉਹਦਾ ਜਬਾੜਾ ਟੁੱਟ ਗਿਆ ਸੀ। ਕਈਆਂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਉਹਨੇ ਨਈਂ ਬੱਚਣਾ।

“ਟੀਕਾ ਲਵਾਦੇ, ਇਹਨੇ ਨਈਂ ਬਚਣਾ।” ਉਹਦੇ ਇਕ ਮਾਮੇ ਨੇ ਉਹਦੇ ਪਿਉ ਨੂੰ ਕਿਹਾ ਸੀ।

ਪਰ ਉਹਦੇ ਪਿਉ ਨੇ ਆਪਣੇ ਸਾਲੇ ਨੂੰ ਰੱਜ ਕੇ ਗਾਲ੍ਹਾਂ ਕੱਢੀਆਂ ਸੀ। ਉਹਦੀ ਮਾਂ ਨੇ ਤਾਂ ਸਾਰੀ ਉਮਰ ਆਪਣੇ ਉਸ ਭਰਾ ਨਾਲੋਂ ਨਾਤਾ ਹੀ ਤੋੜ ਲਿਆ ਸੀ।

ਖ਼ੈਰ ਕਿਸਮਤ ਉਹਦੀ, ਕਿ ਉਹ ਬਚ ਗਈ ਸੀ। ਪਰ ਬਹੁਤੇ ਦੰਦ ਉਹਦੇ ਕੱਢਣੇ ਪਏ ਸਨ। ਉਹਨਾਂ ਦਿਨਾਂ ਵਿਚ ਹੀ ਡਾਕਟਰ ਨੇ ਉਹਦੇ ਪਿਉ ਨੂੰ ਕਿਹਾ ਸੀ ਕਿ ਜੇਕਰ ਉਹ ਚਾਹੁੰਦਾ ਹੈ ਕਿ ਉਹਦੀ ਧੀ ਛੇਤੀ ਠੀਕ ਹੋਵੇ ਤਾਂ ਉਹਨੂੰ ‘ਖਰੋੜਿਆਂ ਦੀ ਤਰੀ’ ਪਿਲਾਓ। ਉਸ ਦੇ ਪਿਉ ਨੇ ਉਵੇਂ ਹੀ ਕੀਤਾ ਤੇ ਉਹ ਦਿਨਾਂ ਵਿਚ ਹੀ ਠੀਕ ਹੋਣ ਲੱਗੀ। ਜਦ ਉਹ ਠੀਕ ਹੋ ਗਈ ਤਾਂ ਘਰੇ ‘ਖਰੋੜਿਆਂ ਦੀ ਤਰੀ’ ਦੀ ਥਾਂ ਮੁਰਗੇ ਦਾ ਮੀਟ ਆਉਣ ਲੱਗਾ। ਮੀਟ ਉਹਦੀ ਮਾਂ ਇੰਨਾ ਸਵਾਦ ਬਣਾਉਂਦੀ ਕਿ ਸਾਰੇ ਉਂਗਲਾਂ ਚੱਟਦੇ ਰਹਿ ਜਾਂਦੇ। ਬਸ ਮੰਗਲਵਾਰ, ਵੀਰਵਾਰ ਤੇ ਐਤਵਾਰ ਦਾ ਪਰਹੇਜ਼ ਕੀਤਾ ਜਾਂਦਾ। ਜਦ ਉਹਦੇ ਵਿਆਹ ਦੀ ਗੱਲ ਚੱਲੀ ਤਾਂ ਦੇਖ-ਦਿਖਾਲੇ ਤੋਂ ਬਾਅਦ ਉਹਦੇ ਪਿਉ ਨੇ ਬਾਕੀ ਰਹਿੰਦੇ ਦੰਦ ਵੀ ਕਢਵਾ ਦਿੱਤੇ ਤੇ ਦੰਦਾਂ ਦਾ ਨਵਾਂ ‘ਬੀੜ’ ਲਗਵਾ ਦਿੱਤਾ ਸੀ। ਜਿਸ ਨਾਲ ਪੋਪਲਾ ਜਿਹਾ ਦਿਸਣ ਵਾਲਾ ਉਹਦਾ ਮੂੰਹ ਵਧੇਰੇ ਨਿਖਰਨ ਤੇ ਫੱਬਣ ਲੱਗਾ ਸੀ। ਪਰ ਜਦ ਸਹੁਰੇ ਘਰ ਆਈ ਤਾਂ ਪਿੰਡਾਂ ਦੇ ਕੰਮ-ਕਾਰਾਂ ਤੇ ਕਬੀਲਦਾਰੀ ’ਚ ਇੰਨਾ ਉਲਝੀ ਕਿ ਕਦ ਉਹ ਬੁੱਢੀ ਨਜ਼ਰ ਆਉਣ ਲੱਗੀ ਪਤਾ ਹੀ ਨਾ ਲੱਗਾ। ਅੰਤ ਉਹਨੇ ਨਕਲੀ ਦੰਦ ਲਗਾਉਣੇ ਉੱਕਾ ਈ ਬੰਦ ਕਰ ਦਿੱਤੇ ਤੇ ‘ਬੁੱਟਾਂ’ ਨਾਲ ਹੀ ਔਖੇ-ਸੌਖੇ ਖਾਣਾ ਸ਼ੁਰੂ ਕਰ ਦਿੱਤਾ। ਇਸੇ ਤਰ੍ਹਾਂ ਮੀਟ ਵੀ ਉਹ ‘ਬੁੱਟਾਂ’ ਨਾਲ ਪਚੋਲ-ਪਚੋਲ ਕੇ ਖਾ ਲੈਂਦੀ। ਜਦ ਉਹ ਕੁਝ ਵੀ ਖਾਂਦੀ ਤਾਂ ਉਹਦੇ ਮੂੰਹ ਵਿਚੋਂ ‘ਪੁੱਚ,’ਪੁੱਚ’ ਦੀ ਆਵਾਜ਼ ਨਿਕਲਦੀ। ਪਹਿਲਾਂ ਪਹਿਲ ਤਾਂ ਸਾਰੇ ਹੱਸਦੇ ਪਰ ਫੇਰ ਸਾਰਿਆਂ ਨੂੰ ਆਦਤ ਪੈ ਗਈ।

... ਸਮਾਂ ਇੰਨੀ ਜਲਦੀ ਬੀਤਿਆ ਕਿ ਹੁਣ ਉਹ ਪੋਤੇ-ਪੋਤੀਆਂ ਵਾਲੀ ਹੋ ਗਈ ਹੈ। ਪਰ ਅਜੇ ਵੀ ਉਹ ਧਾਰਮਕ ਉੱਨੀ ਹੀ ਹੈ। ਘਰਦੇ ਕੰਮ ਤਾਂ ਨੂੰਹਾਂ ਕਰ ਲੈਂਦੀਆਂ ਹਨ। ਪਰ ਉਹ ਫੇਰ ਵੀ ਤੜਕਸਾਰ ਉੱਠਦੀ ਹੈ। ਨਹਾਉਂਦੀ ਹੈ। ਮੰਦਰ ਸਾਫ਼ ਕਰਦੀ ਹੈ, ਜਿਹੜਾ ਉਹਨੇ ਆਪਣੇ ਹੀ ਕਮਰੇ ਵਿਚ ਬਣਾਇਆ ਹੋਇਆ ਹੈ। ਮਾਤਾ ਦੀ ਮੂਰਤੀ ਸਾਫ਼ ਕਰਦੀ ਹੈ। ਜੋਤ ਜਗਾਉਂਦੀ ਹੈ ਤੇ ਅੱਖਾਂ ਬੰਦ ਕਰਕੇ ਭਜਨ ਗਾਉਣ ਲੱਗਦੀ ਹੈ।

ਇਕ ਦਿਨ ਭਜਨ ਗਾਉਂਦੀ-ਗਾਉਂਦੀ ਦੇ ਉਹਦੀ ਵੱਖੀ ਵਿਚ ਇੰਨੀ ਜ਼ੋਰ ਦੀ ਦਰਦ ਦੀ ਚੀਸ ਉੱਠੀ ਕੇ ਉਹਦੀ ਚੀਕ ਨਿਕਲ ਗਈ। ਚੀਕ ਇੰਨੀ ਉੱਚੀ ਸੀ ਕਿ ਉਹਦੇ ਨਾਲ ਵਾਲੇ ਕਮਰੇ ਵਿਚ ਘੂਕ ਸੁੱਤੀ ਉਹਦੀ ਤਿੰਨ ਸਾਲ ਦੀ ਪੋਤੀ ਨੇ ਵੀ ਪਹਿਲਾਂ ਚੀਕ ਮਾਰੀ ਤੇ ਫਿਰ ਉੱਚੀ-ਉੱਚੀ ਰੋਣ ਲੱਗੀ। ਨੂੰਹ ਨੇ ਆ ਕੇ ਜਦ ਉਹਨੂੰ ਦੇਖਿਆ ਤਾਂ ਉਹਨੇ ਆਪਣੇ ਘਰਵਾਲੇ ਨੂੰ ਜਗਾਇਆ। ਉੱਚੀ-ਉੱਚੀ ਆਵਾਜ਼ਾਂ ਸੁਣ ਕੇ ਉਸਦਾ ਛੋਟਾ ਮੁੰਡਾ ਵੀ ਮਾਂ ਦੇ ਕਮਰੇ ਵਿਚ ਆ ਗਿਆ। ਜਦ ਉਹਨਾਂ ਦੋਹਾਂ ਨੇ ਮਾਂ ਨੂੰ ਦਰਦ ਨਾਲ

ਤੜਫਦੀ ਦੇਖਿਆ ਤਾਂ ਜਲਦੀ ਤੋਂ ਜਲਦੀ ਉਹਨੂੰ ਡਾਕਟਰ ਦੇ ਲਿਜਾਇਆ ਗਿਆ।

"ਮੈਨੂੰ ਤਾਂ ਪੱਥਰੀ ਦਾ ਦਰਦ ਲੱਗਦਾ ਆ।" ਡਾਕਟਰ ਨੇ ਦਰਦ ਦਾ ਟੀਕਾ ਲਗਾਉਣ ਤੋਂ ਬਾਅਦ ਕਿਹਾ।

ਉਹਨੇ ਇਕ ਪਰਚੀ 'ਤੇ ਕੁਝ ਲਿਖਿਆ ਤੇ ਪਰਚੀ ਛੋਟੇ ਮੁੰਡੇ ਨੂੰ ਫੜਾ ਦਿੱਤੀ ਤੇ ਵੱਡੇ ਨੂੰ ਸਾਰੀ ਗੱਲ ਸਮਝਾ ਦਿੱਤੀ। ਅਗਲੇ ਦਿਨ ਖਾਲੀ ਪੇਟ ਉਹ ਸਕੈਨਿੰਗ ਕਰਾਉਣ ਗਏ। ਜਦ ਸਕੈਨਿੰਗ ਦੀ ਰਿਪੋਰਟ ਆਈ ਤਾਂ ਉਹਦੇ ਸੱਜੇ ਗੁਰਦੇ ਵਿਚ 18 ਐਮ.ਐਮ ਦੀ ਪੱਥਰੀ ਨਿਕਲੀ।

"ਜਿੰਨੀ ਜਲਦੀ ਹੋ ਸਕੇ, ਓਪਰੇਸ਼ਨ ਕਰਾ ਲੋ। ਪੱਥਰੀ ਵੱਡੀ ਆ।" ਸਕੈਨਿੰਗ ਕਰਨ ਵਾਲੇ ਡਾਕਟਰ ਨੇ ਕਿਹਾ।

ਪਹਿਲਾ ਉਹਦੇ ਮੁੰਡਿਆਂ ਨੇ ਸੋਚਿਆ ਕਿ ਗਰਮੀਆਂ ਵਿਚ ਕਰਵਾ ਦਿਆਂਗੇ। ਅਕਤੂਬਰ ਅੱਧਾ ਬੀਤ ਚੱਲਿਆ ਸੀ। ਪਰ ਜਦੋਂ ਇਕ ਵਾਰ ਫੇਰ ਉਹਦੇ ਪਹਿਲਾਂ ਵਾਂਗ ਹੀ ਦਰਦ ਉੱਠਿਆ ਤਾਂ ਦੋਵੇਂ ਮੁੰਡੇ ਡਰ ਗਏ। ਉਹਦੇ ਮੁੰਡਿਆਂ ਨੇ ਜਿੰਨੀ ਜਲਦੀ ਹੋ ਸਕੇ, ਓਪਰੇਸ਼ਨ ਕਰਾ ਦੇਣ ਦਾ ਮਨ ਬਣਾ ਲਿਆ। ਓਪਰੇਸ਼ਨ ਠੀਕ-ਠਾਕ ਹੋ ਗਿਆ।

"ਇਹਨਾਂ ਨੂੰ 'ਚਿਕਨ ਸੂਪ' ਪਿਲਾਓ। ਜਲਦੀ ਆਰਾਮ ਆਵੇਗਾ।" ਡਿਸਚਾਰਜ ਵਾਲੇ ਦਿਨ ਡਾਕਟਰ ਨੇ ਹਦਾਇਤ ਕੀਤੀ। ਗੱਲ ਦੋਹਾਂ ਮੁੰਡਿਆਂ ਨੇ ਪੱਲੇ ਬੰਨ੍ਹ ਲਈ।

ਨਵੰਬਰ ਅੱਧਾ ਬੀਤ ਗਿਆ ਸੀ। ਠੰਢ ਵੱਧ ਗਈ ਸੀ। ਧੁੰਦਾਂ ਪੈਣੀਆਂ ਸ਼ੁਰੂ ਹੋ ਗਈਆਂ ਸਨ। ਉਹ ਵੀ ਹੁਣ ਤੁਰਨ-ਫਿਰਨ ਜੋਗੀ ਹੋ ਗਈ ਸੀ। ਹੁਣ ਦਿਨਾਂ ਦੇ ਪਰਹੇਜ਼ ਨਾਲ ਘਰ ਵਿਚ 'ਚਿਕਨ ਸੂਪ' ਆਉਣ ਲੱਗਾ। ਕਦੀ ਵੱਡਾ ਮੁੰਡਾ ਲੈ ਆਂਦਾ ਤੇ ਕਦੀ ਛੋਟਾ। 'ਚਿਕਨ ਸੂਪ' ਉਹਨੂੰ ਬੜਾ ਸੁਆਦ ਲੱਗਦਾ। ਜਦ ਕਦੀ ਉਹਦਾ ਕੋਈ ਵੀ ਮੁੰਡਾ ਸੂਰਜ ਛਿਪਣ ਤੋਂ ਬਾਅਦ ਵੀ ਘਰੇ ਹੀ ਹੁੰਦਾ ਤਾਂ "ਅੱਜ ਲਿਆਣਾ ਨਈਂ" ਆਖ ਉਹਨੂੰ ਪੁੱਛਣ ਲੱਗਦੀ। ਉਹ ਦੋਵੇਂ ਮੁਸਕਰਾ ਛੱਡਦੇ। ਦਿਨ ਬੀਤਦੇ ਗਏ।

ਰੋਜ਼ ਵਾਂਗ ਉਸ ਦਿਨ ਵੀ ਉਹ ਉੱਠੀ। ਉਸ ਨੇ ਆਪਣੇ ਕਰਨ ਵਾਲੇ ਕੰਮ ਨਬੇੜੇ ਤੇ ਮੰਜੇ 'ਤੇ ਲੰਮੀ ਪੈ ਗਈ। ਚਾਹ ਪੀਤੀ। ਰੋਟੀ ਖਾਧੀ। ਦੋਵੇਂ ਮੁੰਡੇ ਕੰਮਾਂ-ਕਾਰਾਂ 'ਤੇ ਚਲੇ ਗਏ। "ਵੇ ਲੜੋ ਨਾ ਵੇ!", "ਸੜਕ 'ਤੇ ਨਾ ਖੇਡਣ ਜਾਇਓ।", "ਟੀ.ਵੀ. ਨੂੰ ਨਾ ਛੇੜੋ ਵੇ !", "ਪਾਣੀ 'ਚ ਹੱਥ ਨਾ ਗਿੱਲੇ ਕਰੋ।", "ਬਹਿ ਕੇ ਖਾਵੋ।", "ਸ਼ਰਾਰਤਾਂ ਨਾ ਕਰੋ।", "ਘੜੀ ਪਲ ਸੌਣ ਵੀ ਦਿਆਂ ਕਰੋ।", "ਖ਼ੁਦ ਵੀ 'ਰਾਮ ਕਰ ਲਿਆ ਕਰੋ।", "ਇਹਨਾਂ ਨਿਆਣਿਆਂ ਨੇ ਤਾਂ ਮੇਰਾ ਲਹੂ ਪੀ ਛੱਡਿਆ।" ਪਿੱਛੋਂ ਉਹਦਾ ਸਾਰਾ ਦਿਨ ਨਿਆਣਿਆਂ ਪਿੱਛੇ ਤੋਏ ਤੋਏ ਕਰਦਿਆਂ ਬੀਤ ਜਾਂਦਾ। ਜਦ ਉਹਦੀਆਂ ਇਹੋ ਜਿਹੀਆਂ ਟੋਕਾਂ ਸੁਣ ਕੇ ਕੋਈ ਨੂੰਹ ਨਿਆਣਿਆਂ ਦੇ ਇਕ ਥੱਪੜ ਮਾਰ ਦਿੰਦੀ ਤਾਂ "ਕਿਉਂ ਮਾਰਿਆ", "ਤੈਨੂੰ ਕੀ ਕਹਿੰਦੇ ਸੀ", "ਨਿਆਣੇ ਤਾਂ ਸ਼ਰਾਰਤਾਂ ਕਰਦੇ ਈ ਹੁੰਦੇ ਆ" ਕਹਿ ਕੇ ਨੂੰਹਾਂ ਨਾਲ ਬਹਿਸਣ ਲੱਗਦੀ। ਇੰਝ ਦਿਨ ਕਦੋਂ ਬੀਤ ਜਾਂਦਾ ਪਤਾ ਈ ਨਾ ਚੱਲਦਾ।

ਸ਼ਾਮ ਨੂੰ ਉਹਦਾ ਛੋਟਾ ਮੁੰਡਾ ਪਹਿਲਾ ਕੰਮ ਤੋਂ ਵਾਪਸ ਆ ਗਿਆ। ਉਹ ਉਹਦੇ ਹੱਥਾਂ ਵੱਲ ਵੇਖਣ ਲੱਗੀ। ਆਪਣੀ ਮਾਂ ਨੂੰ ਇਵੇਂ ਦੇਖਦਿਆਂ ਉਹ ਮੁਸਕਰਾਉਣ ਲੱਗਾ। ਆਪਣੇ ਮੁੰਡੇ ਨੂੰ ਮੁਸਕਰਾਉਂਦਾ ਦੇਖ ਉਹ ਵੀ ਮੁਸਕਰਾ ਪਈ। ਉਹ ਰਸੋਈ ਵਿਚ ਗਿਆ। 'ਚਿਕਨ ਸੂਪ' ਗਲਾਸ ਵਿਚ ਪਾਇਆ ਤੇ ਆਪਣੀ ਮਾਂ ਦੇ ਕਮਰੇ ਵਿਚ ਆ ਗਿਆ। ਕਮਰੇ ਵਿਚ ਬਲਬ ਜਗ ਰਿਹਾ ਸੀ। ਉਹਨੇ 'ਚਿਕਨ ਸੂਪ' ਨਾਲ ਭਰਿਆ ਗਿਲਾਸ ਆਪਣੀ ਮਾਂ ਨੂੰ ਫੜਾਇਆ। ਉਹ ਫਟਾਫਟ ਚਮਚੇ ਨਾਲ ਚਿਕਨ ਸੂਪ ਵਿਚੋਂ ਪੀਸ-ਪੀਸ ਚੁੱਕ ਕੇ ਖਾਣਾ ਸ਼ੁਰੂ ਕਰਨ ਲੱਗੀ। ਅਜੇ ਉਹਨੇ ਪਹਿਲਾ ਚਮਚਾ ਹੀ ਮੂੰਹ ਵਿਚ ਪਾਇਆ ਸੀ ਕਿ ਲਾਈਟ ਚਲੀ ਗਈ। ਕਮਰੇ ਵਿਚ ਹਨ੍ਹੇਰਾ ਹੋ ਗਿਆ। ਉਹਦੇ ਮੁੰਡੇ ਨੇ ਆਪਣੀ ਘਰਵਾਲੀ ਨੂੰ ਮੋਮਬੱਤੀ ਲਿਆਉਣ ਲਈ

ਕਿਹਾ। ਡੱਬੀ ਭਾਲਦਿਆਂ ਜਿਉਂ ਹੀ ਉਹਦੇ ਮੁੰਡੇ ਨੇ ਮੰਦਰ ਵੱਲ ਦੇਖਿਆ, ਸਵੇਰ ਦੀ ਜਗ ਰਹੀ ਜੋਤ ਆਪਣੇ ਅੰਤਮ ਚਰਨ 'ਤੇ ਪਹੁੰਚ ਚੁੱਕੀ ਸੀ। ਉਹਦੀ ਲਾਟ ਜੋਤ ਦੇ ਅੰਦਰ ਹੀ ਮੱਧਮ ਜਿਹੀ ਜਗ ਰਹੀ ਸੀ। ਉਹਦੇ ਮੁੰਡੇ ਨੂੰ ਇਕਦਮ ਝਟਕਾ ਲੱਗਾ।

"ਅੰਮੀ, ਅੱਜ ਤਾਂ ਮੰਗਲਵਾਰ ਸੀ।" ਉਹਦੇ ਮੁੰਡੇ ਨੇ ਮੰਦਰ ਮੂਹਰੇ ਬੈਠਦਿਆਂ ਹੀ ਕਿਹਾ।

ਉਹ ਹਨ੍ਹੇਰੇ ਵਿਚ ਵੀ ਚਮਚੇ ਨਾਲ 'ਚਿਕਨ ਸੂਪ' ਪੀਣ ਵਿਚ ਰੁੱਝੀ ਹੋਈ ਸੀ। ਪੁੱਤ ਦੀ ਗੱਲ ਸੁਣ ਕੇ ਉਹਦੇ ਹੱਥ ਇਕਦਮ ਰੁੱਕ ਗਏ। ਉਹ ਸੋਚੀਂ ਪੈ ਗਈ। ਉਹ ਵੀ ਮੰਦਰ ਵੱਲ ਦੇਖਣ ਲੱਗੀ। ਮੰਜੇ 'ਤੇ ਬੈਠੀ ਨੂੰ ਹੀ ਉਹਨੂੰ ਘਮੇਟਣੀ ਜਿਹੀ ਆਈ। ਉਹਦੇ ਦਿਲ ਦੀ ਧੜਕਣ ਵੱਧ ਗਈ। ਹਨ੍ਹੇਰੇ ਵਿਚ ਵੀ ਉਹਦੇ ਕੰਬਦੇ ਹੱਥ ਉਹਦੇ ਮੁੰਡੇ ਨੂੰ ਸਾਫ਼ ਦਿਸ ਰਹੇ ਸਨ। ਉਹਦੇ ਮੱਥੇ 'ਤੇ ਤਰੇਲੀਆਂ ਆ ਗਈਆਂ। ਉਹ ਵੀ ਮੰਦਰ ਵੱਲ ਦੇਖਣ ਲੱਗੀ। ਇਕ ਵਾਰ ਤਾਂ ਹੋ ਗਏ ਬਹੁਤ ਵੱਡੇ 'ਪਾਪ' ਦਾ ਅਹਿਸਾਸ ਉਹਦੀ ਅੰਤਰ-ਆਤਮਾ ਨੂੰ ਝੰਜੋੜ ਗਿਆ। ਅਜੇ ਉਹ ਇਸ ਅਹਿਸਾਸ 'ਚ ਘਿਰ ਹੀ ਰਹੀ ਸੀ ਕਿ ਪਲਾਂ-ਛਿਣਾਂ ਵਿਚ ਹੀ ਉਹਦੀਆਂ ਅੱਖਾਂ ਅੱਗੇ 'ਚੌਂਕੀ', 'ਚਿਰਾਗ਼' ਤੇ 'ਚਰਚ' ਘੁੰਮਣ ਲੱਗੇ। ਉਹ ਡੂੰਘੀਆਂ ਸੋਚਾਂ ਵਿਚ ਗੁਆਚ ਗਈ।

"ਕੀ ਹੋਇਆ ?","ਕੀ ਹੋਇਆ ?" ਕਹਿੰਦੀਆਂ ਦੋਵੇਂ ਨੂੰਹਾਂ ਵੀ ਉਹਦੇ ਕਮਰੇ ਵਿਚ ਆਣ ਖਲੋਈਆਂ। ਉਹਦਾ ਮੁੰਡਾ ਤੇ ਦੋਵੇਂ ਨੂੰਹਾਂ ਉਹਦੇ ਵੱਲ ਦੇਖਣ ਲੱਗੇ। ਚਮਚ ਅਜੇ ਵੀ ਗਲਾਸ 'ਚੋਂ ਬਾਹਰ ਤੇ ਉਹਦੇ ਬੁੱਲ੍ਹਾਂ ਕੋਲ ਰੁਕਿਆ ਪਿਆ ਸੀ। 'ਪਾਪ','ਚੌਂਕੀ', 'ਚਿਰਾਗ਼' ਤੇ 'ਚਰਚ' ਨੇ ਉਹਨੂੰ ਜਿਵੇਂ ਘੇਰਾ ਪਾਇਆ ਹੋਇਆ ਸੀ। ਉਹ ਕਿਸੇ ਬੁੱਤ ਵਾਂਗ ਚੁੱਪ-ਚਾਪ ਬੈਠੀ ਸੀ।


"ਅੱਜ ਤਾਂ ਮੰਗਲਵਾਰ ਸੀ, ਅੰਮੀ।" ਉਹਦੇ ਮੁੰਡੇ ਨੇ ਇਕ ਵਾਰ ਫੇਰ ਕਿਹਾ। ਪਰ ਉਹਨੂੰ ਜਿਵੇਂ ਸੁਣਾਈ ਹੀ ਨਾ ਦਿੱਤਾ।

"ਅੰਮੀ !...ਅੰਮੀ !...ਅੰਮੀ !" ਉਹਦੇ ਮੁੰਡੇ ਨੇ ਉੱਚੀ ਆਵਾਜ਼ ਵਿਚ ਇਕ ਵਾਰ ਫੇਰ ਕਿਹਾ। ਉਹ ਤ੍ਰਬਕੀ। ਉਹਨੇ ਮੰਦਰ ਵੱਲ ਇਕ ਵਾਰ ਫੇਰ ਦੇਖਿਆ। ਉਹਨੂੰ ਮੰਦਰ ਵਾਲੀ ਜਗ੍ਹਾ ਦੀ ਥਾਂ ਵੀ 'ਚੌਂਕੀ', 'ਚਿਰਾਗ਼' ਤੇ 'ਚਰਚ' ਨਜ਼ਰ ਆਉਣ ਲੱਗੇ। ਉਹਦੇ ਮੱਥੇ 'ਤੇ ਪਈਆਂ ਤਰੇਲੀਆਂ ਵੀ ਸੁੱਕ ਗਈਆਂ। ਫੇਰ ਇਕਦਮ ਉਹ ਸ਼ਾਂਤ ਹੋ ਗਈ। ਉਹਨੇ ਅੱਖਾਂ ਝਪਕੀਆਂ ਤੇ ਬੋਲੀ,

"ਚਲ ਹਊ, ਮਾਤਾ ਨੂੰ ਵੀ ਪਤਾ ਈ ਆ ਕਿ ਜੇ ਮੈਂ ਜੀਂਦੀ ਰਹੂਗੀ ਤਾਂ ਈ ਉਹਦੀ ਜੋਤ ਲਾਊਂਗੀ। ਜੇ ਮੈਂ ਈ ਨਾ ਰਹੀ ਤਾਂ ਉਹਦੀ ਜੋਤ ਕੌਣ ਲਾਊ?"

ਇੰਨਾ ਆਖ ਉਹਨੇ ਗਲਾਸ ਵਿਚ ਬਚਿਆ 'ਚਿਕਨ ਸੂਪ' ਗਟਾਗਟ ਲੰਘਾ ਲਿਆ। ਗਲਾਸ ਦੇ ਖਾਲੀ ਹੁੰਦਿਆਂ ਹੀ ਬਲਬ ਇਕਦਮ ਜਗ ਪਿਆ। ਲਾਈਟ ਆ ਗਈ ਸੀ। (**ਸੰਪਰਕ 94636-13986**)


**ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ ਵੱਲੋਂ ਰੀਵਿਊ ਲਈ ਭੇਜੀਆਂ ਪੁਸਤਕਾਂ**




ਸ਼ਬਦ ਚਿੱਤਰ

# ਮੇਰੇ ਉਸਤਾਦ ਪੰਡਿਤ ਵਿਸ਼ਨੂੰ ਕਾਲੀਆ



## ਬਲਵਿੰਦਰ ਬਾਲਮ



ਮੇਰੇ ਸਾਹਿਤਕ ਉਸਤਾਦ ਸਨ ਪੰਡਿਤ ਵਿਸ਼ਨੂੰ ਕਾਲੀਆ ਜੀ। ਪਤਲਾ-ਦੁਬਲਾ ਲੰਬੇ ਕਦ-ਕਾਠ ਦਾ ਸ਼ਰੀਰ। ਗੋਰਾ ਰੰਗ। ਬਿੱਲੀਆਂ ਅੱਖਾਂ। ਤੀਰ-ਕਮਾਨੀ ਭਵਾਂ। ਫੁਰਤੀਲੀ ਚਾਲ । ਚੁਸਤ ਬੋਲਚਾਲ। ਹਿੰਦੀ, ਪੰਜਾਬੀ, ਉਰਦੂ, ਫਾਰਸੀ ਤੇ ਅੰਗਰੇਜ਼ੀ ਦੇ ਵਿਦਵਾਨ ਸਾਹਿਤਕਾਰ। ਉਰਦੂ, ਹਿੰਦੀ, ਪੰਜਾਬੀ ਦੇ ਨਾਮਵਰ ਸ਼ਾਇਰ ।

ਅਮੂਮਨ ਕੁੜਤੇ-ਪਜਾਮੇ ਦੇ ਨਾਲ ਕਸ਼ਮੀਰੀ ਟੋਪੀ ਪਹਿਨਦੇ ਤੇ ਵਿਸ਼ੇਸ਼ ਸਮਾਗਮਾਂ ਵਿਚ ਚੂੜੀਦਾਰ ਪਜਾਮਾਂ, ਕੁੜਤਾ, ਉਪਰੋਂ ਦੀ ਜਚਵੀਂ ਅਚਕਨ, ਜਿਸਦੇ ਅੰਦਰ-ਬਾਹਰ ਜੇਬਾਂ ਹੁੰਦੀਆਂ। ਸਿਰ ਉਪਰ ਸਫੇਦ ਮਾਇਆਦਾਰ ਤੁਰਲੇ ਵਾਲੀ ਪਗੜੀ। ਸਿਰ ਦੇ ਵਿਚਕਾਰ ਕੁੱਲਾ ਰੱਖ ਕੇ ਪਗੜੀ ਬੰਨਦੇ। ਪਗੜੀ ਦੇ ਉਪਰ ਲਿਫ਼ਾਫ਼ੇਦਾਰ ਤੁਰਲਾ ਅਤੇ ਪਗੜੀ ਦੇ ਪਿਛਲੇ ਪਾਸੇ ਲੰਬਾ 'ਲੜ' ਛੱਡਦੇ ਸੀ। ਪੈਰਾਂ ਵਿਚ ਕਾਲੇ ਰੰਗ ਦਾ ਜਲਸਾ (ਪੰਜਾਬੀ ਜੁੱਤੀ) ਪਹਿਣਦ। ਇਕ ਰੋਅਬਦਾਰ ਸ਼ਖ਼ਸੀਅਤ ਦੇ ਮਾਲਿਕ। ਹਲੀਮੀ ਤੇ ਕੁਤੱਤਣ ਦਾ ਸੁਮੇਲ। ਜਦੋਂ ਮੈਂ ਉਨ੍ਹਾਂ ਨੂੰ ਆਪਣਾ ਉਸਤਾਦ ਧਾਰਿਆ ਤਾਂ ਉਨ੍ਹਾਂ ਨੇ ਆਪਣੇ ਘਰ ਵਿਚ ਇਕ ਛੋਟੀ ਜਿਹੀ ਸਾਹਿਤਕ ਮਿਲਣੀ ਬੁਲਾਈ, ਜਿਸ ਵਿਚ ਸ਼ਹਿਰ ਦੇ ਨਾਮਵਰ ਸ਼ਾਇਰ ਬੁਲਾਏ। ਉਸ ਸਮੇਂ ਮੈਂ ਉਸਤਾਦ ਜੀ ਨੂੰ ਇਕ ਪਗੜੀ, ਗੁੜ ਦੀ ਪੇਸੀ ਅਤੇ ਇਕ ਰੁਪਿਆ ਨਤਮਸਤਕ ਹੋ ਕੇ ਭੇਟ ਕੀਤਾ।

ਮੈਨੂੰ ਗ਼ਜ਼ਲ ਦੀ ਬੁਨਿਆਦੀ ਤਕਨੀਕ, ਬਹਿਰ, ਵਜ਼ਨ, ਪ੍ਰਤੀਕ-ਬਿੰਬ ਆਦਿ ਦੀ ਕੋਈ ਜਾਣਕਾਰੀ ਨਹੀਂ ਸੀ। ਵੈਸੇ ਮੈਂ ਉਸਤਾਦ ਜੀ ਦਾ ਨਾਂਅ ਅਖ਼ਬਾਰਾਂ ਵਿਚ ਪੜ੍ਹਦਾ ਹੁੰਦਾ ਸੀ।

ਇਕ ਦਿਨ ਮੈਂ ਉਸਤਾਦ ਜੀ ਦੇ ਘਰ ਚਲਾ ਗਿਆ। ਸਾਡੇ ਘਰ ਤੋਂ ਉਨ੍ਹਾਂ ਦੇ ਘਰ ਦਾ ਫਾਸਲਾ ਲਗਭਗ 5 ਕੁ ਮਿੰਟ ਦਾ ਹੋਵੇਗਾ। ਸਿਰਫ ਇਕ ਸੜਕ ਪਾਰ ਕਰਕੇ ਦੂਸਰੀ ਗਲੀ ਵਿਚ ਉਨ੍ਹਾਂ ਦਾ ਘਰ ਸੀ। ਉਨ੍ਹਾਂ ਦਾ ਸਾਧਾਰਣ ਘਰ ਸੀ। ਪਰ ਇੰਨਾ ਜ਼ਿਆਦਾ ਸਾਫ਼-ਸੁਥਰਾ ਕਿ ਸਫ਼ਾਈ ਵਜੋਂ ਇਕ ਮੰਦਿਰ ਦੀ ਤਰ੍ਹਾਂ ਪ੍ਰਤੀਤ ਹੁੰਦਾ, ਜਿਵੇਂ ਕੋਈ ਪ੍ਰਾਚੀਨ ਮੰਦਿਰ ਹੋਵ।

ਉਨ੍ਹਾਂ ਦਾ ਘਰ ਗਲੀ ਦੇ ਖੱਬੇ ਪਾਸੇ ਸੀ। ਘਰ ਦੇ ਬਾਹਰ ਦੇ ਪਲੜਿਆਂ ਵਾਲੇ ਦਰਵਾਜ਼ੇ ਦੇ ਸੱਜੇ-ਖੱਬੇ ਛੋਟੇ-ਛੋਟੇ ਦੋ ਕਮਰੇ। ਵਿਚਕਾਰ ਗਲੀਨੁਮਾ ਰਸਤਾ ਦੇ ਅੱਗੇ ਛੋਟਾ ਜਿਹਾ ਵਿਹੜਾ। ਵਿਹੜੇ ਦੇ ਨਾਲ ਪਿੱਛੇ ਦੋ ਕਮਰੇ । ਵਿਹੜੇ ਦੇ ਸੱਜੇ ਪਾਸੇ ਛੋਟੀ ਜਿਹੀ ਰਸੋਈ। ਰਸੋਈ ਦੇ ਨਾਲ ਨਲਕਾ ਤੇ ਨਾਲ ਗੁਸਲਖਾਨਾ। ਖੱਬੇ ਪਾਸੇ ਛੋਟਾ ਜਿਹਾ ਸਟੋਰ। ਬਸ ਏਨਾ ਕੁ ਘਰ ਸੀ ਉਸਤਾਦ ਜੀ ਦਾ। ਛੱਤਾਂ ਛਤੀਰੀਆਂ ਤੇ ਬਾਲਿਆਂ। ਦੀਆਂ। ਕੁਲ ਮਿਲਾ ਕੇ ਛੋਟੇ ਜਿਹੇ ਚਾਰ ਕੁ ਮਰਲਿਆਂ ਦਾ ਘਰ। ਵਿਹੜੇ ਵਿਚ ਲੱਕੜ ਦਾ ਸਾਧਾਰਣ

ਤਖ਼ਤਪੋਸ਼, ਜਿਸ ਉਪਰ ਇਕ ਸਾਫ਼-ਸੁਥਰੀ ਦਰੀ (ਚਟਾਈ) ਵਿਛੀ ਹੋਈ ਹੁੰਦੀ ਸੀ। ਤਖਤਪੋਸ਼ ਦੇ ਵਿਚਕਾਰ ਸੈਂਚੀ ਉਪਰ ਗੀਤਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਸ਼ਲੋਕਾਂ ਦੀ ਪੋਥੀ ਦਾ ਪ੍ਰਕਾਸ਼ ਮੌਕੇ-ਮੌਕੇ ਮੁਤਾਬਿਕ ਹੁੰਦਾ ਰਹਿੰਦਾ। ਇਹ ਧਾਰਮਿਕ ਪਵਿੱਤਰ ਕਾਰਜ ਉਨ੍ਹਾਂ ਦੀ ਪਤਨੀ ਵਲੋਂ ਹੁੰਦਾ ਸੀ ।

ਉਸਤਾਦ ਜੀ ਦੀ ਪਤਨੀ ਧਾਰਮਿਕ ਖਿਆਲਾਂ ਦੀ ਅਤੇ ਸ਼ਹਿਰ ਦੇ ਸਭ ਤੋਂ ਅਮੀਰ ਮਹੰਤਾਂ ਦੀ ਧੀ ਸੀ । ਉਨ੍ਹਾਂ ਦੀ ਸਫੇਦ ਸਾੜ੍ਹੀ, ਦੁੱਧ ਚਿੱਟੇ ਵਾਲ । ਗੋਰਾ ਚਿੱਟਾ ਰੰਗ । ਦਰਮਿਆਨਾਂ ਕੱਦ । ਹਸੂੰ-ਹਸੂੰ ਕਰਦਾ ਚਿਹਰਾ । ਹਲੀਮੀ ਅਤੇ ਖ਼ੁਸ਼ਬੂਦਾਰ ਸ਼ਬਦਾਂ ਦਾ ਉਚਾਰਣ । ਸਾਰੇ ਮੁਹੱਲੇ ਵਾਲੇ ਉਨ੍ਹਾਂ ਦਾ ਦਿਲੋਂ ਆਦਰ-ਸਤਿਕਾਰ ਕਰਦੇ । ਸਭ ਧਰਮਾਂ ਬਾਰੇ ਉਨ੍ਹਾਂ ਨੂੰ ਗਿਆਨ ਸੀ । ਖ਼ਾਸ ਕਰਕੇ ਹਿੰਦੂ ਅਤੇ ਸਿੱਖ ਧਰਮ ਦੇ ਕਿਸੇ ਵੀ ਵਿਸ਼ੇ ਉਪਰ ਉਹ ਲਗਾਤਾਰ ਬੋਲ ਸਕਦੇ ਸੀ । ਗੁਰੂਆਂ, ਰਿਸ਼ੀਆਂ-ਮੁਨੀਆਂ ਦੀਆਂ ਉਨ੍ਹਾਂ ਨੂੰ ਕਈ ਕਥਾਵਾਂ, ਸਲੋਕ, ਕਵਿਤਾਵਾਂ, ਦੰਦ-ਕਥਾਵਾਂ, ਜ਼ੁਬਾਨੀ ਯਾਦ ਸਨ ।

ਉਸਤਾਦ ਜੀ ਪੰਜਾਬੀ, ਹਿੰਦੀ ਅਤੇ ਉਰਦੂ ਸਾਹਿਤ ਦੇ ਲਗਭਗ ਹਰ ਇਕ ਵਿਸ਼ੇ ਉਪਰ ਲਿਖਣ ਵਿਚ ਮੁਹਾਰਤ ਰਖਦੇ ਸੀ । ਉਨ੍ਹਾਂ ਤਿੰਨਾਂ ਭਾਸ਼ਾਵਾਂ ਵਿਚ ਪਦ ਤੇ ਗਦ ਦੀਆਂ ਕਈ ਪੁਸਤਕਾਂ ਲਿਖੀਆਂ। ਉਸਤਾਦ ਜੀ ਰਾਜ ਪੱਧਰ 'ਤੇ ਭਾਸ਼ਾ ਵਿਭਾਗ ਤੋਂ ਸਾਹਿਤਕ ਪੈਨਸ਼ਨ ਵੀ ਲੈਂਦੇ ਸਨ ।

ਮੈਂ ਉਨ੍ਹਾਂ ਕੋਲੋਂ ਲਗਭਗ ਛੇ ਸਾਲ ਦੇ ਕਰੀਬ ਸਾਹਿਤਕ ਸਲਾਹ-ਮਸ਼ਵਰਾ ਲਿਆ । ਸਾਹਿਤ ਦੀਆਂ ਬਾਰੀਕੀਆਂ ਬਾਰੇ ਗਿਆਨ ਲਿਆ । ਉਨ੍ਹਾਂ ਤੋਂ ਮੈਂ ਨਿੱਜੀ ਤੇ ਬਾਹਰੀ ਜ਼ਿੰਦਗੀ ਬਾਰੇ ਬਹੁਤ ਕੁਝ ਸਿੱਖਿਆ। ਉਨ੍ਹਾਂ ਤੋਂ ਇਕ ਪਿਤਾ ਦਾ ਅਤੇ ਇਕ ਸੱਚੇ ਦੋਸਤ ਵਰਗਾ ਪਿਆਰ ਹਾਸਿਲ ਕੀਤਾ ।

ਉਹ ਹਲੀਮੀ ਵਿਚ ਰਹਿਣ ਵਾਲੇ ਇਕ ਗੁੱਸੇ ਭਰੇ ਮਿਜਾਜ਼ ਦੇ ਵਿਅਕਤੀ ਸਨ । ਸਦਾ ਸੱਚ ਵਿਚ ਹਲੀਮੀ ਅਤੇ ਜੇ ਕੋਈ ਝੂਠ ਬੋਲੇ ਤਾਂ ਗੁੱਸੇ ਵਿਚ ਆ ਜਾਂਦੇ ਸੀ । ਨਸ਼ਿਆਂ ਦੇ ਬਹੁਤ ਖ਼ਿਲਾਫ਼ ਸਨ । ਮੁਕੰਮਲ ਸ਼ਾਕਾਹਾਰੀ ਸਨ । ਮੈਂ ਉਨ੍ਹਾਂ ਤੋਂ ਇਕ ਚੰਗੇ ਇਨਸਾਨ ਵਾਲੇ ਬਹੁਤ ਸਾਰੇ ਗੁਣ ਹਾਸਿਲ ਕੀਤੇ । ਉਹ ਆਪਣੀ ਈਮਾਨਦਾਰੀ, ਅਨੁਸ਼ਾਸਨ, ਸੱਚੇ ਦੇਸ਼ ਭਗਤ ਵਾਲੀਆਂ ਅਨੇਕਾਂ ਹੀ ਹੱਡ ਬੀਤੀਆਂ ਸੱਚੀਆਂ ਕਹਾਣੀਆਂ ਸੁਣਾਂਦੇ। ਉਸਤਾਦ ਜੀ ਅੜੀਅਲ ਤੇ ਕੱਬੇ ਸੁਭਾਅ ਦੇ ਵਿਅਕਤੀ ਸਨ ਪਰ ਦਿਲ ਦੇ ਕੋਰੇ ਰੂਹ ਦੇ ਸੱਚੇ ਸੀ।

ਉਨ੍ਹਾਂ ਦੇ ਬਹੁਤ ਸਾਰੇ ਸ਼ਗਿਰਦ ਅੱਧ ਵਿਚਾਲੇ ਇਸ ਕਰਕੇ ਦੌੜ ਗਏ ਕਿ ਉਹ ਮੂੰਹ ਫੱਟ ਅਤੇ ਅਜ਼ਮਾਇਸ਼ ਕਰਨ ਵਾਲੇ ਵਿਅਕਤੀ ਸਨ । ਬੰਦੇ ਦੀ ਪਰਖ ਦੂਰ ਤੱਕ ਕਰਦੇ ਸਨ, ਫਿਰ ਉਸਨੂੰ ਸ਼ਗਿਰਦ ਬਣਾਉਂਦੇ ਸਨ। ਕੀ ਉਸ ਵਿਚ ਕਵਿਤਾ ਦਾ, ਸਾਹਿਤ ਦਾ ਸੇਕ ਹੈ ਤਾਂ ਹੀ ਉਸ ਨੂੰ ਸ਼ਗਿਰਦ ਬਣਾਉਂਦੇ। ਮੈਂ ਅਤੇ ਇਕ ਹੋਰ ਸ਼ਗਿਰਦ ਹੀ ਉਨ੍ਹਾਂ ਦੇ ਅੰਤਿਮ ਸਮੇਂ ਤੱਕ ਨਾਲ ਰਹੇ । ਬਾਕੀ ਸਭ ਉਨ੍ਹਾਂ ਦੇ ਕੌੜੇ, ਸੱਚੇ ਸੁਭਾਅ ਤੋਂ ਪਰੇਸ਼ਾਨ ਹੋ ਕੇ ਦੌੜ ਗਏ । ਸੱਚੇ ਤੇ ਈਮਾਨਦਾਰ ਬੰਦੇ ਨਾਲ ਉਨ੍ਹਾਂ ਦੀ ਬਹੁਤ ਬਣਦੀ ਸੀ । ਉਨ੍ਹਾਂ ਬੰਦਿਆਂ ਉਪਰ ਉਹ ਜਾਨ ਨੌਛਾਵਰ ਕਰ ਦਿੰਦੇ ਸੀ ।

ਸੀ. ਆਈ. ਡੀ. ਮਹਿਕਮੇ ਦੀ ਨੌਕਰੀ ਦੇ ਦੌਰਾਨ ਉਹ ਈਮਾਨਦਾਰੀ ਕਰਕੇ ਕਈ ਵਾਰ ਸਸਪੈਂਡ ਹੋਏ। ਉਨ੍ਹਾਂ ਮੈਨੂੰ ਦੱਸਿਆ ਕਿ ਇਕ ਵਾਰੀ ਉਹ ਇਕ ਸ਼ਹਿਰ ਦੇ ਸਿਟੀ ਪੁਲਿਸ ਇੰਚਾਰਜ ਸਨ ਤਾਂ ਇਕ ਐਸ.ਐਸ.ਪੀ. ਨੇ ਉਨ੍ਹਾਂ ਨੂੰ ਕਿਹਾ ਕਿ ਮੇਰੇ ਬੱਚਿਆਂ ਨੂੰ ਸਵੇਰੇ ਸ਼ਾਮ ਸਕੂਲ ਆਉਣ ਜਾਣ ਲਈ ਕੋਈ ਇੰਤਜ਼ਾਮ ਕਰਨ ਅਤੇ ਘਰ ਦੀਆਂ ਜ਼ਰੂਰੀ ਚੀਜ਼ਾਂ ਵੀ ਪਹੁੰਚਾਈਆਂ ਜਾਣ । ਤਦ ਉਸਤਾਦ ਜੀ ਨੇ ਉਸ ਐਸ.ਐਸ.ਪੀ. ਨੂੰ ਇੰਝ ਕਰਨ ਤੋਂ ਸਾਫ ਨਾਂਹ ਕਰ ਦਿੱਤੀ, ਜਿਸ ਦੇ ਬਦਲੇ ਉਸਤਾਦ ਜੀ ਉਪਰ ਐਸ.ਐਸ.ਪੀ. ਨੇ ਇਕ ਝੂਠਾ ਕੇਸ ਪੁਆ ਕੇ, ਕੈਦ ਵੀ ਕਰਵਾਈ ਪਰ ਕੁਝ ਸਾਲਾਂ ਬਾਅਦ ਉਹ ਬਰੀ ਹੋ ਗਏ ਪਰ ਐਸ.ਐਸ.ਪੀ. ਦੀ ਗੁਲਾਮੀ ਅੱਗੇ ਝੁਕੇ ਨਹੀਂ ।

ਉਸਤਾਦ ਜੀ ਨੇ ਦੱਸਿਆ ਕਿ ਇਕ ਵਾਰੀ ਜਦੋਂ ਉਹ ਸੀ.ਆਈ.ਡੀ. ਵਿਚ ਅਫ਼ਸਰ ਸਨ ਤਾਂ ਓਦੋਂ ਨਵਾਂ ਨਵਾਂ ਭਾਰਤ ਆਜ਼ਾਦ ਹੋਇਆ ਸੀ ਤਾਂ ਉਸ ਸਮੇਂ ਕਾਮਰੇਡ ਤੇਜਾ ਸਿੰਘ ਸੁਤੰਤਰ ਜੀ ਦਾ ਛੋਟਾ

ਭਰਾ ਮੇਦਨ ਸਿੰਘ ਮੇਦਨ ਜੋ ਇਕ ਵਧੀਆ ਸਾਹਿਤਕਾਰ, ਨਾਟਕਕਾਰ, ਅਭਿਨੈਕਾਰ, ਪੇਂਟਰ, ਡਿਫਟ ਵੁਡੱਜ, ਪਿੱਪਲ ਦੇ ਪੱਤਿਆਂ ਉਪਰ ਚਿੱਤਰਕਾਰੀ ਕਰਨ ਵਾਲਾ ਪਰਪੱਕ ਕਲਾਕਾਰ ਅਤੇ ਸਵਤੰਤਰਤਾ ਸੰਗਰਾਮੀ ਸੀ ।

ਮੇਦਨ ਸਿੰਘ ਮੇਦਨ ਉਸਤਾਦ ਜੀ ਦਾ ਪੱਕਾ ਦੋਸਤ ਸੀ। ਮੇਦਨ ਸਿੰਘ ਨੇ ਕ੍ਰਾਂਤੀਕਾਰੀ, ਸਮਾਜ ਸੁਧਾਰਕ ਵਿਸ਼ਿਆਂ ਉਪਰ ਕਈ ਪਦ-ਗਦ ਰਚਨਾਵਾਂ ਲਿਖੀਆਂ। ਕਈ ਪੁਸਤਕਾਂ ਸਾਹਿਤ ਦੀ ਝੋਲੀ ਵਿਚ ਪਾਈਆਂ। ਮੇਦਨ ਸਿੰਘ ਮੇਦਨ ਮਸ਼ਹੂਰ ਕ੍ਰਾਂਤੀਕਾਰੀ ਆਜ਼ਾਦੀ ਘੁਲਾਟੀਆ ਸਨ। ਉਹ ਦੋ ਉਮਰ ਕੈਦਾਂ ਦੀ ਸਜ਼ਾ ਭੁਗਤ ਚੁੱਕੇ ਸਨ। ਉਨ੍ਹਾਂ ਜੇਲ੍ਹ ਵਿਚ ਬਹੁਤ ਸੁਧਾਰ ਕੀਤ। ਜੇਲ੍ਹਾਂ ਵਿਚ ਸੁਧਾਰਵਾਦੀ, ਮਾਨਵਤਾਵਾਦੀ ਕਈ ਨਾਟਕ ਖੇਡ। ਉਹ ਪਰਪੱਕ ਕਲਾਕਾਰ, ਨਾਟਕ ਅਤੇ , ਰੰਗ ਮੰਚ ਦੇ ਸੂਤਰਧਾਰ ਸਨ। ਉਨ੍ਹਾਂ ਜੇਲ੍ਹ ਵਿਚ ਰਹਿ ਕੇ ਇਕ ਫ਼ਿਲਮ ਵੀ ਬਣਾਈ, ਜਿਸ ਵਿਚ ਉਹ ਖੁਦ ਹੀਰੋ ਦੇ ਰੋਲ ਵਿਚ ਸਨ। ਪਰਦੇ ਵਾਲੀ ਇਹ ਫ਼ਿਲਮ ਅੱਜ ਵੀ ਉਨ੍ਹਾਂ ਦੇ ਪਰਿਵਾਰ ਕੋਲ ਮੌਜੂਦ ਹੈ। ਮੇਦਨ ਸਿੰਘ ਮੇਦਨ ਗੋਰੇ ਚਿੱਟੇ, ਉਚੇ ਕੱਦਕਾਠ ਦੇ, ਆਕਰਸ਼ਕ ਸ਼ਖ਼ਸੀਅਤ ਦੇ ਮਾਲਿਕ ਸਨ ।

ਉਸਤਾਦ ਜੀ ਨੇ ਦੱਸਿਆ ਕਿ ਮਹਿਕਮੇ ਵਲੋਂ ਇਕ ਵੇਰ ਉਨ੍ਹਾਂ ਦੀ ਡਿਊਟੀ ਲਗਾਈ ਗਈ ਕਿ ਭਗੌੜੇ ਮੇਦਨ ਸਿੰਘ ਮੇਦਨ ਨੂੰ ਜ਼ਿੰਦਾ ਫੜਿਆ ਜਾਵੇ ਕਿਉਂਕਿ ਮੇਦਨ ਸਿੰਘ ਮੇਦਨ ਉਪਰ ਦੇਸ਼ ਧ੍ਰੋਹ ਦੇ ਅੰਗਰੇਜ਼ਾਂ ਵਲੋਂ ਕਈ ਝੂਠੇ-ਸੱਚੇ ਕੇਸ ਪਾਏ ਹੋਏ ਸਨ । ਮਹਿਕਮੇ ਨੂੰ ਨਹੀਂ ਸੀ ਪਤਾ ਕਿ ਉਸਤਾਦ (ਪੰਡਿਤ ਵਿਸ਼ਨੂ ਕਾਲੀਆ) ਅਤੇ ਸਰਦਾਰ ਮੇਦਨ ਸਿੰਘ ਮੇਦਨ ਦੀ ਗਹਿਰੀ ਸਾਹਿਤਕ ਅਤੇ ਨਿੱਜੀ ਦੋਸਤੀ ਹੈ ।

ਰਾਤ ਦੇ ਵਕਤ ਉਸਤਾਦ ਜੀ ਮੇਦਨ ਸਿੰਘ ਮੇਦਨ ਜੀ ਦੇ ਪਿੰਡ ਗਏ ਤਾਂ ਉਨ੍ਹਾਂ ਨੂੰ ਕਹਿਣ ਲੱਗੇ ਕਿ ਮੇਰੀ ਸਰਕਾਰੀ ਤੌਰ 'ਤੇ ਤੈਨੂੰ ਜ਼ਿੰਦਾ ਗ੍ਰਿਫ਼ਤਾਰ ਕਰਨ ਦੀ ਡਿਊਟੀ ਲਗੀ ਹੈ। ਕਈ ਹੋਰ ਮੁਲਾਜ਼ਿਮ ਵੀ ਤੇਰੀ ਭਾਲ ਵਿਚ ਹਨ। ਤੂੰ ਇਸ ਤਰ੍ਹਾਂ ਕਰ ਤੂੰ ਮੇਰੇ ਹੀ ਘਰ ਆ ਜਾ ਕਿਉਂਕਿ ਸਰਕਾਰ ਨੇ ਤੈਨੂੰ ਫੜਣ ਲਈ ਪੁਲਿਸ ਦੀਆਂ ਕਈ ਟੀਮਾਂ ਬਣਾਈਆਂ ਹਨ, ਜੋ ਤੇਰੇ ਟਿਕਾਣਿਆਂ ਉਪਰ, ਰਿਸ਼ਤੇਦਾਰਾਂ ਦੇ ਘਰਾਂ ਵਿਚ, ਦੋਸਤਾਂ ਦੇ ਘਰਾਂ ਵਿਚ ਤੈਨੂੰ ਫੜਣ ਲਈ ਛਾਪੇ ਮਾਰਨਗੇ। ਤੂੰ ਮੇਰੇ ਘਰ ਆ ਜਾ ਕਿਉਂਕਿ ਸਰਕਾਰ ਨੇ ਇਕ ਮਹੀਨੇ ਦਾ ਸਮਾਂ ਦਿੱਤਾ ਹੈ। ਫਿਰ ਤੜਕ ਸਾਰ ਮੇਦਨ ਸਿੰਘ ਭੇਸ ਬਦਲ ਕੇ ਉਸਤਾਦ ਜੀ ਘਰ ਆ ਗਏ। ਇਕ ਮਹੀਨਾ ਉਨ੍ਹਾਂ ਦੇ ਘਰ ਵਿਚ ਹੀ ਰਹ। ਉਥੇ ਹੀ ਖ਼ਾਣ-ਪੀਣ ਸੌਣ ਆਦਿ ਦਾ ਇੰਤਜ਼ਾਮ ਕੀਤਾ ਹੋਇਆ ਸੀ। ਕਿਸੇ ਨੂੰ ਭਿਣਕ ਤੱਕ ਨਾ ਲੱਗੀ ਕਿ ਮੇਦਨ ਸਿੰਘ ਮੇਦਨ ਕਿੱਥੇ ਹੈ।

ਉਸਤਾਦ ਜੀ ਆਪਣੀ ਸਰਕਾਰੀ ਡਿਊਟੀ ਦੇ ਮੁਤਾਬਿਕ ਮੇਦਨ ਜੀ ਨੂੰ ਲੱਭਣ ਲਈ ਬਾਹਰ ਚਲੇ ਜਾਂਦੇ ਅਤੇ ਰਾਤ ਨੂੰ ਘਰ ਆਉਂਦੇ। ਕਦੀ-ਕਦੀ ਉਹ ਹਫ਼ਤਾ-ਹਫ਼ਤਾ ਘਰ ਹੀ ਨਾ ਆਉਂਦ।

ਪੁਲਿਸ ਦੀਆਂ ਟੁਕੜੀਆਂ ਨਾਲ ਮੇਦਨ ਜੀ ਨੂੰ ਲੱਭਣ ਦੀ ਕੋਸ਼ਿਸ਼ ਕਰਦੇ ਰਹਿੰਦ। ਮੇਦਨ ਜੀ ਦਾ ਕੋਈ ਟਿਕਾਣਾ ਨਾ ਛੱਡਦਾ। ਪੁਲਿਸ ਅਤੇ ਸੀ.ਆਈ.ਡੀ. ਨੇ ਮੇਦਨ ਜੀ ਦਾ ਕੋਈ ਟਿਕਾਣਾ ਨਾ ਛੱਡਿਆ ਪਰ ਮੇਦਨ ਜੀ ਕਿੱਥੋਂ ਲੱਭਦੇ?

ਇਸ ਤਰ੍ਹਾਂ ਇਕ ਮਹੀਨਾ ਬੀਤ ਗਿਆ। ਮੇਦਨ ਜੀ ਦਾ ਕੋਈ ਪਤਾ ਨਾ ਲਗਾ। ਉਸਤਾਦ ਜੀ ਨੇ ਮਹਿਕਮੇ ਨੂੰ ਲਿਖ ਕੇ ਭੇਜ ਦਿੱਤਾ ਕਿ ਮੇਦਨ ਸਿੰਘ ਦਾ ਕੋਈ ਥਹੁ ਪਤਾ ਨਹੀਂ ਲੱਗਿਆ। ਉਸਤਾਦ ਜੀ ਨੇ ਇਕ ਮਹੀਨਾ ਆਪਣੇ ਘਰ ਵਿਚ ਰੱਖਿਆ ਅਤੇ ਆਪ ਖੁਦ ਉਨ੍ਹਾਂ ਨੂੰ ਲੱਭਣ ਲਈ ਕਈ-ਕਈ ਦਿਨ ਡਿਊਟੀ 'ਤੇ ਬਾਹਰ ਰਹਿੰਦ। ਇਹ ਸਨ ਉਸ ਸਮੇਂ ਜਾਤ-ਪਾਤ ਰਹਿਤ ਸ਼ੁੱਧ ਭਾਰਤੀ ਯਾਰਾਨੇ।

ਇਕ ਦਿਨ ਮੈਂ ਸ਼ਾਮ ਢਲੇ ਦੇ ਸਮੇਂ ਉਸਤਾਦ ਜੀ ਨੂੰ ਮਿਲਣ ਗਿਆ ਤਾਂ ਉਨ੍ਹਾਂ ਨੇ ਮੈਨੂੰ ਦੱਸਿਆ ਤੇ ਕਹਿਣ ਲੱਗੇ, "ਯਾਰ, ਬਾਲਮ ਤੇਰੀ ਆਂਟੀ (ਉਸਤਾਦ ਜੀ ਦੀ ਪਤਨੀ) ਦੋ ਤਿੰਨ ਦਿਨਾਂ ਤੋਂ ਬਹੁਤ ਸਖਤ ਬਿਮਾਰ ਹੈ । ਬੜਾ ਇਲਾਜ਼ ਕਰਵਾਇਆ ਪਰ ਕੋਈ ਫਰਕ ਨਹੀਂ ਪੈ ਰਿਹਾ। ਚੰਗੇ ਚੰਗੇ ਡਾਕਟਰਾਂ ਨੂੰ ਵੀ ਵਿਖਾਇਆ ਹੈ। ਬਿਮਾਰੀ ਦਾ ਪਤਾ ਨਹੀਂ ਲਗ ਰਿਹਾ। ਪਰ ਕੁਝ ਦਿਨਾਂ ਬਾਅਦ ਹੀ ਮਾਤਾ ਜੀ ਇਸ ਫ਼ਾਨੀ

ਦੁਨੀਆਂ ਨੂੰ ਅਲਵਿਦਾ ਕਹਿ ਗਏ।ਮਾਤਾ ਜੀ ਦੀ ਉਮਰ ਲਗਭਗ 75 ਸਾਲਾਂ ਦੇ ਕਰੀਬ ਹੋਵੇਗੀ। ਮੈਨੂੰ ਉਸਤਾਦ ਜੀ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਪਤਨੀ ਨਾਲ 'ਲਵ ਮੈਰਿਜ਼' ਕੀਤੀ ਸੀ। ਬਹੁਤ ਵੱਡੇ ਅਮੀਰ ਘਰ ਦੀ ਧੀ ਸੀ ਅਤੇ ਉਸਤਾਦ ਦੀ ਮਾਮੂਲੀ ਪੁਲਿਸ ਮੁਲਾਜ਼ਿਮ ।ਘਰੋਂ ਦੌੜ ਕੇ ਉਨ੍ਹਾਂ ਦੀ ਪਤਨੀ ਨੇ ਗੁਪਤ ਜਬਰਦਸਤੀ ਸ਼ਾਦੀ ਕੀਤੀ ਸੀ।ਜਿੰਨੀ ਉਸਤਾਦ ਜੀ ਦੀ ਤਨਖ਼ਾਹ ਸੀ ਓਨੇ ਪੈਸਿਆਂ ਦੇ ਤਾਂ ਮਾਤਾ (ਜਦੋਂ ਕੁਵਾਰੇ ਸਨ) ਕਪੜੇ ਹੀ ਪਾ ਲੈਂਦੇ ਸਨ।ਖੈਰ ਉਹ ਕਹਾਣੀ ਬਹੁਤ ਲੰਬੀ ਫਿਰ ਕਦੀ ਸਹੀ ।

ਉਸਤਾਦ ਜੀ ਦੇ ਦੋ ਲੜਕੇ ਸਨ, ਇਕ ਬੈਂਕ ਮੈਨੇਜਰ ਅਤੇ ਦੂਸਰਾ ਇੰਟੈਲੀਜੈਂਸ ਬਿਓਰੋ 'ਚ ਉਚ ਮੁਲਾਜ਼ਿਮ ਸੀ।ਦੋਵੇਂ ਬਾਹਰ ਰਹਿੰਦੇ ਸਨ ਜਿੱਥੇ ਉਨ੍ਹਾਂ ਦੀ ਨੌਕਰੀ ਹੁੰਦੀ।ਦੋਵੇਂ ਸ਼ਾਦੀਸ਼ੁਦਾ ਤੇ ਆਪਣੇ-ਆਪਣੇ ਪਰਿਵਾਰ ਵਿਚ ਖੁਸ਼ਹਾਲ।ਘਰ ਵਿਚ ਉਸਤਾਦ ਜੀ ਅਤੇ ਉਨ੍ਹਾਂ ਦੀ ਪਤਨੀ ਹੀ ਰਹਿੰਦੇ ਸਨ।

ਉਸਤਾਦ ਜੀ ਦੇ ਸਹੁਰੇ ਬਹੁਤ ਅਮੀਰ ਸਨ ਪਰ ਉਹ ਉਸਤਾਦ ਜੀ ਤੋਂ ਬਹੁਤ ਡਰਦੇ ਸਨ ।ਕਿਉਂਕਿ ਉਸਤਾਦ ਜੀ ਨੇ ਕਦੀ ਕਿਸੇ ਅੱਗੇ ਹੱਥ ਨਹੀਂ ਸੀ ਅੱਡਿਆ ।ਉਸਤਾਦ ਜੀ ਦੇ ਸਾਲਿਆਂ ਨੇ ਕਈ ਵਾਰੀ ਕਿਹਾ ਸੀ ਕਿ ਪੰਡਿਤ ਜੀ ਸ਼ਹਿਰ ਦੇ ਕਿਸੇ ਏਰੀਏ 'ਚ ਜਿੰਨਾ ਵੱਡਾ ਪਲਾਟ ਚਾਹੀਦਾ ਹੈ ਲੈ ਲਵੋ, ਕੋਠੀ ਬਣਾ ਲਵੋ ।ਅਸੀਂ ਕੋਠੀ ਦੇ ਪੈਸੇ ਦੇ ਦਿਆਂਗੇ ।ਪਰ ਉਸਤਾਦ ਜੀ ਨੇ ਉਨ੍ਹਾਂ ਦੀ ਇਕ ਨਾ ਮੰਨੀ ਤੇ ਆਪਣੀ ਸੱਚੀ ਸੁੱਚੀ ਆਨ-ਸ਼ਾਨ-ਮਾਨ ਵਾਲੀ ਜਿੰਦਗੀ ਵਿਚ ਰਹੇ ।ਭਿਖਾਰੀ ਤੇ ਲਾਲਚੀ ਬਣ ਕੇ ਉਹ ਨਹੀਂ ਜੀਵੇ ।ਲਾਲਚੀ ਹੁੰਦੇ ਤਾਂ ਕੋਠੀ ਬਣਵਾ ਸਕਦੇ ਸਨ ।ਉਹ ਸਾਰੀ ਉਮਰ ਛੋਟੇ ਜਿਹੇ ਪੁਰਾਣੇ ਘਰ ਵਿਚ ਵੀ ਰਹੇ ।ਕਿਸੇ ਦੀ ਵੀ ਆਰਥਿਕ ਤੌਰ 'ਤੇ ਗੁਲਾਮੀ ਨਹੀਂ ਕੀਤੀ ।

ਉਹ ਮੈਨੂੰ ਕਿਹਾ ਕਰਦੇ ਸਨ ਕਿ ਵੇਖ ਪੁੱਤਰ, ਵੱਡੇ-ਵੱਡੇ ਮਹਿਲਾ ਵਾਲਿਆਂ, ਧਨ-ਦੌਲਤ ਵਾਲਿਆਂ ਵੀ ਇਥੋਂ ਤੁਰ ਜਾਣਾ ਏ, ਪਰ ਈਮਾਨਦਾਰੀ ਦੀ ਉਦਾਹਰਣ ਸਮਾਜ ਨੂੰ , ਪੀੜੀਆਂ ਨੂੰ , ਰੌਸ਼ਨੀ ਦਿੰਦੀ ਰਹਿੰਦੀ ਹੈ ।ਤਰੱਕੀ ਦਾ ਸੂਤਰ ਈਮਾਨਦਾਰੀ ਹੀ ਹ।ਈਮਾਨਦਾਰੀ ਦੀ ਖੁਸ਼ਬੂ ਬੰਦੇ ਦੇ ਮਰਨ ਤੋਂ ਬਾਅਦ ਵੀ ਆਉਂਦੀ ਰਹਿੰਦੀ ਹ।ਉਹੋ ਲੋਕ ਸਮਾਜ ਵਿਚ ਉਦਾਹਰਣ ਬਣਦੇ ਹਨ ਜੋ ਈਮਾਨਦਾਰੀ ਨਾਲ ਸੱਚਾ-ਸੁੱਚਾ ਜੀਵਨ ਬਤੀਤ ਕਰਦੇ ਹਨ।ਬੰਦੇ ਨੇ ਕੋਈ ਹਜ਼ਾਰ ਸਾਲ ਥੋੜ੍ਹੀ ਜੀਣਾ ਏ।ਇਹ ਜਾਇਦਾਦ, ਧਨ-ਦੌਲਤ ਇੱਥੇ ਹੀ ਰਹਿ ਜਾਣੀ ਏ, ਦੇਸ਼ ਲਈ, ਸਮਾਜ ਲਈ ਕੁਝ ਇਹੋ ਜਿਹਾ ਛੱਡ ਜਾਓ ਕਿ ਦੁਨੀਆ ਤੁਹਾਨੂੰ ਯਾਦ ਕਰੇ, ਤੁਹਾਡੀ ਸੱਚੀ-ਸੁੱਚੀ ਕਰਮਸ਼ੀਲਤਾ ਤੋਂ ਕੁਝ ਸਿੱਖ ਸਕੇ ।ਆਪਣੀ ਕਮਾਈ ਵਿਚ ਸੰਤੁਸ਼ਟੀ ਹੋਣੀ ਚਾਹੀਦੀ ਹੈ ।ਮੀਟ ਮੁਰਗੇ ਖ਼ਾਣ ਵਾਲੇ ।ਸ਼ਰਾਬਾਂ ਪੀਣ ਵਾਲੇ, ਬਹੁਤ ਧਨ-ਦੌਲਤ ਵਾਲੇ ਕੋਈ ਹਜ਼ਾਰ ਸਾਲ ਥੋੜ੍ਹੀ ਜੀਣਗੇ, ਬੰਦੇ ਦੀ ਉਮਰ ਵੱਧ ਤੋਂ ਵੱਧ ਸੌ ਸਾਲ ਹੈ ।ਈਮਾਨਦਾਰੀ ਤੇ ਸੱਚ ਦਾ ਪਲੜਾ ਨਾ ਛੱਡੋ ।

ਉਸਤਾਦ ਜੀ ਦੀ ਪਤਨੀ 75 ਸਾਲਾਂ ਦੇ ਕਰੀਬ ਪੂਰੇ ਹੋ ਗਏ ਮਾਤਾ ਜੀ ਦੀ ਮ੍ਰਿਤਕ ਦੇਹ ਵਿਹੜੇ ਵਿਚ ਪਈ ਸੀ। ਦੁਪਹਿਰ ਬਾਅਦ ਉਨ੍ਹਾਂ ਦਾ ਸਸਕਾਰ ਕਰਨਾ ਸੀ। ਉਨ੍ਹਾਂ ਦੇ ਪੁੱਤਰ, ਨੂੰਹਾਂ, ਪੋਤਰੇ, ਪੋਤਰੀਆਂ, ਰਿਸ਼ਤੇਦਾਰ, ਮਿੱਤਰ ਸਨੇਹੀ ਸਭ ਇਕੱਠੇ ਹੋ ਰਹੇ ਸੀ।ਚਾਰ ਪਾਸੇ ਸ਼ੋਕ ਦੀ ਤਨਹਾਈ ਪਸਰੀ ਪਈ ਸੀ ।ਉਸਤਾਦ ਜੀ ਮੈਨੂੰ ਅਤੇ ਦੂਸਰੇ ਸ਼ਗਿਰਦ ਨੂੰ ਆਵਾਜ਼ ਮਾਰ ਕੇ ਕਹਿਣ ਲੱਗੇ, "ਬਾਜ਼ਾਰ ਜਾਓ ਤੇ ਅਰਥੀ ਬਣਵਾ ਕੇ ਲੈ ਆਓ ਪਰ ਸੁਣੋਂ, ਜਿਹੜੀ ਅਰਥੀ ਬਣਵਾਉਣੀ ਹੈ ਉਸ ਦੇ ਵਿਚਕਾਰ ਡੋਲੀ ਬਣਵਾ ਕੇ ਲਿਆਉਣਾ"

ਮੈਂ ਤੇ ਮੇਰੇ ਗੁਰਭਾਈ ਨੇ ਹੈਰਾਨੀ ਨਾਲ ਕਿਹਾ, "ਉਸਤਾਦ ਜੀ, ਇਹ ਕਿਵੇਂ ਹੋ ਸਕਦਾ? ਕਿ ਅਰਥੀ ਵਿਚ ਡੋਲੀ ਬਣਾਈ ਜਾ ਸਕ। ਇਹ ਤਾਂ ਕਦੀ ਸੁਣਿਆ ਹੀ ਨਹੀਂ ।"

ਉਹ ਗੁੱਸੇ ਵਿਚ ਆ ਕੇ ਕਹਿਣ ਲੱਗੇ, "ਤੁਹਾਨੂੰ ਜੋ ਕਿਹਾ, ਓਦਾ ਹੀ ਕਰਦੇ ਜਾਓ, ਸੁਣਿਆ ਨਈ।"

ਮੈਂ ਤੇ ਮੇਰੇ ਗੁਰਭਾਈ ਦੋਸਤ, ਅਸੀਂ ਸੱਸੋਪੰਜ ਵਿਚ ਪੈ ਗਏ ਕਿ ਹੁਣ ਕੀ ਕਰੀਏ?

ਖੈਰ !ਅਸੀਂ ਇਕ ਤਰਖਾਣ ਦੋਸਤ ਦੀ ਦੁਕਾਨ 'ਤੇ ਗਏ।ਉਸ ਨੂੰ ਨਿਮਰਤਾ ਨਾਲ ਬੇਨਤੀ ਕਰਦਿਆਂ



ਕਿਹਾ, "ਯਾਰ, ਤੂੰ ਪੈਸੇ ਜਿੰਨੇ ਮਰਜ਼ੀ ਲੈ ਲਵੀਂ ਪਰ ਤੂੰ ਅਰਥੀ ਦੇ ਵਿਚ ਡੋਲੀ ਬਣਾ ਦੇ।"

ਉਹ ਸੁਣ ਕੇ ਬੜਾ ਹੈਰਾਨ ਹੋਇਆ ਕਿ ਇਹ ਕਿਵੇਂ ਹੋ ਸਕਦਾ ਹੈ? ਯਾਰ ਇਹ ਤਾਂ ਮੈਂ ਕਦੀ ਨਹੀਂ ਵੇਖਿਆ, ਨਾ ਸੁਣਿਆ ਕਿ ਅਰਥੀ ਵਿਚ ਡੋਲੀ ਬਣਾਈ ਜਾਵੇ।"

ਅਸੀਂ ਉਸਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਯਾਰ, ਸਾਡੀ ਇੱਜ਼ਤ ਦਾ ਸਵਾਲ ਏ, ਤੂੰ ਪੈਸੇ ਜਿੰਨੇ ਮਰਜ਼ੀ ਲੈ ਪਰ ਆਰਜ਼ੀ ਤੌਰ 'ਤੇ ਕਿਸੇ ਵੀ ਢੰਗ ਤਰੀਕੇ ਨਾਲ ਇਸ ਤਰ੍ਹਾਂ ਫੱਟੀਆਂ ਫਿਟ ਕਰ ਦੇ ਕਿ ਉਹ ਡੋਲੀਨੁਮਾਂ ਲੱਗੇ। ਖੈਰ, ਉਸ ਨੇ ਅਰਜ਼ੀ ਤੌਰ 'ਤੇ ਇਸ ਤਰ੍ਹਾਂ ਫੱਟੀਆਂ ਵਿਚ ਜਗ੍ਹਾ ਛੱਡ ਕੇ ਅਰਥੀ ਉਪਰ ਡੋਲੀ ਬਣਾ ਦਿੱਤੀ । ਅਸੀਂ ਦੋਵੇਂ ਜਣੇਂ ਉਹ ਡੋਲੀਨੁਮਾਂ ਅਰਥੀ ਰਿਕਸ਼ੇ ਉਪਰ ਰੱਖ ਕੇ ਲੈ ਆਏ । ਸਾਰੇ ਲੋਕ ਵੇਖ ਕੇ ਹੈਰਾਨ ਹੋ ਗਏ । ਕਈ ਵਿਚੋਂ ਹੱਸਣ, ਕੋਈ ਕੁਝ ਕਵੇ ਤੇ ਕੋਈ ਕੁਝ, ਆਪਸ ਵਿਚ ਘੁਸਰ-ਮੁਸਰ ਹੋਣ ਲਗੀ ਪਰ ਉਸਤਾਦ ਜੀ ਨੂੰ ਤਾਂ ਕਿਸੇ ਦੀ ਕੋਈ ਪਰਵਾਹ ਨਈ ਸੀ ।

ਅਰਥੀ ਦੀ ਡੋਲੀ ਵਿਚ ਮਾਤਾ ਜੀ ਦੀ ਮ੍ਰਿਤਕ ਦੇਹ ਨੂੰ ਲਾਲ ਰੰਗ ਦੀ ਖ਼ੂਬਸੂਰਤ ਸਾੜ੍ਹੀ ਪਹਿਣਾ ਕੇ, ਇਕ ਦੁਲਹਨ ਵਾਂਗ ਸਜਾ ਕੇ ਰੱਖ ਦਿੱਤਾ । ਉਸਤਾਦ ਜੀ ਨੇ ਪਹਿਲਾਂ ਮਾਤਾ (ਪਤਨੀ) ਦਾ ਕਈ ਵਾਰ ਮੱਥਾ ਚੁੰਮਿਆ । ਫਿਰ ਪੈਰਾਂ ਵਿਚ ਸਿਰ ਰੱਖ ਕੇ ਉਚੀ-ਉਚੀ ਬਹੁਤ ਰੋਏ । ਉਨ੍ਹਾਂ ਨੂੰ ਬੜੀ ਮੁਸ਼ਕਿਲ ਫੜ੍ਹ ਕੇ ਪਰ੍ਹਾਂ ਕੀਤਾ ਗਿਆ। ਜਦੋਂ ਸਸਕਾਰ ਲਈ ਸ਼ਮਸ਼ਾਨਘਾਟ ਪਹੁੰਚੇ ਤਾਂ ਉਥੋਂ ਦਾ ਇਕ ਫ਼ਕੀਰ ਜਿਹਾ ਬੰਦਾ ਜੋ ਸ਼ਮਸ਼ਾਨ ਦੀ ਦੇਖ ਰੇਖ ਲਈ ਹੋਵੇਗਾ ਉਹ ਬੰਦਾ ਡੋਲੀਨੁਮਾਂ ਅਰਥੀ ਵੇਖ ਕੇ ਕਹਿਣ ਲੱਗਾ, "ਇਹ ਇੰਝ ਨਹੀਂ ਹੋ ਸਕਦਾ, ਡੋਲੀ ਨਈ ਚਿਤਾ ਵਿਚ ਰੱਖੀ ਜਾ ਸਕਦੀ ।" ਕਿਉਂਕਿ ਉਸਤਾਦ ਜੀ ਨੇ ਕਿਹਾ ਡੋਲੀਨੁਮਾਂ ਅਰਥੀ ਸਣੇਂ ਹੀ ਮ੍ਰਿਤਕ ਦੇਹ ਲੱਕੜਾਂ (ਚਿਤਾ) ਵਿਚ ਰੱਖਣੀ ਹੈ। ਡੋਲੀ 'ਚੋਂ ਮ੍ਰਿਤਕ ਦੇਹ ਬਾਹਰ ਨਹੀਂ ਕੱਢਣੀ । ਸਭ ਲੋਕ ਹੈਰਾਨ ਸਨ ਪਰ ਕੋਈ ਬੋਲਣ ਦੀ ਜ਼ੁਰਰਤ ਨਈ ਸੀ ਕਰਦਾ ।

ਉਸਤਾਦ ਜੀ ਨੇ ਗੁੱਸੇ ਵਿਚ ਆ ਕੇ ਮੈਨੂੰ ਕਿਹਾ, "ਇਸ ਬੰਦੇ ਨੂੰ ਵੀਹ ਰੁਪਏ ਦੇ ਦਿਓ । ਇਸ ਸਾਲੇ ਨੇ ਦਾਰੂ ਪੀਣੀਂ ਏ।"

ਅਸੀਂ ਉਸ ਨੂੰ ਵੀਹ ਰੁਪਏ ਦੇ ਦਿੱਤੇ ਤੇ ਉਹ ਵੀਹ ਰੁਪਏ ਲੈ ਕੇ ਚੁੱਪ ਚਾਪ ਉਥੋਂ ਚਲਿਆ ਗਿਆ । ਆਖ਼ਰ ਸਭ ਧਾਰਮਿਕ ਰਸਮਾਂ ਕਰਕੇ ਬਾਅਦ ਵਿਚ ਡੋਲੀਨੁਮਾਂ ਅਰਥੀ ਸਣੇ ਹੀ ਮ੍ਰਿਤਕ ਦੇਹ ਚਿਤਾ ਵਿਚ ਰੱਖ ਦਿੱਤੀ ਗਈ। ਕਿਸੇ ਨੇ ਵੀ ਵਿਰੋਧਤਾ ਨਹੀਂ ਕੀਤੀ। ਕਿਉਂਕਿ ਸਭ ਨੂੰ ਪਤਾ ਸੀ ਕਿ ਉਸਤਾਦ ਜੀ ਨੇ ਹੁਣ ਕਿਸੇ ਦੀ ਵੀ ਨਹੀਂ ਮੰਨਣੀ। ਉਨ੍ਹਾਂ ਦੀ ਭਾਵੁਕਤਾ ਬੁਲੰਦੀ 'ਤੇ ਪਹੁੰਚ ਚੁਕੀ ਸੀ।

ਸਸਕਾਰ ਕਰਨ ਤੋਂ ਬਾਅਦ ਸਭ ਆਪਣੇ-ਆਪਣੇ ਘਰਾਂ ਨੂੰ ਚਲੇ ਗਏ ਜਿਹੜੇ ਵੀ ਰਸਮਾਂ ਰਿਵਾਜ਼ ਹੋਏ ਸਨ ਕਰ ਦਿੱਤੇ ਗਏ। ਇਕ ਦਿਨ ਮੈਂ ਉਸਤਾਦ ਜੀ ਨੂੰ ਮਿਲਣ ਗਿਆ ਤਾਂ ਬੜੇ ਹੀ ਭਾਵੁਕ ਹੋ ਕੇ ਕਹਿਣ ਲੱਗੇ, "ਯਾਰ, ਬਾਲਮ ਹੁਣ ਅਸੀਂ ਵੀ ਚਲੇ ਜਾਣਾ ਹੈ, ਸਾਡਾ ਦਿਲ ਨਈ ਲਗਦਾ।"

ਮੈਂ ਕਿਹਾ, "ਉਸਤਾਦ ਜੀ ਏਦਾਂ ਨਾ ਕਰੋ । ਤੁਸੀਂ ਬੜੇ ਲੰਬੀ ਉਮਰ ਜੀਣੀ ਏ। ਤੁਹਾਡੀ ਸਿਹਤ ਬਿਲਕੁਲ ਠੀਕ ਹੈ।"

ਅੱਖਾਂ ਵਿਚ ਹੰਝੂ ਭਰਦੇ ਹੋਏ ਕਹਿਣ ਲੱਗੇ, "ਨਈ, ਇਸ ਮਹੀਨੇ ਦੇ ਵਿਚ ਵਿਚ ਹੀ ਅਸੀਂ ਵੀ ਚਲੇ ਜਾਣਾ ਏ।" ਸਰਦੀਆਂ ਦੇ ਦਿਨ ਸਨ। ਉਸਤਾਦ ਜੀ ਰਾਤ ਰਜਾਈ ਵਿਚ ਮੰਜੇ ਦੀ ਟੋਹ ਨਾਲ ਪਿੱਠ ਲਗਾ ਕੇ ਸੁੱਤੇ ਪਏ ਸੀ। ਸਵੇਰੇ ਉਨ੍ਹਾਂ ਦੀ ਨੂੰਹ ਨੇ ਆ ਕੇ ਵੇਖਿਆ ਕਿ ਉਸਤਾਦ ਜੀ ਸਵਾਸ ਛੱਡ ਗਏ ਸੀ ।

ਖੈਰ, ਉਸਤਾਦ ਜੀ ਪੂਰੇ 25 ਦਿਨਾਂ ਬਾਅਦ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ।

**(ਸੰਪਰਕ-ਮੋ. 98156-25409)**

**ਜਨ ਬੋਧ**

# ਸ਼ੂਦਰਾਂ ਦਾ ਉਥਾਨ ਕਰਨ ਵਾਲਾ ਕਲਯੁਗ ਅਤੇ ਭਗਤੀ ਵਿਚਾਰਧਾਰਾ

**ਡਾ. ਸੇਵਾ ਸਿੰਘ**

**ਅਨੁਵਾਦ : ਪ੍ਰਕਾਸ਼ ਕੌਰ ਸੰਧੂ**



ਡਾ. ਸੇਵਾ ਸਿੰਘ

## 1

ਕਲਯੁਗ ਅਤੇ ਭਗਤੀ ਦੀ ਅਟੱਲ ਸਾਜਸ਼ੀ ਮਿਲੀਭੁਗਤ ਨੂੰ ਪੁਰਾਣਾਂ ਵਿਚ ਜਿਆਦਾ ਵਿਸਥਾਰ ਨਾਲ ਸਪਸ਼ਟ ਕਰ ਦਿੱਤਾ ਗਿਆ ਹੈ।

ਵੇਖਣ ਦੀ ਗੱਲ ਹੈ ਕਿ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਕਲਯੁਗ ਦਾ ਇੰਨਾ ਭਿਆਨਕ ਦ੍ਰਿਸ਼ ਪੇਸ਼ ਕੀਤਾ ਗਿਆ ਹੈ ਕਿ ਅਸੀਂ ਹਰੇਕ ਵਿਨਾਸ਼ ਨੂੰ ਕਲਯੁਗ ਦੇ ਰੂਪ ਵਿੱਚ ਸਮਝਣ ਦੇ ਆਦੀ ਹੋ ਗਏ ਹਾਂ। ਲੇਕਿਨ ਹੈਰਾਨੀ ਦੀ ਗੱਲ ਹੈ ਕਿ ਕਲਯੁਗ ਦੇ ਵਰਣਨਾਂ ਵਿੱਚ ਭਗਤੀ ਦੀ ਹੋਂਦ ਕਾਰਨ, ਕਲਯੁਗ ਨੂੰ ਸਭ ਤੋਂ ਜਿਆਦਾ ਮਹੱਤਵਪੂਰਨ ਵੀ ਦੱਸਿਆ ਗਿਆ ਹੈ। ਜ਼ਾਹਰ ਹੈ ਕਿ ਕਲਯੁਗ ਦੇ ਰੂਪ ਵਿਚ ਯੁਗ ਦੇ ਅੰਤ ਅਰਥਾਤ ਮੌਰਿਆਂ ਤੋਂ ਬਾਅਦ ਨਵੇਂ ਯੁਗ ਪਰਿਵਰਤਨ ਦਾ ਭਗਤੀ ਦੇ ਸੱਤਾ ਵਿਮਰਸ਼ ਨਾਲ ਡੂੰਘਾ ਸੰਬੰਧ ਹੈ।

ਭਾਗਵਤ ਦਾ ਮੰਨਣਾ ਹੈ ਕਿ ਰਾਜਾ ਪਰਿਕਸ਼ਿਤ ਨੇ ਕਲਯੁਗ ਦਾ ਵਧ ਇਸ ਲਈ ਨਹੀਂ ਕੀਤਾ ਸੀ ਕਿਉਂਕਿ ਜੋ ਫ਼ਲ ਤਪੱਸਿਆ, ਯੋਗ ਅਤੇ ਸਮਾਧੀ ਨਾਲ ਵੀ ਨਹੀਂ ਮਿਲਦਾ, ਕਲਯੁਗ ਵਿੱਚ ਉਹੀ ਫ਼ਲ ਹਰਿ ਕੀਰਤਨ ਨਾਲ ਹੀ ਭਲੀ-ਭਾਂਤ ਮਿਲ ਜਾਂਦਾ ਹੈ। ਇਸ ਤਰ੍ਹਾਂ ਕਲਯੁਗ ਦੇ ਸਾਰਹੀਣ ਹੋਣ ਤੇ ਵੀ ਉਸਨੂੰ ਇਕ ਹੀ ਦ੍ਰਿਸ਼ਟੀ ਨਾਲ ਸਾਰਯੁਕਤ ਵੇਖ ਕੇ ਉਨ੍ਹਾਂ ਨੇ ਕਲਯੁਗ ਵਿਚ ਪੈਦਾ ਹੋਣ ਵਾਲੇ ਜੀਵਾਂ ਦੇ ਸੁਖ ਲਈ ਹੀ ਇਸਨੂੰ ਰਹਿਣ ਦਿੱਤਾ ਸੀ ਕਿਉਂਕਿ ਜੋ ਲੋਕ ਸਦਾ ਤਰ੍ਹਾਂ ਤਰ੍ਹਾਂ ਦੇ ਪਾਪ ਕਰਿਆ ਕਰਦੇ ਹਨ, ਨਿਰੰਤਰ ਦੁਰਾਚਾਰ ਲਈ ਹੀ ਤਿਆਰ ਰਹਿੰਦੇ ਹਨ, ਪੁੱਠੇ ਰਾਹਾਂ ਤੇ ਚਲਦੇ ਹਨ ਅਤੇ ਜੋ ਕ੍ਰੋਧ ਦੀ ਅਗਨ ਨਾਲ ਜਲ਼ਦੇ ਰਹਿਣ ਵਾਲੇ ਤੇ ਕਾਮਗ੍ਰਸਤ ਹਨ, ਉਹ ਸਾਰੇ ਇਸ ਕਲਯੁਗ ਵਿਚ ਭਗਵਤ ਕਥਾ ਨਾਲ ਪਵਿੱਤਰ ਹੋ ਜਾਂਦੇ ਹਨ।[2]



ਅਨੁ. ਪ੍ਰਕਾਸ਼ ਕੌਰ ਸੰਧੂ

ਕਿਹਾ ਗਿਆ ਹੈ ਕਿ ਜੋ ਫ਼ਲ ਤਪੱਸਿਆ, ਯੋਗ ਅਤੇ ਸਮਾਧੀ ਨਾਲ ਵੀ ਨਹੀਂ ਮਿਲਦਾ, ਉਹੀ ਫ਼ਲ ਸ਼੍ਰੀ ਹਰਿ ਕੀਰਤਨ ਨਾਲ ਭਲੀ-ਭਾਂਤ ਮਿਲ ਜਾਂਦਾ ਹੈ।[3] ਪੁਰਾਣਾਂ ਦੀ ਮਾਨਤਾ ਹੈ ਕਿ ਸਤਿ, ਤਰੇਤਾ ਅਤੇ ਦੁਆਪਰ, ਇੰਨ੍ਹਾਂ ਤਿੰਨਾਂ ਯੁਗਾਂ ਵਿੱਚ ਗਿਆਨ ਅਤੇ ਵਿਰਾਗ ਮੁਕਤੀ ਦੇ ਸਾਧਨ ਸਨ, ਪਰੰਤੂ ਕਲਯੁਗ ਵਿੱਚ ਤਾਂ ਸਿਰਫ਼ ਭਗਤੀ ਹੀ ਪਰਮੇਸ਼ਰ ਵਿਚ ਲੀਨ ਹੋਣ ਲਈ ਕਾਫ਼ੀ ਹੈ।[4] ਵਾਰ-ਵਾਰ ਇਸ ਗੱਲ ਤੇ ਜੋਰ ਦਿੱਤਾ ਗਿਆ ਹੈ ਕਿ ਸਤਿਯੁਗ ਵਿੱਚ

ਧਿਆਨ ਨਾਲ, ਤਰੇਤਾ ਵਿਚ ਯੱਗਾਂ ਦੁਆਰਾ, ਦੁਆਪਰ ਵਿੱਚ ਪੂਜਾ ਨਾਲ ਜੋ ਫ਼ਲ ਮਿਲਦਾ ਹੈ, ਉਹ ਸਾਰੇ ਫ਼ਲ ਇਸ ਕਲਯੁਗ ਵਿਚ ਸਿਰਫ਼ ਸ਼ੁੱਧ ਮਨ ਨਾਲ ਭਗਵਾਨ ਕ੍ਰਿਸ਼ਨ ਦਾ ਭਜਨ ਕਰਨ ਨਾਲ ਹੀ ਮਿਲ ਜਾਇਆ ਕਰਦੇ ਹਨ। ਕਲਯੁਗ ਵਿਚ ਮਨੁੱਖ ਧਰਮ ਦੀ ਅਤਿ ਜਿਆਦਾ ਸ੍ਰੇਸ਼ਠਤਾ ਪ੍ਰਾਪਤ ਕਰ ਲੈਂਦਾ ਹੈ ਅਤੇ ਧਰਮ ਦੇ ਗਿਆਤਾ ਮਨੁੱਖ ਬਹੁਤ ਥੋੜ੍ਹੀ ਜਿਹੀ ਮਿਹਨਤ ਨਾਲ ਧਰਮ ਦੀ ਉੱਤਮ ਸਾਧਨਾ ਕਰ ਲਿਆ ਕਰਦੇ ਹਨ। ਇਸ ਲਈ ਮੈਂ ਇਸ ਕਲਯੁਗ ਵਿਚ ਤੁਸ਼ਟ ਹੁੰਦਾ ਹਾਂ।[5] ਸਤਯੁਗ ਵਿੱਚ ਭਗਵਾਨ ਦਾ ਧਿਆਨ ਕਰਨ ਨਾਲ, ਤਰੇਤਾ ਵਿੱਚ ਵੱਡੇ ਵੱਡੇ ਯੱਗਾਂ ਦੁਆਰਾ ਉਸਦੀ ਪੂਜਾ ਕਰਨ ਨਾਲ ਅਤੇ ਦੁਆਪਰ ਵਿੱਚ ਵਿਧੀ ਅਨੁਸਾਰ ਉਸਦੀ ਪੂਜਾ-ਸੇਵਾ ਨਾਲ ਜੋ ਫ਼ਲ ਮਿਲਦਾ ਹੈ, ਉਹ ਕਲਯੁਗ ਵਿਚ ਸਿਰਫ਼ ਭਗਵਾਨ ਦੇ ਨਾਂ ਦਾ ਭਜਨ ਕਰਨ ਨਾਲ ਹੀ ਪ੍ਰਾਪਤ ਹੋ ਜਾਂਦਾ ਹੈ।[6] ਹਰਿ ਭਗਤੀ ਹੀ ਸਰਬ-ਉੱਚ ਹੁੰਦੀ ਹੈ। ਇਸ ਲਈ ਇਸ ਸੰਸਾਰ ਵਿੱਚ ਮਨੁੱਖਾਂ ਨੂੰ ਸਿਰਫ਼ ਇੱਕ ਸ਼੍ਰੀ ਹਰਿ ਦੀ ਭਗਤੀ ਹੀ ਕਰਨੀ ਚਾਹੀਦੀ ਹੈ। ਕਿਉਂਕਿ ਇਸ ਕਲ-ਯੁਗ ਵਿੱਚ ਉਹੀ ਇੱਕ ਅਜਿਹਾ ਸਾਧਨ ਹੈ ਜਿਸ ਨਾਲ ਉਨ੍ਹਾਂ ਦਾ ਭਲਾ ਹੋ ਸਕਦਾ ਹੈ, ਦੂਸਰੇ, ਦੁਆਪਰ ਆਦਿ ਯੁਗਾਂ ਵਿੱਚ ਮਨੁੱਖਾਂ ਨੂੰ ਧਰਮ ਦੇ ਕਰਮਾਂ ਦਾ ਸੇਵਨ ਕਰਨਾ ਕਲਿਆਣਕਾਰੀ ਹੁੰਦਾ ਹੈ। ਇਸ ਮਹਾਨ ਘੋਰ ਕਲਯੁਗ ਵਿਚ ਜੋ ਮਨੁੱਖ ਭਗਵਾਨ ਨਰਾਇਣ ਦਾ ਭਜਨ ਕਰਦਾ ਹੈ, ਉਹੀ ਪਰਮ ਧਾਰਮਿਕ ਮਨੁੱਖ ਹੈ। ਭਗਵਾਨ ਦਾਮੋਦਰ ਰਿਸ਼ੀਕੇਸ਼ ਪੁਰੂਹੂਤ ਅਤੇ ਸਨਾਤਨ ਸ਼੍ਰੀ ਹਰਿ ਨੂੰ ਜਿਸਨੇ ਆਪਣੇ ਹਿਰਦੇ ਵਿਚ ਵਸਾ ਲਿਆ ਹੈ ਉਹ ਪਰਮ ਸ਼ਾਂਤੀ ਨੂੰ ਪ੍ਰਾਪਤ ਕਰ ਲੈਂਦਾ ਹੈ, ਉਸਨੇ ਜਿਵੇਂ ਤਿੰਨਾਂ ਜਗਤ ਨੂੰ ਹੀ ਜਿੱਤ ਲਿਆ ਹੈ। ਇਹ ਕਲਯੁਗ ਰੂਪੀ ਮਹਾਵਿਸ਼ਧਾਰੀ ਨਾਗ ਹੈ। ਇਸਦੇ ਡੱਸਣ ਨਾਲ ਜੋ ਰੋਗ ਹੁੰਦਾ ਹੈ, ਉਹ ਮਹਾਕਾਲਕੂਟ ਹੁੰਦਾ ਹੈ। ਇਸਦੇ ਨਿਵਾਰਣ ਲਈ ਸ਼੍ਰੀ ਹਰਿ ਦਾ ਭਗਤੀ ਰੂਪੀ ਅਮ੍ਰਿਤ ਹੀ ਹੈ ਜਿਸ ਦਾ ਸੇਵਨ ਕਰਕੇ ਮਨੁੱਖ ਉਲੰਘਣਾ ਕਰਨ ਦੇ ਯੋਗ ਹੋ ਜਾਂਦਾ ਹੈ, ਅਰਥਾਤ ਫਿਰ ਉਸਤੇ ਇਸ ਜ਼ਹਿਰ ਦਾ ਕੋਈ ਵੀ ਪ੍ਰਭਾਵ ਨਹੀਂ ਹੁੰਦਾ।[7] ਇਹ ਘੋਰ ਕਲਯੁਗ ਮਹਾਸਾਗਰ ਹੈ ਅਤੇ ਇਸ ਵਿੱਚ ਪਾਪ ਰੂਪੀ ਵੱਡੇ-ਵੱਡੇ ਮਗਰਮੱਛ ਭਰੇ ਹੋਏ ਸਨ। ਇਸਤੋਂ ਮੁਕਤੀ ਪਾਉਣ ਦੇ ਲਈ ਵਿਸ਼ਨੂੰ ਦੀ ਭਗਤੀ ਹੀ ਇੱਕ ਅਚੂਕ ਉਪਾਅ ਹੈ। ਇਸ ਲਈ ਭਗਵਤ ਪੁਰਾਣ ਕਲਯੁਗ ਨੂੰ ਬਹੁਤ ਮਹੱਤਵ ਦਿੰਦਾ ਹੈ। ਕਿਹਾ ਗਿਆ ਹੈ ਕਿ ਉਂਝ ਤਾਂ ਕਲਯੁਗ ਦੋਸ਼ਾਂ ਦਾ ਭੰਡਾਰ ਹੈ, ਪਰੰਤੂ ਇਸ ਵਿਚ ਇੱਕ ਵੱਡਾ ਗੁਣ ਹੈ। ਉਹ ਗੁਣ ਇਹੀ ਹੈ ਕਿ ਕਲਯੁਗ ਵਿਚ ਸਿਰਫ਼ ਭਗਵਾਨ ਕ੍ਰਿਸ਼ਨ ਦਾ ਭਜਨ ਕਰਨ ਨਾਲ ਹੀ ਸਾਰੀ ਮੋਹ-ਮਾਇਆ ਤੋਂ ਮੁਕਤੀ ਮਿਲ ਜਾਂਦੀ ਹੈ ਅਤੇ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ।[8]

ਵਿਆਸ ਨੇ ਕਲਯੁਗ ਨੂੰ ਇਸ ਪੱਖੋਂ ਬੜਾ ਧੰਨ ਮੰਨਿਆ ਹੈ ਕਿ ਬਹੁਤ ਥੋੜੇ ਕਲੇਸ਼ਾਂ ਨੂੰ ਸਹਿਣ ਕਰਨ ਨਾਲ ਬਹੁਤ ਭਾਰੀ ਫ਼ਲ ਇਸ ਵਿੱਚ ਪ੍ਰਾਪਤ ਹੋ ਜਾਇਆ ਕਰਦਾ ਹੈ ਅਤੇ ਇਸ ਵਿੱਚ ਔਰਤ ਅਤੇ ਸ਼ੂਦਰ ਵੀ ਪਰਮ ਧੰਨ ਹੋ ਜਾਂਦੇ ਹਨ।[9] ਦਸ ਸਾਲਾਂ ਤਕ ਜੋ ਸਤਯੁਗ ਵਿੱਚ ਕਰਨ ਤੇ, ਇੱਕ ਸਾਲ ਦੇ ਸਮੇਂ ਵਿੱਚ ਤਰੇਤਾ ਵਿੱਚ ਜਿਸਦੇ ਕਰਨ ਤੇ ਅਤੇ ਦੁਆਪਰ ਵਿੱਚ ਇੱਕ ਮਹੀਨੇ ਤਕ ਕਰਨ ਤੇ ਜੋ ਪੁੰਨ ਫ਼ਲ ਪ੍ਰਾਪਤ ਹੋਇਆ ਕਰਦਾ ਹੈ, ਉਹ ਇਸ ਕਲਯੁਗ ਵਿੱਚ ਇਕ ਹੀ ਦਿਨ-ਰਾਤ ਕਰਨ ਨਾਲ ਬਹੁਤ ਥੋੜੇ ਸਮੇਂ ਵਿੱਚ ਹੀ ਮਿਲ ਜਾਇਆ ਕਰਦਾ ਹੈ।[10] ਇੱਥੋਂ ਤਕ ਕਿਹਾ ਗਿਆ ਹੈ ਕਿ ਤਪੱਸਿਆ ਦਾ, ਬ੍ਰਹਮਚਰਿਆ ਦਾ ਅਤੇ ਤਪ ਆਦਿ ਦਾ ਜੋ ਫ਼ਲ ਹੁੰਦਾ ਹੈ, ਉਸਨੂੰ ਮਨੁੱਖ ਕਲਯੁਗ ਵਿੱਚ ਚੰਗੇ ਬੋਲਾਂ ਨਾਲ ਹੀ ਪ੍ਰਾਪਤ ਕਰ ਲਿਆ ਕਰਦਾ ਹੈ।[11] ਕਲਯੁਗ ਵਿੱਚ ਮਨੁੱਖ ਵਧੇਰੇ ਧਰਮ ਦੀ ਤੁਸ਼ਟੀ ਕਰ ਲੈਂਦਾ ਹੈ ਅਤੇ ਧਰਮ ਦੇ ਗਿਆਤਾ ਬਹੁਤ ਹੀ ਥੋੜ੍ਹੀ ਮਿਹਨਤ ਨਾਲ ਧਰਮ ਦੀ ਸਰਬ-ਉੱਚ ਸਾਧਨਾ ਕਰ ਲਿਆ ਕਰਦੇ ਹਨ, ਇਸ ਲਈ ਮੈਂ ਇਸ ਜੁਗ ਵਿੱਚ ਹੁੰਦਾ ਹਾਂ।[12]

ਪਦਮ ਪੁਰਾਣ ਵਿੱਚ ਕਿਹਾ ਗਿਆ ਹੈ ਕਿ ਇਸ ਮਹਾ ਘੋਰ ਕਲਯੁਗ ਵਿੱਚ ਜਿਹੜੇ ਮਨੁੱਖ ਭਗਵਾਨ

ਨਰਾਇਣ ਦਾ ਭਜਨ ਕਰਿਆ ਕਰਦੇ ਹਨ, ਉਹੀ ਪਰਮ ਧਾਰਮਿਕ ਮਨੁੱਖ ਹਨ। ਭਗਵਾਨ ਦਾਮੋਦਰ ਰਿਸ਼ੀਕੇਸ਼ ਪੁਰੂਹੂਤ ਅਤੇ ਸਨਾਤਨ ਸ਼੍ਰੀ ਹਰਿ ਨੂੰ ਜਿਸਨੇ ਆਪਣੇ ਹਿਰਦੇ ਵਿੱਚ ਵਸਾ ਲਿਆ ਹੈ, ਉਹ ਪਰਮ ਸ਼ਾਂਤੀ ਨੂੰ ਪ੍ਰਾਪਤ ਕਰ ਲੈਂਦਾ ਹੈ, ਜਿਵੇਂ ਉਸਨੇ ਤਿੰਨ ਜਗਤ ਨੂੰ ਜਿੱਤ ਲਿਆ ਹੈ। ਇਹ ਕਲਯੁਗ ਰੂਪੀ ਮਹਾ ਵਿਸ਼ਧਾਰੀ ਨਾਗ ਹੈ, ਜਿਸਦੇ ਡੱਸਣ ਨਾਲ ਜੋ ਰੋਗ ਹੁੰਦਾ ਹੈ, ਉਹ ਮਹਾ ਕਾਲਕੂਟ ਹੀ ਹੁੰਦਾ ਹੈ, ਇਸਦੇ ਨਿਵਾਰਣ ਦੇ ਲਈ ਸ਼੍ਰੀ ਹਰਿ ਦਾ ਭਗਤੀ ਰੂਪੀ ਅੰਮ੍ਰਿਤ ਹੀ ਹੈ, ਜਿਸਦਾ ਸੇਵਨ ਕਰਕੇ ਮਨੁੱਖ ਉਲੰਘਣਾ ਦੇ ਯੋਗ ਹੋ ਜਾਂਦਾ ਹੈ। ਅਰਥਾਤ ਫਿਰ ਉਸਤੇ ਇਸ ਮਹਾਵਿਸ਼ ਦਾ ਕੋਈ ਪ੍ਰਭਾਵ ਨਹੀਂ ਹੁੰਦਾ। ਜੇਕਰ ਮਨੁੱਖਾਂ ਨੇ ਸ਼੍ਰੀ ਹਰਿ ਦੇ ਪੱਵਿੱਤਰ ਸ਼ੁਭ ਕਲਿਆਣਕਾਰੀ ਨਾਮ ਨੂੰ ਗ੍ਰਹਿਣ ਕਰ ਲਿਆ ਹੈ ਅਰਥਾਤ ਹਰਿ ਨਾਮ ਦਾ ਜਾਪ ਕਰਨਾ ਸ਼ੁਰੂ ਕਰ ਦਿੱਤਾ ਹੈ, ਫਿਰ ਹੋਰ ਮੰਤਰਾਂ ਦੇ ਜਾਪ ਅਤੇ ਧਾਰਮਿਕ ਵਿਧੀ-ਵਿਧਾਨ ਦੀ ਉਸਨੂੰ ਕੋਈ ਲੋੜ ਹੀ ਨਹੀਂ, ਉਸਦੇ ਹੋਰ ਸਾਰੇ ਜਾਪ ਵਿਅਰਥ ਹੀ ਹੁੰਦੇ ਹਨ।[13]

ਇਹ ਘੋਰ ਕਲਯੁਗ ਦਾ ਮਹਾਸਾਗਰ ਹੈ ਜਿਸ ਵਿੱਚ ਪਾਪ ਰੂਪੀ ਵੱਡੇ ਵੱਡੇ ਮਗਰਮੱਛ ਭਰੇ ਹੋਏ ਹਨ। ਇਸਤੋਂ ਮੁਕਤੀ ਪ੍ਰਾਪਤ ਕਰਨ ਦੇ ਲਈ ਵਿਸ਼ਨੂੰ ਦੀ ਭਗਤੀ ਹੀ ਇੱਕ ਅਚੂਕ ਉਪਾ ਹੈ।[14]

ਕਲਯੁਗ ਵਿਚ ਮਨੁੱਖ ਮਰਨ ਵੇਲੇ ਬੇਹਦ ਬੇਚੈਨੀ ਦੀ ਹਾਲਤ ਵਿਚ ਜਾਂ ਡਿੱਗਦੇ, ਤਿਲਕਦੇ ਸਮੇਂ ਮਜਬੂਰ ਹੋ ਕੇ ਵੀ ਜੇਕਰ ਭਗਵਾਨ ਦੇ ਕਿਸੇ ਇੱਕ ਨਾਂ ਦਾ ਉਚਾਰਨ ਕਰ ਲਿਆ ਜਾਵੇ ਤਾਂ ਉਸਦੇ ਸਾਰੇ ਕਰਮ ਬੰਧਨ ਤਹਿਸ-ਨਹਿਸ ਹੋ ਜਾਂਦੇ ਹਨ ਅਤੇ ਉਸਨੂੰ ਉੱਤਮ ਤੋਂ ਉੱਤਮ ਗਤੀ ਪ੍ਰਾਪਤ ਹੁੰਦੀ ਹੈ।[15] ਕਿਹਾ ਗਿਆ ਹੈ ਕਿ ਇਸ ਕਲਯੁਗ ਵਿੱਚ ਜੋ ਜੀਵ ਤੈਨੂੰ ਧਾਰਨ ਕਰਨਗੇ, ਉਹ ਪਾਪੀ ਹੋਣ ਤੇ ਵੀ ਬੇਖੌਫ਼ ਹੋ ਕੇ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਸ਼ਰਨ ਪ੍ਰਾਪਤ ਕਰਨਗੇ।[16] ਇਸ ਲਈ ਭਗਵਤ ਪੁਰਾਣ ਦਾ ਦਾਅਵਾ ਹੈ ਕਿ ਵਰਤ, ਤੀਰਥ, ਯੋਗ ਅਤੇ ਗਿਆਨ ਚਰਚਾ ਆਦਿ ਬਹੁਤ ਸਾਰੇ ਸਾਧਨਾਂ ਦੀ ਕੋਈ ਜ਼ਰੂਰਤ ਨਹੀਂ ਹੈ, ਇੱਕ ਮਾਤਰ ਭਗਤੀ ਹੀ ਮੁਕਤੀ ਦੇਣ ਵਾਲੀ ਹੈ।[17]

ਜਿਵੇਂ ਕਿ ਅਸੀਂ ਵੇਖਿਆ ਹੈ, ਪੁਰਾਣਾਂ ਵਿੱਚ ਕਿਹਾ ਗਿਆ ਹੈ ਕਿ ਕਲਯੁਗ ਵਿੱਚ ਅਨੇਕਾਂ ਦੋਸ਼ ਹਨ, ਸਾਰੀਆਂ ਵਸਤਾਂ ਦੂਸ਼ਿਤ ਹੋ ਜਾਂਦੀਆਂ ਹਨ, ਸਥਾਨਾਂ ਵਿੱਚ ਵੀ ਦੋਸ਼ਾਂ ਦੀ ਭਰਮਾਰ ਹੋ ਜਾਂਦੀ ਹੈ। ਸਭ ਦੋਸ਼ਾਂ ਦਾ ਮੂਲ ਸਰੋਤ ਤਾਂ ਮਨ ਹੈ ਹੀ, ਪਰੰਤੂ ਜਦੋਂ ਭਗਵਾਨ ਹਿਰਦੇ ਵਿੱਚ ਆ ਵਿਰਾਜਦੇ ਹਨ ਤਾਂ ਉਨ੍ਹਾਂ ਦੀ ਨੇੜਤਾ ਮਾਤਰ ਨਾਲ ਹੀ ਸਾਰੇ ਦੇ ਸਾਰੇ ਦੋਸ਼ ਨਸ਼ਟ ਹੋ ਜਾਂਦੇ ਹਨ। ਭਗਵਾਨ ਦੇ ਰੂਪ, ਗੁਣ, ਲੀਲ੍ਹਾ ਧਾਮ ਅਤੇ ਨਾਮ ਦੇ ਗਾਇਣ, ਕੀਰਤਨ, ਧਿਆਨ, ਪੂਜਨ ਅਤੇ ਆਦਰ ਨਾਲ ਉਹ ਮਨੁੱਖ ਦੇ ਹਿਰਦੇ ਵਿੱਚ ਵਿਰਾਜਮਾਨ ਹੋ ਜਾਂਦੇ ਹਨ। ਇੱਕ-ਦੋ ਜਨਮਾਂ ਦੇ ਪਾਪਾਂ ਦੀ ਤਾਂ ਗੱਲ ਹੀ ਕੀ, ਹਜ਼ਾਰਾਂ ਜਨਮਾਂ ਦੇ ਪਾਪਾਂ ਦੇ ਢੇਰ ਦੇ ਢੇਰ ਖਿਣ ਵਿੱਚ ਹੀ ਭਸਮ ਕਰ ਦਿੰਦੇ ਹਨ।[18] ਨਾਲ ਹੀ ਦੱਸਿਆ ਗਿਆ ਹੈ ਕਿ ਵਿੱਦਿਆ, ਤਪੱਸਿਆ, ਪ੍ਰਾਣਾਯਾਮ , ਸਾਰੇ ਪ੍ਰਾਣੀਆਂ ਦੇ ਪ੍ਰਤੀ ਮਿੱਤਰ ਭਾਵ, ਤੀਰਥ ਇਸ਼ਨਾਨ, ਵਰਤ, ਦਾਨ ਅਤੇ ਜਾਪ ਆਦਿ ਕਿਸੇ ਵੀ ਸਾਧਨ ਨਾਲ ਮਨੁੱਖ ਦੇ ਅੰਤਾਕਰਨ ਦੀ ਉਸ ਤਰ੍ਹਾਂ ਦੀ ਸ਼ੁੱਧੀ ਨਹੀਂ ਹੁੰਦੀ, ਜਿਹੋ ਜਿਹੀ ਭਗਵਾਨ ਪੁਰਸ਼ੋਤੱਮ ਦੇ ਹਿਰਦੇ ਵਿੱਚ ਵਿਰਾਜਮਾਨ ਹੋ ਜਾਣ ਤੇ ਹੁੰਦੀ ਹੈ।[19]

ਸਭ ਤੋਂ ਮਹੱਤਵ ਦੀ ਗੱਲ ਇਹ ਹੈ ਕਿ ਕਲਯੁਗ ਵਿੱਚ ਸ਼ੂਦਰ ਨੂੰ ਧੰਨ ਮੰਨਿਆ ਗਿਆ ਹੈ ਕਿਉਂਕਿ ਉਹ ਬ੍ਰਾਹਮਣਾਂ ਦੀ ਸੇਵਾ ਦੁਆਰਾ ਹੀ ਆਪਣੇ ਲੋਕਾਂ ਤੇ ਜਿੱਤ ਪ੍ਰਾਪਤ ਕਰ ਲਿਆ ਕਰਦਾ ਹੈ।[20] ਬ੍ਰਾਹਮ ਪੁਰਾਣ ਦਾ ਕਥਨ ਹੈ ਕਿ ਬ੍ਰਾਹਮਣਾਂ ਦੀ ਸੇਵਾ ਵਿੱਚ ਲੱਗੇ ਹੋਏ ਸ਼ੂਦਰਾਂ ਅਤੇ ਪਤੀ ਦੀ ਸੇਵਾ ਰਾਹੀਂ ਔਰਤਾਂ ਨੂੰ ਸਹਿਜੇ ਹੀ ਧਰਮ ਦੀ ਸਿੱਧੀ ਹੋ ਜਾਇਆ ਕਰਦੀ ਹੈ।[21] ਜਿਵੇਂ ਕਿ ਦੱਸਿਆ ਗਿਆ ਹੈ ਭਗਵਾਨ ਬ੍ਰਹਮ ਨੇ ਇਕਾਗਰ ਚਿੱਤ ਨਾਲ ਸਾਰੇ ਵੇਦਾਂ ਦਾ ਤਿੰਨ ਵਾਰੀ ਚਿੰਤਨ ਕਰਕੇ ਆਪਣੀ ਬੁੱਧੀ ਨਾਲ ਇਹੀ ਨਿਸ਼ਚਿਤ ਕੀਤਾ ਕਿ ਜਿਸ ਨਾਲ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਪ੍ਰਤੀ ਅਨੋਖਾ ਪਿਆਰ ਪ੍ਰਾਪਤ ਹੋਵੇ, ਉਹੀ ਸਰਬ-ਉੱਤਮ ਧਰਮ ਹੈ। ਇਸ ਲਈ ਮਨੁੱਖਾਂ ਨੂੰ ਚਾਹੀਦਾ ਹੈ ਕਿ ਸਾਰਾ ਸਮਾਂ ਅਤੇ ਸਾਰੀਆਂ

ਸਥਿਤੀਆਂ ਵਿੱਚ ਆਪਣੀ ਸੰਪੂਰਨ ਸ਼ਕਤੀ ਨਾਲ ਭਗਵਾਨ ਵਿਸ਼ਨੂੰ ਦਾ ਹੀ ਸਰਵਨ, ਭਜਨ ਅਤੇ ਸਿਮਰਨ ਕਰਨ।[22] ਭਗਵਤ ਪੁਰਾਣ ਵਿਚ ਭਗਤੀ ਨਾ ਕਰਨ ਵਾਲਿਆਂ ਦੀ ਭਰਪੂਰ ਨਿੰਦਾ ਕੀਤੀ ਗਈ ਹੈ। ਕਿਹਾ ਗਿਆ ਹੈ ਕਿ ਜੋ ਮਨੁੱਖ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਕਥਾ ਕਦੇ ਨਹੀਂ ਸੁਣਦਾ, ਉਸਦੇ ਕੰਨ ਛੇਦਾਂ ਦੇ ਵਾਂਗ ਹਨ। ਜੋ ਜੀਭ ਭਗਵਾਨ ਦੀਆਂ ਲੀਲ੍ਹਾਵਾਂ ਦਾ ਗਾਇਣ ਨਹੀਂ ਕਰਦੀ, ਉਹ ਡੱਡੂ ਦੀ ਜੀਭ ਵਾਂਗ ਟਰ-ਟਰ ਕਰਨ ਵਾਲੀ ਹੈ, ਉਸਦਾ ਤਾਂ ਨਾ ਰਹਿਣਾ ਹੀ ਚੰਗਾ ਹੈ।[23]

ਪੁਰਾਣ ਵਿੱਚ ਨੈਤਿਕ ਆਚਰਣ ਦੀ ਕਸੌਟੀ ਵੀ ਭਗਵਾਨ ਦੀ ਭਗਤੀ ਤੇ ਅਧਾਰਿਤ ਮੰਨੀ ਗਈ ਹੈ। ਬ੍ਰਾਹਮਾ ਨੇ ਨਾਰਦ ਨੂੰ ਦੱਸਿਆ ਕਿ ਮੈਂ ਪ੍ਰੇਮ-ਪੂਰਨ ਅਤੇ ਤਾਂਘ ਭਰੇ ਹਿਰਦੇ ਨਾਲ ਭਗਵਾਨ ਦੇ ਸਿਮਰਨ ਵਿੱਚ ਮਗਨ ਰਹਿੰਦਾ ਹਾਂ, ਇਸੇ ਕਾਰਣ ਮੇਰੀ ਵਾਣੀ ਕਦੇ ਅਸੱਤ ਨਹੀਂ ਹੁੰਦੀ, ਮੇਰਾ ਮਨ ਕਦੇ ਅਸੱਤ ਸੰਕਲਪ ਨਹੀਂ ਕਰਦਾ ਅਤੇ ਮੇਰੀਆਂ ਇੰਦਰੀਆਂ ਵੀ ਕਦੇ ਮਰਿਆਦਾ ਦੀ ਉਲੰਘਣਾ ਕਰਕੇ ਕੁਮਾਰਗ ਤੇ ਨਹੀਂ ਜਾਂਦੀਆਂ।[24]

ਇੱਥੇ ਯੋਗ ਨਾਲ ਭਗਤੀ ਦੀ ਤੁਲਨਾ ਕੀਤੀ ਗਈ ਹੈ। ਇਸ ਨਾਲ ਯੋਗ ਦੇ ਮਹੱਤਵ ਅਤੇ ਪ੍ਰਚਲਨ ਦਾ ਪਤਾ ਚਲਦਾ ਹੈ। ਇਹ ਭਗਤੀ ਵੇਦ ਦੇ ਅਨੁਸਾਰ ਸੀ ਅਤੇ ਯੋਗ ਦੀ ਵਿਚਾਰਧਾਰਾ ਇਸਦੇ ਉਲਟ ਸੀ। ਯੋਗ ਦਾ ਮਹੱਤਵ ਇਸਤੋਂ ਵੀ ਪਤਾ ਲਗਦਾ ਹੈ ਕਿ ਕਿਸੇ ਸਮੇਂ ਖੁਦ ਬ੍ਰਹਮਾ ਯੋਗ ਨੂੰ ਮੰਨਦੇ ਰਹੇ ਹਨ। ਪੁਰਾਣ ਵਿਚ ਬ੍ਰਹਮਾ ਨੇ ਦੱਸਿਆ ਕਿ "ਮੈਂ ਵੇਦਮੂਰਤੀ ਹਾਂ, ਮੇਰਾ ਜੀਵਨ ਤਪੱਸਿਆ ਮਈ ਹੈ। ਵੱਡੇ-ਵੱਡੇ ਰਾਜੇ ਮੇਰੀ ਬੰਦਨਾ ਕਰਦੇ ਹਨ ਅਤੇ ਮੈਂ ਉਨ੍ਹਾਂ ਦਾ ਸੁਆਮੀ ਹਾਂ। ਪਹਿਲਾਂ ਮੈਂ ਬੜੀ ਨਿਸ਼ਠਾ ਨਾਲ, ਪੂਰੇ ਵਿਧੀ-ਵਿਧਾਨ ਨਾਲ ਯੋਗ ਕੀਤਾ ਸੀ, ਪਰਤੂੰ ਮੈਂ ਆਪਣੇ ਮੂਲ ਕਾਰਣ ਪਰਮਾਤਮਾ ਦੇ ਸਰੂਪ ਨੂੰ ਨਹੀਂ ਜਾਣ ਸਕਿਆ।[25]

ਪੁਰਾਣ ਦੀ ਭਗਤੀ ਵਿਲੱਖਣ ਹੈ। ਭਗਤੀ ਵਿੱਚ ਪ੍ਰਤੱਖ ਦੁਸ਼ਮਨਾਂ ਨੂੰ ਵੀ ਸਮੇਟ ਲਿਆ ਗਿਆ ਹੈ ਅਤੇ ਉਹ ਵੀ ਸਿੱਧੇ-ਸਿੱਧੇ ਦੁਸ਼ਮਨੀ ਦੇ ਭਾਵ ਨਾਲ ਲੜ ਰਹੇ ਹਨ, ਜਿਵੇਂ ਮਹਾਭਾਰਤ ਵਿਚ ਸ਼ਿਸ਼ੂਪਾਲ ਵਰਗੇ ਦੁਸ਼ਮਨ ਇਸ ਲਈ ਮੋਕਸ਼ ਪ੍ਰਾਪਤ ਕਰ ਲੈਂਦੇ ਹਨ ਕਿਉਂਕਿ ਮਰਦਿਆਂ ਹੋਇਆਂ ਉਨ੍ਹਾਂ ਦੇ ਭਗਵਾਨ ਨੂੰ ਸਿਰਫ਼ ਵੇਖ ਹੀ ਲਿਆ ਸੀ। ਸ਼ਿਸ਼ੂਪਾਲ ਵਾਂਗ ਮਹਾਭਾਰਤ ਵਿੱਚ ਜਿੰਨ੍ਹਾ ਹੋਰ ਯੋਧਿਆਂ ਨੇ ਆਪਣੀਆਂ ਅੱਖਾਂ ਨਾਲ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਮਨਮੋਹਣੇ ਨੈਣਾਂ ਵਾਲੇ ਸੁਖ ਕਮਲ ਦਾ ਅਮ੍ਰਿਤ ਪਾਨ ਕਰਦਿਆਂ ਹੋਇਆਂ ਅਰਜੁਨ ਦੇ ਤੀਰਾਂ ਨਾਲ ਜ਼ਖ਼ਮੀ ਹੋ ਕੇ ਪ੍ਰਾਣ ਤਿਆਗ ਦਿੱਤੇ, ਉਹ ਪਵਿੱਤਰ ਹੋ ਕੇ ਸਾਰੇ ਦੇ ਸਾਰੇ ਪਰਮ ਧਾਮ ਨੂੰ ਪ੍ਰਾਪਤ ਹੋ ਗਏ।[26]

ਇੱਥੋਂ ਤੀਕ ਕਿ ਪੂਤਨਾ ਦੇ ਵੀ ਪਰਮ ਧਾਮ ਪ੍ਰਾਪਤ ਕਰਨ ਦੀ ਗੱਲ ਕਹੀ ਗਈ ਹੈ ਜਿਸਨੇ ਛਾਤੀਆਂ ਤੇ ਜ਼ਹਿਰ ਲਾ ਕੇ ਕ੍ਰਿਸ਼ਨ ਨੂੰ ਮਾਰ ਦੇਣ ਦੀ ਨੀਅਤ ਨਾਲ ਉਨ੍ਹਾਂ ਨੂੰ ਦੁੱਧ ਪਿਲਾਇਆ ਸੀ। ਬ੍ਰਹਮਾ ਨੇ ਦੱਸਿਆ ਕਿ ਮੈਂ ਰਾਖਸ਼ਾਂ ਨੂੰ ਵੀ ਭਗਵਾਨ ਦਾ ਭਗਤ ਸਮਝਦਾ ਹਾਂ ਕਿਉਂਕਿ ਵੈਰ ਭਾਵ ਤੋਂ ਪੈਦਾ ਹੋਏ ਗੁੱਸੇ ਦੇ ਕਾਰਨ ਉਨ੍ਹਾਂ ਦਾ ਚਿੱਤ ਸਦਾ ਸ਼੍ਰੀ ਕ੍ਰਿਸ਼ਨ ਵਿੱਚ ਲੱਗਾ ਰਹਿੰਦਾ ਸੀ ਅਤੇ ਉਨ੍ਹਾਂ ਨੂੰ ਯੁੱਧ ਭੂਮੀ ਵਿਚ ਸੁਦਰਸ਼ਨ ਚੱਕਰ ਧਾਰੀ ਭਗਵਾਨ ਨੂੰ ਮੋਢੇ ਤੇ ਬਿਠਾ ਕੇ ਝਪਟਦਿਆਂ ਹੋਇਆਂ ਗਰੁੜ ਜੀ ਦੇ ਦਰਸ਼ਨ ਹੋਇਆ ਕਰਦੇ ਸਨ।[27]

ਪੁਰਾਣ ਵਿੱਚ ਕਿਹਾ ਗਿਆ ਹੈ ਕਿ ਕਿਰਾਤ, ਹੂਣ, ਆਂਧਰ, ਪੁਲਿੰਦ, ਪੁਲਕਸ, ਆਭੀਰ, ਯਵਨ ਅਤੇ ਖਸ ਆਦਿ ਨੀਚ ਜਾਤੀਆਂ ਅਤੇ ਹੋਰ ਪਾਪੀ ਜਿੰਨ੍ਹਾਂ ਦੀ ਸ਼ਰਨ ਵਿਚ ਆਏ ਭਗਤਾਂ ਦੀ ਸ਼ਰਨ ਗ੍ਰਹਿਣ ਕਰਨ ਨਾਲ ਹੀ ਪਵਿੱਤਰ ਹੋ ਜਾਂਦੇ ਹਨ।[28]

ਭਗਵਾਨ ਦੀ ਘੋਸ਼ਣਾ ਹੈ ਕਿ ਅੰਤ ਵਿੱਚ ਮੇਰੀ ਅਟੱਲ ਭਗਤੀ ਨਾਲ ਹਿਰਦੇ ਦੀ ਸਾਰੀ ਵਾਸ਼ਨਾ ਰੂਪੀ ਮੈਲ਼ ਦੇ ਭਸਮ ਹੋ ਜਾਣ ਤੇ ਤੁਸੀਂ ਇਸ ਲੋਕ ਅਤੇ ਪਰਲੋਕ ਦੇ ਨਰਕ ਵਰਗੇ ਭੋਗਾਂ ਤੋਂ ਵਿਰਕਤ ਹੋ

ਕੇ ਮੇਰੇ ਪਰਮ ਧਾਮ ਨੂੰ ਆਉਗੇ।[29] ਜਿੰਨ੍ਹਾਂ ਲੋਕਾਂ ਦੇ ਕਰਮ ਭਗਵਤ ਬੁੱਧੀ ਦੇ ਅਨੁਸਾਰ ਹੁੰਦੇ ਹਨ ਅਤੇ ਜਿੰਨ੍ਹਾਂ ਦਾ ਸਾਰਾ ਸਮਾਂ ਮੇਰੀਆਂ ਕਥਾ ਵਾਰਤਾਵਾਂ ਵਿੱਚ ਹੀ ਗੁਜਰਦਾ ਹੈ, ਉਹ ਗ੍ਰਹਿਸਤ ਆਸ਼ਰਮ ਵਿੱਚ ਹੀ ਰਹਿਣ ਫਿਰ ਵੀ ਘਰ ਉਨ੍ਹਾਂ ਦੇ ਬੰਧਨ ਦੇ ਕਾਰਨ ਨਹੀਂ ਹੁੰਦੇ।[30] ਉਹ ਹਰ ਰੋਜ਼ ਮੇਰੀਆਂ ਲੀਲ੍ਹਾਵਾਂ ਸੁਣਦੇ ਰਹਿੰਦੇ ਹਨ, ਇਸ ਲਈ ਉਨ੍ਹਾਂ ਦੇ ਹਿਰਦੇ ਵਿੱਚ ਨਿੱਤ ਨਵਾਂ-ਨਵਾਂ ਜਿਹਾ ਲਗਦਾ ਰਹਿੰਦਾ ਹੈ ਅਤੇ ਮੈਨੂੰ ਪ੍ਰਾਪਤ ਕਰ ਲੈਣ ਤੇ ਨਾ ਜੀਵਾਂ ਨੂੰ ਮੋਹ ਹੋ ਸਕਦਾ ਹੈ, ਨਾ ਸੋਗ ਅਤੇ ਨਾ ਹੀ ਖੁਸ਼ੀ।[31]

ਵਰਨ ਵਿੱਚੋਂ ਛੇਕੇ ਹੋਏ ਚੰਡਾਲ ਆਦਿ ਨੀਚ ਜੂਨ ਦਾ ਮਨੁੱਖ ਵੀ ਭਗਵਾਨ ਦੇ ਨਾਮ ਦਾ ਸਿਰਫ਼ ਇੱਕ ਵਾਰੀ ਉਚਾਰਨ ਕਰਨ ਨਾਲ ਤਤਕਾਲ ਸੰਸਾਰ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ।[32]

ਭਗਵਾਨ ਦੀ ਸ਼ਰਨ ਵਿੱਚ ਰਹਿਣ ਵਾਲੇ ਭਗਤ ਜਨ, ਜੋ ਵਿਰਲੇ ਹੀ ਹੁੰਦੇ ਹਨ, ਸਿਰਫ਼ ਭਗਤੀ ਦੇ ਦੁਆਰਾ ਹੀ ਆਪਣੇ ਸਾਰੇ ਪਾਪਾਂ ਨੂੰ ਉਸੇ ਤਰ੍ਹਾਂ ਭਸਮ ਕਰ ਦਿੰਦੇ ਹਨ, ਜਿਵੇਂ ਸੂਰਜ ਕੋਰੇ-ਤ੍ਰੇਲ ਨੂੰ।[33] ਪਾਪੀ ਮਨੁੱਖ ਦੀ ਜਿਸ ਤਰ੍ਹਾਂ ਦੀ ਸ਼ੁੱਧੀ ਭਗਵਾਨ ਨੂੰ ਆਤਮ-ਸਮਰਪਣ ਕਰਨ ਅਤੇ ਉਨ੍ਹਾਂ ਦੇ ਭਗਤਾਂ ਦੀ ਸੇਵਾ ਕਰਨ ਨਾਲ ਹੁੰਦੀ ਹੈ, ਉਹੋ ਜਿਹੀ ਤਪੱਸਿਆ ਆਦਿ ਨਾਲ ਨਹੀਂ ਹੁੰਦੀ।[34] ਜੱਗ ਵਿਚ ਭਗਤੀ ਦਾ ਪਥ ਹੀ ਸਭ ਤੋਂ ਉੱਤਮ, ਭੈ-ਰਹਿਤ ਅਤੇ ਕਲਿਆਣਕਾਰੀ ਹੈ, ਕਿਉਂਕਿ ਇਸ ਮਾਰਗ ਤੇ ਭਗਵਾਨ ਦੇ ਭਗਤ, ਚੰਗੇ ਆਚਰਨ ਵਾਲੇ ਹੀ ਚਲਦੇ ਹਨ।[35]

ਜਿੰਨ੍ਹਾਂ ਨੇ ਆਪਣੇ ਪਰਮਾਤਮਾ ਦੇ ਗੁਣਾਂ ਅਨੁਸਾਰ ਚੱਲਣ ਵਾਲੇ ਮਨ ਰੂਪੀ ਭੌਰੇ ਨੂੰ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਚਰਨ ਕਮਲਾਂ ਦੇ ਅੰਮ੍ਰਿਤ ਦਾ ਇੱਕ ਵਾਰੀ ਪਾਨ ਕਰਾ ਦਿੱਤਾ, ਉਨ੍ਹਾਂ ਨੇ ਸਾਰੇ ਪ੍ਰਾਸਚਿਤ ਕਰ ਲਏ। ਉਹ ਸੁਪਨੇ ਵਿੱਚ ਵੀ ਯਮਰਾਜ ਅਤੇ ਉਸਦੇ ਦੂਤਾਂ ਨੂੰ ਨਹੀਂ ਵੇਖਦੇ, ਫਿਰ ਨਰਕ ਦੀ ਤਾਂ ਗੱਲ ਹੀ ਕੀ ਹੈ।[36] ਅਜਾਮਿਲ ਨਾਂ ਦੇ ਨੌਜਵਾਨ ਦਾਸੀ ਪੁੱਤਰ ਬ੍ਰਾਹਮਣ ਦੀ ਕਥਾ ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਅਜਾਮਿਲ ਦਾ, ਉਸਦੇ ਘੋਰ ਅੱਤਿਚਾਰੀ ਅਨਿਆਪੂਰਨ, ਦੁਸ਼ਟ ਕਰਮਾਂ ਦੇ ਬਾਵਜੂਦ ਮਰਦੇ ਵਕਤ ਸੰਜੋਗ ਨਾਲ ਨਰਾਇਣ ਨੂੰ ਬੁਲਾਉਣ 'ਤੇ, ਕਿਉਂਕਿ ਉਸਦੇ ਪੁੱਤਰ ਦਾ ਨਾਂ ਨਰਾਇਣ ਸੀ ਅਤੇ ਉਹ ਸਿਰਫ਼ ਆਪਣੇ ਪੁੱਤਰ ਨਰਾਇਣ ਨੂੰ ਬੁਲਾ ਰਿਹਾ ਸੀ, ਉਸਦਾ ਭਲਾ ਹੋ ਗਿਆ। ਕਿਹਾ ਗਿਆ ਹੈ ਕਿ ਇਸਨੇ ਮਜਬੂਰੀ ਵਿੱਚ ਹੀ ਸਹੀ, ਭਗਵਾਨ ਦੇ ਪਰਮ ਕਲਿਆਣਕਾਰੀ ਨਾਮ ਦਾ ਉਚਾਰਨ ਤਾਂ ਕੀਤਾ ਹੈ।[37] ਜਿਸ ਸਮੇਂ ਇਸਨੇ 'ਨਰਾਇਣ' ਇੰਨ੍ਹਾਂ ਚਾਰ ਅੱਖਰਾਂ ਦਾ ਉਚਾਰਨ ਕੀਤਾ, ਉਸੇ ਸਮੇਂ ਇੰਨੇ ਨਾਲ ਹੀ ਇਸ ਪਾਪੀ ਦੇ ਸਾਰੇ ਪਾਪਾਂ ਦਾ ਪ੍ਰਾਸਚਿਤ ਹੋ ਗਿਆ।[38] ਚੋਰ, ਸ਼ਰਾਬੀ, ਮਿੱਤਰ-ਧਰੋਹੀ ਬ੍ਰਹਮਘਾਤੀ, ਗੁਰੂ ਦੀ ਪਤਨੀ ਨਾਲ ਨਜਾਇਜ ਸੰਬੰਧ ਰੱਖਣ ਵਾਲਾ, ਅਜਿਹੇ ਲੋਕਾਂ ਦਾ ਸੰਗ ਕਰਨ ਵਾਲਾ, ਔਰਤ, ਰਾਜਾ, ਪਿਤਾ ਅਤੇ ਗਊ ਨੂੰ ਮਾਰਨ ਵਾਲਾ, ਭਾਵੇਂ ਕਿੰਨਾ ਹੀ ਵੱਡਾ ਪਾਪੀ ਹੋਵੇ, ਸਾਰਿਆਂ ਦੇ ਲਈ ਇਹੀ ਇੰਨਾ ਹੀ ਸਭ ਤੋਂ ਵੱਡਾ ਪ੍ਰਾਸਚਿਤ ਹੈ ਕਿ ਭਗਵਾਨ ਦੇ ਨਾਮ ਦਾ ਉਚਾਰਨ ਕੀਤਾ ਜਾਵੇ। ਕਿਉਂਕਿ ਭਗਵਾਨ ਦੇ ਨਾਮਾਂ ਦਾ ਉਚਾਰਨ ਕਰਨ ਨਾਲ ਮਨੁੱਖ ਦੀ ਬੁੱਧੀ ਭਗਵਾਨ ਦੇ ਗੁਣ, ਲੀਲ੍ਹਾ ਅਤੇ ਸਰੂਪ ਵਿਚ ਰਚ-ਵਸ ਜਾਂਦੀ ਹੈ ਅਤੇ ਖੁਦ ਭਗਵਾਨ ਦੀ ਉਸਦੇ ਪ੍ਰਤੀ ਆਤਮਿਕ ਬੁੱਧੀ ਹੋ ਜਾਂਦੀ ਹੈ।[39]

ਇਸ ਲਈ ਅਜਾਮਿਲ ਨੂੰ ਲੈ ਕੇ ਜਾਣ ਵਾਲੇ ਯਮਦੂਤਾਂ ਨੂੰ ਕਿਹਾ ਗਿਆ ਹੈ ਕਿ ਤੁਸੀਂ ਅਜਾਮਿਲ ਨੂੰ ਨਾ ਲੈ ਕੇ ਜਾਓ। ਇਸਨੇ ਸਾਰੇ ਪਾਪਾਂ ਦਾ ਪ੍ਰਾਸ਼ਚਿਤ ਕਰ ਲਿਆ ਹੈ, ਕਿਉਂਕਿ ਇਸਨੇ ਮਰਦੇ ਸਮੇਂ ਭਗਵਾਨ ਦੇ ਨਾਂ ਦਾ ਉਚਾਰਨ ਕੀਤਾ ਹੈ।[40]

ਭਗਵਤ ਪੁਰਾਣ ਵਿਚ ਦੱਸਿਆ ਗਿਆ ਹੈ ਕਿ ਵੱਡੇ ਵੱਡੇ ਮਹਾਤਮਾ ਇਹ ਗੱਲ ਜਾਣਦੇ ਹਨ ਕਿ ਇਸ਼ਾਰੇ ਵਿੱਚ (ਕਿਸੇ ਦੂਸਰੇ ਮਕਸਦ ਨਾਲ) ਮਜਾਕ ਵਿੱਚ, ਤਾਨ ਅਲਾਪਣ ਵੇਲੇ ਜਾਂ ਕਿਸੇ ਦੀ ਉਪੇਖਿਆ ਕਰਨ ਵਿੱਚ ਵੀ ਜੇਕਰ ਕੋਈ ਭਗਵਾਨ ਦੇ ਨਾਵਾਂ ਦਾ ਉਚਾਰਨ ਕਰਦਾ ਹੈ ਤਾਂ ਉਸਦੇ ਸਾਰੇ

ਪਾਪ ਨਸ਼ਟ ਹੋ ਜਾਂਦੇ ਹਨ।[41] ਜੋ ਮਨੁੱਖ ਡਿੱਗਣ ਸਮੇਂ ਪੈਰ ਤਿਲਕਣ ਤੇ, ਅੰਗ-ਭੰਗ ਹੁੰਦੇ ਸਮੇਂ ਅਤੇ ਸੱਪ ਦੁਆਰਾ ਡੱਸਣ, ਅੱਗ ਵਿੱਚ ਸੜਨ ਅਤੇ ਸੱਟ ਲਗਦੇ ਸਮੇਂ ਵੀ ਮਜਬੂਰੀ ਨਾਲ ਹਰਿ-ਹਰਿ ਕਹਿ ਕੇ ਭਗਵਾਨ ਦੇ ਨਾਮ ਦਾ ਉਚਾਰਨ ਕਰ ਲੈਂਦਾ ਹੈ, ਉਹ ਯਾਤਨਾ ਦਾ ਪਾਤਰ ਨਹੀਂ ਰਹਿ ਜਾਂਦਾ।[42] ਵੱਡੇ ਤੋਂ ਵੱਡੇ ਪਾਪਾਂ ਦਾ ਸਭ ਤੋਂ ਉੱਤਮ, ਅੰਤਿਮ ਅਤੇ ਪਾਪ-ਵਾਸ਼ਨਾਵਾਂ ਨੂੰ ਵੀ ਨਿਰਮੂਲ ਕਰ ਦੇਣ ਵਾਲਾ ਪ੍ਰਾਸਚਿਤ ਇਹੀ ਹੈ ਕਿ ਕੇਵਲ ਭਗਵਾਨ ਦੇ ਗੁਣਾਂ, ਲੀਲ੍ਹਾ ਅਤੇ ਨਾਵਾਂ ਦਾ ਭਜਨ ਕੀਤਾ ਜਾਵੇ। ਇਸੇ ਨਾਲ ਸੰਸਾਰ ਦਾ ਕਲਿਆਣ ਹੋ ਸਕਦਾ ਹੈ।[43]

ਭਗਵਤ ਪੁਰਾਣ ਦੇ ਰਾਖਸ਼ ਬਾਲਕਾਂ ਨੂੰ ਉਪਦੇਸ਼ ਦਿੱਤਾ ਗਿਆ ਹੈ ਕਿ ਭਗਵਾਨ ਨੂੰ ਪ੍ਰਸੰਨ ਕਰਨ ਦੇ ਲਈ ਬ੍ਰਾਹਮਣ, ਦੇਵਤਾ ਜਾਂ ਰਿਸ਼ੀ ਹੋਣਾ, ਸਦਾਚਾਰ ਅਤੇ ਵਿਭਿੰਨ ਗਿਆਨਾਂ ਨਾਲ ਭਰਪੂਰ ਹੋਣਾ ਅਤੇ ਦਾਨ, ਤਪ, ਯੱਗ, ਸਰੀਰਕ ਅਤੇ ਮਾਨਸਿਕ ਸ਼ੁੱਧੀ ਤੇ ਵੱਡੇ ਵੱਡੇ ਵਰਤਾਂ ਦਾ ਵਿਧਾਨ ਕਾਫ਼ੀ ਨਹੀਂ ਹੈ।[44] ਭਗਵਾਨ ਸਿਰਫ਼ ਨਿਸ਼ਕਾਮ ਪ੍ਰੇਮ-ਭਗਤੀ ਨਾਲ ਹੀ ਪ੍ਰਸਨ ਹੁੰਦੇ ਹਨ, ਬਾਕੀ ਸਭ ਤਾਂ ਵਿਡੰਬਣ ਮਾਤਰ ਹੈ। ਇਸ ਲਈ ਰਾਖਸ਼-ਬਾਲਕੋ ! ਸਾਰੇ ਪ੍ਰਾਣੀਆਂ ਨੂੰ ਆਪਣੇ ਬਰਾਬਰ ਹੀ ਸਮਝ ਕੇ ਹਰ ਥਾਂ ਵਿਰਾਜਮਾਨ, ਸਰਬ-ਸ਼ਕਤੀਮਾਨ ਭਗਵਾਨ ਦੀ ਭਗਤੀ ਕਰੋ।[45] ਭਗਵਾਨ ਦੀ ਭਗਤੀ ਦੇ ਪ੍ਰਭਾਵ ਨਾਲ ਰਾਖਸ਼, ਯਕਸ਼, ਔਰਤਾਂ, ਸ਼ੂਦਰ, ਗਵਾਲੇ, ਪੰਛੀ, ਮਿਰਗ ਅਤੇ ਬਹੁਤ ਸਾਰੇ ਪਾਪੀ ਜੀਵ ਵੀ ਪਰਮ-ਧਾਮ ਨੂੰ ਪ੍ਰਾਪਤ ਹੋ ਗਏ ਹਨ।[46] ਇਸ ਸੰਸਾਰ ਵਿੱਚ ਜਾਂ ਮਨੁੱਖੀ ਸਰੀਰ ਵਿੱਚ ਜੀਵ ਦਾ ਸਭ ਤੋਂ ਵੱਡਾ ਸੁਆਰਥ ਅਰਥਾਤ ਇੱਕ-ਮਾਤਰ ਪਰਮਾਰਥ ਇੰਨਾ ਹੀ ਹੈ ਕਿ ਉਹ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਭਗਤੀ ਪ੍ਰਾਪਤ ਕਰੇ। ਉਸ ਭਗਤੀ ਦਾ ਸਰੂਪ ਹੈ ਸਦਾ, ਹਰ ਥਾਂ, ਸਭ ਵਸਤਾਂ ਵਿੱਚ ਭਗਵਾਨ ਦਾ ਦਰਸ਼ਨ।[47] ਭਗਵਤ ਪੁਰਾਣ ਵਿੱਚ ਪ੍ਰਹਿਲਾਦ ਤੋਂ ਅਖਵਾਇਆ ਗਿਆ ਹੈ ਕਿ ਧਨ, ਕੁਲੀਨਤਾ, ਰੂਪ, ਤਪ, ਵਿੱਦਿਆ, ਤੇਜ, ਪ੍ਰਭਾਵ, ਸ਼ਕਤੀ, ਪੁਰਸ਼ਾਰਥ, ਬੁੱਧੀ ਅਤੇ ਯੋਗ ਇਹ ਸਾਰੇ ਗੁਣ ਪਰਮ ਪਰਮਾਤਮਾ ਨੂੰ ਸਤੁੰਸਟ ਕਰਨ ਦੇ ਸਮਰੱਥ ਨਹੀਂ ਹਨ। ਪਰੰਤੂ ਭਗਤੀ ਨਾਲ ਤਾਂ ਭਗਵਾਨ ਰਜੇਂਦਰ ਵੀ ਪ੍ਰਸਨ ਹੋ ਗਏ ਸਨ।[48] ਮੇਰੀ ਸਮਝ ਅਨੁਸਾਰ ਇੰਨ੍ਹਾਂ ਬਾਰਾਂ ਗੁਣਾਂ ਨਾਲ ਯੁਕਤ ਬ੍ਰਾਹਮਣ ਜੇਕਰ ਭਗਵਾਨ ਵਿਸ਼ਨੂੰ ਦੇ ਚਰਨ ਕਮਲਾਂ ਤੋਂ ਵਿਮੁੱਖ ਹੋਵੇ ਤਾਂ ਉਸ ਨਾਲੋਂ ਉਹ ਚੰਡਾਲ ਚੰਗਾ ਹੈ ਜਿਸਨੇ ਆਪਣੇ ਮਨ, ਵਚਨ, ਕਰਮ, ਧਨ ਅਤੇ ਪ੍ਰਾਣ ਭਗਵਾਨ ਦੇ ਚਰਨਾਂ ਵਿੱਚ ਸਮਰਪਿਤ ਕਰ ਰੱਖੇ ਹਨ। ਉਹ ਚੰਡਾਲ ਤਾਂ ਆਪਣੇ ਕੁਲ ਨੂੰ ਪਵਿੱਤਰ ਕਰ ਦਿੰਦਾ ਹੈ ਅਤੇ ਵਡੱਪਣ ਦਾ ਘੁਮੰਡ ਕਰਨ ਵਾਲਾ ਉਹ ਬ੍ਰਾਹਮਣ ਆਪਣੇ-ਆਪ ਨੂੰ ਵੀ ਪਵਿੱਤਰ ਨਹੀਂ ਕਰ ਸਕਦਾ।[49]

ਮੈਤਰਯੇ ਨੇ ਵਿਦੁਰ ਨੂੰ ਦੱਸਿਆ ਕਿ ਭਗਵਾਨ ਦੇ ਲ੍ਹੀਲਾਮਈ ਚਰਿੱਤਰ ਭਜਨ-ਯੋਗ ਹਨ ਅਤੇ ਉਨ੍ਹਾਂ ਵਿੱਚ ਲੀਨ ਹੋਈ ਬੁੱਧੀ ਸਭ ਪ੍ਰਕਾਰ ਦੇ ਪਾਪ-ਦੋਸ਼ਾਂ ਨੂੰ ਦੂਰ ਕਰ ਦਿੰਦੀ ਹੈ। ਜੋ ਵਿਅਕਤੀ ਉਨ੍ਹਾਂ ਦੀ ਇਸ ਮੰਗਲਮਈ ਮਜੁੰਲ ਕਥਾ ਨੂੰ ਭਗਤੀ ਭਾਵ ਨਾਲ ਸੁਣਦਾ ਜਾਂ ਸੁਣਾਉਂਦਾ ਹੈ, ਉਸਦੇ ਪ੍ਰਤੀ ਭਗਤਾਂ ਤੇ ਦਿਆ ਕਰਨ ਵਾਲੇ ਭਗਵਾਨ ਹਿਰਦੇ ਤੋਂ ਬਹੁਤ ਹੀ ਜਲਦੀ ਪ੍ਰਸੰਨ ਹੋ ਜਾਂਦੇ ਹਨ।[50]

ਕਥਾ ਨੂੰ ਆਤਮਸਾਤ ਕਰਨ ਦਾ ਮਹੱਤਵ ਤਾਂ ਹੁੰਦਾ ਹੀ ਹੈ, ਬਲਕਿ ਸੁਣਨ ਵਿੱਚ ਚਮਤਕਾਰੀ ਫ਼ਲ ਵੀ ਜੋੜ ਦਿੱਤਾ ਜਾਂਦਾ ਸੀ। ਧਰਤੀ ਦਾ ਕਲਿਆਣ ਕਰਨ ਦੇ ਲਈ ਨਰਸਿੰਗ ਦਾ ਰੂਪ ਧਾਰਨ ਕਰਨ ਵਾਲੇ ਵਿਸ਼ਨੂੰ ਦੀ ਇਸ ਹਿਰਣਯਾਕਸ਼ ਵਧ ਨਾਂ ਦੀ ਪਰਮ ਅਲੌਕਿਕ ਲ੍ਹੀਲਾ ਨੂੰ ਜੋ ਮਨੁੱਖ ਸੁਣਦਾ ਹੈ, ਗਾਉਂਦਾ ਜਾਂ ਉਸਨੂੰ ਸਵੀਕਾਰ ਕਰਦਾ ਹੈ, ਉਹ ਬ੍ਰਹਮ ਹੱਤਿਆ ਵਰਗੇ ਪਾਪ ਤੋਂ ਵੀ ਆਸਾਨੀ ਨਾਲ ਛੁਟਕਾਰਾ ਪਾ ਲੈਂਦਾ ਹੈ।[51]

ਹੇ ਭਗਵਾਨ ! ਤੁਹਾਡੇ ਨਾਵਾਂ ਨੂੰ ਸੁਣਨ ਜਾਂ ਭਜਨ ਕਰਨ ਨਾਲ ਅਤੇ ਭੁੱਲ-ਭੁਲੇਖੇ ਕਦੇ ਤੁਹਾਡੀ ਪੂਜਾ ਜਾਂ ਯਾਦ ਕਰਨ ਨਾਲ ਹੀ ਕੁੱਤੇ ਦਾ ਮਾਸ ਖਾਣ ਵਾਲਾ ਚੰਡਾਲ ਵੀ ਸੋਮ ਯੱਗ ਕਰਨ ਵਾਲੇ

ਬ੍ਰਾਹਮਣ ਵਾਂਗ ਪੂਜਨ ਯੋਗ ਬਣ ਜਾਂਦਾ ਹੈ, ਫਿਰ ਤੁਹਾਡੇ ਦਰਸ਼ਨ ਕਰਨ ਨਾਲ ਤਾਂ ਮਨੁੱਖ ਧੰਨ ਹੋ ਜਾਵੇ, ਇਸ ਬਾਰੇ ਤਾਂ ਕਹਿਣਾ ਹੀ ਕੀ ਹੈ।[52] ਉਹ ਚੰਡਾਲ ਵੀ ਇਸੇ ਕਾਰਨ ਸਰਬ-ਸ੍ਰੇਸ਼ਠ ਹੈ ਕਿ ਉਸਦੀ ਜੀਭ ਦੇ ਅਗਲੇ ਭਾਗ ਤੇ ਤੁਹਾਡਾ ਨਾਂ ਵਿਰਾਜਮਾਨ ਹੈ। ਜੋ ਉੱਤਮ ਪੁਰਖ ਤੁਹਾਡਾ ਨਾਂ ਉਚਾਰਨ ਕਰਦੇ ਹਨ, ਉਨ੍ਹਾਂ ਨੇ ਤਪ, ਹਵਨ, ਤੀਰਥ ਇਸ਼ਨਾਨ ਸਦਾਚਾਰ ਦੀ ਪਾਲਣਾ ਅਤੇ ਵੇਦਾਂ ਦਾ ਅਧਿਐਨ ਸਭ ਕੁਝ ਕਰ ਲਿਆ ਹੈ।[53]

ਭਗਤੀ ਦਾ ਇਸ ਤਦ ਤਕ ਸਰਲ ਕੀਤਾ ਹੋਇਆ ਸਰੂਪ ਚੌਂਕਾਉਣ ਵਾਲਾ ਤਾਂ ਹੈ ਹੀ ਪਰ ਇਸਤੋਂ ਵੀ ਵਧ ਕੇ ਹੈਰਾਨੀਜਨਕ ਹੈ। ਭਗਤੀ ਦਾ ਇਸ ਤਕ ਤਕ ਕਲਯੁਗ ਨਾਲ ਸੰਬੰਧਿਤ ਹੋਣ ਦਾ ਕਾਰਨ ਉਸ ਦੌਰ ਦੇ ਸਮਾਜ-ਆਰਥਿਕ ਆਧਾਰਾਂ ਵਿੱਚ ਤਲਾਸ਼ ਕੀਤਾ ਜਾ ਸਕਦਾ ਹੈ। ਈਸਵੀਂ ਸੰਨ ਦੀਆਂ ਸੁਰੂਆਤੀ ਸਦੀਆਂ ਵਿਚ ਵਰਣ-ਵਿਵਸਥਾ ਵਿੱਚ ਸਥਾਪਿਤ ਪ੍ਰਾਚੀਨ ਉਤਪਾਦਨ ਸੰਬੰਧਾਂ ਨੂੰ ਇੱਕ ਗੰਭੀਰ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ। ਪ੍ਰਾਚੀਨ ਕਬਾਇਲੀ ਅਤੇ ਯੱਗ ਸੰਬੰਧੀ ਵਿਵਸਥਾ ਨੂੰ ਸਿਕੰਦਰ ਦੇ ਹਮਲੇ, ਮਗਧ ਦੀ ਜਿੱਤ, ਖੇਤੀ ਵਿਕਾਸ, ਦੂਸਰੇ ਨਗਰੀਕਰਣ, ਬੌਧ, ਜੈਨ ਵਰਗੇ ਅਹਿੰਸਾਵਾਦੀ ਅੰਦੋਲਨਾਂ ਨੇ ਤਹਿਸ-ਨਹਿਸ ਕਰ ਦਿੱਤਾ ਸੀ। ਕ੍ਰਿਸ਼ਨ ਦੀ ਪੂਜਾ ਪੰਜਾਬ ਵਿੱਚ ਵੀ ਵੈਦਿਕ ਕਰਮ-ਕਾਂਡ ਦੀ ਸੂਚਕ ਸੀ।[54] ਕੋਸਾਂਭੀ ਨੇ ਦੱਸਿਆ ਹੈ ਕਿ ਇਸ ਤਰ੍ਹਾਂ ਪਹਿਲੀ ਵਾਰੀ ਮਹੱਤਵਪੂਰਨ ਵਰਗ ਕਬਾਇਲੀ ਬੰਧਨਾਂ ਅਤੇ ਰਵਾਇਤੀ ਵੈਦਿਕ ਕਰਮ ਕਾਂਡੀ ਫ਼ਰਜ਼ਾਂ ਤੋਂ ਮੁਕਤ ਹੋ ਗਿਆ ਸੀ।[55]

ਮੌਰਿਆ ਦਾ ਸ਼ਾਸਨ-ਕਾਲ, ਅੰਤਿਮ ਮੌਰਿਆ ਸਮਰਾਟ ਵਹ੍ਰਿਦਰਥ ਦੀ ਈ. ਪੂ. 184 ਦੇ ਆਸ-ਪਾਸ ਸੈਨਾਪਤੀ ਸ਼ੁੰਗਵੰਸ਼ ਦੇ ਪਸ਼ਿਏ ਮਿਤਰ ਦੁਆਰਾ ਹੱਤਿਆ ਨਾਲ ਖਤਮ ਹੋ ਗਿਆ ਸੀ।

ਯੂਨਾਨੀ ਪਹਿਲਾਂ ਹੀ ਮੌਰਿਆ ਦੇ ਪ੍ਰਦੇਸ਼ਕ ਰਾਜ ਪਾਲ ਸੁਭਗਸੇਨ ਤੋਂ ਕਾਬੁਲਘਾਟੀ ਖੋਹ ਕੇ, ਯੁਕਰੇਟਿਡੀਜ਼ ਦੀ ਅਗਵਾਈ ਵਿਚ, ਪੰਜਾਬ ਵਿਚ ਅੱਗੇ ਵਧ ਆਏ ਸਨ। ਮਿਨੇਨਡਰ ਨੇ ਸਿਆਲਕੋਟ ਵਿੱਚ ਆਪਣੀ ਰਾਜਧਾਨੀ ਬਣਾ ਲਈ ਸੀ, ਜਿੱਥੋਂ ਉਹ ਗੰਗਾ ਘਾਟੀ ਵਿੱਚ ਫ਼ੈਜਾਬਾਦ ਅਤੇ ਸ਼ਾਇਦ ਪਟਨਾ ਵਲ ਵਧਣ ਲੱਗਾ। ਦੱਖਣ ਤੋਂ ਸਾਤਵਾਹਨਾਂ ਦੇ ਵੀ ਹਮਲੇ ਹੋ ਰਹੇ ਸਨ। ਫਿਰ ਵੀ ਬਹੁਤ ਘੱਟ ਸਮੇਂ ਤੱਕ ਜਿੰਦਾ ਰਹਿਣ ਵਾਲੇ ਸ਼ੁੰਗਵੰਸ਼ ਦੀਆਂ ਆਪਣੀਆਂ ਸੰਸਕ੍ਰਿਤਕ ਪ੍ਰਾਪਤੀਆਂ ਰਹੀਆਂ ਹਨ। ਪੰਜਾਹ ਈ. ਪੂ. ਵਿੱਚ ਸ਼ਕਾਂ ਦੀ ਭਾਰਤ ਵਿੱਚ ਇੱਕ ਹਮਲਾਵਰ ਦੇ ਰੂਪ ਵਿੱਚ ਆਮਦ ਹੋਈ। ਸ਼ਕ ਮੱਧ ਏਸ਼ੀਆ ਦੇ ਲੁਟ-ਮਾਰ ਕਰਨ ਵਾਲੇ ਕਬੀਲਿਆਂ ਵਿੱਚ ਬੜੀ ਹੀ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਜਾਤੀ ਦੇ ਸਨ। ਮਸੋਪੋਤਾਮਿਯਾ, ਹਖਮਨੀ ਅਤੇ ਯੂਨਾਨੀ ਗ੍ਰੰਥਾਂ ਤੋਂ ਇਹ ਸਪਸ਼ਟ ਪਤਾ ਚੱਲਿਆ ਹੈ ਕਿ ਈਸਵੀ ਪੂਰਵ ਦੂਸਰੀ ਹਜਾਰਵੀ ਸ਼ਤਾਬਦੀ ਤੋਂ ਦੂਸਰੀ ਸਤਾਬਦੀ ਤਕ ਇੰਨਾਂ ਸਾਰੀਆਂ ਮਨੁੱਖੀ ਗਤੀਵਿਧੀਆਂ ਤੇ ਆਪਣਾ ਅਧਿਕਾਰ ਬਣਾਈ ਰੱਖਿਆ ਹੈ। ਸਿੰਧੂ, ਤਕਸ਼ਿਲਾ, ਮਥੁਰਾ, ਮਾਲਵਾ ਅਤੇ ਮਹਾਰਾਸ਼ਟਰ, ਸ਼ਕਾਂ ਦੇ ਵਿਆਪਕ ਸਾਮਰਾਜ ਦੇ ਕੇਂਦਰ ਸਨ। ਰਮਾਇਣ, ਮਹਾਭਾਰਤ, ਮਨੁਸੰਘਿਤਾ ਅਤੇ ਮਹਾਭਾਸ਼ਯੇ ਸਾਰਿਆਂ ਵਿੱਚ ਇਨ੍ਹਾਂ ਦਾ ਵਰਨਣ ਕੀਤਾ ਗਿਆ ਹੈ। ਮਨੁ ਨੇ ਹੀਣ ਖਤਰੀਆਂ ਦੇ ਰੂਪ ਵਿੱਚ ਇਨ੍ਹਾਂ ਨੂੰ ਸਵੀਕਾਰ ਕੀਤਾ ਹੈ। ਉਹ ਬੋਧ, ਸ਼ੈਵ, ਵੈਸ਼ਨਵ ਮਤਾਂ ਵਲ ਆਕਰਸ਼ਿਤ ਹੋਏ। ਉਨੀਂ ਦਿਨੀਂ ਵੈਸ਼ਨਵ ਧਰਮ ਦਾ ਆਧਾਰ ਬੜਾ ਹੀ ਵਿਆਪਕ ਸੀ। ਉਸਦੇ ਸਭ ਤੋਂ ਹਰਮਨ ਪਿਆਰੇ ਭਾਗ ਤੇ ਕ੍ਰਿਸ਼ਨ ਦਾ ਪ੍ਰਭਾਵ ਸੀ, ਜੋ ਨਾ ਕੇਵਲ ਪੁਰੋਹਿਤਵਾਦ ਅਤੇ ਕਰਮਕਾਂਡ ਤੋਂ ਪਰੇ ਸੀ, ਇੰਦਰ ਦਾ ਵੀ ਦੁਸ਼ਮਣ ਸੀ। ਇਸਨੂੰ ਗਵਾਲਿਆਂ ਦੀ ਤੁੱਛ ਜਾਤੀ ਦਾ ਮੰਨਿਆ ਗਿਆ ਹੈ। ਬਾਅਦ ਵਿੱਚ ਉਸਨੂੰ ਅਹੀਰ ਕਿਹਾ ਗਿਆ ਜੋ ਇੱਕ ਵਿਦੇਸ਼ੀ ਜਾਤੀ ਸੀ। ਉੱਤਰ ਵਿੱਚ 78 ਈਸਵੀ ਤੋਂ ਲੈ ਕੇ ਤੀਸਰੀ ਸ਼ਤਾਬਦੀ ਤੱਕ ਕੁਸ਼ਾਣਾਂ ਦੇ ਮਹਾ ਪ੍ਰਤਾਪੀ ਰਾਜਵੰਸ਼ ਦਾ ਰਾਜ ਰਿਹਾ ਜੋ ਚੌਥੀ ਸ਼ਤਾਬਦੀ ਵਿੱਚ ਪੂਰਬ-ਪੱਛਮ ਤੋਂ ਹੋਣ ਵਾਲੇ ਹਮਲਿਆਂ ਦੇ ਕਾਰਣ ਹੌਲੀ ਹੌਲੀ ਕਮਜ਼ੋਰ ਹੁੰਦਾ ਹੋਇਆ ਨਸ਼ਟ ਹੋ ਗਿਆ।

ਕੁਸ਼ਾਣਾਂ ਦਾ ਰਾਜ ਉਨ੍ਹਾਂ ਦੀ ਮਧ ਏਸ਼ੀਆਈ ਜਨਮ-ਭੂਮੀ ਤੋਂ ਲੈ ਕੇ ਪੰਜਾਬ ਅਤੇ ਉੱਤਰ ਪ੍ਰਦੇਸ਼ ਤਕ ਫੈਲਿਆ ਹੋਇਆ ਸੀ। ਇਸ ਲਈ ਪੁਰਾਣੇ ਉੱਤਰਾ ਪਥ ਅਤੇ ਏਸ਼ੀਆਈ ਦੇਸ਼ ਵਿੱਚ ਵਪਾਰ ਫਿਰ ਤੋਂ ਵਧਣ-ਫੁੱਲਣ ਲੱਗਾ ਅਤੇ ਉਸੇ ਦੇ ਨਾਲ ਬੋਧ ਸਿਧਾਂਤਾਂ ਤੇ ਭਾਰਤੀ ਸੰਸਕ੍ਰਿਤੀ ਦਾ ਵੀ ਪ੍ਰਸਾਰ ਹੋਇਆ। ਕੁਸ਼ਾਣ ਵੰਸ਼ ਦੇ ਸੰਸਥਾਪਕ ਕਨਿਸ਼ਕ ਪਹਿਲੇ ਨੇ ਕਿਸੇ ਨਾਂ ਤੋਂ ਬਿਨਾਂ ਸਿਰਫ਼ 'ਮਹਾਪਾਤਰ' ਦੀ ਉਪਾਧੀ ਅਤੇ ਸ਼ੈਲੀ ਦੇ ਸਿੱਕੇ ਚਲਾਏ। ਕਨਿਸ਼ਕ ਦੇ ਸਮੇਂ ਸਰਵਾਸਿਤਵਾਦੀ ਸ਼ਾਖਾ ਦੇ ਮਹਾਨ ਦਾਰਸ਼ਨਿਕਾਂ ਦਾ ਯੋਗਦਾਨ ਭਾਰਤੀ ਦਾਰਸ਼ਨਿਕ ਰਵਾਇਤ ਦੀ ਪ੍ਰਾਪਤੀ ਹੈ। ਵਿਭਾਸ਼ਾ ਸ਼ਾਸਤਰ ਨਾਂ ਦੇ ਮਹਾਨ ਗ੍ਰੰਥ ਦੀ ਰਚਨਾ ਹੋਈ। ਬੋਧਾਂ ਦੀ ਮਹਾਯਾਨ ਸ਼ਾਖਾ ਦਾ ਵਿਲੱਖਣ ਰੂਪ ਨਾਲ ਵਿਕਾਸ ਹੋਇਆ। ਕੁਸ਼ਾਣਾਂ ਅਤੇ ਸ਼ਕਾਂ ਨੇ ਭਾਰਤੀ ਸੰਸਕ੍ਰਿਤੀ ਨੂੰ ਸੰਸਕ੍ਰਿਤ ਦੀ ਗੱਦ ਸ਼ੈਲੀ, ਖਗੋਲ ਵਿੱਦਿਆ, ਦੀਰਖਜੀਵੀ ਸ਼ਕ ਸੰਮਤ, ਸੂਰਯੇ ਪ੍ਰਤਿਮਾ ਅਤੇ ਕਲਾ ਦੀਆਂ ਨਵੀਆਂ ਧਾਰਾਵਾਂ, ਰਾਸ਼ਟਰੀ ਭਾਸ਼ਾ ਦਾ ਸ਼ੁਰੂਆਤੀ ਰੂਪ ਪ੍ਰਦਾਨ ਕੀਤਾ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਵਰਣ ਦੇ ਆਧਾਰ ਤੇ ਵੰਡੇ ਹੋਏ ਬ੍ਰਾਹਮਣੀ ਸਮਾਜ ਦੀ ਨੀਂਹ ਧਰਮ ਵਿਰੋਧੀ ਸੰਪਰਦਾਵਾਂ ਦੀਆਂ ਗਤੀਵਿਧੀਆਂ ਅਤੇ ਬੈਕਟੀਰੀਅਨ, ਗਰੀਕ, ਸ਼ਕ, ਪਾਰਥਿਅਨ ਤੇ ਕੁਸ਼ਾਣਾਂ ਵਰਗੇ ਵਿਦੇਸ਼ੀਆਂ ਦੇ ਹਮਲਿਆਂ ਤੋਂ ਹਿੱਲ ਗਈ ਸੀ। ਇਸ ਲਈ ਸ਼ਤਾਬਦੀ ਈ. ਪੂ. ਤੋਂ ਤੀਸਰੀ ਸ਼ਤਾਬਦੀ ਦੇ ਸਮੇਂ ਦੌਰਾਨ ਸਮ੍ਰਿਤੀਆਂ ਅਤੇ ਆਚਾਰ ਸੰਘਿਤਾਵਾਂ ਨੂੰ ਫਿਰ ਤੋਂ ਢਾਲਿਆ ਗਿਆ, ਜਿੰਨ੍ਹਾਂ ਵਿਚ ਜਾਤੀ ਅਤੇ ਵਰਣ ਵਿਵਸਥਾ ਦੇ ਕਠੋਰ ਬੰਧਨਾਂ ਦਾ ਵਰਣਨ ਹੈ। ਵਿਦੇਸ਼ੀ ਪ੍ਰਭਾਵ ਵਾਲੇ ਲੋਕਾਂ ਨੂੰ ਸ਼ੂਦਰ ਕਿਹਾ ਗਿਆ। ਇਹ ਇੱਕ ਯੁਗ ਦੇ ਅੰਤ ਦਾ ਸੂਚਕ ਹੈ। ਕਲਯੁਗ ਦੇ ਵਰਣਨ ਇਸੇ ਯੁਗ ਦੇ ਬਾਰੇ ਹਨ।

'ਯੁਗ ਦੇ ਅੰਤ' ਦਾ ਪੁਰਾਣਾਂ ਨੇ ਵਿਸਥਾਰ-ਪੂਰਵਕ ਵਰਣਨ ਕੀਤਾ ਹੈ। ਪੁਰਾਣਾਂ ਵਿਚ ਦੱਸਿਆ ਗਿਆ ਹੈ ਕਿ ਕਲਯੁਗ ਵਿੱਚ ਮਨੁੱਖਾਂ ਦੀ ਪ੍ਰਵਿਰਤੀ ਵਰਨ-ਆਸ਼ਰਮ, ਧਰਮ ਦੇ ਅਨਕੂਲ ਨਹੀਂ ਰਹਿੰਦੀ ਅਤੇ ਉਹ ਰਿਕ-ਸਾਮ-ਯਜੁਰੁਧ-ਤ੍ਰੇਈ ਧਰਮ ਦਾ ਸੰਪਾਦਨ ਕਰਨ ਵਾਲੀ ਹੁੰਦੀ ਹੈ। ਉਸ ਵੇਲੇ ਧਰਮ, ਵਿਆਹ, ਗੁਰੂ-ਸ਼ਿਸ਼ ਸੰਬੰਧ ਦੀ ਸਥਿਤੀ, ਸੰਪਤੀ ਕ੍ਰਮ ਅਤੇ ਅਗਨੀ ਵਿੱਚ ਦੇਵਯੱਗ ਕਿਰਿਆ ਦਾ ਕ੍ਰਮ ਵੀ ਨਹੀਂ ਰਹਿੰਦਾ।

ਕਲਯੁਗ ਵਿੱਚ ਜੋ ਬਲਵਾਨ ਹੋਵੇਗਾ, ਉਹੀ ਸਾਰਿਆਂ ਦਾ ਸੁਆਮੀ ਹੋਵੇਗਾ, ਭਾਵੇਂ ਕਿਸੇ ਵੀ ਕੁਲ ਵਿੱਚ ਕਿਉਂ ਨਾ ਪੈਦਾ ਹੋਇਆ ਹੋਵੇ, ਉਹ ਸਾਰਿਆਂ ਵਰਣਾਂ ਤੋਂ ਕੰਨਿਆ ਗ੍ਰਹਿਣ ਕਰਨ ਦੇ ਯੋਗ ਹੋਵੇਗਾ। ਉਸ ਸਮੇਂ ਬ੍ਰਾਹਮਣ ਆਦਿ ਜਿਸ ਕਿਸੇ ਉਪਾ ਨਾਲ ਵੀ 'ਦੀਖਿਅਤ' ਹੋ ਜਾਣਗੇ ਅਤੇ ਕਿਸੇ ਵੀ ਤਰ੍ਹਾਂ ਦੀਆਂ ਕਿਰਿਆਵਾਂ ਪ੍ਰਾਸਚਿਤ ਮੰਨ ਲਈਆਂ ਜਾਣਗੀਆਂ। ਕਲਯੁਗ ਵਿੱਚ ਜਿਸਦੇ ਮੁੱਖ ਵਿੱਚੋਂ ਜੋ ਕੁਝ ਨਿਕਲ ਜਾਵੇਗਾ, ਉਹੀ ਸ਼ਾਸਤਰ ਸਮਝਿਆ ਜਾਵੇਗਾ, ਉਸ ਸਮੇਂ ਸਾਰੇ ਦੇਵਤਾ ਹੋਣਗੇ ਅਤੇ ਸਾਰਿਆਂ ਦੇ ਆਸ਼ਰਮ ਹੋਣਗੇ। ਵਰਤ, ਤੀਰਥ ਯਾਤਰਾ, ਦੇਹ ਦਾ ਕਸ਼ਟ, ਧਨ ਦਾਨ ਅਤੇ ਤਪ ਆਦਿ ਆਪਣੀ ਰੁਚੀ ਦੇ ਵਿਧਾਨ ਅਨੁਸਾਰ ਹੀ ਕੀਤੇ ਜਾਣਗੇ।

ਕਲਯੁਗ ਵਿੱਚ ਥੋੜੇ ਜਿਹੇ ਧਨ ਨਾਲ ਵੀ ਲੋਕ ਆਪਣੇ-ਆਪ ਨੂੰ ਅਮੀਰ ਸਮਝਣਗੇ ਅਤੇ ਕੇਸ਼ਾਂ ਤੋਂ ਹੀ ਔਰਤਾਂ ਨੂੰ ਸੁੰਦਰਤਾ ਦਾ ਘੁਮੰਡ ਹੋਵੇਗਾ। ਉਸ ਸਮੇਂ ਸੋਨੇ, ਹੀਰੇ-ਜਵਾਹਰਾਤ ਅਤੇ ਕਪੜਿਆਂ ਆਦਿ ਦੀ ਘਾਟ ਕਾਰਣ ਔਰਤਾਂ ਆਪਣੇ ਕੇਸ਼ਾਂ ਦੀ ਸਜਾਵਟ ਕਰਕੇ ਹੀ ਗੁਜਾਰਾ ਕਰਨਗੀਆਂ। ਜੋ ਪਤੀ ਗਰੀਬ ਹੋਵੇਗਾ ਉਸਨੂੰ ਔਰਤਾਂ ਛੱਡ ਦੇਣਗੀਆਂ। ਕਲਯੁਗ ਵਿੱਚ ਅਮੀਰ ਮਰਦ ਹੀ ਔਰਤਾਂ ਦਾ ਪਤੀ ਹੋਵੇਗਾ। ਜਿਹੜਾ ਮਨੁੱਖ ਜਿਆਦਾ ਧਨ ਦੇਵੇਗਾ, ਉਹੀ ਲੋਕਾਂ ਦਾ ਸੁਆਮੀ ਹੋਵੇਗਾ, ਉਸ ਵੇਲੇ ਸੁਆਮੀ ਹੋਣ ਦਾ ਕਾਰਨ ਸੰਬੰਧ ਨਹੀਂ ਹੋਵੇਗਾ ਅਤੇ ਨਾ ਹੀ ਕੁਲੀਨਤਾ ਕੋਈ ਮਹੱਤਵ ਰੱਖੇਗੀ।

ਕੁਲਯੁਗ ਵਿੱਚ ਸਾਰੀ ਧਨ-ਦੌਲਤ ਘਰ ਬਣਾਉਣ ਵਿੱਚ ਹੀ ਖਤਮ ਹੋ ਜਾਵੇਗੀ, ਬੁੱਧੀ ਧਨ ਇਕੱਠਾ ਕਰਨ ਵਿੱਚ ਹੀ ਲੱਗੀ ਰਹੇਗੀ ਅਤੇ ਸਾਰੀ ਸੰਪਤੀ ਆਪਣੀ ਵਰਤੋਂ ਵਿੱਚ ਹੀ ਨਸ਼ਟ ਹੋਵੇਗੀ।

ਕਲਯੁਗ ਵਿੱਚ ਔਰਤਾਂ ਸੁੰਦਰ ਮਰਦ ਦੀ ਕਾਮਨਾ ਨਾਲ ਮਨਮਰਜੀ ਕਰਨਗੀਆਂ ਅਤੇ ਮਰਦ ਹੋਰਾਂ ਦੁਆਰਾ ਕਮਾਏ ਧਨ ਦੀ ਇੱਛਾ ਰੱਖਣਗੇ। ਕਲਯੁਗ ਵਿੱਚ ਆਪਣਿਆਂ ਦੁਆਰਾ ਬੇਨਤੀ ਕਰਨ ਤੇ ਵੀ ਲੋਕ ਇੱਕ ਦਮੜੀ ਦਾ ਵੀ ਨੁਕਸਾਨ ਨਹੀਂ ਕਰਨਗੇ। ਕਲਯੁਗ ਵਿੱਚ ਬ੍ਰਾਹਮਣਾਂ ਦੇ ਨਾਲ ਸ਼ੂਦਰ ਆਦਿ ਵੀ ਬਰਾਬਰੀ ਦਾ ਦਾਅਵਾ ਕਰਨਗੇ ਅਤੇ ਦੁੱਧ ਦੇਣ ਦੇ ਕਾਰਨ ਹੀ ਗਊਆਂ ਦਾ ਸਨਮਾਨ ਹੋਵੇਗਾ।

ਉਸ ਸਮੇਂ ਸਾਰੀ ਪਰਜਾ ਭੁੱਖ ਨਾਲ ਬੇਹਾਲ ਹੋ ਕੇ ਆਮ ਤੌਰ ਤੇ ਬਾਰਿਸ਼ ਨਾ ਹੋਣ ਦੇ ਭੈ ਕਾਰਨ ਸਦਾ ਅਸਮਾਨ ਵੱਲ ਹੀ ਨਜ਼ਰਾਂ ਜਮਾਈ ਰੱਖੇਗੀ। ਮਨੁੱਖ ਤਪੱਵੀਆਂ ਵਾਂਗ ਸਿਰਫ਼ ਕੰਦ-ਮੂਲ ਅਤੇ ਫ਼ਲ ਆਦਿ ਦੇ ਸਹਾਰੇ ਰਹਿਣਗੇ ਅਤੇ ਘੱਟ ਬਰਸਾਤ ਹੋਣ ਤੋਂ ਦੁਖੀ ਹੋ ਕੇ ਆਤਮਘਾਤ ਕਰਨਗੇ। ਕਲਯੁਗ ਦੇ ਅਸਮਰਥ ਲੋਕ ਸੁਖ ਅਤੇ ਆਨੰਦ ਦੇ ਨਸ਼ਟ ਹੋ ਜਾਣ ਤੇ ਹਮੇਸ਼ਾਂ ਅਕਾਲ ਅਤੇ ਕਲੇਸ਼ ਹੀ ਭੋਗਣਗੇ, ਕਲਯੁਗ ਦੇ ਆਉਣ ਤੇ ਲੋਕ ਬਿਨਾ ਇਸ਼ਨਾਨ ਕੀਤੇ ਹੀ ਭੋਜਨ ਕਰਨਗੇ, ਅਗਨੀ ਦੇਵਤਾ ਅਤੇ ਮਹਿਮਾਨਾਂ ਦਾ ਪੂਜਨ ਨਹੀਂ ਕਰਨਗੇ ਅਤੇ ਨਾ ਹੀ ਤ੍ਰਿਣਡੋਦਕ ਕਿਰਿਆ ਹੀ ਕਰਨਗੇ।

ਉਸ ਸਮੇਂ ਦੀਆਂ ਔਰਤਾਂ ਵਾਸ਼ਨਾ ਵਿੱਚ ਲਿਪਤ, ਛੋਟੇ ਸਰੀਰ ਵਾਲੀਆਂ, ਅਤਿ ਭੋਜਨ ਕਰਨ ਵਾਲੀਆਂ ਜਿਆਦਾ ਔਲਾਦ ਪੈਦਾ ਕਰਨ ਵਾਲੀਆਂ ਤੇ ਮਾੜੀ ਕਿਸਮਤ ਵਾਲੀਆਂ ਹੋਣਗੀਆਂ। ਉਹ ਦੋਵੇਂ ਹੱਥਾਂ ਨਾਲ ਸਿਰ ਖੁਰਕਦੀਆਂ ਹੋਈਆਂ ਆਪਣੇ ਵੱਡਿਆਂ ਅਤੇ ਪਤੀਆਂ ਦੇ ਹੁਕਮ ਦਾ ਅਨਾਦਰ ਨਾਲ ਖੰਡਨ ਕਰਨਗੀਆਂ। ਕਲਯੁਗ ਦੀਆਂ ਔਰਤਾਂ ਆਪਣਾ ਹੀ ਢਿੱਡ ਭਰਨ ਨੂੰ ਤਿਆਰ, ਨੀਚ ਪ੍ਰਵਿਰਤੀ ਵਾਲੀਆਂ, ਸਰੀਰਕ ਸ਼ੁੱਧੀ ਤੋਂ ਹੀਣ, ਕੌੜਾ ਬੋਲਣ ਵਾਲੀਆਂ ਅਤੇ ਝੂਠੀਆਂ ਹੋਣਗੀਆਂ। ਉਸ ਵੇਲੇ ਦੀਆਂ ਕੁਲੀਨ ਔਰਤਾਂ ਵੀ ਲਗਾਤਾਰ ਦੁਰਾਚਾਰੀ ਮਰਦਾਂ ਦੀ ਇੱਛਾ ਰੱਖਣ ਵਾਲੀਆਂ ਖੁਦ ਵੀ ਦੁਰਾਚਾਰੀ ਹੋਣਗੀਆਂ ਅਤੇ ਮਰਦਾਂ ਨਾਲ ਭੈੜਾ ਵਿਵਹਾਰ ਕਰਨਗੀਆਂ।

ਬ੍ਰਹਮਚਾਰੀ ਲੋਕ ਵੈਦਿਕ ਵਰਤ ਆਦਿ ਤੋਂ ਹੀਣ ਰਹਿ ਕੇ ਹੀ ਵੇਦਾਂ ਦਾ ਅਧਿਐਨ ਕਰਨਗੇ ਅਤੇ ਗ੍ਰਹਿਸਤੀ ਹਵਨ ਕਰਨਗੇ ਅਤੇ ਨਾ ਹੀ ਯੋਗ ਪਾਤਰ ਨੂੰ ਉਚਿਤ ਦਾਨ ਹੀ ਦੇਣਗੇ। ਵਾਨਪ੍ਰਸਥੀ ਦਿਹਾਤੀ ਭੋਜਨ ਸਵੀਕਾਰ ਕਰਨਗੇ ਅਤੇ ਸਨਿਆਸੀ ਆਪਣੇ ਮਿੱਤਰਾਂ ਆਦਿ ਦੇ ਸਨੇਹ ਬੰਧਨਾਂ ਵਿੱਚ ਹੀ ਬੰਨ੍ਹੇ ਰਹਿਣਗੇ।

ਕਲਯੁਗ ਦੇ ਆਉਣ ਤੇ ਰਾਜੇ ਪਰਜ਼ਾ ਦੀ ਰੱਖਿਆ ਨਹੀਂ ਕਰਨਗੇ। ਬਲਕਿ ਟੈਕਸ ਲੈਣ ਦੇ ਬਹਾਨੇ ਪਰਜਾ ਦਾ ਹੀ ਧਨ ਖੋਹਣਗੇ। ਉਸ ਸਮੇਂ ਜਿਸ ਦੇ ਕੋਲ ਬਹੁਤ ਸਾਰੇ ਹਾਥੀ, ਘੋੜੇ ਅਤੇ ਰੱਥ ਹੋਣਗੇ, ਉਹੀ ਰਾਜਾ ਹੋਵੇਗਾ ਅਤੇ ਜੋ ਵੀ ਸ਼ਕਤੀਹੀਣ ਹੋਵੇਗਾ, ਉਹੀ ਸੇਵਕ ਹੋਵੇਗਾ। ਵੈਸ਼ ਲੋਕ ਖੇਤੀ, ਵਪਾਰ ਆਦਿ ਕੰਮਾਂ ਨੂੰ ਛੱਡ ਕੇ ਸ਼ਿਲਪਕਾਰੀ ਆਦਿ ਨਾਲ ਗੁਜਾਰਾ ਕਰਦਿਆਂ ਹੋਇਆਂ ਭੀਖ ਮੰਗਣ ਲਈ ਵੀ ਤਿਆਰ ਰਹਿਣਗੇ। ਸ਼ੁਭ ਚਿੰਨ੍ਹ ਤੋਂ ਰਹਿਤ ਨੀਚ ਸ਼ੂਦਰ ਸੰਨਿਆਸ ਲੈ ਕੇ ਭੀਖ ਮੰਗਣ ਲਈ ਤਿਆਰ ਰਹਿਣਗੇ ਅਤੇ ਲੋਕਾਂ ਤੋਂ ਸਨਮਾਨਿਤ ਹੋ ਕੇ ਢੋਂਗ ਦਾ ਸਹਾਰਾ ਲੈਣਗੇ। ਪਰਜਾ ਦੇ ਲੋਕ ਅਕਾਲ ਅਤੇ ਟੈਕਸ ਤੋਂ ਨਿਰਾਸ ਅਤੇ ਦੁਖੀ ਹੋ ਕੇ ਅਜਿਹੇ ਦੇਸ਼ਾਂ ਵਿੱਚ ਚਲੇ ਜਾਣਗੇ ਜਿੱਥੇ ਕਣਕ ਅਤੇ ਜੌਂ ਦੀ ਕਮੀ ਨਹੀਂ ਹੋਵੇਗੀ।

ਉਸ ਸਮੇਂ ਵੇਦ ਮਾਰਗ ਦੇ ਲੋਪ, ਮਨੁੱਖਾਂ ਵਿੱਚ ਪਾਖੰਡਾਂ ਦੀ ਬਹੁਲਤਾ ਅਤੇ ਅਧਰਮ ਵੱਧ ਜਾਣ ਕਰਕੇ ਲੋਕਾਂ ਦੀ ਉਮਰ ਘੱਟ ਹੋ ਜਾਵੇਗੀ। ਸ਼ਾਸਤਰਾਂ ਦੇ ਵਿਰੁੱਧ ਘੋਰ ਤਪੱਸਿਆ ਕਰਨ ਅਤੇ ਰਾਜੇ ਦੇ ਦੋਸ਼ ਕਾਰਨ ਜਨਤਾ ਦੀ ਬਾਲ ਅਵਸਥਾ ਵਿੱਚ ਹੀ ਮੌਤ ਹੋਣ ਲੱਗੇਗੀ। ਕਲਯੁਗ ਵਿੱਚ ਪੰਜ ਛੇ ਅਤੇ ਸੱਤ ਸਾਲਾਂ ਦੀ ਔਰਤ ਵਿੱਚੋਂ ਅੱਠ, ਨੌਂ ਜਾਂ ਦਸ ਸਾਲ ਦੇ ਹੀ ਔਲਾਦ ਹੋ ਜਾਵੇਗੀ। ਬਾਰਾਂ ਸਾਲ ਦੀ

ਉਮਰ ਵਿੱਚ ਹੀ ਲੋਕਾਂ ਦੇ ਵਾਲ਼ ਸਫ਼ੈਦ ਹੋਣ ਲੱਗਣਗੇ ਅਤੇ ਕੋਈ ਵੀ ਵਿਅਕਤੀ ਵੀਹ ਸਾਲਾਂ ਤੋਂ ਜਿਆਦਾ ਜਿੰਦਾ ਨਹੀਂ ਰਹੇਗਾ। ਕਲਯੁਗ ਵਿੱਚ ਲੋਕ ਮੰਦ ਬੁੱਧੀ, ਬੇਕਾਰ ਚਿੰਨ੍ਹ ਧਾਰਨ ਕਰਨ ਵਾਲੇ ਅਤੇ ਦੁਸ਼ਟ ਚਿੱਤ ਵਾਲੇ ਹੋਣਗੇ, ਇਸ ਲਈ ਘੱਟ ਸਮੇਂ ਵਿੱਚ ਹੀ ਨਸ਼ਟ ਹੋ ਜਾਣਗੇ।

ਪੁਰਾਣਾਂ ਵਿੱਚ ਦੱਸਿਆ ਗਿਆ ਹੈ ਕਿ ਜਦੋਂ ਜਦੋਂ ਧਰਮ ਦੀ ਜਿਆਦਾ ਹਾਨੀ ਵਿਖਾਈ ਦੇਵੇ ਉਦੋਂ ਹੀ ਬੁੱਧੀਮਾਨ ਲੋਕਾਂ ਨੂੰ ਕਲਯੁਗ ਦੀ ਬੁੱਧੀ ਦਾ ਅੰਦਾਜਾ ਲਗਾ ਲੈਣਾ ਚਾਹੀਦਾ ਹੈ। ਜਦੋਂ ਜਦੋਂ ਪਾਖੰਡ ਵਧਿਆ ਹੋਇਆ ਦਿੱਸੇ, ਉਦੋਂ ਮਹਾਤਮਾਵਾਂ ਨੂੰ ਕਲਯੁਗ ਵਿੱਚ ਵਾਧਾ ਸਮਝਣਾ ਚਾਹੀਦਾ ਹੈ। ਜਦੋਂ ਜਦੋਂ ਵੈਦਿਕ ਮਾਰਗ ਦਾ ਅਨੁਕਰਨ ਕਰਨ ਵਾਲੇ ਸਦ ਪੁਰਖਾਂ ਦਾ ਅਭਾਵ ਹੋਵੇ, ਉਦੋਂ ਹੀ ਬੁੱਧੀਮਾਨ ਲੋਕ ਕਲਯੁਗ ਵਿੱਚ ਵਾਧਾ ਹੋਇਆ ਜਾਣਨ। ਜਦੋਂ ਧਰਮਾਤਮਾ ਲੋਕਾਂ ਦੇ ਸ਼ੁਰੂ ਕੀਤੇ ਹੋਏ ਕੰਮਾਂ ਵਿਚ ਅਸਫ਼ਲਤਾ ਹੋਵੇ ਉਦੋਂ ਪੰਡਿਤ ਜਨ ਕਲਯੁਗ ਦੀ ਪ੍ਰਧਾਨਤਾ ਸਮਝਣ। ਜਦੋਂ ਯੱਗਾਂ ਦੇ ਸੁਆਮੀ ਭਗਵਾਨ ਵਿਸ਼ਨੂੰ ਦਾ ਲੋਕ ਯੱਗਾਂ ਦੁਆਰਾ ਭਜਨ ਨਾ ਕਰਨ ਤਾਂ ਉਸ ਸਮੇਂ ਕਲਯੁਗ ਦਾ ਪ੍ਰਭਾਵ ਹੀ ਸਮਝਣਾ ਚਾਹੀਦਾ ਹੈ। ਜਦੋਂ ਵੇਦ-ਵਾਦ ਵਿੱਚ ਪ੍ਰੀਤ ਦੀ ਕਮੀ ਹੋਵੇ ਅਤੇ ਪਾਖੰਡ ਵਿਚ ਪ੍ਰੇਮ ਹੋਵੇ ਤਾਂ ਬੁੱਧੀਮਾਨ ਗਿਆਨੀ ਪੁਰਖ ਕਲਯੁਗ ਵਿੱਚ ਵਾਧਾ ਸਮਝਣ।

ਕਲਯੁਗ ਵਿਚ ਲੋਕ ਪਾਖੰਡ ਦੇ ਵੱਸ ਹੋ ਕੇ ਸਾਰਿਆਂ ਦੇ ਰਚਨਹਾਰ ਅਤੇ ਜਗਤਪਤੀ ਭਗਵਾਨ ਵਿਸ਼ਨੂੰ ਦੀ ਪੂਜਾ ਨਹੀਂ ਕਰਨਗੇ। ਉਸ ਸਮੇਂ ਲੋਕ ਇਸੇ ਧਾਰਨਾ ਕਰਕੇ ਕਹਿਣਗੇ ਇੰਨ੍ਹਾਂ ਦੇਵ, ਬ੍ਰਾਹਮਣ ਅਤੇ ਜਲ ਨਾਲ ਹੋਣ ਵਾਲੀ ਸ਼ੁੱਧੀ ਵਿੱਚ ਕੀ ਰੱਖਿਆ ਹੈ? ਕਲਯੁਗ ਦੇ ਆਉਣ ਤੇ ਬਰਸਾਤ ਵਿੱਚ ਬਹੁਤ ਘੱਟ ਪਾਣੀ ਵਰਸੇਗਾ, ਖੇਤੀ ਦੀ ਪੈਦਾਵਾਰ ਥੋੜ੍ਹੀ ਹੋਵੇਗੀ ਅਤੇ ਫ਼ਲ ਆਦਿ ਵੀ ਘੱਟ ਰਸ ਵਾਲੇ ਹੋਣਗੇ। ਕਲਯੁਗ ਵਿੱਚ ਆਮ ਤੌਰ ਤੇ ਸਭ ਦੇ ਕਪੜੇ ਸਣ ਦੇ ਹੋਣਗੇ, ਜਿਆਦਾਤਰ ਸੱਮੀ ਦੇ ਦਰਖਤ ਹੋਣਗੇ ਅਤੇ ਚਾਰੇ ਵਰਣ ਵੀ ਸ਼ੂਦਰਾਂ ਵਰਗੇ ਹੋ ਜਾਣਗੇ। ਕਲਯੁਗ ਵਿੱਚ ਅਨਾਜ ਘੱਟ ਹੀ ਪੈਦਾ ਹੋਵੇਗਾ, ਦੁੱਧ ਜਿਆਦਾਤਰ ਬੱਕਰੀਆਂ ਦਾ ਮਿਲੇਗਾ ਅਤੇ ਖਸ ਹੀ ਲੇਪ ਦੇ ਕੰਮ ਆਵੇਗਾ।

ਕਲਯੁਗ ਵਿੱਚ ਸੱਸ ਅਤੇ ਸਹੁਰਾ ਹੀ ਆਦਰ ਦੇ ਅਧਿਕਾਰੀ ਹੋਣਗੇ ਅਤੇ ਪਤਨੀ ਤੇ ਸਾਲੇ ਹੀ ਨੇੜਲੇ ਸੰਬੰਧੀ ਹੋਣਗੇ। ਲੋਕ ਆਪਣੇ ਸਹੁਰੇ ਦੇ ਅਧੀਨ ਹੋ ਕੇ ਕਹਿਣਗੇ, 'ਕੌਣ ਕਿਸਦਾ ਪਿਤਾ ਅਤੇ ਕੌਣ ਕਿਸਦੀ ਮਾਤਾ, ਸਾਰੇ ਮਨੁੱਖ ਆਪਣੇ ਕਰਮਾਂ ਅਨੁਸਾਰ ਜੰਮਦੇ-ਮਰਦੇ ਰਹਿਦੇ ਹਨ।' ਉਸ ਸਮੇਂ ਘੱਟ ਅਕਲ ਲੋਕ ਬਾਣੀ, ਮਨ ਅਤੇ ਸਰੀਰ ਆਦਿ ਦੇ ਦੋਸ਼ਾਂ ਕਾਰਨ ਹਰ ਰੋਜ਼, ਵਾਰ-ਵਾਰ ਪਾਪ ਕਰਮ ਕਰਨਗੇ।

ਇਸ ਤਰ੍ਹਾਂ ਪੁਰਾਣਾ ਦੇ ਹੋਰ ਅਨੇਕਾਂ ਉਦਾਹਰਨਾਂ ਦੇ ਆਧਾਰ ਤੇ ਬੀ. ਐਨ. ਐਸ. ਯਾਦਵ ਨੇ ਦੱਸਿਆ ਹੈ ਕਿ ਹਰ ਪਾਸੇ ਵਿਨਾਸ਼ ਦਾ ਕਾਰਨ ਮੰਨੇ ਜਾਣ ਵਾਲੇ ਇਸ ਯੁਗ ਦੇ ਬਿਰਤਾਂਤਾਂ ਵਿੱਚ ਗੱਡ-ਮੱਡ ਤਰੀਕੇ ਨਾਲ ਪਤਾ ਨਹੀਂ ਕਿੰਨੀਆਂ ਘਟਨਾਵਾਂ ਅਤੇ ਪ੍ਰਵਿਰਤੀਆਂ ਦਾ ਜਿਕਰ ਕੀਤਾ ਗਿਆ ਹੈ, ਜਿਵੇਂ ਵਿਦੇਸ਼ੀ ਹਮਲਾ, ਕਾਫ਼ੀ ਹੱਦ ਤੱਕ ਵਿਦੇਸ਼ੀਆਂ (ਸ਼ਕ, ਯਵਨ ਅਤੇ ਹੂਣ ਆਦਿ) ਅਤੇ ਸਰਹੱਦੀ ਲੋਕਾਂ ਦੀ ਸ਼ਿਰਕਤ ਨਾਲ ਬਣੇ ਇਕ ਵੱਡੇ ਸ਼ਾਸਕ ਵਰਗ ਦਾ ਉਦੇ, ਅਕਾਲ ਅਤੇ ਸੋਕੇ ਵਰਗੀਆਂ ਕੁਦਰਤੀ ਆਫ਼ਤਾਂ, ਨਗਰਾਂ ਦੇ ਪਤਨ ਅਤੇ ਵਪਾਰ ਤੇ ਮੁਦਰਾ ਆਧਾਰਿਤ ਆਰਥਿਕ ਸਥਿਤੀ ਵਿੱਚ ਗਿਰਾਵਟ, ਸ਼ੂਦਰਾਂ ਦੇ ਉੱਥਾਨ, ਵੈਸ਼ਾਂ ਦੇ ਪਤਨ ਅਤੇ ਪੁਰਾਣੇ ਸ਼ਾਸਕ ਕੁਲੀਨ ਵਰਗ ਤੋਂ ਇਲਾਵਾ ਪੁਰੋਹਿਤਾਂ ਦੀ ਸਾਖ ਵਿਚ ਕਮੀ ਦੇ ਕਾਰਨ ਚਾਰਾਂ ਵਰਣਾਂ ਵਿਚ ਪੈਦਾ ਹੋਈ ਰੁਕਾਵਟ, ਸਮਾਜਿਕ ਸੰਘਰਸ਼ ਵਿਚ ਵਾਧਾ, ਭਾਰੀ ਟੈਕਸਾਂ ਤੇ ਅੱਤਿਆਚਾਰ ਪੂਰਨ ਵਗਾਰਾਂ ਦੇ ਵਰਣਨ ਦੇ ਰੂਪ ਵਿਚ ਪ੍ਰਤਿਬੰਧਤ ਉਦੇ ਹੋ ਰਹੇ ਸ਼ਾਸਕ ਵਰਗ ਤੇ ਕਿਸਾਨਾਂ ਦੀ ਛੇਕੇ ਹੋਏ ਵਰਗ ਦੇ ਰੂਪ ਵਿਚ ਸ਼ੋਸ਼ਣਮਈ ਪਰਵੱਸਤਾ, ਰਿਵਾਇਤ ਵਿਰੋਧੀ ਧਰਮਾਂ ਦਾ ਪ੍ਰਭਾਵ ਅਤੇ ਰਿਵਾਇਤੀ ਨੈਤਿਕ ਤੇ ਧਾਰਮਿਕ ਕਦਰਾਂ-ਕੀਮਤਾਂ ਦਾ ਨਸ਼ਟ ਹੋਣਾ।

56 ਯੁਗਾਂ ਅਤੇ ਕਲਪਾਂ ਦੇ ਸਿਧਾਂਤ, ਦਾ ਉਦੇ ਈਸਾ ਦੇ ਪੂਰਵ ਪਹਿਲੀ ਸ਼ਤਾਬਦੀ ਜਾਂ ਤੀਸਰੀ ਸ਼ਤਾਬਦੀ ਵਿੱਚ ਹੋ ਗਿਆ ਸੀ ਅਤੇ ਈਸਾਂ ਦੇ ਬਾਅਦ ਪਹਿਲੀ ਸਦੀ ਦੇ ਆਉਂਦਿਆਂ-ਆਉਂਦਿਆਂ ਉਨ੍ਹਾਂ ਦਾ ਪੂਰਨ ਵਿਕਾਸ ਹੋ ਗਿਆ ਸੀ। ਮੋਟੇ ਤੌਰ ਤੇ ਈਸਵੀ ਸੰਨ ਦੀਆਂ ਸ਼ੁਰੂਆਤੀ ਸਦੀਆਂ ਜਾਂ ਇੰਜ ਕਹੀਏ ਕਿ ਪਹਿਲੀ ਹਜਾਰਵੀਂ ਸ਼ਤਾਬਦੀ ਦੇ ਮੱਧ ਤੋਂ ਇਹ ਪਰਿਸਥਿਤੀ ਪਤਨ ਦੇ ਪਹਿਲੇ ਰੂਪ ਦੇ ਤੌਰ ਤੇ ਵਿਖਾਈ ਦੇਣ ਲਗਦੀ ਹੈ।[57]

ਵੀ. ਪੀ. ਕਾਣੇ ਦਾ ਵੀ ਮੰਨਣਾ ਹੈ ਕਿ ਇਹ ਸਿਧਾਂਤ ਚੌਥੀ ਸ਼ਤਾਬਦੀ ਈਸਵੀ ਤਕ ਭਲੀ-ਭਾਂਤ ਵਿਕਸਿਤ ਹੋ ਚੁੱਕਿਆ ਸੀ। ਉਨ੍ਹਾਂ ਨੇ ਵੀ ਅਨੇਕਾਂ ਉਦਾਹਰਨਾਂ ਦੇ ਆਧਾਰ ਤੇ ਕਲਯੁਗ ਦੀਆਂ ਮੁੱਖ ਗੱਲਾਂ ਦੱਸੀਆਂ ਹਨ ਕਿ ਕਲਯੁਗ ਵਿੱਚ ਸ਼ੂਦਰ ਅਤੇ ਮਲੇਛ ਰਾਜਿਆਂ ਦਾ ਰਾਜ ਹੋਵੇਗਾ, ਨਾਸਤਕ ਸੰਪਰਦਾਵਾਂ ਦੀ ਪ੍ਰਧਾਨਤਾ ਹੋਵੇਗੀ, ਜਾਤੀ ਸੰਬੰਧਾਂ ਫ਼ਰਜ਼ਾਂ, ਸਹੂਲਤਾਂ ਵਿੱਚ ਉਲਟਫੇਰ ਹੋਵੇਗਾ ਅਤੇ ਨੈਤਿਕ ਤੇ ਸਰੀਰਕ ਸ਼ਕਤੀਆਂ ਵਿੱਚ ਕਮੀ ਆਵੇਗੀ।[58]

ਮਹਾਂਭਾਰਤ ਵਿੱਚ ਕਲਯੁਗ ਦਾ ਜੋ ਵਰਣਨ ਮਿਲਦਾ ਹੈ ਉਹ ਕਲਯੁਗ ਦੇ ਸਭ ਤੋਂ ਪੁਰਾਣੇ ਵਰਣਨਾਂ ਵਿੱਚੋਂ ਇੱਕ ਹੈ। ਮਹਾਭਾਰਤ ਵਿੱਚ ਦੱਸਿਆ ਗਿਆ ਹੈ ਕਿ ਉੱਚ ਲੋਕ, ਮੱਧ ਹੋ ਜਾਣਗੇ ਅਤੇ ਮੱਧ ਦੇ ਸਮਾਜਿਕ ਦਰਜੇ ਵਿੱਚ ਗਿਰਾਵਟ ਆ ਜਾਏਗੀ। ਇੱਥੇ ਵੈਸ਼ਾਂ ਦੀ ਸਥਿਤੀ ਦਾ ਸ਼ੂਦਰਾਂ ਦੀ ਸਥਿਤੀ ਵਿੱਚ ਪਹੁੰਚਣ ਦਾ ਸੰਕੇਤ ਹੈ। ਵਿਸ਼ਨੂੰ ਪੁਰਾਣ [59] ਅਤੇ ਮਤਸਯੇ [60] ਪੁਰਾਣ ਵਿੱਚ ਸੂਦਰਾਂ ਨੂੰ ਭਾਗਸ਼ਾਲੀ ਮੰਨਦਿਆਂ ਹੋਇਆ ਕਿਹਾ ਗਿਆ ਹੈ ਕਿ ਵੈਸ਼, ਖੇਤੀ ਵਪਾਰ ਨੂੰ ਛੱਡ ਕੇ ਮਾਮੂਲੀ ਕਾਰੀਗਰਾਂ ਵਾਂਗ ਸ਼ੂਦਰਾਂ ਦੇ ਧੰਦੇ, ਦਾਸਤਾ ਅਤੇ ਕਾਰੀਗਰੀ ਦੇ ਕੰਮ ਸ਼ੁਰੂ ਕਰਕੇ ਉਨ੍ਹਾਂ ਨੂੰ ਪੇਸ਼ੇ ਦੇ ਰੂਪ ਵਿੱਚ ਅਪਨਾ ਲੈਣਗੇ। ਸਕੰਦ ਪੁਰਾਣ, ਜੋ ਪਰਵਰਤੀ ਪੁਰਾਣ ਹੈ, ਵਿੱਚ ਵਰਣਨ ਹੈ ਕਿ ਕਲਯੁਗ ਵਿੱਚ ਵੈਸ਼ ਖੇਤੀ ਤੇ ਵਾਪਰ ਛੱਡ ਕੇ ਤੇਲੀ ਜਾਂ ਚੌਲ ਕੁੱਟਣ ਵਾਲੇ ਬਣ ਜਾਣਗੇ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਰਾਜ ਪੁੱਤਰ ਸਰਦਾਰਾਂ ਤੇ ਆਸ਼ਰਿਤ ਹੋ ਜਾਣਗੇ। ਵੈਸ਼ ਤੋਂ ਸ਼ੂਦਰ ਅਤੇ ਸ਼ੂਦਰ ਤੋਂ ਵੈਸ਼ ਦੀ ਹੈਸੀਅਤ ਪ੍ਰਾਪਤ ਕਰ ਲੈਣ ਦਾ ਅਰਥ ਹੈ ਕਿ ਸਮਾਜਿਕ ਬਦਲਾਓ ਦੇ ਕ੍ਰਮ ਵਿੱਚ ਸ਼ੂਦਰ ਦਾਸ ਅਤੇ ਸੇਵਕ ਮੁੱਖ ਰੂਪ ਨਾਲ ਆਸ਼ਰਿਤ ਕਿਸਾਨ ਬਣ ਗਏ ਸਨ। ਖੇਤੀ ਪਹਿਲਾਂ ਵੈਸ਼ਾਂ ਦਾ ਧੰਦਾ ਮੰਨੀ ਜਾਂਦੀ ਸੀ। ਮਹਾਭਾਰਤ ਵਿੱਚ ਨੀਵੀਂ ਧਰਤੀ ਤੇ ਖੇਤੀ ਕਰਨ [61], ਹਲ਼ ਦੇ ਬਦਲੇ ਕਹੀ, ਅਤੇ ਹਲ਼ ਵਿੱਚ ਕੱਚੀ ਉਮਰ ਦੇ ਬਲਦਾਂ ਨੂੰ ਜੋਤਣ[62] ਦੇ ਵਰਣਨਾਂ ਦਾ ਕੁੱਛ ਸੰਬੰਧ ਸਾਇਦ ਗਰੀਬਾਂ ਦੁਆਰਾ ਕੀਤੀ ਜਾਣ ਵਾਲੀ ਖੇਤੀ ਨਾਲ ਹੋਵੇ। ਅਜਿਹੇ ਗਰੀਬ ਲੋਕਾਂ ਵਿੱਚ ਸ਼ੂਦਰ ਹੀ ਸਨ। ਇਸਦੇ ਨਾਲ ਹੀ ਮਹਾਭਾਰਤ ਦੇ ਕਲਯੁਗ ਵਰਣਨਾਂ ਵਿੱਚ ਬਦਲੀ ਹੋਈ ਹਾਲਤ ਦਾ ਸਪਸ਼ਟ ਸੰਕੇਤ ਹੈ। ਦੱਸਿਆ ਗਿਆ ਹੈ ਕਿ ਸ਼ੂਦਰਾਂ ਨੇ ਸੰਪਤੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ ਸੀ। ਆਰਥਿਕ ਸਥਿਤੀ ਵਿੱਚ ਸੁਧਾਰ ਹੋ ਰਿਹਾ ਸੀ। ਕਲਯੁਗ ਵਿੱਚ ਸ਼ੂਦਰ ਬ੍ਰਾਹਮਣਾਂ ਦੀ ਸੇਵਾ ਨਹੀਂ ਕਰਨਗੇ, ਇਹ ਕਥਨ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਇਸ ਵਰਣ ਵਿੱਚ ਅਜਿਹੇ ਲੋਕਾਂ ਦਾ ਇੱਕ ਵਰਗ ਉਭਰ ਰਿਹਾ ਸੀ ਜੋ ਦੂਸਰਿਆਂ ਤੇ ਆਸ਼ਰਿਤ ਨਹੀਂ ਸਨ।[63] ਕਲਯੁਗ ਦੇ ਪਹਿਲੇ ਵਰਣਨਾਂ ਤੋਂ ਸਾਫ਼ ਪਤਾ ਲਗਦਾ ਹੈ ਕਿ ਵਿਦੇਸ਼ੀ ਹਮਲਿਆਂ, ਵਿਦੇਸ਼ੀਆਂ ਦੇ ਇੱਥੇ ਵੱਸਣ ਅਤੇ ਉਨ੍ਹਾਂ ਦੇ ਇੱਕ ਹਿੱਸੇ ਦੇ ਅਤੇ ਕੁੱਝ ਸਰਹੱਦੀ ਲੋਕਾਂ ਦੇ ਕੁਲੀਨ ਵਰਗ ਦੇ ਰੂਪ ਵਿੱਚ ਉਦੇ ਹੋਣ ਦੇ ਨਤੀਜੇ ਵਜੋਂ ਚਾਰ ਵਰਣਾ ਦੀ ਸਮਾਜ ਵਿਵਸਥਾ ਹਿੱਲ ਗਈ ਸੀ।[64] ਨਵੇਂ ਯੁੱਗ ਦੇ ਦੌਰ ਵਿੱਚ ਜਿਸਨੂੰ ਪੁਰਾਣਾਂ ਨੇ ਪਤਨ ਦੇ ਯੁਗ ਦੇ ਰੂਪ ਵਿੱਚ ਦਰਸਾਇਆ ਹੈ, ਚਾਰ ਵਰਣਾਂ ਦੇ ਢਾਂਚੇ ਅੰਦਰ ਸਮਾਜਿਕ ਸੰਰਚਨਾ ਦੇ ਕੁਝ ਮਹੱਤਵਪੂਰਨ ਬਦਲਾਓ ਹੋ ਰਹੇ ਸਨ। ਦਾਸਾਂ ਸਮੇਤ ਸ਼ੂਦਰਾਂ ਦਾ ਇੱਕ ਵੱਡਾ ਹਿੱਸਾ, ਮੁੱਖ ਰੂਪ ਨਾਲ, ਛੋਟੇ ਆਸ਼ਰਿਤ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਦੇ ਰੂਪ ਵਿੱਚ ਖੇਤੀ ਨਾਲ ਜੁੜ ਜਾਣ ਤੋਂ ਬਾਅਦ ਸਮਾਜਿਕ ਅਤੇ ਆਰਥਿਕ ਦਰਜੇ ਵਜੋਂ ਵਿਕਾਸ ਕਰ ਰਿਹਾ ਸੀ ਅਤੇ ਵੈਸ਼ਾਂ ਦਾ ਇੱਕ ਹਿੱਸਾ ਸ਼ੂਦਰਾਂ ਦੀ ਸਥਿਤੀ

ਵਲ ਖਿਸਕਦਾ ਜਾ ਰਿਹਾ ਸੀ।[65] ਇਹ ਸਭ ਆਰਥਿਕ ਸ਼ਕਤੀਆਂ ਅਤੇ ਸਮਾਜਿਕ ਸੰਘਰਸ਼ ਦੀ ਵਿਸ਼ੇਸ਼ ਪਰਿਸਥਿਤੀ ਦੇ ਪ੍ਰਭਾਵ ਕਾਰਨ ਵਾਪਰ ਰਿਹਾ ਸੀ।[66]

ਵਿਦਵਾਨਾਂ ਨੇ ਪੁਰਾਣਾਂ ਦੇ ਆਪਣੇ ਅਧਿਐਨਾਂ ਵਿੱਚ ਇਸੇ ਸਥਿਤੀ ਨੂੰ ਜਿਆਦਾ ਸਪਸ਼ਟ ਕੀਤਾ ਹੈ, ਸ਼ੂਦਰ ਖੁੱਲ੍ਹਮ ਖੁੱਲਾ ਵਰਤਮਾਨ ਸਮਾਜਿਕ ਵਿਵਸਥਾ ਦੀ ਉਪੇਖਿਆ ਕਰਦੇ ਸਨ। ਸ਼ੂਦਰਾਂ ਦੇ ਵਿਵਹਾਰ ਦੇ ਇਸ ਪ੍ਰਕਾਰ ਦੇ ਸੰਕੇਤ ਕੂਰਮ ਪੁਰਾਣ ਵਿੱਚ ਮਿਲਦੇ ਹਨ, ਰਾਜ ਵਿੱਚ ਮੁੜ ਸ਼ੂਦਰ ਅਧਿਕਾਰੀ ਬ੍ਰਾਹਮਣਾਂ ਨੂੰ ਆਪਣਾ ਸਥਾਨ ਛੱਡਣ ਲਈ ਮਜਬੂਰ ਕਰਦੇ ਹਨ ਅਤੇ ਉਨ੍ਹਾਂ ਨੂੰ ਮਾਰਦੇ ਹਨ। ਰਾਜੇ ਬਦਲੀਆਂ ਹੋਈਆਂ ਪਰਿਸਥਿਤੀਆਂ ਦੇ ਕਾਰਨ ਕਲਯੁਗ ਵਿੱਚ ਬ੍ਰਾਹਮਣਾਂ ਦਾ ਅਨਾਦਰ ਕਰਦੇ ਹਨ ਅਤੇ ਬ੍ਰਾਹਮਣਾਂ ਦੇ ਵਿਚਕਾਰ ਸ਼ੂਦਰ ਉੱਚੇ ਅਹੁਦਿਆਂ ਤੇ ਵਿਰਾਜਦੇ ਹਨ। ਬ੍ਰਾਹਮਣ ਜਿੰਨ੍ਹਾਂ ਨੇ ਵੇਦ ਦਾ ਘੱਟ ਅਧਿਐਨ ਕੀਤਾ ਹੈ ਅਤੇ ਜੋ ਜਿਆਦਾ ਭਾਗਸ਼ਾਲੀ ਅਤੇ ਜਿਆਦਾ ਤਾਕਤਵਰ ਨਹੀਂ ਹਨ, ਫੁੱਲਾਂ, ਹੋਰ ਸਜਾਵਟੀ ਅਤੇ ਮੰਗਲਕਾਰੀ ਵਸਤਾਂ ਨਾਲ ਸ਼ੂਦਰਾਂ ਦਾ ਸਨਮਾਨ ਕਰਦੇ ਹਨ। ਇਸ ਤਰ੍ਹਾਂ ਸਨਮਾਨਿਤ ਕੀਤੇ ਜਾਣ ਤੇ ਵੀ ਸ਼ੂਦਰ ਬ੍ਰਾਹਮਣਾਂ ਵੱਲ ਵੇਖਦਾ ਤਕ ਨਹੀਂ ਹੈ। ਬ੍ਰਾਹਮਣ ਸ਼ੂਦਰਾਂ ਦੇ ਘਰਾਂ ਵਿੱਚ ਪ੍ਰਵੇਸ਼ ਕਰਨ ਦਾ ਹੌਸਲਾ ਨਹੀਂ ਕਰਦੇ ਹਨ, ਉਨ੍ਹਾਂ ਨੂੰ ਪ੍ਰਨਾਮ ਕਰਨ ਦੇ ਲਈ ਉਨ੍ਹਾਂ ਦੇ ਦੁਆਰ ਤੇ ਖੜੇ ਰਹਿੰਦੇ ਹਨ। ਬ੍ਰਾਹਮਣ ਜੋ ਆਪਣੇ ਗੁਜਾਰੇ ਲਈ ਸ਼ੂਦਰਾਂ ਤੇ ਨਿਰਭਰ ਕਰਦੇ ਹਨ, ਉਨ੍ਹਾਂ ਦੀ ਸਵਾਰੀ ਦੇ ਚਾਰ-ਚੁਫ਼ੇਰੇ ਇਸ ਕਰਕੇ ਖੜੇ ਰਹਿੰਦੇ ਹਨ ਕਿ ਉਨ੍ਹਾਂ ਦੇ ਗੁਣ ਗਾ ਸਕਣ ਅਤੇ ਉਨ੍ਹਾਂ ਨੂੰ ਵੇਦ ਪੜ੍ਹਾ ਸਕਣ।[68]

ਹਾਜਰਾ ਨੇ ਪੁਰਾਣਾਂ ਦੇ ਕੁਲਯੁਗ ਨਾਲ ਸੰਬੰਧਿਤ ਵਰਣਨਾਂ ਵਾਲੇ ਭਾਗ ਨੂੰ ਈ. ਸੰਨ 200-275 ਦਾ ਮੰਨਿਆ ਹੈ। ਪਾਰਜਿਟਰ ਦਾ ਕਹਿਣਾ ਹੈ ਕਿ ਕਲਯੁਗ ਭਾਰਤ ਯੁੱਧ ਦੇ ਸਮੇਂ ਤੋਂ ਸ਼ੁਰੂ ਹੁੰਦਾ ਹੈ, ਪਰੰਤੂ ਇਕ ਯੁਗ ਦੇ ਅੰਤ ਵਿਚ ਕਲਯੁਗ ਵਿੱਚ ਪਾਪਾਂ ਦਾ ਵਰਣਨ ਆਮ ਤੌਰ ਤੇ ਉਸ ਦੁਰ-ਵਿਵਸਥਾ ਕਾਲ ਵੱਲ ਸੰਕੇਤ ਕਰਦਾ ਹੈ ਜੋ ਮੌਰਿਆ ਸਾਮਰਾਜ ਦੇ ਪਤਨ ਅਤੇ ਗੁਪਤ ਸਾਮਰਾਜ ਦੇ ਵਿਚਕਾਰ ਆਉਂਦਾ ਹੈ।[69] ਮਲੇਛਾਂ ਦਾ ਵਰਣਨ ਅਤੇ ਕਲਯੁਗ ਦੇ ਵਿਵਰਨਾਂ ਵਿੱਚ ਵਿਭਿੰਨ ਲੋਕਾਂ ਦੇ ਗਠਜੋੜ ਮੌਰਿਆ ਕਾਲ ਤੋਂ ਬਾਅਦ ਵਾਲੀ ਅਤੇ ਪਰਿਸਥਿਤੀਆਂ ਦੇ ਬਹੁਤ ਅਨਕੂਲ ਹੈ। ਪੁਰਾਣਾਂ ਵਿੱਚ ਕਹੀ ਗਈ ਗੱਲ ਕਿ ਵਿਦੇਸ਼ੀ ਸਾਸਕ, ਬ੍ਰਾਹਮਣਾਂ ਨੂੰ ਜਾਨੋਂ ਮਾਰ ਸੁੱਟਣਗੇ ਅਤੇ ਦੂਸਰਿਆਂ ਦੀ ਪਤਨੀ ਤੇ ਧਨ ਦੌਲਤ ਖੋਹ ਲੈਣਗੇ, ਸਧਾਰਨ ਰੂਪ ਨਾਲ ਇਸ ਕਾਲ ਵਿੱਚ ਲਾਗੂ ਹੁੰਦੀ ਹੈ।[70] ਯੁਗ ਪੁਰਾਣ ਦੇ ਵਰਣਨਾਂ ਵਿੱਚ ਬ੍ਰਾਹਮਣਾਂ ਦੀ ਉਸ ਤਰਸਯੋਗ ਹਾਲਤ ਦਾ ਪਤਾ ਲਗਦਾ ਹੈ ਜੋ ਗਰੀਕਾਂ, ਸ਼ਕਾਂ ਅਤੇ ਕੁਸ਼ਾਣਾਂ ਦੀਆਂ ਗਤੀਵਿਧੀਆਂ ਦਾ ਨਤੀਜਾ ਸੀ। ਸੰਭਵ ਹੈ ਕਿ ਉਨ੍ਹਾਂ ਦੇ ਹਮਲਿਆਂ ਦੇ ਕਾਰਨ ਸ਼ੂਦਰਾਂ ਦੀ ਸਥਿਤੀ ਵਿੱਚ ਪਰੀਵਰਤਨ ਹੋਇਆ ਹੋਵੇ ਅਤੇ ਉਹ ਉੱਠ ਖੜੇ ਹੋਏ ਹੋਣ। ਜਿਵੇਂ ਕਿ ਰਾਮਸ਼ਰਣ ਸ਼ਰਮਾ ਨੇ ਦੱਸਿਆ ਹੈ ਕਿ ਉਨ੍ਹਾਂ ਵਿੱਚ ਪਹਿਲਾਂ ਹੀ ਅਸੰਤੋਸ਼ ਉਬਲ ਰਿਹਾ ਸੀ। ਸੁਭਾਵਿਕ ਹੀ ਉਹ ਬ੍ਰਾਹਮਣਾਂ ਦੇ ਦੁਸ਼ਮਣ ਬਣ ਗਏ, ਕਿਉਂਕਿ ਉਨ੍ਹਾਂ ਨੇ ਹੀ ਉਨ੍ਹਾਂ ਦੇ ਪ੍ਰਤੀ ਭੇਦਭਾਵ ਪੂਰਨ ਨਿਯਮ ਬਣਾਏ ਸਨ। ਇਹ ਸਮਾਜਿਕ ਉੱਥਲ-ਪੁੱਥਲ ਕਦੋਂ ਤਕ ਅਤੇ ਦੇਸ਼ ਦੇ ਕਿਸ ਭਾਗ ਵਿੱਚ ਹੁੰਦੀ ਰਹੀ, ਇਸਦਾ ਪਤਾ ਲਗਾਉਣਾ ਅੰਕੜਿਆਂ ਦੀ ਕਮੀ ਕਾਰਨ ਮੁਸ਼ਕਿਲ ਹੈ। ਪਰਤੂੰ ਲਗਦਾ ਹੈ ਕਿ ਅਧਰਮੀ ਸ਼ੂਦਰ ਰਾਜਿਆਂ ਦੇ ਪ੍ਰਤੀ ਬ੍ਰਾਹਮਣਾਂ ਦੇ ਵੈਰ ਭਾਵ ਦਾ ਕਾਰਨ ਇਹ ਸੀ ਕਿ ਇਹ ਰਾਜੇ ਸ਼ੂਦਰਾਂ ਨਾਲ ਭਾਈਚਾਰੇ ਦਾ ਵਿਵਹਾਰ ਕਰਦੇ ਸਨ। ਦਾਸ ਅਤੇ ਭਾੜੇ ਦੇ ਮਜ਼ਦੂਰਾਂ ਦੇ ਰੂਪ ਵਿੱਚ ਸ਼ੂਦਰਾਂ ਦੀ ਪਰਵੱਸਤਾ ਘੱਟ ਹੋਈ ਹੋਵੇਗੀ ਕਿਉਂਕਿ ਉਹ ਵਰਣ ਵਿੱਚ ਵੰਡੇ ਹੋਏ ਸਮਾਜ ਦਾ ਆਦਰਸ਼ ਨਿਭਾਉਣ ਲਈ ਮਜਬੂਰ ਨਹੀਂ ਸਨ।[71]

ਕਲਯੁਗ ਦੇ ਵਰਣਨਾਂ ਤੋਂ ਸਾਨੂੰ ਸੰਕੇਤ ਮਿਲਦਾ ਹੈ ਕਿ ਮੌਰਿਆ ਤੋਂ ਬਾਅਦ ਵਾਲੇ ਕਾਲ ਵਿੱਚ

ਵਰਣਾਂ ਦੇ ਆਪਸੀ ਤਣਾਓ ਕਾਰਨ ਮਨੂ ਨੂੰ ਅਜਿਹੇ ਨਿਯਮਾਂ ਦੀ ਘੋਸ਼ਣਾ ਕਰਨੀ ਪਈ ਸੀ। ਉਨ੍ਹਾਂ ਨੇ ਰਾਜੇ ਨੂੰ ਆਦੇਸ਼ ਦਿੱਤਾ ਕਿ ਉਹ ਵੈਸ਼ ਅਤੇ ਸ਼ੂਦਰ ਨੂੰ ਆਪਣਾ ਕੰਮ ਕਰਨ ਦੇ ਲਈ ਮਜਬੂਰ ਕਰੇ।[72] ਰਾਜੇ ਨੂੰ ਵਰਣ ਧਰਮ ਦੀ ਪਾਲਣਾ ਕਰਨੀ ਚਾਹੀਦੀ ਹੈ ਕਿਉਂਕਿ ਜੋ ਰਾਜ ਵਰਨਾਂ ਦੀ ਉਲੰਘਣਾ ਕਰਨ ਦੂਸ਼ਿਤ ਹੋ ਜਾਵੇਗਾ, ਉਹ ਆਪਣੇ ਨਿਵਾਸੀਆਂ ਸਮੇਤ ਨਸ਼ਟ ਹੋ ਜਾਵੇਗਾ।[73] ਜੇਕਰ ਸ਼ੂਦਰ ਆਪਣਾ ਕੰਮ ਨਹੀਂ ਕਰੇਗਾ ਤਾਂ ਉਸਦਾ ਜਨਮ ਕੀੜੇ ਮਕੌੜੇ ਖਾਣ ਵਾਲੇ ਪਿਸ਼ਾਚ ਦੇ ਰੂਪ ਵਿੱਚ ਹੋਵੇਗਾ।[74] ਜੇਕਰ ਉਹ ਨਿਸ਼ਠਾ ਨਾਲ ਆਪਣੇ ਧਰਮ ਦਾ ਨਿਰਬਾਹ ਕਰੇਗਾ ਤਾਂ ਅਗਲੇ ਜਨਮ ਉਹ ਉੱਚ ਵਰਨ ਵਿੱਚ ਪੈਦਾ ਹੋਵੇਗਾ।[75] ਕੌਟਿਲਯੇ ਦੇ ਉਲਟ ਮਨੂ ਨੇ ਰਾਜੇ ਨੂੰ ਕਿਹਾ ਹੈ ਕਿ ਰਾਜੇ ਨੂੰ ਅਜਿਹੇ ਦੇਸ ਵਿੱਚ ਵੱਸਣਾ ਚਾਹੀਦਾ ਹੈ ਜਿੱਥੋਂ ਦੇ ਨਿਵਾਸੀ ਮੁੱਖ ਰੂਪ ਨਾਲ ਆਰਿਆ ਹੋਣ।[76] ਕਿਉਂਕਿ ਮਨੂ ਦੇ ਅਨੁਸਾਰ ਜਿਸ ਰਾਜ ਵਿੱਚ ਸ਼ੂਦਰਾਂ ਦਾ ਬਹੁਮਤ ਹੋਵੇਗਾ, ਉਹ ਤੁਰੰਤ ਨਸ਼ਟ ਹੋ ਜਾਵੇਗਾ। ਮਨੂ ਨੇ ਰਾਜ ਦਾ ਭਾਰ ਉਨ੍ਹਾਂ ਲੋਕਾਂ ਤੱਕ ਸੀਮਤ ਰੱਖਿਆ ਹੈ, ਜੋ ਆਰਿਆ ਦੇ ਵਾਂਗ ਰਹਿੰਦੇ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਹੈ ਕਿ ਜੋ ਵਿਅਕਤੀ ਆਰਿਆ ਨਾ ਹੋਣ ਤੇ ਹੀ ਆਰਿਆ ਦੇ ਚਿੰਨ੍ਹ ਧਾਰਨ ਕਰਦੇ ਹਨ, ਉਨ੍ਹਾਂ ਨੂੰ ਕੰਡਾ ਸਮਝ ਕੇ ਤੁਰੰਤ ਹਟਾ ਦੇਣਾ ਚਾਹੀਦਾ ਹੈ।[77] ਦੋਗਲੀਆਂ ਜਾਤੀਆਂ ਨੂੰ ਖਾਸ ਤੌਰ ਤੇ ਆਰਿਆਂ ਤੋਂ ਭਿੰਨ ਮੰਨਿਆ ਜਾਂਦਾ ਸੀ ਅਤੇ ਉਹ ਨਿਰਦਈ ਤੇ ਉਗਰ ਸੁਭਾਓ ਵਾਲੇ ਦੱਸੇ ਗਏ। ਜੇਕਰ ਦੰਗੇ-ਫਸਾਦ ਦੇ ਕਾਰਨ ਤਿੰਨ ਉੱਚ ਵਰਗਾਂ ਨੂੰ ਆਪਣਾ ਕੰਮ ਕਰਨ ਵਿਚ ਰੁਕਾਵਟ ਪੇਸ਼ ਆਵੇ ਤਾਂ ਉਨ੍ਹਾਂ ਨੂੰ ਸ਼ਸਤਰ ਗ੍ਰਹਿਣ ਕਰਨਾ ਚਾਹੀਦਾ ਹੈ।[78] ਵਾਯੂ ਪੁਰਾਣ ਦੇ ਅੰਤਰਗਤ ਪ੍ਰਮਿਤੀ (ਮਾਧਵ ਦੇ ਅਵਤਾਰ) ਦੇ ਕੰਮਾਂ ਦੀ ਚਰਚਾ ਕੀਤੀ ਗਈ ਹੈ, ਜਿਸਨੇ ਬ੍ਰਾਹਮਣਾਂ ਦੀ ਸੈਨਾ ਬਣਾਈ ਅਤੇ ਅਨੇਕ ਪ੍ਰਕਾਰ ਦੇ ਲੋਕਾਂ ਤੇ ਮਲੇਛ ਅਤੇ ਸ਼ੂਦਰ ਆਦਿ ਦਾ ਵਿਨਾਸ਼ ਕਰਨ ਦਾ ਯਤਨ ਕੀਤਾ।[79] ਸ਼ੂਦਰ ਸਥਾਪਿਤ ਵਿਵਸਥਾ ਨੂੰ ਤੋੜਨ ਵਾਲੇ ਮੰਨੇ ਜਾਂਦੇ ਸਨ। ਮਨੂ ਨੇ ਬ੍ਰਾਹਮਣਾਂ ਦੇ ਪ੍ਰਤੀ ਅਪਰਾਧ ਕਰਨ ਵਾਲੇ ਸ਼ੂਦਰਾਂ ਦੇ ਲਈ ਸਜ਼ਾ ਦੀ ਵਿਆਪਕ ਵਿਵਸਥਾ ਕੀਤੀ ਹੈ, ਉਸ ਦਾ ਮੁੱਖ ਕਾਰਨ ਇਹ ਦੱਸਿਆ ਗਿਆ ਹੈ ਕਿ ਉੱਚ ਸਿੱਖਿਆ ਪ੍ਰਾਪਤ ਸ਼ੂਦਰਾਂ ਦੇ ਪ੍ਰਤੀ ਉਨ੍ਹਾਂ ਦੇ ਮਨ ਵਿਚ ਵੈਰ ਦੀ ਭਾਵਨਾ ਸੀ।[80] ਵਿਸ਼ਨੂੰ ਪੁਰਾਣ ਦਾ ਇੱਥੇ ਇਸ ਸੰਦਰਭ ਵਿੱਚ ਇੱਕ ਵਿਵਰਨ ਵੇਖਿਆ ਜਾ ਸਕਦਾ ਹੈ, ਕਲਯੁਗ ਵਿੱਚ ਵੈਸ਼ ਖੇਤੀ ਕਾਰਜ ਅਤੇ ਵਪਾਰ ਛੱਡ ਦੇਣਗੇ ਅਤੇ ਦਾਸਤਾ ਤੇ ਸ਼ਿਲਪ ਨੂੰ ਅਪਨਾਉਣਗੇ। ਸ਼ੂਦਰ ਜਾਤੀ ਦੀ ਬਹੁਲਤਾ ਹੋਵੇਗੀ।[81] ਹਾਪਕਿੰਸ ਨੇ ਦੱਸਿਆ ਹੈ ਕਿ ਮਨੂ ਦੇ ਕੁਝ ਨਿਯਮਾਂ ਤੋਂ ਇਕ ਅਤੇ ਦੋ ਉੱਚ ਵਰਗ ਅਤੇ ਦੂਸਰੇ ਪਾਸੇ ਦੇ ਨੀਚ ਵਰਣਾਂ ਵਿਚਕਾਰ ਦੁਸ਼ਮਨੀ ਦਾ ਆਭਾਸ ਮਿਲਦਾ ਹੈ।[82] ਇਸੇ ਪ੍ਰਕਾਰ ਰਾਮਸ਼ਰਣ ਸ਼ਰਮਾ ਦੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਮਨੂ ਦੇ ਇਸ ਸ਼ੂਦਰ ਵਿਰੋਧ ਤੋਂ ਇਹ ਅਨੁਮਾਨ ਨਹੀਂ ਲਾਇਆ ਜਾ ਸਕਦਾ ਕਿ ਇਸ ਸਮੇਂ ਅਰਥਾਤ ਮੌਰਿਆਂ ਤੋਂ ਬਾਅਦ ਵਾਲੇ ਕਾਲ ਵਿੱਚ ਸ਼ੂਦਰਾਂ ਦਾ ਪਤਨ ਹੋ ਚੁੱਕਿਆ ਸੀ। ਇਸ ਸ਼ੂਦਰ ਵਿਰੋਧ ਨੂੰ ਅਜਿਹਾ ਅੱਤਵਾਦ ਉਪਾ ਮੰਨਣਾ ਚਾਹੀਦਾ ਹੈ ਜੋ ਨਵੀਆਂ ਸ਼ਕਤੀਆਂ ਦੇ ਵਾਧੇ ਤੋਂ ਸਮਾਜ ਦੇ ਪੁਰਾਣੇ ਢਾਂਚੇ ਨੂੰ ਟੁੱਟਣ ਤੋਂ ਬਚਾਉਣ ਲਈ ਚਾਹੀਦਾ ਸੀ। ਮਨੂ ਨੇ ਵਿਧੀ ਗ੍ਰੰਥਾਂ ਵਿੱਚ ਵੀ ਸ਼ੂਦਰਾਂ ਦੀ ਸਥਿਤੀ ਵਿੱਚ ਹੋਏ ਉਨ੍ਹਾਂ ਬਥੇਰੇ ਪਰਿਵਰਤਨਾਂ ਦਾ ਵਰਣਨ ਕੀਤਾ ਹੈ ਜੋ ਬ੍ਰਾਹਮਣਾਂ ਦੇ ਵਿਰੁੱਧ ਉਨ੍ਹਾਂ ਦੇ ਸੰਘਰਸ਼, ਨਵੇਂ ਨਵੇਂ ਲੋਕਾਂ ਦੀ ਆਮਦ ਅਤੇ ਸ਼ਿਲਪ ਤੇ ਕਲਾ ਦੇ ਵਿਕਾਸ ਦੇ ਨਤੀਜੇ ਹਨ।[83]

ਸ਼ੂਦਰਾਂ ਦੀ ਸਥਿਤੀ ਦਾ ਵਰਣਨ ਕਰਨ ਦੇ ਲਈ ਮਨੂ ਸਮ੍ਰਿਤੀ ਦੀ ਚਰਚਾ ਵਿਆਪਕ ਪੱਧਰ ਤੇ ਕੀਤੀ ਗਈ। ਇਸ ਗ੍ਰੰਥ ਦਾ ਰਚਨਾ ਕਾਲ 200 ਈ. ਪੂ. ਤੋਂ 200 ਈ. ਦੇ ਵਿਚਕਾਰ ਰਿਹਾ ਹੋਵੇਗਾ। ਇਹ ਸਮਾਂ ਮੌਰਿਆ ਕਾਲ ਤੋਂ ਬਾਅਦ ਘੋਰ ਬ੍ਰਾਹਮਣੀ ਕੱਟੜਤਾ ਦਾ ਸੂਚਕ ਹੈ। ਮਨੂ ਸਮ੍ਰਿਤੀ ਤੋਂ ਇਲਾਵਾ ਪੰਤਜਲਿ ਦੇ ਮਹਾਭਾਸ਼ਯੇ, ਭਾਸ ਦੇ ਨਾਟਕ, ਬੋਧ ਗ੍ਰੰਥਾਂ ਅਤੇ ਮਿਲਿੰਦ ਦਿਵਯਾਵਦਾਨ, ਮਹਾ

ਵਸਤੂ ਤੇ ਸਿੱਧਮਰਪੁੰਡੀਕ ਵਿੱਚ ਵੀ ਸ਼ੂਦਰਾਂ ਦੀ ਇਸ ਕਾਲ ਦੀ ਸਥਿਤੀ ਦਾ ਵਰਣਨ ਕੀਤਾ ਗਿਆ ਹੈ। ਜੈਨ ਗ੍ਰੰਥ 'ਪੱਤਰਵਣ' ਵੀ ਇਸੇ ਕਾਲ ਦਾ ਹੈ ਜਿਸ ਵਿਚ ਸ਼ਿਲਪੀਆਂ ਦੇ ਸੰਬੰਧ ਵਿੱਚ ਜਾਣਕਾਰੀ ਮਿਲ ਜਾਂਦੀ ਹੈ।

ਮਨੂ ਨੇ ਦੱਸਿਆ ਹੈ ਕਿ ਸ਼ੂਦਰ ਨੂੰ ਜੂਠ, ਘਟੀਆ ਅਨਾਜ, ਫਟੇ ਹੋਏ ਕੱਪੜੇ ਤੇ ਬਿਸਤਰਾ, ਦੇਣਾ ਚਾਹੀਦਾ ਹੈ।[84] ਸਨਾਤਕ ਨੂੰ ਸ਼ੂਦਰ ਸ਼ਾਸਕ ਦੇ ਦੇਸ਼ ਵਿੱਚ ਨਹੀਂ ਰਹਿਣਾ ਚਾਹੀਦਾ। ਇੱਥੇ ਸ਼ੂਦਰ ਰਾਜੇ ਦੇ ਰੂਪ ਵਿੱਚ ਆਮ ਤੌਰ ਤੇ ਗਰੀਕ, ਪਾਰਥਿਅਨ, ਕੁਸ਼ਾਣ ਸ਼ਾਸਕਾਂ ਵੱਲ ਸੰਕੇਤ ਕੀਤਾ ਗਿਆ ਹੈ। ਉਹ ਬੋਧ ਅਤੇ ਵੈਸ਼ਨਵ ਧਰਮ ਨੂੰ ਮੰਨਣ ਵਾਲੇ ਸਨ। ਉਨ੍ਹਾਂ ਨੂੰ ਮਨੂ ਨੇ ਪਤਿਤ ਖੱਤਰੀ ਕਿਹਾ ਹੈ, ਜੋ ਬ੍ਰਾਹਮਣਾਂ ਤੋਂ ਸਲਾਹ ਨਾ ਲੈਣ ਅਤੇ ਦੱਸੇ ਗਏ ਵੈਦਿਕ ਵਿਧਾਨਾਂ ਨੂੰ ਪੂਰਾ ਨਾ ਕਰਨ ਦੇ ਕਾਰਨ ਸ਼ੂਦਰਾਂ ਦੀ ਸਥਿਤੀ ਵਿੱਚ ਪਹੁੰਚ ਗਏ ਸਨ।[85] ਮਨੂ ਨੇ ਸ਼ੂਦਰਾਂ ਦੇ ਲਈ ਬੜੀਆਂ ਸਖਤ ਸਜ਼ਾਵਾਂ ਦੀ ਵਿਵਸਥਾ ਕੀਤੀ ਹੈ। ਬੋਧ ਗ੍ਰੰਥਾਂ ਤੋਂ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ ਵਰਣਾਂ ਵਿੱਚ ਆਪਸੀ ਸੰਬੰਧ ਬਹੁਤ ਤਣਾਓ ਪੂਰਨ ਸਨ, ਹਾਲਾਂ ਕਿ ਸਾਨੂੰ ਉਨ੍ਹਾਂ ਦੇ ਵਿਦਰੋਹ ਦੇ ਸਬੂਤ ਨਹੀਂ ਮਿਲਦੇ। ਮਹਾਵਸਤੂ ਤੋਂ ਜਾਣਕਾਰੀ ਮਿਲਦੀ ਹੈ ਕਿ ਭਾੜੇ ਦੇ ਮਜ਼ਦੂਰਾਂ ਤੋਂ ਕੰਮ ਕਰਵਾਉਣ ਦੇ ਲਈ ਉਨ੍ਹਾਂ ਨੂੰ ਮੁਸ਼ਕਿਲ ਤੋਂ ਮੁਸ਼ਕਿਲ ਸਰੀਰਕ ਯਾਤਨਾਵਾਂ ਦਿੱਤੀਆਂ ਜਾਂਦੀਆਂ ਸਨ। ਕੁੱਝ ਲੋਕ ਇੰਨ੍ਹਾਂ ਮਜਦੂਰਾਂ ਨੂੰ ਬੇੜੀਆਂ ਅਤੇ ਜੰਜ਼ੀਰਾ ਨਾਲ ਜਕੜਵਾ ਦਿੰਦੇ ਸਨ ਅਤੇ ਹੁਕਮ ਦੇ ਕੇ ਕਿੰਨਿਆਂ ਦੇ ਹੀ ਹੱਥ ਪੈਰ ਵਿੰਨ੍ਹਵਾ ਦਿੰਦੇ ਸਨ ਅਤੇ ਉਨ੍ਹਾਂ ਦੇ ਨੱਕ, ਬਾਹਾਂ ਤੇ ਪਿੱਠ ਪੰਜ ਜਾਂ ਦਸ ਵਾਰੀ ਵਿੰਨ੍ਹਵਾ ਦਿੰਦੇ ਸਨ।[86]

ਜਿਆਦਾਤਰ ਦੋਗਲੀਆਂ ਜਾਤੀਆਂ ਜਿੰਨ੍ਹਾਂ ਦਾ ਵਰਣਨ ਮਨੂ ਨੇ ਕੀਤਾ ਹੈ, ਅਛੂਤ ਸਨ। ਨਿਸ਼ਾਦਾਂ, ਅਯੋਗਵਾਂ , ਮੇਦਾਂ, ਅੰਧਰਾਂ, ਚਚੰਯਾ, ਕਸ਼ੱਤਰਾਵਾਂ, ਪੁਕੱਸਾਂ, ਘਿਗਵਰਨਾਂ ਅਤੇ ਵੇਣਾਂ ਦੀਆਂ ਕਾਰਗੁਜ਼ਾਰੀਆਂ ਦਾ ਵਰਣਨ ਕਰਕੇ ਮਨੂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਪਿੰਡਾਂ ਤੋਂ ਬਾਹਰ ਵੱਡੇ ਵੱਡੇ ਦਰਖਤਾਂ, ਕਿਸੇ ਚਬੂਤਰੇ, ਸਮਸ਼ਾਨਾਂ ਤੇ ਪਹਾੜਾਂ ਆਦਿ ਵਿਚ ਵੱਸਣਾ ਚਾਹੀਦਾ ਹੈ।[87]

ਇਸਤੋਂ ਪਤਾ ਚਲਦਾ ਹੈ ਕਿ ਇਹ ਜਾਤੀਆਂ ਬ੍ਰਾਹਮਣਾਂ ਦੀਆਂ ਬਸਤੀਆਂ ਤੋਂ ਬਾਹਰ ਰਹਿੰਦੀਆਂ ਸਨ। ਚੰਡਾਲ ਅਤੇ ਸ਼ਵਪਾਕ (ਕੁੱਤੇ ਦਾ ਮਾਸ ਖਾਣ ਵਾਲੇ) ਤਾਂ ਜ਼ਰੂਰ ਹੀ ਪਿੰਡ ਤੋਂ ਬਾਹਰ ਰਹਿੰਦੇ ਸਨ। ਜਿਸ ਭਾਂਡੇ ਵਿੱਚ ਉਨ੍ਹਾਂ ਨੂੰ ਭੋਜਨ ਕਰਵਾਇਆ ਜਾਂਦਾ ਸੀ ਉਸਨੂੰ ਹਮੇਸ਼ਾ ਦੇ ਲਈ ਸੁੱਟ ਦਿੱਤਾ ਜਾਂਦਾ ਸੀ। ਉਨ੍ਹਾਂ ਦੀ ਜਾਇਦਾਦ ਸਿਰਫ਼ ਕੁੱਤੇ ਅਤੇ ਗਧੇ ਸਨ। ਉਹ ਟੁੱਟੀਆਂ ਭੱਜੀਆਂ ਥਾਲੀਆਂ ਵਿੱਚ ਭੋਜਨ ਕਰਦੇ ਸਨ, ਲੋਹੇ ਦੇ ਗਹਿਣੇ ਅਤੇ ਮ੍ਰਿਤਕ ਵਿਅਕਤੀਆਂ ਦੇ ਕਪੜੇ ਪਹਿਨਦੇ ਸਨ। ਉਹ ਇੱਕ ਥਾਂ ਤੋਂ ਦੂਸਰੀ ਥਾਂ ਘੁੰਮਦੇ ਰਹਿੰਦੇ ਸਨ।[88] ਉਨ੍ਹਾਂ ਨੂੰ ਰਾਤ ਨੂੰ ਸ਼ਹਿਰਾਂ ਅਤੇ ਪਿੰਡਾਂ ਵਿੱਚ ਆਉਣ ਦੀ ਆਗਿਆ ਨਹੀਂ ਸੀ। ਇੱਥੇ ਉਹ ਦਿਨ ਵੇਲੇ ਹੀ ਕੰਮ ਕਰ ਸਕਦੇ ਸਨ।[89] ਮਨੂ ਨੇ ਦੱਸਿਆ ਹੈ ਕਿ ਚੰਡਾਲਾਂ ਅਤੇ ਸ਼ਵਪਾਕਾਂ ਦੀ ਪਛਾਣ ਦੇ ਲਈ ਨਿਰਧਾਰਤ ਚਿੰਨ੍ਹ ਧਾਰਨ ਕਰਨਾ ਚਾਹੀਦਾ ਹੈ।[90]

ਚੰਡਾਲਾਂ ਅਤੇ ਸ਼ਵਪਾਕਾਂ ਨੂੰ ਕਿਹਾ ਗਿਆ ਹੈ ਕਿ ਉਹ ਕੁਝ ਖਾਸ ਢੰਗ ਦੀ ਪੁਸ਼ਾਕ ਪਹਿਨਣ ਤਾਂ ਕਿ ਹੋਰ ਲੋਕਾਂ ਤੋਂ ਉਹ ਵੱਖਰੇ ਨਜ਼ਰ ਆਉਣ।[91]

ਧਰਮਸੂਤਰਾਂ ਵਿੱਚ ਛੂਤ-ਛਾਤ ਦੀ ਚਰਚਾ ਚੰਡਾਲ ਦੇ ਸੰਦਰਭ ਵਿੱਚ ਕੀਤੀ ਗਈ ਹੈ। ਇਨ੍ਹਾਂ ਗ੍ਰੰਥਾਂ ਵਿੱਚ ਚੰਡਾਲ ਨੂੰ ਪਸ਼ੂ ਸਮਾਨ ਮੰਨਿਆ ਗਿਆ ਹੈ ਅਤੇ ਉਨ੍ਹਾਂ ਨੂੰ ਆਮ ਤੌਰ ਤੇ ਕੁੱਤਿਆਂ ਅਤੇ ਕਾਵਾਂ ਨਾਲ ਜੋੜਿਆ ਗਿਆ ਹੈ। ਉਦਾਹਰਨ ਦੇ ਲਈ ਆਪਸਤਮੰਬ ਦੇ ਅਨੁਸਾਰ,[92] ਵੈਸ਼ਦੇਵ ਕਰਮਕਾਂਡ ਦੇ ਬਾਅਦ ਗ੍ਰਹਿਸਤ ਚੰਡਾਲਾਂ ਨੂੰ ਕੁੱਤਿਆਂ ਦੇ ਨਾਲ ਕੁੱਝ ਭੋਜਨ ਦੇ ਸਕਦਾ ਹੈ ਅਤੇ ਵਸ਼ਿਸ਼ਠ[93] ਦੇ ਅਨੁਸਾਰ, ਕੁੱਤਿਆਂ ਅਤੇ ਕਾਵਾਂ ਦੇ ਨਾਲ। ਪਰੰਤੂ ਆਪਸਤਮੰਬ ਨੇ ਇੱਕ ਅਜੇਹੀ ਵਿਚਾਰਧਾਰਾ ਦਾ ਵਰਣਨ ਕੀਤਾ ਹੈ ਜਿਸਦੇ ਅਨੁਸਾਰ ਚੰਡਾਲ ਆਦਿ ਜੋ ਕਿ ਭੋਜਨ ਦੇ ਪਾਤਰ ਨਹੀਂ ਹਨ, ਉਨ੍ਹਾਂ ਨੂੰ ਕੋਈ

ਭੋਜਨ ਨਹੀਂ ਦੇਣਾ ਚਾਹੀਦਾ।[94] ਗੌਤਮ ਦਾ ਵਿਧਾਨ ਹੈ ਕਿ ਕੁੱਤਿਆਂ ਅਤੇ ਚੰਡਾਲਾਂ ਨੂੰ ਵੇਖ ਲੈਣ ਤੇ ਅੰਤਿਮ ਰਸਮਾਂ ਵਾਲਾ ਭੋਜਨ ਅਸ਼ੁੱਧ ਹੋ ਜਾਂਦਾ ਹੈ।[95] ਆਧਸਤਮੰਬ ਨੇ ਕੁੱਤਿਆ ਅਤੇ ਅਯੋਗ ਪਾਤਰਾਂ ਲਈ ਅਜਿਹੀ ਹੀ ਵਿਵਸਥਾ ਕੀਤੀ ਹੈ ਅਤੇ ਅਜੇਹਾ ਮੰਨਿਆਂ ਜਾਂਦਾ ਹੈ ਕਿ ਅਯੋਗ ਪਾਤਰਾਂ ਵਿੱਚ ਚੰਡਾਲ ਵੀ ਸ਼ਾਮਿਲ ਹਨ।[96] ਅਸ਼ੁੱਧੀ ਦੀ ਕਲਪਨਾ ਧਰਮ ਸੂਤਰਾਂ ਦਾ ਇਕ ਪ੍ਰਬਲ ਯਥਾਰਥ ਹੈ ਅਤੇ ਚੰਡਾਲ ਦੇ ਸੰਦਰਭ ਵਿੱਚ ਉਹ ਪੂਰੇ ਜੋਰ ਨਾਲ ਲਾਗੂ ਵਿਖਾਈ ਦਿੰਦਾ ਹੈ।ਉਸਦੇ ਸਪਰਸ਼ ਨੂੰ ਅਪਵਿੱਤਰ ਕਰਨ ਵਾਲਾ ਮੰਨਿਆ ਗਿਆ ਹੈ ਅਤੇ ਉਸਦਾ ਪ੍ਰਾਸਚਿਤ ਸਮੇਤ ਕਪੜਿਆ ਦੇ ਇਸ਼ਨਾਨ ਕਰਨਾ ਦੱਸਿਆ ਗਿਆ ਹੈ।[97] ਕਿਤੇ ਕਿਤੇ ਚੰਡਾਲ ਦੇ ਨੇੜੇ ਆਉਣ, ਉਸਦੀ ਆਵਾਜ਼ ਸੁਣਨ, ਉਸਨੂੰ ਵੇਖਣ ਜਾਂ ਉਸਦੇ ਬੋਲਣ ਨਾਲ ਵੀ ਅਸ਼ੁੱਧ ਹੋਣ ਦੇ ਵਰਣਨ ਮਿਲਦੇ ਹਨ। ਅਜਿਹੇ ਸਥਾਨ ਤੇ ਵੇਦ ਦਾ ਅਧਿਐਨ ਰੋਕ ਦੇਣਾ ਚਾਹੀਦਾ ਹੈ ਜਿੱਥੇ ਕੋਈ ਚੰਡਾਲ ਠਹਿਰਿਆ ਹੋਵੇ।[98] ਜਾਂ ਜਿੱਥੋਂ ਵਿਖਾਈ ਦੇ ਰਿਹਾ ਹੋਵੇ ਜਾਂ ਜਿੱਥੋਂ ਉਹ ਵੇਦ ਦਾ ਪੜ੍ਹਿਆ ਜਾਣਾ ਸੁਣ ਸਕਦਾ ਹੋਵੇ।[99] ਆਧਸਤਮੰਬ ਲੋਕਾਂ ਨੂੰ ਚੰਡਾਲ ਦੇ ਵੇਖਣ ਤੋਂ ਵੀ ਮਨ੍ਹਾ ਕਰਦਾ ਹੈ।[100] ਉਹ ਚੰਡਾਲ ਨਾਲ ਗੱਲ ਕਰਨਾ ਵੀ ਪਾਪ ਦੱਸਦਾ ਹੈ। ਜਿਸਦਾ ਪ੍ਰਾਸਚਿਤ ਕਿਸੇ ਬ੍ਰਾਹਮਣ ਨਾਲ ਗੱਲ ਕਰਨਾ ਹੈ।[101] ਚੰਡਾਲਾਂ ਨਾਲ ਨਿਯਮਿਤ ਵਿਅਕਤੀਗਤ ਸੰਪਰਕ ਅਤੇ ਰੋਟੀ-ਬੇਟੀ ਵਿਵਹਾਰ ਤੇ ਲਗਾਈਆਂ ਗਈਆਂ ਪਾਬੰਦੀਆਂ ਬਹੁਤ ਸਖਤ ਹਨ। ਬੌਧਾਯਨ ਨੇ ਚੰਡਾਲ ਜਾਤੀ ਦੀ ਔਰਤ ਨਾਲ ਸੰਭੋਗ ਦੇ ਲਈ ਕਰਿਚੱਛ ਪ੍ਰਾਸਚਿਤ ਦਾ ਵਿਧਾਨ ਕੀਤਾ ਹੈ। ਅਤੇ ਹੋਰ ਲੋਕਾਂ ਦੇ ਇਸ ਪ੍ਰਕਾਰ ਦੇ ਮਤ ਨੂੰ ਪ੍ਰਗਟ ਕੀਤਾ ਹੈ ਕਿ ਜੋ ਬ੍ਰਾਹਮਣ ਅਣਜਾਣੇ ਵਿੱਚ ਚੰਡਾਲ ਔਰਤ ਦੇ ਕੋਲ ਜਾਂਦਾ ਹੈ, ਚੰਡਾਲ ਦਾ ਦਿੱਤਾ ਭੋਜਨ ਖਾਂਦਾ ਹੈ ਜਾਂ ਉਸ ਕੋਲੋਂ ਕੋਈ ਭੇਟ ਸਵੀਕਾਰ ਕਰਦਾ ਹੈ, ਉਹ ਪਤਿਤ ਹੋ ਜਾਂਦਾ ਹੈ, ਲੇਕਿਨ ਜੇਕਰ ਉਹ ਜਾਣ ਬੁੱਝ ਕੇ ਅਜੇਹਾ ਕਰਦਾ ਹੈ ਤਾਂ ਉਹ ਚੰਡਾਲ ਵਰਗਾ ਹੀ ਹੋ ਜਾਂਦਾ ਹੈ।[102] ਚੰਡਾਲ ਦਾ ਦਿੱਤਾ ਭੋਜਨ ਕਰਨ ਦੇ ਲਈ ਵਸ਼ਿਸ਼ਠ ਤਿੰਨ ਮਹੀਨੇ ਦੇ ਕਰਿਚੱਛ ਪ੍ਰਾਸਚਿਤ ਦਾ ਵਿਧਾਨ ਕਰਦਾ ਹੈ, ਜਿਸਦੇ ਬਾਅਦ ਉਸਦੇ ਲਈ ਮੁੰਡਨ ਆਦਿ ਤੋਂ ਬਿਨਾਂ ਆਪਣਾ ਦਵਿਜਤਵ ਸੰਸਕਾਰ ਕਰਾਉਣਾ ਜ਼ਰੂਰੀ ਹੈ।[103] ਚੰਡਾਲ ਔਰਤ ਦੇ ਨਾਲ ਸੰਭੋਗ ਕਰਨ ਤੇ ਉਹ ਅਸ਼ਵਮੇਧ ਦੇ ਬਾਅਦ ਪੁਰੋਹਿਤਾਂ ਦੇ ਨਾਲ ਸੰਸਕਾਰ ਇਸ਼ਨਾਨ ਦਾ ਵਿਧਾਨ ਕਰਦਾ ਹੈ।[104]

ਧਰਮਸੂਤਰਾਂ ਦਾ ਕਾਲ 600 ਈ.ਪੂ. ਅਤੇ 200 ਈ.ਪੂ. ਦੇ ਵਿਚਕਾਰ ਹੈ।[105] ਗ੍ਰਹਿਸੂਤਰਾਂ ਵਿੱਚ ਜੋ ਇਸੇ ਕਾਲ ਦੇ ਹਨ, ਚੰਡਾਲ ਦੇ ਵਿਵਰਨ ਪਹਿਲਾਂ ਨਾਲੋਂ ਘੱਟ ਹਨ, ਪਰ ਜੋ ਹਨ ਉਹ ਧਰਮਸੂਤਰਾਂ ਨਾਲ ਮੇਲ ਖਾਂਦੇ ਹਨ। ਪਾਰਸਕਰ ਗ੍ਰਹਿਸੂਤਰ [106] ਦੇ ਅਨੁਸਾਰ ਚੰਡਾਲ ਦੇ ਪਿੰਡ ਵਿੱਚ ਰਹਿਣ ਤੇ ਵੇਦਾਂ ਦਾ ਅਧਿਐਨ ਰੋਕ ਦੇਣਾ ਚਾਹੀਦਾ ਹੈ ਅਤੇ ਸਾਂਖਯਾਯਨ ਗ੍ਰਹਿਸੂਤਰ [107] ਵਿਧਾਨ ਕਰਦਾ ਹੈ ਕਿ ਪਿੰਡ ਤੋਂ ਬਾਹਰ ਜਾਣ ਵਾਲੇ ਆਚਾਰੀਆਂ ਨੂੰ ਚਾਹੀਦਾ ਹੈ ਕਿ ਉਹ ਚੰਡਾਲ ਨੂੰ ਵੇਖਣ ਤੋਂ ਬਚੇ ਕਿਉਂਕਿ ਉਹ ਵੇਦਾਂ ਦੇ ਅਧਿਐਨ ਦੇ ਲਈ ਵਿਘਨ ਰੂਪ ਹੈ। ਕੌਟਿਲਯੇ ਨੇ ਚੰਡਾਲਾਂ ਦਾ ਵਰਣਨ ਨਾ ਸਿਰਫ਼ ਦੋਗਲੀ ਜਾਤੀ ਦੇ ਰੂਪ ਵਿੱਚ ਕੀਤਾ ਹੈ, ਬਲਕਿ ਉੱਥੇ ਹੀ ਉਨ੍ਹਾਂ ਦੀ ਤਰੱਕੀ ਬਾਰੇ ਵੀ ਦੋਹਰਾਇਆ ਹੈ ਜੋ ਬੋਧਾਇਨ, ਗੌਤਮ ਅਤੇ ਵਸ਼ਿਸ਼ਠ ਦੇ ਧਰਮਸੂਤਰ ਦੱਸਦੇ ਹਨ।[108] ਕੌਟਿਲਯੇ ਪਹਿਲਾ ਵਿਧੀਕਾਰ ਹੈ ਜਿਸਨੇ ਸਪਰਸ਼ ਦੇ ਲਈ ਸਜ਼ਾ ਦਾ ਵਿਧਾਨ ਕੀਤਾ ਹੈ।[109] ਅਤੇ ਇਸ ਸੰਦਰਭ ਵਿੱਚ ਚੰਡਾਲਾਂ ਅਤੇ ਹੋਰ ਅਸ਼ੁੱਧ ਲੋਕਾਂ ਨੂੰ ਨਿਰਦੇਸ਼ ਦਿੱਤਾ ਹੈ।[110] ਚੰਡਾਲਾਂ ਦੀ ਪਤਿਤ ਸਥਿਤੀ ਦਾ ਸਬੂਤ ਇਸਤੋਂ ਵੀ ਮਿਲਦਾ ਹੈ ਕਿ ਉਨ੍ਹਾਂ ਦਾ ਖੂਹ ਸਿਰਫ਼ ਉਨ੍ਹਾਂ ਦੀ ਵਰਤੋਂ ਲਈ ਹੈ, ਦੂਸਰਿਆਂ ਦੇ ਲਈ ਨਹੀਂ।[111] ਸਥਾਈ ਰੂਪ ਨਾਲ ਵੱਸੇ ਸਮੁਦਾਇਆਂ ਦੇ ਨਾਲ ਚੰਡਾਲਾਂ ਦਾ ਸੰਪਰਕ ਵਧ ਅਤੇ ਤਤਕਾਲਕ ਸਮਾਜਿਕ , ਆਰਥਿਕ ਵਿਵਸਥਾ ਦੇ ਅਧੀਨ ਉਨ੍ਹਾਂ ਨੂੰ ਅਧਿਕਾਰਕ ਖਾਸ ਖਾਸ ਕਿਸਾਨਾਂ ਦੇ ਕੰਮ ਸੌਂਪੇ ਜਾਣ ਦੇ ਨਾਲ ਉਹ ਲੋਕ, ਸ਼ੂਦਰਾਂ ਤੋਂ ਭਿੰਨ, ਘਿਰਣਾ ਯੋਗ ਪਤਿਤ ਸਮੁਦਾਇ, ਇੱਥੋਂ ਤੀਕ ਕਿ ਅਛੂਤ ਵੀ ਮੰਨੇ ਜਾਣ ਲੱਗੇ।

ਮਨੂ ਸਮ੍ਰਿਤੀ ਵਿੱਚ ਚੰਡਾਲਾਂ ਦੇ ਸੰਬੰਧ ਵਿੱਚ ਕਿਸੇ ਵੀ ਪੁਰਾਣੇ ਬ੍ਰਾਹਮਨੀ ਗ੍ਰੰਥ ਦੀ ਬਜਾਏ ਜਿਆਦਾ ਵਿਸਥਾਰਤ ਵਿਧਾਨ ਕੀਤੇ ਗਏ ਹਨ। ਇੱਥੋਂ ਤੀਕ ਕਿ ਸ਼ੂਦਰ ਮਰਦ ਅਤੇ ਬ੍ਰਾਹਮਨ ਔਰਤ ਦੇ ਅਤਿ ਨਿੰਦਾਯੋਗ ਵਿਪਰੀਤ ਵਿਆਹ ਤੋਂ ਚੰਡਾਲ ਦੀ ਉਤਪਤੀ ਦੇ ਸਿਧਾਂਤ ਨੂੰ ਦੋਹਰਾਇਆ ਗਿਆ ਹੈ ਅਤੇ ਉਸਨੂੰ ਅਪਸਦ [112] ਤੇ ਅਧਮ [113] ਕਿਹਾ ਗਿਆ ਹੈ। ਆਪਸਤਮੰਬ ਦੀ ਰਿਵਾਇਤ ਵਿੱਚ ਮਨੂ ਨੇ ਚੰਡਾਲ ਦੇ ਰੂਪ ਵਿਚ ਪੁਨਰ ਜਨਮ ਦਾ ਕਾਰਨ ਬ੍ਰਾਹਮ ਹੱਤਿਆ [114] ਜਾਂ ਬ੍ਰਾਹਮਣ ਦੁਆਰਾ ਯੱਗ ਦੇ ਲਈ ਸ਼ੂਦਰ ਤੋਂ ਕਿਸੇ ਵੀ ਵਸਤੂ ਦੀ ਯਾਚਨਾ ਦੱਸਿਆ ਹੈ। [115] ਇਸ ਪ੍ਰਕਾਰ ਚੰਡਾਲ ਦੇ ਸਪਰਸ਼ ਤੋਂ ਅਸ਼ੁੱਧੀ ਹੁੰਦੀ ਹੈ। ਜਿਸਦੇ ਲਈ ਪ੍ਰਾਸਚਿਤ ਇਸ਼ਨਾਨ ਜ਼ਰੂਰੀ ਹੈ। ਚੰਡਾਲ ਨੂੰ ਕਿਸੇ ਬ੍ਰਾਹਮਣ ਨੂੰ ਸਰਾਧ ਭੋਜ ਖਾਂਦੇ ਹੋਏ ਵੇਖਣ ਤੋਂ ਵੀ ਮਨ੍ਹਾ ਕੀਤਾ ਗਿਆ ਹੈ। [116] ਚੰਡਾਲ ਦੇ ਨਾਲ ਕਿਸੇ ਪ੍ਰਕਾਰ ਦੇ ਨਜਦੀਕੀ ਸੰਬੰਧ ਤੇ ਪੂਰੀ ਮਨਾਹੀ ਹੈ ਅਤੇ ਜੇਕਰ ਕੋਈ ਬ੍ਰਾਹਮਣ ਅਣਜਾਣੇ ਵਿੱਚ ਹੀ ਉਸ ਨਾਲ ਸੰਪਰਕ ਕਰਦਾ ਹੋਵੇ ਤਾਂ ਉਹ ਜਾਤੀ ਤੋਂ ਛੇਕਿਆ ਜਾਂਦਾ ਹੈ ਅਤੇ ਜੇਕਰ ਜਾਣ ਬੁੱਝ ਕੇ ਇੰਜ ਕਰਦਾ ਹੈ ਤਾਂ ਉਹ ਖੁਦ ਚੰਡਾਲ ਬਣ ਜਾਂਦਾ ਹੈ। [117] ਚੰਡਾਲ ਦੁਆਰਾ ਦਿੱਤਾ ਗਿਆ ਭੋਜਨ ਖਾਣ ਵਾਲੇ ਬ੍ਰਾਹਮਣ ਦਾ ਵੀ ਇਹੀ ਹਾਲ ਹੁੰਦਾ ਹੈ। [118] ਚੰਡਾਲ ਦੀ ਆਰਥਿਕ ਸਥਿਤੀ ਸਦਾ ਤਰਸਯੋਗ ਹੈ। ਉਸਦਾ ਭੋਜਨ ਦੂਸਰਿਆਂ ਤੇ ਨਿਰਭਰ ਹੈ, [119] ਜੋ ਉਸਨੂੰ ਟੁੱਟੇ ਭੱਜੇ ਬਰਤਨ ਵਿੱਚ ਦਿੱਤਾ ਜਾਂਦਾ ਹੈ, [120] ਉਸੇ ਬਰਤਨ ਵਿੱਚ ਉਹ ਖਾਂਦਾ ਹੈ। ਉਸਨੂੰ ਮ੍ਰਿਤਕਾਂ ਦੇ ਉੱਤਰੇ ਹੋਏ ਕੱਪੜੇ ਪਹਿਨਣੇ ਪੈਂਦੇ ਹਨ ਜਾਂ ਫਿਰ ਕਤਲ ਕੀਤੇ ਗਏ ਅਪਰਾਧੀਆਂ ਦੇ ਕੱਪੜੇ ਉਸਨੇ ਖੁਦ ਲੈ ਲੈਣੇ ਹੁੰਦੇ ਹਨ। [121] ਉਸਦੇ ਗਹਿਣੇ ਕਾਲੇ ਲੋਹੇ ਦੇ ਹੁੰਦੇ ਹਨ। [122] ਕੁੱਤੇ ਅਤੇ ਖੱਚਰ ਹੀ ਉਸਦੀ ਜਾਇਦਾਦ ਹੁੰਦੇ ਹਨ। ਉਸਦੇ ਲਈ ਇੱਕ ਸਥਾਨ ਤੋਂ ਦੂਸਰੇ ਸਥਾਨ ਤੱਕ ਭਟਕਦੇ ਰਹਿਣ ਦਾ ਵਿਧਾਨ ਕੀਤਾ ਗਿਆ ਹੈ। [123] ਪਤਿਤ ਬ੍ਰਾਹਮਣ [124] ਲਈ ਵੀ ਮਨੂ ਨੇ ਵਿਧਾਨ ਬਣਾਏ ਹਨ।

ਤੀਸਰੀ ਸਦੀ ਤੋਂ ਛੇਵੀਂ ਸਦੀ ਦੇ ਬ੍ਰਾਹਮਣੀ ਵਿਧਾਇਕਾਂ, ਜਿਵੇਂ ਵਿਸ਼ਨੂੰ, ਨਾਰਦ, ਬ੍ਰਹਸਪਤਿ, ਕਾਤਯਾਯਨ ਤੋਂ ਇਸ ਗੱਲ ਦੇ ਸਬੂਤ ਮਿਲਦੇ ਹਨ ਕਿ ਛੂਤ-ਛਾਤ ਦੀ ਪਾਲਣਾ ਦਾ ਵਿਸਥਾਰ ਹੋਇਆ ਅਤੇ ਉਸ ਵਿੱਚ ਤੇਜੀ ਆਈ ਅਤੇ ਇਸ ਕਾਲ ਵਿੱਚ ਚੰਡਾਲ ਦੀ ਹਾਲਤ ਹੋਰ ਵੀ ਮਾੜੀ ਹੋ ਗਈ। ਇਸੇ ਕਾਲ ਵਿੱਚ ਸਾਨੂੰ 'ਅਛੂਤ' ਸ਼ਬਦ ਦੀ ਪਹਿਲੀ ਵਾਰੀ ਵਰਤੋਂ ਵੀ ਵੇਖਣ ਨੂੰ ਮਿਲਦੀ ਹੈ। ਵਿਸ਼ਨੂੰ ਨੇ ਇਸਦਾ ਪ੍ਰਯੋਗ ਦੋ ਥਾਵਾਂ ਤੇ ਕੀਤਾ ਹੈ। [125] ਅਛੂਤ ਜੂਨੀ ਵਿੱਚ ਜਨਮ ਲੈਣ ਦਾ ਕਾਰਨ ਮਲੀਨ ਕਰਮ ਕਰਨਾ ਦੱਸਿਆ ਗਿਆ ਹੈ। [126] ਵਿਸ਼ਨੂੰ ਚੰਡਾਲ ਨਾਲ ਗੱਲਬਾਤ ਕਰਨਾ ਦਾ ਵਿਰੋਧ ਕਰਦਾ ਹੈ ਅਤੇ ਇਸ ਮਨਾਹੀ ਦੀ ਉਲੰਘਣਾ ਦੇ ਪ੍ਰਾਸਚਿਤ ਵਜੋਂ ਜਲ ਦਾ ਆਚਮਨ (ਪੂਜਾ ਜਾਂ ਧਾਰਮਿਕ ਕਾਰਜ ਦੇ ਸ਼ੁਰੂ ਵਿੱਚ ਸੱਜੇ ਹੱਥ ਨਾਲ ਥੋੜਾ ਜਲ ਲੈ ਕੇ ਪੀਣਾ) ਦਾ ਵਿਧਾਨ ਕਰਦਾ ਹੈ। [127] ਚੰਡਾਲ ਦਾ ਦਿੱਤਾ ਅੰਨ ਖਾਣ ਦੇ ਲਈ ਉਹ ਤਿੰਨ ਦਿਨਾਂ ਦੇ ਵਰਤ ਦੀ ਵਿਵਸਥਾ ਕਰਦਾ ਹੈ। [128] ਅਤੇ ਉਸਦਾ ਦਿੱਤਾ ਭੋਜਨ ਕਰਨ ਨਾਲ ਪ੍ਰਾਸਚਿਤ ਦੇ ਰੂਪ ਵਿਚ ਤਪ ਕਰਨ ਨੂੰ ਆਖਦਾ ਹੈ। ਇਸ ਵਿੱਚ ਉਸਨੂੰ ਬਾਰਾਂ ਦਿਨਾਂ ਦਾ ਵਰਤ ਰੱਖਣਾ ਪੈਂਦਾ ਹੈ। [129] ਚੰਡਾਲ ਔਰਤ ਨਾਲ ਸੰਬੰਧ ਸਰਾਪ ਵਾਂਗ ਹੈ ਅਤੇ ਇਸਦੇ ਲਈ ਵਿਸ਼ਨੂੰ ਅਪਰਾਧ ਦੀ ਗੰਭੀਰਤਾ ਵੇਖਦਿਆਂ ਸਖਤ ਜਾਂ ਨਰਮ ਸਜ਼ਾਵਾਂ ਦਾ ਵਿਧਾਨ ਕਰਦਾ ਹੈ। ਉਦਾਹਰਨ ਦੇ ਲਈ ਜੇਕਰ ਕੋਈ ਬ੍ਰਾਹਮਣ ਉਸਦੇ ਨਾਲ ਇੱਕ ਰਾਤ ਸੰਭੋਗ ਕਰਦਾ ਹੈ ਤਾਂ ਉਸਨੂੰ ਤਿੰਨ ਸਾਲ ਭਿਖਿਆ ਮੰਗ ਕੇ ਗੁਜਾਰਾ ਕਰਨ ਅਤੇ ਵਾਰ ਵਾਰ ਗਾਯੇਤਰੀ ਮੰਤਰ ਦੇ ਜਾਪ ਦਾ ਆਦੇਸ਼ ਹੈ। [130] ਅਣਜਾਣੇ ਵਿੱਚ ਕੀਤੇ ਗਏ ਇਹੋ ਜਿਹੇ ਕਰਮ ਲਈ ਉਸਨੂੰ ਦੋ ਵਾਰੀ ਚਾਂਦਰਾਇਣ ਵਰਤ ਕਰਨਾ ਪੈਂਦਾ ਹੈ। [131] ਅਤੇ ਜਾਣ-ਬੁੱਝ ਕੇ ਕੀਤੇ ਗਏ ਅਜਿਹੇ ਅਪਰਾਧ ਕਾਰਨ ਉਹ ਉਸ ਔਰਤ ਦੀ ਜਾਤੀ ਵਿੱਚ ਸ਼ੁਮਾਰ ਹੋ ਜਾਂਦਾ ਹੈ। ਅਛੂਤ ਔਰਤ ਦਾ ਸਤ ਭੰਗ ਕਰਨ ਦੇ ਲਈ ਅਸ਼ਵਮੇਧ ਅਤੇ ਤੀਰਥ ਯਾਤਰਾ ਦੁਆਰਾ ਪ੍ਰਾਸਚਿਤ ਦਾ ਵਿਧਾਨ ਹੈ। ਅਛੂਤ ਔਰਤ ਨਾਲ ਕਾਮ ਸੰਬੰਧ ਰੱਖਣ ਦੀ ਸਜ਼ਾ ਮੌਤ ਹੈ। ਕਿਉਂਕਿ ਚੰਡਾਲ ਨੇ ਪਿੰਡ

ਤੋਂ ਬਾਹਰ ਰਹਿਣਾ ਹੈ ਇਸ ਲਈ ਅਛੂਤ ਵਿਸ਼ੇਸ਼ਣ ਸਭ ਤੋਂ ਜਿਆਦਾ ਉਸੇ ਤੇ ਲਾਗੂ ਹੁੰਦੇ ਹਨ। ਯਾਗਏਵਲਕਯੇ ਸ਼ੂਦਰ ਬ੍ਰਾਹਮਣੀ ਮਾਤਾ-ਪਿਤਾ ਤੋਂ ਪੈਦਾ ਹੋਏ ਚੰਡਾਲ ਨੂੰ ਚਾਰਾਂ ਵਰਣਾਂ ਲਈ ਨਿਰਧਾਰਿਤ ਧਰਮਾਂ ਤੋਂ ਬਾਹਰ ਮੰਨਦਾ ਹੈ।[132] ਅਤੇ ਵੈਸਯੇ ਦੇਵ ਦੇ ਉਪਰਾਂਤ ਉਸਨੂੰ ਭੋਜਨ ਦੇਣ ਦੇ ਧਰਮਸੂਤਰਾਂ ਨੂੰ ਦੋਹਰਾਉਂਦੇ ਹੋਏ ਚੰਡਾਲ ਦਾ ਵਰਣਨ ਕੁੱਤਿਆਂ ਅਤੇ ਕਾਵਾਂ ਨਾਲ ਕਰਦਾ ਹੈ।[133] ਉੱਚ ਜਾਤੀਆਂ ਦੇ ਲੋਕਾਂ ਨੂੰ ਜਾਣ-ਬੁੱਝ ਕੇ ਛੂਹਣ ਵਾਲੇ ਚੰਡਾਲ ਦੇ ਲਈ ਸੌ ਪਣ (ਤਾਂਬੇ ਦਾ ਪ੍ਰਾਚੀਨ ਸਿੱਕਾ) ਜੁਰਮਾਨਾ ਨਿਰਧਾਰਿਤ ਕਰਦਾ ਹੈ।[134]

ਮਹਾਕਾਵਾਂ ਵਿੱਚ ਸ਼ੂਦਰਾਂ ਦੀ ਸਥਿਤੀ ਦਾ ਵਰਣਨ ਲਗਭਗ ਪੁਰਾਣ ਗ੍ਰੰਥਾਂ, ਧਰਮਸੂਤਰਾਂ ਅਤੇ ਗ੍ਰਹਿਸੂਤਰਾਂ ਦੇ ਅਨੁਰੂਪ ਹੀ ਹੈ। ਵਾਲਮੀਕੀ ਰਮਾਇਣ ਅਤੇ ਮਹਾਭਾਰਤ ਇਹ ਦੋ ਗ੍ਰੰਥ ਭਾਰਤੀ ਮਹਾਕਾਵਾਂ ਵਿੱਚ ਚਰਚਾ ਦੇ ਵਿਸ਼ੇ ਹਨ। ਬੀ. ਬੀ. ਲਾਲ ਰਮਾਇਣ ਵਿੱਚ ਵਰਣਿਤ ਘਟਨਾਵਾਂ ਨੂੰ ਲਗਭਗ 700 ਈ. ਪੂ. ਦਾ ਦੱਸਦੇ ਹਨ ਅਤੇ ਇਸਦੇ ਪਾਠ ਨੂੰ ਦੂਸਰੀ ਸਦੀ ਈ. ਪੂ. ਤੋਂ ਤੀਸਰੀ ਸਦੀ ਈ. ਦੇ ਵਿਚਕਾਰ ਮੰਨਦੇ ਹਨ।[135] ਰਮਾਇਣ ਦੇ ਬਾਲਕਾਂਡ ਵਿੱਚ ਵਿਖਾਇਆ ਗਿਆ ਹੈ ਕਿ ਦਸ਼ਰਥ ਦੇ ਰਾਜ ਵਿੱਚ ਚਾਰੇ ਵਰਣ ਆਪਣੇ-ਆਪਣੇ ਵਰਣਾਂ ਦੇ ਧਰਮ ਦੀ ਪਾਲਣਾ ਕਰ ਰਹੇ ਸਨ।[136] ਅਤੇ ਉੱਥੇ ਕੋਈ ਵਰਨ ਸੰਕਟ ਨਹੀਂ ਹੈ।[137] ਅਯੁੱਧਿਆ ਕਾਂਡ ਵਿੱਚ ਰਾਮ ਦਾ ਚਿੱਤਰਣ ਕਰਦੇ ਹੋਏ ਰਿਸ਼ੀ ਜਾਬਾਲਿ ਦੇ ਅਸਨਾਤਨੀ ਵਿਚਾਰਾਂ ਦਾ ਸਖਤੀ ਨਾਲ ਖੰਡਨ ਕਰਦੇ ਹੋਏ ਦੱਸਿਆ ਗਿਆ ਹੈ ਕਿ ਇੰਨ੍ਹਾਂ ਵਿਚਾਰਾਂ ਤੇ ਆਚਰਨ ਕਰਨ ਨਾਲ ਨਿਰਧਾਰਿਤ ਨਿਯਮਾਂ ਦੀ ਉਲੰਘਣਾ ਹੋਵੇਗੀ। ਦੇਵਤਵ ਪ੍ਰਾਪਤ ਕਰਨ ਅਤੇ ਦੇਵਤਵ ਨੂੰ ਜਿੱਤਣ ਨੂੰ ਤਤਪਰ ਸ਼ੂਦਰ ਸ਼ੰਬੂਕ ਦੀ ਤਪੱਸਿਆ ਦੇ ਕਥਿਤ ਨਤੀਜੇ ਵਜੋਂ ਇੱਕ ਬ੍ਰਾਹਮਣ ਦੇ ਪੁੱਤਰ ਦੀ ਅਕਾਲ ਮੌਤ ਅਤੇ ਬਾਲਕ ਨੂੰ ਜੀਵਤ ਕਰਨ ਦੇ ਲਈ ਰਾਮ ਦੁਆਰਾ ਸ਼ੰਬੂਕ ਦਾ ਸਿਰ ਲਾਹੁਣ ਦੀ ਜਿਸ ਗਾਥਾ ਦਾ ਵਰਣਨ ਉੱਤਰ ਕਾਂਡ ਵਿੱਚ ਹੋਇਆ ਹੈ,[138] ਉਸਤੋਂ ਇਸ ਗ੍ਰੰਥ ਵਿੱਚ ਵਰਣਿਤ ਵਰਣ ਸੰਗਠਨਾਂ ਨੂੰ ਅਖੰਡਿਤ ਰੱਖਣ ਦੇ ਰਾਜ ਦੇ ਆਦਰਸ਼ ਦੇ ਸੰਬੰਧ ਵਿੱਚ ਕੋਈ ਸੰਦੇਹ ਨਹੀਂ ਰਹਿ ਜਾਂਦਾ।[139] ਯਾਦ ਰਹੇ, ਗੌਤਮ, ਵਸ਼ਿਸ਼ਠ ਦੇ ਧਰਮਸੂਤਰਾਂ, ਕੌਟਿਲਯੇ ਦੇ ਅਰਥ ਸਾਸ਼ਤਰ ਅਤੇ ਮਨੂ, ਵਿਸ਼ਨੂੰ ਨਾਰਦ ਤੇ ਯਾਗਏਵਲਕਯੇ ਦੀਆਂ ਸੱਮਰਿਤੀਆਂ ਵਿਚ ਵਰਣ ਵਿਵਸਥਾ ਦੀ ਰੱਖਿਆ ਰਾਜ ਦੇ ਫ਼ਰਜਾਂ ਦਾ ਅਭਿੰਨ ਅੰਗ ਹੈ।[140]

ਮਹਾਭਾਰਤ ਨੇ ਆਪਣਾ ਵਰਤਮਾਨ ਰੂਪ ਈ. ਸੰਨ ਤੋਂ ਪਹਿਲਾਂ ਗ੍ਰਹਿਣ ਕਰ ਲਿਆ ਸੀ।[141] ਬੀ. ਪੀ. ਰਾਏ ਇਸਦਾ ਕਾਲ ਛੇਵੀਂ ਸਦੀ ਈ. ਪੂ. ਅਤੇ ਤੀਸਰੀ ਸਦੀ ਈ. ਦੇ ਵਿਚਕਾਰ ਮੰਨਦੇ ਹਨ ਅਤੇ ਸੰਭਵ ਹੈ ਚੌਥੀ ਸਦੀ ਵਿੱਚ ਕੁਝ ਅੰਸ਼ ਬਾਅਦ ਵਿੱਚ ਮਿਲਾਏ ਗਏ ਹੋਣ।[142] ਬੀ. ਬੀ. ਲਾਲ ਮਹਾਭਾਰਤ ਦੀਆਂ ਘਟਨਾਵਾਂ ਦਾ ਕਾਲ ਨੌਵੀਂ ਈ. ਪੂ. ਦੱਸਦੇ ਹਨ ਅਤੇ ਪਾਠ ਨੂੰ ਦੂਸਰੀ ਸਦੀ ਈ ਪੂ. ਅਤੇ ਚੌਥੀ-ਪੰਜਵੀਂ ਸਦੀ ਦੇ ਵਿਚਕਾਰ ਦਾ ਮੰਨਦੇ ਹਨ।[143] ਇਹ ਗ੍ਰੰਥ ਇੱਕ ਪ੍ਰਕਾਰ ਦਾ ਗਿਆਨਕੋਸ਼ ਹੈ। ਇਸ ਵਿੱਚ ਜਨਜਾਤੀ ਕਦਰਾਂ-ਕੀਮਤਾਂ ਤੋਂ ਲੈ ਕੇ ਬਾਅਦ ਵਾਲੇ ਰਾਜ ਅਤੇ ਵਿਕਸਿਤ ਸੰਸਕ੍ਰਿਤਕ ਪ੍ਰਾਪਤੀਆਂ ਦਾ ਅਜੇਹਾ ਮਿਸ਼ਰਨ ਪੇਸ਼ ਕੀਤਾ ਗਿਆ ਹੈ ਕਿ ਇਸ ਗ੍ਰੰਥ ਦੇ ਆਧਾਰ ਤੇ ਪ੍ਰਾਚੀਨ ਭਾਰਤ ਦੀ ਜਾਣਕਾਰੀ ਪ੍ਰਾਪਤ ਕਰਨ ਦੇ ਲਈ ਅਤਿ ਸਾਵਧਾਨੀ ਦੀ ਲੋੜ ਹੈ। ਆਦਿਪਰਵ[144] ਵਿੱਚ ਪੁਰਾਣ ਰਾਜੇ ਦੁਸ਼ਅੰਤ ਦੇ ਰਾਜ ਦਾ ਵਰਣਨ ਕਰਦਿਆਂ ਹੋਇਆ ਦੱਸਿਆ ਗਿਆ ਹੈ ਕਿ ਚਾਰਾਂ ਵਰਣਾਂ ਤੋਂ ਯੁਕਤ ਪਰੰਤੂ ਦੋਗਲੀਆਂ ਜਾਤੀਆਂ ਤੋਂ ਰਹਿਤ ਉਸਦਾ ਰਾਜ ਹੋਰ ਰਾਜਿਆਂ ਲਈ ਅਨੁਕਰਨ ਦੇ ਯੋਗ ਆਦਰਸ਼ ਹੈ। ਦੋਗਲੀਆਂ ਜਾਤੀਆਂ ਤੋਂ ਭਾਵ ਸਿਰਫ਼ ਵਿਵਾਹ ਸੰਬੰਧੀ ਵਿਧੀ ਨਿਸ਼ੇਧਾਂ ਦੀ ਉਲੰਘਣਾ ਹੀ ਨਹੀਂ, ਬਲਕਿ ਵਿਧੀ ਗ੍ਰੰਥਾਂ ਵਿੱਚ ਦੱਸੇ ਗਏ ਫ਼ਰਜ਼ਾਂ ਦੀ ਪਾਲਣਾ ਦੀ ਅਵੱਗਿਆ ਕਰਨਾ ਵੀ ਹੈ। ਇਹ ਗੱਲ ਵਿਸ਼ਨੂੰ ਪੁਰਾਣ ਵਿਚ ਦੋਗਲੀਆਂ ਜਾਤੀਆਂ ਦੇ ਸੰਦਰਭ ਵਿੱਚ ਸਪਸ਼ਟ ਦੱਸੀ ਗਈ ਹੈ।[145] ਕੁਸ਼ਾਣ ਕਾਲ ਵਿੱਚ ਰਚੇ ਗਏ

ਅਤੇ ਗੁਪਤ ਕਾਲ ਵਿੱਚ ਸੋਧੇ ਗਏ ਪ੍ਰਾਕ੍ਰਿਤ (ਭਾਰਤ ਦੀ ਇੱਕ ਪ੍ਰਾਚੀਨ ਆਰਿਆ ਭਾਸ਼ਾ) ਗ੍ਰੰਥ 'ਅੰਗਵਿੱਜਾ' ਇਸ ਦ੍ਰਿਸ਼ਟੀ ਨਾਲ ਸਾਡਾ ਧਿਆਨ ਆਕਰਸ਼ਿਤ ਕਰਦਾ ਹੈ। ਇਸ ਵਿੱਚ ਨਾ ਸਿਰਫ਼ ਬੰਭਣ, ਖੱਤਿਯੇ, ਵੇਸੱ ਅਤੇ ਸੁਦਦ ਇੰਨ੍ਹਾਂ ਚਾਰ ਰਵਾਇਤੀ ਵਰਣਾਂ ਦਾ ਵਰਣਨ ਹੈ, ਬਲਕਿ ਬੰਭ-ਖੱਤ, ਖੱਤ-ਬੰਭ, ਬੰਭ-ਬੇਸੱ-ਬੇਸੱ, ਬੇਸੱ-ਭੰਭ, ਬੰਭ-ਸੁਦਦ, ਸੁਦਦ-ਬੰਭ, ਸ਼ੱਤ-ਬੇਸੱ, ਬੇਸੱ-ਸ਼ੱਤ, ਸ਼ੱਤ-ਸੁਦਦ, ਸੁਦਦ ਸ਼ੱਤ, ਬੇਸੱ-ਸੁਦਦ ਅਤੇ ਸੁਦਦ-ਬੇਸੱ ਜਾਤੀਆਂ ਦਾ ਵੀ ਵਰਣਨ ਹੋਇਆ ਹੈ, ਜੋ ਉਨ੍ਹਾਂ ਲੋਕਾਂ ਤੋਂ ਬਣੀਆਂ ਸਨ ਜਿੰਨ੍ਹਾਂ ਨੇ ਆਪਣੇ ਸੰਬੰਧਿਤ ਵਰਣਾਂ ਦੇ ਫ਼ਰਜ਼ਾਂ ਅਤੇ ਕਾਰਜਾਂ ਦੇ ਬਦਲੇ ਕਿਸੇ ਹੋਰ ਵਰਣ ਦੇ ਫ਼ਰਜ਼ਾਂ ਅਤੇ ਕਾਰਜਾਂ ਨੂੰ ਆਪਣਾ ਲਿਆ ਸੀ ਅਤੇ ਅਜੇਹਾ ਕਰਦਿਆਂ ਹੋਇਆ ਉਨ੍ਹਾਂ ਨੇ ਜਾਂ ਤਾਂ ਆਪਣੇ ਮੂਲ ਵਰਣ ਨਾਲ ਆਪਣਾ ਸੰਬੰਧ ਕਾਇਮ ਰੱਖਿਆ ਜਾਂ ਚਾਹ ਕੇ ਵੀ ਉਹ ਉਸ ਸੰਬੰਧ ਨੂੰ ਤੋੜ ਨਹੀਂ ਸਕੇ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਦੋ ਵਰਣਾਂ ਨਾਲ ਜੁੜਿਆ ਮੰਨਿਆ ਗਿਆ।[146]

ਬ੍ਰਹਮਾਂਡ ਪੁਰਾਣ, ਵਾਯੂ ਪੁਰਾਣ, ਮਤਸਯੇ ਪੁਰਾਣ [147] ਆਦਿ ਵਿੱਚ ਵਰਣਿਤ ਬ੍ਰਾਹਮਣਾਂ ਦੇ ਵਿਰੁੱਧ ਸੰਘਰਸ਼ ਵਿੱਚ ਸ਼ੂਦਰਾਂ ਦੇ ਹਾਵੀ ਹੋ ਜਾਣ ਦਾ ਸਬੂਤ ਆਰਣਯਕ ਪਰਵ [148] ਵਿੱਚ ਆਏ ਇੱਕ ਪ੍ਰਸੰਗ ਵਿੱਚ ਮਿਲਦਾ ਹੈ, ਜਿਸਦੇ ਅਨੁਸਾਰ ਸ਼ੂਦਰਾਂ ਦੁਆਰਾ ਸਤਾਏ ਗਏ ਬ੍ਰਹਾਮਣ ਡਰ ਕੇ ਇੱਧਰ ਉਧਰ ਦੌੜਦੇ ਫਿਰ ਰਹੇ ਸਨ ਇਸੇ ਤਰ੍ਹਾਂ ਕੁਝ ਬਾਅਦ ਵਿੱਚ ਕੂਰਮ ਪੁਰਾਣ [149] ਦੇ ਇਕ ਪ੍ਰਸੰਗ ਦਾ ਵਰਣਨ ਹੈ ਜਿਸ ਵਿੱਚ ਸ਼ੂਦਰ ਰਾਜ-ਅਧਿਕਾਰੀਆਂ ਨੇ ਬ੍ਰਾਹਮਣਾਂ ਨੂੰ ਆਸਨ ਤੋਂ ਹਟਾ ਕੇ ਉਨ੍ਹਾਂ ਨੂੰ ਮਾਰਿਆ-ਕੁੱਟਿਆ। ਅਸਥਿਰਤਾ ਫੈਲਾਉਣ ਵਾਲੀਆਂ ਇਨ੍ਹਾਂ ਪ੍ਰਵਿਰਤੀਆਂ ਨੂੰ ਰੋਕਣ ਅਤੇ ਕ੍ਰਮ-ਬੱਧ ਵਰਣ ਵਿਵਸਥਾ ਤੇ ਕੀਤੇ ਗਏ ਪ੍ਰਹਾਰਾਂ ਤੋਂ ਛੁਟਕਾਰਾ ਪਾਉਣ ਲਈ ਸ਼ਾਂਤੀ ਪਰਵ [150], ਵਿਸ਼ਨੂੰ ਪੁਰਾਣ [151], ਮਤੱਸਏ ਪੁਰਾਣ ਅਤੇ ਮਾਰਕੰਡੇਯ ਪੁਰਾਣ [152] ਵਿੱਚ ਰਾਜਿਆਂ ਨੂੰ ਸਾਵਧਾਨੀ ਨਾਲ ਆਪਣੀਆਂ ਜਿੰਮੇਵਾਰੀਆਂ ਪੂਰੀਆਂ ਕਰਨ ਲਈ ਕਿਹਾ ਗਿਆ ਹੈ। ਰਾਮਸ਼ਰਣ ਸ਼ਰਮਾ ਦੇ ਅਨੁਸਾਰ ਕੁਸ਼ਾਣਾਂ ਅਤੇ ਸਾਤਵਾਹਨਾਂ ਦੀ ਸੱਤਾ ਦੇ ਵਿਨਾਸ਼ ਅਤੇ ਪਤਨ ਤੋਂ ਲੈ ਕੇ ਗੁਪਤਾਂ ਦੀ ਸੱਤਾ ਦੀ ਸਥਾਪਨਾ ਦਾ ਕਾਲ ਰਾਜਨੀਤਕ ਅਸਥਿਰਤਾ ਅਤੇ ਵਿਆਪਕ ਸਮਾਜਿਕ ਅਵਿਵਸਥਾ ਦਾ ਯੁਗ ਸੀ, ਜਦੋਂ ਵਰਣ ਸੰਘਰਸ਼ਾਂ ਅਤੇ ਵਰਗਾਂ ਦੇ ਦਵੈਸ਼ ਦੇ ਨਤੀਜੇ ਵਜੋਂ ਸਨਾਤਨੀ ਅਰਥ ਵਿਵਸਥਾ ਤੋਂ ਸਾਮੰਤੀ ਅਰਥ ਵਿਵਸਥਾ ਦੇ ਰੂਪਾਂਤਰਣ ਵਿਚ ਤੇਜੀ ਆਈ। [153]

ਇਸ ਗੱਲ ਦੇ ਪੁਖਤਾ ਸਬੂਤ ਮਿਲਦੇ ਹਨ ਕਿ ਇਤਿਹਾਸਕ ਕਾਲ ਵਿੱਚ ਅਨੇਕਾਂ ਰਾਜੇ ਚਾਰ ਵਰਣਾਂ ਦੀ ਵਿਵਸਥਾ ਦੀ ਰੱਖਿਆ ਲਈ ਬਹੁਤ ਨਿਸ਼ਠਾ ਨਾਲ ਯਤਨ ਕਰਦੇ ਰਹੇ। ਦੂਸਰੀ ਸਦੀ ਈ. ਦੇ ਸਾਤਵਾਹਨ ਰਾਜੇ ਗੌਤਮੀ ਪੁੱਤਰ ਸ਼ਾਂਤੀਕਰਣ ਨੂੰ ਚਾਰਾਂ ਵਰਨਾਂ ਵਿੱਚ ਵਿਆਪਤ ਅਵਿਵਸਥਾ ਨੂੰ ਖਤਮ ਕਰਨ ਲਈ ਜਾਣਿਆ ਜਾਂਦਾ ਹੈ।

ਇਸ ਤਰ੍ਹਾਂ ਮੌਰਿਆਂ ਤੋਂ ਬਾਅਦ ਵਾਲੇ ਕਾਲ ਵਿੱਚ ਬ੍ਰਾਹਮਣੀ ਵਿਵਸਥਾ ਨੂੰ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ।ਅਸੀਂ ਵੇਖਿਆ ਹੈ ਕਿ ਭਾਰਤੀ ਪਰਿਵੇਸ਼ ਵਿੱਚ ਅਨੇਕਾਂ ਵਿਦੇਸ਼ੀ ਜਾਤੀਆਂ ਦੇ ਹਮਲਿਆਂ ਦੇ ਨਤੀਜੇ ਵਜੋਂ ਨਵੇਂ ਸੰਸਕ੍ਰਿਤਕ ਤੱਤ ਸ਼ਾਮਿਲ ਹੋ ਰਹੇ ਸਨ। ਵੈਦਿਕ ਰਿਵਾਇਤ ਦੇ ਬੁਨਿਆਦੀ ਵਿਸ਼ੇਸ਼ ਅਧਿਕਾਰ ਪ੍ਰਾਪਤ ਵਰਗ ਤੋਂ ਕਿਸੇ ਪ੍ਰਕਾਰ ਦੇ ਸਹਿਯੋਗ ਦੀ ਆਸ ਨਹੀਂ ਕੀਤੀ ਜਾ ਸਕਦੀ ਸੀ, ਇੰਨ੍ਹਾਂ ਨੂੰ ਆਮ ਲੋਕਾਂ ਤੋਂ ਇੰਨ੍ਹਾਂ ਦੇ ਨਵੇਂ ਆਰਥਿਕ ਪਰਿਵਰਤਨਾਂ ਦੇ ਕਾਰਨ ਭਰਪੂਰ ਉਤਸ਼ਾਹ ਮਿਲਿਆ। ਇਹੀ ਕਾਰਨ ਹੈ ਕਿ ਇਸ ਕਾਲ ਵਿੱਚ ਵੈਦਿਕ ਵਰਗ ਦੇ ਨਿਮਨ ਪੱਧਰ ਦੇ ਦੇਵਤਾ ਸ਼ਿਖਰ ਤੇ ਆ ਗਏ ਅਤੇ ਇੰਨ੍ਹਾਂ ਦੇ ਨਾਲ ਆਮ ਲੋਕਾਂ ਦੇ ਮਤਾਂ ਵਿਸ਼ਵਾਸਾਂ ਨੂੰ ਸ਼ਾਮਿਲ ਕਰਕੇ ਅਨੇਕਾਂ ਸੰਪਰਦਾਵਾਂ ਦੀ ਸਥਾਪਨਾ ਹੋਈ। ਵਰਣ ਵਿਰੋਧੀ ਬੁੱਧ ਧਰਮ ਨੂੰ ਵਿਕਾਸ ਦਾ ਭਰਪੂਰ ਮੌਕਾ ਮਿਲਿਆ। ਸ਼ੈਵ ਵੈਸ਼ਣਵ ਸੰਪਰਦਾਵਾਂ ਵਿੱਚ ਮਹਿੰਗੀ ਯੱਗ ਪ੍ਰਣਾਲੀ ਦੀ ਥਾਂ ਤੇ ਭਗਤੀ ਦਾ ਚਲਨ ਹੋਂਦ ਵਿੱਚ

ਆਇਆ। ਵਿਸਨੂੰ ਨੂੰ ਸਰਬ ਉੱਚ ਦੇਵਤਾ ਮੰਨ ਕੇ ਉਸ ਵਿੱਚ ਜਨਜਾਤੀਆਂ ਦੇ ਇਸ਼ਟ ਦੇਵਤਿਆਂ ਨੂੰ ਵਿਸ਼ਨੂੰ ਦਾ ਅਵਤਾਰ ਮੰਨਣ ਦੀ ਪਰੰਪਰਾ ਦੀ ਸ਼ੁਰੂਆਤ ਹੋਈ। ਕ੍ਰਿਸ਼ਨ ਪੂਜਾ ਦਾ ਨਵਾਂ ਵਿਧਾਨ ਭਗਤੀ ਸੰਪਰਦਾ ਦਾ ਮਹੱਤਵਪੂਰਨ ਅੰਗ ਪ੍ਰਮਾਣਿਤ ਹੋਇਆ। ਵਰਣ ਵਿਵਸਥਾ ਦੇ ਬੰਧਨ ਢਿੱਲੇ ਹੋਏ।

ਇਸ ਸਥਿਤੀ ਦਾ ਮੁਕਾਬਲਾ ਬ੍ਰਾਹਮਣੀ ਪਰੰਪਰਾ ਵਿੱਚ ਦੋ ਤਰ੍ਹਾਂ ਨਾਲ ਕੀਤਾ ਗਿਆ। ਇੱਕ ਪ੍ਰਤਿਕ੍ਰਿਆਤਮਕ ਰੂਪ ਨਾਲ ਮਨੂ ਨੇ ਆਪਣੇ ਸਮ੍ਰਿਤੀ ਗ੍ਰੰਥ ਵਿੱਚ ਵਰਣ ਵਿਧਾਨ ਦੇ ਦੈਵੀ ਰੂਪ ਦੀ ਘੋਸ਼ਣਾ ਕਰਦਿਆਂ ਹੋਇਆਂ ਸ਼ੂਦਰ ਨਾਂ ਵਾਲੇ ਭਾਰਤੀ ਮਜਦੂਰ ਦੇ ਇਸ ਮੁਕਤ ਪਰਿਵੇਸ਼ ਨੂੰ ਦਬਾਉਣ ਦੇ ਲਈ ਅਨੇਕਾਂ ਪ੍ਰਕਾਰ ਦੀਆਂ ਅਯੋਗਤਾਵਾਂ ਥੋਪ ਦਿੱਤੀਆਂ ਸਨ। ਉਸ ਯੁਗ ਦੇ ਹੋਰ ਅਨੇਕਾਂ ਧਰਮਸੂਤਰਾਂ, ਗ੍ਰਹਿਸੂਤਰਾਂ ਅਤੇ ਸਮ੍ਰਿਤੀ ਗ੍ਰੰਥਾਂ ਵਿੱਚ ਘੱਟ ਜਾ ਜਿਆਦਾ ਇਸੇ ਵਿਰੋਧੀ ਸੁਰ ਨੂੰ ਅਪਣਾਇਆ ਗਿਆ ਹੈ। ਦੂਸਰੇ, ਪੁਰਾਣ ਨਾਂ ਦੇ ਅਜਿਹੇ ਗ੍ਰੰਥਾਂ ਦੀ ਰਚਨਾ ਦੀ ਸ਼ੁਰੂਆਤ ਹੋਈ, ਜਿਨ੍ਹਾਂ ਵਿੱਚ ਅਨੇਕ ਪੁਰਾਣ ਪੰਥੀ ਮਿੱਥਕੀ ਕਥਾਵਾਂ ਦੇ ਮਾਧਿਅਮ ਨਾਲ ਇੱਕ ਸੂਖਮ ਪ੍ਰਚਾਰ ਤੰਤਰ ਤਿਆਰ ਕੀਤਾ ਗਿਆ। ਇੰਨ੍ਹਾਂ ਪੁਰਾਣ ਗ੍ਰੰਥਾਂ ਦੀ ਕਥਾ ਕਹਿਣ ਦੀ ਸ਼ੈਲੀ ਅਨੋਖੀ ਸੀ। ਬ੍ਰਾਹਮਣ, ਜੋ ਬਾਅਦ ਵਿੱਚ ਸਾਮੰਤੀ ਸਥਿਤੀ ਤਕ ਜਾ ਪਹੁੰਚੇ ਸਨ, ਇਸਦੇ ਪਾਠ ਵਿੱਚ ਪ੍ਰਬਲ ਰੁਚੀ ਰੱਖਦੇ ਸਨ। ਇੰਨ੍ਹਾਂ ਕਥਾਵਾਂ ਦੇ ਬ੍ਰਾਹਮਣੀ ਤੰਤਰ ਵਿੱਚ ਵਰਣ ਵਿਧਾਨ ਇਸ ਪ੍ਰਕਾਰ ਨਾਲ ਸ਼ਾਮਿਲ ਰਹਿੰਦਾ ਸੀ ਕਿ ਜਿਸਦੇ ਵਰਗੀ ਵੈਰ ਨੂੰ ਅੱਜ ਤੱਕ ਸਿੱਧੇ ਫੜ ਸਕਣਾ ਕਈ ਵਾਰੀ ਮੁਸ਼ਕਿਲ ਹੁੰਦਾ ਹੈ।

ਇਸ ਪ੍ਰਕਾਰ ਕਲਯੁਗ ਦੇ ਜਨ-ਉਭਾਰ ਤੋਂ ਨਿੱਬੜਨ ਵਿੱਚ ਭਗਤੀ ਦੇ ਕਾਰਗਰ ਯੋਗਦਾਨ ਦੀ ਪੁਰਾਣਾਂ ਵਿੱਚ ਭਰਪੂਰ ਮਹਿਮਾ ਕੀਤੀ ਗਈ ਹੈ। ਇਸ ਵਿੱਚ ਬ੍ਰਾਹਮਣ ਵਰਗ ਦੀ ਕੇਂਦਰੀ ਭੂਮਿਕਾ ਰਹੀ ਹੈ। ਬ੍ਰਾਹਮਣੀ ਵਿਚਾਰਧਾਰਾ ਅਤੇ ਵਰਣਭੇਦ ਮੂਲਕ ਸਮਾਜ ਵਿਵਸਥਾ ਦਾ ਪਰਸਪਰ ਆਧਾਰਿਤ ਸੰਬੰਧ ਹੈ। ਵਰਗੀ ਸਮਾਜ ਬ੍ਰਾਹਮਣੀ ਵਿਚਾਰਧਾਰਾ ਦਾ ਨਤੀਜਾ ਹੈ ਅਤੇ ਇਸਦੇ ਬਦਲੇ ਬ੍ਰਾਹਮਣੀ ਪਰੰਪਰਾ ਨਿਰੰਤਰ ਵਰਣਭੇਦ ਮੂਲਕ ਸ਼ੋਸ਼ਣ ਨੂੰ ਵਿਚਾਰਧਾਰਕ ਉਚਿਤਤਾ ਪ੍ਰਦਾਨ ਕਰਦੀ ਆਈ ਹੈ। ਨਤੀਜੇ ਵਜੋਂ ਅੱਗੇ ਜਾ ਕੇ ਈਸਾ ਦੀ ਛੇਵੀਂ ਸ਼ਤਾਬਦੀ ਦੇ ਬਾਅਦ ਹੌਲੀ ਹੌਲੀ, ਪ੍ਰਤੱਖ-ਅਪ੍ਰਤੱਖ ਰੂਪ ਨਾਲ ਸਾਮੰਤੀ ਰਾਜ ਸੱਤਾਵਾਂ ਵਿੱਚ ਬ੍ਰਾਹਮਣ ਵਰਗ ਦੀ ਭਾਗੀਦਾਰੀ ਅਤੇ ਆਮ ਲੋਕਾਂ ਤੇ ਬ੍ਰਾਹਮਣੀ ਵਿਚਾਰਧਾਰਾ ਦੀ ਜਕੜਬੰਦੀ ਵਧਦੀ ਗਈ ਹੈ।

## 2

ਭਗਵਤ ਗੀਤਾ [1] ਭਗਤੀ ਦੇ ਇਸ ਨਵੇਂ ਵਿਕਾਸ ਦਾ ਪ੍ਰਸਤਾਨਤ੍ਰੇਈ ਗ੍ਰੰਥ ਹੈ। ਇਸ ਗ੍ਰੰਥ ਵਿੱਚ ਪਹਿਲੀ ਵਾਰੀ ਸਮਾਜ ਦੇ ਹੇਠਲੇ ਵਰਗਾਂ ਦੇ ਲਈ ਭਗਤੀ ਦੀ ਵਿਵਸਥਾ ਕੀਤੀ ਗਈ ਹੈ। ਭਗਵਤ ਗੀਤਾ ਨੇ ਬੜੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਹੈ, ਔਰਤ, ਵੈਸ਼ ਅਤੇ ਸ਼ੂਦਰ ਆਦਿ ਪਾਪੀ ਜੂਨੀ ਵਾਲੇ ਪਰਮਾਤਮਾ ਦੀ ਸ਼ਰਨ ਵਿੱਚ ਆ ਕੇ ਪਰਮ ਗਤੀ ਨੂੰ ਪ੍ਰਾਪਤ ਹੁੰਦੇ ਹਨ [2] ਅਰਥਾਤ ਔਰਤ, ਕਿਸਾਨ, ਦਸਤਕਾਰ, ਸੇਵਾ ਕਰਮੀ ਆਦਿ ਵਰਗ ਜਿੰਨ੍ਹਾਂ ਨੂੰ ਵਿਧੀ ਸ਼ਾਸਤਰ ਗ੍ਰੰਥਾਂ ਵਿੱਚ ਸ਼ੂਦਰ ਦਰਸ਼ਾਇਆ ਗਿਆ ਹੈ, ਪਾਪ ਜੂਨੀ ਹੈ। ਇਸਦਾ ਅਰਥ ਹੈ ਕਿ ਉਹ ਮਨੁੱਖੀ-ਪ੍ਰਾਣੀ ਤੋਂ ਨਿਮਨ ਪੱਧਰ ਦੇ ਜੀਵ ਹਨ। ਇਹ ਉਸੇ ਤਰ੍ਹਾਂ ਹੈ ਜਿਵੇਂ ਕਿ ਪੁਰਾਣਾਂ ਵਿੱਚ ਵਾਰ-ਵਾਰ ਵਰਣਨ ਕੀਤਾ ਗਿਆ ਹੈ ਕਿ ਚੁਰਾਸੀ ਲੱਖ ਜੂਨਾਂ ਵਿੱਚ ਭਟਕਣ ਤੋਂ ਬਾਅਦ ਹੀ ਮਨੁੱਖੀ ਜੀਵਨ ਪ੍ਰਾਪਤ ਹੋਇਆ ਕਰਦਾ ਹੈ। ਇਸ ਲਈ ਭਗਵਤ ਗੀਤਾ ਦਾ ਕਹਿਣਾ ਹੈ ਕਿ ਪਹਿਲੇ ਜਨਮਾਂ ਦੇ ਪਾਪਾਂ ਦੇ ਕਾਰਨ ਹੀ ਔਰਤ, ਸ਼ੂਦਰ ਆਦਿ ਲੋਕ ਚੁਰਾਸੀ ਲੱਖ ਜੂਨਾਂ ਵਿੱਚੋਂ ਇਕ ਜੂਨੀ ਵਿੱਚ ਪੈਦਾ ਹੁੰਦੇ ਹਨ ਅਤੇ ਇਹ ਪਾਪ ਜੂਨੀ ਵਾਲੇ ਪ੍ਰਾਣੀ ਪਰਮਾਤਮਾ ਦੀ ਸ਼ਰਨ ਵਿੱਚ ਆ ਕੇ ਪਰਮ ਗਤੀ ਨੂੰ ਪ੍ਰਾਪਤ ਹੋ ਜਾਂਦੇ ਹਨ। ਗੌਰਤਲਬ ਹੈ ਕਿ ਇਸ ਕਥਨ ਵਿੱਚ ਉਕਤ

ਪਾਪ ਜੂਨੀ ਵਾਲੇ ਪ੍ਰਾਣੀਆਂ ਦੇ ਮੁਕਤ ਹੋਣ ਦੀ ਕਿਸੇ ਸੰਭਾਵਨਾ ਦੀ ਬਜਾਏ ਪਾਪ ਜੂਨੀ ਸਿੱਧ ਕਰਨ ਵਾਲੀ ਵਿਚਾਰਧਾਰਾ ਦੇ ਪ੍ਰਤੀ ਸਮਰਪਣ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਵਿਚਾਰਧਾਰਾ ਦਾ ਤਰਕਸੰਗਤ ਨਿਰਧਾਰਣ ਹੈ ਕਿ ਵਰਣਧਰਮ ਦੀ ਪਾਣਨਾ ਕਰਨ ਕਰਕੇ ਹੀ ਇਹ ਲੋਕ ਇਸ ਕਥਿਤ ਪਾਪੀ ਦੀ ਜੂਨ ਤੋਂ ਛੁਟਕਾਰਾ ਪਾ ਸਕਦੇ ਹਨ। ਭਗਵਤ ਗੀਤਾ 'ਚ ਈਸ਼ਵਰ ਦਾ ਸਪਸ਼ਟ ਆਦੇਸ਼ ਹੈ, ਤਿੰਨਾਂ ਵਰਣਾਂ ਦੀ ਸੇਵਾ ਕਰਨਾ ਸ਼ੂਦਰ ਦਾ ਸੁਭਾਵਿਕ ਕਰਮ ਹੈ।[3] ਨਾਲ ਹੀ ਈਸ਼ਵਰ ਨੇ ਘੋਸ਼ਣਾ ਕੀਤੀ ਹੈ ਕਿ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਇਨ੍ਹਾਂ ਚਾਰਾਂ ਵਰਣਾਂ ਦੇ ਰੂਪ ਵਿੱਚ ਮਨੁੱਖ ਜਾਤੀ ਦੀ ਵਰਗ ਵੰਡ ਮੈਂ ਹੀ ਕੀਤੀ ਹੈ।[4] ਵੇਖਣ ਵਾਲੀ ਗੱਲ ਹੈ ਕਿ ਇਸ ਪ੍ਰਕਾਰ ਇਸ ਵਿਚਾਰਧਾਰਾ ਦਾ ਪ੍ਰਮਾਣਿਕ ਸਰੋਤ ਖੁਦ ਈਸ਼ਵਰ ਹੈ ਅਤੇ ਭਗਤੀ ਵਿੱਚ ਈਸ਼ਵਰ ਦੇ ਕਿਸੇ ਕਥਨ ਤੇ ਪ੍ਰਸ਼ਨ ਉਠਾਇਆ ਹੀ ਨਹੀਂ ਜਾ ਸਕਦਾ ਬਲਕਿ ਸ਼ਰਨਾਗਤ ਰੂਪ ਵਿੱਚ ਸ਼ਰਧਾ ਕੀਤੀ ਜਾਣੀ ਹੁੰਦੀ ਹੈ।

ਇਸ ਲਈ ਪ੍ਰਸ਼ਨ ਉਠਾਉਣ ਵਾਲੀ ਸ਼ੱਕੀ ਪ੍ਰਵਿਰਤੀ ਅਤੇ ਯਥਾਰਥਵਾਦੀ ਗਿਆਨ ਤੇ ਪੂਰੀ ਭਗਤੀ ਪਰੰਪਰਾ ਨੇ ਬੜੀ ਸਾਵਧਾਨੀ ਨਾਲ ਦਬਾਅ ਬਣਾਈ ਰੱਖਿਆ ਹੈ। ਗੀਤਾ ਦੀ ਭਗਤੀ ਵਿੱਚ ਗਿਆਨ, ਯਥਾਰਥਕਤਾ ਨੂੰ ਜਾਨਣ ਦੇ ਵਿਪਰੀਤ ਇੱਕ ਰਹੱਸ ਪੂਰਨ ਪ੍ਰਕ੍ਰਿਆ ਹੈ, ਜਿਸਦੀ ਚਰਚਾ ਵਿਸ਼ੇਸ਼ ਵਿਅਕਤੀਆਂ ਨਾਲ ਹੀ ਕੀਤੀ ਜਾ ਸਕਦੀ ਹੈ। ਜਿਵੇਂ ਕਿ ਗੀਤਾ ਵਿੱਚ ਘੋਸ਼ਿਤ ਕੀਤਾ ਗਿਆ ਹੈ, ਤੈਨੂੰ ਇਹ ਰਹੱਸਮਈ ਉਪਦੇਸ਼ ਕਿਸੇ ਵੀ ਕਾਲ ਵਿੱਚ ਨਾ ਤਾਂ ਤਪ ਰਹਿਤ ਮਨੁੱਖ ਨੂੰ ਕਹਿਣਾ ਚਾਹੀਦਾ ਹੈ, ਨਾ ਭਗਤੀ ਰਹਿਤ ਨੂੰ ਅਤੇ ਨਾ ਬਿਨਾ ਸੁਣਨ ਵਾਲੇ ਨੂੰ ਹੀ ਕਹਿਣਾ ਚਾਹੀਦਾ ਹੈ ਅਤੇ ਜੋ ਮੇਰੇ ਵਿਚ ਦੋ ਦੋਸ਼ ਵੇਖਦਾ ਹੈ, ਉਸਨੂੰ ਤਾਂ ਕਦੇ ਵੀ ਨਹੀਂ ਕਹਿਣਾ ਚਾਹੀਦਾ।[5] ਇਹ ਗਿਆਨ ਅੰਤਿਮ ਸੱਚ ਤਾਂ ਸੀ ਹੀ, ਗੀਤਾ ਨੇ ਇਸ ਪ੍ਰਕਾਰ ਦੇ ਗਿਆਨ ਤੋਂ ਵੱਧ ਕੇ ਕਿਸੇ ਨੂੰ ਪਵਿੱਤਰ ਨਹੀਂ ਮੰਨਿਆ। ਉਸ ਗਿਆਨ ਨੂੰ ਕਿੰਨੇ ਹੀ ਕਾਲ ਤੋਂ ਕਰਮ ਯੋਗ ਦੇ ਦੁਆਰਾ ਸ਼ੁੱਧ ਅੰਤਾਕਰਨ ਹੋਇਆ ਮਨੁੱਖ ਆਪਣੇ-ਆਪ ਹੀ ਆਤਮਾ ਵਿੱਚ ਪਾ ਲੈਂਦਾ ਹੈ।[6] ਇਸਨੂੰ ਸ਼ਰੁਤੀ, ਸੱਮਰਿਤੀ ਗ੍ਰੰਥਾਂ ਵਿੱਚ 'ਨੇਤਿ' ਕਿਹਾ ਗਿਆ ਹੈ। ਦੂਸਰੇ, ਸਪਸ਼ਟ ਰੂਪ ਨਾਲ ਇਸ ਸੁੱਧ ਗਿਆਨ ਦਾ ਸਰੋਕਾਰ ਉਸ ਪਰਜੀਵੀ ਵਰਗ ਨਾਲ ਹੈ ਜੋ ਮਿਹਨਤ ਵਾਲੇ ਕੰਮਾਂ ਤੋਂ ਮੁਕਤ ਹੈ। ਗੀਤਾ ਦਾ ਨਿਸ਼ਕਾਮ ਕਰਮ ਯੋਗ ਵੀ ਇਸੇ ਖਾਸ, ਸਹੂਲਤਾਂ ਪ੍ਰਾਪਤ ਵਰਗ ਦੀ ਸਮਝ ਵਿੱਚ ਆ ਸਕਦਾ ਹੈ, ਜੋ ਮਜਦੂਰਾਂ ਤੋਂ ਇਲਾਵਾ ਉਤਪਾਦਨ ਦੀ ਲੁੱਟ ਨਾਲ ਇਸ ਪ੍ਰਕਾਰ ਦੇ ਵਿਚਾਰਵਾਦੀ ਦਰਸ਼ਨ ਦੀ ਪਰਿਕਲਪਨਾ ਵਿੱਚ ਸਮਰੱਥ ਹੈ ਅਤੇ ਇਸ ਲੁੱਟ ਦੀ ਨਿਆ-ਉਚਿਤਤਾ ਬਣਾਈ ਰੱਖਣ ਦੇ ਲਈ ਉਸਨੂੰ ਇਸਦੀ ਲੋੜ ਵੀ ਹੈ। ਇਸ ਗਿਆਨ ਨੂੰ ਕਿਸੇ ਸੂਖਮ, ਅਸਪਸ਼ਟ ਅਤੇ ਅਸਤਿਤਵ ਰਹਿਤ ਮੋਕਸ਼ ਨਾਲ ਜੋੜ ਦਿੱਤਾ ਜਾਂਦਾ ਹੈ। ਵਰਣ ਧਰਮ ਦੀ ਪਾਲਣਾ ਵੀ ਇਸੇ ਮੋਕਸ਼ ਨਾਲ ਸੰਬੰਧਿਤ ਹੈ। ਸ਼ੂਦਰਾਂ ਦੀ ਇਸ ਗਿਆਨ ਤਕ ਪਹੁੰਚ ਨਹੀਂ ਹੋ ਸਕਦੀ, ਕਿਉਂਕਿ ਉਨ੍ਹਾਂ ਨੂੰ ਗਿਆਨ ਪ੍ਰਾਪਤ ਕਰਨ ਦੇ ਅਧਿਕਾਰ ਤੋਂ ਵਾਂਝਿਆ ਕਰ ਦਿੱਤਾ ਗਿਆ ਸੀ।

ਭਗਤੀ ਦਾ ਵਿਕਾਸ ਬੜੇ ਵਿਲੱਖਣ ਢੰਗ ਨਾਲ ਹੋਇਆ ਹੈ। ਇੱਕ ਪਾਸੇ ਇਸ ਵਿੱਚ ਨਵੀਆਂ ਸਮਾਜ ਆਰਥਿਕ ਜ਼ਰੂਰਤਾਂ ਦੀ ਪੂਰਤੀ ਦੇ ਅਨੁਰੂਪ ਯੱਗ ਸੰਬੰਧੀ ਕਰਮਕਾਂਡਾ ਨੂੰ ਨਵੇਂ ਅਰਥ ਪ੍ਰਦਾਨ ਕੀਤੇ ਗਏ ਹਨ, ਦੂਸਰੇ ਪਾਸੇ ਯੱਗ ਸੰਬੰਧੀ ਕਰਮ ਕਾਂਡਾਂ ਦੇ ਨਿਸ਼ੇਧ ਵਿੱਚ ਪ੍ਰਮਾਣਿਤ ਆਤਮਵਾਦੀ ਵਿਚਾਰਧਾਰਾ ਨੂੰ ਗੀਤਾ ਦੀ ਸੱਮਗਰੀ ਦਾ ਅਭਿੰਨ ਅੰਗ ਬਣਾਇਆ ਗਿਆ ਹੈ। ਇਸਦੇ ਨਾਲ ਹੀ ਅਵੈਦਿਕ ਮਾਤਰ-ਸੱਤਾਤਮਕ ਪ੍ਰਮਾਣਾਂ ਦੀ ਪ੍ਰਕਿਰਤੀ, ਤਿੰਨਾਂ ਗੁਣਾਂ (ਸਤ, ਰਜ, ਤਮ) ਨਾਲ ਯੁਕਤ ਸਰਿਸ਼ਟੀ ਪ੍ਰਕਿਆ ਅਤੇ ਅਜਿਹੇ ਤੱਤਾਂ ਦੀ ਭਰਪੂਰ ਵਰਤੋਂ ਕਰਦਿਆਂ ਹੋਇਆਂ, ਜਿੰਨ੍ਹਾਂ ਦਾ ਅਰਥ ਸਿਰਫ਼ ਪਰਿਭਾਸ਼ਾ ਨਾਲ ਹੀ ਹੋ ਸਕੇ ਗਿਆਨਯੋਗ, ਕਰਮਯੋਗ ਵਰਗੀਆਂ ਭਾਰੀ ਭਰਕਮ ਵਿਚਾਰ ਧਾਰਾਵਾਂ ਨੂੰ ਭਗਤੀ ਵਿੱਚ ਸ਼ਾਮਿਲ ਕਰ ਦਿੱਤਾ ਗਿਆ ਹੈ। ਕਿਹਾ ਗਿਆ ਹੈ 'ਸੰਪੂਰਣ' ਧਰਮਾਂ ਦੇ

ਅਰਥਾਤ ਸੰਪੂਰਨ ਫ਼ਰਜ਼ਾਂ ਕਰਮਾਂ ਨੂੰ ਮੇਰੇ ਵਿਚ ਤਿਆਗ ਕੇ ਤੂੰ ਸਿਰਫ਼ ਇੱਕ, ਮੇਰੇ ਵਰਗੇ ਸਰਬ ਸ਼ਕਤੀਮਾਨ ਪਰਮੇਸ਼ਵਰ ਦੀ ਹੀ ਸ਼ਰਨ ਵਿੱਚ ਆ ਜਾ। ਮੈਂ ਤੈਨੂੰ ਸਾਰੇ ਪਾਪਾਂ ਤੋਂ ਮੁਕਤ ਕਰ ਦਿਆਂਗਾ। ਤੂੰ ਸੋਗ ਨਾ ਕਰ।[7] ਤੂੰ ਸਭ ਪ੍ਰਕਾਰ ਨਾਲ ਉਸ ਪਰਮੇਸ਼ਵਰ ਦੀ ਹੀ ਸ਼ਰਨ ਵਿੱਚ ਜਾ।[8] ਮੇਰੇ ਵਿੱਚ ਚਿੱਤ ਲਗਾ ਕੇ ਤੂੰ ਮੇਰੀ ਕਿਰਪਾ ਨਾਲ ਸਾਰੇ ਸੰਕਟਾਂ ਨੂੰ ਸਹਿਜੇ ਹੀ ਪਾਰ ਕਰ ਜਾਵੇਂਗਾ ਅਤੇ ਜੇਕਰ ਅੰਹਕਾਰ ਦੇ ਕਾਰਨ ਮੇਰੇ ਵਚਨਾਂ ਨੂੰ ਨਹੀਂ ਸੁਣੇਗਾ ਤਾਂ ਨਸ਼ਟ ਹੋ ਜਾਏਂਗਾ।'[9] ਨਸ਼ਟ ਹੋਣ ਦੇ ਇਸ ਨੇੜੇ ਆਉਂਦੇ ਖਤਰੇ ਨੂੰ ਵੀ ਚੁਣੌਤੀ ਦੇ ਬਾਵਜੂਦ ਅਤੇ ਸ਼ਰਨ ਵਿੱਚ ਆਏ ਹੋਏ ਨੂੰ ਅਭੈਦਾਨ ਦੇ ਸਾਰੇ ਦਿਲਾਸਿਆਂ ਦੀ ਸੂਰਤ ਵਿੱਚ ਵੀ ਜੇਕਰ ਅਰਜੁਨ ਵਰਣ ਧਰਮ ਲਈ ਤਿਆਰ ਨਹੀਂ ਹੁੰਦਾ ਤਾਂ ਗੀਤਾ ਦਾ ਅੰਤਿਮ ਤਰਕ ਪ੍ਰਮਾਣਾਂ ਦੀ ਤਿੰਨਾਂ ਗੁਣਾਂ ਨਾਲ ਯੁਕਤ ਪ੍ਰਕਿਰਤੀ ਹੈ, ਅਰਥਾਤ ਕੁਦਰਤੀ ਭਾਗਵਾਦੀ ਸੁਭਾਓ ਦੀ ਵਿਚਾਰਧਾਰਾ, ਜਿਸਦੀ ਪੁਸ਼ਟੀ ਜਨਮ ਨਾ ਵਰਣ ਮੂਲਕ ਧਰਮ ਵਿੱਚ ਹੋਈ ਹੈ। ਇਸ ਲਈ ਗੀਤਾ ਦੀ ਸਪਸ਼ਟ ਘੋਸ਼ਣਾ ਹੈ ਕਿ ਤੂੰ ਅਹੰਕਾਰ ਦਾ ਸਹਾਰਾ ਲੈ ਕੇ ਇਹ ਮੰਨ ਰਿਹਾ ਹੈ ਕਿ ਮੈਂ ਯੁੱਧ ਨਹੀਂ ਕਰਾਂਗਾ, ਤਾਂ ਇਹ ਨਿਸ਼ਚਾ ਮਿਥਿਆ ਹੈ, ਕਿਉਂਕਿ ਤੇਰਾ ਸੁਭਾਓ ਤੈਨੂੰ ਜਬਰਦਸਤੀ ਯੁੱਧ ਵਿਚ ਲਗਾ ਦੇਵੇਗਾ।[10]

ਗੀਤਾ ਵਿੱਚ ਈਸ਼ਵਰ ਦੀ ਹੋਂਦ ਦਾ ਸਭ ਤੋਂ ਪੁਰਾਣਾ ਰੂਪ ਮਿਲਦਾ ਹੈ। ਗੀਤਾ ਵਿੱਚ ਕਿਹਾ ਗਿਆ ਹੈ ਕਿ 'ਜਦੋਂ ਜਦੋਂ ਧਰਮ ਦੀ ਹਾਨੀ ਅਤੇ ਅਧਰਮ ਵਿੱਚ ਵਾਧਾ ਹੁੰਦਾ ਹੈ, ਉਦੋਂ ਮੈਂ ਖੁਦ ਆਪਣੀ ਸਿਰਜਣਾ ਕਰਦਾ ਹਾਂ, ਮੈਂ ਅਜਨਮਾ, ਅਵਿਨਾਸ਼ੀ ਅਤੇ ਭੂਤਕਾਲ ਦਾ ਈਸ਼ਵਰ ਹੁੰਦਿਆਂ ਹੋਇਆ ਵੀ ਆਪਣੇ ਹੀ ਮੂਲ ਵਿੱਚ ਸਥਾਪਿਤ ਹੋ ਕੇ ਆਪਣੀ ਮਾਇਆ ਤੋਂ ਜਨਮ ਲਿਆ ਕਰਦਾ ਹਾਂ।"[11]

ਅਵਤਾਰਵਾਦ ਦਾ ਇਹ ਦਰਸ਼ਨ ਸੰਭਵ ਹੈ ਗੀਤਾ ਵਿੱਚ ਸਭ ਤੋਂ ਪੁਰਾਣਾ ਹੈ। ਈਸ਼ਵਰ ਦੇ ਸਰਬ ਗਿਆਨੀ, ਸਰਬ-ਵਿਆਪਕ, ਪਰਮਤੱਤ ਰੂਪ ਤੇ ਗੀਤਾ ਵਿੱਚ ਵਾਰ ਵਾਰ ਜ਼ੋਰ ਦਿੱਤਾ ਗਿਆ ਹੈ।

ਜਿਵੇਂ ਕਿ ਕ੍ਰਿਸ਼ਨ ਕਹਿੰਦੇ ਹਨ-"ਮੇਰੇ ਤੋਂ ਪਰ੍ਹਾਂ ਹੋਰ ਕੁੱਝ ਨਹੀਂ ਹੈ। ਧਾਗੇ ਵਿੱਚ ਪਰੋਈਆਂ ਹੋਈਆਂ ਮਣੀਆਂ ਦੇ ਵਾਂਗ ਇਹ ਸਭ ਮੇਰੇ ਵਿੱਚ ਪਿਰੋਇਆ ਹੋਇਆ ਹੈ। ਜਲ ਵਿੱਚ ਰਸ ਮੈਂ ਹਾਂ, ਚੰਦਰਮਾ ਤੇ ਸੂਰਜ ਦੀ ਆਭਾ ਮੈਂ ਹਾਂ, ਸਭ ਮਰਦਾਂ ਦਾ ਪੁਰਸ਼ਾਰਥ ਮੈਂ ਹਾਂ, ਧਰਤੀ ਤੇ ਫੁੱਲਾਂ ਦੀ ਖੁਸ਼ਬੋ ਅਤੇ ਅਗਨੀ ਦਾ ਤੇਜ ਮੈਂ ਹਾਂ। ਬੁੱਧੀਮਾਨਾਂ ਦੀ ਬੁੱਧੀ, ਤੇਜਸੱਵੀਆਂ ਦਾ ਤੇਜ, ਬਲਵਾਨ ਲੋਕਾਂ ਦਾ ਬਲ ਮੈਂ ਹਾਂ। ਧਰਮ ਅਨੁਕੂਲ ਕਾਮਵਾਸ਼ਨਾ ਮੈਂ ਹਾਂ।"[12] ਅੱਗੇ ਜਾ ਕੇ ਕਿਹਾ ਗਿਆ ਹੈ "ਮੈਂ ਆਪਣੇ ਅਵਿਅਕਤ ਸਰੂਪ ਨਾਲ ਇਸ ਜਗਤ ਨੂੰ ਫੈਲਾਇਆ ਹੈ ਅਰਥਾਤ ਵਿਆਪਤ ਕੀਤਾ ਹੈ, ਮੇਰੇ ਵਿੱਚ ਸਭ ਬੀਤਿਆ ਸਮਾਂ ਹੈ ਪਰ ਮੈਂ ਉਨ੍ਹਾਂ ਵਿੱਚੋਂ ਨਹੀਂ ਹਾਂ ਅਤੇ ਮੇਰੇ ਵਿੱਚ ਸਭ ਬੀਤਿਆ ਸਮਾਂ ਨਹੀਂ ਹਨ ਅਰਥਾਤ ਉਨ੍ਹਾਂ ਤੋਂ ਪਰ੍ਹੇ ਹਾਂ। ਬੀਤੇ ਸਮੇਂ ਨੂੰ ਪੈਦਾ ਕਰਨ ਵਾਲੀ ਮੇਰੀ ਆਤਮਾ ਉਨ੍ਹਾਂ ਦੀ ਪਾਲਨਾ ਕਰਕੇ ਵੀ ਉਨ੍ਹਾਂ ਵਿੱਚੋਂ ਨਹੀਂ ਹੈ।[13] ਇਸ ਪ੍ਰਕਾਰ ਗੀਤਾ ਦੇ ਅਨੁਸਾਰ ਈਸ਼ਵਰ ਸਾਡੇ ਅੰਦਰ ਹੁੰਦਿਆਂ ਹੋਇਆਂ ਵੀ ਸਾਡੇ ਤੋਂ ਪਰ੍ਹਾਂ ਅਤੇ ਨਿਰਲੇਪ ਹੈ। ਜੜ੍ਹ ਅਤੇ ਚੇਤਨ ਜਗਤ ਈਸ਼ਵਰ ਦੀ ਵਿਅਕਤ ਅਰਥਾਤ ਮਾਇਆ ਹੈ। ਉਸਦੇ ਇਸ ਵਿਆਪਕ ਸਰੂਪ ਦੇ ਪ੍ਰਸੰਗ ਵਿੱਚ ਦੱਸਿਆ ਗਿਆ ਹੈ ਕਿ "ਜਿਵੇਂ ਸਰਬ ਵਿਆਪੀ ਹਵਾ ਅਸਮਾਨ ਵਿੱਚ ਸਥਿਰ ਹੈ, ਉਸੇ ਤਰ੍ਹਾਂ ਹੀ ਸਭ ਬੀਤੇ ਦਾ ਸਥਾਨ ਮੇਰੇ ਅੰਦਰ ਹੈ। ਹਰੇਕ ਯੁਗ ਦੇ ਅੰਤ ਵਿੱਚ ਸਾਰੇ ਪ੍ਰਾਣੀ ਮੇਰੇ ਮੂਲ ਵਿਚ ਲੀਨ ਹੋ ਜਾਂਦੇ ਹਨ ਅਤੇ ਯੁਗ ਦੇ ਸ਼ੁਰੂ ਵਿੱਚ ਮੈਂ ਫਿਰ ਉਨ੍ਹਾਂ ਦੀ ਸਿਰਜਣਾ ਕਰਦਾ ਹਾਂ। ਮੈਂ ਆਪਣੀ ਪ੍ਰਕਿਰਤੀ ਦੇ ਸਹਾਰੇ ਪ੍ਰਾਣੀਆਂ ਨੂੰ ਪੈਦਾ ਕਰਦਾ ਹਾਂ। ਬੀਤੇ ਸਮੇਂ ਦਾ ਇਹ ਸਮੁੱਚਾ ਸਮੁਦਾਇ ਪ੍ਰਕਿਰਤੀ ਦੇ ਅਧੀਨ ਰਹਿਣ ਤੋਂ ਪਰਾਧੀਨ ਹੈ।"[14] ਗੀਤਾ ਈਸ਼ਵਰ ਦੇ ਤਿੰਨ ਮੂਲ ਗੁਣਾਂ ਦਾ ਵਰਣਨ ਕਰਦੀ ਹੈ। ਜੀਵ ਬੀਤੇ ਸਮੇਂ ਦੇ ਰੂਪ ਵਿੱਚ ਈਸ਼ਵਰ ਦੀ ਪ੍ਰਕਿਰਤੀ, ਈਸ਼ਵਰ ਦਾ ਸਰੂਪ ਮੂਲ ਗੁਣ ਜਿਸਤੋਂ ਸੰਪੂਰਨ ਜੀਵਨ ਪ੍ਰਗਟ ਹੋਇਆ ਹੈ ਅਤੇ ਈਸ਼ਵਰ ਦੀ ਸ਼ਕਤੀ ਅਰਥਾਤ ਮਾਇਆ ਦੇ ਰੂਪ ਵਿੱਚ ਪ੍ਰਕਿਰਤੀ। ਜਿੱਥੋਂ ਤੀਕ ਈਸ਼ਵਰ ਦੇ ਸਰੂਪ ਦਾ ਸੰਬੰਧ ਹੈ, ਉਹ ਜੜ੍ਹ ਅਤੇ ਚੇਤਨ ਜਗਤ ਤੋਂ ਪਰ੍ਹਾਂ

ਹੈ। ਇੱਕ ਹੋਰ ਸਰੂਪ ਪਰਿਪੂਰਣ ਅਤੇ ਪੁਰਸ਼ੋਤਮ ਹੈ ਜੋ ਜਗਤ ਦਾ ਉਤਪਤੀ ਕਰਤਾ ਅਤੇ ਸਥਿਤੀ ਕਰਤਾ ਹੁੰਦੇ ਹੋਏ ਸਾਰੇ ਜਗਤ ਵਿੱਚ ਅਮਰ ਹੋ ਕੇ ਰਹਿੰਦਾ ਹੈ। ਵਿਸ਼ਵ ਦੇ ਪਿਤਾ ਅਤੇ ਮਾਤਾ ਦੇ ਰੂਪ ਵਿੱਚ ਈਸ਼ਵਰ ਦੀ ਇੱਕ ਰੂਪਤਾ ਅਤੇ ਉਸਦੇ ਵਿਸ਼ਵਾਤੀਤ ਸਰੂਪ ਨੂੰ ਗੀਤਾ ਵਿੱਚ ਵੱਖ ਨਹੀਂ ਕੀਤਾ ਗਿਆ। ਕ੍ਰਿਸ਼ਨ ਕਹਿੰਦੇ ਹਨ 'ਇਸ ਜਗਤ ਦਾ ਪਿਤਾ, ਮਾਤਾ, ਵਿਧਾਤਾ, ਬ੍ਰਹਮਾ ਮੈਂ ਹਾਂ, ਮੈਂ ਹੀ ਪਵਿੱਤਰ ਓਮਕਾਰ ਹਾਂ, ਰਿਗਵੇਦ, ਯਜੁਰਵੇਦ, ਸਾਮਵੇਦ ਵੀ ਮੈਂ ਹੀ ਹਾਂ।" ਸ਼ਰੌਤ ਯੁੱਗ ਮੈਂ ਹਾਂ, ਘਿਓ, ਅਗਨੀ, ਅਤੇ ਅਹੂਤੀ ਮੈਂ ਹੀ ਹਾਂ। ਸਭ ਦੀ (ਗਤੀ) ਪਾਲਨਹਾਰ, ਪਰਮਾਤਮਾ, ਸਾਖੀ ਨਿਵਾਸ ਸ਼ਰਨ, ਮਿੱਤਰ, ਉਤਪਤੀ, ਪਰਲੋਂ ਸਥਿਤੀ ਨਿਧਾਨ ਅਤੇ ਅਵਿਨਾਸ਼ੀ ਬੀਜ ਮੈਂ ਹੀ ਹਾਂ। ਮੈਂ ਗਰਮੀ ਦਿੰਦਾ ਹਾਂ, ਮੈਂ ਪਾਣੀ ਨੂੰ ਰੋਕਦਾ ਅਤੇ ਵਰਸਾਉਂਦਾ ਹਾਂ, ਮੈਂ ਨਾਸ ਕਰਦਾ ਹਾਂ ਅਤੇ ਪੈਦਾ ਕਰਦਾ ਹਾਂ। ਅੰਮ੍ਰਿਤ ਅਤੇ ਮੌਤ, ਸੱਤ ਅਤੇ ਅਸੱਤ ਵੀ ਮੈਂ ਹਾਂ।" [15] ਈਸ਼ਵਰ ਦੇ ਵਿਸ਼ਵਾਤੀਤ ਸਰੂਪ ਦੇ ਸੰਬੰਧ ਵਿੱਚ ਕਿਹਾ ਗਿਆ ਹੈ, "ਉਸਨੂੰ ਨਾ ਤਾਂ ਸੂਰਜ, ਨਾ ਚੰਦਰਮਾ, ਨਾ ਅਗਨੀ ਹੀ ਸ਼ੋਭਾ ਪ੍ਰਦਾਨ ਕਰਦੇ ਹਨ। ਉਹ ਮੇਰਾ ਪਰਮ ਸਥਾਨ ਹੈ, ਜਿੱਥੇ ਜਾ ਕੇ ਫਿਰ ਵਾਪਸ ਨਹੀਂ ਆਉਣਾ ਪੈਂਦਾ।" [16] ਅੱਗੇ ਕਿਹਾ ਗਿਆ ਹੈ, 'ਜੀਵਨ ਲੋਕ ਵਿੱਚ ਮੇਰਾ ਹੀ ਸਨਾਤਨ ਅੰਸ਼ ਫਿਰ ਪੈਦਾ ਹੋ ਕੇ ਮਨ ਅਤੇ ਪੰਜ ਇੰਦਰੀਆਂ ਨੂੰ ਖਿੱਚ ਲੈਂਦਾ ਹੈ। ਈਸ਼ਵਰ ਅਰਥਾਤ ਜੀਵ ਜਦੋਂ ਸਰੀਰ ਪਾਉਂਦਾ ਹੈ ਅਤੇ ਜਦੋਂ ਉਹ (ਸਥੂਲ) ਸਰੀਰ ਵਿੱਚੋਂ ਨਿਕਲ ਜਾਂਦਾ ਹੈ, ਉਦੋਂ ਇਹ ਜੀਵਨ ਇਨਾਂ ਨੂੰ (ਮਨ ਅਤੇ ਪੰਜ ਇੰਦਰੀਆਂ) ਨੂੰ ਉਸੇ ਤਰ੍ਹਾਂ ਨਾਲ ਲੈ ਜਾਂਦਾ ਹੈ ਜਿਵੇਂ ਕਿ ਫੁੱਲ ਆਦਿ ਵਿੱਚੋਂ ਗੰਧ ਨੂੰ ਹਵਾ ਲੈ ਜਾਂਦੀ ਹੈ।[17] ਈਸ਼ਵਰ ਨੂੰ ਜਗਤ ਦੀਆਂ ਸਾਰੀਆਂ ਕ੍ਰਿਆਵਾਂ ਦਾ ਸੁਆਮੀ ਕਿਹਾ ਗਿਆ ਹੈ। ਉਦਾਹਰਨ ਦੇ ਲਈ, "ਮੈਂ ਆਪਣੇ ਤੇਜ ਨਾਲ ਪੂਜੇ ਜਗਤ ਅਤੇ ਬੀਤੇ ਸਮੇਂ ਨੂੰ ਧਾਰਨ ਕਰਦਾ ਹਾਂ ਅਤੇ ਰਸਾਤਮਕ ਸੋਮ ਹੋ ਕੇ, ਸਭ ਔਸ਼ਧੀਆਂ ਦਾ ਅਰਥਾਤ ਬਨਸਪਤੀਆਂ ਦਾ ਪੋਸ਼ਣ ਕਰਦਾ ਹਾਂ। ਮੈਂ ਪਰਮਾਤਮਾ ਰੂਪ ਅਗਨੀ ਹੋ ਕੇ ਪ੍ਰਾਣੀਆਂ ਦੀਆਂ ਦੇਹਾਂ ਵਿੱਚ ਰਹਿੰਦਾ ਹਾਂ ਅਤੇ ਪ੍ਰਾਣ ਤੇ ਆਪੇ ਤੋਂ ਮੁਕਤ ਹੋ ਕੇ ਚਾਰ ਪ੍ਰਕਾਰ ਦੇ ਅੰਨ ਨੂੰ ਪਚਾਉਂਦਾ ਹਾਂ। ਜੋ ਤੇਜ ਸੂਰਜ, ਚੰਨ ਅਤੇ ਅਗਨੀ ਵਿੱਚ ਹੈ, ਉਹ ਮੇਰਾ ਹੀ ਹੈ।" ਫਿਰ ਕਿਹਾ ਗਿਆ ਹੈ ਕਿ 'ਮੈਂ ਸਭ ਦੇ ਹਿਰਦੇ ਵਿੱਚ ਵਿਰਾਜਮਾਨ ਹਾਂ। ਗਿਆਨ ਸਿਮਰਨ ਅਤੇ ਵਿਸਿਮਰਨ ਮੇਰੇ ਅੰਦਰ ਹੀ ਸਮਾਏ ਹੋਏ ਹਨ। ਵੇਦਾਂ ਦੇ ਦੁਆਰਾ ਜਾਣਨਯੋਗ ਮੈਂ ਹੀ ਹਾਂ।' [18] ਇਸ ਪ੍ਰਕਾਰ ਸਰਵੇਸ਼ਵਰਵਾਦ, ਈਸ਼ਵਰਵਾਦ ਅਤੇ ਦੇਵਤੱਵ ਵਾਦ ਇਕੱਠੇ ਕਰ ਦਿੱਤੇ ਗਏ ਹਨ। "ਸੰਪੂਰਣ ਜਗਤ ਈਸ਼ਵਰ ਹੀ ਹੈ, ਈਸ਼ਵਰ ਜਗਤ ਤੋਂ ਪਰਾਂ ਹੈ।' ਨਾਲ ਹੀ ਜਗਤ ਵਿੱਚ ਵਿਆਪਤ ਵੀ ਹੈ। ਗੀਤਾ ਨਿਰੰਤਰ ਇਸੇ ਗੱਲ ਦਾ ਵਰਣਨ ਕਰਦੀ ਹੈ ਕਿ ਵਸਤਾਂ ਦੇ ਸਰਬਉੱਚ, ਸਭ ਤੋਂ ਸ਼੍ਰੇਸ਼ਠ ਭਾਵ ਵੀ ਈਸ਼ਵਰ ਨਾਲ ਹੀ ਹਨ... ਜਿੱਤਣ ਵਾਲੇ ਦੀ ਜਿੱਤ, ਤਜਸੱਵੀਆਂ ਦਾ ਤੇਜ ਅਤੇ ਪ੍ਰਾਣਸ਼ੀਲਾਂ ਦਾ ਪ੍ਰਾਣ ਮੈਂ ਹੀ ਹਾਂ। ਇਸ ਪ੍ਰਕਾਰ ਦੀਆਂ ਅਨੇਕਾਂ ਸ਼ਕਤੀਆਂ ਦਾ ਵਰਣਨ ਕਰਨ ਤੋਂ ਬਾਅਦ ਕ੍ਰਿਸ਼ਨ ਕਹਿੰਦੇ ਹਨ ਕਿ ਕਿਤੇ ਵੀ ਜੋ ਵਸਤੂ ਮਹੱਤਵ, ਲਕਸ਼ਮੀ ਜਾਂ ਪ੍ਰਭਾਵ ਤੋਂ ਯੁਕਤ ਹੈ, ਉਹ ਈਸ਼ਵਰ ਦੇ ਤੇਜ ਦੇ ਅੰਸ਼ ਨਾਲ ਹੀ ਪੈਦਾ ਹੋਈ ਸਮਝਣੀ ਚਾਹੀਦੀ ਹੈ। [19] ਈਸ਼ਵਰ ਦੇ ਅੰਦਰ ਹੀ ਵਿਭਿੰਨ ਪ੍ਰਕਾਰ ਦੇ ਰੂਪਾਤਮਕ ਜਗਤ ਦੇ ਸਮਾਏ ਜਾਣ ਦੇ ਸਿਧਾਂਤਾਂ ਨੂੰ ਕ੍ਰਿਸ਼ਨ ਨੇ ਆਪਣੇ ਵਿਰਾਟ ਸਰੂਪ ਦੁਆਰਾ ਪ੍ਰਮਾਣਿਤ ਕੀਤਾ ਹੈ।' "ਉਹ ਸਰੂਪ ਹਜ਼ਾਰ ਸੂਰਜਾਂ ਦੀ ਆਭਾ ਇਕੱਠੀ ਹੋਵੇ, ਅਜੇਹੀ ਆਭਾ ਦੇ ਸਮਾਨ ਅਨੇਕ ਮੁਖ, ਨੇਤਰ ਅਤੇ ਅਲੰਕਾਰ ਯੁਕਤ ਅਸਮਾਨ ਅਤੇ ਧਰਤੀ ਨੂੰ ਵਿਆਪਤ ਕੀਤਾ ਹੋਇਆ ਹੈ। ਕ੍ਰਿਸ਼ਨ ਅਰਜੁਨ ਨੂੰ ਆਪਣਾ ਵਿਸ਼ਵ ਰੂਪ ਵਿਖਾਉਣ ਤੋਂ ਬਾਅਦ ਕਹਿੰਦੇ ਹਨ, "ਮੈਂ ਲੋਕਾਂ ਦਾ ਨਾਸ ਕਰਨ ਵਾਲਾ ਅਤੇ ਵਧਿਆ ਹੋਇਆ ਕਾਲ ਹਾਂ। ਇੱਥੇ ਲੋਕਾਂ ਦਾ ਕਤਲ ਕਰਨ ਵਿੱਚ ਵਿਅਸਤ ਹਾਂ। ਕੁਰੂਕਸ਼ੇਤਰ ਦੇ ਇਸ ਮਹਾਨ ਯੁੱਧ ਵਿੱਚ ਮਰਨ ਵਾਲਿਆਂ ਨੂੰ ਮੈਂ ਪਹਿਲਾਂ ਹੀ ਮਾਰ ਦਿੱਤਾ ਹੈ। ਕੁਰੂਕਸ਼ੇਤਰ ਦੇ ਇਸ ਮਹਾਨ ਯੁੱਧ ਵਿੱਚ ਤੂੰ ਨਿਮਿਤ ਹੋ ਜਾ। ਇਸ ਲਈ ਤੂੰ ਯੁੱਧ ਕਰ, ਆਪਣੇ ਦੁਸ਼ਮਣਾਂ ਦਾ ਨਾਸ਼

ਕਰ, ਯਸ਼ ਪ੍ਰਾਪਤ ਕਰ ਅਤੇ ਬਿਨਾ ਇਸ ਦੁਖ ਦੇ ਕਿ ਤੂੰ ਆਪਣੇ ਪਿਆਰਿਆਂ ਦੀ ਹੱਤਿਆ ਕਰ ਦਿੱਤੀ ਹੈ, ਸਾਰੀ ਧਰਤੀ ਤੇ ਰਾਜ ਕਰ।"[20] ਇਸ ਤੋਂ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਗੀਤਾ ਵਿੱਚ ਈਸ਼ਵਰ ਦੇ ਅਨੁਸਾਰ ਸ਼ੁਭ-ਅਸ਼ੁਭ ਦੇ ਲਈ ਕੋਈ ਵੀ ਜਿੰਮੇਵਾਰ ਨਹੀਂ ਹੈ।

ਗੀਤਾ ਦਾ ਉਦੇਸ਼ ਗਿਆਨਯੋਗ ਅਤੇ ਕਰਮਯੋਗ ਵਿੱਚ ਤਾਲਮੇਲ ਪੈਦਾ ਕਰਕੇ ਇਹ ਦੱਸਣਾ ਹੈ ਕਿ ਗਿਆਨਯੋਗ ਦੁਆਰਾ ਮੋਹ ਦੇ ਬੰਧਨ ਤੋਂ ਮੁਕਤੀ ਅਤੇ ਕਰਮਯੋਗ ਦੀ ਪ੍ਰਾਪਤੀ ਹੁੰਦੀ ਹੈ। ਕਿਉਂਕਿ ਅਗਿਆਨ ਹੀ ਸਭ ਪ੍ਰਕਾਰ ਦੇ ਮੋਹ ਦਾ ਮੂਲ ਕਾਰਨ ਹੁੰਦਾ ਹੈ।ਅਗਿਆਨ, ਯਥਾਰਥ ਗਿਆਨ ਨਾਲ ਦੂਰ ਹੁੰਦਾ ਹੈ। ਈਸ਼ਵਰ ਦੇ ਬਾਰੇ ਵਿੱਚ ਯਥਾਰਥ ਗਿਆਨ ਦੇ ਦੋ ਸਰੂਪ ਹਨ, ਬ੍ਰਹਮ ਅਤੇ ਈਸ਼ਵਰ।

ਗੀਤਾ ਨੇ ਸਾਕਾਰ ਬ੍ਰਹਮਾ ਦੇ ਰੂਪ ਈਸ਼ਵਰ ਦੀ ਪੂਜਾ ਨੂੰ ਸਹਿਜ ਅਤੇ ਸਭ ਤੋਂ ਸ੍ਰੇਸ਼ਠ ਮੰਨਿਆ ਹੈ। ਗੀਤਾ ਵਿੱਚ ਕਿਹਾ ਗਿਆ ਹੈ ਕਿ ਜੋ ਪ੍ਰਤੱਖ ਨਾ ਵਿਖਾਈ ਦੇਣ ਅਗਿਆਤ, ਸਭ ਪਾਸੇ ਮੌਜੂਦ, ਜੋ ਚਿੰਤਾ ਕਰਨ ਯੋਗ ਨਾ ਹੋਵੇ ਅਤੇ ਅਟੱਲ ਅਰਥਾਤ ਸਭ ਦੇ ਮੂਲ ਵਿੱਚ ਰਹਿਣ ਵਾਲੇ ਸਥਿਰ ਬ੍ਰਹਮਾ ਦੀ ਪੂਜਾ ਸਾਰੀਆਂ ਇੰਦਰੀਆਂ ਨੂੰ ਰੋਕ ਕੇ ਅਡਿੱਗ ਹੋ ਕੇ ਕਰਦੇ ਹਨ, ਉਹ ਸਭ ਭੂਤਾਂ ਦੇ ਹਿਤ ਵਿੱਚ ਮਗਨ ਪਰਮਾਤਮਾ ਨੂੰ ਪ੍ਰਾਪਤ ਕਰਦੇ ਹਨ।ਉਨ੍ਹਾਂ ਦੇ ਚਿੱਤ ਅਪ੍ਰਤੱਖ ਵਿੱਚ ਲੀਨ ਰਹਿਣ ਦੇ ਕਾਰਨ ਭਗਤੀ ਦਾ ਇਹ ਮਾਰਗ ਕਸ਼ਟ ਨਾਲ ਸਿੱਧ ਹੁੰਦਾ ਹੈ।ਪਰੰਤੂ ਜੋ ਸਾਰੇ ਕਰਮਾਂ ਨੂੰ ਈਸ਼ਵਰ ਦੇ ਅਰਪਣ ਕਰਕੇ ਇੱਕਨਿਸ਼ਠ ਯੋਗ ਨਾਲ ਉਸਨੂੰ ਭਜਦੇ ਹਨ, ਉਨ੍ਹਾਂ ਦਾ ਇਸ ਨਾਸ਼ਵਾਨ ਸੰਸਾਰ ਵਿਚ ਬਿਨਾ ਦੇਰ ਦੇ ਭਲਾ ਹੋ ਜਾਂਦਾ ਹੈ।

ਗੀਤਾ ਦਾ ਜੋਰ ਇਸ ਗੱਲ ਤੇ ਹੈ ਕਿ ਪਰਮਾਤਮਾ ਨੂੰ ਬ੍ਰਹਮਾ ਦਾ ਰੂਪ ਮੰਨ ਕੇ ਵਿਅਕਤੀਗਤ ਸੰਬੰਧ ਸਥਾਪਿਤ ਕਰਨੇ ਚਾਹੀਦੇ ਹਨ। ਭਗਤੀ-ਯੋਗ ਦੀ ਸ਼ੁਰੂਆਤ ਸਾਰੇ ਕਰਮ ਫ਼ਲ ਈਸ਼ਵਰ ਨੂੰ ਸੌਂਪ ਕੇ ਸਰਬ ਵਿਆਪਤ ਦਿਆ, ਦੁਖ-ਸੁਖ ਵਿੱਚ ਸਮਾਨ, ਸਤੁੰਸ਼ਟ ਅਤੇ ਪੂਰਨ ਸ਼ਾਂਤ ਚਿੱਤ ਵਾਲੀ ਅਵਸਥਾ ਹੁੰਦੀ ਹੈ। ਇਨ੍ਹਾਂ ਸਾਧਨਾਂ ਨਾਲ ਨੈਤਿਕ ਉਥਾਨ ਦੁਆਰਾ ਮਨੁੱਖ ਚਿੱਤ ਨੂੰ ਈਸ਼ਵਰ ਵਿੱਚ ਸਥਿਰ ਕਰਨ ਅਤੇ ਸਮਾਧੀ ਵਿਚ ਲੀਨ ਹੋਣ ਦੇ ਸਮਰੱਥ ਹੁੰਦਾ ਹੈ। ਗੀਤਾ ਵਿੱਚ ਈਸ਼ਵਰ ਰੂਪ ਵਿਚ ਕ੍ਰਿਸ਼ਨ ਅਰਜੁਨ ਨੂੰ ਸਾਰੇ ਧਰਮ ਤਿਆਗ ਕੇ ਈਸ਼ਵਰ ਦੀ ਹੀ ਸ਼ਰਨ ਵਿੱਚ ਆਉਣ ਦਾ ਆਦੇਸ਼ ਦਿੰਦੇ ਹਨ। ਨਾਲ ਹੀ ਉਹ ਇਹ ਵੀ ਘੋਸ਼ਣਾ ਕਰਦੇ ਹਨ ਕਿ ਉਨ੍ਹਾਂ ਦੀ ਸ਼ਰਨ ਵਿੱਚ ਜਾਣ ਨਾਲ ਉਹ ਮੁਕਤੀ ਪ੍ਰਾਪਤ ਕਰ ਲਵੇਗਾ।[21] ਅੱਗੇ ਜਾ ਕੇ ਇਹ ਕਿਹਾ ਗਿਆ ਹੈ ਕਿ ਭਗਤੀ ਦੇ ਦੁਆਰਾ ਹੀ ਮਨੁੱਖ ਜਾਣ ਸਕਦਾ ਹੈ ਕਿ ਪਰਮਾਤਮਾ ਕੀ ਹੈ ਅਤੇ ਕਿੰਨਾ ਹੈ। ਅਰਥਾਤ ਉਸਦੀ ਪ੍ਰਭੁਤਾ ਤੇ ਪ੍ਰਤਾਪ ਕੀ ਹੈ। ਉਸਦੇ ਬਾਅਦ ਉਹ ਉਸੇ ਵਿੱਚ ਪ੍ਰਵੇਸ਼ ਕਰਦਾ ਹੈ। ਈਸ਼ਵਰ ਦੀ ਹੀ ਸ਼ਰਨ ਵਿੱਚ ਜਾਣ ਨਾਲ ਮਨੁੱਖ ਨੂੰ ਸਥਾਈ ਸਥਾਨ ਦੀ ਪ੍ਰਾਪਤੀ ਹੋ ਜਾਂਦੀ ਹੈ।[22] ਗੀਤਾ ਦੀ ਮਾਨਤਾ ਹੈ ਕਿ ਜੋ ਈਸ਼ਵਰ ਵਿੱਚ ਮਨ ਅਤੇ ਪ੍ਰਾਣਾਂ ਨੂੰ ਲਗਾ ਕੇ, ਪਰਸਪਰ ਬੋਧ ਕਰਦਿਆਂ ਹੋਇਆਂ, ਈਸ਼ਵਰ ਦੀ ਕਥਾ ਕਹਿੰਦੇ ਹੋਏ ਉਸੇ ਵਿੱਚ ਸਦਾ ਸਤੁੰਸ਼ਟ ਵਿਚਰਦਿਆਂ ਹੋਇਆ ਉਸਨੂੰ ਪਿਆਰ ਨਾਲ ਭਜਦੇ ਹਨ, ਉਨ੍ਹਾਂ ਨੂੰ ਉਹ ਬੁੱਧੀਯੋਗ ਦਿੰਦੇ ਹਨ, ਜਿਸਦੇ ਰਾਹੀਂ ਉਹ ਉਸਨੂੰ ਪਾ ਲੈਣ। ਉਨ੍ਹਾਂ ਤੇ ਕਿਰਪਾ ਕਰਨ ਦੇ ਲਈ ਹੀ ਉਹ ਉਨ੍ਹਾਂ ਦੇ ਆਤਮਭਾਵ ਅਰਥਾਤ ਅੰਤਾਕਰਨ ਵਿੱਚ ਵਿਰਾਜਮਾਨ ਹੋ ਕੇ ਤੇਜਸੱਵੀ ਗਿਆਨ ਦੀਪ ਨਾਲ ਅਗਿਆਨ ਦਾ ਹਨੇਰਾ ਦੂਰ ਕਰਦੇ ਹਨ।[23] ਕਿਹਾ ਗਿਆ ਹੈ ਕਿ ਮਨੁੱਖ ਭਾਵੇਂ ਕਿੰਨਾ ਵੱਡਾ ਦੁਰਾਚਾਰੀ ਹੀ ਕਿਉਂ ਨਾ ਹੋਵੇ, ਜੇਕਰ ਉਹ ਈਸ਼ਵਰ ਦਾ ਇਕਾਗਰ ਚਿਤ ਹੋ ਕੇ ਭਜਨ ਕਰਦਾ ਹੈ ਤਾਂ ਉਸਨੂੰ ਵੱਡਾ ਸਾਧੂ ਹੀ ਸਮਝਣਾ ਚਾਹੀਦਾ ਹੈ ਕਿਉਂਕਿ ਉਸਦੀ ਬੁੱਧੀ ਦਾ ਨਿਸ਼ਚਾ ਸ਼ੁਭ ਹੁੰਦਾ ਹੈ। ਉਹ ਜਲਦੀ ਹੀ ਧਰਮਾਤਮਾ ਹੋ ਜਾਂਦਾ ਹੈ ਅਤੇ ਨਿੱਤ ਸ਼ਾਂਤੀ ਪਾਉਂਦਾ ਹੈ। ਈਸ਼ਵਰ ਦੀ ਸ਼ਰਨ ਵਿੱਚ ਜਾ ਕੇ ਔਰਤਾਂ, ਵੈਸ਼ ਅਤੇ ਸ਼ੂਦਰ ਆਦਿ ਪਾਪੀ ਜੂਨੀ ਵਾਲੇ ਲੋਕ ਵੀ ਪਰਮ ਗਤੀ ਪ੍ਰਾਪਤ ਕਰਦੇ ਹਨ।[24] ਜੇਕਰ ਮਨੁੱਖ ਦਾ ਪਰਮਾਤਮਾ ਨਾਲ ਲਗਾਓ ਹੋਵੇ ਤਾਂ ਭਾਵੇਂ ਉਹ ਉਸਨੂੰ ਸਹੀ ਤਰ੍ਹਾਂ ਸਮਝਿਆ ਨਾ ਵੀ ਹੋਵੇ, ਭਾਵੇਂ ਉਸਨੇ ਉਸਨੂੰ ਪ੍ਰਾਪਤ ਕਰਨ ਲਈ ਸਹੀ ਰਸਤਿਆਂ ਨੂੰ

ਨਾ ਵੀ ਅਪਣਾਇਆ ਹੋਵੇ ਫਿਰ ਵੀ ਈਸ਼ਵਰ ਆਪਣੇ ਵੱਲ ਆਉਣ ਵਾਲੇ ਕਿਸੇ ਵੀ ਮਾਰਗ ਨੂੰ ਸਵੀਕਾਰ ਕਰਦਾ ਹੈ, ਕੋਈ ਵੀ ਮਾਰਗ ਬੇਕਾਰ ਨਹੀਂ ਜਾਂਦਾ। ਭਾਵੇਂ ਕਿਸੇ ਵੀ ਪਾਸੇ ਤੋਂ ਹੋਣ, ਮਨੁੱਖ ਈਸ਼ਵਰ ਦੇ ਹੀ ਮਾਰਗ ਵਿੱਚ ਆਣ ਮਿਲਦੇ ਹਨ।[25] ਜੇਕਰ ਮਨੁੱਖ ਆਪਣੀ ਆਪਣੀ ਪ੍ਰਵਿਰਤੀ ਦੇ ਅਨੁਸਾਰ ਭਿੰਨ-ਭਿੰਨ ਵਾਸ਼ਨਾਵਾਂ ਤੋਂ ਪ੍ਰੇਰਿਤ ਹੋ ਕੇ ਦੂਸਰੇ ਦੇਵਤਿਆਂ ਵੱਲ ਭਜਦਾ ਰਹਿੰਦਾ ਹੈ, ਉਸਦੀ ਉਸੇ ਸ਼ਰਧਾ ਨੂੰ ਈਸ਼ਵਰ ਸਥਿਰ ਕਰ ਦਿੰਦਾ ਹੈ। ਫਿਰ ਉਸ ਸ਼ਰਧਾ ਨਾਲ ਯੁਕਤ ਹੋ ਕੇ ਉਹ ਉਸ ਦੇਵਤਾ ਦੀ ਭਗਤੀ ਕਰਨ ਲਗਦਾ ਹੈ ਅਤੇ ਉਸ ਨਾਲ ਈਸ਼ਵਰ ਦੀ ਭਗਤੀ ਦਾ ਫ਼ਲ ਮਿਲਦਾ ਹੈ। ਈਸ਼ਵਰ ਸਭ ਦਾ ਸੁਆਮੀ ਅਤੇ ਮਿੱਤਰ ਹੈ। ਮਹਾਨ ਆਤਮਾ ਵਾਲਾ ਵਿਅਕਤੀ ਹੀ[26] ਚਿੱਤ ਨੂੰ ਪੂਰੀ ਤਰ੍ਹਾਂ ਸਥਿਰ ਕਰਕੇ ਈਸ਼ਵਰ ਦੀ ਪੂਜਾ ਕਰਦਾ ਹੈ ਅਤੇ ਅਟੱਲ ਭਗਤੀ ਨਾਲ ਈਸ਼ਵਰ ਦਾ ਨਾਂ ਜਪਦਾ ਹੈ। ਹਮੇਸ਼ਾ ਈਸ਼ਵਰ ਦੀ ਸ਼ਰਨ ਵਿਚ ਰਹਿ ਕੇ ਉਸਦੀ ਭਗਤੀ ਦੇ ਨਾਲ ਪੂਜਾ ਕਰਦਾ ਹੈ। ਜੋ ਅਟੁੱਟ ਸ਼ਰਧਾ ਦੁਆਰਾ ਸਦਾ ਈਸ਼ਵਰ ਦਾ ਚਿੰਤਨ ਕਰਦੇ ਹਨ, ਉਹ ਉਨ੍ਹਾਂ ਨੂੰ ਪ੍ਰਾਪਤ ਹੁੰਦੇ ਹਨ।[27]

ਕਹਿ ਸਕਦੇ ਹਾਂ ਕਿ ਭਗਤੀ ਦਾ ਇਹ ਸਾਰਾ ਤਾਣਾ-ਬਾਣਾ ਮੂਲ ਰੂਪ ਨਾਲ ਵਰਣਭੇਦ ਮੂਲਕ ਸਮਾਜ ਸ਼ਾਸਤਰ ਦੇ ਆਤਮਸਾਤੀਕਰਣ ਦੀਆਂ ਸੰਭਾਵਨਾਵਾਂ ਦੇ ਮੱਦੇ-ਨਜ਼ਰ ਹੀ ਹੈ। ਇਸ ਸੰਦਰਭ ਵਿੱਚ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਭਗਤੀ ਅਰਥਾਤ ਗੀਤਾ ਦਾ ਸਮਾਜ ਸ਼ਾਸਤਰ ਸਿਧਾਂਤਿਕ ਰੂਪ ਨਾਲ ਆਤਮਸਾਤ ਤੇ ਆਧਾਰਿਤ ਹੈ। ਅਸੀਂ ਵੇਖਾਂਗੇ ਕਿ ਭਗਤੀ ਅਤੇ ਵਰਣ ਮੂਲਕ ਸਮਾਜ, ਦੋਵੇਂ ਇੱਕ ਸਮਾਨ ਵਿਚਾਰਿਕ ਪੱਧਰ ਤੇ ਆਤਮਵਾਦ ਤੋਂ ਵੈਧਤਾ ਗ੍ਰਹਿਣ ਕਰਦੇ ਹਨ। ਵਰਣ ਧਰਮ ਦੇ ਤਹਿਤ ਅਰਜੁਨ ਨੂੰ ਯੁੱਧ ਵਿੱਚ ਝੋਕਣ ਦੀ ਕਾਰਜ ਪਦਤੀ ਵਿੱਚ ਪੂਰਾ ਆਤਮਵਾਦੀ ਦਰਸ਼ਨ ਪੇਸ਼ ਕੀਤਾ ਗਿਆ ਹੈ। ਇਸ ਆਤਮਵਾਦ ਅਨੁਸਾਰ ਦੇਹ ਦੀ ਕੋਈ ਹੋਂਦ ਹੀ ਨਹੀਂ ਹੈ। ਮਾਰਨਾ ਅਤੇ ਮਰਨਾ ਬੇਅਰਥ ਸਿੱਧ ਹੋ ਜਾਂਦਾ ਹੈ। ਕਿਹਾ ਗਿਆ ਹੈ 'ਜੋ ਇਸ ਆਤਮਾ ਨੂੰ ਮਾਰਨ ਵਾਲਾ ਸਮਝਦਾ ਹੈ ਅਤੇ ਜੋ ਇਸਨੂੰ ਮਰਿਆ ਮੰਨਦਾ ਹੈ ਦੋਵੇਂ ਹੀ ਨਹੀਂ ਜਾਣਦੇ, ਇਹ ਆਤਮਾ ਨਾ ਮਰਦੀ ਹੈ ਅਤੇ ਨਾ ਹੀ ਮਾਰੀ ਜਾਂਦੀ ਹੈ।[28] ਇਸ ਲਈ ਕ੍ਰਿਸ਼ਨ ਸਕੇ ਸੰਬੰਧੀਆਂ ਨੂੰ ਮਾਰਨ ਵਿੱਚ ਸੋਗ ਨਹੀਂ ਵੇਖਦੇ।

ਸਭ ਤੋਂ ਵੱਡੀ ਗੱਲ ਹੈ ਆਪਣੇ ਧਰਮ ਦੀ ਪਾਲਣਾ। ਖੱਤਰੀ ਦਾ ਧਰਮ ਹੈ ਯੁੱਧ ਕਰਨਾ। ਧਰਮਯੁਕਤ ਯੁੱਧ ਤੋਂ ਵਧ ਕੇ ਦੂਸਰਾ ਕਲਿਆਣਕਾਰੀ ਕਾਰਜ ਖੱਤਰੀ ਦੇ ਲਈ ਨਹੀਂ ਹੈ।[29] ਗੀਤਾ ਦੇ ਅਨੁਸਾਰ ਯੁੱਧ ਖੱਤਰੀ ਦੇ ਲਈ ਸਵਰਗ ਦਾ ਖੁੱਲਿਆ ਹੋਇਆ ਦੁਆਰ ਹੈ।[30] ਇਸ ਲਈ ਅਰਜੁਨ ਨੂੰ ਕਿਹਾ ਗਿਆ ਹੈ ਕਿ ਆਪਣੇ ਧਰਮ ਅਤੇ ਕੀਰਤੀ ਨੂੰ ਗੁਆ ਕੇ ਉਹ ਪਾਪ ਨੂੰ ਪ੍ਰਾਪਤ ਹੋਵੇਗਾ।[31] ਆਤਮਵਾਦ ਦਾ ਇਹ ਬਿਰਤਾਂਤ ਜਨਜਾਤੀ ਕੁਲ ਧਰਮ ਤੋਂ ਵਰਣ ਧਰਮ ਵਿਚ ਪ੍ਰਵੇਸ਼ ਕਰਨ ਦਾ ਸੂਚਕ ਹੈ ਦੂਸਰੇ ਸ਼ਬਦਾਂ ਵਿਚ ਇਹ ਸਿਧਾਂਤਕ ਰੂਪ ਨਾਲ ਜਨਜਾਤੀਆਂ ਦੇ ਸਹਿਜ ਸ਼ੁਰੂਆਤੀ ਭੌਤਿਕਵਾਦ ਦੇ ਪ੍ਰਦਰਸ਼ਨ ਦਾ ਰੂਪਾਂਤਰਣ ਹੈ। ਇਹ ਮੰਨਿਆ ਗਿਆ ਹੈ ਕਿ ਸਾਰੇ ਵਿਸ਼ਵ ਵਿੱਚ ਆਤਮਵਾਦ ਦਾ ਵਿਕਾਸ ਭੌਤਿਕਵਾਦ ਦੇ ਅਵਸ਼ੇਸ਼ਾਂ ਤੇ ਹੋਇਆ ਹੈ, ਗੀਤਾ ਦੀ ਆਤਮਵਾਦੀ ਵਿਚਾਰਧਾਰਾ ਇਸ ਗੱਲ ਦੀ ਪੁਸ਼ਟੀ ਕਰਦੀ ਹੈ।

ਬ੍ਰਾਹਮੰਡ ਦਾ ਚੱਕਰੀ ਪ੍ਰਗਟਾਵਾ ਗੀਤਾ ਦੇ ਆਤਮਵਾਦ ਦਾ ਪ੍ਰਸਥਾਨ ਬਿੰਦੂ ਹੈ। ਅਰਜੁਨ ਨੂੰ ਦੱਸਿਆ ਗਿਆ ਹੈ ਕਿ ਨਾ ਤਾਂ ਇੰਝ ਹੀ ਹੈ ਕਿ ਮੈਂ ਕਿਸੇ ਕਾਲ ਵਿਚ ਨਹੀਂ ਸੀ ਜਾਂ ਤੂੰ ਨਹੀਂ ਸੀ ਜਾਂ ਫਿਰ ਇਹ ਰਾਜੇ ਨਹੀਂ ਸਨ ਅਤੇ ਨਾ ਹੀ ਅਜਿਹਾ ਹੈ ਕਿ ਇਸਤੋਂ ਅੱਗੇ ਇਹ ਸਭ ਨਹੀਂ ਰਹਿਣਗੇ।[32] ਜੀਵ ਆਤਮਾ ਨੂੰ ਸਥਾਈ ਤੱਤ ਮੰਨ ਕੇ ਇਸਦੇ ਮੁੜ ਸਰੀਰ ਧਾਰਨ ਦੀ ਕਲਪਨਾ ਕੀਤੀ ਗਈ ਹੈ।

ਬ੍ਰਾਹਮਣ ਗ੍ਰੰਥਾਂ ਅਤੇ ਉਪਨਿਸ਼ਦਾਂ ਦੇ ਸਮੇਂ ਤੋਂ ਹੀ ਵਰਣ ਭੇਦਮੂਲਕ ਨੂੰ ਧਰਮ ਦੇ ਅਨੁਕੂਲ ਦੱਸਣ ਅਤੇ ਇਹ ਦਾਅਵਾ ਕਰਨ ਦੀ ਪ੍ਰਵਿਰਤੀ ਜੋਰਾਂ ਤੇ ਸੀ ਕਿ ਇਹ ਈਸ਼ਵਰੀ ਵਿਧਾਨ ਹੈ। ਅਤੇ ਕਿਉਂਕਿ ਇਸਨੂੰ ਦੈਵੀ ਮੰਨ ਲਿਆ ਗਿਆ ਸੀ, ਇਸ ਲਈ ਇਹ ਕਿਹਾ ਜਾਣ ਲੱਗਾ ਸੀ ਕਿ ਇਸਦੀ ਮੂਲ

ਸੰਰਚਨਾ ਵਿੱਚ ਪਰਿਵਰਤਨ ਕਰਨਾ ਅਸੰਭਵ ਅਤੇ ਧਰਮ ਦੇ ਵਿਰੁੱਧ ਹੈ। ਦੂਸਰੇ ਸ਼ਬਦਾਂ ਵਿੱਚ, ਵਰਣ ਸਮਾਜ ਪਰਿਵਰਤਨ ਤੋਂ ਪੂਰੀ ਤਰ੍ਹਾਂ ਪਰ੍ਹਾਂ ਹੈ, ਅਤੇ ਜੇਕਰ ਇਹ ਦੈਵੀ ਰੂਪ ਨਾਲ ਪੈਦਾ ਹੋਇਆ ਹੈ ਤਾਂ ਈਸ਼ਵਰ ਦੀ ਇੱਛਾ ਇਸਨੂੰ ਸਥਾਈ ਰੂਪ ਪ੍ਰਦਾਨ ਕਰੇਗੀ।

'ਇਸ ਵਿਸ਼ਵ ਦੀ ਰੱਖਿਆ ਦੇ ਉਦੇਸ਼ ਨਾਲ ਉਸ ਮਹਾਸ਼ੋਭਾਧਾਰੀ ਪਰਮੇਸ਼ਵਰ ਨੇ ਉਨ੍ਹਾਂ ਲੋਕਾਂ ਦੇ ਲਈ ਜੋ ਉਨ੍ਹਾਂ ਦੇ ਮੂੰਹ, ਬਾਹਵਾਂ, ਜੰਘਾਂ ਅਤੇ ਪੈਰਾਂ ਤੋਂ ਪੈਦਾ ਹੋਏ, ਵੱਖ ਵੱਖ ਕੰਮ ਨਿਰਧਾਰਿਤ ਕੀਤੇ। ਉਨ੍ਹਾਂ ਨੇ ਬ੍ਰਾਹਮਣਾਂ ਨੂੰ ਸਿੱਖਿਆ ਦੇਣ ਅਤੇ ਅਧਿਐਨ ਕਰਨ ਦਾ, ਆਪਣੇ ਅਤੇ ਦੂਸਰਿਆਂ ਦੇ ਲਾਭ ਲਈ ਯੱਗ ਕਰਨ ਦਾ, ਦਾਨ ਲੈਣ ਦਾ ਕੰਮ ਸੌਂਪਿਆ। ਉਨ੍ਹਾਂ ਨੇ ਖੱਤਰੀਆਂ ਨੂੰ ਪਰਜਾ ਦੀ ਰੱਖਿਆ ਕਰਨ, ਦਾਨ ਦੇਣ, ਯੱਗ ਕਰਨ, ਅਧਿਐਨ ਕਰਨ ਅਤੇ ਭੋਗਵਿਲਾਸ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਵੈਸ਼ਾਂ ਨੂੰ ਪਸ਼ੂਆਂ ਦੀ ਰੱਖਿਆ ਕਰਨ ਦਾ, ਦਾਨ ਦੇਣ ਦਾ, ਯੱਗਾਂ ਦਾ ਵਿਧਾਨ ਕਰਨ, ਅਧਿਐਨ ਕਰਨ ਦਾ, ਮਹਾਜਨੀ ਕਾਰੋਬਾਰ ਤੇ ਖੇਤੀ ਕਰਨ ਦਾ ਕੰਮ ਸੌਂਪਿਆ। ਪਰਮੇਸ਼ਵਰ ਨੇ ਸ਼ੂਦਰਾਂ ਨੂੰ ਇੰਨ੍ਹਾਂ ਤਿੰਨਾਂ ਵਰਣਾਂ ਦੀ ਸੇਵਾ ਕਰਨ ਦਾ ਆਦੇਸ਼ ਦਿੱਤਾ।[33]

ਭਾਰਤੀ ਚਿੰਤਨ ਪਰੰਪਰਾ ਵਿੱਚ ਈਸਾ ਤੋਂ ਛੇ ਸੌ ਸਾਲ ਪਹਿਲਾਂ ਉਪਨਿਸ਼ਦਾਂ ਵਿਚ ਇਸ ਆਤਮਵਾਦੀ ਵਿਚਾਰਧਾਰਾ ਦਾ ਵਿਕਾਸ ਹੋਇਆ ਸੀ। ਪ੍ਰਾਚੀਨ ਕਬਾਇਲੀ ਵੈਦਿਕ ਲੋਕਾਂ ਦੀ ਸਮੁਦਾਇਕ ਯਥਾਰਥ ਮੂਲਕ ਚੇਤਨਾ ਦੇ ਅਵਸ਼ੇਸ਼ਾਂ ਤੇ ਨਵੀਆਂ ਰਾਜਸੱਤਾਵਾਂ ਦੇ ਵਰਗ ਵਰਣ ਵਿਭਾਜਿਤ ਸਮਾਜ ਨੂੰ ਵੈਧਤਾ ਪ੍ਰਦਾਨ ਕਰਨ ਦੇ ਲਈ ਜਿਸ ਵਿਚਾਰਧਾਰਾ ਦੀ ਲੋੜ ਸੀ, ਉਸਦੇ ਮੱਦੇਨਜ਼ਰ ਸਾਰੇ ਉਪਨਿਸ਼ਦਾਂ ਵਿੱਚ ਬਾਹਰੀ ਅਸਲੀਅਤ ਦੀ ਭਰਮ ਵਰਗੀ ਸਥਿਤੀ ਦੇ ਅੰਤਰਗਤ ਆਤਮਾ ਨੂੰ ਪਰਮ-ਸੱਤਾ ਦਾ ਦਰਜਾ ਦਿੱਤਾ ਗਿਆ। ਇਸ ਆਤਮਵਾਦ ਦੀ ਛਤਰ-ਛਾਇਆ ਹੇਠ ਹੀ ਅਰਜੁਨ ਨੂੰ ਯੁੱਧ ਵਿੱਚ ਝੋਕਣ ਦੇ ਲਈ ਵਾਰ-ਵਾਰ ਦੱਸਿਆ ਗਿਆ ਕਿ ਮਰਨਾ ਜਾਂ ਮਾਰਨਾ ਆਦਿ ਕੋਈ ਅਸਲੀਅਤਾਂ ਨਹੀਂ ਹਨ। ਇਸ ਵਿਚ ਦਰਅਸਲ ਸ਼ਾਮਿਲ ਅਸਲੀਅਤ ਸੀ ਇੱਕ ਖੱਤਰੀ ਦਾ ਵਰਣ ਧਰਮ ਅਰਥਾਤ ਯੁੱਧ ਕਰਨਾ, ਰਾਜ ਕਰਨਾ ਅਤੇ ਸ਼ੂਦਰ ਦੇ ਲਈ ਦਰਕਾਰ ਸੀ ਉੱਚ ਵਰਗਾਂ ਦੀ ਨਿਰੰਤਰ ਜੀਵਨ ਭਰ ਸੇਵਾ।

ਉਪਨਿਸ਼ਦਾਂ ਦੇ ਆਤਮਵਾਦੀ ਯਾਗਵਲੱਕਯ ਦਾ ਮੰਨਣਾ ਸੀ ਕਿ ਪਤੀ ਦੇ ਮਨੋਰਥ ਲਈ ਪਤੀ ਪਿਆਰਾ ਨਹੀਂ ਹੁੰਦਾ, ਆਪਣੇ ਹੀ ਮਨੋਰਥ ਦੇ ਲਈ ਪਤੀ ਪਿਆਰਾ ਹੁੰਦਾ ਹੈ, ਔਰਤ ਦੇ ਮਨੋਰਥ ਦੇ ਲਈ ਔਰਤ ਪਿਆਰੀ ਨਹੀਂ ਹੁੰਦੀ, ਆਪਣੇ ਹੀ ਮਨੋਰਤ ਦੇ ਲਈ ਔਰਤ ਪਿਆਰੀ ਹੁੰਦੀ ਹੈ, ਪੁੱਤਰ ਦੇ ਮਨੋਰਥ ਦੇ ਲਈ ਪੁੱਤਰ ਪਿਆਰਾ ਨਹੀਂ ਹੁੰਦਾ, ਆਪਣੇ ਹੀ ਮਨੋਰਥ ਦੇ ਲਈ ਪੁੱਤਰ ਪਿਆਰਾ ਹੁੰਦਾ ਹੈ, ਧਨ ਦੇ ਮਨੋਰਥ ਦੇ ਲਈ ਧਨ ਪਿਆਰਾ ਨਹੀਂ ਹੁੰਦਾ, ਆਪਣੇ ਹੀ ਮਨੋਰਥ ਦੇ ਲਈ ਧਨ ਪਿਆਰਾ ਹੁੰਦਾ ਹੈ, ਬ੍ਰਾਹਮਣ ਦੇ ਮਨੋਰਥ ਦੇ ਲਈ ਬ੍ਰਾਹਮਣ ਪਿਆਰਾ ਨਹੀਂ ਹੁੰਦਾ, ਆਪਣੇ ਹੀ ਮਨੋਰਥ ਦੇ ਲਈ ਬ੍ਰਾਹਮਣ ਪਿਾਰਾ ਹੁੰਦਾ ਹੈ, ਖੱਤਰੀ ਦੇ ਮਨੋਰਥ ਦੇ ਲਈ ਖੱਤਰੀ ਪਿਆਰਾ ਨਹੀਂ ਹੁੰਦਾ, ਆਪਣੇ ਹੀ ਮਨੋਰਥ ਦੇ ਲਈ ਖੱਤਰੀ ਪਿਆਰਾ ਹੁੰਦਾ ਹੈ, ਲੋਕਾਂ ਦੇ ਮਨੋਰਥ ਦੇ ਲਈ ਲੋਕ ਪਿਆਰੇ ਨਹੀਂ ਹੁੰਦੇ, ਆਪਣੇ ਹੀ ਮਨੋਰਥ ਦੇ ਲਈ ਲੋਕ ਪਿਆਰੇ ਹੁੰਦੇ ਹਨ, ਦੇਵਤਿਆਂ ਦੇ ਮਨੋਰਥ ਦੇ ਲਈ ਦੇਵਤੇ ਪਿਆਰੇ ਨਹੀਂ ਹੁੰਦੇ, ਆਪਣੇ ਹੀ ਮਨੋਰਥ ਦੇ ਲਈ ਪ੍ਰਾਣੀ ਪਿਆਰੇ ਹੁੰਦੇ ਹਨ ਅਤੇ ਸਭ ਦੇ ਮਨੋਰਥ ਲਈ ਸਾਰੇ ਪਿਆਰੇ ਨਹੀਂ ਹੁੰਦੇ ਹਨ। ਹੇ ਮੈਤਰੱਈ ! ਇਹ ਆਤਮਾ ਹੀ ਦਰਸ਼ਨੀ, ਸੁਣਨਯੋਗ, ਚਿੰਤਨ ਯੋਗ ਅਤੇ ਧਿਆਨ ਕੀਤੇ ਕਰਨ ਯੋਗ ਹੈ। ਹੇ ਮੈਤਰੱਈ ! ਇਸ ਆਤਮਾ ਦੇ ਹੀ ਦਰਸ਼ਨ, ਸੁਣਨ, ਚਿੰਤਨ ਅਤੇ ਵਿਗਿਆਨ ਨਾਲ ਸਭ ਦਾ ਗਿਆਨ ਹੋ ਜਾਂਦਾ ਹੈ।[34] ਇੰਨਾ ਹੀ ਨਹੀਂ, ਯਾਗਵਲੱਕਯ ਦੀ ਧਾਰਨਾ ਹੈ ਕਿ ਜੋ ਬ੍ਰਾਹਮਣ ਜਾਤੀ ਨੂੰ ਆਤਮਾ ਤੇ ਭਿੰਨ ਸਮਝਦਾ ਹੈ, ਬ੍ਰਾਹਮਣ ਜਾਤੀ ਉਸਨੂੰ ਹਰਾ ਦਿੰਦੀ ਹੈ। ਜੋ ਖੱਤਰੀ ਜਾਤੀ ਨੂੰ ਆਤਮਾ ਤੋਂ ਭਿੰਨ ਸਮਝਦਾ ਹੈ, ਖੱਤਰੀ ਜਾਤੀ ਉਸਨੂੰ ਹਰਾ ਦਿੰਦੀ ਹੈ। ਜੋ ਦੇਵਤਿਆਂ ਨੂੰ ਆਤਮਾ ਤੋਂ ਭਿੰਨ ਸਮਝਦਾ ਹੈ,

ਦੇਵਤੇ ਉਸਨੂੰ ਹਰਾ ਦਿੰਦੇ ਹਨ। ਜੋ ਭੂਤਾਂ ਨੂੰ ਆਤਮਾ ਤੋਂ ਭਿੰਨ ਸਮਝਦਾ ਹੈ, ਭੂਤ ਉਸਨੂੰ ਹਰਾ ਦਿੰਦੇ ਹਨ। ਸਾਰੇ ਉਸਨੂੰ ਹਰਾ ਦਿੰਦੇ ਹਨ ਜੋ ਸਾਰਿਆਂ ਨੂੰ ਆਤਮਾ ਤੋਂ ਭਿੰਨ ਸਮਝਦਾ ਹੈ। ਇਹ ਬ੍ਰਾਹਮਣ ਜਾਤੀ, ਇਹ ਖੱਤਰੀ ਜਾਤੀ, ਇਹ ਲੋਕ, ਇਹ ਦੇਵਤੇ, ਇਹ ਭੂਤ ਅਤੇ ਇਹ ਸਾਰੇ ਜੋ ਕੁਝ ਵੀ ਹਨ, ਇਹ ਸਾਰੇ ਆਤਮਾ ਹੀ ਹਨ। [35]

'ਆਤਮਾ ਹੀ ਹੇਠਾਂ ਹੈ, ਆਤਮਾ ਹੀ ਉੱਪਰ ਹੈ, ਆਤਮਾ ਹੀ ਪਿੱਛੇ ਹੈ, ਆਤਮਾ ਹੀ ਅੱਗੇ ਹੈ, ਆਤਮਾ ਹੀ ਸੱਜੇ ਪਾਸੇ ਹੈ, ਆਤਮਾ ਹੀ ਖੱਬੇ ਪਾਸੇ ਹੈ ਅਤੇ ਆਤਮਾ ਹੀ ਸਭ ਕੁਝ ਹੈ। [36] ਯਾਗਵਲੱਕਯ ਨੇ ਇਸੇ ਆਤਮਾ ਨੂੰ 'ਮਹਿਦਭੂਤ' ਅਰਥਾਤ ਮਹਾਨ ਸੱਤਾ ਅਤੇ ਚੇਤਨਾ ਪੁੰਜ ਕਿਹਾ ਹੈ।' ਇਹ ਮਹਿਦਭੂਤ ਅਨੰਤ ਹੈ, ਅਪਾਰ ਹੈ। [37] ਪ੍ਰਜਾਪਤੀ ਦਾ ਕਹਿਣਾ ਹੈ ਕਿ ਜੋ ਆਤਮਾ ਪਾਪ ਤੋਂ ਬਗੈਰ, ਬੁਢਾਪੇ ਰਹਿਤ, ਮਿਰਤੂਹੀਣ, ਸੋਗ ਰਹਿਤ ਭੁੱਖ-ਪਿਆਸ ਰਹਿਤ, ਸੱਚ ਦੀ ਪਾਲਣਾ ਕਰਨ ਵਾਲੀ ਅਤੇ ਸੱਚ ਦਾ ਸੰਕਲਪ ਧਾਰਨ ਕਰਦੀ ਹੈ, ਉਸਦੀ ਖੋਜ ਕਰਨੀ ਚਾਹੀਦੀ ਹੈ ਅਤੇ ਉਸਨੂੰ ਵਿਸ਼ੇਸ਼ ਰੂਪ ਨਾਲ ਜਾਨਣ ਦੀ ਇੱਛਾ ਕਰਨੀ ਚਾਹੀਦੀ ਹੈ। ਜੋ ਉਸ ਆਤਮਾ ਨੂੰ ਸ਼ਾਸਤਰ ਅਤੇ ਗੁਰੂ ਦੇ ਅਨੁਸਾਰ ਖੋਜ ਕੇ ਜਾਣ ਲੈਂਦਾ ਹੈ, ਉਹ ਸੰਪੂਰਣ ਲੋਕ ਅਤੇ ਸਾਰੀਆਂ ਕਾਮਨਾਵਾਂ ਨੂੰ ਪ੍ਰਾਪਤ ਕਰ ਲੈਂਦਾ ਹੈ। [38]

ਉਪਨਿਸ਼ਦਾਂ ਵਿੱਚ ਦੱਸਿਆ ਗਿਆ ਹੈ ਕਿ ਆਤਮਾ ਤੋਂ ਭਿੰਨ ਜਾਂ ਬਾਹਰੀ ਕੋਈ ਸੱਤਾ ਨਹੀਂ ਹੈ, ਇਸ ਸੰਸਾਰ ਦੀ ਰਚਨਾ ਦਾ ਮੂਲ ਆਤਮਾ ਹੀ ਹੈ, ਆਤਮਾ ਤੋਂ ਇਲਾਵਾ ਦਿਖਾਈ ਦੇਣ ਵਾਲਾ ਸਭ ਕੁਝ ਮਿਥਿਆ ਹੈ, ਭਰਮ ਹੈ। ਆਤਮਾ ਦੇ ਕਿਸੇ ਸਰੂਪ ਦਾ ਗਿਆਨ ਉਸਦੇ ਪੂਰਨ ਰੂਪ ਦਾ ਗਿਆਨ ਹੈ। ਆਤਮਾ ਹੀ ਇਕ-ਮਾਤਰ ਪ੍ਰਾਚੀਨ ਗਿਆਤਾ ਹੈ। ਆਤਮਾ ਦੇ, ਦ੍ਰਿਸ਼ਟੀ ਅਤੇ ਗਿਆਨ ਦੇ ਇੰਦਰੀ ਸੰਬੰਧੀ ਵਿਕਾਰਾਂ ਵਿੱਚ ਗ੍ਰਸਤ ਹੋ ਜਾਣ ਤੇ ਹੀ ਇਹ ਕਿਹਾ ਜਾਂਦਾ ਹੈ ਕਿ ਉਹ ਵੇਖਦੀ ਹੈ ਜਾਂ ਜਾਣਦੀ ਹੈ, ਜਦੋਂ ਕਿ ਸੱਚ ਇਹੀ ਹੈ ਕਿ ਉਹ ਨਾ ਵੇਖਦੀ ਹੈ, ਨਾ ਜਾਣਦੀ ਹੈ, ਵਹਿਦਾਰਣਯਕ ਉਪਨਿਸ਼ਦ ਦਾ ਕਥਨ ਹੈ, ਜਿੱਥੇ ਭਰਮ ਜਿਹਾ ਹੁੰਦਾ ਹੈ, ਉੱਥੇ ਹੀ ਦੂਸਰਾ-ਦੂਸਰੇ ਨੂੰ ਸੁੰਘਦਾ ਹੈ, ਦੂਸਰਾ ਦੂਸਰੇ ਨੂੰ ਵੇਖਦਾ ਹੈ, ਦੂਸਰਾ ਦੂਸਰੇ ਨੂੰ ਸੁਣਦਾ ਹੈ, ਦੂਸਰਾ ਦੂਸਰੇ ਦਾ ਸੁਆਗਤ ਕਰਦਾ ਹੈ, ਦੂਸਰਾ ਦੂਸਰੇ ਦਾ ਚਿੰਤਨ ਕਰਦਾ ਹੈ ਅਤੇ ਦੂਸਰਾ ਦੂਸਰੇ ਨੂੰ ਜਾਣਦਾ ਹੈ। ਪਰੰਤੂ ਜਿੱਥੇ ਇਸਦੇ ਲਈ ਸਭ ਆਤਮਾ ਹੀ ਹੋ ਗਿਆ ਹੈ, ਉੱਥੇ ਕਿਸਦੇ ਦੁਆਰਾ ਕਿਸਨੂੰ ਸੁੰਘੇ, ਕਿਸਦੇ ਦੁਆਰਾ ਕਿਸਨੂੰ ਵੇਖੇ, ਕਿਸਦੇ ਦੁਆਰਾ ਕਿਸਨੂੰ ਕਿਸਦਾ ਚਿੰਤਨ ਕਰੇ ਅਤੇ ਕਿਸ ਦੇ ਦੁਆਰਾ ਕਿਸਨੂੰ ਜਾਣੇ? [39] ਜਿਸਦੇ ਦੁਆਰਾ ਇਸ ਸਭ ਨੂੰ ਜਾਨਦਾ ਹੈ, ਉਸਨੂੰ ਕਿਸਦੇ ਦੁਆਰਾ ਜਾਣੇ? ਇਸਦੇ ਨਾਲ ਹੀ ਆਤਮਾ ਨੂੰ ਸਾਰੇ ਭੂਤਾਂ ਦਾ ਸੁਆਮੀ ਅਤੇ ਸਾਰੇ ਭੂਤਾਂ ਦਾ ਰਾਜਾ ਦੱਸਿਆ ਗਿਆ ਹੈ। ਜਿਸ ਤਰ੍ਹਾਂ ਰੱਥ ਦੇ ਪਹੀਏ ਵਿੱਚ ਸਾਰੇ ਧੁਰੇ ਸਮਰਪਿਤ ਹੁੰਦੇ ਹਨ, ਉਸੇ ਤਰ੍ਹਾਂ ਆਤਮਾ ਵਿੱਚ ਸਾਰੇ ਭੂਤ, ਸਾਰੇ ਦੇਵਤੇ, ਸਾਰੇ ਲੋਕ ਅਤੇ ਸਾਰੇ ਪ੍ਰਾਣ ਆਤਮਾ ਨੂੰ ਸਮਰਪਿਤ ਹੁੰਦੇ ਹਨ। [40]

ਇਸ ਪ੍ਰਕਾਰ ਆਤਮਾ, ਆਤਮ ਗਿਆਨ ਅਰਥਾਤ ਸ਼ੁੱਧ ਗਿਆਨ ਨੂੰ ਸਰਬ-ਉੱਚ ਮੰਨਣ ਵਾਲੇ ਗ੍ਰੰਥ ਉਪਨਿਸ਼ਦ ਦੇ ਨਾਂ ਨਾਲ ਜਾਣੇ ਜਾਂਦੇ ਹਨ। ਇਸ ਤਰ੍ਹਾਂ ਦੇ ਲਗਭਗ ਦੋ ਸੋ ਗ੍ਰੰਥ ਮੌਜੂਦ ਹਨ। ਪਰ ਰਿਵਾਇਤੀ ਤੌਰ ਤੇ ਇਨ੍ਹਾਂ ਦੀ ਗਿਣਤੀ ਇੱਕ ਸੌ ਅੱਠ ਦੱਸੀ ਗਈ ਹੈ। ਈਸ਼, ਛਾਨਦੋਗਯੇ, ਮੰਡਕ, ਵ੍ਰਹਿਦਾਰਣਯਕ,ਤੈਤੀਰਿਏ, ਪ੍ਰਸ਼ਨ, ਕੇਨ, ਕਠ, ਮਾਂਡਕਯੇ, ਸ਼ਵੇਤਾਸਵਤਰ, ਮੈਤਰਯੇ ਅਤੇ ਕੌਸ਼ੀਤਕਿ, ਸਿਰਫ਼ ਇਹ ਤੇਰਾਂ ਗ੍ਰੰਥ ਹੀ ਦਾਰਸ਼ਨਿਕ ਮਹੱਤਵ ਦੇ ਹਨ। ਪੰਜ ਸੌ ਈਸਵੀ ਪਹਿਲਾਂ ਤਕ ਸੁਰੂਆਤੀ ਉਪਨਿਸ਼ਦਾ ਦੀ ਰਚਨਾ ਹੋ ਚੁੱਕੀ ਸੀ। [41] ਵ੍ਰਹਿਦਾਰਣਯਕ, ਛਾਨਦੋਗਯੇ, ਤੈਤਿਰੀਏ, ਐਤਰਯੇ ਅਤੇ ਕੌਸ਼ੀਤਕਿ ਨੂੰ ਆਮ ਤੌਰ ਤੇ ਸਭ ਤੋਂ ਪ੍ਰਾਚੀਨ ਗ੍ਰੰਥ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਮੈਤਰਯੇ, ਪ੍ਰਸ਼ਨ ਤੇ ਮਾਂਡੂਕਯੇ ਵੀ ਪੁਰਾਣੇ ਹਨ। ਕਠ, ਈਸ਼ ਅਤੇ ਸ਼ਵੇਤਾਸ਼ਵਤਰ ਉਪਨਿਸ਼ਦ ਵਿਚਕਾਰਲੇ ਕਾਲ ਦੇ ਹਨ। ਹਾਲਾਂਕਿ ਉਪਨਿਸ਼ਦਾਂ ਵਿੱਚ ਤਤਕਾਲੀ ਹੋਰ ਅਨੇਕਾਂ ਵਿਚਾਰਧਾਰਾਵਾਂ ਨੂੰ ਜੋੜ ਲਿਆ ਗਿਆ ਹੈ

ਪਰ ਮੂਲ ਰੂਪ ਵਿੱਚ ਇਹ ਆਤਮਾ ਅਤੇ ਆਤਮ ਗਿਆਨ ਦੇ ਪ੍ਰਮੁੱਖ ਗ੍ਰੰਥ ਹਨ। ਵੇਖਣ ਦੀ ਗੱਲ ਹੈ ਕਿ ਆਤਮਾ ਦੀ ਇਸ ਨਵੀਂ ਵਿਚਾਰਧਾਰਾ ਦੇ ਤਹਿਤ ਉਪਨਿਸ਼ਦਾਂ ਦੇ ਦਾਰਸ਼ਨਿਕਾਂ ਨੇ ਕੁਦਰਤ ਦੀਆਂ ਸ਼ਕਤੀਆਂ ਦੇ ਲਈ ਦੇਵਤਿਆਂ ਦੀ ਪ੍ਰਤੀਕਾਤਮਕਤਾ ਨੂੰ ਤਿਆਗ ਦਿੱਤਾ ਸੀ ਜਿੰਨ੍ਹਾਂ ਦੇ ਸਾਹਮਣੇ ਰਿਗਵੇਦ ਦਾ ਰਿਸ਼ੀ ਇੱਕ ਅਗਿਆਤ ਭੈਅ ਨਾਲ ਨਤਮਸਤਕ ਸੀ। ਭਾਰਤੀ ਦਰਸ਼ਨ ਦੇ ਇਤਿਹਾਸ ਵਿੱਚ ਅਸੀਂ ਰਿਗਵੇਦ ਤੋਂ ਉਪਨਿਸ਼ਦਾਂ ਵਿੱਚ ਇਹੀ ਵਿਕਾਸ ਪਾਉਂਦੇ ਹਨ। ਕੁਦਰਤ ਦੀਆਂ ਸ਼ਕਤੀਆਂ ਦੀ ਠੋਸ ਭਾਵਨਾ ਕੁੰਦ ਹੋ ਜਾਂਦੀ ਹੈ ਅਤੇ ਨਿਸ਼ਚਿਤ ਚਿੰਤਨ ਦਾ ਯੁੱਗ ਸ਼ੁਰੂ ਹੋ ਜਾਂਦਾ ਹੈ। 'ਇਹ ਕੀ ਹੈ' ਉਪਨਿਸ਼ਦ ਦਾਰਸ਼ਨਿਕ ਦੀ ਜਿਗਿਆਸਾ ਹੈ, ਜਿਸਨੂੰ ਜਾਣ ਲੈਣ ਹੈ ਸਭ ਕੁੱਝ ਆਪਣੇ-ਆਪ ਜਾਣ ਲਿਆ ਜਾਂਦਾ ਹੈ। [42]

ਵੇਖਿਆ ਜਾ ਸਕਦਾ ਹੈ ਕਿ ਇਸ 'ਜਾਣ ਲੈਣ' ਵਿਚ ਆਮ ਗਿਆਨ ਦੀ ਲੋੜ ਨਹੀਂ ਸੀ। ਇਹ ਸੰਭਵ ਹੈ ਕਿ ਛਾਨਦੋਰਯੇ ਉਪਨਿਸ਼ਦ ਦੇ ਨਾਰਦ ਦੇ ਵਾਂਗ ਕੋਈ ਵਿਅਕਤੀ ਗਿਆਨ ਵਿਗਿਆਨ ਦੀਆਂ ਸਾਰੀਆਂ ਸੰਭਾਵਿਤ ਸ਼ਾਖਾਵਾਂ ਦਾ ਮਹਾਨ ਪੰਡਿਤ ਹੋਣ ਤੇ ਵੀ ਆਤਮ ਗਿਆਨ ਤੋਂ ਵਾਂਝਾ ਹੋਵੇ। ਡਿਉਸਨ [43] ਨੇ ਦੱਸਿਆ ਹੈ ਕਿ ਇਹ ਵਿਚਾਰਧਾਰਾ ਸ਼ੁਰੂ ਵਿੱਚ ਤਾਂ ਨਾਂਹਪੱਖੀ ਹੀ ਸੀ ਲੇਕਿਨ ਸਮਾਂ ਬੀਤਣ ਦੇ ਨਾਲ ਇਸਨੂੰ ਸਵੀਕਾਰ ਕਰ ਲਿਆ ਗਿਆ ਸੀ। ਇਹ ਨਾਂਹਪੱਖੀ ਇਸ ਅਰਥ ਵਿੱਚ ਸੀ ਕਿ ਕੋਈ ਵੀ ਪ੍ਰਯੋਗ ਤੇ ਅਧਾਰਿਤ ਗਿਆਨ ਬ੍ਰਹਮ ਬਾਰੇ ਜਾਣਕਾਰੀ ਨਹੀਂ ਦੇ ਸਕਦਾ, ਅਤੇ ਇਸਨੂੰ ਸਵੀਕਾਰ ਇਸ ਲਈ ਕੀਤਾ ਜਾਣ ਲੱਗਾ ਕਿ ਇਸ ਨਾਲ ਇਹ ਵਿਚਾਰ ਵਿਕਸਿਤ ਹੋਇਆ ਕਿ ਦੈਨਿਕ ਅਨੁਭਵ ਵਿਚ ਆਉਣ ਵਾਲੇ ਲੌਕਿਕ ਪਦਾਰਥਾਂ ਦਾ ਗਿਆਨ, ਬ੍ਰਹਮ ਗਿਆਨ ਵਿੱਚ ਬਾਧਕ ਹੈ। ਇਸ ਵਿਚਾਰ ਦੇ ਤਰਕ ਸੰਗਤ ਨਤੀਜੇ ਨਾਲ ਪ੍ਰਤੱਖ ਜਗਤ ਦੀਆਂ ਲੌਕਿਕ ਅਨੁਭੂਤੀਆਂ ਦਾ ਝੂਠ ਆਪਣੇ ਆਪ ਹੀ ਸਿੱਧ ਹੋ ਜਾਂਦਾ ਸੀ। ਅਸੀਂ ਵੇਖਾਂਗੇ ਕਿ ਅੱਗੇ ਜਾ ਕੇ ਇਨ੍ਹਾਂ ਉਪਨਿਸ਼ਦਾਂ ਦੇ ਇਸ ਝੂਠ ਦੀ ਬੁਨਿਆਦ ਤੇ ਹੀ ਬੋਧ ਨਾਸਤਿਕਾਂ, ਵਿਗਿਆਨ ਵਾਦੀਆਂ ਅਤੇ ਵੇਦਾਂਤੀਆਂ ਦੇ ਪ੍ਰਮਾਣਿਕ ਦਰਸ਼ਨਾ ਦਾ ਵਿਕਾਸ ਹੋਇਆ ਸੀ।

ਧਿਆਨ ਦੇਣ ਵਾਲੀ ਗੱਲ ਹੈ ਕਿ ਭੌਤਿਕ ਅਨੁਭਵਾਂ ਤੋਂ ਰਹਿਤ ਸ਼ੁੱਧ ਗਿਆਨ ਉਨ੍ਹਾਂ ਪਰਿਸਥਿਤੀਆਂ ਨੂੰ ਦਰਸ਼ਾਉਂਦਾ ਹੈ ਜਿੰਨ੍ਹਾਂ ਵਿਚ ਉਤਪਾਦਨਸ਼ੀਲ ਵਰਗਾਂ ਦੇ ਇਲਾਵਾ ਉਤਪਾਦਨ ਤੇ ਕਾਬਿਜ ਹੋ ਕੇ ਇੱਕ ਪਰਜੀਵੀ ਵਰਗ ਦੀ ਹੋਂਦ ਸਾਹਮਣੇ ਆਉਣ ਲਗਦੀ ਹੈ। ਇਹ ਪਰਜੀਵੀ ਵਰਗ ਸਰੀਰਕ ਮਿਹਨਤ ਦੀਆਂ ਜ਼ਰੂਰਤਾਂ ਤੋਂ ਛੁਟਕਾਰਾ ਪਾ ਲੈਂਦਾ ਹੈ ਅਤੇ ਇਸ ਲਈ ਭੌਤਿਕ ਵਿਸ਼ਵ ਦੀ ਯਥਾਰਥਕਤਾ ਨੂੰ ਸਵੀਕਾਰ ਕਰਨ ਦੀ ਜ਼ਰੂਰਤ ਤੋਂ ਵੀ। ਕਿਉਂਕਿ ਸਰੀਰਕ ਮਿਹਨਤ ਤੋਂ ਬਾਅਦ ਹੀ ਮਨੁੱਖੀ ਚੇਤਨਾ ਭੌਤਿਕ ਵਸਤੂ ਸਥਿਤੀ ਨੂੰ ਖੁਦ ਵਿੱਚ ਇੱਕ ਸੁਤੰਤਰ ਸ਼ਕਤੀ ਦੇ ਰੂਪ ਵਿੱਚ ਸਵੀਕਾਰ ਕਰਨ ਨੂੰ ਮਜਬੂਰ ਹੁੰਦੀ ਹੈ। ਸ਼ੁੱਧ ਗਿਆਨ ਦੇ ਸਿਧਾਂਤ ਦੀ ਵਿਭਿੰਨਤਾ ਇਸ ਕਾਰਨ ਹੁੰਦੀ ਹੈ ਕਿ ਜੋ ਦਿਮਾਗ਼ ਸਮਾਜ ਵਿੱਚ ਨਵ-ਵਿਕਸਿਤ ਮਿਹਨਤ ਦੀ ਪ੍ਰਕ੍ਰਿਆ ਦਾ ਆਯੋਜਨ ਕਰਦਾ ਸੀ, ਉਹ ਇਸ ਨਿਯੋਜਿਤ ਮਿਹਨਤ ਨੂੰ ਖੁਦ ਕਰਨ ਦੀ ਬਜਾਏ ਦੂਸਰਿਆਂ ਤੋਂ ਕਰਵਾਉਣ ਵਿੱਚ ਸਫ਼ਲ ਹੋਇਆ, ਸਭਿਅਤਾ ਦੀ ਤੇਜੀ ਨਾਲ ਹੋਈ ਤਰੱਕੀ ਦਾ ਸਿਹਰਾ ਦਿਮਾਗ਼ ਦੀ ਕੁਸ਼ਲਤਾ ਨੂੰ ਮਿਲਿਆ। ਲੋਕ ਆਪਣੇ ਕੰਮਾਂ ਨੂੰ ਆਪਣੀਆਂ ਲੋੜਾਂ ਦੀ ਬਜਾਏ ਆਪਣੇ ਵਿਚਾਰਾਂ ਤੋਂ ਪ੍ਰੇਰਿਤ ਮੰਨਣ ਦੇ ਆਦੀ ਹੋ ਜਾਂਦੇ ਹਨ। [44] ਇਸ ਪ੍ਰਕਾਰ ਮਿਹਨਤਕਸ਼ ਅਤੇ ਪਰਜੀਵੀ ਵਰਗ ਭੇਦ ਵਾਲੇ ਸਮਾਜ ਵਿੱਚ ਹੀ ਕੁਝ ਅਜੇਹੀ ਗੱਲ ਸ਼ਾਮਿਲ ਹੁੰਦੀ ਹੈ ਜਿਸ ਵਿੱਚ ਆਤਮਵਾਦੀ ਅਰਥਾਤ ਵਿਚਾਰਵਾਦੀ ਦ੍ਰਿਸ਼ਟੀਕੋਣ ਦਾ ਵਿਕਾਸ ਹੁੰਦਾ ਹੈ। ਜਦੋਂ ਸਮਾਜ ਵੱਖ ਵੱਖ ਵਰਗਾਂ ਵਿੱਚ ਵੰਡਿਆ ਗਿਆ ਤਾਂ ਵਿਚਾਰ ਅਤੇ ਕਿਰਿਆ ਦਾ ਤਾਲਮੇਲ ਵੀ ਟੁੱਟ ਗਿਆ। ਮਾਨਸਿਕ ਕਿਰਿਆ ਅਤੇ ਸਰੀਰਕ ਮਿਹਨਤ ਇੱਕ ਦੂਸਰੇ ਤੋਂ ਵੱਖ ਹੋ ਗਈ। ਸਰੀਰਕ ਮਿਹਨਤ ਨੂੰ ਹੀਣ

ਸਮਝਿਆ ਜਾਣ ਲੱਗਾ।

ਵਰਗ ਭੇਦਾਂ ਦੇ ਉਦੇ ਦੇ ਕਾਰਨ ਮਿਹਨਤ ਦੀ ਪ੍ਰਕ੍ਰਿਆ ਦੇ ਮਾਧਿਅਮ ਨਾਲ ਭੌਤਿਕ ਵਿਸ਼ਵ ਵਿਚ 'ਜਿਸ ਯੋਜਨਾ, ਉਦੇਸ਼, ਕਲਪਨਾ ਨੂੰ ਸਾਕਾਰ ਕੀਤਾ ਜਾਣਾ ਹੈ ਉਹ ਮਨੁੱਖੀ ਮਿਹਨਤ ਤੋਂ ਵੱਖ ਹੋ ਜਾਂਦੇ ਹਨ ਕਿਉਂਕਿ ਯੋਜਨਾਵਾਂ ਬਣਾਉਣਾ, ਲਕਸ਼ ਨਿਰਧਾਰਿਤ ਕਰਨਾ ਅਤੇ ਪਰਿਕਲਪਨਾਵਾਂ ਕਰਨਾ ਸਿਰਫ਼ ਸ਼ਾਸਕ ਵਰਗ ਦਾ ਕੰਮ ਹੋ ਜਾਂਦਾ ਹੈ ਅਤੇ ਮਜ਼ਦੂਰ ਵਰਗ ਦੇ ਹਿੱਸੇ ਸਿਰਫ਼ ਸਰੀਰਕ ਮਿਹਨਤ ਆਉਂਦੀ ਹੈ। ਮਜ਼ਦੂਰ ਜਿਸ ਵਿਚਾਰ ਨੂੰ ਸਾਕਾਰ ਕਰਦਾ ਹੈ, ਉਹ ਹੁਣ ਉਸਦਾ ਵਿਚਾਰ ਨਹੀਂ ਹੁੰਦਾ। ਦੂਸਰੇ ਪਾਸੇ ਜਿੰਨ੍ਹਾਂ ਲੋਕਾਂ ਦੇ ਵਿਚਾਰ ਨੂੰ ਮਜ਼ਦੂਰ ਸਾਕਾਰ ਰੂਪ ਦਿੰਦਾ ਹੈ, ਉਨ੍ਹਾਂ ਦਾ ਮਿਹਨਤ ਦੀ ਇਸ ਪ੍ਰਕ੍ਰਿਆ ਵਿੱਚ ਕੋਈ ਹੱਥ ਨਹੀਂ ਹੁੰਦਾ।[45] ਮਾਰਕਸ ਅਤੇ ਐਂਗਲਜ਼ ਨੇ ਇਸ ਗੱਲ ਨੂੰ ਬਿਲਕੁਲ ਸਪਸ਼ਟ ਕਰ ਦਿੱਤਾ ਸੀ। ਸਹੀ ਅਰਥਾਂ ਵਿੱਚ ਮਿਹਨਤ ਦੀ ਵੰਡ ਉਦੋਂ ਹੁੰਦੀ ਹੈ ਜਦੋਂ ਭੌਤਿਕ ਅਤੇ ਮਾਨਸਿਕ ਮਿਹਨਤ ਦੀ ਵੰਡ ਹੁੰਦੀ ਹੈ। ਵੰਡ ਦੇ ਇਸ ਖਿਣ ਦੇ ਬਾਅਦ ਚੇਤਨਾ ਨੂੰ ਅਸਲ ਵਿੱਚ ਮੌਜੂਦਾ ਪ੍ਰਚਲਿਤ ਚੇਤਨਾ ਤੋਂ ਭਿੰਨ ਅਖਵਾਉਣ ਦਾ ਮੌਕਾ ਮਿਲਦਾ ਹੈ ਅਤੇ ਉਦੋਂ ਕਿਹਾ ਜਾ ਸਕਦਾ ਹੈ ਕਿ ਉਹ ਸਚਮੁੱਚ ਕਿਸੇ ਚੀਜ਼ ਦਾ ਨਿਰਮਾਣ ਕਰ ਰਹੀ ਹੈ ਨਾ ਕਿ ਕਿਸੇ ਅਸਲੀ ਵਸਤੂ ਦੀ ਕਲਪਣਾ ਕਰ ਰਹੀ ਹੈ। ਇਸ ਤੋਂ ਬਾਅਦ ਚੇਤਨਾ ਖੁਦ ਨੂੰ ਵਿਸ਼ਵ ਦੀ ਚੁੰਗਲ ਤੋਂ ਮੁਕਤ ਕਰਾਉਣ ਦੀ ਸਥਿਤੀ ਵਿੱਚ ਆ ਜਾਂਦੀ ਹੈ ਅਤੇ ਫਿਰ ਉਹ 'ਸ਼ੱਧ' ਸਿਧਾਂਤਾਂ, ਅਧਿਆਤਮ ਵਿੱਦਿਆ, ਨੀਤੀ ਸ਼ਾਸ਼ਤਰ ਆਦਿ ਨੂੰ ਪ੍ਰਮਾਣਿਤ ਕਰ ਸਕਦੀ ਹੈ।[46]

ਇਸ ਪ੍ਰਕਾਰ ਧਿਆਨ ਦੇਣ ਵਾਲੀ ਗੱਲ ਹੈ ਕਿ ਉਪਨਿਸ਼ਦਾਂ ਦਾ 'ਸ਼ੁੱਧ ਗਿਆਨ' ਨਵੀਂ ਵਰਗ ਵਿਭਾਜਿਤ ਸਮਾਜ ਵਿਵਸਥਾ ਤੋਂ ਕਿਸੇ ਤਰ੍ਹਾਂ ਵੀ ਵੱਖ ਨਹੀਂ ਸੀ। ਉਪਨਿਸ਼ਦ ਇੱਕ ਪਾਸੇ ਆਤਮਾ ਦਾ 'ਸ਼ੁੱਧ' ਸਰੂਪ ਸਿੱਧ ਕਰ ਰਹੇ ਸਨ, ਦੂਸਰੇ ਪਾਸੇ, ਇਨ੍ਹਾਂ ਗ੍ਰੰਥਾਂ ਵਿੱਚ ਵਰਗ ਭੇਦਾਂ ਨੂੰ ਦੈਵੀ ਪ੍ਰਮਾਣਿਕਤਾ ਦੀ ਮਿੱਥਕੀ ਯੋਜਨਾਵਾਂ ਦੇ ਨਾਲ ਪੇਸ਼ ਕੀਤਾ ਜਾ ਰਿਹਾ ਸੀ। ਵ੍ਰਿਹਿਦਾਰਣਯਕ ਉਪਨਿਸ਼ਦ ਵਿੱਚ ਇੱਕ ਥਾਂ ਤੇ ਦੱਸਿਆ ਗਿਆ ਹੈ ਕਿ ਵਿਸ਼ਵ ਦੀ ਮੂਲ ਸੱਤਾ ਬ੍ਰਾਹਮਾ ਹੈ, ਪਰੰਤੂ ਉਸਨੂੰ ਆਪਣੇ ਇਕੱਲੇ ਹੋਣ ਤੇ ਸੰਤੁਸ਼ਟੀ ਨਾ ਹੋਈ। ਇਸ ਲਈ ਉਸਨੇ ਇੱਕ ਕਮੀ ਜਿਹੀ ਮਹਿਸੂਸ ਕੀਤੀ। ਫਿਰ ਉਸਨੇ ਇੱਕ ਉੱਤਮ, ਖੱਤਰੀ ਵਰਗ ਦੀ ਸਿਰਜਣਾ ਕੀਤੀ। ਇਸ ਪ੍ਰਕਾਰ ਆਦਿ ਬ੍ਰਾਹਮਾ ਤੋਂ ਇੰਦਰ, ਵਰੁਣ, ਸੋਮ, ਰੁਦਰ-ਪਰਜਨਯੇ, ਯਮ, ਮਿਰਤੂ, ਈਸ਼ ਆਦਿ ਦੇਵਤਿਆਂ ਦੀ ਰਚਨਾ ਹੋਈ। ਇਹ ਸਵਰਗ ਲੋਕ ਦੇ ਖੱਤਰੀ ਹਨ। ਫਿਰ ਖੱਤਰੀ ਵਰਗ ਦੀ ਸ੍ਰਿਸ਼ਟੀ ਤੋਂ ਬਾਅਦ ਵੀ ਬ੍ਰਾਹਮਾ ਨੂੰ ਸੰਤੁਸ਼ਟ ਨਾ ਹੋਇਆ। ਇਸ ਲਈ ਉਸਨੇ ਸਵਰਗ ਵਿਚ ਵੈਸ਼ ਵਰਗ ਦੀ ਸ੍ਰਿਸ਼ਟੀ ਕੀਤੀ, ਜਿਸ ਵਿੱਚ ਵਸੁ, ਰੁਦਰ, ਆਦਿਤਯੇ, ਮਰੁਤ, ਵਿਸ਼ਵਦੇਵ ਆਦਿ ਗਣ ਦੇਵਤਾ ਹਨ। ਫਿਰ ਵੀ ਉਸਨੂੰ ਇੱਕ ਕਮੀ ਦਾ ਅਨੁਭਵ ਹੋਇਆ ਤਾਂ ਉਸਨੇ ਸਵਰਗ ਵਿੱਚ ਸ਼ੂਦਰ ਵਰਗ ਦੀ ਰਚਨਾ ਕੀਤੀ, ਜਿਸ ਦਾ ਪ੍ਰਤੀਨਿਧੀ ਪੂਸ਼ਣ ਹੈ। ਫਿਰ ਆਪਣੇ-ਆਪ ਨੂੰ ਪੂਰਨਤਾ ਪ੍ਰਦਾਨ ਕਰਨ ਦੇ ਲਈ ਧਰਮ ਦੀ ਸਥਾਪਨਾ ਕੀਤੀ ਜੋ ਇਨ੍ਹਾਂ ਚਾਰਾਂ ਵਰਣਾਂ ਨੂੰ ਇੱਕ ਸੂਤਰ ਵਿੱਚ ਬੰਨ੍ਹਦਾ ਹੈ। ਅੰਤ ਵਿੱਚ ਬ੍ਰਾਹਮਾ ਅਗਨੀ ਦਾ ਰੂਪ ਧਾਰਨ ਕਰ ਲੈਂਦਾ ਹੈ ਜੋ ਦੇਵਤਿਆਂ ਦਾ ਬ੍ਰਾਹਮਣ ਹੈ। ਇਸ ਦੇ ਬਾਅਦ ਸਾਨੂੰ ਦੱਸਿਆ ਜਾਂਦਾ ਹੈ ਕਿ ਸਵਰਗ ਦੇ ਉਪਰੋਕਤ ਵਰਣ-ਵਿਧਾਨ ਦੇ ਆਦਰਸ਼ ਤੇ ਹੀ ਧਰਤੀ ਤੇ ਵਰਣ-ਵਿਵਸਥਾ ਦੀ ਸਥਾਪਨਾ ਹੋਈ।[47] ਇਸ ਉਪਨਿਸ਼ਦ ਵਿਚ ਅਨੇਕ ਥਾਵਾਂ ਤੇ ਬ੍ਰਾਹਮਣ ਅਤੇ ਖੱਤਰੀ ਵਰਗਾਂ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਵਰਗਾਂ ਦੇ ਅੰਤਰਗਤ ਥਾਂ ਦਿੱਤਾ ਗਿਆ ਹੈ। ਧਿਆਨ ਦੇਣ ਦੀ ਗੱਲ ਹੈ ਕਿ ਇੱਕ ਪਾਸੇ ਤਾਂ ਇਨ੍ਹਾਂ ਗ੍ਰੰਥਾਂ ਨੇ ਬ੍ਰਹਮ ਗਿਆਨ ਜਾਂ ਆਤਮ ਗਿਆਨ ਤੇ ਸਿਰਫ ਇੰਨ੍ਹਾਂ ਵਰਗਾਂ ਦਾ ਅਧਿਕਾਰ ਸਥਾਪਿਤ ਕਰ ਦਿੱਤਾ ਸੀ।[48] ਦੂਸਰੇ ਪਾਸੇ, ਅੱਗੇ ਜਾ ਕੇ ਪ੍ਰਤੱਖ ਮਿਹਨਤ ਵਾਲੇ ਕੰਮਾਂ-ਕਾਰਾਂ ਨਾਲ ਰੋਜੀ ਕਮਾਉਣ ਵਾਲੇ ਸਾਧਨਾਂ ਨਾਲ ਇੰਨ੍ਹਾਂ ਵਰਗਾਂ ਦਾ ਸਰੋਕਾਰ ਧਰਮ ਸ਼ਾਸ਼ਤਰਾਂ ਰਾਹੀਂ ਬਿਲਕੁਲ ਵਰਜਿਤ ਘੋਸ਼ਿਤ ਕਰ ਦਿੱਤਾ ਗਿਆ। ਬੋਧਾਇਨ[49] ਨੇ ਵੇਦ ਅਤੇ

ਖੇਤੀ ਨੂੰ ਪਰਸਪਰ ਵਿਰੋਧੀ ਕੰਮ ਦੱਸਿਆ ਹੈ। ਮਨੂ ਸਮ੍ਰਿਤੀ ਵਿੱਚ ਖੇਤੀ ਨੂੰ ਬਹੁਤ ਹੀ ਘਟੀਆ ਪੇਸ਼ਾ ਦੱਸਦੇ ਹੋਏ ਬ੍ਰਾਹਮਣ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਸੰਕਟ ਦੇ ਸਮੇਂ ਵੈਸ਼ ਦਾ ਕਾਰੋਬਾਰ ਧਾਰਨ ਕਰਨ ਤੇ ਵੀ ਉਸਨੂੰ ਖੇਤੀ ਦਾ ਕੰਮ ਕਦੇ ਨਹੀਂ ਕਰਨਾ ਚਾਹੀਦਾ।[50] ਮਨੂ ਨੇ ਧਨ ਕਮਾਉਣ ਦੇ ਹੋਰ ਤਰੀਕੇ ਦੱਸੇ ਹਨ, ਵਿਰਾਸਤ, ਲਾਭ, ਖਰੀਦ-ਵੇਚ, ਜਿੱਤ, ਖੇਤੀ, ਵਪਾਰ ਅਤੇ ਦਾਨ। ਸੂਤਰਾਂ ਦੀ ਵਿਆਖਿਆ ਕਰਨ ਵਾਲੇ ਮੇਧਾਤਿਥੀ ਨੇ ਪਹਿਲੇ ਤਿੰਨ ਪੇਸ਼ਿਆਂ ਨੂੰ ਸਾਰੇ ਵਰਗਾਂ ਲਈ ਸਵੀਕਾਰ ਕੀਤਾ ਹੈ, ਪਰੰਤੂ ਚੌਥਾ ਸਿਰਫ਼ ਖੱਤਰੀ ਦੁਆਰਾ ਅਤੇ ਅਖੀਰਲਾ ਸਿਰਫ ਬ੍ਰਾਹਮਣ ਦੁਆਰਾ ਅਪਣਾਏ ਜਾਣ ਦਾ ਆਦੇਸ਼ ਹੈ।[51] ਮਨੂ ਸਮ੍ਰਿਤੀ ਵਿੱਚ ਸਪਸ਼ਟ ਰੂਪ ਨਾਲ ਦੱਸਿਆ ਗਿਆ ਹੈ ਕਿ ਬ੍ਰਾਹਮਣ ਅਤੇ ਖੱਤਰੀ ਉਤਪਾਦਨ ਸੰਬੰਧੀ ਪੇਸ਼ਿਆਂ ਨੂੰ ਕਦੇ ਵੀ ਧਾਰਨ ਨਾ ਕਰਨ।[52] ਮਿਹਨਤ ਵਾਲੇ ਕੰਮਾਂ ਨੂੰ ਘਟੀਆ ਮੰਨਦੇ ਹੋਏ ਭਾਰਤ ਦੀਆਂ ਨਿਮਨ ਜਾਤੀਆਂ ਦਾ ਨਾਮਕਰਨ ਉਨ੍ਹਾਂ ਦੇ ਪੇਸ਼ਿਆਂ ਦੇ ਆਧਾਰ ਤੇ ਹੀ ਕੀਤਾ ਗਿਆ ਹੈ।[53]

ਰਿਗਵੇਦ ਅਤੇ ਉਪਨਿਸ਼ਦਾਂ ਦੇ ਵਿਚਕਾਰ ਆਉਣ ਵਾਲਾ ਬ੍ਰਾਹਮਣ' ਨਾਂ ਦਾ ਗ੍ਰੰਥ ਮਾਨਸਿਕ ਅਤੇ ਸਮਾਜਿਕ ਵਿਕਾਸ ਦੇ ਸਭ ਤੋਂ ਮਹੱਤਵ ਪੂਰਨ ਯੁਗ ਦੀ ਜਾਣਕਾਰੀ ਦੇਣ ਵਾਲਾ ਇੱਕ ਮਾਤਰ ਨਹੀਂ ਤਾਂ ਸਭ ਤੋਂ ਪ੍ਰਮੁੱਖ ਸਰੋਤ ਹੈ।[54] ਇੰਨ੍ਹਾਂ ਗ੍ਰੰਥਾਂ ਵਿੱਚ ਜਿਆਦਾ ਸਪਸ਼ਟ ਰੂਪ ਨਾਲ ਵਰਗ ਵੰਡ ਦਾ ਸਰੂਪ ਪ੍ਰਮਾਣਿਤ ਕੀਤਾ ਗਿਆ ਹੈ। ਪਹਿਲਾਂ ਵਰਣਿਤ ਸਮੱਰਿਤੀਆਂ ਨੇ ਸਾਨੂੰ ਦੱਸਿਆ ਹੈ ਕਿ ਖੱਤਰੀ ਅਤੇ ਬ੍ਰਾਹਮਣ ਮਿਹਨਤ ਵਾਲੇ ਉਤਪਾਦਨਸ਼ੀਲ ਕੰਮਾਂ ਤੋਂ ਮੁਕਤ ਸਨ। ਤੀਸਰੇ ਵਰਣ ਵੈਸ਼ ਦੀ ਸਥਿਤੀ ਸਮੇਂ-ਸਮੇਂ ਤੇ ਬਦਲਦੀ ਰਹੀ ਹੈ। ਪਰ ਚੌਥੇ ਵਰਣ ਸ਼ੂਦਰ ਲਈ ਬ੍ਰਾਹਮਣ ਗ੍ਰੰਥਾਂ[55] ਵਿੱਚ ਦੱਸਿਆ ਗਿਆ ਹੈ ਕਿ ਸ਼ੂਦਰ ਨੀਵੀਂ ਪੱਧਰ ਦੇ ਪ੍ਰਾਣੀ ਹਨ। ਉਨ੍ਹਾਂ ਨੂੰ ਸਿਰਫ਼ ਦੂਸਰੇ ਵਰਣਾਂ ਦੀ ਸੇਵਾ ਹੀ ਕਰਨੀ ਚਾਹੀਦੀ ਹੈ। ਆਮ ਗਿਆਨ ਤੋਂ ਹੀ ਸਾਨੂੰ ਪਤਾ ਚਲ ਸਕਦਾ ਹੈ ਕਿ ਪਹਿਲੇ ਤਿੰਨ ਵਰਣ ਬਹੁਤ ਘੱਟ ਗਿਣਤੀ ਦੇ ਹੋਣਗੇ, ਪਰਜੀਵੀ ਸ਼ੋਸ਼ਕ ਜਿੰਨ੍ਹਾਂ ਨੇ ਬਹੁਗਿਣਤੀ ਮਜ਼ਦੂਰਾਂ ਦੀ ਮਿਹਨਤ ਦੇ ਉਤਪਾਦਾਂ ਤੇ ਅਧਿਕਾਰ ਜਮਾ ਲਿਆ ਸੀ। ਉਪਨਿਸ਼ਦਾਂ ਦਾ ਆਤਮਵਾਦੀ ਚਿੰਤਨ ਇਸ ਵਿਵਸਥਾ ਨਾਲ ਜੁੜ ਕੇ ਇਸਨੂੰ ਨਿਆਂ ਉਚਿਤਤਾ ਪ੍ਰਦਾਨ ਕਰਦਾ ਰਿਹਾ ਹੈ। ਜੀਵਨ-ਜਗਤ ਦੀਆਂ ਲੌਕਿਕ ਅਨੁਭੂਤੀਆਂ ਤੋਂ ਵੱਖ ਸ਼ੁੱਧ ਚਿੰਤਨ ਵਿੱਚ ਮਿਹਨਤ ਵਾਲੀਆਂ ਗਤੀਵਿਧੀਆਂ ਲਈ ਕੋਈ ਥਾਂ ਨਹੀਂ ਸੀ। ਅਸਲ ਵਿੱਚ ਆਤਮਵਾਦ ਵਿੱਚ ਮਿਹਨਤ ਅਤੇ ਮਿਹਨਤ ਕਰਕੇ ਗੁਜਾਰਾ ਕਰਨ ਵਾਲੀ ਜਨਤਾ ਦਾ ਦਮਨ ਝਲਕਦਾ ਰਿਹਾ ਹੈ। ਕਿਉਂਕਿ ਸ਼ੁਭ ਚਿੰਤਨ ਨਾਲ ਜੁੜੀਆਂ ਗਤੀਵਿਧੀਆਂ ਦੇ ਪ੍ਰਮੁਖਤਾ ਪ੍ਰਾਪਤ ਕਰ ਲੈਣ ਦਾ ਚਲਨ ਇਸ ਵਸਤੂ ਸਥਿਤੀ ਨੂੰ ਦਰਸ਼ਾਉਂਦਾ ਹੈ ਕਿ ਚਿੰਤਨ ਅਤੇ ਮਿਹਨਤ ਦੋ ਵੱਖ ਵੱਖ ਕਿਰਿਆਵਾਂ ਹਨ, ਚਿੰਤਨ ਕਰਨ ਵਾਲੇ ਵਰਗ ਨੇ ਮਿਹਨਤ ਕਰਨ ਵਾਲਿਆਂ ਤੇ ਅਧਿਕਾਰ ਜਮਾ ਲਿਆ ਸੀ। ਅੱਗੇ ਜਾ ਕੇ ਇਸ ਅਧਿਕਾਰ ਨੂੰ ਪੁਖਤਾ ਬਣਾਈ ਰੱਖਣ ਦੇ ਲਈ 'ਸ਼ੁੱਧ ਚਿੰਤਨ' ਇੱਕ ਕਾਰਗਰ ਤਰੀਕਾ ਸਿੱਧ ਹੋ ਜਾਂਦਾ ਹੈ।

ਹਾਲਾਕਿ 'ਆਤਮਵਾਦ' ਅਤੇ 'ਸ਼ੁੱਧ ਚਿੰਤਨ' ਸਮਾਜ ਆਰਥਿਕ ਅਤੇ ਸੰਸਕ੍ਰਿਤਕ ਸਰੋਤਾਂ ਤੇ ਕਾਬਿਜ ਵਿਸ਼ੇਸ਼ ਅਧਿਕਾਰ ਪ੍ਰਾਪਤ ਵਰਗ ਦੇ ਦਮਨ ਅਤੇ ਸ਼ੋਸ਼ਣ ਦਾ ਬੁਨਿਆਦੀ ਵਿਚਾਰਧਾਰਾਤਮਕ ਸਰੋਤ ਹੈ ਅਤੇ ਭਗਤੀ ਇਸ ਵਿਚਾਰਧਾਰਾ ਦਾ ਸੰਚਾਰੀ ਤੰਤਰ ਹੈ। ਜਦੋਂ ਕਿ ਭਗਤੀ ਦਾ ਸਮੁੱਚਾ ਸਾਹਿਤ ਆਤਮਸਾਤੀਕਰਣਾਂ ਦੇ ਦੁਆਰਾ ਇੱਕ ਸੁਤੰਤਰ ਵਿਚਾਰਧਾਰਾ ਦਾ ਰੂਪ ਧਾਰਨ ਕਰਦਾ ਗਿਆ ਹੈ। ਭਗਤੀ ਦੇ ਭਾਵਪੂਰਣ ਸੰਵੇਦਨੀ ਸੰਚਾਰ ਦਾ ਕਮਾਲ ਹੈ ਕਿ 'ਭਗਤ ਜਨ' ਮੰਤਰ ਮੁਗਧ ਹੋ ਕੇ ਇਸ ਦਮਨਕਾਰੀ ਅਵਿਚਾਰਧਾਰਾ ਨੂੰ ਆਤਮਸਾਤ ਕਰਦੇ ਰਹੇ ਹਨ। ਇਹੀ ਕਾਰਨ ਹੈ ਕਿ ਇੱਥੇ ਦਮਨ ਦੇ ਵਿਰੁੱਧ ਜਨ ਉਭਾਰ ਦੇ ਹਰੇਕ ਦੌਰ ਵਿੱਚ ਸ਼ੋਸ਼ਿਤ ਵਰਗਾਂ ਦੇ ਜਨ ਵਿਮਰਸ਼ਾਂ ਵਿੱਚ ਵਿੱਚ ਸਿੱਧੇ-ਸਿੱਧੇ ਇਸ ਵਿਚਾਰਧਾਰਾ ਨੂੰ ਲਗਾਤਾਰ ਰੱਦ ਕਰਨ ਦੇ ਯਤਨ ਹੁੰਦੇ ਰਹੇ ਹਨ।

**ਸੰਪਰਕ : ਅਨੁਵਾਦਕ 75088-21500**

## ਸੰਦਰਭ ਅਤੇ ਟਿਪਣੀਆਂ-

**ਭਾਗ-1 (1)**

1. ਭਗਵਤ ਪੁਰਾਣ, ਮਾਹਤਮਯੇ 1.69
2. ਉਪਰੋਕਤ 4.11
3. ਉਪਰੋਕਤ, 1.69
4. ਉਪਰੋਕਤ, 2.4
5. ਉਪਰੋਕਤ, 12.3, 5.1
6. ਉਪਰੋਕਤ,
7. ਪਦਮ ਪੁਰਾਣ, 70 96
8. ਉਪਰੋਕਤ, 107
9. ਭਗਵਤ ਪੁਰਾਣ 12.3,50
10. ਬ੍ਰਹਮ ਪੁਰਾਣ ਪ. 424
11. ਉਪਰੋਕਤ,
12. ਉਪਰੋਕਤ, 425
13. ਪਦਮ ਪੁਰਾਣ,
14. ਉਪਰੋਕਤ, 104
15. ਭਗਵਤ ਪੁਰਾਣ, 12.3, 51-52
16. ਉਪਰੋਕਤ,
17. ਉਪਰੋਕਤ, ਮਹਾਤਮਯੇ, 2.15
18. ਉਪਰੋਕਤ, 4.8
19. ਉਪਰੋਕਤ,
20. ਬ੍ਰਹਮ ਪੁਰਾਣ, ਪ. 426
21. ਉਪਰੋਕਤ, ਪ. 427
22. ਭਗਵਤ ਪੁਰਾਣ, 2.2, 3.6
23. ਭਗਵਤ ਪੁਰਾਣ, 2.3,20
24. ਉਹੀ, 2.6,20
25. ਉਹੀ, 2.6,34
26. ਉਹੀ 3.2,20
27, ਉਪਰੋਕਤ, 3.2.24
28. ਉਹੀ 2.4,18
29. ਉਹੀ 4.30,18
30. ਉਹੀ 4.30, 19
31. ਉਹੀ, 4.30, 20
32. ਉਹੀ, 5.1,35
33. ਉਹੀ , 3.28,15
34. ਉਹੀ, 3.28,16
35. ਉਹੀ, 3.28,17
36. ਉਹੀ, 3.28, 19
37. ਉਹੀ, 6,2,7
38. ਉਹੀ, 6.2,8
39. ਉਹੀ, 6.2,9-10
40. ਉਹੀ, 6.3, 23
41. ਉਹੀ, 6.3, 41
42. ਉਹੀ, 6.3, 42
43. ਉਹੀ, 6.3,43
44. ਉਹੀ, 7.8, 51-52
45. ਉਹੀ, 7.8,53
46. ਉਹੀ, 7.8, 54
47. ਉਹੀ, 7.8, 55
48. ਉਹੀ, 7.9, 9
49. ਉਹੀ, 7.9,10
50. ਉਹੀ, 3.13, 48
51. ਉਹੀ, 3.19,27
52. ਉਪਰੋਕਤ, 3.33,16
53. ਉਹੀ, 3.33,7
54. ਡੀ. ਡੀ. ਕੋਸਾਂਭੀ, ਪ੍ਰਚੀਨ ਭਾਰਤ ਦਾ ਸੰਸਕ੍ਰਿਤੀ ਅਤੇ ਸਭਿਅਤਾ, ਪੰ. 205
55. ਉਹੀ,
56. ਬੀ. ਐਨ. ਐਸ, ਯਾਦਵ, ਕਲਯੁਗ ਦੇ ਵਰਣਨ ਅਤੇ ਸਮਾਜ ਕਾ ਪ੍ਰਾਚੀਨ ਕਾਲ ਸੇ ਮਧਿਆਕਾਲ ਮੇਂ ਸੰਕਰਮਣ ਇਤਿਹਾਸ (ਭਾਰਤੀਏ ਇਤਿਹਾਸ ਅਨੁਸੰਧਾਨਕੀ ਸ਼ੋਧ ਪੱਤਰਿਕਾ, ਅੰਕ 1, ਜਨਵਰੀ, 1992, ਪੰ. 67
57. ਉਪਰੋਕਤ
58. ਬੀ. ਪੀ. ਕਾਣੇ, ਧਰਮਸ਼ਾਸ਼ਤਰੋਂ ਕਾ ਇਤਿਹਾਸ, ਖੰਡਤ (ਅਨੁਵਾਦਿਤ) ਲਖਨਾਊ, 1984, ਪੰ. 985
59. ਵਿਸ਼ਨੂੰ ਪੁਰਾਣ, 6.1, 36
60. ਮਤਸਯੇ ਪੁਰਾਣ, 143, 49
61. ਮਹਾਭਾਰਤ, 3.1, 88, 27
62. ਉਪਰੋਕਤ 3.1, 88, 23
63. ਉਪਰੋਕਤ, 3.1, 88, 64
64. ਬੀ. ਐਨ. ਐਸ. ਯਾਦਵ, ਸਮ ਐਸਪੈਕਟਸ ਆੱਫ ਦੀ ਚੇਜਿੰਗ ਆਰਡਰ ਇਨ ਇੰਡੀਆ ਡਿਊਰਿੰਗ ਦਾ ਸਕਕੁਸ਼ਾਣ ਏਜ, ਕੁਸ਼ਾਣ ਸਟੀਡੀਜ਼, ਇਲਾਹਾਬਾਦ, 1968, ਪੰ. 75
65. ਬੀ. ਐੱਨ. ਐੱਸ. ਯਾਦਵ, ਪੂਰਵੋਦਵਿਤ, ਪੰਨਾ-81
66. ਉਪਰੋਕਤ
67. ਦੇਖੋਂ, ਕੁਰਮ ਪੁਰਾਣ, ਅਧਿਆਏ-30, ਪੰਨਾ-304-05, ਮਤਸਯ ਪੁਰਾਣ, ਅਧਿਆਏ 27,46-47 ਅਤੇ ਅੱਗੇ। ਵਾਯੂ ਪੁਰਾਣ, ਅਧਿਆਏ-58, ਪੰਨਾ-38-39,
68. ਆਰ ਸੀ. ਹਾਜਰਾ, ਸਟੂਡੀਓ ਇਨ ਦ ਪੁਰਾਣਿਕ ਰੇਕਾਡਰਸ ਆੱਨ ਹਿੰਦੂ ਰਾਇਟਸ ਐੱਡ ਕਸਟਮਸ, ਦੂਜਾ ਸੰਸਕਰਣ, ਦਿੱਲੀ, 1975, ਪੰਨਾ-208-10
69. ਐਫ. ਈ. ਪਰਜਿਟਰ, ਐਨਸ਼ਿਇੰਟ ਇੰਡੀਅਨ ਹਿਸਟੋਰਿਕਲ ਟ੍ਰੇਡਿਸ਼ਨ, ਆਕਸਫੋਰਡ, 1922, ਪੰਨਾ-102
70. ਉਪਰੋਕਤ
71. ਰਾਮਸ਼ਰਨ ਸ਼ਰਮਾਂ, ਸ਼ੂਦਰੋਂ ਕਾ ਪ੍ਰਚੀਨ ਇਤਿਹਾਸ (ਅਨੁਵਾਦ), ਦਿੱਲੀ, ਪੰਨਾ-202
72. ਮਨੂ, 8.48
73. ਮਨੂ, 10.61
74. ਮਨੂ, 12.72
75. ਮਨੂ, 9.337
76. ਮਨੂ, 7.69
77. ਮਨੂ, 9.253
78. ਮਨੂ, 9.260
79. ਡੀ. ਆਰ. ਪਾਟਿਲ, ਕਲਚਰਚ ਹਿਸਟ੍ਰੀ ਆੱਫ ਦ ਵਾਯੂ ਪੁਰਾਣ, ਪੂਨਾ, 1946, ਪੰਨਾ-74-75
80. ਮਨੂ, 10.57-8
81. ਵਿਸ਼ਨੂੰ ਪੁਰਾਣ, 6.1.36, 6.1.51

82. ਡਬਲਯੂ, ਹਾਪਿਕੰਸ, ਦ ਮਓਚਲ ਰਿਲੇਸ਼ਨ ਆੱਫ ਦ ਫੋਰ ਕਾਸਟਸ ਏਕਾਡਿੰਗ ਟੂ ਦ ਮਾਨਵ ਧਰਮ ਸ਼ਾਸ਼ਤਰ, ਲਿਪਜਿੰਗ, 1881, ਪੰਨਾ-78
83. ਰਾਮਸ਼ਰਣ ਸ਼ਰਮਾਂ, ਪੁਰਵਦਵੁਤ, ਪੰਨਾ-205
84. ਮਨੂ, 10.125
85. ਮਨੂ, 4.61
86. ਮਨੂ, 10.43.44
87. ਮਹਾਵਸਤੂ, 1.18
88. ਏ. ਡੀ. ਪੁਸਲਕਰ, 'ਭਾਸ-ਏ- ਸਟੱਡੀ', ਲਾਹੌਰ, 1946, ਪੰਨਾ-358 ਤੇ 391
89. ਮਨੂ, 10.54-55
90. ਮਨੂ, 10.55
91. ਵਹੁਲਰ, ਸੇਕ੍ਰੇਡ ਬੁਕਸ ਆਫ ਦ ਇਸਟ XVI, ਪੰਨਾ-415
92. ਆਪਸਤੰਬ, 2.4.9.5
93. ਵਸ਼ਿਸ਼ਠ, 11.9
94. ਆਪਸਤੰਬ,2.4.9.6
95. ਗੌਤਮ, 14.24
96. ਆਪਸਤੰਬ,2.7.17.20
97. ਉਪਰੋਕਤ, 2.1.2.8-9
98. ਉਪਰੋਕਤ, 1.3.9.15
99. ਉਪਰੋਕਤ, 1.3.9.17
100. ਉਪਰੋਕਤ, 2.2.4.14
101. ਉਪਰੋਕਤ,
102. ਬੋਧਾਅਨ, 2.2.4.12-13
103. ਵਸ਼ਿਸ਼ਠ, 20.17
104. ਉਪਰੋਕਤ, 23.40-41
105. ਜੇ. ਗੌਂਡਾ, 'ਦ ਰਿਚੂਅਲ ਸੂਤਰਜ਼', ਏ ਹਿਸਟਰੀ ਆੱਫ ਇੰਡੀਅਨ ਲਿਟ੍ਰੇਚਰ, (ਸੰਪਾਦਨ) ਵਿਜ਼ਬਦਨ, 1977, ਪੰਨਾ-478
106. ਪਾਰਸਕਰ ਗ੍ਰਹਿ ਸੂਤਰ, 2.11.4
107. ਸੰਖਆਨ ਗ੍ਰਹਿਸੂਤਰ, 2.12.9-10
108. ਕੌਟਿਲਆ ਅਰਥ ਸ਼ਾਸ਼ਤਰ, 3.7.26
109. ਉਪਰੋਕਤ, 3.19.9
110. ਉਪਰੋਕਤ, 3.19.10
111. ਉਪਰੋਕਤ, 1.14.10
112. ਮਨੂ, 10.12.16
113. ਮਨੂ, 10.12.16
114. ਮਨੂ, 11.24
115. ਮਨੂ, 3.229
116. ਉਪਰੋਕਤ, 4.79
117. ਉਪਰੋਕਤ, 1.174
118. ਉਪਰੋਕਤ, 11.174
119. ਉਪਰੋਕਤ, 10.54
120. ਉਪਰੋਕਤ, 10.52
121. ਉਪਰੋਕਤ, 10.54
122. ਉਪਰੋਕਤ, 10.52
123. ਉਪਰੋਕਤ, 10.52
124. ਉਪਰੋਕਤ, 10.51
125. ਵਿਸ਼ਨੂੰ, 5.114, XLIV 9
126. XLIV,9
127. XXII, 76
128. 1.1.57
129.1.1.58
130. 1.10.9
131. III 6
132. III 5
133. XVI 14
134. 1.93
135. ਬੀ. ਬੀ. ਲਾਲ, 'ਹਿਸਟੋਰਿਸਿਟੀ ਆੱਫ ਦ ਮਹਾਭਾਰਤ ਐਂਡ ਰਾਮਾਇਣ-ਵਹਟ ਹੈਜ਼ ਆਰਕਿਓਲਾਜੀ ਟੂ ਸੇ ਇੰਨ ਦ ਮੈਟਰ', ਪੰਨਾ-10
136. ਵਾਲਮੀਕਿ ਰਾਮਾਇਣ VI 12
137. ਉਪਰੋਕਤ
138. ਉਪਰੋਕਤ LXXIII:15,16
139. ਉਪਰੋਕਤ LX112
140. ਗੌਤਮ XI 9-10
ਵਸ਼ਿਸ਼ਟ XIX 7-8
ਅਰਥਸ਼ਾਸ਼ਤਰ 1.3.14-17
ਮਨੁ VII 35
ਵਿਸ਼ਨੂੰ IV 1.33
ਨਾਰਦ XII 113
ਯਾਗਵਲਕਰ 1.363
141. ਪੀ. ਵੀ. ਕਾਣੇ, ਪੂਰਵਦਿਤ, ਖੰਡ-1, ਪੰਨਾ-374
142. ਬੀ.ਪੀ. ਰਾਏ, 'ਪਾਲਿਟਿਕਸ ਆਇਡਿਅਜ਼ ਐਂਡ ਇਨਸਟੀਟਿਊਸ਼ਨ ਇਨ ਦ ਮਾਹਭਾਰਤ, ਪੰਨਾ-55
143. ਬੀ. ਬੀ. ਲਾਲ, ਪੂਰਵਦਿਤ, ਪੰਨਾ-21, 52-53
144. ਮਹਾਭਾਰਤ, ਆਦਿਪਰਵ, 62, 5-6
145. ਵਿਸ਼ਨੂੰ ਪੁਰਾਣ, III 80.40
146. ਬੀ. ਏਨ. ਐੱਸ. ਯਾਦਵ, ਪੂਰਵਦਿਤ, ਪੰਨਾ-75-76
147. ਬ੍ਰਹਾਣਡ ਪੁਰਾਣ II 33.41 ਵਾਯੂ ਪੁਰਾਣ 58.40.46, ਮਤਸਅ ਪੁਰਾਣ 144.38
148. ਮਹਾਭਾਰਤ, 188.58
149. ਕੂਰਮ ਪੁਰਾਣ, 1.29.17
150. ਮਹਾਭਾਰਤ, ਸ਼ਾਂਤੀਪਰਵ, 15.35
151. ਵਿਸ਼ਨੂੰ ਪੁਰਾਣ, X 8.29
152. ਮਾਰਕੰਡੇਅ ਪੁਰਾਣ, 23.31-32
153. ਰਾਸ਼ਰਣ ਸ਼ਰਮਾਂ, 'ਦ ਕਾਲ ਏਜ਼' ਪੰਨਾ-188-91, 199-201

**1 (2)**

1. ਭਗਵਦਗੀਤਾ ਕਾ ਰਚਨਾਕਾਲ ਪ੍ਰਾਰਭਿਕ ਉਪਨਿਸ਼ਦ-ਸਾਤਵੀਂ -ਪੰਜਵੀਂ ਸਤਾਬਦੀ ਇ.ਪੂ. ਕੇ ਬਾਅਦ ਔਰ ਤਥਾਕਥਿਤ ਮਧਅ ਉਪਨਿਸ਼ਦੋਂ -ਦੂਸਰੀ ਸ਼ਤਾਬਦੀ ਇ. ਪੂ. ਚੌਥੀ ਸ਼ਤਾਬਦੀ ਈ. ਪੂ. ਕੇ ਆਸਪਾਸ ਹੈ। ਦੇ 'ਭਗਵਦਗੀਤਾ-ਪ੍ਰਚਲਿਤ ਸਰੋਕਾਰੋਂ ਕੇ ਵਿਰੁਧ ਗਤਿ ਦਾ ਵਿਚਾਰ', ਸੇਵਾ ਸਿੰਘ, ਦਿੱਲੀ, 1992


2. ਭਗਵਤਗੀਤਾ, 9.32
3. 18.44
4. 4.13
5. 18.63
6. 4.38
7. 18.66
8. 18.62
9. 18.56
10. 18.56
11. 4.7-8
12. 7,7,11
13. 9.3-5
14. 9.6-9
15. 16.19.24
16. 15.6
17. 15.7-8
18. 15.8,12-15
19. 10.36-41
20. 12.6-7
21. 18.66
22. 18.55-62
23. 10.9-11
24. 10.30-32
25. 4.11
26. 7.,20-22
27. 4.13.15,5.29, 716
28. 2.19
29. 2.31
30. 2.32
31. 2.3
32. 2.12
33. ਮਨੂ, (1) 87-91
34. ਬ੍ਰਹਦਾਰਣਕ ਉਪਨਿਸ਼ਦ, 2.4.5
35. ਉਪਰੋਕਤ, 2.4.6
36. ਛੰਦੋਉਪਨਿਸ਼ਦ, 7.24.25
37. ਬ੍ਰਹਦਾਰਣਕ ਉਪਨਿਸ਼ਦ, 2.4.12
38. ਛੰਦੋਉਪਨਿਸ਼ਦ, 8.7.1
39. ਬ੍ਰਹਦਾਰਣਕ ਉਪਨਿਸ਼ਦ, 2.4.13-14
40. ਉਪਰੋਕਤ, 2.5.15
41. ਸੁਰੇਂਦਰਨਾਥ ਗੁਪਤਾ, 'ਭਾਰਤੀਅ ਦਰਸ਼ਨ ਕਾ ਇਤਿਹਾਸ' (ਅਨੁਵਾਦ) ਪ੍ਰਥਮ ਖੰਡ, ਜੈਪੁਰ, 1974, ਪੰਨਾ 42
42. ਰਾਮਚੰਦਰ ਦਤਾਤ੍ਰੈਅ ਰਾਨਾਡੇ, 'ਉਪਨਿਸ਼ਦ ਦਰਸ਼ਨ ਦਾ ਰਚਨਾਤਮਿਕ ਸਰਵੇਖਣ' (ਅਨੁਵਾਦ) ਪੰਨਾ-49
43. ਪਾਲ ਡਿਊਸਨ 'ਦ ਫਿਲਾਸਫ਼ੀ ਆਫ ਦ ਉਪਨਿਸ਼ਦ', ਪੰਨਾ-74-5
44. ਐਫ. ਐਂਗੇਲਜ਼, 'ਡਾਲੈਕਿਟਕਸ ਆਫ਼ ਨੇਚਰ', ਮਾਸਕੋ, 1954, ਪੰਨਾ-238-9
45. ਦੇਵੀਪ੍ਰਸ਼ਾਦ ਚਟੋਪਾਧਿਆਇ, 'ਲੋਕਾਇਤ', (ਅਨੁਵਾਦ), ਦਿੱਲੀ, 1982
46. ਕਰਾਸ ਮਾਰਕਸ ਐਂਡ ਐੱਫ. ਐਗਲਸ, 'ਜਰਮਨ ਆਇਡੀਓਲੋਜ਼ੀ', ਕਲਕਤਾ, ਪੰਨਾ-19-20
47. ਬ੍ਰਹਦੁਆਰਕੋਉਪਨਿਸ਼ਦ, 1.4.11-15
48. ਯਗਵਲਕਰ ਸਮਰਿਤੀ 3.191
49. ਬੋਧਾਅਯ ਸਮਰਿਤੀ 1.5.101
50. ਮਨੂ ਸਮ੍ਰਿਤੀ 10.116-117
51. ਉਪਰੋਕਤ,
53. ਪੀ. ਵੀ. ਕਾਣੇ, 'ਹਿਸਟਰੀ ਆਫ਼ ਦ ਧਰਮਾਸਾਸਤਰਜ਼', ਖੰਡ ਦੋ, ਪੂਣਾ, 1941, ਪੰਨਾ-100
54. 'ਸੰਕੈਡ ਬੁਕਸ ਆਫ ਦ ਇਸਟ', ਗੰ੍ਥ 12, ਇੰਟੋਡਕਸ਼ਨ, ਪੰਨਾ-9-10
55. ਏਤਰੇਅ ਬ੍ਰਾਹਮਣ, 7.29
56. ਦੇ. 'ਮਾਯਾ ਔਰ ਮਾਯਾਵਾਦ, ਸੇਵਾ ਸਿੰਘ
57. ਬ੍ਰਹਦੁਆਰਕੋਉਪਨਿਸ਼ਦ, 4.5.3-4
58. ਉਪਰੋਕਤ, 4.2.4
59. ਉਪਰੋਕਤ, 3.2.1
60. ਉਪਰੋਕਤ, 3.1-2
61. ਮਹਾਵਗ 1.21
62. ਦੀਘ ਨਿਕਾਅ, ਪੰਨਾ-73
63. ਮਜਿਯਮ ਨਿਕਾਯ, 1.2
64. ਰੀਸ ਡੇਵਿਡਸ, ਡਾਯੇਲਾੱਗ ਆੱਫ ਦ ਬੁੱਧ, (2) ਲੰਡਨ. 1910, ਪੰਨਾ 242-43
65. ਜੀ. ਪੀ. ਮਲਸ਼ੇਖਰ, ਡਿਕਸ਼ਨਰੀ ਆਫ਼ ਪਾਲਿ ਪ੍ਰਾਪਰ ਨੇਮਸ, ਲੰਡਨ, 1937-38
66. ਉਪਰਕਤ
67. ਐਫ. ਐਗਲਜ਼, 'ਦ ਓਰਿਜਨ ਆੱਫ ਦ ਫੈਮਿਲੀ, ਪ੍ਰਾਇਵੇਟ ਪ੍ਰਾਪਰਟੀ ਐੱਡ ਸਟੇਟ', ਮਾਸਕੋ, 1952, ਪੰਨਾ-268
68. ਐੱਚ. ਓਲਡੇਨਬਰਗ, 'ਬੁੱਧ-ਹਿਜ਼ ਲਾਇਫ਼, ਹਿਜ ਟੀਚਿੰਗਸ, ਹਿਜ਼ ਆਰਡਰ, ਕਲਕਤਾ, 1927, ਪੰਨਾ-64
69. ਦੇਵੀਪ੍ਰਸ਼ਾਦ ਚਟੋਪਾਦਆਇ, 'ਲੋਕਆਇਤ' ਪੰਨਾ 378
70. ਡੀ. ਡੀ. ਕੋਸੰਭੀ, 'ਅਨ ਇਨਟ੍ਰੋਡਕਸ਼ਨ ਟੂ ਦ ਸਟੱਡੀ ਆਫ਼ ਇੰਡੀਅਨ ਹਿਸਟਰੀ, ਬੰਬਈ, 1956, ਪੰਨਾ-162
71. ਏੱਚ. ਓਲਡਨਬਰਗ, ਪੁਰਵਦਿੱਤ, ਪੰਨਾ 64
72. ਏਸ. ਸੀ. ਬੈਨਰਜੀ, 'ਧਰਮਸ਼ਾਸ਼ਤਰ, ਏ ਸਟੱਡੀ ਇਨ ਦੇਅਰ ਓਰਿਜਨ ਐਂਡ ਡਵੇਲਪਮੈਂਟ, ਕਲਕੱਤਾ, 1962, ਪੰਨਾ-158-162
73. ਅੰਗੁਤਰ ਨਿਕਾਅ, 1,26
74. ਮਹਾਵੱਗ, ਪੰਨਾ-15-20
75. ਰਾਮਸ਼ਰਣ ਸ਼ਰਮਾ, 'ਪ੍ਰਚੀਨ ਭਾਰਤ ਮੇਂ ਭੌਤਿਕ ਪ੍ਰਗਤੀ ਐਵ ਸਾਮਾਜਿਕ ਸਰੰਚਨਾਏ', (ਅਨੁਵਾਦਤ) ਦਿੱਲੀ, 1992, ਪੰਨਾ 179
76. ਰਾੱਕ ਇੰਡੀਅਨ, ਅਨੁਵਾਦ ਰੋਮਿਲਾ ਥਾਪਰ, 'ਭਾਰਤ ਕਾ ਇਤਿਹਾਸ' (ਅਨੁਵਾਦਿਤ), ਦਿੱਲੀ, 1985, ਪੰਨਾ-63-64
77. ਰੋਮਿਲਾ ਥਾਪਰ, 'ਅਸ਼ੋਕ ਔਰ ਮੌਰਿਆ ਸਾਮਰਾਜਿਅ ਕਾ ਪੱਤਨ' (ਅਨੁਵਾਦਿਤ), ਦਿੱਲੀ, 1999, ਪੰਨਾ 175

***(ਨੋਟ-ਅਨੁ. ਕਰਦਿਆਂ ਇਸ ਲੇਖ ਦੇ ਕੁਝ ਸ਼ਬਦ ਮੂਲ ਲਿਖਤ ਵਾਲੇ ਹੀ ਰਹਿਣ ਦਿੱਤੇ ਗਏ ਹਨ-ਸੰਪਾਦਕ)***

## ਸਮੀਖਿਆ:

# ਸਹਿਜ ਜੀਵਨ ਦੇ ਕਥਾ-ਬੋਲ: 'ਉੱਚੀਆਂ ਆਵਾਜ਼ਾਂ'

**ਡਾ. ਚੰਦਰ ਪ੍ਰਕਾਸ਼**




**'ਆਵਾਜ਼'** ਦਾ ਸੰਬੰਧ 'ਸੰਚਾਰ' ਨਾਲ ਹੈ। ਪੰਛੀ-ਜਾਨਵਰ ਦੀ ਆਵਾਜ਼, ਭਾਂਡਿਆਂ ਦੀ ਖੜਖੜਾਹਟ, ਬੱਦਲਾਂ ਦਾ ਗਰਜਣਾ, ਮਸ਼ੀਨਾਂ ਦਾ ਖੜਕਾ, ਹਵਾ ਦੀ ਗੂੰਜ ਆਦਿ ਆਦਿ ਆਵਾਜ਼ ਦੇ ਵਿਆਪਕ ਅਰਥਾਂ ਨਾਲ ਸੰਬੰਧਤ ਉਦਾਹਰਣਾਂ ਹਨ। ਭਾਸ਼ਾ ਵਿਗਿਆਨ ਇਸਨੂੰ 'ਧੁਨੀ ਵਿਉਂਤ' ਅਧੀਨ ਚਰਚਾ ਦਾ ਵਿਸ਼ਾ ਬਣਾਉਂਦਾ ਹੈ। ਧੁਨੀ, ਭਾਸ਼ਕ-ਸੰਰਚਨਾ ਦੀ ਬੁਨਿਆਦੀ ਅਤੇ ਨਿੱਕੀ ਤੋਂ ਨਿੱਕੀ (ਲਘੂਤਮ) ਇਕਾਈ ਹੈ। ਭਾਸ਼ਾ, *ਮਨੁੱਖ ਦੇ ਮੂੰਹੋਂ ਉਚਾਰੀਆਂ ਧੁਨੀਆਂ ਨਾਲ ਉੱਸਰਦੀ ਹੈ।*[1] ਮਨੁੱਖ ਆਪਣੇ ਉਚਾਰਨ ਅੰਗਾਂ ਦੀ ਮਦਦ ਨਾਲ ਅਨੇਕਾਂ ਧੁਨੀਆਂ ਉਤਪੰਨ ਕਰਨ ਦੀ ਸਮਰੱਥਾ ਰੱਖਦਾ ਹੈ। ਇਹ ਧੁਨੀਆਂ ਹਵਾ ਲਹਿਰ ਰਾਹੀਂ ਸਰੋਤੇ ਦੇ ਕੰਨਾ ਤੱਕ ਪਹੁੰਚ ਕਰਦੀਆਂ ਹਨ। ਸਰੋਤਾ, ਧੁਨੀਆਂ ਨੂੰ ਵਿਚਾਰ ਮੰਡਲ ਦਾ ਹਿੱਸਾ ਬਣਾ ਕੇ ਅਰਥ ਨਿਖੇੜ ਕਰਦਾ ਹੈ। ਇਉਂ ਉਚਾਰਨ, ਸੰਚਾਰਨ, ਸ਼ਰਵਣ ਤਿੰਨ ਵੱਡੇ ਪ੍ਰਵਰਗ ਬਣ ਜਾਂਦੇ ਹਨ।

ਸਾਹਿਤ ਸਿਰਜਕ ਨੂੰ ਵੀ 'ਸਿਰਜਣਸ਼ੀਲਤਾ' ਵੇਲੇ ਅਨੇਕਾਂ ਆਵਾਜ਼ਾਂ ਪ੍ਰਭਾਵਿਤ ਕਰਦੀਆਂ ਹਨ। ਪਾਠਕ/ਸਰੋਤੇ ਨੇ ਆਪਣੀ ਸਮਝ ਅਨੁਸਾਰ ਇਨ੍ਹਾਂ ਨੂੰ ਸੁਣਨਾ/ਸਮਝਣਾ ਹੁੰਦੈ। ਇਹ 'ਸੰਚਾਰ-ਯੋਗਤਾ' ਉਪਰ ਨਿਰਭਰ ਕਰਦਾ ਹੈ ਕਿ ਉਹ ਪਾਠਕ/ਸਰੋਤੇ ਨੂੰ ਕਿੱਥੋਂ ਤੱਕ ਨਾਲ ਲਿਜਾ ਸਕਦਾ ਹੈ। 'ਅਰਥਾਂ ਤੋਂ ਪਾਰ ਜਾਣਾ' ਹੀ ਕਿਸੇ ਪਾਠ/ਪਾਠਕ ਦੀ ਵਡਿਆਈ ਹੁੰਦੀ ਹੈ।

ਬਲੀਜੀਤ ਜਦ ਸਮਾਜਕ ਵਰਤਾਰੇ ਨੂੰ ਕਹਾਣੀਆਂ ਰਾਹੀਂ **'ਉੱਚੀਆਂ ਆਵਾਜ਼ਾਂ'** ਵਿੱਚ ਪੇਸ਼ ਕਰਦਾ ਹੈ ਤਾਂ ਪਾਠਕ/ਸਰੋਤੇ ਦੇ ਮਨ ਅੰਦਰ ਹਿਲ-ਜੁਲ ਪੈਦਾ ਹੁੰਦੀ ਹੈ। ਉਹ ਸੰਚਾਰ ਨੂੰ ਅੱਗੇ ਤੋਰਨਾ ਚਾਹੁੰਦਾ ਹੈ। ਇਸ ਕਥਾ-ਪ੍ਰਵਾਹ ਚੋਂ ਗੁਜ਼ਰਨਾ: ਗਿਆਨ ਵਿੱਚ ਵਾਧਾ ਕਰਨਾ ਵੀ ਹੈ।

### ੳ. ਅਸਹਿਜ -ਜੀਵਨ: ਆਵਾਜ਼-ਸੰਬੰਧ

**ਅਸਹਿਜਤਾ** ਵਿੱਚ ਮਾਨਸਿਕ ਤਵਾਜ਼ਨ ਦਾ ਵਿਗੜਨਾ ਲਾਜ਼ਮੀ ਹੈ। ਇਹ ਵਿਗਾੜ ਸਮਾਜਕ, ਸਭਿਆਚਾਰਕ, ਆਰਥਕ, ਧਾਰਮਕ ਜਾਂ ਹੋਰ ਕਿਸੇ ਪੱਖ ਤੋਂ ਬੰਦੇ ਦੀ ਪਛਾਣ/ਜੀਵਨ -ਪੱਧਤੀ ਨੂੰ ਖੋਰਾ ਲਾਉਂਦਾ ਹੈ। ਬੰਦੇ ਦੀ ਚਾਲ, ਢਾਲ਼, ਤਾਲ ਵਿੱਚ ਆਇਆ ਬਦਲਾਓ ਵੀ ਕਾਰਣ -ਕਾਰਜ ਬਣਨ ਲੱਗਦਾ ਹੈ। ਅਸਾਵੇਂ ਵਾਤਾਵਰਨ ਵਿੱਚ ਟੇਢ ਵਾਪਰਨੀ ਸ਼ੁਰੂ ਹੁੰਦੀ ਹੈ। ਇਸ ਟੇਢ ਵਿੱਚ ਬੋਲ ਦਾ 'ਬੇਕਾਬੂ' ਹੋਣਾ ਸੁਭਾਵਕ ਹੈ। ਅਜਿਹੀ ਅਸੁਭਾਵਕ ਸਥਿਤੀ ਲਈ ਸੱਤਾ ਅਤੇ ਹੋਰ ਸਮਾਜਕ ਇਕਾਈਆਂ ਵੀ ਜ਼ਿੰਮੇਵਾਰ ਹਨ। ਇਉਂ ਮੰਡੀ ਅਤੇ ਮਸ਼ੀਨ ਵੀ ਬੜੀ ਤੇਜ਼ੀ ਨਾਲ ਬੰਦੇ ਦੀ ਸਹਿਜਤਾ ਨੂੰ ਭੰਗ ਕਰ ਰਹੀ ਹੈ। ਬੰਦਾ ਇੱਕਲਤਾ, ਬੇਗਾਨਗੀ, ਨਿਰਾਸ਼ਾ ਵਿੱਚ ਰਹਿਣ ਲੱਗਿਆ ਹੈ। ਉਦਾਸ ਬੰਦੇ ਦੀ 'ਆਵਾਜ਼' ਨੂੰ ਸੁਣਨਾ ਔਖੇ; ਸਹਿਯੋਗ / ਹੌਂਸਲਾ ਤਾਂ ਅਗਲੇਰੀ ਗੱਲ ਹੈ। ਅਸਲ ਸਾਹਿਤਕਾਰ ਅਜਿਹੀਆਂ 'ਦੱਬੀਆਂ' ਆਵਾਜ਼ਾਂ ਨੂੰ 'ਉੱਚਾ' ਕਰਦਾ ਹੈ। ਬਲੀਜੀਤ ਇਸ ਰਾਹ 'ਤੇ ਤੁਰਦਾ ਨਜ਼ਰ ਆਉਂਦਾ ਹੈ।

**ਅ. ਅਸਹਿਜ ਜੀਵਨ ਦੇ ਕਥਾ-ਬੋਲ: ਉੱਚੀਆਂ ਆਵਾਜ਼ਾਂ**

ਇਸ ਸੰਗ੍ਰਹਿ ਵਿਚਲੀਆਂ ਦਸ ਕਹਾਣੀਆਂ ਵਿੱਚੋਂ ਅਸਹਿਜ ਜੀਵਨ ਦੀਆਂ ਕਈ ਪ੍ਰਤਿਧੁਨੀਆਂ ਸੁਣਾਈ ਦਿੰਦੀਆਂ ਹਨ। ਪਾਤਰ /ਘਟਨਾਵਾਂ/ਸਥਿਤੀਆਂ ਚੋਂ ਉਪਜੀ ਮੌਨ, ਧੀਮੀ, ਪਤਲੀ/ਭਾਰੀ, ਹੌਲੀ 'ਸੁਰ' ਵੀ 'ਉੱਚੀ' ਹੋ ਨਿਬੜਦੀ ਹੈ। ਇੱਥੇ ਇਨ੍ਹਾਂ ਆਵਾਜ਼ਾਂ ਨੂੰ ਸੁਣਨ/ਸਮਝਣ ਦਾ ਅਭਿਆਸ ਕਰਦੇ ਹਾਂ:-

**1.'ਪੰਜ ਆਵਾਜ਼ਾਂ' ਦੀ ਕਹਾਣੀ: ਕਿਸੇ ਪਾਤਰ ਦੀ ਉਡੀਕ ਵਿੱਚ**

1.1 ਸਭਿਆਚਾਰ / ਲੋਕਧਾਰਾ ਖੇਤਰ ਵਿੱਚ 'ਪੰਜ ਅੰਕ' ਨਾਲ ਘਣਾ ਕੁਝ ਜੁੜਿਆ ਹੋਇਆ ਹੈ। ਇਹ ਕਹਾਣੀ ਵੀ ਘਰ ਦੇ ਪੰਜ ਜੀਆਂ ਨੂੰ ਪੰਜ ਕੋਣਾਂ ਤੋਂ ਤੱਕਦੀ ਹੋਈ ਪੰਜਾਂ ਵਿਚਾਲੇ ਬਣੀ ਪੰਜ-ਭੁਜੀ ਡਾਇਆਗ੍ਰਾਮ ਦੀ ਵਿਆਖਿਆ ਕਰਦੀ ਹੈ। ਦਿਲਚਸਪ ਗੱਲ ਇਹ ਹੈ ਕਿ ਗੁਆਂਢੀ ਕਿਰਾਏਦਾਰ ਦੇ ਘਰ/ਜੀਆਂ ਨੂੰ ਤੱਕਣ ਵਾਲੇ 'ਮੈਂ' ਪਾਤਰ ਦੇ ਪਹਿਲੀ ਰਾਤ ਹੀ ਕੰਨੀਂ ਪੰਜ ਆਵਾਜ਼ਾਂ ਪੈਂਦੀਆਂ ਹਨ:-

* **ਗਿਰਦੇ ਸਮਾਨ ਦੀ ਆਵਾਜ਼**
* **'ਡੈਡੀ ਕੈਚ' ਲੜਕੀ ਦੀ ਆਵਾਜ਼**
* **ਦਗੜ ਦਗੜ ਕਰਦੇ ਚੜ੍ਹਦੇ ਹੇਠਾਂ ਉਤਰਦੇ ਬੂਟਾਂ ਦੀ ਆਵਾਜ਼**
* **ਜ਼ੋਰ ਲਾਉਂਦੀਆਂ ਭਾਰੀਆਂ ਹੌਂਕਦੀਆਂ ਆਵਾਜ਼ਾਂ**
* **ਬਜ਼ੁਰਗ ਦੀ ਆਵਾਜ਼**

ਇਨ੍ਹਾਂ ਆਵਾਜ਼ਾਂ ਨੂੰ ਨੇੜਿਉਂ ਸੁਣਨ/ਜਾਣਨ ਦੀ ਉਤਸੁਕਤਾ ਹੀ ਉਸਨੂੰ ਸਕਾਟਲੈਂਡ ਵਾਸੀ ਫਰੇਜ਼ਰ ਟੱਬਰ ਨਾਲ ਜੋੜਦੀ ਹੈ; ਲਿੱਲੀ, ਜੈਸਿਕਾ, ਰਿਆਨ, ਬਰੂਡੀ ਨੂੰ ਜਾਣਨ ਦਾ ਮੌਕਾ ਮਿਲਦਾ ਹੈ। ਇਉਂ 'ਸਵੈ' ਅਤੇ 'ਗੋਰੇ ਪਰਿਵਾਰ' ਦੀ ਮਾਨਸਿਕ ਉੱਥਲ ਪੁੱਥਲ ਕਥਾ-ਨਿਰਮਾਣਕਾਰੀ ਕਰਦੀ ਹੈ। ਫਰੇਜ਼ਰ -ਲਿੱਲੀ ਦੇ ਘਰ ਛੱਡ ਕੇ ਚਲੇ ਜਾਣ ਤੋਂ ਬਾਅਦ ਉਹ ਆਪਣੇ ਅੰਦਰਲੇ ਖ਼ਲਾਅ ਨੂੰ ਭਰਨ ਲਈ ਉਨ੍ਹਾਂ ਵਰਗੇ 'ਕਿਸੇ ਪਾਤਰ ਦੀ ਉਡੀਕ ' ਕਰਦਾ ਹੈ ।

1.2 ਫਰੇਜ਼ਰ ਦੇ ਪੂਰਵਜਾਂ ਦੀ ਭਾਰਤੀ ਸਾਂਝ, ਉਸਦੀ ਜਵਾਨ ਹਮਸਫ਼ਰ, ਖੁੱਲ੍ਹੇ ਸੁਭਾਅ ਦੇ ਬੱਚੇ, ਰਹਿਣੀ-ਬਹਿਣੀ, ਈਸਾਈਅਤ ਪ੍ਰਚਾਰ-ਪ੍ਰਸਾਰ ਆਦਿ ਨਾਲ ਜੁੜੀ ਜਾਣਕਾਰੀ ਜਿੱਥੇ ਉਸ ਲਈ 'ਉਲਝਣ' ਪੈਦਾ ਕਰਦੀ ਹੈ। ਉੱਥੇ ਦੂਜੇ ਬੰਨੇ ਕ੍ਰਿਸਮਸ ਵਾਲੇ ਦਿਨ ਮਿਲਿਆ ਮਾਣ ਸਨਮਾਨ ਅਤੇ ਬਰੂਡੀ ਨਾਲ ਪੀਤੀ ਸ਼ਰਾਬ 'ਸਾਂਝ' ਪੈਦਾ ਕਰਦੀ ਹੈ।

1.3 ਗੋਰੇ ਪਰਿਵਾਰ ਦੇ 'ਪੰਜ' ਜੀਆਂ ਨੂੰ ਚਰਚ ਵਿੱਚ ਜਾ ਯਾਦ ਕੀਤਾ ਜਾਂਦਾ ਹੈ **ਮੈਂ *ਹਰ ਸਾਲ ਈਸਾ ਦੇ ਜਨਮ ਦਿਨ ਉੱਤੇ ਚਰਚ ਜਾਂਦਾਂ- ਪੰਜਾਂ 'ਚੋਂ ਕੋਈ ਹੀ ਦਿਸ ਪਵੇ - ਚਰਚ ਅੰਦਰ ਪੁੱਛਿਆ - ਕਿਸੇ ਨੇ ਕੁਝ ਨਾ ਪੱਲੇ ਪਾਇਆ - ਪੰਜ ਮੋਮਬੱਤੀਆਂ ਖ਼ਰੀਦ ਕੇ ਈਸਾ ਦੀ ਮੂਰਤੀ ਮੂਹਰੇ ਬਾਲ ਦਿੱਤੀਆਂ - "ਪੰਜ ਕਿਉਂ"— " ਪਤਨੀ ਦੇ ਸਵਾਲ ਦਾ ਕੋਈ ਜਵਾਬ ਨਹੀਂ ਮੇਰੇ ਕੋਲ।*** [2]

*1.3.1* **'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਵਿੱਚ 'ਪੰਜ ਭੀਖਮਾ'** [3] ਇੰਦਰਾਜ਼ ਅਧੀਨ ਲਿਖਿਆ ਹੈ:- ਕੱਤਕ ਦੇ ਚਾਨਣ ਪੱਖ ਦੀ ਇਕਾਦਸ਼ੀ ਤੋਂ ਪੂਰਨਮਾਸ਼ੀ ਤਕ ਦੀਆਂ ਪੰਜ ਤਿੱਥਾਂ ਨੂੰ, ਪੰਜ ਭੀਖਮਾ ਕਿਹਾ ਜਾਂਦਾ ਹੈ। ਪੁਰਾਣਿਕ ਕਥਾ ਅਨੁਸਾਰ ਇਨ੍ਹਾਂ ਪੰਜ ਤਿੱਥਾਂ ਨੂੰ, ਭੀਸ਼ਮ ਪਿਤਾਮਾ ਨੇ,ਪੰਜ ਪਾਂਡਵਾਂ ਨੂੰ ਰਾਜਨੀਤੀ ਤੇ ਧਰਮ ਬਾਰੇ ਸਿਖਸ਼ਾ ਤੇ ਗਿਆਨ ਦਿੱਤਾ ਸੀ। ਇਨੀਂ ਦਿਨੀਂ ਕ੍ਰਿਸ਼ਨ ਜੀ ਵੀ ਉਨ੍ਹਾਂ ਕੋਲ ਹੀ ਬੈਠੇ ਸਨ। ਉਨ੍ਹਾਂ ਨੇ ਭੀਸ਼ਮ ਦੀਆਂ ਗਿਆਨ ਦੀਆਂ ਗੱਲਾਂ ਸੁਣ ਕੇ ਵਰ ਦਿੱਤਾ ਕਿ ਜਿਹੜਾ ਪ੍ਰਾਣੀ ਇਨ੍ਹਾਂ ਪੰਜ ਦਿਨਾਂ ਵਿਚ ਵਰਤ ਰੱਖੇਗਾ ਤੇ ਦੀਵਾ ਬਾਲੇਗਾ ਉਸਨੂੰ ਸੰਸਾਰਕ ਸੁਖ ਦੀ ਪ੍ਰਾਪਤੀ ਹੋਵੇਗੀ ਅਤੇ ਮਰਨ ਮਗਰੋਂ ਮੁਕਤੀ ਮਿਲੇਗੀ।

**'ਪੰਜ ਆਵਾਜ਼ਾਂ' ਨੂੰ ਸੁਣਦਿਆਂ ਦਿਮਾਗ਼ ਕਈ ਪਾਸੇ ਘੁੰਮਦਾ ਹੈ।**

**2.'ਮੁਰਦਾ-ਦੇਹ' ਦੀ ਆਵਾਜ਼: ਮੌਤ ਦੀ ਉਡੀਕ ਵਿੱਚ**

2.1 ਪਰਿਵਾਰ ਦੀਆਂ ਦੋਹਾਂ ਧਿਰਾਂ ਵੱਲੋਂ 'ਮਾਂ ਦੀ ਮੌਤ ਨੂੰ ਤੀਬਰਤਾ ਨਾਲ ਉਡੀਕਣਾ' : ਕਥਾ ਦਾ ਮੁੱਖ ਥੀਮ ਹੈ।

2.2 ਡਾ ਸਿੰਗਲਾ ਵੱਲੋਂ ਪਿਤਾ ਦੀ ਲਿਖੀ ਵਸੀਅਤ ਅਨੁਸਾਰ ਮਾਂ ਨੂੰ 'ਸਾਂਭਣਾ' ; ਲਾਸ਼ ਨੂੰ ਪੌੜੀਆਂ ਤੋਂ ਉਤਾਰਨ ਦਾ ਅਭਿਆਸ ਕਰਨਾ; ਲੋਕਾਚਾਰ/ਸੰਸਕਾਰਾਂ ਦੀ ਘੇਰਾਬੰਦੀ ਆਦਿ ਆਦਿ ਪੱਖ 'ਮੁਰਦਾ-ਦੇਹ' ਦਾ ਸੂਚਕ ਬਣਦੇ ਹਨ।

2.2.1 ਮਾਂ ਕੁਸਮਵਤੀ ਰੋਂਦੀ ਹੋਈ ਭਗਵਾਨ ਤੋਂ ਮੌਤ ਮੰਗਦੀ ਹੈ। ਛੋਟੀ ਨੂੰਹ ਦੇ ਕੜਕਵੇਂ ਬੋਲ ਵੀ ਉਸਦੀ 'ਮੁਰਦਾ-ਰੂਹ' ਦਾ ਪ੍ਰਮਾਣ ਬਣਦੇ ਹਨ: ਨਾ *ਅਸੀਂ ਕਿਸੇ ਦੀ ਦੁਕਾਨ 'ਤੇ ਜਾਈਏ, ਨਾ ਕੋਈ ਸਾਡੇ ਘਰ ਵੜੇ।*[4]

2.3 ਡਾ ਸਿੰਗਲਾ ਦੇ ਪਰਿਵਾਰਕ 'ਪੰਜ' ਮੈਂਬਰਾਂ ਵਿੱਚ ਜਦ ਛੋਟੇ ਭਰਾ ਦੇ 'ਚਾਰ' ਜੀਅ ਜੁੜਦੇ ਹਨ ਤਾਂ ਉਸਦੀ 'ਅਸਹਿਜਤਾ' ਵਿੱਚ ਹੋਰ ਵਾਧਾ ਹੁੰਦਾ ਹੈ।

2.3.1 ਪਹਿਲੀ ਕਹਾਣੀ ਵਿੱਚ ਵੀ ਪੰਜ+ਗੁਆਂਢੀ ਚਾਰ ਪਾਤਰਾਂ ਦਾ ਸਮੀਕਰਣ ਬਣਦਾ ਹੈ। ਦੋਵਾਂ ਕਹਾਣੀਆਂ ਵਿੱਚ 'ਉਡੀਕ' ਦੇ ਆਪਣੇ ਆਪਣੇ ਮਾਇਨੇ ਹਨ।

**3. ਸੁਪਨੇ 'ਚ ਤੰਗ ਕਰਦੀਆਂ ਆਵਾਜ਼ਾਂ : ਰੇਤ ਦਾ ਘਰ**

3.1 ਉੱਤਮ ਪੁਰਖੀ ਪਾਤਰ ਦਾ ਘਰ- ਨਿਰਮਾਣਕਾਰੀ ਵੇਲੇ ਮਿਸਤਰੀ/ਪੇਂਟਰਾਂ/ਠੇਕੇਦਾਰਾਂ ਆਦਿ ਦੇ ਹੱਥੋਂ 'ਲੁੱਟੇ ਜਾਣਾ' ; ਉਸਨੂੰ ਅਲਗਾਵ, ਬੇਗਾਨਗੀ, ਅਸੁਰੱਖਿਆ ਭਾਵਨਾ ਵੱਲ ਧਕੇਲਦਾ ਹੈ। ਘਰ ਅੰਦਰ ਛਿਪਕਲੀਆਂ ਵੱਲੋਂ ਬਣਾਏ ਲਾਂਘੇ ਨੂੰ ਬੰਦ ਕਰਨ ਲਈ 'ਰੇਤ' ਨੂੰ ਚੋਰੀ ਕਰਨ ਦਾ ਡਰਾਉਣਾ ਸੁਪਨਾ ਹੀਣ-ਭਾਵਨਾ ਪੈਦਾ ਕਰਦਾ ਹੈ।

**3.1.2 'ਰੇਤ ਦੇ ਘਰ' ਦਾ ਮੈਟਾਫ਼ਰ ਮੱਧਵਰਗੀ ਜੀਵਨ-ਵਿਉਂਤਕਾਰੀ ਵਿੱਚ ਅਸੁਰੱਖਿਅਤ ਹੋਂਦ - ਹੋਣੀ ਨਾਲ ਸਬੰਧਤ ਹੈ।**

3.2 ਝੁੱਗੀਨੁਮਾਂ ਅਤੇ ਕਿਰਾਏ ਦੇ ਸਤਾਈ ਘਰਾਂ ਦਾ ਤਜ਼ਰਬਾ; ਠੇਕੇਦਾਰਾਂ ਦੀਆਂ ਲੀਡਰਨੁਮਾ ਲੰਬੀਆਂ/ਛੋਟੀਆਂ/ਮੋਟੀਆਂ/ਪਤਲੀਆਂ ਆਵਾਜ਼ਾਂ;ਹਥੌੜੀ ਦੀਆਂ ਸੱਟਾਂ ਦੇ ਖੜ੍ਹਾਕ ਵਿੱਚ ਕੰਨ 'ਬੁੱਜ' ਹੁੰਦੇ ਹਨ। "**ਇਹ *ਲੋਕ ਹੁਣ ਸਾਡੇ ਘਰ ਢਾਹ ਰਹੇ ਐ*"**[5] ਸੁਣ ਗੱਚ ਭਰ ਆਉਂਦਾ ਹੈ।

**4. ਸਿਮਰਤੀ 'ਚ ਗੂੰਜਦੀਆਂ ਆਵਾਜ਼ਾਂ: ਹਨੇਰੇ ਦੀ ਫ਼ਰਦ**

4.1 ਉੱਤਮ ਪੁਰਖੀ /ਪੁਆਧੀ ਆਂਚਲਿਕ -ਵਿਵਹਾਰ/ ਵੇਰਵਿਆਂ ਵਿੱਚ ਹਾਜ਼ਰ ਕਹਾਣੀ ਦੱਸ ਪਾਉਂਦੀ ਹੈ ਕਿ ਵਿਕਾਸ ਮਾਡਲ ਦੇ ਨਾਂ 'ਤੇ ਪਿੰਡਾਂ ਦਾ ਨਵੀਨੀਕਰਨ ਕੁਦਰਤੀ ਵਾਤਾਵਰਨ ਨੂੰ ਖ਼ਤਮ ਕਰ ਰਿਹਾ ਹੈ। ਸਮਾਜਕ, ਸਭਿਆਚਰਕ ਰਹਿਤਲ ਉੱਪਰ ਬਹੁਮੰਜ਼ਿਲਾ ਇਮਾਰਤਸਾਜ਼ੀ ਭਾਰੂ ਪੈ ਰਹੀ ਹੈ। ਸਰਕਾਰ ਵੱਲੋਂ ਦੁਕਾਨਾਂ, ਮਕਾਨਾਂ, ਖਤਾਨਾਂ ਉੱਤੇ ਉਸੱਰ ਰਹੀਆਂ ਇਮਾਰਤਾਂ ਦਾ 'ਚੁਰਾਸੀ' ਰੁਪਏ ਪ੍ਰਤੀ ਗਜ਼ ਦਿੱਤਾ ਜਾਣ ਵਾਲਾ ਮੁਆਵਜ਼ਾ ਕਾਰਪੋਰੇਟ ਘਰਾਣਿਆਂ ਨੂੰ ਨੌਂ ਸੌ ਚੁਰਾਸੀ ਰੁਪਏ ਪ੍ਰਤੀ ਗਜ਼ ਨਾਲ ਅਲਾਟ ਕੀਤਾ ਜਾਂਦਾ ਹੈ।

4.1.1 ਚੁਰਾਸੀ ਅੰਕ ਦਾ ਇਹ *ਚਿਹਨ ਚੱਕਰ ਚੁਰਾਸੀ ਜੂਨਾਂ ਦੇ ਗੇੜ ਵਿੱਚ ਫਸੀ ਲੋਕਾਂ ਦੀ ਵੇਦਨਾ ਦਾ ਪ੍ਰਤੀਕਮਈ ਪ੍ਰਗਟਾਵਾ ਹੈ।*[6]

4.2 ਪਾਤਰ ਦੀ ਸਿਮਰਤੀ 'ਚ ਜਦ ਝੋਟੇ ਦਾ ਫੁੰਨਕਾਰਾ, ਕੁੱਤੇ -ਕੁੱਤੀ ਦੀ ਬੀਨ, ਬਾਪੂ ਦੀ ਚੀਕ, ਝਿਉਰਾਂ ਦੇ ਉੱਚੇ ਬੋਲ, ਅਫ਼ਸਰ ਦੇ ਗ਼ੁੱਸੇ ਨੂੰ ਪਾੜਦੀ ਆਵਾਜ਼ ਗੂੰਜਦੀ ਹੈ ਤਾਂ ਨਿੱਘੇ ਰਿਸ਼ਤੇ ਯਾਦ ਆਉਂਦੇ ਹਨ ;ਜੋ 'ਸਰਕਾਰੀ ਝੋਟਿਆਂ ਦੇ ਖੁਰਾਂ ਹੇਠ ਦਬ ਗਏ' ਹਨ।

ਇਹ ਮਨੋਸਥਿਤੀ ਹੀ ਬੇਚੈਨ ਕਰਦੀ ਹੈ।

4.2.1 ਨਾਗਮਣੀ ਸਕੂਲ ਦੇ ਕਥਾਕਾਰ ਹਰਪਾਲ ਸਿੰਘ ਲੱਖੀਆਂ ਨੇ ਵੀ ਛੇਵੇਂ ਸਤਵੇਂ ਦਹਾਕੇ ਵਿਚ ਅਜਿਹੀ ਸ਼ੈਲੀ ਵਾਲੀਆਂ ਕਹਾਣੀਆਂ ਲਿਖੀਆਂ ਹਨ।

**5.ਪੇਟ ਦੀ ਆਵਾਜ਼: ਨਮਸਕਾਰ**

5.1 ਪੇਟ ਅਤੇ ਪੈਸੇ ਦੀ ਭੁੱਖ ਵਿੱਚ ਢੇਰ ਅੰਤਰ ਹੈ। ਅਫ਼ਸਰਸ਼ਾਹੀ ਬਨਾਮ ਭਿਖਾਰੀ ਦੀਆਂ ਭਾਵਨਾਵਾਂ ਨੂੰ ਜਾਣਨ ਲਈ ਕਥਾ-ਪਾਠ ਜ਼ਰੂਰੀ ਹੈ। ਹਵਾਲੇ ਵੱਜੋਂ ਆਖ਼ਰੀ ਫ਼ਿਕਰਾ ਹੀ ਬਹੁਤ ਹੈ:-***ਆਹ ਰੋਟੀ ਕੁੱਤੇ ਨੂੰ ਨਾ ਪਾ, ਮੈਨੂੰ ਦੇ ਦੇਹ — ਚਾਹ ਨਾਲ ਖਾਊਂ। ਤੇ ਮੈਨੂੰ ਹੱਥ ਜੋੜ ਕੇ ਝੁਕ ਕੇ ਨਮਸਕਾਰ ਕਰਦਾ ਦੂਹਰਾ ਹੋ ਕੇ ਆਪਣਾ ਸਿਰ ਆਪਣੇ ਢਿੱਡ ਤੱਕ ਲੈ ਗਿਆ।*** [7]

5.2 ਕੁਲਵੰਤ ਸਿੰਘ ਵਿਰਕ ਅਤੇ ਦਰਸ਼ਨ ਜੋਗਾ ਨੇ ਵੀ ਇਸ ਸਿਰਲੇਖ ਹੇਠ ਖ਼ੂਬਸੂਰਤ ਕਹਾਣੀਆਂ ਲਿਖੀਆਂ ਹਨ।

**6.ਆਤਮਿਕ ਆਵਾਜ਼ ਚੋਂ ਨਿਕਲਿਆ ਸ਼ਬਦ: ਨੂਣ**

6.1 ਨੂਣ (ਲੂਣ) : ਵਫ਼ਾਦਾਰੀ ਦਾ ਚਿੰਨ੍ਹ ਹੈ। ਪੰਜਾਬੀ ਗੁਰਮਤਿ ਸੰਸਾਰ ਵਿੱਚ 'ਲੂਣ' ਨਾਲ ਸੰਬੰਧਤ ਪ੍ਰਚਲਿਤ ਸਾਖੀ ਵੀ ਮਿਲਦੀ ਹੈ। ਇਹ ਕਹਾਣੀ ਬੰਦੇ ਅਤੇ ਪਸ਼ੂ -ਜੀਵ ਦੇ ਸੰਬੰਧਾਂ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ।

6..1.1 ਸੁਦਾਗਰ ਪਸ਼ੂਆਂ ਦੀ ਖੱਲ ਲਾਉਣ ਦੇ ਰਵਾਇਤੀ ਕਿੱਤੇ ਨਾਲ ਜੁੜਿਆ ਉਹ ਇਨਸਾਨ ਹੈ:- ਜਿਸਦਾ ਘਰ 'ਪਸ਼ੂ-ਧਨ' ਨਾਲ ਜੁੜਿਆ ਹੋਇਆ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਆਰਥਕਤਾ ਨੂੰ ਮਜ਼ਬੂਤ ਕਰਨ ਲਈ ਹੱਥੀਂ ਪਾਲੀ ਹੋਈ ਮੱਝ ਦੀ 'ਖੱਲ' ਲਾਉਣ ਲਈ ਜਦ ਮਜਬੂਰ ਹੁੰਦਾ ਹੈ ਤਾਂ ਉਸਦੀ ਆਤਮਾ ਚੋਂ ਨਿਕਲਦਾ ਸ਼ਬਦ :-**'ਹਂ** *ਅਂ ਅਂ...ਨੂ -ਅ-ਣ..." ਪਾਠਕ ਨੂੰ ਸੁੰਨ ਕਰ ਕੇ ਰੱਖ ਦਿੰਦਾ ਹੈ:-* ***"ਪ੍ਰਸਿੰਨੀ- ਏਹਨੂੰ ਕਿਹੜਾ ਮਾਸਟਰ ਪੜ੍ਹਾ ਗਿਆ- ਬਈ ਮੈਂ ਚਮੜੇ ਦਾ ਕੰਮ ਕਰਦਾਂ??"*** [8]

6.2 ਹਾਸ਼ੀਆਗਤ ਸ਼੍ਰੇਣੀ ਦੀ ਨੂਣ ਭਰੀ ਜ਼ਿੰਦਗੀ ਦੇ ਅਨੇਕਾਂ ਪਾਸਾਰ ਆਪ ਮੁਹਾਰੇ ਹੀ ਸ਼ਾਮਲ ਹੋ ਗਏ ਹਨ।

6.2.1 ਘਰ- ਪਸ਼ੂ ਜੀਵ ਦੀ ਗਾਥਾ ਨਾਲ ਨਾਲ ਹੀ ਚੱਲਦੀ ਹੈ। ਝੋਟੀ, ਮਹੀਆਂ, ਮੁਰਗੀਆਂ, ਕੱਟੇ, ਕੱਟੀਆਂ, ਪੁੱਤ, ਧੀਆਂ ਪ੍ਰਤੀਕਾਤਮਕ ਕੋਡ 'ਚ ਰੂਪਾਂਤਰ ਹੋ ਕਥਾ-ਸੰਚਾਰ ਨੂੰ ਡੂੰਘਾ ਕਰਦੇ ਹਨ।

6.3 'ਬੀਂਗੇ ਸਿੰਗਾਂ ਆਲੀ' ਅੱਲ :- ਕਥਾ-ਬਣਤਰ/ਬੁਣਤਰ ਨੂੰ ਠੋਸ ਕਰਦੀ ਹੈ।

**7.ਦਫ਼ਤਰੀ -ਜੀਵਨ ਦੀਆਂ ਆਵਾਜ਼ਾਂ ਚੋਂ ਉਪਜਿਆ ਬਿਰਤਾਂਤ: ਗੁਬਾਰੇ**

7.1 'ਦਫ਼ਤਰ' ਦੀ ਵੀ ਆਪਣੀ ਜੀਵਨ-ਸ਼ੈਲੀ ਹੈ। ਜਿਸ ਵਿੱਚ ਮੁਲਾਜ਼ਮਾਂ ਦਾ 'ਸੁਪਨ-ਸੰਸਾਰ' ਵੱਸਦਾ ਹੈ।

7.1.1 ਦਫ਼ਤਰ ਦੇ ਮੈਨੇਜਰ ਨੂੰ 'ਪਰਸਨਲ ਸੈਕਟਰੀ ' ਦੀ ਪ੍ਰਭਾਵੀ ਦਿੱਖ ਆਕਰਸ਼ਿਤ ਕਰਦੀ ਹੈ । ਉਹ ਮੋਬਾਇਲ -ਸੁਨੇਹੇ ਦੀ ਸਹਾਇਤਾ ਨਾਲ ਸੰਚਾਰ ਸਥਾਪਤੀ ਲੋਚਦਾ ਹੈ। ਅਕਾਓਂਟੈਂਟ ਵਾਲੀਆ, ਬੁੱਢੀ ਚਪੜਾਸਨ ਆਦਿ ਪੂਰੀ ਨਿਗਾਹ ਰੱਖਦੇ ਹਨ। ਬਦਲਦੇ ਮਾਹੌਲ ਵਿੱਚ ਸੈਕਟਰੀ ਦੇ ਮੈਚਿੰਗ ਸੂਟ, ਵਟਸਐਪ ਸੁਨੇਹੇ ਜਿੱਥੇ ਊਰਜਿਤ ਕਰਦੇ ਕਰਦੇ ਹਨ ਉੱਥੇ ਪਰਸ ਵਿੱਚ ਪਿਆ ਮੋਬਾਈਲ 'ਐਟਮ ਬੰਬ' ਵੀ ਜਾਪਦਾ ਹੈ।

7.2 ਘਰ ਬਨਾਮ ਦਫ਼ਤਰ ਜੀਵਨ ਦੇ ਬਿਰਤਾਂਤ ਵਿੱਚ 'ਲਫੰਡਰ ਬਾਪ' ਦਾ ਵੀ ਜ਼ਿਕਰ ਆਉਂਦਾ ਹੈ: ਮੇਰਾ *ਬਾਪੂ ਸਾਡੇ ਘਰ ਦਾ ਜੀਅ ਬਣ ਕੇ ਮੇਰੀ ਮਾਂ ਨੂੰ ਨਾਮ ਲੈ ਕੇ ਆਵਾਜ਼ ਮਾਰਦਾ ਮੇਰੇ ਬਾਰੇ ਪੁੱਛਦਾ ਹੁੰਦਾ ਸੀ ਤੇ ਮੈਨੂੰ ਚਾਅ 'ਚ ਆਪਣੀਆਂ ਬਾਹਾਂ 'ਚ ਘੁੱਟ ਲੈਂਦਾ ਸੀ ਤਾਂ ਆਹ ਗਧੇ ਜਹੇ - ਪਰ ਸਿੱਧੀ*

*ਗਰਦਣ ਵਾਲਾ ਮੈਨੇਜਰ ਹੀ ਤਾਂ ਲੱਗਦਾ ਸੀ –ਹੋਰ ਕੀ ਨੇ ਇਹ ਕੁੱਤੇ – ਦੁਨੀਆਂ ਦੀ ਕੁੱਤੀ ਮਰਦ–ਹਰਾਮਦੀ ਜਾਤ ਨੂੰ ਮੇਰੇ ਵੱਡੇ ਭਾਈ ਰਾਹੀਂ ਪਤਾ ਲੱਗ ਗਿਆ ਸੀ ਕਿ ਮੈਨੂੰ ਮਾਹਵਾਰੀ ਆਉਣੀ ਸ਼ੁਰੂ ਹੋ ਗਈ ਐ– ਇਹਨੂੰ ਮਨੈਜੇਰ ਨੂੰ ਕੀ ਕਹਿਣਾ ...*[9]

7.3 ਪਤੀ ਦੇ ਘੁਰਾੜੇ ਵੱਜਣ ਕਾਰਣ ਖਿਆਲਾਂ ਵਿੱਚ 'ਗੁਬਾਰਿਆਂ ਵਾਲਾ ਭਾਈ' ਆਉਂਦਾ ਹੈ ਤਾਂ ਮਨ ਦਾ ਗੁਬਾਰ ਨਿਕਲਦਾ ਹੈ; ਇਸ ਚੋਂ ਹੀ ਕਥਾ– ਸਿਰਨਾਵਾਂ ਉਦੈ ਹੁੰਦਾ ਹੈ।

**8. ਜਿੰਦਗੀ ਤੋਂ ਟੁੱਟੇ ਕਿਰਦਾਰ ਦੀ ਕੌੜੀ ਆਵਾਜ਼: ਡਾਕਟਰ ਗੁਪਤਾ**

**8.1** ਜੇ.ਬੀ. ਸੇਖੋਂ ਦਾ ਵਿਚਾਰ ਦਰੁਸਤ ਹੈ ਕਿ ਇਹ 'ਰੇਖਾ *ਚਿੱਤਰ ਨੁਮਾ ਗਲਪ ਸ਼ੈਲੀ'*[10] ਵਿੱਚ ਲਿਖੀ ਕਹਾਣੀ ਹੈ। ਡਾ ਗੁਪਤਾ ਦੀ ਅਸਹਿਜ ਜੀਵਨ –ਗੁਪਤਾ ਨੂੰ ਮੁੱਖ ਬਿੰਦੂ ਵਿਚ ਲਿਆਉਣਾ ਹੀ ਮੁੱਖ ਟੀਚਾ ਹੈ। ਹੋਮਿਓਪੈਥੀ ਵਣਜ ਦੌਰਾਨ ਮਰੀਜ਼ਾਂ ਨੂੰ ਬੋਲੇ ਜਾਣ ਵਾਲੇ 'ਕੌੜੇ ਬੋਲ' ਹੀ ਉਸਦੇ ਕਿਰਦਾਰ ਨੂੰ 'ਨਿੰਦਣਯੋਗ' ਬਣਾਉਂਦੇ ਹਨ।

8.2 **'ਐਬਸਰਡ ਸ਼ੈਲੀ ' ਵਿੱਚ ਕੁਝ ਨਾ ਵਾਪਰਨਾ ਵੀ 'ਵਾਪਰਨਾ' ਹੀ ਹੁੰਦਾ ਹੈ: ਕਹਾਣੀ ਇਹੋ ਜਿਹੀ ਹੈ।**

**9. ਸਾਂਝੀਵਾਲਤਾ ਦੀ ਆਵਾਜ਼ :ਸਿਰ ਦੇ ਵਾਲ**

**9.1** ਪੰਜਾਬ–ਸੰਤਾਪ/ਦੰਗਿਆਂ ਬਾਰੇ ਬੜਾ ਕੁਝ ਲਿਖਿਆ ਗਿਆ ਹੈ/ਲਿਖਿਆ ਜਾ ਰਿਹਾ ਹੈ / ਲਿਖਿਆ ਜਾਵੇਗਾ।

9.1.1 ਪ੍ਰਧਾਨ ਮੰਤਰੀ ਦੀ ਮੌਤ ਤੋਂ ਬਾਅਦ ਬਣੇ ਅਣਸੁਖਾਵੇਂ ਹਲਾਤਾਂ ਨੂੰ ਬਿਆਨਦੀ ਕਹਾਣੀ ਸੁਨੇਹਾ ਦਿੰਦੀ ਹੈ ਕਿ 'ਸਾਂਝੀਵਾਲਤਾ' ਨੂੰ ਬਰਕਰਾਰ ਰੱਖਣ ਲਈ 'ਵਰਜਣਾਵਾਂ' ਤੋੜਨੀਆਂ ਪੈਂਦੀਆਂ ਹਨ। ਜਿਵੇਂ:– ਬਾਥਰੂਮ *ਵਿੱਚ ਅਗਜੌਸਟ ਫੈਨ ਚਲਾ ਕੇ ਸਿਗਰਟ ਪੀਤੀ। ਮੈਨੂੰ ਘਰ ਵਿਚੋਂ ਜੈਕਾਰੇ ਦੀ ਆਵਾਜ਼ ਆਈ: "ਬੋਲੇ ਸੋ ਨਿਹਾਲ ..." "ਸਾਸਰੀ –ਅਕਾਲ", ਮੈਂ ਬਾਥਰੂਮ ਵਿੱਚੋਂ ਉੱਚਾ ਹੁੰਘਾਰਾ ਭਰਿਆ।*[11]

*9.1.2* ਹਿੰਦੂ –ਸਿੱਖ ਸਮੁਦਾਇ ਵਿੱਚ ਫੈਲੀ ਅਸੰਤੋਸ਼, ਹਿੰਸਕ ਭਾਵਨਾ ਨਾਲ ਸਮਾਜਕ/ਮਾਨਸਕ ਸੰਤੁਲਨ ਵਿਗੜਦਾ ਹੈ। ਪਰ ਸੂਝਵਾਨ ਲੋਕ 'ਉਸਾਰੂ ਸੋਚ' ਨਾਲ ਸਥਿਤੀ ਸੰਭਾਲਣ ਵਿੱਚ ਕਾਮਯਾਬ ਹੁੰਦੇ ਹਨ।

9.2 ਕਹਾਣੀ ਵਿੱਚ ਬਜ਼ੁਰਗ ਦੇ 'ਸਿਰ ਦੇ ਵਾਲਾਂ ' ਦੀ 'ਪੁਜੀਸਨ' : ਪੰਜਾਬ ਸੰਕਟ ਦੀ ਨਿਸ਼ਾਨਦੇਹੀ ਕਰਦੀ ਹੈ।

**10. ਯਥਾਰਥਕ ਜੀਵਨ ਦੀਆਂ ਗੁੱਝੀਆਂ ਆਵਾਜ਼ਾਂ: ਉੱਚੀਆਂ ਆਵਾਜ਼ਾਂ**

**10.1** ਚੰਗੇ ਸਮਾਜ ਦੀ ਸਿਰਜਣਾ ਵਿੱਚ ਮਨੁੱਖ ਦੀ ਸਿਹਤਯਾਬੀ ਦਾ ਵੀ ਖ਼ਿਆਲ ਰੱਖਿਆ ਜਾਂਦਾ ਹੈ। ਲੇਕਿਨ ਪੂੰਜੀ ਵੱਲੋਂ ਸਿਹਤ ਵਿਵਸਥਾ ਨੂੰ ਨਿੰਯਤਰਣ ਕਰਨ ਨਾਲ 'ਸਿਹਤ–ਵਿਗਾੜ' ਵਿੱਚ ਵਾਧਾ ਹੋਇਆ ਹੈ। ਬੀਮਾ ਕੰਪਨੀਆਂ ਅਤੇ ਹਸਪਤਾਲਾਂ ਦੀ ਮਿਲੀ ਭੁਗਤ/ ਕਾਰਗੁਜ਼ਾਰੀ ਕਾਰਣ ਰਾਮ ਮੂਰਤੀ ਮਹਿੰਗੇ ਹਸਪਤਾਲ ਤੋਂ ਚਿੱਟੇ ਮੋਤੀਏ ਦਾ ਆਪ੍ਰੇਸ਼ਨ ਕਰਾਉਣ ਦੇ ਵੱਸ ਪੈਂਦਾ ਹੈ। ਇੱਥੇ ਹਸਪਤਾਲਾਂ ਵਿੱਚ ਹੁੰਦੀ ਸਾਜ਼ਿਸ਼ੀ ਲੁੱਟ ਨੂੰ ਅੱਖਾਂ ਵਿਚਲੇ ਮੋਤੀਏ ਨਾਲ ਤੁਲਨਾ ਕੇ ਤਿੱਖਾ ਵਿਅੰਗ ਕੀਤਾ ਗਿਆ ਹੈ।

10.2 ਰਾਮ ਮੂਰਤੀ ਦੀ ਖਾਣਾ ਖਾਂਦਿਆਂ ਆਉਂਦੀ ਆਵਾਜ਼, ਦਾਲ ਸਬਜ਼ੀ ਵਿੱਚ ਖੜਕਦੇ ਚਮਚਿਆਂ ਦੀ ਆਵਾਜ਼ 'ਗੁੱਝੀਆਂ ਰਮਜ਼ਾਂ' ਛੇੜਦੀ ਹੈ।

10.3 ਹਰ ਵਸਤ ਵਾਂਗ ਸਿਹਤ–ਇਲਾਜ ਦਾ 'ਪੈਕਜ' ਬਣ ਜਾਣਾ: ਤਬਦੀਲੀ ਦੇ ਨਿਘਾਰ–ਵਿਹਾਰ ਦਾ ਹਿੱਸਾ ਹੈ।

**ੲ. ਉੱਚੀਆਂ ਆਵਾਜ਼ਾਂ: ਕਥਾ-ਸਾਂਝ**

**ਕਥਾ-ਸਿਰਜਕ**, ਜੀਵਨ ਦੀ ਬੇਤਰਤੀਬੀ ਨੂੰ ਸੂਤਰਿਕ ਢੰਗ ਵਿੱਚ ਪੇਸ਼ ਕਰਦਾ ਹੈ। ਬੇਪਛਾਣੇ ਪਾਤਰ ਸਥਿਤੀਆਂ ਨਾਲ ਜੂਝਦੇ ਹਨ। ਕਿੱਤੇ ਅਤੇ ਜੀਵਨ-ਵਿਉਂਤ ਵਿਚਲਾ ਸੰਚਾਰ-ਪ੍ਰਬੰਧ ਪਾਠਕ ਨੂੰ ਝੰਜੋੜਦਾ ਹੈ। ਕਹਾਣੀਆਂ ਦੀ ਸੁਤੰਤਰ ਅਤੇ ਸਮੱਗਰ ਪਛਾਣ ਵਿੱਚ ਸਿਗਰਟਾਂ, ਸ਼ਰਾਬ, ਪੌੜੀਆਂ/ਮੰਜ਼ਿਲਾਂ, ਘਰ/ਕਿਰਾਏਦਾਰ, ਦੁਕਾਨਾਂ ਵਿੱਚ ਲਟਕਦੇ ਬੋਰਡ ਆਦਿ ਆਦਿ ਸਾਂਝ ਰੂਪ ਵਿੱਚ ਨਜ਼ਰ ਆਉਂਦਾ ਹੈ। ਇਹ ਸਾਂਝ ਪਾਠ-ਪਠਨ ਦੀ ਪ੍ਰਕਿਰਿਆ 'ਚ ਕਿਤੇ ਰੁਕਾਵਟ ਵੀ ਬਣਦੀ ਹੈ।

ਭੂਗੋਲਿਕ ਚੌਗਿਰਦੇ ਦੇ ਵਿਵਰਣ ਨਾਲ ਕਥਾ ਰੌਚਿਕ ਬਣਦੀ ਹੈ। ਇਹ ਰੌਚਿਕਤਾ ਜਦ ਇਤਿਹਾਸ-ਸਮਕਾਲ ਨਾਲ ਜੁੜਦੀ ਹੈ ਤਾਂ ਅਰਥ-ਸੰਚਾਰ ਵਿੱਚ ਹੋਰ ਵਾਧਾ ਹੋ ਜਾਂਦਾ ਹੈ। ਇਉਂ ਕਹਾਣੀਆਂ ਦੇ ਕੜੀਦਾਰ-ਲੜੀਦਾਰ ਸੰਬੰਧਾ ਦਾ ਅਧਿਐਨ ਵੀ ਸੰਭਵ ਹੈ।

**ਅੰਤਲਾ ਵਾਕ: ਇਨ੍ਹਾਂ ਕਥਾ- ਆਵਾਜ਼ਾਂ ਨੂੰ ਸੁਣਨ/ਸਮਝਣ ਵੇਲੇ 'ਸਹਿਜ' ਰਹਿਣਾ ਔਖੈ।**

**ਹਵਾਲੇ ਅਤੇ ਟਿੱਪਣੀਆਂ-**


1.ਡਾ ਪ੍ਰੇਮ ਪ੍ਰਕਾਸ਼, **ਸਿੱਧਾਂਤਕ** ***ਭਾਸ਼ਾ ਵਿਗਿਆਨ*** , ਮਦਾਨ ਪਬਲੀਕੇਸ਼ਨਜ਼, ਪਟਿਆਲਾ, ਐਡੀਸ਼ਨ 2010, ਸਫ਼ਾ/281

2. ਬਲੀਜੀਤ, **ਉੱਚੀਆਂ** ***ਆਵਾਜ਼ਾਂ*** , ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ, 2022, ਸਫ਼ਾ/ 25

3.ਵਣਜਾਰਾ ਬੇਦੀ, ਪੰਜਾਬੀ ***ਲੋਕਧਾਰਾ ਵਿਸ਼ਵ ਕੋਸ਼, ਜਿਲਦ ਸਤਵੀਂ***, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2016, ਸਫ਼ਾ/1651

***4. ਉੱਚੀਆਂ ਆਵਾਜ਼ਾਂ,*** ਸਫ਼ਾ/33

5.ਉਹੀ, ਸਫ਼ਾ/39

6. **ਸ਼ਬਦ**, ***ਅਪ੍ਰੈਲ -ਜੂਨ,2023,*** ਸਫਾ/39

***7.ਉੱਚੀਆਂ ਆਵਾਜ਼ਾਂ,*** ਸਫ਼ਾ/67

8.ਉਹੀ, ਸਫ਼ਾ/81

9.ਉਹੀ, ਸਫਾ/84

10. **ਸ਼ਬਦ**, ***ਅਪ੍ਰੈਲ -ਜੂਨ,2023,*** ਸਫਾ /134


***11.ਉੱਚੀਆਂ ਆਵਾਜ਼ਾਂ,*** ਸਫ਼ਾ/108



(**ਸੰਪਰਕ-8528100088//9794800007**)




**ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ ਵੱਲੋਂ ਰੀਵਿਊ ਲਈ ਭੇਜੀਆਂ ਪੁਸਤਕਾਂ**



# ਮਾਨਵੀ ਖਾਹਿਸ਼ਾ ਦੀ ਅਤ੍ਰਿਪਤੀ ਦਾ ਬਿਰਤਾਂਤ : ਭੁੱਖ ਇਉਂ ਸਾਹ ਲੈਂਦੀ ਹੈ

**ਡਾ. ਜਸਵਿੰਦਰ ਕੌਰ ਬਿੰਦਰਾ**




ਪੰਜਾਬੀ ਕਹਾਣੀ ਦੇ ਖੇਤਰ ਵਿੱਚ ਹੌਲੀ-ਹੌਲੀ ਰਾਹ ਬਣਾ ਕੇ ਅੱਗੇ ਲੰਘਦੀ ਦੀਪਤੀ ਬਬੂਟਾ ਆਪਣੇ ਇਕ ਹੋਰ ਨਵੇਂ ਕਹਾਣੀ ਸੰਗ੍ਰਹਿ 'ਭੁੱਖ ਇਉਂ ਸਾਹ ਲੈਂਦੀ ਹੈ' (**ਪ੍ਰਕਾਸ਼ਕ ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ, ਮੁੱਲ 200ਰੁਪਏ, ਪੰਨੇ 142, ਸਾਲ 2022**) **ਰਾਹੀਂ** ਸਾਡੇ ਸਾਹਵੇਂ ਹਾਜ਼ਰ ਹੋਈ ਹੈ। ਇਨ੍ਹਾਂ ਕਹਾਣੀਆਂ ਰਾਹੀਂ ਉਹ ਸਮਕਾਲ ਤੋਂ ਲੈ ਕੇ ਆਉਣ ਵਾਲੇ ਸਮੇਂ ਤਕ ਦੀ ਪੁਲਾਂਘ ਮਾਰਦੇ ਹੈ।

**'ਵਸ਼ੀਕਰਨ'** ਸਾਧਾਰਣ ਮੱਧਵਰਗੀ ਮੁਟਿਆਰ ਸੰਗੀਤਾ ਦੀ ਕਹਾਣੀ ਹੈ, ਜਿਨ੍ਹਾਂ ਦਾ ਜੀਵਨ ਬਿਰਤਾਂਤ ਵਿਆਹ ਤੋਂ ਪਹਿਲਾ ਬਾਪ ਵੱਲੋਂ ਲਿਖਿਆ ਜਾਂਦਾ ਹੈ ਤੇ ਵਿਆਹ ਬਾਅਦ ਪਤੀ ਵੱਲੋਂ। ਪਹਿਲੇ ਬਾਪ ਦੇ ਕਹਿਣ ਤੇ ਉਸ 'ਟਾਈਮ ਪਾਸ' ਲਈ ਸਕੂਲ ਟੀਚਰ ਦੀ ਨੌਕਰੀ ਕਰ ਲਈ। ਫਿਰ ਨਾਇਬ ਤਹਿਸੀਲਦਾਰ ਨਾਲ ਵਿਆਹ ਹੋਣ ਕਾਰਣ, ਸਕੂਲ ਤੇ ਪੀ. ਸੀ. ਐਸ. ਦੀ ਤਿਆਰੀ ਸਭ ਪਿੱਛੇ ਰਹਿ ਗਈ। ਹੁਣ ਉਹ ਦੋ ਜਵਾਨ ਬੱਚਿਆਂ ਦੀ ਮਾਂ, ਵੱਡੇ ਸਰਕਾਰੀ ਅਫਸਰ ਦੀ ਬੀਵੀ, ਵੱਡੀ ਕੋਠੀ, ਵੱਡਾ ਰੁਤਬਾ, ਸਾਰੇ ਸੁਖ ਹਾਸਲ । ਜੋ ਇਕ ਉੱਚ ਮੱਧਵਰਗ ਪਰਿਵਾਰ ਦੀ ਪਛਾਣ ਬਣਦੇ ਹਨ ਤੇ ਸਮਾਜ ਉਸ ਨੂੰ 'ਸਫ਼ਲ' ਸਮਝਦਾ ਹੈ। ਪਰ ਇਨ੍ਹਾਂ ਸਭ ਸਹੂਲਤਾਂ ਵਿੱਚ 'ਸੰਗੀਤਾ' ਵਰਗੀਆਂ ਅਨੇਕਾਂ ਔਰਤਾਂ ਕਈ ਵਾਰ ਖਾਲੀਪਨ ਮਹਿਸੂਸ ਕਰਦੀਆਂ ਹਨ, ਕਿਉਂਕਿ ਇਹ ਸਾਰੇ ਸੁਖ ਤੇ ਇੱਜ਼ਤ-ਮਾਣ ਪਤੀ ਕਾਰਣ ਪ੍ਰਾਪਤ ਹੁੰਦੇ ਹਨ। ਸੰਗੀਤਾ ਵੀ ਇਸੇ ਸੱਖਣੇਪਨ ਨੂੰ ਭੋਗਦੀ, ਜੇ ਕਿਤੇ ਉਸ ਦਾ ਮੇਲ ਸੋਸ਼ਲ ਮੀਡੀਆ ਰਾਹੀ ਅਭੀਜੀਤ ਨਾਲ ਨਾ ਹੋਇਆ ਹੁੰਦਾ। ਅਭੀਜੀਤ ਨੂੰ ਮਿਲ ਕੇ ਉਹ ਡੋਲਣ ਲੱਗ ਪਈ, ਸ਼ਾਇਦ ਉਸ ਵੱਲ ਉਲਾਰ ਹੋ ਹੀ ਚਲੀ ਸੀ, ਕਿ ਅਭੀਜੀਤ ਵਲੋਂ 'ਮਿੱਠੀ ਤਹਿਸੀਲਦਾਰਨੀ' ਕਹਿ ਕੇ ਪੁਕਾਰੇ ਜਾਣ ਤੇ ਜਿਵੇਂ ਉਹ ਗਹਿਰੀ ਨੀਂਦਰ ਤੋਂ ਜਾਗ ਗਈ। ਆਪਣੇ ਪਤੀ, ਉਸ ਦੇ ਸਟੇਟਸ ਤੋਂ ਪੁਕਾਰੇ ਜਾਣ ਵਾਲੀ ਦੀ ਆਪਣੀ ਕੋਈ ਪਛਾਣ ਤੇ ਹੋਂਦ ਨਹੀਂ ਸੀ, ਇੱਥੋਂ ਤਕ ਕਿ ਉਸ ਦੇ ਆਪਣੇ ਨਾਂ ਦੀ ਵੀ ਕੋਈ ਅਹਿਮੀਅਤ ਨਹੀਂ ਰਹੀ। ਤਨਜ਼ ਨਾਲ ਪੁਕਾਰਿਆ ਗਿਆ ਨਾਂ ਉਸ ਨੂੰ ਹਰ ਤਰ੍ਹਾਂ ਦੇ ਵਸ਼ੀਕਰਣ ਤੋਂ ਮੁਕਤ ਕਰ ਗਿਆ।

ਪਛਾਣ ਤੇ ਵਜੂਦ ਦਾ ਮੁੱਦਾ **'ਸਿਰਫ਼ ਐਨੀ ਮੇਰੀ ਬਾਤ ਨਹੀਂ'** ਕਹਾਣੀ ਵਿੱਚ ਵੀ ਹੈ। ਇਸ ਵਿੱਚ 'ਪੰਜਾਬ' ਖਿੱਤਾ ਹੀ ਕੇਂਦਰ ਵਿੱਚ ਹੈ। ਕਹਾਣੀਕਾਰ ਨੇ 'ਪੰਜਾਬ ਕੌਰ' ਰਾਹੀਂ ਆਜ਼ਾਦੀ ਸਮੇਂ ਤੋਂ ਪੰਜਾਬ ਨਾਲ ਵਾਪਰੇ ਦੁਖਾਂਤ ਰਾਹੀਂ ਦੱਸਿਆ ਕਿ ਦੇਸ ਦੀ ਕੋਈ ਵੀ ਸਰਕਾਰ ਕਦੇ ਪੰਜਾਬ ਦੇ ਹਿੱਤ ਵਿੱਚ ਨਹੀਂ ਰਹੀ। ਸਰਹੱਦ ਤੇ ਹੋਣ ਕਾਰਣ ਹਰ ਵੇਲੇ ਜੰਗਾਂ ਨਾਲ ਜੂਝਦਿਆਂ ਪੰਜਾਬੀਆਂ ਨੂੰ ਹਰੇ ਇਨਕਲਾਬ ਦੇ ਨਾਂ ਉਤੇ ਠੱਗਿਆ ਗਿਆ। ਚੌਰਾਸੀ ਦੇ ਗੇੜ ਨੇ ਨੌਜਵਾਨੀ ਤੇ ਕਿਰਸਾਨੀ ਦੋਵਾਂ ਨੂੰ ਡਾਢਾ ਨੁਕਸਾਨ ਪਹੁੰਚਾਇਆ। ਨੌਜਵਾਨ ਬੇਰੁਜ਼ਗਾਰੀ, ਨਸ਼ਿਆਂ ਦੇ ਜਾਲ਼ ਵਿੱਚ ਜਾ ਫਸੇ ਤੇ ਹਰੇ ਇਨਕਲਾਬ ਦੀਆਂ ਸਾਜਿਸ਼ੀ ਚਾਲਾਂ ਤਹਿਤ ਪੰਜਾਬ ਦੀ ਹਵਾ, ਪਾਣੀ ਤੇ ਜ਼ਮੀਨ ਸਭ ਪ੍ਰਦੂਸ਼ਿਤ ਹੋ ਗਿਆ। ਬੈਂਕ ਦੇ ਕਰਜ਼ਿਆਂ ਦੇ ਨਾਂ ਉਤੇ ਇਥੋਂ ਦੇ ਵਸਨੀਕਾਂ ਨੂੰ ਅਜਿਹੇ ਭੰਬਲ-ਭੂਸੇ ਵਿੱਚ ਪਾਇਆ ਕਿ ਜਾਨ ਤੋਂ ਪਿਆਰੀਆਂ ਜ਼ਮੀਨਾਂ ਵੱਡੇ-

ਵੱਡੇ ਕਾਰਖਾਨੇਦਾਰਾਂ ਹੱਥ ਵੇਚਣ ਲਈ ਮਜ਼ਬੂਰ ਹੋਣਾ ਪਿਆ। ਅਜੇ ਵੀ ਪੰਜਾਬ ਦਾ ਸੰਘਰਸ਼ ਮੁੱਕਿਆ ਨਹੀਂ, ਪਰ ਪੰਜਾਬ ਨੇ ਕਦੇ ਝੁਕਣਾ ਤੇ ਹਾਰਨਾ ਨਹੀਂ ਸਿੱਖਿਆ। ਉਸਦਾ ਇਹ ਸਫ਼ਰ ਅਜੇ ਵੀ ਜਾਰੀ ਹੈ।

**'ਪੰਜਵਾਂ ਮੋਢਾ'** ਦੇ ਪ੍ਰਸੰਗ 'ਚ ਧੀਆਂ ਕਿੰਨੀਆਂ ਵੀ ਚੰਗੀਆਂ ਹੋਣ, ਮਾਵਾਂ ਦਾ ਪਹਿਲਾ ਪਿਆਰ ਪੁੱਤਰਾਂ ਨਾਲ ਹੀ ਰਹਿੰਦਾ ਆਇਆ ਹੈ, ਪਤਾ ਨਹੀਂ ਇਸ ਵਿੱਚ ਕੁਦਰਤ ਦਾ ਕਿੰਨਾ ਹੱਥ ਹੈ ਤੇ ਮਨੁੱਖੀ ਸੋਚ ਦਾ ਕਿੰਨਾ, ਪਰ ਇਸ ਸੱਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮਾਂ ਆਪਣੇ ਢੇਰ ਸਾਰੇ ਬੱਚਿਆਂ ਦੀ ਸਾਰ-ਸੰਭਾਲ ਕਰ ਲੈਂਦੀ ਹੈ, ਪਰ ਬੁੱਢਾਪੇ ਵਿੱਚ ਪਹੁੰਚੀ ਮਾਂ ਦੀ ਸੰਭਾਲ ਚਾਰ-ਪੰਜ ਪੁੱਤਰਾਂ ਤੋਂ ਰਲ ਕੇ ਹੋਣੀ ਵੀ ਔਖੀ ਹੋ ਜਾਂਦੀ ਹੈ। ਉਹ ਫਿਰ ਮਾਂ ਨੂੰ ਰੱਖਣ ਲਈ ਆਪਸ ਵਿੱਚ ਮਹੀਨੇ-ਮਹੀਨੇ ਦੀ ਵਾਰੀ ਬੰਨ੍ਹ ਲੈਂਦੇ ਹਨ, ਪਰ ਖੁਸ਼ ਤਾਂ ਵੀ ਨਹੀਂ ਹੁੰਦੇ। ਪੁੱਤਰ ਮੰਗ ਦੀਆਂ, ਉਨ੍ਹਾਂ ਦੀ ਖ਼ੈਰ-ਸੁਖ ਮੰਗਦੀਆਂ ਮਾਵਾਂ ਕਦੇ ਨਹੀਂ ਥੱਕਦੀਆਂ, ਪਰ ਪੁੱਤਰਾਂ ਲਈ ਉਹੀ ਬੁੱਢੀ, ਕਮਜ਼ੋਰ ਤੇ ਨਿਢਾਲ ਮਾਂ ਸਾਂਭਣੀ ਬਹੁਤ ਔਖੀ ਹੋ ਜਾਂਦੀ ਹੈ, ਇਹ ਵੀ ਜਗਤ ਸੱਚਾਈ ਹੈ। ਜਿਸ ਮਾਂ ਨੇ ਪੁੱਤਰ ਨੂੰ ਬਚਾਉਣ ਲਈ ਵੱਡੀ ਧੀ ਨੂੰ ਵੰਡ ਵੇਲੇ ਰੌਲ਼ਿਆਂ ਵਾਲੀ ਥਾਂ ਹੀ ਛੱਡ ਦਿੱਤਾ ਸੀ, ਉਹੀ ਧੀ ਮਾਂ ਦੇ ਆਖ਼ਰੀ ਵੇਲੇ ਉਸਦੇ ਚਾਰਾਂ ਪੁੱਤਰ-ਨੂੰਹਾਂ ਤੇ ਪੋਤਰਿਆਂ ਦੇ ਹੁੰਦਿਆਂ ਅੱਗੇ ਆਈ ਤੇ ਉਸਨੂੰ ਆਪਣੇ ਮੋਢੇ ਉਤੇ ਹੀ ਚੁੱਕ ਕੇ ਹੀ ਘਰ ਲੈ ਗਈ। ਕਿਉਂਕਿ ਪੁੱਤਰਾਂ ਦਾ ਮੰਨਣਾ ਸੀ, ਮਾਂ ਜਿਸਦੇ ਘਰ ਆਖ਼ਰੀ ਸਾਹ ਲਵੇਗੀ, ਜਾਇਦਾਦ ਵਿੱਚ ਮਾਂ ਵਾਲਾ 'ਪੰਜਵਾਂ ਹਿੱਸਾ' ਉਸੇ ਨੂੰ ਮਿਲੇਗਾ । ਵੀਰਾਂ ਨੂੰ ਲੈ ਕੇ ਆਉਣ ਵਾਲੀ ਵੀਰਪਾਲ ਪੁੱਤਰਾਂ ਦੀ ਥਾਂ ਉਤੇ 'ਪੰਜਵਾਂ ਮੋਢਾ' ਬਣ ਮਾਂ ਦੀ ਮੌਤ ਨੂੰ ਸੁਖਾਲਾ ਕਰਨ ਲਈ ਆਪਣੇ ਘਰ ਲੈ ਗਈ। ਸਿਰਫ਼ 'ਅਚੀਵਰ ਬੇਟੀਆਂ' ਉਤੇ ਹੀ ਨਹੀਂ, ਸਾਧਾਰਣ ਧੀਆਂ ਉਤੇ ਵੀ ਵਿਸ਼ਵਾਸ ਕਰਨਾ ਚਾਹੀਦਾ ਹੈ। ਪਤੀ-ਪਤਨੀ ਆਪਸ ਵਿੱਚ ਜਿੰਨਾ ਮਰਜ਼ੀ ਇਕ-ਦੂਜੇ ਨਾਲ ਲੜਦੇ-ਝਗੜਦੇ ਰਹਿਣ, ਉਨ੍ਹਾਂ ਵਿਚਲੀ ਕੋਈ ਅਦ੍ਰਿਸ਼ ਤੰਦ ਅਜਿਹੀ ਜ਼ਰੂਰ ਹੁੰਦੀ ਹੈ, ਜੋ ਉਨ੍ਹਾਂ ਨੂੰ ਆਪਸ ਵਿੱਚ ਜੋੜੀ ਰੱਖਦੀ ਹੈ। **'ਵੱਸ ਅੱਖੀਆਂ ਦੇ ਕੋਲ'** ਅਜਿਹੇ ਪਤੀ-ਪਤਨੀ ਦੀ ਕਹਾਣੀ ਹੈ, ਜੋ ਬੁਢਾਪੇ ਵਿੱਚ ਇਕ-ਦੂਜੇ ਤੋਂ ਕੁਝ ਦਿਨ ਦੂਰ ਰਹਿਣ ਤੇ ਉਦਾਸ ਹੋ ਗਏ, ਭਾਵੇਂ ਦੋਵਾਂ ਨੇ ਆਪਸੀ ਸਹਿਮਤੀ ਦਾ ਇਕਰਾਰ ਨਹੀਂ ਕੀਤਾ, ਪਰ ਅਣਕਹੇ ਨੇ ਸਾਰੀ ਸਥਿਤੀ ਨੂੰ ਬਿਆਨ ਕਰ ਦਿੱਤਾ।

ਗਰੀਬਾਂ ਦੀ ਮਾੜੀ ਹਾਲਤ ਦਾ ਕਾਰਣ ਉਨ੍ਹਾਂ ਦੇ ਵੱਡੇ ਪਰਿਵਾਰ ਹੁੰਦੇ ਹਨ ਜਾਂ ਇਨ੍ਹਾਂ ਜੀਆਂ ਨੂੰ ਉਹ ਆਪਣੀ ਗਰੀਬੀ ਨੂੰ ਦੂਰ ਕਰਨ ਲਈ ਇਸਤੇਮਾਲ ਕਰਨ ਲਈ ਅਜ਼ਮਾਉਂਦੇ ਹਨ। ਏਸ਼ੀਆਈ ਤੇ ਖ਼ਾਸ ਕਰਕੇ ਭਾਰਤੀਆਂ ਦੀ ਗਰੀਬੀ ਤੇ ਤੰਗਹਾਲੀ ਦਾ ਮੁੱਖ ਕਾਰਣ, ਢੇਰ ਸਾਰੀਆਂ ਸੰਤਾਨਾਂ ਦਾ ਹੋਣਾ ਹੈ। ਮਾਂ-ਬਾਪ ਗਰੀਬੀ ਦਾ ਰੋਣਾ ਰੋ ਕੇ ਧੀਆਂ ਨੂੰ ਦੂਜਿਆਂ ਦੀ ਸੇਵਾ ਤੇ ਬੰਦਗੀ ਕਰਨ ਲਈ ਮਜ਼ਬੂਰ ਕਰਦੇ ਹਨ। **'ਓਪਰੀ ਬਲਾ'** ਕਹਾਣੀ ਵਿੱਚ ਹਾਲਾਂ ਕਿ ਲੇਖਿਕਾ ਦਾ ਨੁਕਤਾ ਇਹ ਨਹੀਂ ਹੈ, ਪਰ ਮੈਨੂੰ ਅਧਿਐਨ ਮਗਰੋਂ ਇਸਦਾ ਪ੍ਰਮੁੱਖ ਕਾਰਣ ਇਹੀ ਲੱਗਾ। 8-9 ਜੀਆਂ ਦੇ ਪਰਿਵਾਰ ਵਿੱਚ ਜਦੋਂ ਮੁਖੀ ਬਿਸਤਰੇ ਤੇ ਲੱਗਾ ਹੋਵੇ ਤਾਂ ਜਾਨ ਤੋੜਨ ਤੇ ਵੀ ਰੁਖੀ-ਮਿੱਸੀ ਹੀ ਨਸੀਬ ਹੁੰਦੀ ਹੈ। ਪਰ ਜਦੋਂ ਕਿਰਨਾਂ ਦਿੱਲੀ ਕਿਸੇ ਦੇ ਘਰ ਕੰਮ ਕਰਨ ਲੱਗੀ ਤਾਂ ਘਰ ਦੀ ਹਾਲਤ ਸੁਧਰਣ ਲੱਗੀ। ਉਨ੍ਹਾਂ ਦੀਆਂ ਆਸਾਵਾਂ ਪੁੰਗਰਨ ਲੱਗੀਆਂ। ਉਸਦੇ ਕੰਮ ਕਰਨ ਦੇ ਇਵਜ਼ ਵਿੱਚ ਇੱਕਠੀ ਮੋਟੀ ਰਕਮ ਘਰੇ ਆਉਣ ਲੱਗੀ। ਦੂਜੇ ਪਾਸੇ ਇਕਦਮ ਸ਼ਹਿਰਨ ਬਣੀ ਕਿਰਨਾਂ ਦੀ ਸੁਰਤ ਉਦੋਂ ਘੁੰਮ ਗਈ, ਜਦੋਂ ਮਾਲਕਣ ਨੇ ਕਰਜ਼ ਬਦਲੇ ਦਬ ਕੇ ਕੰਮ ਲੈਣਾ ਤੇ ਲਾਹਨਤ-ਮਲਾਨਤ ਕਰਨਾ ਸ਼ੁਰੂ ਕਰ ਦਿੱਤਾ। ਹੁਣ ਬਿਮਾਰ ਕਿਰਨਾਂ ਸ਼ਹਿਰ ਜਾਣ ਲਈ ਤਿਆਰ ਨਹੀਂ, ਜਦੋਂ ਮਾਂ ਨੇ ਉਸ ਤੋਂ ਛੋਟੀ ਕੁੜੀ ਦਾ ਹੱਥ ਮਾਲਕਣ ਦੇ ਹੱਥ ਫੜਾਇਆ ਤਾਂ ਕਿਰਨਾਂ ਨੇ ਭੱਜ ਕੇ ਛੋਟੀ ਨੂੰ ਖੋਹ ਲਿਆ ਤੇ ਰੰਬੀ ਚੁੱਕ ਬਾਹਰ ਨਿਕਲ ਗਈ। ਗਰੀਬੀ ਤੇ ਤੰਗਹਾਲੀ ਵਿੱਚ ਖਾਣ ਵਾਲੇ ਜੀਆਂ ਦੀ ਵੱਡੀ ਗਿਣਤੀ ਤੇ ਇੱਛਾਵਾਂ ਦੀ ਵੱਡੀ ਪੁਲਾਂਘ ਤੋਂ ਵੱਧ **'ਓਪਰੀ ਬਲਾ'** ਹੋਰ ਕੋਈ ਨਹੀਂ।

ਜਿਸ ਔਰਤ ਨੂੰ ਵਿਚਾਰੀ ਜਾਣ ਕੇ ਘਰ ਦਾ ਜੀਅ ਬਣਾ ਲਿਆ, ਉਹੀ ਅਨੀਤਾ, ਕਿਰਨ ਦਾ ਘਰ

ਤੇ ਪਤੀ ਦੋਵਾਂ ਦੀ ਹੱਕਦਾਰ ਬਣ ਬੈਠੀ। ਆਪਣੇ ਹੀ ਘਰੋਂ ਬੇਘਰ ਹੋਈ ਕਿਰਨ ਨੂੰ ਅਦਾਲਤ ਤੋਂ ਵੀ ਨਿਆਂ ਨਾ ਮਿਲਿਆ ਕਿਉਂਕਿ ਅਵਿਨਾਸ਼ ਤੇ ਅਨੀਤਾ ਨੇ ਵਿਆਹ ਨਹੀਂ ਕੀਤਾ ਸੀ, ਉਹ ਲਿਵ-ਇਨ ਵਿੱਚ ਰਹਿ ਰਹੇ ਸਨ। ਆਪਣੇ ਇਕਲੌਤੇ ਜਵਾਨ ਪੁੱਤਰ ਦੀ ਜਾਨ ਬਚਾਉਣ ਲਈ ਆਪਰੇਸ਼ਨ ਲਈ ਫੀਸ ਦਾ ਪ੍ਰਬੰਧ ਕਰਨਾ ਹੀ ਕਿਰਨ ਲਈ **'ਔਖੀ ਘੜੀ'** ਸਮਾਨ ਸੀ, ਪਰ ਜਦੋਂ ਅਵਿਨਾਸ਼ ਵਲੋਂ ਇਸ ਕੰਮ ਲਈ ਦਿੱਤੇ ਗਏ ਵੱਡੀ ਰਕਮ ਦੇ ਚੈਕ ਉਤੇ ਉਸਨੇ ਅਨੀਤਾ ਦੇ ਹਸਤਾਖ਼ਰ ਦੇਖੇ ਤਾਂ ਸ਼ਾਇਦ ਇਹ ਘੜੀ ਉਸ ਲਈ ਹੋਰ ਵੀ ਔਖੀ ਹੋ ਗਈ। ਆਪਣੀ ਔਲਾਦ ਨੂੰ ਬਚਾਉਣ ਖ਼ਾਤਿਰ ਮਾਵਾਂ ਨੂੰ ਨਵਜੰਮੇ ਬੱਚੇ ਨੂੰ ਮਠਾਂ ਤੇ ਆਸ਼ਰਮਾਂ ਵਿੱਚ ਦਾਨ ਦੇਣ ਦਾ ਸਿਲਸਿਲਾ ਪਤਾ ਨਹੀਂ ਕਿਸ ਮਨਸ਼ਾ ਨਾਲ ਇਸ ਦੇਸ ਵਿੱਚ ਸ਼ੁਰੂ ਹੋਇਆ । ਸਾਡੇ ਇੱਥੇ ਮਨਸ਼ਾ ਜਾਂ ਸਾਜਿਸ਼ ਨੂੰ ਧਰਮ ਦੇ ਨਾਂ ਨਾਲ ਜੋੜ ਦੇਣ ਨਾਲ ਉਸਨੂੰ ਜਾਇਜ਼ ਮੰਨ ਲਿਆ ਜਾਂਦਾ ਹੈ ਤੇ ਫਿਰ ਇਹ ਸਿਲਸਿਲੇ ਸਦੀਆਂ ਮਗਰੋਂ ਵੀ ਕਾਇਮ ਰਹਿੰਦੇ ਹਨ। ਔਰਤ ਨੂੰ ਨਰਕ ਦਾ ਦਵਾਰ ਕਹਿਣ ਵਾਲੇ, ਮਠਾਂ ਧੀਸ਼ਾਂ ਤੇ ਮਹੰਤਾਂ ਨੂੰ ਵੀ ਆਪਣੀ ਕੁਦਰਤੀ ਕਾਮ ਭੁੱਖ ਨਾਲ ਨਜਿੱਠਣਾ ਪੈਂਦਾ ਹੈ। ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਤੇ ਖਾਸ ਕਰਕੇ ਮਾਵਾਂ ਤੋਂ ਖੋਹ ਕੇ, ਪਤਾ ਨਹੀਂ ਕਿਹੜੇ ਸੁਖ ਤੇ ਵਰਦਾਨ ਦੀ ਪ੍ਰਾਪਤੀ ਹੁੰਦੀ ਹੈ। ਇਸ ਵਿਚੋਂ ਲੰਘ ਕੇ ਮੁਕਤੀ ਤੋਂ ਪਾਰ ਕਿਵੇਂ ਜਾਇਆ ਜਾ ਸਕਦਾ ਹੈ, ਇਸਦਾ ਜਵਾਬ ਮੁਸ਼ਕਲ ਹੈ। ਬੱਚਾ ਸਾਰੀ ਉਮਰ ਮਾਂ ਦੀ ਗੋਦੀ ਲਈ ਤਰਸਦਾ ਹੈ ਤੇ ਮਾਂ ਆਪਣੀ ਕੁਖ਼ ਦੇ ਜਾਏ ਲਈ। ਪਰ ਕਈ ਵਾਰ ਮਾਵਾਂ ਪੁੱਤਰ ਦੀ ਖ਼ਾਤਿਰ ਐਨਾ ਕਠੋਰ ਰੁਖ਼ ਅਪਨਾ ਲੈਂਦੀਆਂ ਹਨ ਕਿ ਪੁੱਤਰਾਂ ਵੱਲ ਅੱਖ ਚੁੱਕ ਕੇ ਵੀ ਨਹੀਂ ਦੇਖਦੀਆਂ। ਅਜਿਹੀ ਹਾਲਤ ਦਾ ਸ਼ਿਕਾਰ ਹੋਏ ਅਨੇਕਾਂ ਵਿਵੇਕਾਨੰਦ, ਚੰਦਰ ਦੇਵਤੇ ਬਾਲ ਗੋਪਾਲ ਨੂੰ ਸਾਰੀ ਉਮਰ ਇਕ ਖ਼ਲਾਅ ਹੰਢਾਉਣਾ ਪੈਂਦਾ ਹੈ।

ਸੰਗ੍ਰਹਿ ਦੀ **'ਬਲੈਕ ਹੋਲ'** ਆਉਣ ਵਾਲੇ ਸਮੇਂ ਦੀ ਭਿਆਨਕ ਤਸਵੀਰ ਸਾਡੇ ਸਾਹਮਣੇ ਪੇਸ਼ ਕਰਦੀ ਹੈ, ਜਦੋਂ ਸਾਹ ਲੈਣਾ ਵੀ ਵੱਡਾ ਖ਼ਰਚ ਸਾਬਤ ਹੋਏਗਾ ਤੇ ਜੀਣਾ ਹੋਰ ਵੀ ਮੁਸ਼ਕਲ। ਮਨੁੱਖੀ ਜੀਵਨ ਜੀਉਣ ਵਾਲੀ ਇਸ ਹੋਣੀ ਲਈ ਮਨੁੱਖ ਜਾਤੀਆ ਲਈ ਜ਼ਿੰਮੇਵਾਰ ਹੈ, ਕਿਉਂਕਿ ਜਿਸ ਤਰ੍ਹਾਂ ਕੁਦਰਤੀ ਸਰੋਤਾਂ ਦਾ ਬੁਰੀ ਤਰ੍ਹਾਂ ਨਾਲ ਦੋਹਨ ਕੀਤਾ ਜਾ ਰਿਹਾ ਹੈ, ਉਸ ਵਿੱਚ ਅਜਿਹਾ ਵਾਪਰਨਾ ਕੋਈ ਵੱਡੀ ਗੱਲ ਨਹੀਂ ਜਾਪਦਾ, ਲੋੜ ਸਮੇਂ ਰਹਿੰਦੇ ਸੁਚੇਤ ਹੋਣ ਦੀ ਹੈ। ਸੰਗ੍ਰਹਿ ਦੇ ਸਿਰਲੇਖ ਵਾਲੀ ਕਹਾਣੀ **'ਭੁੱਖ ਇਉਂ ਸਾਹ ਲੈਂਦੀ ਹੈ'** ਨੂੰ ਲੇਖਿਕਾ ਨੇ ਨਵੇਂ ਅੰਦਾਜ਼ ਵਿੱਚ ਲਿਖਣ ਦੀ ਕੋਸ਼ਿਸ ਕੀਤੀ ਹੈ। ਭੁੱਖ ਨਾਲ ਮਰਦੇ ਜੀਅ ਦੀ ਬਾਰੀਕ ਬੀਨੀ ਨਾਲ ਲਈ ਗਈ ਤਸਵੀਰ, ਜੋ ਕਰੋੜਾਂ ਰੁਪਿਆਂ ਦੇ ਕੀਮਤ ਨਾਲ ਸ਼ਾਹਕਾਰ ਵੀ ਬਣੀ। ਇਸ ਸ਼ਾਹਕਾਰ ਤਸਵੀਰ ਦੀ ਪੜਚੋਲ ਕਰਦਿਆਂ ਬੰਦਾ ਗਵਾਚਦਾ ਗਿਆ ਤੇ ਉਸ ਸਾਹਮਣੇ ਕੁਝ ਦਾਰਸ਼ਨਿਕ ਨੁਕਤੇ ਆਏ। ਇਨ੍ਹਾਂ ਨੁਕਤਿਆਂ ਦੀ ਭਾਲ ਕਰਦੇ ਹੋਏ ਉਹ ਘਬਰਾਇਆ ਤੇ ਅਖ਼ੀਰ ਆਪਣੇ ਪੋਤਰੇ ਦੀ ਆਵਾਜ਼ ਨਾਲ ਇਸ ਸੰਕਟ ਦੀ ਘੜੀ ਤੋਂ ਬਾਹਰ ਨਿਕਲ ਸਕਿਆ। ਆਖ਼ਰ ਤੇ ਆ ਕੇ ਕਹਾਣੀ ਕਿਤੇ ਗਵਾਚ ਗਈ। ਸ਼ਾਇਦ ਲੇਖਿਕਾ ਇਹ ਕਹਿਣਾ ਚਾਹੁੰਦੀ ਹੈ ਕਿ ਜੀਵਨ ਦਾ ਖੇੜਾ ਜਿਉਣ ਵਿੱਚ ਹੈ, ਮਰਨ ਦੀ ਉਡੀਕ ਵਿੱਚ ਨਹੀਂ ਜਾਂ ਸ਼ਾਇਦ...?

ਦੀਪਤੀ ਬਬੂਟਾ ਦਾ ਇਹ ਸੰਗ੍ਰਹਿ, ਰੁਦਨ ਤੇ ਤਰਸ ਦੀ ਪਾਤਰ ਇਸਤਰੀਆਂ ਤੇ ਇਸਤਰੀ-ਮਰਦ ਸੰਬੰਧਾਂ ਤੋਂ ਮੁਕਤ ਹੈ। ਜਿਵੇਂ ਮੈਂ ਪਹਿਲਾ ਹੀ ਕਿਹਾ, ਇਹ ਕਹਾਣੀਆਂ ਸਮਕਾਲ ਦੇ ਨਾਲ ਨਵੇਂ-ਪੁਰਾਣੇ ਵਿਸ਼ਿਆਂ ਨੂੰ ਆਪਣੇ ਅੰਦਾਜ਼ ਵਿੱਚ ਪੇਸ਼ ਕਰਦੀਆਂ ਹਨ। ਦੀਪਤੀ ਦੇ ਸੰਵਾਦ ਹਲਕੇ-ਫੁਲਕੇ ਤੇ ਚੁਟੀਲੇ ਹੋਣ ਕਾਰਣ ਦਿਲਚਸਪ ਹਨ, ਜੋ ਕਹਾਣੀ ਰਸ ਵਿੱਚ ਵਾਧਾ ਕਰਦੇ ਹਨ। ਹਾਲਾਂ ਕਿ ਧੀਆਂ, ਇਸਤਰੀਆਂ ਦੀ ਹੋਂਦ ਨਾਲ ਜੁੜੇ ਵਿਸ਼ੇ ਪੰਜਾਬੀ ਕਹਾਣੀ ਵਿੱਚ ਨਵੇਂ ਨਹੀਂ, ਪਰ ਹਰ ਲੇਖਕ ਦਾ ਅੰਦਾਜ਼ ਵੱਖਰਾ ਹੁੰਦਾ ਹੈ। ਇਹ ਅੰਦਾਜ਼ ਹੀ ਲੇਖਕ ਦੀ ਅਸਲ ਪ੍ਰਾਪਤੀ ਹੁੰਦਾ ਹੈ। ਸਮਾਜ ਤੇ ਜੀਵਨ ਵਿਚੋਂ ਨਵੇਂ ਦੀ ਭਾਲ ਤੇ ਨਵੇਂ ਅੰਦਾਜ਼ ਹੀ ਸਾਹਿਤ ਦੀ ਰੂਹ ਬਣਦੇ ਹਨ। (**ਸੰਪਰਕ. 9868182835**)

# ਅੰਗੜਾਈ ਲੈਂਦੀ ਔਰਤ ਦੀ ਕਹਾਣੀ 'ਮੈਂ ਇਕ ਕਥਾ'

**ਡਾ. ਜਸਵਿੰਦਰ ਕੌਰ ਬਿੰਦਰਾ**




ਵਿਸ਼ਵਜੋਤੀ ਧੀਰ ਦਾ ਇਹ ਨਵਾਂ ਸੰਗ੍ਰਹਿ **'ਮੈਂ ਇਕ ਕਥਾ'** (**ਪ੍ਰਕਾਸ਼ਕ ਸਪਰੈੱਡ ਪਬਲਿਸ਼ਰਜ਼, ਪਟਿਆਲਾ, ਮੁੱਲ** 200, **ਪੰਨੇ** 72, **ਸਾਲ** 2022) ਹੈ। ਇਸ ਵਿੱਚ ਕੁੱਲ 4 ਹੀ ਕਹਾਣੀਆਂ ਹਨ। ਵਿਸ਼ਵਜੋਤੀ ਧੀਰ ਸਮਾਜ ਦੇ ਉਸ ਔਰਤ ਦੀ ਪੇਸ਼ਕਾਰੀ ਕਰਦੀ ਹੈ, ਜੋ ਸ਼ਹਿਰ ਦੇ ਮੱਧਵਰਗ ਨਾਲ ਸੰਬੰਧਤ, ਸਮੇਂ ਨਾਲ ਪੜ੍ਹੀ-ਲਿਖੀ ਹੋਣ ਦੇ ਬਾਵਜੂਦ ਕਥਿਤ ਮਰਯਾਦਾ ਦੇ ਬੰਧਨਾਂ ਵਿੱਚ ਜਕੜੀ ਹੋਈ ਹੈ। ਘਰ ਤੇ ਪਰਿਵਾਰ ਦੀ ਇਜੱਤ ਦਾ ਬੋਝ ਮਜਬੂਰੀ ਵੱਸ ਆਪਣੇ ਮੋਢਿਆਂ ਉਤੇ ਢੋਂਦੀ ਹੋਈ, ਆਪਣੇ ਸੁਪਨਿਆਂ ਤੇ ਇਛਾਵਾਂ ਦਾ ਗਲਾ ਘੋਟਣ 'ਤੇ ਮਜਬੂਰ ਰਹਿੰਦੀ ਹੈ। ਇਸ ਦੇ ਲਈ ਪਰਿਵਾਰ ਵੱਲੋਂ ਕਦੇ ਪਿਆਰ ਨਾਲ, ਕਦੇ ਪੁਚਕਾਰ ਨਾਲ ਤੇ ਜ਼ਿਆਦਾਤਰ ਜ਼ਬਰਦਸਤੀ ਨਾਲ ਤਿਆਰ ਕੀਤਾ ਜਾਂਦਾ ਹੈ। ਪਹਿਲਾ ਵੀ ਕੁੜੀਆਂ/ ਔਰਤਾਂ ਆਜ਼ਾਦ ਖ਼ਿਆਲਾਂ ਦੀਆਂ ਰਹੀਆਂ, ਉਨ੍ਹਾਂ ਕਦਮ ਬਾਹਰ ਪੁੱਟੇ, ਇਨ੍ਹਾਂ ਵਿਚੋਂ ਸਭ ਤੋਂ ਵੱਧ ਮਾਰ ਸ਼ਹਿਰੀ ਤੇ ਨਿਮਨ ਮੱਧਵਰਗ ਦੀਆਂ ਇਸਤਰੀਆਂ ਨੂੰ ਸਹਿਣੀ ਪਈ, ਕਿਉਂਕਿ ਉੱਚ ਵਰਗ ਵਿੱਚ ਪਿੰਜਰੇ ਸੋਨੇ ਦੇ ਹੋਣ ਕਾਰਣ ਅਕਸਰ ਉਨ੍ਹਾਂ ਦੀ ਆਵਾਜ਼ ਦੱਬ-ਘੁੱਟ ਜਾਂਦੀ ਹੈ ਤੇ ਇਕਦਮ ਹੇਠਲੇ ਤੇ ਨਿਮਨ ਵਰਗ ਵਿੱਚ ਔਰਤਾਂ ਤੇ ਕੁੜੀਆਂ ਹੀ ਜ਼ਿਆਦਾਤਰ ਘਰੋਂ ਬਾਹਰ ਨਿਕਲ ਕੇ ਕਮਾਉਂਦੀਆਂ ਤੇ ਪਰਿਵਾਰ ਦਾ ਪੇਟ ਪਾਲਦੀਆਂ ਹਨ। ਸ਼ਰਾਬੀ ਪਿਉ, ਭਰਾ ਤੇ ਪਤੀ ਦੀ ਮਾਰ ਉਨ੍ਹਾਂ ਨੂੰ ਸਹਿਣੀ ਜ਼ਰੂਰ ਪੈਂਦੀ ਹੈ, ਫਿਰ ਵੀ ਉਹ ਗਾਲ੍ਹਾਂ ਕੱਢ ਕੇ, ਮਾਰ-ਕੁੱਟਾਈ ਕਰਕੇ ਆਪਣੇ ਦਿਲ ਦਾ ਗੁਬਾਰ ਜਾਂ ਭੜਾਸ ਕੱਢ ਲੈਂਦੀਆਂ ਹਨ। ਕਦੇ ਤੰਬਾਕੂ, ਪਾਨ ਜਾਂ ਜ਼ਰਦਾ, ਹੁੱਕਾ ਆਦਿ ਨਾਲ ਆਪਣੀ ਬੇਚੈਨੀ ਨੂੰ ਘੱਟ ਕਰ ਲੈਂਦੀਆਂ ਹਨ। ਜਦਕਿ ਮੱਧਵਰਗੀ ਇਸਤਰੀ ਇਨ੍ਹਾਂ ਸਾਰੇ ਵਰਤਾਰਿਆਂ ਤੋਂ ਦੂਰ ਰਹਿ ਕੇ, ਸਾਰੇ ਸਮਾਜ ਵਿੱਚ ਪਵਿੱਤਰਤਾ, ਸ਼ੁਧਤਾ ਤੇ ਸੰਸਕਾਰੀ ਹੋਣ ਦਾ ਦਾਵਾ ਕਰਦੀਆਂ, ਮਨਚਾਹਾ ਨਾ ਹੋਣ ਤੇ ਅੰਦਰੋਂ ਹੀ ਅੰਦਰ ਘੁੱਟਦੀਆਂ ਰਹਿੰਦੀਆਂ ਹਨ। ਉਹ ਸਾਰੀ ਉਮਰ ਅਣਚਾਹੇ ਵਿਆਹ ਵਿੱਚ ਗੁਜ਼ਾਰ ਦੇਂਦੀਆਂ ਹਨ ਤੇ ਪਰਿਵਾਰ ਦੀ ਮਰਯਾਦਾ ਦੀ ਫਰਮਾਬਰਦਾਰ ਬਣਨ ਦਾ ਤਗ਼ਮਾ ਲੈ ਕੇ ਹੀ ਖ਼ੁਸ਼ ਹੋ ਜਾਂਦੀਆਂ ਹਨ। ਵਿਸ਼ਵਜੋਤੀ ਦੀਆਂ ਕਹਾਣੀਆਂ ਇਸ ਜਾਣੇ-ਪਛਾਣੇ ਮਾਹੌਲ ਵਿਚੋਂ ਕੁਝ ਹੱਟ ਕੇ ਤੇ ਵੱਖਰਾ ਵਰਤਾਰਾ ਕਰਨ ਦੀ ਜ਼ੁਰਅੱਤ ਕਰਦੀਆਂ ਪ੍ਰਤੀਤ ਹੁੰਦੀਆਂ ਹਨ, ਜਿਨ੍ਹਾਂ ਵਿੱਚ ਜਾਣਿਆ-ਪਛਾਣਿਆ ਬਹੁਤਾ ਤੇ ਕਦੇ-ਕਦਾਈ ਕੁਝ ਵੱਖਰਾ ਕਰ ਗੁਜ਼ਰਨ ਦਾ ਹੌਂਸਲਾ ਦਿਖਾਈ ਦੇਂਦਾ ਹੈ। ਸੰਗ੍ਰਹਿ ਦੀਆਂ ਸਾਰੀਆਂ ਹੀ ਕਹਾਣੀਆਂ ਇਸੇ ਤੋਰ ਨੂੰ ਲੈ ਕੇ ਚਲਦੀਆਂ ਹਨ।

**'ਰਿਲੇਅ ਰੇਸ'** ਦੀ ਕੋਮਲ ਦੀ ਮਾਂ ਤੇ ਵੱਡੀ ਭੈਣ ਨਮਰ ਪਰੰਪਰਕ ਵਤੀਰੇ ਵਾਲੀਆਂ, ਤੇ ਕੋਮਲ ਨੂੰ ਵੀ ਇਸੇ ਪੈੜ ਤੇ ਚਲਦਾ ਵੇਖਣ ਵਾਲੀਆਂ। ਪਰ ਸ਼ਾਇਦ ਇੰਜਨੀਰਿੰਗ ਦੀ ਪੜ੍ਹਾਈ ਨੇ ਉਸ ਦੀ ਸੋਚ ਨੂੰ ਅਜੇ ਐਨਾ ਵੀ ਕੁਠਿੰਤ ਨਹੀਂ ਕੀਤਾ ਸੀ ਕਿ ਉਹ ਆਪਣੇ ਮੰਗੇਤਰ ਦਕਸ਼ ਦੇ ਨਸ਼ੇੜੀ ਤੇ ਲਾਲਚੀ ਵਤੀਰੇ ਨੂੰ ਦੇਖ ਕੇ ਵੀ ਅਣਦੇਖਿਆ ਕਰ ਜਾਂਦੀ। ਅਜਿਹੇ ਪਰਿਵਾਰਾਂ ਵਿੱਚ ਜਿੱਥੇ ਧੀਆਂ ਦਾ


ਵਿਆਹ ਮਾਪਿਆਂ ਲਈ ਬਹੁਤ ਵੱਡੀ ਜ਼ਿੰਮੇਵਾਰੀ ਤੋਂ ਵੱਧ ਬੋਝ ਹੁੰਦਾ ਹੈ, ਉਥੇ ਕੋਮਲ ਵਲੋਂ ਵਿਆਹ ਤੋਂ ਇਕ ਦਿਨ ਪਹਿਲੇ ਮਨ੍ਹਾ ਕਰ ਦੇਣਾ, ਕਿਸੇ ਤੂਫ਼ਾਨ ਤੋਂ ਘੱਟ ਵਾਲੀ ਗੱਲ ਨਹੀਂ ਸੀ। ਪਰ ਕੋਮਲ ਨੇ ਸਾਰੀ ਉਮਰ ਘੁੱਟਣ ਦੀ ਬਜਾਏ ਹਿੰਮਤ ਦਿਖਾਈ ਤੇ ਇਨਕਾਰ ਕਰ ਦਿੱਤਾ। ਦਿੱਲੀ ਜਿਹੇ ਮਹਾਨਗਰ ਵਿੱਚ ਆ ਕੇ ਉਸ ਨੇ ਦੇਖਿਆ ਕਿ ਮੀਨਾ ਤੇ ਕਾਂਤੀ ਵਰਗੀਆਂ ਘਰਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਕਿਵੇਂ ਮੁਸੀਬਤਾਂ ਦਾ ਸਾਹਮਣਾ ਕਰਕੇ, ਆਪਣੇ ਸੁਫਨੇ ਪੂਰੇ ਕਰ ਰਹੀਆਂ ਹਨ। ਚੇਤਨਾ ਤਾਂ ਵੈਸੇ ਹੀ ਕਿਸੇ ਵੱਡੀ ਮਲਟੀਨੈਸ਼ਨਲ ਕੰਪਨੀ ਵਿੱਚ ਕੰਮ ਕਰਦੀ ਤੇ ਖ਼ੁਦਮੁਖ਼ਤਿਆਰੀ ਨਾਲ ਦਿੱਲੀ ਵਿੱਚ ਰਹਿੰਦੀ। ਇਹ ਦਲੇਰੀ ਉਸ ਨੇ ਆਪਣੀ ਮਾਂ ਤੋਂ ਸਿੱਖੀ ਸੀ। ਲੇਖਿਕਾ ਨੇ ਵੱਖ-ਵੱਖ ਵਰਗਾਂ ਦੀਆਂ ਔਰਤਾਂ ਨੂੰ ਇਕੋ ਹੀ ਸੂਤਰ ਵਿੱਚ ਬੰਨ੍ਹ ਕੇ ਸੰਘਰਸ਼ ਕਰਦੇ, ਮੁਸੀਬਤਾਂ ਦਾ ਸਾਹਮਣਾ ਕਰਦੇ ਤੇ ਆਪਣੇ ਜੀਵਨ ਦੀ ਰਾਹ ਆਪ ਤਲਾਸ਼ ਕਰਦੇ ਦਿਖਾਇਆ ਹੈ।

ਕਹਾਣੀ **'ਮੈਨਗਰੂਵ'** ਵੀ ਸਮਾਜ ਵਿੱਚ ਫੈਲੇ ਮਰਦਾਂ ਦੇ ਦੋਹਰੇ ਚਰਿੱਤਰ ਤੇ ਦੋਗਲੇਪਨ ਨੂੰ ਸਾਹਮਣੇ ਲਿਆਉਂਦੀ ਹੈ। ਤਾਸ਼ੀ ਤੇ ਪ੍ਰਦੀਪ ਜਿਹੇ ਮਰਦ ਬਜ਼ਾਰ ਵਿਚੋਂ ਲੰਘਦੀ ਹਰ ਕੁੜੀ ਤੇ ਔਰਤ ਨੂੰ ਮਾੜੀ ਨਜ਼ਰ ਨਾਲ ਦੇਖਦੇ ਤੇ ਉਨ੍ਹਾਂ ਬਾਰੇ ਭੈੜੀਆਂ ਗੱਲਾਂ ਕਰਦੇ ਹੋਏ, ਤਾੜਦੇ ਵੀ ਰਹਿੰਦੇ ਤੇ ਮੌਕੇ ਦੀ ਭਾਲ ਵੀ ਕਰਦੇ ਰਹਿੰਦੇ। ਜਦਕਿ ਤਾਸ਼ੀ ਦੀ ਆਪਣੀ ਬੀਵੀ ਸੰਧਿਆ ਘਰ ਦੀ ਚਾਰਦੀਵਾਰੀ ਵਿੱਚ ਕੈਦ, ਇੱਜ਼ਤਦਾਰ ਪਰਿਵਾਰ ਦੀ ਮਰਯਾਦਾ ਦਾ ਪਾਲਨ ਕਰਦੀ ਮੁਰਝਾਂਦੀ ਜਾਂਦੀ। ਜਿਸ ਵੱਲ ਸੱਸ ਤੇ ਪਤੀ ਦੋਵਾਂ ਦਾ ਕੋਈ ਧਿਆਨ ਨਹੀਂ। ਇਨ੍ਹਾਂ ਦੇ ਸਨਮੁਖ ਪੂਰਨ ਦਾ ਕੱਦ ਭਾਵੇਂ ਮੱਧਰਾ ਸੀ, ਤੇ ਗਰੀਬ ਹੋਣ ਕਾਰਣ ਉਸ ਨੂੰ 'ਬੌਣਾ' ਕਹਿ ਕੇ ਪੁਕਾਰਿਆ ਜਾਂਦਾ। ਪਰ ਉਹ ਤਾਸ਼ੀ, ਪ੍ਰਦੀਪ ਤੇ ਕਾਲੇ ਜਿਹੇ ਚਗਲ ਤੇ ਦੋਗਲਿਆਂ ਤੋਂ ਕਿਤੇ ਬਿਹਤਰ ਹੈ। ਸਮਾਜ ਪੂਰਨ ਨਾਲ ਵਰਤਾਰਾ ਉਸ ਦੀ ਕਦ-ਕਾਠੀ ਤੇ ਆਰਥਕ ਪੱਧਰ ਦੇ ਆਧਾਰ ਉਤੇ ਕਰਦਾ ਹੈ ਤੇ ਉਸ ਦੀ ਸਾਦਗੀ, ਨਿਮਰਤਾ ਤੇ ਮਿਹਨਤੀ ਹੋਣ ਦੇ ਗੁਣਾਂ ਨੂੰ ਉੱਕਾ ਹੀ ਅੱਖੋਂ ਪਰੋਖੇ ਕਰਦਾ ਹੈ।

**'ਦਾਮਨ-ਏ-ਕੋਹ'** ਵਿਚਲੀ ਗੁਲਬਾਨੋ ਨੂੰ ਆਪਣੀ ਜ਼ਿੰਦਗੀ ਦੇ ਅਨੇਕ ਉਤਾਰ-ਚੜਾਵਾਂ ਨਾਲ ਕਈ ਨਾਂ ਮਿਲੇ, ਕਦੇ ਮੈਨਾ, ਕਦੇ ਮਿਸੇਜ ਰਿਜ਼ਵੀ ਪਰ ਉਸ ਦੀ ਅਸਲ ਪਛਾਣ ਡਾ. ਤਸਨੀਫ਼ ਹੀ ਸੀ, ਜੋ ਕਾਲਜ ਵਿੱਚ ਮਿਊਜ਼ਿਕ ਦੇ ਹੈਡ ਔਫ਼ ਦੇ ਡਿਪਾਰਟਮੈਂਟ ਦੇ ਅਹੁਦੇ ਤਕ ਪਹੁੰਚ ਕੇ ਮਿਲੀ। ਪਾਰਸ ਦਾ ਇਹ ਕਹਿਣਾ ਇਕ ਜੀਵਨ ਤੋਂ ਦੂਜੇ ਜੀਵਨ ਵਿੱਚ ਪ੍ਰਵੇਸ਼ ਕਰਦੇ ਹੋਏ, ਕਿਸੇ ਇਕ ਜੀਵਨ ਨੂੰ ਮਾਰਨਾ ਪੈਂਦਾ ਹੈ। ਗੁਲਬਾਨੋ ਨੇ ਡਾ. ਤਸਨੀਫ਼ ਤਕ ਪਹੁੰਚਣ ਤਕ ਦਾ ਸਫ਼ਰ ਆਪਣੀ ਹਿੰਮਤ ਤੇ ਪਾਰਸ ਦੀ ਪ੍ਰੇਰਣਾ ਸਦਕਾ ਤੈਅ ਕੀਤਾ। ਪਰ ਜ਼ਰੂਰੀ ਨਹੀਂ **'ਅਨੰਤ ਕਥਾ'** ਦੀ ਕਥਾ ਜੋ ਜ਼ਿੰਦਗੀ ਨਾਲ ਮਿਲਣ ਲਈ ਪਿੱਛਲੇ ਸੱਤ ਸਾਲਾਂ ਤੋਂ ਤਰਲੋ-ਮੱਛੀ ਹੋ ਰਹੀ ਸੀ, ਕਿਸੇ ਦੀ ਨਿਗਾਹ ਸਦਕਾ ਉਸ ਨੇ ਜ਼ਿੰਦਗੀ ਨਾਲ ਤੁਰਨ ਦਾ ਫੈਸਲਾ ਤਾਂ ਕਰ ਲਿਆ ਪਰ ਮਾਂ ਹੋਣ ਦੇ ਨਾਤੇ ਪੁੱਤਰ ਜਸ਼ਨ ਦੇ ਫੋਨ ਦੇ ਬੁਲਾਵੇ ਤੇ ਉਸ ਨੂੰ ਹਿੰਮਤ ਨਾਲ ਘਰੋਂ ਬਾਹਰ ਨਿਕਲ ਕੇ ਆਪਣੇ ਸਫ਼ਰ ਤੇ ਵਧਾਏ ਕਦਮਾਂ ਨੂੰ ਵਿੱਚੇ ਹੀ ਛੱਡ ਕੇ ਵਾਪਸ ਘਰ ਪਰਤਣਾ ਪਿਆ। ਔਰਤ ਦਾ ਇੱਕਲਿਆਂ ਆਪਣੇ ਹੀ ਸਫ਼ਰ ਉਤੇ ਨਿਕਲਣਾ ਵੈਸੇ ਵੀ ਸੌਖਾ ਨਹੀਂ, ਪਹਿਲੇ ਹਿੰਮਤ ਹੀ ਨਹੀਂ ਹੁੰਦੀ, ਜੇ ਔਖੇ-ਸੌਖੇ ਇਹ ਫੈਸਲਾ ਕਰ ਲਿਆ ਤਾਂ ਬੱਚਿਆਂ ਦੀ ਜ਼ਿੰਮੇਵਾਰੀ ਤੇ ਮਮਤਾ ਦੀ ਪਕੜ ਤੋਂ ਉਹ ਬਾਹਰ ਨਹੀਂ ਨਿਕਲ ਸਕਦੀ। ਕਥਾ ਦੀ ਜ਼ਿੰਦਗੀ ਤੋਂ ਵਿਛੁੜ ਕੇ ਮਮਤਾ ਤੇ ਜ਼ਿੰਮੇਵਾਰੀ ਵੱਲ ਮੁੜਨਾ ਔਰਤ ਦੀ ਕੁਦਰਤੀ ਸਰਚਨਾ ਨਾਲ ਇਨਸਾਫ਼ ਪ੍ਰਤੀਤ ਹੁੰਦਾ ਹੈ। ਵਿਸ਼ਵਜੋਤੀ ਕੋਲ ਕਹਾਣੀ ਕਹਿਣ ਦਾ ਹੁਨਰ ਹੈ, ਉਸ ਨੂੰ ਕਥਾਨਕ ਨੂੰ ਬੁਣਨਾ ਵੀ ਆਉਂਦਾ ਹੈ। ਪਾਤਰ ਵੀ ਸਹਿਜਤਾ ਦਾ ਪੱਲਾ ਨਹੀਂ ਛੱਡਦੇ, ਉਹ ਜੋ ਕਹਿਣਾ ਚਾਹੁੰਦੀ ਹੈ, ਉਸ ਨੂੰ ਕਹਾਣੀ ਵਿੱਚ ਪਿਰੋ ਕੇ ਬਿਆਨ ਕਰਦੀ ਹੈ। **(ਸੰਪਰਕ- ਮੋ. 9868182835)**

# ਨਿਮਨ ਵਰਗ ਦੀ ਸੰਘਣੀ ਬਿਰਤਾਂਤਕਾਰੀ :ਤ੍ਰਿਕਾਲ ਸੰਧਿਆ

**ਡਾ ਭੁਪਿੰਦਰ ਕੌਰ**




ਹਰ ਕਹਾਣੀਕਾਰ ਆਪਣੀ ਕਹਾਣੀ ਰਾਹੀਂ ਆਪਣੀ ਗੱਲ, ਵਿਚਾਰਾਂ, ਵਿਚਾਰਧਾਰਾ ਜਾਂ ਸਮਝ ਨੂੰ ਪਾਠਕਾਂ ਤੱਕ ਪਹੁੰਚਾਉਣਾ ਚਾਹੁੰਦਾ ਹੈ। ਪਰ ਹਰ ਪਾਠਕ ਦਾ ਆਪਣਾ ਪੱਧਰ ਹੁੰਦਾ ਹੈ ਇਸ ਲਈ ਗੱਲ ਉਸੇ ਰੂਪ ਵਿੱਚ ਪਹੁੰਚੇ ਇਹ ਸੰਭਵ ਨਹੀਂ ਹੈ। ਸੰਰਚਨਾਵਾਦੀ ਆਲੋਚਕ ਜੋਨਾਥਨ ਕੂਲਰ ਕਹਿੰਦੇ ਹਨ ਕਿ ਪਾਠਕ ਲੇਖਕ ਰਾਹੀਂ Encode ਕੀਤੇ ਸੰਦੇਸ਼ ਨੂੰ Decode ਕਰਕੇ ਪੁਨਰ ਸਿਰਜਣਾ ਰਾਹੀਂ ਗ੍ਰਹਿਣ ਕਰਦਾ ਹੈ। ਹਰ ਰਚਨਾ ਆਪਣਾ ਵਿਸ਼ੇਸ਼ ਪਾਠਕ ਵਰਗ ਸਿਰਜਦੀ ਹੈ ਕੁਝ ਕਹਾਣੀਕਾਰ ਆਪਣੇ ਦ੍ਰਿਸ਼ਟੀਕੋਣ ਕਾਰਨ ਨਿਮਨ ਵਰਗ ਵਿੱਚ ਪ੍ਰਵਾਨਿਤ ਹੁੰਦੇ ਹਨ ਤੇ ਕੁਝ ਮੱਧ ਵਰਗ ਵਿੱਚ ਆਪਣੀ ਧਾਂਕ ਜਮਾਉਂਦੇ ਹਨ।

ਇਸ ਸੰਦਰਭ ਵਿਚ ਜੇ ਕਹਾਣੀਕਾਰ ਦੀਪ ਦਵਿੰਦਰ ਦੀ ਗੱਲ ਕਰੀਏ ਤਾਂ ਉਹ ਦੋ ਪੀੜ੍ਹੀਆਂ ਦੀ ਸੋਚ ਤੇ ਸਮਝ ਨੂੰ ਪ੍ਰਵਾਨਿਤ ਕਹਾਣੀਕਾਰ ਹੈ। ਦੀਪ ਦਵਿੰਦਰ ਦੂਜੇ ਤੇ ਤੀਜੇ ਪੜਾਅ ਦੀਆਂ ਸਮੱਸਿਆਵਾਂ ਨੂੰ ਉਜਾਗਰ ਕਰਨ ਵਾਲਾ ਸਮਰੱਥਾਵਾਨ ਕਹਾਣੀਕਾਰ ਹੈ।

**'ਤ੍ਰਿਕਾਲ ਸੰਧਿਆਂ'** (**ਪ੍ਰਕਾਸ਼ਕ: ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਮੁੱਲ 275, ਪੰਨੇ 104, ਸਾਲ**2022) ਨੇ ਵੀ ਖੂਬ ਨਾਮਣਾ ਖੱਟਿਆ ਹੈ। ਪੁਸਤਕ ਦਾ ਸਰਵਰਕ ਉਸ ਸਮੇਂ ਨੂੰ ਦਰਸਾ ਰਿਹਾ ਹੈ ਜਦੋਂ ਪੂਰੀ ਤਰ੍ਹਾਂ ਨਾ ਦਿਨ ਹੋਵੇ ਨਾ ਪੂਰੀ ਤਰ੍ਹਾਂ ਰਾਤ ਭਾਵ ਦਿਨ ਤੇ ਰਾਤ ਦਾ ਸੁਮੇਲ। ਪੁਸਤਕ ਵਿੱਚ ਡੁੱਬਦੇ ਸੂਰਜ ਰਾਹੀਂ ਉਮਰ ਦੇ ਉਸ ਪੜਾਅ ਦੀ ਗੱਲ ਕੀਤੀ ਗਈ ਹੈ ਜਿਸ ਵਿੱਚ ਸਾਥ ਦੀ ਲੋੜ ਹੋਵੇ। ਜਦੋਂ ਇਕ ਬੰਦਾ ਆਪਣੇ ਲਈ ਸੰਘਰਸ਼ ਕਰਦਾ ਹੈ, ਆਪਣੇ ਸਾਥ ਲਈ ਸੰਘਰਸ਼ ਕਰਦਾ ਹੈ। ਨਵੀਂ ਪੀੜ੍ਹੀ ਉਸ ਨੂੰ ਸਮਝ ਨਹੀਂ ਸਕਦੀ। ਪੁਸਤਕ ਵਿਚਲੀਆਂ ਕਹਾਣੀਆਂ ਇਕ ਖਾਸ ਉਮਰ ਦੇ ਪਾਤਰਾਂ ਦੇ ਦੁਖ-ਦਰਦ ਨੂੰ ਬਿਆਨ ਕਰਦੀਆਂ ਹਨ। ਸਿਰਲੇਖ ਅਧੀਨ ਕਹਾਣੀ ਇਸ ਸੰਗ੍ਰਹਿ ਦੀ ਮੁੱਖ ਕਹਾਣੀ ਹੈ। ਕਹਾਣੀ ਵਿੱਚ ਬਿਰਤਾਂਤਕਾਰ ਪਿਤਾ ਆਪਣੇ ਬੱਚਿਆਂ ਨੂੰ ਆਪਣੇ ਮਨ ਦੀ ਹਾਲਤ ਸਮਝਾ ਨਹੀਂ ਸਕਦਾ। ਅਗਲੀ ਪੀੜ੍ਹੀ ਉਸ ਨੂੰ ਨਾ ਸਮਝਦੀ ਹੋਈ ਵਿਅੰਗ ਕਰਦੀ ਹੈ ਜਦ ਕਿ ਬਿਰਤਾਂਤਕਾਰ ਦਾ ਕਹਿਣਾ ਹੈ ਕਿ ਉਸ ਦੀ ਆਪਣੇ ਪਿਓ ਸਾਹਮਣੇ ਅੱਖ ਚੁੱਕਣ ਦੀ ਜੁੱਰਅਤ ਨਹੀਂ ਹੁੰਦੀ ਸੀ। ਬੱਚੇ ਪਿਓ ਦੀ ਗੱਲ ਤੇ ਉਸ ਦੀਆਂ ਭਾਵਨਾਵਾਂ ਨੂੰ ਨਹੀਂ ਸਮਝਦੇ ਪਰ ਨਾਨੀ ਆ ਕੇ ਸਮਝਾਉਂਦਿਆਂ ਕਹਿੰਦੀ ਹੈ "ਜਿਵੇਂ ਬੱਚਿਆਂ ਨੂੰ ਮਾਂ ਦੇ ਨਿੱਘ ਦੀ ਲੋੜ ਹੁੰਦੀ ਐ ਤੇ ਆਦਮੀ ਨੂੰ ਔਰਤ ਦੇ ਸਾਥ ਦੀ। ਇੰਝ ਹੀ ਵੱਸਦੇ ਘਰਾਂ ਵਿਚ ਨੂੰ ਹਮੇਸ਼ਾ ਸੁਆਣੀ ਦੀ ਲੋੜ ਹੁੰਦੀ ਐ।" ਉਸਦੇ ਇਹ ਸ਼ਬਦ ਬੱਚਿਆਂ ਅੰਦਰ ਖੌਲਦੇ ਸਮੁੰਦਰਾਂ ਨੂੰ ਸ਼ਾਂਤ ਕਰ ਦਿੰਦੇ ਹਨ ਤੇ ਸਭ ਕੁਝ ਆਮ ਵਾਂਗ ਹੋ ਜਾਂਦਾ ਹੈ। ਜਿਥੇ ਇਸ ਕਹਾਣੀ ਵਿੱਚ ਅਗਲੀ ਪੀੜ੍ਹੀ ਪਿਓ ਦੀਆਂ ਭਾਵਨਾਵਾਂ ਨੂੰ ਸਮਝਦੀ ਹੋਈ ਵਿਆਹ ਲਈ ਹਾਮੀ ਭਰ ਦਿੰਦੀ ਹੈ ਉਥੇ **'ਗੰਢਾਂ'** ਕਹਾਣੀ ਦੇ ਪੁੱਤਰ ਪਿਓ ਦੀ ਗੱਲ ਨਾ ਮੰਨਦੇ ਹੋਏ ਜਾਤ-ਪਾਤ ਦੀਆਂ ਗੰਢਾਂ ਨੂੰ ਹੋਰ ਵੀ ਪੀਡਾ ਕਰ ਦਿੰਦੇ ਹਨ।

ਪਿਓ ਦੀ ਬੇਚੈਨੀ ਦਾ ਕਾਰਨ ਜਾਤ-ਪਾਤ ਦੀਆਂ ਗੰਢਾਂ ਹੀ ਸਨ। ਭਾਵੇਂ ਪਿੰਡ ਹੋਵੇ ਜਾਂ ਫੌਜ ਦੀ ਨੌਕਰੀ ਹਰ ਥਾਂ ਇਸ ਵਿਤਕਰੇ ਨੇ ਉਸ ਦਾ ਪਿੱਛਾ ਨਹੀਂ ਛੱਡਿਆ। ਇਸ ਲਈ ਤਹਿਸੀਲਦਾਰ ਪੁੱਤਰ ਨੂੰ ਉਹ ਕਹਿ ਹੀ ਦਿੰਦਾ ਹੈ, "ਪੁੱਤ ਕੁਲਬੀਰ ਸਿਹਾਂ, ਬੀਬਾ ਪੁੱਤ ਬਣਕੇ ਇੱਕ ਧਰਮ ਨਿਭਾਈ ਮੇਰੇ ਨਾਲ। ਜੇ ਮੈਂ ਇਥੇ ਤੇਰੇ ਘਰ ਪੂਰਾ ਹੋ ਗਿਆ ਤਾਂ ਮੈਨੂੰ ਫੂਕਣ ਪਿੰਡ ਨਾ ਖੜ੍ਹੀ।" ਪਰ ਛੋਟਾ ਪੁੱਤਰ ਜੋ ਕਿ ਪਿੰਡ ਵਿਚ ਰਹਿ ਰਿਹਾ ਹੁੰਦਾ ਹੈ। ਲੋਕਾਚਾਰੀ ਸਦਕਾ ਸੰਸਕਾਰ ਪਿੰਡ ਵਿੱਚ ਹੀ ਕਰਨ ਤੇ ਜ਼ੋਰ ਦਿੰਦਾ ਹੈ। ਕਹਾਣੀ ਦਾ ਅੰਤ ਬੇਸ਼ੱਕ ਪਿਓ ਦੇ ਪਿੰਡ ਦੀ ਤਿੰਨ ਨੁਕਰੀ ਸ਼ਮਸ਼ਾਨ ਵਿੱਚ ਸੰਸਕਾਰ ਨਾਲ ਹੁੰਦਾ ਹੈ ਪਰ ਵੱਡੇ ਪੁੱਤਰ ਨੂੰ ਪਿਓ ਉਸ ਤਿੰਨ ਨੁਕਰੀ ਸ਼ਮਸ਼ਾਨ ਵਿੱਚ ਲੰਮੀ ਤਾਨ ਕੇ ਸੁੱਤੇ ਹੋਣ ਦੀ ਬਜਾਏ ਆਪਣੇ ਮਨ ਮਸਤਕ ਵਿੱਚ ਜਗਦਾ ਮਹਿਸੂਸ ਹੁੰਦਾ ਹੈ।

**'ਪਰਿਕਰਮਾ'** ਪਰਿਸਥਿਤੀਆਂ ਦੀ ਪਰਿਕਰਮਾ ਕਰਦੀ ਇਕ ਐਸੀ ਔਰਤ ਦੀ ਕਹਾਣੀ ਹੈ ਜੋ ਘਰਵਾਲੇ ਦੀ ਮੌਤ ਤੋਂ ਬਾਅਦ ਘਰਵਾਲੇ ਦੁਆਰਾ ਹੀ ਚਲਾਈ ਜਾਂਦੀ ਰੇਹੜੀ ਨੂੰ ਹੀ ਰੁਜ਼ਗਾਰ ਦਾ ਸਾਧਨ ਬਣਾਈ ਰੱਖਣ ਦੀ ਕੋਸ਼ਿਸ਼ ਕਰਦੀ ਹੈ ਪਰ ਉਸ ਨੂੰ ਲੋਕਾਂ ਦੀ ਮਾੜੀ ਨਜ਼ਰ ਤੇ ਜ਼ਲਾਲਤ ਦਾ ਸਾਹਮਣਾ ਕਰਨਾ ਪੈਂਦਾ ਹੈ। ਕਦੇ ਵਿਆਹ ਸ਼ਾਦੀਆਂ ਤੇ ਭਾਂਡੇ ਮਾਂਜਦੀ ਤੇ ਕਦੇ ਦਰਾਣੀ ਵੱਲੋਂ ਦਿਓਰ ਨਾਲ ਜੋੜ ਕੇ ਲਾਈਆਂ ਤੋਹਮਤਾਂ ਦਾ ਸਾਹਮਣਾ ਕਰਦੀ ਹੈ। ਕਹਾਣੀ ਦੇ ਅੰਤ ਵਿੱਚ ਆਪਣਾ ਘਰ ਵਸਾਉਣ ਦਾ ਫੈਸਲਾ ਕਰ ਲੈਂਦੀ ਹੈ। ਪੁੱਤਰ ਨੂੰ ਮਾਂ ਦੇ ਫੋਟੋ ਵਿਚ ਮੁਸਕਰਾਉਣ ਦਾ ਕਾਰਨ ਲੋਕਾਂ ਦੀ ਪ੍ਰਵਾਹ ਨਾ ਕਰ ਕੇ ਆਪਣੀ ਜ਼ਿੰਦਗੀ ਜੀਊਣ ਦਾ ਸੰਦੇਸ਼ ਦਿੰਦੀ ਪ੍ਰਤੀਤ ਹੁੰਦੀ ਹੈ। ਕਹਾਣੀ ਦਾ ਅੰਤ ਆਸ਼ਾਵਾਦੀ ਹੁੰਦਾ ਹੈ।

ਇਸੇ ਤਰ੍ਹਾਂ **'ਉੜਕਿ ਸਚਿ ਰਹੀ'** ਕਹਾਣੀ ਦੇ ਬਿਰਤਾਂਤਕਾਰ ਪੁੱਤਰ ਨੇ ਮਾਂ ਪਿਓ ਦੀ ਆਪੋ ਵਿਚ ਕਦੇ ਬਣਦੀ ਨਹੀਂ ਵੇਖੀ। ਕੀ ਕਾਰਣ ਸੀ? ਇਸ ਬਾਰੇ ਉਹ ਕੁਝ ਨਹੀਂ ਜਾਣਦਾ। ਮਾਂ ਪਿਓ ਨੂੰ ਨਫ਼ਰਤ ਕਰਦੀ ਸੀ ਤੇ ਉਸਨੂੰ ਦੇਖਦਿਆਂ ਹੀ ਪੁੱਤਰ ਦੀ ਬਾਂਹ ਫੜ ਕੇ ਘਰੋਂ ਨਿਕਲ ਜਾਂਦੀ। ਬਿਰਤਾਂਤਕਾਰ ਨੂੰ ਆਪਣਾ ਪਿਓ ਭਲਾ ਮਾਣਸ ਲੱਗਦਾ ਹੈ ਤੇ ਮਾਂ ਚੰਗੀ ਨਹੀਂ ਲਗਦੀ। ਖਾਸ ਕਰਕੇ ਉਦੋਂ ਜਦੋਂ ਉਹ ਰੇਲ ਦੀ ਲਾਈਨ ਤੇ ਆਪਣੇ ਆਪ ਨੂੰ ਪੁੱਤਰ ਸਮੇਤ ਖਤਮ ਕਰਨ ਦੀ ਕੋਸ਼ਿਸ਼ ਕਰਦੀ ਹੈ। ਉਸ ਸਮੇਂ ਮਾਂ ਬਿਰਤਾਂਤਕਾਰ ਨੂੰ ਆਪਣੇ ਆਂਡੇ ਪੀ ਜਾਣ ਵਾਲੀ ਸੱਪਨੀ ਜਾਂ ਬੱਚੇ ਖਾਣ ਵਾਲੀ ਡੈਣ ਲੱਗਦੀ ਹੈ। ਜਦੋਂ ਗੱਡੀ ਆਈ ਤੇ ਪੁੱਤਰ ਦੀ ਬਾਂਹ ਦੇ ਨਾਲ ਹੀ ਤੂੰਬਾ-ਤੂੰਬਾ ਹੋ ਗਈ। ਕਹਾਣੀ ਦੇ ਅੰਤ ਵਿੱਚ ਜਦੋਂ ਰੂਪਾਂ ਦੱਸਦਾ ਹੈ, "ਧੀਰਿਆ ਮੈਂ ਭਾਪੇ ਨੂੰ ਨਹਾਉਣ ਵੇਲੇ ਵੇਖਿਆ ਭਾਪਾ ਤਾਂ ਆਪਣਾ ਬਾਬਾ, ਬਾਬਾ ਕਿੰਨਰ ਆ।" ਪਿਉ ਦੇ ਕਿੰਨਰ ਹੋਣ ਦਾ ਪਤਾ ਲੱਗਦਿਆਂ ਹੀ ਬਿਰਤਾਂਤਕਾਰ ਪੁੱਤਰ ਆਪਣੇ ਆਪ ਨੂੰ ਇੱਕ ਐਸੇ ਖੂਹ ਵਿੱਚ ਡਿੱਗ ਗਿਆ ਮਹਿਸੂਸ ਕਰਦਾ ਹੈ। ਜਿੱਥੋਂ ਉਹ ਕਦੇ ਵੀ ਬਾਹਰ ਨਹੀਂ ਨਿਕਲ ਸਕਿਆ।

**'ਰੁੱਤ ਫਿਰੀ ਵਣ ਕੰਬਿਆ'** ਤੇ **'ਵੇਲਾ ਕੁਵੇਲਾ'** ਸੰਤਾਲੀ ਦੀ ਵੰਡ ਦੇ ਦੁਖਾਂਤ ਦੀ ਪੇਸ਼ਕਾਰੀ ਕਰਦੀਆਂ ਕਹਾਣੀਆਂ ਹਨ। ਤਾਰੋ ਗੂੰਗੀ ਦੀ ਕਹਾਣੀ ਹੈ **'ਰੁੱਤ ਫਿਰੀ ਵਣ ਕੰਬਿਆ'** ਬਿਰਤਾਂਤਕਾਰ ਦੀ ਮਾਂ ਦਾ ਤਾਰੋ ਸੰਤਾਲੀ ਦੀ ਵੰਡ ਵੇਲੇ ਆਪਣੇ ਘਰ ਵਿਚ ਕਦੇ ਵਹਿਸ਼ੀਆਂ ਦੀ ਵਹਿਸ਼ਤ ਦਾ ਸ਼ਿਕਾਰ ਹੁੰਦੀ ਹੈ ਤੇ ਕਦੇ ਗੁਲਜਾਰੀ ਵਰਗੇ ਪਾਤਰ ਨਾਲ ਹੀ ਰਹਿੰਦੀ ਹੈ ਜੋ ਉਸ ਦਾ ਸੌਦਾ ਕਰਦਾ ਤੇ ਪੈਸੇ ਕਮਾਉਂਦਾ ਹੈ। ਗੁਲਜਾਰੀ ਵੱਲੋਂ ਤਾਰੋ ਤੀਜੀ ਥਾਂ ਮਿਸਤਰੀ ਦੇ ਘਰ ਪਹੁੰਚਾ ਦਿੱਤੀ ਜਾਂਦੀ ਹੈ ਵੱਡੀ ਬੇਬੇ ਖ਼ੁਸ਼ ਹੁੰਦੀ ਹੈ ਕਿ ਉਸ ਦੇ ਪੁੱਤਰ ਨੂੰ ਘਰ ਸੰਭਾਲਣ ਵਾਲੀ ਸਿਆਣੀ ਬਹੂ ਮਿਲ ਗਈ ਹੈ। ਪਰ ਘਰ ਮੰਗਣ ਆਈ ਮੰਗਤੀ ਦੀ ਆਮਦ ਨਾਲ ਕਹਾਣੀ ਦਾ ਰੁੱਖ ਹੀ ਬਦਲ ਜਾਂਦਾ ਹੈ। ਜਦੋਂ ਉਹ ਤਾਰੋ ਦਾ ਪਿਛੋਕੜ ਦੱਸਦੀ ਹੈ । ਜਾਂਦੀ ਜਾਂਦੀ ਬਿਰਤਾਂਤਕਾਰ ਬਾਰੇ ਵੀ ਇਕ ਸੱਚਾਈ ਦੱਸਦੀ ਹੈ ਕਿ ਇਹ ਵੀ ਰੌਲਿਆ ਗੌਲਿਆਂ ਵਿੱਚ ਇਸ ਦੀ ਰੌਲੀ ਹੋਈ ਪੱਤ ਦਾ ਨਤੀਜਾ ਹੈ। ਤਾਰੋ ਨਾਲ ਇੰਨ੍ਹਾਂ ਕੁਝ ਵਾਪਰਿਆ ਪਰ ਉਹ ਫਿਰ ਵੀ ਨਹੀਂ

ਹਾਰੀ ਪਰ ਪੁੱਤਰ ਦੇ ਬੋਲ, "ਬੀਬੀਏ! ਤੂੰ ਚੰਗਾ ਨਹੀਂ ਕੀਤਾ ਮੇਰੇ ਨਾਲ। ਉਨ੍ਹਾਂ ਵਹਿਸ਼ੀ ਦਰਿੰਦਿਆਂ ਦੇ ਪਾਪ ਨੂੰ ਕਿਤੇ ਜੰਮਦਿਆਂ ਸਾਰ ਉਸੇ ਦਰਿਆ ਦੇ ਡੂੰਘੇ ਖਤਾਨਾਂ 'ਚ ਜਿਉਂਦਿਆਂ ਦੱਬ ਦੇਣਾ ਸੀ ਜਿਹਦੇ ਕੰਢੇ ਤੂੰ ਮੈਨੂੰ ਜਨਮ ਦਿੱਤਾ ਸੀ ਦਿਮਾਗ਼ ਦੀ ਨਸ ਵਿਚ ਕਲੌਟ ਬਣ ਕੇ ਫਸ ਗਏ ਇਨ੍ਹਾਂ ਬੋਲਾਂ ਕਾਰਨ ਤਾਰੋ ਜ਼ਿੰਦਗੀ ਦੀ ਜੰਗ ਹਾਰ ਗਈ।

ਇਸੇ ਤਰ੍ਹਾਂ **'ਵੇਲਾ ਕੁਵੇਲਾ'** ਦੇ ਬਿਰਤਾਂਤਕਾਰ ਦਾ ਪਿਓ ਰੋਹਬ ਨਾਲ ਜ਼ਿੰਦਗੀ ਬਤੀਤ ਕਰਨ ਵਾਲਾ, ਆਪਣੀ ਮਰਜ਼ੀ ਕਰਨ ਵਾਲਾ ਪਾਤਰ ਸੀ। ਪਰ ਕਹਾਣੀ ਦੇ ਅੰਤ ਵੇਲੇ ਸੰਤਾਲੀ ਦੇ ਦੰਗਿਆਂ ਵੇਲੇ ਔਰਤਾਂ ਮਰਦਾਂ ਤੇ ਕੀਤੇ ਗਏ ਜ਼ੁਲਮ ਅਤੇ ਖ਼ੂਨ ਖਰਾਬੇ ਕਾਰਨ ਉਸ ਨੂੰ ਆਪਣੇ ਕੀਤੇ ਤੇ ਪਛਤਾਵਾ ਹੋਣ ਲਗਾ ਤੇ ਬੇਚੈਨੀ ਰਹਿਣ ਲੱਗੀ। ਇਹੀ ਕਾਰਨ ਹੈ ਕਿ ਬਿਰਤਾਂਤਕਾਰ (ਉਸ ਦਾ ਪੁੱਤਰ) ਵੀ ਉਸ ਦੀ ਮੌਤ ਨੂੰ ਬਦੀ ਦਾ ਅੰਤ ਕਹਿ ਕੇ ਆਪਣੇ ਆਪ ਨੂੰ ਹਲਕਾ ਜਿਹਾ ਮਹਿਸੂਸ ਕਰਦਾ ਹੈ।

ਸਾਰੀਆਂ ਹੀ ਕਹਾਣੀਆਂ ਵਿੱਚ ਸਮਾਨਤਾ ਇਹ ਹੈ ਕਿ ਇਸ ਵਿੱਚ ਰਿਸ਼ਤਿਆਂ ਦੀ ਗੱਲ ਕੀਤੀ ਹੈ, ਦੋ ਪੀੜ੍ਹੀਆਂ ਦੀ ਆਪਸੀ ਸਮਝ ਦੀ ਗੱਲ ਕੀਤੀ ਹੈ। ਜ਼ਿਆਦਾਤਰ ਕਹਾਣੀਆਂ ਵਿੱਚ ਪੁੱਤਰ ਪਾਤਰ ਬਿਰਤਾਂਤਕਾਰ ਆਪ ਹੁੰਦਾ ਹੈ। ਜਾਤ-ਪਾਤ ਦੀ ਗੰਢ ਤੋਂ ਪਰੇਸ਼ਾਨ ਕਹਾਣੀ **'ਗੰਢਾਂ'** ਵਿੱਚ ਪੁੱਤਰ ਬਿਰਤਾਂਤਕਾਰ ਆਪ ਹੁੰਦਾ ਹੈ,**'ਪਰਿਕਰਮਾ'** ਵਿੱਚ ਪੁੱਤਰ ਦੇ ਰੂਪ ਵਿੱਚ ਬਿਰਤਾਂਤਕਾਰ ਇਕ ਐਸੀ ਮਾਂ ਦੀਆਂ ਭਾਵਨਾਵਾਂ ਨੂੰ ਵਿਅਕਤ ਕਰਦਾ ਹੈ ਜੋ ਤੰਗੀਆਂ ਤੁਰਸ਼ੀਆਂ ਝੱਲ ਕੇ ਅਖ਼ੀਰ ਆਪਣੇ ਹਿਸਾਬ ਨਾਲ ਜ਼ਿੰਦਗੀ ਜਿਊਣ ਦਾ ਫੈਸਲਾ ਲੈਂਦੀ ਹੈ ਤੇ ਪੁੱਤਰ ਬਿਰਤਾਂਤਕਾਰ ਮਾਂ ਦੇ ਇਸ ਫੈਸਲੇ ਤੇ ਖ਼ੁਸ਼ ਹੁੰਦਾ ਹੈ। 'ਰੁੱਤ ਫਿਰੀ ਵਣ ਕੰਬਿਆ' ਵਿੱਚ ਪੁੱਤਰ ਬਿਰਤਾਂਤਕਾਰ ਉਸ ਸਮੇਂ ਆਪਣੇ ਆਪ ਨੂੰ ਇਕ ਐਸੇ ਖੂਹ ਵਿੱਚ ਡਿੱਗਿਆ ਮਹਿਸੂਸ ਕਰਦਾ ਹੈ ਜਦੋਂ ਉਸ ਨੂੰ ਆਪਣੀ ਹੋਂਦ ਦਾ ਕਾਰਣ ਪਤਾ ਲਗਦਾ ਹੈ। **'ਤ੍ਰਿਕਾਲ ਸੰਧਿਆ'** ਦਾ ਬਿਰਤਾਂਤਕਾਰ ਪਿਓ ਦੇ ਰੂਪ ਵਿੱਚ ਉਸ ਪਿਤਾ ਦੇ ਮਨ ਦੀ ਹਾਲਤ ਬਿਆਨ ਕਰਦਾ ਹੈ ਜੋ ਘਰ ਲਈ ਸੁਆਣੀ ਚਾਹੁੰਦਾ ਹੈ ਤੇ ਬੱਚੇ ਉਸ ਨੂੰ ਗਲਤ ਸਮਝਦੇ ਹਨ। **'ਵੇਲਾ-ਕੁਵੇਲਾ'** ਦਾ ਪੁੱਤਰ ਪਿਓ ਦੇ ਮਰਨ ਤੇ ਬਦੀ ਦਾ ਅੰਤ ਸਮਝਦਾ ਹੈ ਜੋ ਸੰਤਾਲੀ ਦੇ ਦੰਗਿਆਂ ਵਿੱਚ ਮਨੁੱਖਤਾ ਦਾ ਘਾਣ ਕਰਦਾ ਹੈ। **'ਉੜਕਿ ਸੱਚਿ ਰਹੀ'** ਦਾ ਬਿਰਤਾਂਤਕਾਰ ਪਹਿਲਾਂ ਮਾਂ ਨੂੰ ਗਲਤ ਸਮਝਦਾ ਹੈ ਪਰ ਕਹਾਣੀ ਦੇ ਅੰਤ ਵਿੱਚ ਮਾਂ ਦੇ ਉੜਕਿ ਸਚਿ ਹੋਣ ਦਾ ਪਤਾ ਲਗਦਿਆਂ ਉਹ ਸਚਾਈ ਜਾਣ ਕੇ ਮਹਿਸੂਸ ਕਰਦਾ ਹੈ ਜਿਵੇਂ ਮਾਂ ਉਸ ਦੇ ਨਾਲ ਹੀ ਹੋਵੇ। ਬਿਰਤਾਂਤਕਾਰ ਰੂਪ ਵਿੱਚ ਦੀਪ ਦਵਿੰਦਰ ਆਪਣੀ ਸੋਚ ਤੇ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਦਾ ਨਜ਼ਰ ਆਉਂਦਾ ਹੈ। ਇਹੀ ਕਾਰਨ ਹੈ ਕਿ ਉਹ ਮੁੱਖ ਪਾਤਰ ਦੇ ਰੂਪ ਵਿੱਚ ਆਪ ਹੀ ਹੁੰਦਾ ਹੈ।

ਬਿਰਤਾਂਤ ਮਨੁੱਖੀ ਸੋਚ ਦਾ ਕੇਂਦਰੀ ਲੱਛਣ ਹੈ ਜਿਸ ਦੁਆਰਾ ਮਨੁੱਖੀ ਅਨੁਭਵ ਦੇ ਵੱਖ-ਵੱਖ ਗਿਆਨ-ਅਨੁਸਾਸ਼ਨਾਂ ਦਾ ਪ੍ਰਗਟਾਵਾ ਹੁੰਦਾ ਹੈ, ਇਸ ਤਰ੍ਹਾਂ ਇਹ ਪਾਠਕ ਤੱਕ ਗਿਆਨ ਪਹੁੰਚਾਉਣ ਦਾ ਮਾਧਿਅਮ ਬਣਦਾ ਹੈ। ਦੀਪ ਦਵਿੰਦਰ ਕਹਾਣੀਆਂ ਵਿੱਚ ਸੰਘਣੇ ਬਿਰਤਾਂਤ ਦੀ ਵਰਤੋਂ ਕਰਦਾ ਹੈ ਜਿਸ ਰਾਹੀਂ ਉਹ ਆਪਣੇ ਗਿਆਨ ਨੂੰ ਅਨੁਭਵ ਦੀ ਚਾਸ਼ਨੀ ਵਿੱਚ ਲਪੇਟ ਕੇ ਪਰੋਸਦਾ ਹੈ। ਕਹਾਣੀਆਂ ਵਿੱਚ ਪ੍ਰਭਾਵ ਦੀ ਏਕਤਾ ਬਣੀ ਰਹਿੰਦੀ ਹੈ। ਕਹਾਣੀ ਪਾਠਕ ਨੂੰ ਸੋਚਣ ਲਾ ਦਿੰਦੀ ਹੈ। ਕਿੰਨਾ ਹੀ ਚਿਰ ਇਸ ਦਾ ਅਸਰ ਬਣਿਆ ਰਹਿੰਦਾ ਹੈ।

ਕਹਾਣੀਆਂ ਦੇ ਸਿਰਲੇਖ ਪ੍ਰਤੀਕਾਤਮਕ ਹਨ । ਗੰਢਾਂ ਪ੍ਰਤੀਕ ਹਨ ਜਾਤ-ਪਾਤ ਦੀਆਂ ਗੰਢਾਂ ਦੀ ਜੋ ਪੋਸ਼ ਕਾਲੋਨੀ ਵਿੱਚ ਰਹਿ ਕੇ, ਚੰਗੇ ਅਹੁਦੇ ਤੇ ਕੰਮ ਕਰਕੇ ਵੀ ਨਹੀਂ ਖੁੱਲ੍ਹਦੀਆਂ। ਪਰਿਕਰਮਾ ਪ੍ਰਤੀਕ ਹੈ ਇਕ ਐਸੇ ਪਰਿਸਥਿਤੀਆਂ ਦੇ ਚੱਕਰ ਦੇ ਜਿਸ ਦੇ ਦੁਆਲੇ ਮਨੁੱਖ ਘੁੰਮਦਾ ਹੀ ਰਹਿੰਦਾ ਹੈ। 'ਰੁੱਤ ਫਿਰੀ ਵਣ ਕੰਬਿਆ' ਪ੍ਰਤੀਕ ਹੈ ਵਾਪਰਨ ਵਾਲੀਆਂ ਘਟਨਾਵਾਂ ਕਾਰਨ ਸਭ ਕੁਝ ਉਥਲ-ਪੁਥਲ ਹੋਣ ਦਾ। ਵਿਚਾਰੀ

ਗੁੰਗੀ ਤਾਰੋ ਮਿਸਤਰੀ ਦੇ ਘਰ ਠੀਕ ਮਾਹੌਲ ਵਿੱਚ ਪਹੁੰਚ ਤਾਂ ਜਾਂਦੀ ਹੈ ਪਰ ਮੰਗਤੀ ਦਾ ਪਿੱਛਲੇ ਜੀਵਨ ਦੀ ਕਹਾਣੀ ਤੇ ਚਾਨਣਾ ਪੁਆਉਣ ਨਾਲ ਵਣ ਰੂਪੀ ਪੁੱਤਰ ਦੀ ਜ਼ਿੰਦਗੀ ਵਿੱਚ ਕੰਪਣ ਪੈਦਾ ਹੋ ਜਾਂਦੀ ਹੈ ਜਦੋਂ ਉਸ ਨੂੰ ਆਪਣਾ ਆਪ ਰੌਲਿਆਂ ਗੌਲਿਆਂ ਦਾ ਨਤੀਜਾ ਹੋਣ ਦਾ ਪਤਾ ਲਗਦਾ ਹੈ। ਤ੍ਰਿਕਾਲ ਸੰਧਿਆ ਵਿੱਚ ਬਿਰਤਾਂਤਕਾਰ ਰੂਪ ਵਿੱਚ ਇਕ ਪਿਓ ਦੀ ਵੇਦਨਾ ਨੂੰ ਉਜਾਗਰ ਕੀਤਾ ਹੈ ਜਿਸ ਨੂੰ ਵੀ ਔਰਤ ਦੇ ਸਾਥ ਦੀ ਲੋੜ ਹੈ।'ਵੇਲਾ-ਕੁਵੇਲਾ' ਚੰਗੇ ਤੇ ਮਾੜੇ ਸਮੇਂ ਦਾ ਪ੍ਰਤੀਕ ਹੈ ਜਿਸ ਦੀ ਅਵਚੇਤਨ ਰੂਪ ਵਿੱਚ ਪਈ ਯਾਦ ਮਨੁੱਖ ਨੂੰ ਬੇਚੈਨ ਕਰ ਦਿੰਦੀ ਹੈ। ਬਿਰਤਾਂਤਕਾਰ ਪੁੱਤਰ ਪਿਤਾ ਦੀ ਮੌਤ ਉਪਰੰਤ ਬਦੀ ਦਾ ਅੰਤ ਹੋਣ ਤੇ ਸੁਰਖ਼ਰੂ ਮਹਿਸੂਸ ਕਰਦਾ ਹੈ।

ਦੀਪ ਦਵਿੰਦਰ ਦੀ ਕਹਾਣੀ ਦਾ ਖਾਸਾ ਇਹ ਵੀ ਹੈ ਕਿ ਉਹ ਬਿਰਤਾਂਤਕ ਜਗਤ ਦੀ ਉਸਾਰੀ ਕਰਨ ਲੱਗਿਆਂ ਢਿੱਲ ਨਹੀਂ ਕਰਦਾ। ਜਿਵੇਂ ਕਹਾਣੀ **'ਵੇਲਾ-ਕੁਵੇਲਾ'** ਵਿੱਚ ਜਦੋਂ ਉਸ ਦੇ ਪਿਤਾ ਦੇ ਸੰਸਕਾਰ ਤੇ ਰਿਸ਼ਤੇਦਾਰ ਤੇ ਪਿੰਡ ਵਾਲੇ ਉਸ ਨਾਲ ਜੁੜੀਆਂ ਗੱਲਾਂ ਕਰ ਰਹੇ ਹੁੰਦੇ ਹਨ। ਬਿਰਤਾਂਤਕਾਰ ਕੀ ਸੋਚਦਾ ਹੈ, "ਇਵੇਂ ਹੀ ਉਸ ਫਿਜ਼ਾ ਵਿਚ ਧੀਆਂ-ਭੈਣਾਂ ਦੇ ਵੈਣ ਗੂੰਜੇ ਹੋਣਗੇ, ਜਦੋਂ ਆਪਣਿਆਂ ਨੇ ਆਪਣਿਆਂ ਨੂੰ ਹੀ ਮਾਰਿਆ ਹੋਵੇਗਾ, ਉਦੋਂ ਬੰਦੇ ਅੰਦਰਲਾ ਰੱਬ ਕਿੱਥੇ ਲੁਕਿਆ ਹੋਵੇਗਾ? ਕਹਾਣੀ ਵਿਚਲਾ ਬਿਰਤਾਂਤ ਦੱਸਦਾ ਹੈ ਕਿ ਜਿਥੇ ਬਾਪੂ ਦੀ ਜਾਨ ਨਾ ਨਿਕਲਣ ਕਰਕੇ ਸਾਰਿਆਂ ਦੀ ਹਮਦਰਦੀ ਹੈ ਪਰ ਪੁੱਤਰ ਪਿਓ ਨੂੰ ਦੋਸ਼ੀ ਹੀ ਮੰਨਦਾ ਹੈ। ਇਹੀ ਕਾਰਨ ਹੈ ਕਿ ਕਹਾਣੀ ਦੇ ਅੰਤਲੇ ਬਿਰਤਾਂਤ ਵਿੱਚ ਉਹ ਲਿਖਦਾ ਹੈ ਬਦੀ ਦੇ ਅੰਤ ਬਾਰੇ ਸੋਚਦੇ ਹਾਂ ਜਿਵੇਂ ਮੇਰਾ ਮਨ ਹਲਕਾ ਹੋ ਜਾਂਦਾ ਹੈ ਤੇ ਮੈਂ ਹੱਥ ਝਾੜ ਪਿੱਛੇ ਖਲੋਤੇ ਲੋਕਾਂ ਵਿੱਚ ਜਾ ਰਲ਼ਦਾ ਹਾਂ। ਬਿਰਤਾਂਤਕਾਰ ਪਿੱਛਲ ਝਾਤ ਦੀ ਵਰਤੋਂ ਕਰਨ ਲੱਗਿਆਂ ਜਦੋਂ ਸ਼ੁਰੂਆਤ ਕਰਦਾ ਹੈ ਤਾਂ ਕੁਦਰਤ ਨੂੰ ਵੀ, ਆਲੇ ਦੁਆਲੇ ਨੂੰ ਵੀ ਨਾਲ ਜੋੜ ਲੈਂਦਾ ਹੈ ਜਿਵੇਂ:-

ਵਰ੍ਹਿਆਂ ਦੇ ਵਰ੍ਹੇ ਤਾਸ਼ ਦੇ ਪੱਤਿਆਂ ਵਾਂਗ ਡਿੱਗਦੇ ਗਏ ਇਕ ਦੂਜੇ ਦੇ ਉੱਪਰ ਹੇਠਾਂ। ਇਨ੍ਹਾਂ ਪੱਤਿਆਂ ਦੇ ਵਿੱਚ ਮੁਕ ਗਈਆਂ ਸਾਰੀਆਂ ਘਟਨਾਵਾਂ ਮੇਰੇ ਅੰਦਰ ਦੀ ਕਿਸੇ ਨੁੱਕਰੋਂ ਝੱਟ ਉਠ ਖਲੋਂਦੀਆਂ ਨੇ।

ਜਿਹੜੀਆਂ ਛਿੱਕੂ ਵਿਚਲੀਆਂ ਤੰਦ-ਤੰਦ ਕਰਕੇ ਉਧੜ੍ਹਦੀਆਂ ਛੱਲੀਆਂ ਇਕ ਦੂਜੀ ਨਾਲ ਉਲਝਦੀਆਂ, ਉਛਲ-ਉਛਲ ਕੇ ਛਿੱਕੂ ਅੰਦਰੋਂ ਬਾਹਰ ਡਿੱਗਣ ਨੂੰ ਕਾਹਲੀਆਂ ਸਨ, ਹੁਣ ਬਿਲਕੁਲ ਸ਼ਾਂਤ ਪਈਆਂ ਸਨ, ਜਿਵੇਂ ਉਨ੍ਹਾਂ'ਚ ਕੋਈ ਸਾਹ-ਸਤ ਹੀ ਨਾ ਹੋਵੇ।

ਕਹਾਣੀਆਂ ਵਿੱਚ ਬੂਮਰੈਂਗ ਵਿਧੀ ਦੀ ਵਰਤੋਂ ਵੀ ਮਿਲਦੀ ਹੈ। ਕਹਾਣੀ ਜਿਥੋਂ ਸ਼ੁਰੂ ਹੁੰਦੀ ਹੈ ਤਾਣੀ ਹੌਲੀ-ਹੌਲੀ ਉਲਝਦੀ ਹੈ ਤੇ ਫਿਰ ਅੰਤ ਵਿੱਚ ਤੰਦਾਂ ਖੋਲਦੀ ਖੋਲਦੀ ਫਿਰ ਉਥੇ ਹੀ ਪੁੱਜ ਜਾਂਦੀ ਹੈ। ਕਹਾਣੀਆਂ ਵਿੱਚ ਬਿਰਤਾਂਤਕਾਰ ਦੀ ਮਾਨਸਿਕ ਸਥਿਤੀ ਤੇ ਹੀ ਫੋਕਸ ਕਰਦਾ ਹੈ। ਜਦੋਂ ਕਿਸੇ ਕਹਾਣੀ ਵਿੱਚ ਫੋਕਸ ਕਹਾਣੀਕਾਰ ਆਪ ਨਹੀਂ ਕਰਦਾ ਬਲਕਿ ਪਾਤਰ ਦੁਆਰਾ ਕੀਤਾ ਜਾਂਦਾ ਹੈ ਉਸ ਨੂੰ ਆਂਤਰਿਕ ਫੋਕਸੀਕਰਨ ਕਿਹਾ ਜਾਂਦਾ ਹੈ। ਜਿਵੇਂ ਤ੍ਰਿਕਾਲ ਸੰਧਿਆ ਵਿੱਚ ਪਿਤਾ ਦੀ ਮਾਨਸਿਕ ਸਥਿਤੀ ਨੂੰ ਹੀ ਫੋਕਸ ਕੀਤਾ ਗਿਆ ਹੈ ਬਾਕੀ ਕਹਾਣੀਆਂ ਵਿੱਚ ਪੁੱਤਰਾਂ ਦੀ ਮਾਨਸਿਕ ਸਥਿਤੀ ਦਾ।

ਸਾਰੀਆਂ ਹੀ ਕਹਾਣੀਆਂ ਉਤਮ-ਪੁਰਖੀ ਹਨ ਤੇ ਘਟਨਾਵਾਂ ਦੇ ਵਾਪਰਨ ਉਪਰੰਤ ਦੀਆਂ ਹਨ ਤੇ ਅੰਤ ਆਸਵੰਦ ਹੀ ਰਹਿੰਦਾ ਹੈ। ਕਹਾਣੀਆਂ ਵਿੱਚ ਦੁੱਖ ਇੰਨਾ ਨੇੜੇ ਦਾ ਹੈ ਕਿ ਦੂਰ ਹੋਇਆ ਹੀ ਨਹੀਂ ਜਾ ਸਕਦਾ। ਕਹਾਣੀਕਾਰ ਹਰ ਪਾਤਰ ਦੀ ਪੇਸ਼ਕਾਰੀ ਲਈ ਮਿਹਨਤ ਕਰਦਾ ਹੈ। ਭਾਸ਼ਾ ਵੀ ਬੜੀ ਜ਼ਬਰਦਸਤ ਵਰਤਦਾ ਹੈ ਕਿਉਂਕਿ ਸਾਡੀ ਜ਼ਿੰਦਗੀ ਗੁੰਝਲਦਾਰ ਹੈ ਕਹਾਣੀਆਂ ਵਿਚ ਗੁੰਝਲਾਂ ਦੀ ਪੇਸ਼ਕਾਰੀ ਹੋਈ ਹੈ।

(**ਸੰਪਰਕ 62806-89095**)

## ਹੁੰਗਾਰਾ


# ਕਹਾਣੀ ਧਾਰਾ:
# ਮਨੋ-ਵਿਗਿਆਨਕ ਯਥਾਰਥ ਦੀ ਪੇਸ਼ਕਾਰੀ



## ਨਿਰੰਜਣ ਬੋਹਾ

ਅੱਜ ਦੇ ਮਨੁੱਖ ਦੀ ਖੰਡਿਤ ਮਾਨਸਿਕਤਾ , ਉਤੇਜਿਤ ਮਨੋ -ਸੰਵੇਦਨਾ , ਅੰਦਰਲੀ ਟੁੱਟ ਭੱਜ ਅਤੇ ਨਵੇਂ ਮਾਨਸਿਕ ਉਸਾਰ ਦੀ ਪ੍ਰਕਿਰਿਆ ਨੂੰ ਰੂਪਮਾਨ ਕਰਨ ਲਈ ਜਿਸ ਸ਼ਿੱਦਤ ਬਿਆਨੀ ਦੀ ਲੋੜ ਹੈ ਉਹ 21ਵੀਂ ਸਦੀ ਦੀ ਪੰਜਾਬੀ ਕਹਾਣੀ ਦਾ ਵਿਸ਼ੇਸ਼ ਹਾਸਿਲ ਹੈ। ਇਸ ਸਦੰਰਭ ਵਿਚ ਜੇ 'ਕਹਾਣੀ ਧਾਰਾ'-69 (ਅਪਰੈਲ-ਜੂਨ, ਅੰਕ 2023 ) ਵਿਚ ਸ਼ਾਮਿਲ ਅੱਠ ਕਹਾਣੀਆਂ ਦੀ ਗੱਲ ਕਰੀਏ ਤਾਂ ਇਨ੍ਹਾਂ ਕਹਾਣੀਆਂ ਰਾਹੀਂ ਸਾਨੂੰ ਪੰਜਾਬੀ ਦੇ ਬਹੁਤ ਸਾਰੇ ਪੁਰਾਣੇ ਮੰਤਵੀ ਮਾਪਦੰਡ ਟੁੱਟਦੇ ਤੇ ਨਵੇਂ ਮਨੋਵਿਗਿਆਨਕ ਮਾਪਦੰਡ ਸਥਾਪਿਤ ਹੁੰਦੇ ਵਿਖਾਈ ਦਿੰਦੇ ਹਨ। ਪਰਚੇ ਵਿੱਚ ਸ਼ਾਮਿਲ ਵਿਚਾਰ ਚਰਚਾ **'ਸੁਲਘਦੇ ਸਮਿਆਂ ਦਾ ਬਿਰਤਾਂਤ'** ਦੇ ਸਿੱਟੇ ਵੀ ਇਸ ਗੱਲ ਦੀ ਪੁਸ਼ਟੀ ਤੇ ਪ੍ਰੋੜਤਾ ਕਰਦੇ ਹਨ ਹੈ ਕਿ ਨਵੀਂ ਪੰਜਾਬੀ ਕਹਾਣੀ ਪੁਰਾਣੇ ਜਮਾਤੀ ਚੌਖਟੇ ਵਿੱਚੋਂ ਨਿਕਲ ਕੇ ਮਨੁੱਖ ਦੀ ਨਿੱਜੀ ਮਨੋ- ਵਿਗਿਆਨਕ ਪਛਾਣ ਨੂੰ ਉਭਾਰਣ ਵੱਲ ਅਗਸਰ ਹੈ। ਡਾ. ਬਲਦੇਵ ਸਿੰਘ ਧਾਲੀਵਾਲ , ਬਲਜੀਤ ਸਿੰਘ ਰੈਨਾ, ਦੀਪ ਦਵਿੰਦਰ, ਦੇਸ ਰਾਜ ਕਾਲੀ, ਭਗਵੰਤ ਰਸੂਲਪੁਰੀ ,ਅਜਮੇਰ ਸਿਧੂ ਤੇ ਜੇ. ਬੀ. ਸੇਖੋ ਵੱਲੋਂ ਨਵੀਂ ਪੰਜਾਬੀ ਕਹਾਣੀ ਬਾਰੇ ਕੀਤੀ ਇਹ ਚਰਚਾ ਜਿੱਥੇ ਪੰਜਾਬੀ ਕਹਾਣੀ ਵਿੱਚ ਅਨੁਭਵ ਪੱਖੋਂ ਆ ਰਹੇ ਨਵੇਂਪਣ ਦੀ ਪ੍ਰਸੰਸਾ ਕਰਦੀ ਹੈ, ਉੱਥੇ ਸੁਲਘਦੇ ਮਸਲਿਆਂ 'ਤੇ ਕਹਾਣੀ ਲਿਖਣ ਦੀ ਕਾਹਲ ਅਧੀਨ ਆ ਰਹੇ ਪੇਤਪਲੇਪਣ ਤੇ ਦੁਹਰਾਅ ਬਾਰੇ ਚਿੰਤਾ ਵੀ ਵਿਅਕਤ ਕਰਦੀ ਹੈ। ਭਾਵੇਂ ਇਸ ਅੰਕ ਵਿਚਲੀਆਂ ਕਹਾਣੀਆਂ ਬਾਰੇ ਇਹ ਦਾਅਵਾ ਤਾਂ ਨਵੀਂ ਕੀਤਾ ਜਾ ਸਕਦਾ ਕਿ ਇਹ ਦੁਹਰਾਅ ਤੋਂ ਪੂਰਨ ਤੌਰ 'ਤੇ ਮੁਕਤ ਹਨ ਪਰ ਇਹਨਾਂ ਵਿਚਲੀ ਮਾਨਸਿਕ ਗਹਿਰਾਈਆਂ ਵਿੱਚ ਉਤਰਣ ਦੀ ਯੋਗਤਾ ਇਹਨਾਂ ਦੇ ਉੱਚੇ ਕਲਾਤਮਕ ਮਿਆਰ ਦੀ ਗਵਾਹੀ ਜ਼ਰੂਰ ਭਰਦੀ ਹੈ।

ਇਸ ਅੰਕ ਵਿਚ ਸ਼ਾਮਿਲ ਪ੍ਰੋਢ ਤੇ ਪ੍ਰਬੁੱਧ ਕਹਾਣੀਕਾਰ ਰਘਬੀਰ ਸਿੰਘ ਮਾਨ ਦੀ ਕਹਾਣੀ **'ਸ਼ਰਤ'** ਇਸ ਮਨੋਵਿਗਿਆਨਕ ਸੱਚ ਨੂੰ ਬਿਆਨਦੀ ਹੈ ਕਿ ਗਰੀਬ ਤੇ ਸਾਧਨਹੀਣ ਵਰਗ ਵੱਲੋਂ ਸਾਧਨ ਸੰਪੰਨ ਲੋਕਾਂ ਨਾਲ ਰਿਸ਼ਤੇ ਉਨ੍ਹਾਂ ਦੀਆਂ ਸ਼ਰਤਾਂ ਅਨੁਸਾਰ ਹੀ ਨਿਭਾਏ ਜਾ ਸਕਦੇ ਹਨ। ਵਿਦੇਸ਼ ਤੋਂ ਵਿਆਹ ਕਰਵਾਉਣ ਆਇਆ ਨੌਜਵਾਨ ਸੈਂਡੀ ਨਸ਼ੇੜੀ, ਨਿੰਕਮਾਂ ਤੇ ਸਿੱਧਰਾ ਹੀ ਨਹੀਂ ਸਗੋ ਤਲਾਕਸ਼ੁਦਾ ਵੀ ਹੈ , ਫਿਰ ਵੀ ਪੜ੍ਹੀ ਲਿਖੀ ਤੇ ਸੁੰਦਰ ਕੁੜੀ ਸਰਬੀ ਨਾਲ ਉਸਦਾ ਰਿਸ਼ਤਾ ਤੈਹ ਕਰਨ ਵੇਲੇ ਸ਼ਰਤਾਂ ਉਸਦੀ ਮਾਂ ਹਰਪਾਲ ਕੌਰ ਵੱਲੋਂ ਹੀ ਰੱਖੀਆਂ ਜਾਂਦੀਆਂ ਹਨ। ਹਰਪਾਲ ਕੌਰ ਦੀ ਸ਼ਰਤ ਹੈ ਕਿ ਉਹ ਆਪਣੀ ਨੂੰਹ ਨੂੰ ਉਦੋਂ ਹੀ ਕਨੈਡਾ ਲੈ ਕੇ ਜਾਵੇਗੀ ਜਦੋਂ ਉਸਦੀ ਗੋਦ ਵਿਚ ਪੁੱਤਰ ਆ ਜਾਵੇਗਾ। ਇੱਥੇ ਕਹਾਣੀਕਾਰ ਪੰਜਾਬ ਦੇ ਮੁੰਡੇ ਕੁੜੀਆਂ ਵਿੱਚ ਬਾਹਰਲੇ ਮੁਲਕਾਂ ਵਿਚ ਜਾਣ ਦੇ ਖਤਰਨਾਕ ਹੱਦ ਤੱਕ ਵੱਧ ਰਹੇ ਰੁਝਾਣ



ਨੂੰ ਵੀ ਵਿਸ਼ੇਸ਼ ਤੌਰ ਆਪਣੇ ਨਿਸ਼ਾਨੇ 'ਤੇ ਰੱਖਦਾ ਹੈ। ਸਰਬੀ ਸੈਂਡੀ ਨੂੰ ਮਨੋਂ ਪਸੰਦ ਨਹੀਂ ਕਰਦੀ ਪਰ ਉਹ ਵਿਦੇਸ਼ ਵਿਚ ਜਾ ਕੇ ਵੱਸਣ ਸੰਬੰਧੀ ਬਚਪਨ ਤੋਂ ਹੀ ਵੇਖੇ ਜਾ ਰਹੇ ਆਪਣੇ ਸੁਪਨੇ ਦੀ ਪੂਰਤੀ ਲਈ ਆਪਣੀ ਹੈਂਕੜਬਾਜ਼ ਸੱਸ ਤੇ ਨਸ਼ੇੜੀ ਪਤੀ ਦੀਆਂ ਸਾਰੀਆਂ ਸ਼ਰਤਾਂ ਮੰਨ ਲੈਂਦੀ ਹੈ। ਉਸ ਵੱਲੋਂ ਇਸ ਤਰ੍ਹਾਂ ਕੀਤੇ ਜਾਣ ਨਾਲ ਕਹਾਣੀ ਦੇ ਪਾਠਕਾਂ ਦੀ ਉਸ ਨਾਲ ਉਹ ਹਮਦਰਦੀ ਨਹੀਂ ਰਹਿੰਦੀ ਜੋ ਸਹੁਰੇ ਪਰਿਵਾਰ ਵਾਲੀਆਂ ਸਤਾਈਆਂ ਕੁੜੀਆਂ ਨਾਲ ਸੁਭਾਵਿਕ ਤੌਰ 'ਤੇ ਰਹਿਣੀ ਚਾਹੀਦੀ ਹੈ।

ਕਹਾਣੀ ਵਿੱਚ ਹਰਪਾਲ ਕੌਰ ਦੀਆਂ ਜਿਆਦਤੀਆਂ ਤੇ ਸਰਬੀ ਦੀਆਂ ਕੈਨੇਡਾ ਪਹੁੰਚਣ ਦੀ ਇੱਛਾਵਾਂ ਸਮਾਂਤਰ ਲੀਹਾਂ ਤੇ ਤੁਰਦੀਆਂ ਵਿਖਾਈ ਦਿੰਦੀਆਂ ਹਨ। ਇਹ ਗੱਲ ਕਿਸੇ ਪੜ੍ਹੀ ਲਿਖੀ ਕੁੜੀ ਦੇ ਸੁਭਾਅ ਦੇ ਅਨੁਸਾਰੀ ਨਹੀਂ ਲੱਗਦੀ ਕਿ ਉਹ ਸਹੁਰੇ ਪਰਿਵਾਰ ਦੀਆਂ ਅਮਾਨਵੀਂ ਜਿਆਦਤੀਆਂ ਤੇ ਸ਼ਰਤਾਂ ਅੱਗੇ ਇਸ ਤਰ੍ਹਾਂ ਝੁਕਦੀ ਰਹੇ ਪਰ ਉਹ ਤਾਂ ਸੱਸ ਵੱਲੋਂ ਨਿਸਚਿਤ ਸਮੇਂ ਵਿੱਚ ਮਾਂ ਬਨਣ ਦੀ ਰੱਖੀ ਸ਼ਰਤ ਨੂੰ ਪੂਰਾ ਕਰਨ ਲਈ ਕੁਝ ਵੀ ਕਰਨ ਨੂੰ ਤਿਆਰ ਹੈ। ਨਸ਼ੇੜੀ ਪਤੀ ਵੱਲੋਂ ਮਾਂ ਬਣਨ ਦੀ ਆਸ ਪੂਰੀ ਨਾ ਹੋਣ ਤੇ ਉਹ ਆਪਣੇ ਉਸ ਜਮਾਤੀ ਨਾਲ ਸਰੀਰਕ ਸਬੰਧ ਜੋੜਣ ਦੀ ਕੋਸ਼ਿਸ਼ ਕਰਦੀ ਹੈ, ਜਿਸ ਦੀ ਪਿਆਰ ਪੇਸ਼ਕਸ਼ ਨੂੰ ਉਹ ਠੁਕਰਾ ਚੁੱਕੀ ਹੈ।

ਸਰਬਜੀਤ ਕੌਰ ਸੋਹਲ ਦੀ ਕਹਾਣੀ **'ਹਾਂ ਮੈਨੂੰ ਬੰਦੇ ਪਸੰਦ ਨੇ'** ਆਪਣੇ ਪਤੀ ਦੇ ਸੱਚੇ ਤੇ ਸਮੁੱਚੇ ਪਿਆਰ ਨੂੰ ਤਰਸਦੀ "ਮੈਂ" ਪਾਤਰ ਅੰਦਰਲੀਆਂ ਪੀੜਾਂ ਦੀ ਥਾਹ ਪਾਉਂਦੀ ਹੈ ਤਾਂ ਇਸ ਵਿੱਚੋਂ ਉਹਨਾਂ ਸਾਰੀਆਂ ਔਰਤਾਂ ਦਾ ਦਰਦ ਛਲਕਦਾ ਹੈ, ਜਿੰਨ੍ਹਾਂ ਦੇ ਪਤੀ ਪੈਸੇ ਕਮਾਉਣ ਦੀ ਮਸ਼ੀਨ ਬਣ ਕੇ ਉਹਨਾਂ ਦੀਆਂ ਮਾਨਸਿਕ ਲੋੜਾਂ ਦਾ ਖਿਆਲ ਨਹੀਂ ਰੱਖਦੇ। ਕਹਾਣੀ ਦੀ ਬਿਰਤਾਂਤਕਾਰ ਆਪਣੇ ਅੰਦਰਲੇ ਖਲਾਅ ਨੂੰ ਪਦਾਰਥਕ ਸੁੱਖ ਸਹੂਲਤਾਂ ਨਾਲ ਭਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਇਹ ਖਲਾਅ ਹੋਰ ਵੀ ਵੱਧ ਜਾਂਦਾ ਹੈ। ਕਹਾਣੀ ਵਿਚਲੀ ਪਤਨੀ ਮੋਨਾ ਤੇ ਪਤੀ ਸੁਧੀਰ ਹਮ ਬਿਸਤਰ ਤਾਂ ਹੁੰਦੇ ਹਨ ਪਰ ਇਸ ਕਾਰਜ਼ ਵਿਚ ਉਹਨਾਂ ਦੇ ਮਨ ਸ਼ਾਮਿਲ ਨਾ ਹੋਣ ਕਾਰਨ ਉਸਨੂੰ ਲੱਗਦਾ ਹੈ ਕਿ ਉਹ ਕੇਵਲ ਭੋਗੇ ਜਾਣ ਵਾਲੀ ਵਸਤੂ ਹੀ ਹੈ। ਅਜਿਹੇ ਸਥਿਤੀ ਵਿਚ ਉਸਦੇ ਮਨ 'ਤੇ ਔਰਤ ਦੇ ਫਾਲਤੂ ਹੋਣ ਦਾ ਅਹਿਸਾਸ ਵੀ ਭਾਰੂ ਹੋਣ ਲੱਗਦਾ ਹੈ। ਕਹਾਣੀ ਦੀ ਇਹ ਪਾਤਰ ਪਰੰਪਰਾਮਈ ਸੰਸਕਾਰਾਂ ਵਿੱਚ ਬੱਝੀ ਔਰਤ ਨਾ ਹੋ ਕੇ ਨਵੇਂ ਯੁੱਗ ਦੀ ਪੜ੍ਹੀ ਲਿਖੀ ਔਰਤ ਹੈ ਇਸ ਲਈ ਉਸ ਅੰਦਰਲੇ ਬਗਾਵਤੀ ਭਾਵਾਂ ਦੀ ਪੇਸ਼ਕਾਰੀ ਇਸ ਕਹਾਣੀ ਦਾ ਵਿਸ਼ੇਸ਼ ਹਾਸਿਲ ਬਣਦੀ ਹੈ।

ਮੋਹ ਭੰਗਤਾ ਦੀ ਅਜਿਹੀ ਸਥਿਤੀ ਪੈਦਾ ਹੋਣ ਤੇ ਉਹ ਆਪਣੀ ਬਚਪਨ ਦੀ ਸਹੇਲੀ ਸ਼ਾਰਦਾ ਨਾਲ ਨਾਲ ਹਮ ਬਿਸਤਰ ਹੁੰਦੀ ਹੈ ਤਾਂ ਉਸਨੂੰ ਕੁਝ ਸਮੇ ਲਈ ਮਾਨਸਿਕ ਰਾਹਤ ਵੀ ਮਿਲਦੀ ਹੈ ਤੇ ਉਹ ਸ਼ਾਰਦਾ ਨੂੰ ਆਪਣੀ ਸੋਲ-ਮੇਟ ਤੇ ਸੁਧੀਰ ਨੂੰ ਬਾਡੀ- ਮੇਟ ਸਮਝਣ ਦਾ ਭੁਲੇਖਾ ਵੀ ਖਾਂਦੀ ਹੈ। ਦੂਸਰੇ ਪਾਸੇ ਪਤੀ-ਪਤਨੀ ਵਿਚਕਾਰ ਕੁਝ ਸਮੇਂ ਲਈ ਬਣੀ ਦੂਰੀ ਉਸਦੇ ਪਤੀ ਸੁਧੀਰ ਅੰਦਰ ਵੀ ਇੱਕ ਪ੍ਰੇਮੀ ਹੋਣ ਦੇ ਭਾਵ ਪੈਦਾ ਕਰ ਦਿੰਦੀ ਹੈ। ਸਮਾਂ ਵਿੱਥ ਪਾ ਕੇ ਜਦੋਂ ਪਤੀ ਪਤਨੀ ਦੁਬਾਰਾ ਮਿਲਦੇ ਹਨ ਤਾਂ ਉਸਨੂੰ ਅਹਿਸਾਸ ਹੈ ਹੁੰਦਾ ਹੈ ਕਿ ਇਸ ਮਿਲਾਪ ਵਿਚ ਦੋਵਾਂ ਦਾ ਮਨ ਵੀ ਸ਼ਾਮਿਲ ਹੈ। ਉਸ ਦੀ ਸੋਚ ਵਿਚ ਆਇਆ ਇਹ ਬਦਲਾਓ 'ਹਾਂ, ਵਾਕੇ ਹੀ ਮੈਨੂੰ ਬੰਦੇ ਪਸੰਦ ਹਨ' ਪਤੀ ਪਤਨੀ ਨੂੰ ਇਕ ਦੂਜੇ ਦੇ ਪੂਰਕ ਵੀ ਕਰਾਰ ਦਿੰਦਾ ਹੈ ਤੇ ਕਹਾਣੀ ਦੀ ਕਲਾਤਮਿਕ ਖ਼ੂਬਸੂਰਤੀ ਨੂੰ ਵੀ ਵਧਾਉਂਦਾ ਹੈ।

ਭੁਪਿੰਦਰ ਸਿੰਘ ਮਾਨ ਦੀ ਕਹਾਣੀ **'ਵੈਰਾਗ'** ਅਨੁਸਾਰ ਸਮਾਜਿਕ ਜੀਵਨ ਦੀ ਬੁਨਿਆਦ ਸਮਝੇ ਜਾਣ ਵਾਲੀ ਵਿਆਹ ਸੰਸਥਾ ਤੱਦ ਤੱਕ ਹੀ ਮਨੁੱਖ ਨੂੰ ਮਾਨਸਿਕ ਸੁੱਖ ਤੇ ਰਾਹਤ ਦੇ ਸਕਦੀ ਹੈ ਜਦੋਂ ਤੱਕ ਪਤੀ -ਪਤਨੀ ਦੋਵੇਂ ਇਕ ਦੂਜੇ ਦੀਆਂ ਭਾਵਨਾਤਮਕ ਤੇ ਸਰੀਰਕ ਲੋੜਾਂ ਨੂੰ ਸਮਝਦੇ ਤੇ ਇਨਸਾਫ ਕਰਦੇ ਹਨ। ਕਹਾਣੀ ਵਿੱਚ ਇੱਕ ਪਾਸੇ ਪੋਲਿਓ ਗ੍ਰਸਤ ਦੇਬੀ ਆਪਣੇ ਵਿਆਹ ਦੀ ਉਮਰ ਲੰਘ ਜਾਣ ਦਾ

ਮਾਨਸਿਕ ਸੰਤਾਪ ਭੋਗ ਰਿਹਾ ਹੈ ਤਾਂ ਦੂਜੇ ਪਾਸੇ ਸਤਵੰਤ ਕੌਰ ਆਪਣੇ ਸ਼ਰਾਬੀ ਪਤੀ ਗੋਰੇ ਵੱਲੋਂ ਕੀਤੀ ਕੁੱਟਮਾਰ ਕਾਰਨ ਪ੍ਰੇਸ਼ਾਨ ਹੈ। ਸਤਵੰਤ ਦੇ ਪਤੀ ਦੀ ਮੌਤ ਤੋਂ ਬਾਅਦ ਦੋਵਾਂ ਧਿਰਾਂ ਦੀਆਂ ਆਪਣੀਆਂ ਆਪਣੀਆਂ ਲੋੜਾਂ ਉਨ੍ਹਾਂ ਨੂੰ ਵਿਆਹ ਸੂਤਰ ਵਿਚ ਬੰਨ੍ਹ ਦਿੰਦੀਆਂ ਹਨ ਤਾਂ ਦੇਬੀ ਨੂੰ ਲੱਗਦਾ ਹੈ ਕਿ ਉਹ ਜਿਉਂਦਿਆਂ ਵਿਚ ਸ਼ਾਮਿਲ ਹੋ ਗਿਆ ਹੈ। ਕਹਾਣੀ ਵਿੱਚ ਉਨ੍ਹਾਂ ਦੇ ਰਿਸ਼ਤੇ ਦੀ ਭਾਵਨਾਤਮਕ ਵਿਉਂਤਬੰਦੀ ਉਦੋਂ ਵਿਗੜਦੀ ਹੈ ਜਦੋਂ ਉਨ੍ਹਾਂ ਦੇ ਗ੍ਰਹਿਸਥੀ ਜੀਵਨ ਵਿੱਚ ਰਾਜਸੀ ਆਗੂ ਗੁਰਸਾਹਿਬ ਦਾ ਪ੍ਰਵੇਸ਼ ਹੁੰਦਾ ਹੈ। ਜਦੋਂ ਸਤਵੰਤ ਦੇਬੀ ਦੀ ਅਣਦੇਖੀ ਕਰਕੇ ਘਰ ਦੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਵਾਲੇ ਗੁਰਸਾਹਿਬ ਪ੍ਰਤੀ ਵੱਧ ਝੁਕਾਅ ਰੱਖਣ ਲੱਗ ਪੈਂਦੀ ਹੈ ਤਾਂ ਦੇਬੀ ਮਾਨਸਿਕ ਤੌਰ 'ਤੇ ਹੀ ਨਹੀਂ ਟੁੱਟਦਾ ਸਗੋਂ ਸਮਾਜਿਕ ਤੌਰ ਤੇ ਵੀ ਆਪਣੇ ਆਪ ਨੂੰ ਬਹੁਤ ਹੀਣਾ ਹੋਇਆ ਮਹਿਸੂਸ ਕਰਦਾ ਹੈ।

ਜਦੋਂ ਦੇਬੀ ਦੇ ਮਨ ਵਿਚ ਇਹ ਧਾਰਨਾ ਪੱਕੀ ਤਰ੍ਹਾਂ ਬੈਠ ਜਾਂਦੀ ਹੈ ਕਿ ਸਤਵੰਤ ਦੇ ਪਹਿਲੇ ਵਿਆਹ ਤੋਂ ਪੈਦਾ ਹੋਈ ਕੁੜੀ ਪਿੰਕੀ ਦੇ ਵਿਆਹ ਸਮੇਂ ਉਸਦੇ ਪਿਉ ਦੀਆਂ ਰਸਮਾਂ ਉਸਦੀ ਬਜਾਏ ਗੁਰਸਾਹਿਬ ਸਿੰਘ ਨਿਭਾਵੇਗਾ ਤਾਂ ਉਸ ਅੰਦਰਲਾ ਮਾਨਸਿਕ ਸੰਤਾਪ ਆਤਮਘਾਤ ਕਰਨ ਦੀ ਹੱਦ ਛੂਹਣ ਵਾਲੀ ਚਰਮ ਸੀਮਾ 'ਤੇ ਪਹੁੰਚ ਜਾਂਦਾ ਹੈ। ਇਸ ਸਮੇਂ ਹੀ ਕਹਾਣੀ ਕੂਹਣੀ ਮੋੜ ਕੱਟਦੀ ਹੈ, ਜਿਸ ਵਿਚ ਗੁਰਸਾਹਿਬ ਸਿੰਘ ਘਰ ਤੋਂ ਬਾਹਰ ਜਾਂਦਾ ਵਿਖਾਈ ਦਿੰਦਾ ਹੈ ਤੇ ਸਤਵੰਤ ਉਸਨੂੰ ਹਲੂਣਦਿਆਂ ਆਖਦੀ ਹੈ, ਖੜ੍ਹੇ ਹੋਵੋ ਅਰਦਾਸ ਵਿਚ ਸ਼ਾਮਿਲ ਨਹੀਂ ਹੋਣਾ। ਕਹਾਣੀ ਦਾ ਤਾਣਾ ਬਾਣਾ ਪਤੀ ਪਤਨੀ ਦੇ ਰਿਸ਼ਤੇ ਦੀਆ ਮਹੀਨ ਭਾਵਨਾਤਮਕ ਤੰਦਾਂ ਰਾਹੀਂ ਬੁਣਿਆ ਗਿਆ ਹੈ । ਭਾਵੇਂ ਦੇਬੀ ਵੱਲੋਂ ਆਪਣੇ ਹਿੱਤ ਲਈ ਆਪਣੇ ਦੋਸਤ ਰਹੇ ਗੋਰੇ ਨੂੰ ਜ਼ਹਿਰ ਦੇ ਕੇ ਮਾਰਨ ਦੀ ਗੱਲ ਕਿਸੇ ਚੰਗੇ ਸੰਦੇਸ਼ ਦੀ ਵਾਹਕ ਨਹੀਂ ਹੈ ਪਰ ਕੁੱਲ ਮਿਲਾ ਕੇ ਇਹ ਕਹਾਣੀ ਇੱਕ ਪ੍ਰਤਿਭਾਵਾਨ ਵਜੋਂ ਭੁਪਿੰਦਰ ਸਿੰਘ ਮਾਨ ਦੀ ਪਛਾਣ ਦੇ ਰੰਗ ਹੋਰ ਗੂੜ੍ਹੇ ਕਰਨ ਵਿੱਚ ਸਫ਼ਲ ਰਹੀ ਹੈ।

ਕਸ਼ਮੀਰ ਖਿੱਤੇ ਨਾਲ ਸੰਬੰਧਤ ਪੰਜਾਬੀ ਕਹਾਣੀਕਾਰ ਇੱਛੂਪਾਲ ਦੀ ਕਹਾਣੀ **'ਬਿਪਤਾ'** ਉਸ ਦੀ ਸਰੀਰਕ ਰੂਪ ਵਿਚ ਅਲਵਿਦਾਈ ਤੋਂ ਕੁਝ ਮਹੀਨੇ ਪਹਿਲੋਂ 'ਕਹਾਣੀ ਧਾਰਾ' ਨੂੰ ਭੇਜੀ ਗਈ ਸੀ ਜੋ ਇਸ ਅੰਕ ਵਿਚ ਉਸ ਨੂੰ ਸ਼ਰਧਾਜ਼ਲੀ ਦੇਣ ਵਜੋਂ ਛਾਪੀ ਗਈ ਹੈ। ਇਸ ਕਹਾਣੀ ਵਿਚਲੇ ਮਨੋ ਵਿਗਿਆਨਕ ਨੁਕਤੇ ਅਨੁਸਾਰ ਕਿਸੇ ਪੁਰਸ਼ ਦੀਆਂ ਅਤ੍ਰਿਪਤ ਰਹੀਆਂ ਜਿਨਸੀ ਖਾਹਸ਼ਾਂ ਉਸ ਅੰਦਰ ਔਰਤ ਪ੍ਰਤੀ ਬਦਲਾ ਲਊ ਮਾਨਸਿਕਤਾ ਵੀ ਪੈਦਾ ਕਰ ਸਕਦੀਆਂ ਹਨ। ਅਜਿਹੇ ਹੀ ਮਨੋ ਰੋਗ ਦਾ ਸ਼ਿਕਾਰ ਹੋਇਆ ਨੌਜਵਾਨ ਕਰਨ ਨਾਂ ਸਿਰਫ ਸਾਰੀ ਔਰਤ ਜਾਤੀ ਨੂੰ ਹੀ ਧੋਖੇਬਾਜ਼ ਮੰਨਦਾ ਹੈ ਸਗੋਂ ਬਦਲਾ ਲਊ ਭਾਵਨਾ ਅਧੀਨ ਆਪਣੀ ਭੈਣ ਪ੍ਰੀਤੀ ਦੀ ਸਹੇਲੀ ਡਾਕਟਰ ਜਿੰਦਰ ਦਾ ਚਿਹਰਾ ਤੇਜ਼ਾਬ ਨਾਲ ਸਾੜਣ ਦਾ ਯਤਨ ਵੀ ਕਰਦਾ ਹੈ। ਪਰਚੇ ਦੇ ਤਿੰਨ ਪੰਨਿਆਂ ਵਿਚ ਫੈਲੇ ਮੁੱਢਲੇ ਬਿਰਤਾਂਤ ਦਾ ਮੂਲ ਕਹਾਣੀ ਨਾਲ ਕੋਈ ਸਿੱਧਾ ਸਬੰਧ ਨਾ ਜੁੜਣ ਕਾਰਨ ਇਸਦੀ ਸੰਗਠਨਾਤਮਕ ਬੁਣਤ ਤੇ ਬਣਤਰ ਕੁਝ ਢਿੱਲੀ ਰਹਿਣ ਗਈ ਹੈ, ਫਿਰ ਵੀ ਇਹ ਵਿੱਛੜੇ ਲੇਖਕ ਦੀ ਇੱਕ ਚੰਗੀ ਕਹਾਣੀ ਹੈ।

ਅਨੇਮਨ ਸਿੰਘ ਨਵੇਂ ਵਿਸ਼ਵੀ ਯੁੱਗ ਵਿਚ ਮਨੁੱਖ ਦੀਆਂ ਸੋਚ ਆਉਣ ਵਾਲੀਆਂ ਨਵੀਆਂ ਤਬਦੀਲੀਆਂ 'ਤੇ ਤਿੱਖੀ ਨਜ਼ਰ ਰੱਖਣ ਵਾਲਾ ਕਹਾਣੀਕਾਰ ਹੈ। ਉਸਦਾ ਝੁਕਾਅ ਪਰੰਪਰਾਂ ਦੀ ਬਜਾਇ ਨਵੀਨਤਾਂ ਵੱਲ ਰਿਹਾ ਹੈ, ਇਸ ਲਈ ਅਕਸਰ ਇਹਨਾਂ ਤਬਦੀਲੀਆਂ ਨੂੰ ਉਸਦੀ ਮਾਨਸਿਕ ਸਵਕ੍ਰਿਤੀ ਵੀ ਹਾਸਿਲ ਰਹੀ ਹੈ। 'ਕਹਾਣੀ ਧਾਰਾ' ਦੇ ਇਸ ਅੰਕ ਵਿਚ ਸ਼ਾਮਿਲ ਉਸਦੀ ਕਹਾਣੀ **'ਡੌਂਟ ਮਾਈਂਡ'** ਜੀਵਨ ਦੇ ਨਵੇਂ ਸਮਾਜਿਕ ਮੁੱਲਾਂ ਦੀ ਪਰਖ ਪੜਚੋਲ ਜੀਵ ਵਿਗਿਆਨ ਦੇ ਦ੍ਰਿਸ਼ਟੀਕੋਣ ਤੋਂ ਕਰਨ ਦੀ ਨਵੀਂ ਪਹਿਲਕਦਮੀ ਕਰਦੀ ਹੈ। ਕਹਾਣੀ ਵਿੱਚਲਾ 'ਮੈਂ' ਪਾਤਰ ਵੈਟਨਰੀ ਡਾਕਟਰ ਹੈ। ਉਹ ਆਪਣੇ ਪਿਓ-ਦਾਦੇ ਵਾਂਗ ਆਪਣੀਆਂ ਖਾਨਦਾਨੀ ਪ੍ਰੰਪਰਾਵਾਂ ਪ੍ਰਤੀ ਭਾਵੁਕ ਲਗਾਓ ਨਹੀਂ ਰੱਖਦਾ ਤੇ ਉਸਨੂੰ

ਇਸ ਗੱਲ 'ਤੇ ਕੋਈ ਇਤਰਾਜ਼ ਨਹੀਂ ਕਿ ਉਸਦੇ ਤਾਏ ਦੇ ਮੁੰਡੇ ਭੁਪਿੰਦਰ ਨੇ ਆਪਣੇ ਮਾਪਿਆਂ ਦੀ ਮਰਜ਼ੀ ਦੇ ਉਲਟ ਅੰਗਰੇਜ ਕੁੜੀ ਨਾਲ ਵਿਆਹ ਕਰਾ ਲਿਆ ਹੈ।

ਉਸ ਲਈ ਵੱਡਾ ਮਾਨਸਿਕ ਸਕੰਟ ਉਦੋਂ ਪੈਦਾ ਹੁੰਦਾ ਹੈ ਜਦੋਂ ਉਸਨੂੰ ਪਤਾ ਚਲਦਾ ਹੈ ਕਿ ਉਸਦਾ ਵਿਦੇਸ਼ ਗਿਆ ਆਪਣਾ ਪੁੱਤਰ ਰਾਜਨ ਉਸਦੇ ਤਾਏ ਦੇ ਪੁੱਤ ਭਰਾ ਭੁਪਿੰਦਰ ਦੀ ਧੀ ਨਾਲ ਹੀ ਵਿਆਹ ਕਰਵਾਉਣ ਦਾ ਇਰਾਦਾ ਰੱਖਦਾ ਹੈ। ਇਸ ਸਮੇਂ ਉਸ ਅੰਦਰ ਬੈਠਾਂ ਜੀਵ ਵਿਗਿਆਨੀ ਡਾਕਟਰ ਉਸਨੂੰ ਵਾਰ ਵਾਰ ਸੁਚੇਤ ਕਰਦਾ ਹੈ ਕਿ ਇੱਕੋ ਖ਼ੂਨ ਜਾਂ ਖਾਨਦਾਨ ਨਾਲ ਸਬੰਧਤ ਮੁੰਡੇ ਤੇ ਕੁੜੀ ਦਾ ਵਿਆਹ ਹੋਣਾ ਪੂਰੀ ਤਰ੍ਹਾਂ ਗੈਰ ਕੁਦਰਤੀ ਵਰਤਾਰਾ ਹੈ ਤੇ ਅਜਿਹੇ ਵਿਆਹ ਸਬੰਧਾਂ ਵਿਚੋਂ ਪੈਦਾ ਹੋਣ ਵਾਲੀ ਸੰਤਾਨ ਅਨੁਵੰਸਿਕ ਬਿਮਾਰੀਆਂ ਤੋਂ ਪੀੜਤ ਤੇ ਘੱਟ ਉਮਰ ਵਾਲੀ ਹੁੰਦੀ ਹੈ। ਇਸ ਤਰ੍ਹਾਂ ਅਨੇਮਨ ਸਿੰਘ ਇਸ ਵਾਰ ਵਿਆਹ ਸੰਸਥਾ ਨਾਲ ਜੁੜੀਆਂ ਵਿਗਿਆਨਕ ਮਾਨਤਾਵਾਂ ਵੱਲ ਪਾਠਕਾਂ ਦਾ ਧਿਆਨ ਦੁਆ ਕੇ ਆਪਣੇ ਆਪ ਨੂੰ ਵਿਗਿਆਨਕ ਨਜ਼ਰੀਏ ਵਾਲੇ ਸਮਾਜ ਸਾਸ਼ਤਰੀ ਕਹਾਣੀਕਾਰ ਵਜੋਂ ਪੇਸ਼ ਕਰਨ ਵਿਚ ਸਫਲ ਰਿਹਾ ਹੈ।

ਜਸਵਿੰਦਰ ਧਰਮਕੋਟ ਦੀ ਕਹਾਣੀ **'ਦਾ ਕਾਮਨ ਅਰਥ'** ਸਮਕਾਲੀ ਸਮਾਜਿਕ, ਆਰਥਿਕ ਤੇ ਰਾਜਸੀ ਵਿਵਸਥਾ ਨੂੰ ਮਨੁੱਖਤਾਵਾਦੀ ਦਸ਼ਾ ਤੇ ਦਿਸ਼ਾ ਦੇਣ ਵਾਲੀ ਸੁਹਿਰਦਤਾ ਨਾਲ ਜੁੜੀ ਹੋਈ ਹੈ। ਇਸ ਵਿਵਸਥਾ ਵਿੱਚ ਆਏ ਵਿਗਾੜ ਉਸਨੂੰ ਨਿਰਾਸ਼ ਕਰਦੇ ਹਨ ਤਾਂ ਉਹ ਆਪਣੇ ਸੁਪਨਿਆਂ ਵਿੱਚ ਆਪਣਾ ਮਨ ਭਾਉਂਦਾ ਸੰਸਾਰ ਉਸਾਰ ਕੇ ਉਸ ਵਿੱਚ ਮਾਨਵਤਾਵਾਦੀ ਰੰਗ ਭਰਦਾ ਹੈ। ਉਸ ਦੀ ਇਹ ਕਹਾਣੀ ਵਿੱਚਲੇ ਸਾਂਝੇ ਸੰਸਾਰ ਵਿਚ ਧਰਮ, ਮਹਜ਼ਬ, ਜਾਤ ਪਾਤ ਜਾਂ ਖੇਤਰੀ ਅਧਾਰ ਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਹੁੰਦਾ ਤੇ ਪੰਜਾਬ ਦੇ ਸਰਬਤ ਦਾ ਭਲਾ ਚਾਹੁਣ ਵਾਲੇ ਸਾਂਝੀਵਾਲਤਾ ਦਾ ਫਲਸਫਾ ਵੀ ਵਿਸ਼ੇਸ਼ ਥਾਂ ਰੱਖਦਾ ਹੈ। ਕਹਾਣੀਕਾਰ ਇਸ ਕਲਪਿਤ ਸੰਸਾਰ ਦੀ ਦ੍ਰਿਸ਼ਾਵਲੀ ਨੂੰ ਅਧਾਰ ਬਣਾ ਕੇ ਦੇਸ਼ ਦੇ ਸਿੱਖਿਆ ਪ੍ਰਬੰਧ ਵਿੱਚ ਵੀ ਵੱਡੇ ਬਦਲਾਵ ਕੀਤੇ ਜਾਣ ਦੇ ਸੁਝਾਅ ਪੇਸ਼ ਕਰਦਾ ਹੈ ਕਿ ਵਿਦਿਆਰਥੀਆਂ ਦੀ ਯੋਗਤਾ ਨੂੰ ਸਾਲਾਂ ਜਾਂ ਉਮਰ ਦੀ ਬਜਾਏ ਗਿਆਨ ਦੀ ਮੁਹਾਰਤ ਨਾਲ ਮਾਪਿਆ ਜਾਣਾ ਚਾਹੀਦਾ ਹੈ। ਕਹਾਣੀ ਆਪਣੇ ਪਾਠਕਾਂ ਦੇ ਜ਼ਿਹਨ ਵਿਚ ਇਹ ਧਾਰਨਾ ਬਿਠਾਉਣ ਵਿੱਚ ਵੀ ਸਫ਼ਲ ਰਹਿੰਦੀ ਹੈ ਕਿ ਕੋਈ ਵੀ ਵੱਡੀ ਪ੍ਰਾਪਤੀ ਹਾਸਿਲ ਹੋਣ ਤੋਂ ਪਹਿਲਾਂ ਸਾਡੇ ਲਈ ਇੱਕ ਸੁਪਨਾ ਹੀ ਹੁੰਦੀ ਹੈ ਤੇ ਸਾਡੇ ਯਤਨਾਂ ਦੀ ਨਿਰੰਤਰਤਾ ਕਿਸੇ ਵੀ ਸੁਪਨੇ ਨੂੰ ਹਕੀਕਤ ਵਿਚ ਬਦਲ ਸਕਦੀ ਹੈ। ਚਾਹੇ ਕਹਾਣੀ ਲੋੜੋਂ ਵੱਧ ਆਦਰਸ਼ਕ ਰੰਗਤ ਵਾਲੀ ਹੈ ਪਰ ਇਹ ਆਦਰਸ਼ ਮਨੁੱਖੀ ਜੀਵਨ ਦੀ ਤੋਰ ਨੂੰ ਅੱਗੇ ਲਿਜਾਣ ਵਾਲੇ ਹਨ।

ਪਰਮਿੰਦਰ ਕੌਰ ਸਵੈਚ ਦੀ ਕਹਾਣੀ **'ਸੂਹਣ ਦਾ ਮੁੱਠਾ'** ਪਰਵਾਸੀ ਭਾਰਤੀਆਂ ਦੀ ਉਸ ਬਜ਼ੁਰਗ ਪੀੜ੍ਹੀ ਦੀ ਮਨੋ- ਸੰਵੇਦਨਾ ਨੂੰ ਬਿਆਨਦੀ ਹੈ ਜੋ ਪ੍ਰਦੇਸ਼ ਵਿਚ ਰਹਿੰਦਿਆਂ ਵੀ ਆਪਣੇ ਪਿਛੋਕੜੀ ਸਭਿਆਚਾਰਕ ਵਿਰਸੇ ਨਾਲ ਭਾਵੁਕ ਲਗਾਓ ਰੱਖਦੀ ਹੈ। ਕਹਾਣੀ ਵਿਚਲੀ ਮਾਂ ਆਪਣੇ ਪਿਛੋਕੜੀ ਹੇਰਵੇ ਕਾਰਨ ਇੰਡੀਆਂ ਬਜ਼ਾਰ ਵਿੱਚੋਂ ਬਿਨਾਂ ਲੋੜ ਤੋਂ ਵੀ ਵਸਤੂਆਂ ਖਰੀਦ ਕੇ ਘਰ ਭਰਦੀ ਰਹਿੰਦੀ ਹੈ। ਮਾਂ ਨੂੰ ਇਹ ਚਿੰਤਾ ਵੀ ਬੇਚੈਨ ਰੱਖਦੀ ਹੈ ਕਿ ਘਰ ਦਾ ਹਰ ਮੈਂਬਰ ਆਪਣੀ ਹੀ ਦੁਨੀਆ ਵਿੱਚ ਮਸਤ ਹੈ ਅਤੇ ਸੋਸ਼ਲ ਮੀਡੀਆਂ ਦੀ ਆਮਦ ਨੇ ਉਨ੍ਹਾਂ ਨੂੰ ਜ਼ਿੰਦਗੀ ਦੇ ਯਥਾਰਥ ਨਾਲੋਂ ਤੋੜ ਕੇ ਖਿਆਲਾਂ ਦੀ ਦੁਨੀਆ ਵਿਚ ਰਹਿਣ ਲਾ ਦਿੱਤਾ ਹੈ। ਉਹ ਆਪਣੇ ਆਪਣੇ ਖਿਆਲਾਂ ਵਿੱਚ ਗੁਆਚੇ ਤੇ ਨਿੱਜਪ੍ਰਸਤ ਜ਼ਿੰਦਗੀ ਰਹੇ ਪਰਿਵਾਰਕ ਮੈਂਬਰਾਂ ਦੀ ਤੁਲਨਾ ਸੂਹਣ ਦੇ ਅਜਿਹੇ ਤੀਲਿਆਂ ਨਾਲ ਕਰਦੀ ਹੈ ਜੋ ਇਕ ਘਰ ਵਿਚ ਰਹਿੰਦੇ ਹੋਏ ਵੀ ਮਾਨਸਿਕ ਪੱਧਰ ਤੇ ਇਕ ਦੂਜੇ ਨਾਲ ਦੂਰੀ ਬਣਾ ਕੇ ਰੱਖਦੇ ਹਨ। ਭਾਵੇਂ ਕਹਾਣੀ ਦਾ ਬਿਰਤਾਂਤ ਸਧਾਰਣ ਮੁਹਾਂਦਰੇ ਵਾਲਾ ਹੈ ਪਰ ਫਿਰ ਵੀ ਇਹ ਆਪਣੀ ਪੜ੍ਹਨ ਯੋਗਤਾ ਬਣਾਈ ਰੱਖਦੀ ਹੈ।

ਇਸ ਅੰਕ ਵਿਚ ਇਤਾਲਵੀ ਨਾਟਕਕਾਰ, ਕਵੀ ਤੇ ਗਲਪਕਾਰ ਲੁਈਗੀ ਪਿਰਾਂਡਲੇ ਦੀ ਡਾ.

ਕਰਮਜੀਤ ਕੌਰ ਕਿਸਾਵਲ ਵੱਲੋਂ ਅਨੁਵਾਦਿਤ ਕਹਾਣੀ **'ਜੰਗ'** ਵੀ ਸ਼ਾਮਿਲ ਹੈ। ਇਸ ਕਹਾਣੀ ਅਨੁਸਾਰ ਹਰ ਸਥਾਪਤੀ ਆਪਣੇ ਵਿਸਥਾਰ ਲਈ ਰਾਸ਼ਟਰਵਾਦ ਜਾਂ ਦੇਸ਼ ਪ੍ਰੇਮ ਦਾ ਸਹਾਰਾ ਲੈ ਕੇ ਨੌਜਵਾਨਾਂ ਨੂੰ ਜੰਗ ਦੇ ਮੈਦਾਨ ਕੁੱਦਣ ਤੇ ਸ਼ਹੀਦੀਆਂ ਪਾਉਣ ਲਈ ਉਕਸਾਉਂਦੀ ਹੈ ਤੇ ਜੰਗੀ ਮੈਦਾਨ ਵਿੱਚ ਜਾਨ ਗੁਆਉਣ ਵਾਲੇ ਨੌਜਵਾਨਾਂ ਦੇ ਮਾਪਿਆਂ ਨੂੰ ਸ਼ਹੀਦ ਪੁੱਤਾਂ ਦੇ ਮਾਪੇ ਕਹਿ ਕੇ ਵਡਿਆਇਆ ਜਾਂਦਾ ਹੈ। ਕਹਾਣੀ ਦੀ ਭਾਸ਼ਾ ਬਹੁਤ ਸੰਬੋਲਿਕ ਹੈ ਤੇ ਇਸਦਾ ਅਨੁਵਾਦ ਵੀ ਬਹੁਤ ਸੁਚੱਜਾ ਹੈ।

'ਕਹਾਣੀਧਾਰਾ-69 ਦੀਆਂ ਕਹਾਣੀਆਂ ਪਰਚੇ ਵੱਲੋਂ ਸਿਰਜੇ ਆਪਣੇ ਹੁਣ ਤੱਕ ਦੇ ਸਾਹਿਤਕ ਮਿਆਰ ਦੀ ਬਰਾਬਰੀ ਕਰਨ ਵਾਲੀਆਂ ਹਨ ਤੇ ਇਹ ਆਪਣੇ ਪਾਤਰਾਂ ਦੇ ਬਾਹਰੀ ਤੇ ਅੰਤਰੀਵੀ ਯਥਾਰਥ ਵਿਚਲੇ ਦਵੰਦਾਤਮਕ ਸਬੰਧਾਂ ਨੂੰ ਦਰਸਾਉਣ ਵਿੱਚ ਪੂਰੀ ਮੁਹਾਰਤ ਰੱਖਦੀਆਂ ਹਨ। ਭਗਵੰਤ ਰਸੂਲਪੁਰੀ ਸੂਝਵਾਨ ਸੰਪਾਦਕ ਹੈ ਤੇ ਉਸਨੂੰ ਪਤਾ ਹੈ ਕਿ ਕਿਹੜੀ ਕਹਾਣੀ ਕਿਸ ਅੰਕ ਵਿੱਚ ਤੇ ਕਿਸ ਤਰਤੀਬ ਵਿੱਚ ਛਾਪਣੀ ਹੈ। ਇਸ ਅੰਕ ਦੀਆਂ ਸਾਰੀਆਂ ਹੀ ਕਹਾਣੀਆਂ ਆਪਣੇ ਪਾਤਰਾਂ ਦੀ ਮਾਨਸਿਕਤਾ ਦਾ ਬਹੁ-ਪ੍ਰਤੀ ਅਧਿਐਨ ਕਰਕੇ ਨਵੀਆਂ ਮਨੋ- ਵਿਗਿਆਨਕ ਸਥਾਪਨਾਵਾਂ ਸਥਾਪਿਤ ਕਰਨ ਵਾਲੀਆਂ ਹਨ । ਪਰਚੇ ਦੀ ਸੰਪਾਦਕੀ ਅਤੇ ਕਹਾਣੀ ਦੇ ਨੂੰ ਸਮਝਣ ਵਾਲੇ ਅਦੀਬਾਂ ਦੀ ਚਰਚਾ ਸਿਰਫ ਇਸ ਅੰਕ ਦਾ ਹਾਸਿਲ ਹੀ ਨਹੀਂ ਹੈ ਸਗੋਂ ਸਮੁੱਚੇ ਤੌਰ 'ਤੇ ਪੰਜਾਬੀ ਕਹਾਣੀ ਦਾ ਬਹੁਤ ਕੁਝ ਸੁਆਰਣ ਵਾਲੀ ਵੀ ਹੈ।

(**ਸੰਪਰਕ :** **89682-82700** )

# ਵਿਭਿੰਨ ਵਿਸ਼ਿਆਂ ਨੂੰ ਪੇਸ਼ ਕਰਦੀ ਸਮਕਾਲੀ ਕਹਾਣੀ

**(ਕਹਾਣੀਧਾਰਾ ਦੇ 69ਵੇਂ ਅੰਕ ਵਿਚ ਪ੍ਰਕਾਸ਼ਿਤ ਕਹਾਣੀਆਂ ਦੇ ਆਧਾਰ 'ਤੇ)**



## ਪ੍ਰੋ. ਪਵਨਦੀਪ ਕੌਰ

ਪੰਜਾਬੀ ਕਹਾਣੀ ਦੀ ਗੰਭੀਰਤਾ ਨਾਲ ਗੱਲ ਕਰਨ ਵਾਲਾ ਪਰਚਾ 'ਕਹਾਣੀ ਧਾਰਾ' ਹੈ। ਕਹਾਣੀਆਂ ਦੇ ਨਾਲ ਨਾਲ ਕਹਾਣੀ ਪ੍ਰਤੀ ਸੰਵਾਦ ਰਚਾਉਣਾ ਵੀ ਪਰਚੇ ਦਾ ਮੁੱਖ ਉਦੇਸ਼ ਹੈ। ਪਰਚੇ ਦੀ ਸੰਪਾਦਕੀ ਵਿਚ ਮੁੱਢਲੇ ਕਹਾਣੀਕਾਰਾਂ ਬਾਰੇ ਗੰਭੀਰ ਗੱਲ ਕੀਤੀ ਗਈ ਹੈ। ਅਸੀਂ ਸੱਚਮੁੱਚ ਹੀ ਇਨ੍ਹਾਂ ਕਹਾਣੀਕਾਰਾਂ ਨੂੰ ਭੁੱਲੀ ਬੈਠੇ ਹਾਂ। ਪਰਚੇ ਦਾ ਦੂਜਾ ਨਿਵੇਕਲਾ ਪਹਿਲੂ 'ਸੁਲਘਦੇ ਸਮਿਆਂ ਦਾ ਬਿਰਤਾਂਤ ਅਤੇ ਪੰਜਾਬੀ ਕਹਾਣੀ' ਹੈ। ਜਿਸ ਵਿਚ ਡਾ. ਬਲਦੇਵ ਸਿੰਘ ਧਾਲੀਵਾਲ ਨੇ ਸੂਤਰਧਾਰ ਦਾ ਰੋਲ ਨਿਭਾਇਆ ਹੈ ਤੇ ਪੰਜਾਬੀ ਦੇ ਚਰਚਿਤ ਕਹਾਣੀਕਾਰਾਂ ਨੇ ਆਪਣੀ ਆਪਣੀ ਕਹਾਣੀ ਨਾਲ ਸੰਵਾਦ ਤੋਰਿਆ ਹੈ। ਇਸ ਅੰਕ ਵਿਚ 7 ਕਹਾਣੀਆਂ ਛਪੀਆਂ ਹਨ। ਜੋ ਚੰਗੀ ਕਹਾਣੀ ਦੀ ਨਿਸ਼ਾਨਦੇਹੀ ਕਰਦੀਆਂ ਹਨ।

ਇਤਾਲਵੀ ਕਹਾਣੀ **'ਜੰਗ'** ਮੂਲ ਰੂਪ ਵਿਚ ਲੁਈਗੀ ਪਿਰਾਂ ਡੇਲੋ ਦੁਆਰਾ ਲਿਖੀ ਗਈ ਹੈ, ਡਾ. ਕਰਮਜੀਤ ਕੌਰ ਕਿਸ਼ਾਂਵਲ ਨੇ ਪੰਜਾਬੀ ਭਾਸ਼ਾ ਵਿਚ ਇਸ ਕਹਾਣੀ ਦਾ ਅਨੁਵਾਦ ਕਰਕੇ ਸਾਹਿਤ ਦੀ ਕਹਾਣੀ ਵਿਧਾ ਵਿੱਚ ਵਾਧਾ ਕੀਤਾ ਹੈ। ਕਹਾਣੀ ਪਤੀ-ਪਤਨੀ ਦੇ ਫੌਜ਼ ਵਿੱਚ ਗਏ ਪੁੱਤਰ ਨੂੰ ਮਿਲਣ ਜਾਣ ਦੀ ਸਥਿਤੀ ਨਾਲ ਆਰੰਭ ਹੁੰਦੀ ਹੈ। ਕਹਾਣੀ ਮਾਂ ਪਿਓ ਦੀ ਦਸ਼ਾ ਨੂੰ ਪੇਸ਼ ਕਰਦੀ ਹੈ। ਜਿੱਥੇ ਪਿਓ ਪੁੱਤ ਦੇ ਜੰਗ ਵਿੱਚ ਗਏ ਹੋਣ ਦੀ ਅਵਸਥਾ ਦਾ ਜ਼ਿਕਰ ਬੱਸ ਵਿੱਚ ਬੈਠੇ ਦੂਜੇ ਯਾਤਰੀਆਂ ਨਾਲ ਕਰਦਾ ਹੈ ਉੱਥੇ ਮਾਂ ਪੁੱਤ ਦੇ ਮੋਰਚੇ ਵਿੱਚ ਜਾਣ ਕਾਰਨ ਸਹਿਮੀ ਹੋਈ ਅਵਸਥਾ ਨੂੰ ਪ੍ਰਭਾਵੀ ਢੰਗ ਨਾਲ ਪੇਸ਼ ਕੀਤਾ ਹੈ।

ਕਹਾਣੀ **'ਸ਼ਰਤ'** ਰਘਬੀਰ ਸਿੰਘ ਮਾਨ ਦੁਆਰਾ ਲਿਖੀ ਹੋਈ ਕਹਾਣੀ ਹੈ। ਇਸ ਕਹਾਣੀ ਵਿੱਚ ਲੇਖਕ

ਨੇ ਔਰਤ ਦੇ ਸਰੂਪ ਨੂੰ ਚਿਤਰਿਆ ਹੈ। ਔਰਤ ਦੀ ਮਨੋਦਿਸ਼ਾ ਨੂੰ ਬਿਆਨ ਕਰਦੇ ਹੋਏ। ਵਿਦੇਸ਼ ਜਾਣ ਦੀ ਚਾਹ ਰੱਖਣ ਵਾਲੀ ਕੁੜੀ ਦੀ ਮਨੋਸਥਿਤੀ ਨੂੰ ਚਿਤਰਿਆ ਹੈ। ਅਮੀਰ ਲੋਕਾਂ ਦੀ ਗਰੀਬਾਂ ਪ੍ਰਤੀ ਸੋਚ/ਦ੍ਰਿਸ਼ਟੀ ਦਾ ਵੀ ਵਰਨਣ ਕੀਤਾ ਗਿਆ ਹੈ। ਕਹਾਣੀ ਦੀ ਪਾਤਰ ਹਰਪਾਲ ਵਿਦੇਸ਼ੀ, ਅਮੀਰ ਘਰਾਣੇ ਨਾਲ ਸੰਬੰਧ ਰੱਖਦੀ ਹੈ। ਉਹ ਬਹੁਤ ਰੁੱਖੇ ਅਤੇ ਸਖ਼ਤ ਸੁਭਾਅ ਵਾਲੀ ਸ਼ਖ਼ਸੀਅਤ ਦੀ ਮਾਲਕ ਹੈ। ਉਸ ਦੇ ਇਸ ਸੁਭਾਅ ਪਿੱਛੇ ਉਸਦੀ ਪਹਿਲੀ ਨੂੰਹ ਦਾ ਕੈਨੇਡਾ ਪਹੁੰਚਣ 'ਤੇ ਉਨ੍ਹਾਂ ਨੂੰ ਨਾ ਮਿਲਣਾ ਉਸਦੀ ਸਾਰੀ ਰਿਸ਼ਤੇਦਾਰੀ ਵਿੱਚ ਨਾਮੋਸ਼ੀ ਦੀ ਵਜ੍ਹਾ ਬਣਦਾ ਹੈ। ਜਿਸ ਕਾਰਨ ਉਹ ਹੁਣ ਸਾਰਾ ਗੁੱਸਾ ਆਪਣੇ ਪੁੱਤਰ ਦੀ ਦੂਜੀ ਵਹੁਟੀ ਸਰਬੀ ਤੇ ਕੱਢਦੀ ਨਜ਼ਰ ਆਉਂਦੀ ਹੈ। ਉਸਦਾ ਪੁੱਤਰ ਸੈਂਡੀ ਸਿੱਧੜ ਅਤੇ ਨਸ਼ੇੜੀ ਹੈ ਜਿਸਦਾ ਦੂਜਾ ਵਿਆਹ ਸਰਬੀ ਨਾਲ ਕੀਤਾ ਜਾਂਦਾ ਹੈ। ਸਰਬੀ ਉਨ੍ਹਾਂ ਕੁੜੀਆਂ ਦੀ ਨਿਸ਼ਾਨਦੇਹੀ ਕਰਦੀ ਹੈ ਜੋ ਹਰ ਹੀਲੇ ਵਸੀਲੇ ਵਿਦੇਸ਼ ਪੁੱਜਣ ਦੀ ਚਾਹ ਰੱਖਦੀਆਂ ਹਨ ਅਤੇ ਆਪਣੇ ਪਰਿਵਾਰ ਨੂੰ ਗਰੀਬੀ ਵਿੱਚੋਂ ਕੱਢਣ ਲਈ ਤਤਪਰ ਰਹਿੰਦੀਆਂ ਹਨ। ਦੂਜੇ ਪਾਸੇ ਹਰਪਾਲ ਉਨ੍ਹਾਂ ਲੋਕਾਂ ਦੀ ਨਿਸ਼ਾਨਦੇਹੀ ਕਰਦੀ ਹੈ ਜੋ ਧੋਖੇ ਦਾ ਸ਼ਿਕਾਰ ਹੁੰਦੇ ਹਨ। ਸੈਂਡੀ ਦੀ ਪਹਿਲੀ ਵਹੁਟੀ ਕੈਨੇਡਾ ਉਨ੍ਹਾਂ ਕੋਲ ਜਾਣ ਦੀ ਬਜਾਇ ਉਨ੍ਹਾਂ ਨੂੰ ਕੈਨੇਡਾ ਪਹੁੰਚਣ ਦੀ ਗਲਤ ਤਾਰੀਖ ਦੱਸਦੀ ਹੈ। ਨਮੋਸ਼ੀ ਦੀ ਮਾਰੀ ਹਰਪਾਲ ਜਿਸ ਨੇ ਕੈਨੇਡਾ ਵਿੱਚ ਆਪਣੀ ਨੂੰਹ ਬਾਰੇ ਵੱਡੀਆਂ ਵੱਡੀਆਂ ਡੀਂਗਾਂ ਮਾਰੀਆਂ ਸਨ, ਹੁਣ ਪਛਤਾਵੇਂ ਦੀ ਅੱਗ ਵਿੱਚ ਬਲਦੀ ਹੈ। ਜਿਸ ਦੇ ਸਿੱਟੇ ਵਜੋਂ ਉਹ ਆਪਣੇ ਪੁੱਤਰ ਦੀ ਦੂਜੀ ਵਹੁਟੀ ਪਰਿਵਾਰ ਅੱਗੇ ਖੁੱਲ੍ਹ ਕੇ ਸ਼ਰਤ ਰੱਖਦੀ ਨਜ਼ਰ ਆਉਂਦੀ ਹੈ ਕਿ ਉਹ ਸਰਬੀ ਨੂੰ ਉਦੋਂ ਹੀ ਵਿਦੇਸ਼ (ਕੈਨੇਡਾ) ਲੈ ਕੇ ਜਾਣਗੇ ਜਦੋਂ ਉਹ ਉਹਨਾਂ ਦੇ ਪੋਤੇ ਨੂੰ ਜਨਮ ਦੇਵੇਗੀ। ਸੈਂਡੀ ਦੇ ਨਸ਼ੇੜੀ ਹੋਣ ਕਾਰਨ ਹਰਪਾਲ ਦੀ ਆਸਾ ਤੇ ਬੂਰ ਨਹੀਂ ਪੈਂਦਾ ਅਤੇ ਉਹ ਇਸਦਾ ਕਸੂਰਵਾਰ ਵੀ ਆਪਣੀ ਨੂੰਹ ਨੂੰ ਮੰਨਦੀ ਹੈ। ਦੁੱਖਾਂ ਦੀ ਪੀੜ ਸਹਾਰਦੀ ਸਰਬੀ ਨੂੰ ਉਸਦਾ ਪਿਆਰ ਰੂਪ ਯਾਦ ਆਉਂਦਾ ਹੈ। ਉਹ ਉਸਨੂੰ ਮਿਲਣਾ ਚਾਹੁੰਦੀ ਹੈ ਕਿਉਂਕਿ ਵਿਦੇਸ਼ ਜਾਣ ਦਾ ਇਕੋ-ਇਕ ਰਾਹ ਉਸਨੂੰ ਰੂਪ ਨਜ਼ਰ ਆਉਂਦਾ ਹੈ। ਪਰ ਜਿਉਂ ਹੀ ਉਸਨੂੰ ਰੂਪ ਦੇ ਵਿਆਹ ਦਾ ਪਤਾ ਚੱਲਦਾ ਹੈ ਤਾਂ ਉਹ ਪਰਸਥਿਤੀਆਂ ਅੱਗੇ ਹਾਰਦੀ ਹੋਈ ਨਜ਼ਰ ਆਉਂਦੀ ਹੈ।

**'ਹਾਂ, ਮੈਨੂੰ ਬੰਦੇ ਪਸੰਦ ਨੇ'** ਕਹਾਣੀ ਸਰਬਜੀਤ ਕੌਰ ਸੋਹਲ ਦੁਆਰਾ ਲਿਖੀ ਗਈ ਹੈ। 'ਮੈਂ' ਪਾਤਰ ਦੇ ਮਾਧਿਅਮ ਦੁਆਰਾ ਉਹ ਔਰਤ ਦੀ ਮਾਨਸਿਕ ਸਥਿਤੀ ਦੀ ਪੇਸ਼ਕਾਰੀ ਕਰਦੀ ਹੈ। 'ਮੈਂ' ਪਾਤਰ ਇਕ ਚੰਗੀ ਨੂੰਹ, ਚੰਗੀ ਮਾਂ, ਚੰਗੀ ਬੀਵੀਂ, ਚੰਗੀ ਨਣਦ ਦੇ ਰੂਪ ਵਿਚ ਖਰੀ ਉਤਰਦੀ ਹੈ ਪਰੰਤੂ ਇਸ ਸਭ ਵਿਚ 'ਮੈਂ' ਪਾਤਰ ਆਪਣਾ ਆਪ ਭੁੱਲ ਜਾਂਦੀ ਹੈ। ਜ਼ਿੰਮੇਵਾਰੀਆਂ ਦੇ ਵੱਧਣ ਨਾਲ ਪਤੀ ਸਿਰਫ਼ ਪੈਸਾ ਕਮਾਉਣ, ਬਿਜਨਸ ਵਧਾਉਣ ਦੀਆਂ ਗੱਲਾਂ ਕਰਦਾ ਹੈ ਜਦ ਕਿ 'ਮੈਂ' ਪਾਤਰ ਉਸ ਤੋਂ (ਪਤੀ) ਪਿਆਰ ਦੀ ਤ੍ਰਿਪਤੀ ਚਾਹੁੰਦੀ ਹੈ। ਇਹ ਅਤ੍ਰਿਪਤ ਅਵਸਥਾ ਕਾਰਨ ਉਸਨੂੰ ਆਪਣੇ ਬਚਪਨ ਦੀ ਸਹੇਲੀ ਸ਼ਾਰਧਾ ਨਾਲ ਬਿਤਾਇਆ ਬਚਪਨ ਯਾਦ ਆਉਂਦਾ ਹੈ। ਸ਼ਾਰਧਾ ਕੈਨੇਡਾ ਦੀ ਦੁਨੀਆ ਵਿਚ ਆਪਣਾ ਜੀਵਨ ਬਤੀਤ ਕਰਦੀ ਹੈ। ਫੇਸਬੁੱਕ ਰਾਹੀਂ ਦੋਹਾਂ ਸਹੇਲੀਆਂ ਦਾ ਫਿਰ ਤੋਂ ਮੇਲ ਹੁੰਦਾ ਹੈ। ਦੋਵੇਂ ਇਕ ਦੂਜੇ ਦੀ ਲੋੜ ਨੂੰ ਮਹਿਸੂਸ ਕਰਦੀਆਂ ਹਨ। ਉਹ ਸ਼ਾਰਧਾ ਕੋਲ ਕੈਨੇਡਾ ਜਾਂਦੀ ਹੈ। ਲੰਮੇ ਸਮੇਂ ਬਾਅਦ ਮਿਲੀਆਂ ਸਹੇਲੀਆਂ ਅਪਣੱਤ ਦੇ ਹਰ ਪਲ ਨੂੰ ਜਿਉਂਦੀਆਂ ਹਨ। ਦੋਵੇਂ ਪ੍ਰੇਮੀ ਪ੍ਰੇਮਿਕਾ ਵਾਂਗ ਸਾਂਝ ਨੂੰ ਮਾਣਦੀਆਂ ਹਨ। 'ਮੈਂ' ਪਾਤਰ ਕਾਫ਼ੀ ਅਰਸੇ ਤੋਂ ਬਾਅਦ ਇਸ ਸਾਂਝ ਨੂੰ ਮਾਣਦੀ ਹੈ ਤਾਂ ਉਸਨੂੰ ਨਿਵੇਕਲਾ ਮਹਿਸੂਸ ਹੁੰਦਾ ਹੈ ਜੋ ਉਸਦੇ ਪਤੀ ਤੋਂ ਉਸ ਨੂੰ ਕਦੇ ਨਹੀਂ ਹੋਇਆ ਸੀ। ਇਸ ਦੇ ਬਾਵਜੂਦ ਵੀ 'ਮੈਂ' ਪਾਤਰ ਆਪਣੇ ਪਤੀ, ਬੱਚੇ ਅਤੇ ਪਰਿਵਾਰ ਬਾਰੇ ਸੋਚਦੀ ਹੈ। ਮਹੀਨੇ ਬਾਅਦ ਜਦ ਉਹ ਵਾਪਸ ਆਉਂਦੀ ਹੈ ਤਾਂ ਉਸਨੂੰ ਘਰ ਦਾ ਮਾਹੌਲ ਪੂਰੀ ਤਰ੍ਹਾਂ ਬਦਲਿਆ ਜਾਪਦਾ ਹੈ। ਉਸਦਾ ਬੜੇ ਪਿਆਰ ਨਾਲ ਘਰ ਵਿੱਚ ਸਵਾਗਤ ਕੀਤਾ ਜਾਂਦਾ ਹੈ। ਉਸਨੂੰ ਘਰ ਵਿੱਚ ਆਪਣੀ ਹੋਂਦ ਦਾ ਅਹਿਸਾਸ ਹੁੰਦਾ ਹੈ। ਪਤੀ ਨਾਲ ਸੌਣ ਸਮੇਂ ਉਸਨੂੰ ਆਪਣੀ ਮੌਜੂਦਗੀ

ਪ੍ਰਤੀਤ ਹੁੰਦੀ ਹੈ। ਉਹ ਇਸ ਬਾਰੇ ਬੜੇ ਚਾਅ ਤੇ ਉਤਸ਼ਾਹ ਨਾਲ ਸ਼ਾਰਧਾ ਨੂੰ ਦੱਸਦੀ। ਮਨਫ਼ੀ ਹੋ ਰਹੇ ਅਹਿਸਾਸ ਉਸ ਨੂੰ ਹੁਣ ਜਿਉਂਦਿਆਂ ਵਿੱਚ ਕਰ ਰਹੇ ਸਨ।

ਕਹਾਣੀ **'ਵੈਰਾਗ'** ਭੁਪਿੰਦਰ ਸਿੰਘ ਮਾਨ ਦੁਆਰਾ ਰਚਿਤ ਹੈ। ਕਹਾਣੀ ਦਾ ਬਿਰਤਾਂਤ ਭਰਾਵਾਂ ਦੀ ਵੰਡ, ਦੋਸਤੀ, ਗੱਦਾਰੀ, ਸ਼ੱਕੀ ਸੁਭਾਅ, ਨਜ਼ਾਇਜ਼ ਸੰਬੰਧਾਂ 'ਤੇ ਆਧਾਰਿਤ ਹੈ। ਕਹਾਣੀ ਦਾ ਮੁੱਖ ਪਾਤਰ ਹਰਦੇਵ ਸਿੰਘ ਦੇਬੀ ਹੈ। ਜੋ ਸਰੀਰਿਕ ਤੌਰ 'ਤੇ ਅਪਾਹਜ ਹੈ। ਲੱਤ ਨੂੰ ਪੋਲੀਆ ਹੋਣ ਕਾਰਨ ਉਹ ਫੋਹੜੀਆਂ ਨਾਲ ਤੁਰਦਾ ਹੈ। ਸਰੀਰਿਕ ਅਸਮੱਰਥਾ ਕਰਕੇ ਉਹ ਵਿਆਹ ਦੇ ਪੱਖ ਤੋਂ ਅਧੂਰਾ ਹੁੰਦਾ ਹੈ। ਭਰਾਵਾਂ ਦੇ ਵਿਆਹ ਹੋ ਜਾਣ 'ਤੇ ਉਹ ਹੋਰ ਵੀ ਹੀਣਾ ਮਹਿਸੂਸ ਕਰਦਾ ਹੈ। 'ਗੋਰਾ' ਨਾਮਕ ਪਾਤਰ ਨਾਲ ਉਸਦੀ ਦੋਸਤੀ ਇਕ ਮਾਤਰ ਸਹਾਰਾ ਬਣਦੀ ਹੈ। ਗੋਰੇ ਦਾ ਆਪਣੀ ਪਤਨੀ ਸਤਵੰਤ ਨਾਲ ਕਲੇਸ਼ ਸਤਵੰਤ ਅਤੇ ਦੇਬੀ ਨੂੰ ਇੱਕ ਦੂਜੇ ਦੇ ਕਰੀਬ ਕਰ ਦਿੰਦਾ ਹੈ। ਸਿੱਟੇ ਵਜੋਂ ਦੇਬੀ ਮਤਲਬੀ ਹੁੰਦਾ ਹੋਇਆ ਗੋਰੇ ਦੀ ਸ਼ਰਾਬ ਵਿੱਚ ਸੰਖੀਆ ਮਿਲਾ ਦਿੰਦਾ ਹੈ। ਗੋਰੇ ਦੀ ਮੌਤ ਤੋਂ ਬਾਅਦ ਉਹ ਆਪਣੇ ਹਿੱਸੇ ਦੀ ਜ਼ਮੀਨ ਵਿਚੋਂ ਕਿੱਲਾ ਵੇਚ ਕੇ ਸਤਵੰਤ ਤੇ ਉਸਦੇ ਬੱਚਿਆਂ ਨਾਲ ਸ਼ਹਿਰ ਵੱਸ ਜਾਂਦਾ ਹੈ। ਹੋਣੀ ਉਸ ਨੂੰ ਗੋਰੇ ਦੀ ਜਗ੍ਹਾ ਖੜਾ ਕਰ ਦਿੰਦੀ ਹੈ ਜਿਸ ਸ਼ੱਕ ਕਾਰਨ ਸਤਵੰਤ ਅਤੇ ਗੋਰੇ ਵਿੱਚ ਲੜਾਈ ਹੁੰਦੀ ਸੀ ਉਹੀ ਸ਼ੱਕ ਦੇਬੀ ਦੇ ਅੰਦਰ ਵੀ ਪੈਦਾ ਹੋਣ ਲੱਗ ਪਿਆ। ਸਿੱਟੇ ਵਜੋਂ ਗੁਰਸਾਹਿਬ ਨਾਮਕ ਪਾਤਰ ਉਨ੍ਹਾਂ ਦੀ ਜ਼ਿੰਦਗੀ ਵਿੱਚ ਪ੍ਰਵੇਸ਼ ਕਰਦਾ ਹੈ ਜੋ ਰਿਟਾਇਰ ਪੁਲਿਸ ਕਰਮੀ ਹੈ। ਉਸਦੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸਦੇ ਬੱਚੇ (ਪੁੱਤਰ) ਕੈਨੇਡਾ ਰਹਿੰਦੇ ਸਨ। ਰਾਜਨੀਤਿਕ ਪਾਰਟੀ ਵਿੱਚ ਉਸ ਦਾ ਨਾਮ ਸਤਵੰਤ ਨੂੰ ਪ੍ਰਧਾਨਗੀ ਦਾ ਅਹੁਦਾ ਦਿਵਾਉਂਦਾ ਹੈ। ਸਤਵੰਤ ਦੇ ਬੱਚੇ ਪਿੰਕੀ ਤੇ ਰਵੀ, ਵੱਡੇ ਹੋਣ 'ਤੇ ਰਵੀ ਵਿਦੇਸ਼ ਚਲਾ ਜਾਂਦਾ ਹੈ ਜਦ ਕਿ ਪਿੰਕੀ ਦਾ ਵਿਆਹ ਧਰ ਦਿੱਤਾ ਜਾਂਦਾ ਹੈ। ਇਸ ਸਭ ਵਿਚ ਦੇਬੀ ਦੀ ਸਿਰਫ਼ ਸ਼ਮੂਲੀਅਤ ਹੀ ਸੀ। ਕਹਾਣੀ ਦਾ ਅੰਤ ਦੇਬੀ ਦੇ ਖ਼ੁਸ਼ੀ ਦੇ ਅੱਥਰੂਆਂ ਨਾਲ ਹੁੰਦਾ ਹੈ। ਉਸ ਦੀ ਮਾਨਸਿਕ ਸਥਿਤੀ ਵਿੱਚ ਸਤਵੰਤ ਪਿੰਕੀ ਦੇ ਪਿਓ ਦੇ ਸਾਰੇ ਹੱਕ ਗੁਰਸਾਹਿਬ ਨੂੰ ਦਿੰਦੀ ਨਜ਼ਰ ਆ ਰਹੀ ਸੀ। ਇਹ ਕਹਾਣੀ ਪੂਰੀ ਤਰ੍ਹਾਂ ਇਕ ਨਿਵੇਕਲੇ ਵਿਸ਼ੇ ਦੀ ਤਰਜ਼ਮਾਨੀ ਕਰਦੀ ਹੈ। ਪਾਤਰ ਸਮਾਜਿਕ ਅਤੇ ਮਾਨਸਿਕ ਸਥਿਤੀਆਂ/ ਪਰਸਥਿਤੀਆਂ ਵਿੱਚ ਵਿਚਰਦੇ ਨਜ਼ਰ ਆਉਂਦੇ ਹਨ।

ਇੱਛੂਪਾਲ ਦੁਆਰਾ ਰਚਿਤ ਕਹਾਣੀ **'ਬਿਪਤਾ'** ਡਾਕਟਰੀ ਪੇਸ਼ੇ ਅਤੇ ਮਨੋਰੋਗੀ ਦੇ ਵਿਸ਼ੇ ਨੂੰ ਬਿਆਨ ਕਰਦੀ ਹੈ। ਇਹ ਕਹਾਣੀ ਡਾਕਟਰੀ ਕਿੱਤੇ ਨਾਲ ਸੰਬੰਧਿਤ ਪਾਤਰਾਂ ਦੀ ਸਮਾਜਿਕ ਦਸ਼ਾ ਦਾ ਪ੍ਰਗਟਾਵਾ ਕਰਦੀ ਹੈ। ਜਿੰਦੋ ਤੇ ਗੁਰਦੇਵ ਨਾਮਕ ਪਾਤਰ ਡਾਕਟਰ ਕਿੱਤੇ ਨਾਲ ਸੰਬੰਧਿਤ ਹਨ। ਪਰਿਵਾਰਕ ਮੈਂਬਰਾਂ ਦੀ ਮਰਜ਼ੀ ਨਾਲ ਦੋਹਾਂ ਦਾ ਪ੍ਰੇਮ ਵਿਆਹ ਵਿੱਚ ਤਬਦੀਲ ਹੁੰਦਾ ਹੈ। ਕਹਾਣੀ ਦਾ ਪਾਤਰ ਕਰਨਾ ਮਤੂ ਮਨੋਰੋਗੀ ਹੈ। ਜਿੰਦੋ ਨਾਲ ਕੀਤੀ ਮਾੜੀ ਹਰਕਤ ਕਾਰਨ ਉਸਦਾ ਪਿਓ ਜਿੰਦੋ ਦੇ ਪਿਓ ਕੋਲੋ ਮਾਫ਼ੀ ਮੰਗਣ ਜਾਂਦਾ ਹੈ। ਕਹਾਣੀ ਦੀ ਪਾਤਰ ਪ੍ਰੀਤੀ ਜਿੰਦੋ ਦੀ ਜਮਾਤਣ ਅਤੇ ਕਰਨਾ ਮਤੂ ਦੀ ਭੈਣ ਹੈ। ਜੋ ਸਰਕਾਰੀ ਅਹੁਦੇ 'ਤੇ ਅਫ਼ਸਰ ਲੱਗੀ ਹੋਈ ਹੈ। ਆਪਣੇ ਭਰਾ ਦੀ ਇਸ ਮਨੋਦਸ਼ਾ ਦਾ ਜ਼ਿਕਰ ਉਹ ਮਨੋਚਿਕਿਤਸ ਨਾਲ ਕਰਦੀ ਹੈ। ਉਸ ਦੇ ਕਹਿਣ 'ਤੇ ਉਹ ਆਪਣੇ ਭਰਾ ਦੇ ਕਮਰੇ ਦਾ ਵੀਡਿਓ ਬਣਾ ਕੇ ਡਾਕਟਰ ਨੂੰ ਦਿਖਾਉਂਦੀ ਹੈ। ਡਾਕਟਰ ਦੇ ਕਹਿਣ ਤੇ ਕਰਨੇ ਮਤੂ ਨੂੰ ਦਵਾਈ ਸਬਜੀ ਵਿਚ ਮਿਲਾ ਕੇ ਦਿੱਤੀ ਜਾਂਦੀ ਹੈ। ਉਸ ਦੀ ਮਾਨਸਿਕ ਅਵਸਥਾ ਵਿਚਲਾ ਵਿਗਾੜ ਇਥੋਂ ਤੱਕ ਦਾ ਹੋ ਚੁੱਕਿਆ ਸੀ ਕਿ ਅੰਤ ਉਹ ਖੁਦਕੁਸ਼ੀ ਕਰ ਮੌਤ ਨੂੰ ਗਲੇ ਲਗਾ ਲੈਂਦਾ ਹੈ।

ਕਹਾਣੀਕਾਰ ਅਨੇਮਨ ਸਿੰਘ ਦੁਆਰਾ ਰਚਿਤ ਕਹਾਣੀ **'ਡੌਂਟ ਮਾਈਂਡ'** ਇੱਕ ਨਿਵੇਕਲੇ ਵਿਸ਼ੇ ਦੀ ਤਰਜ਼ਮਾਨੀ ਕਰਦੀ ਹੈ। ਵਿਦੇਸ਼ ਗਈ ਪੀੜ੍ਹੀ ਵਿਦੇਸ਼ੀ ਸੰਸਕ੍ਰਿਤੀ ਦੇ ਪ੍ਰਭਾਵ ਨੂੰ ਅਪਣਾਉਂਦੀ ਨਜ਼ਰ ਆਉਂਦੀ ਹੈ। ਕਹਾਣੀ ਦਾ ਬਿਰਤਾਂਤ ਪਿਓ ਦੀ ਮਨੋਦਸ਼ਾ ਦਾ ਵਰਣਨ ਕਰਦਾ ਹੈ ਜਿਸ ਦਾ ਪੁੱਤਰ ਵਿਦੇਸ਼


ਜਾ ਕੇ ਆਪਣੀ ਮਰਜ਼ੀ ਨਾਲ ਵਿਆਹ ਕਰਾਉਣ ਦੀ ਤਜਵੀਜ਼ ਰੱਖਦਾ ਹੈ। ਜਿੱਥੇ ਪਹਿਲਾਂ 'ਮੈਂ' ਪਾਤਰ ਦੇ ਤਾਏ ਦਾ ਪੁੱਤ ਭੁਪਿੰਦਰ ਨਾਮਕ ਪਾਤਰ ਪਿਤਾਹੀਣ ਹੋਣ ਕਾਰਨ ਦਾਦੇ ਵੱਲੋਂ ਪਾਲ-ਪੋਸ ਕੇ ਵਿਦੇਸ਼ ਭੇਜਿਆ ਜਾਂਦਾ ਹੈ। ਭੁਪਿੰਦਰ ਵੱਲੋਂ ਵਿਦੇਸ਼ ਵਿਚ ਹੀ ਆਪਣੀ ਅੰਗਰੇਜਣ ਗਰਲ ਫਰੈਂਡ ਨਾਲ ਵਿਆਹ ਕਰਾਉਣ ਦਾ ਫ਼ੈਸਲਾ ਉਸ ਨੂੰ ਪਰਿਵਾਰ ਨਾਲੋਂ ਤੋੜ ਦਿੰਦਾ ਹੈ। ਉੱਥੇ ਹੁਣ 'ਮੈਂ' ਪਾਤਰ ਦਾ ਪੁੱਤਰ ਜਿਸ ਦੀ ਉਸਨੇ ਇਕੱਲੇ ਪਰਵਰਿਸ਼ ਕੀਤੀ ਹੁੰਦੀ ਹੈ ਉਸ ਨੂੰ ਵਿਦੇਸ਼ ਪੜ੍ਹਨ ਅਤੇ ਸੈਟਲ ਹੋਣ ਲਈ ਭੇਜਦਾ ਹੈ। ਪੁੱਤਰ ਵੱਲੋਂ ਵਿਦੇਸ਼ ਵਿਚ ਤਾਏ ਭੁਪਿੰਦਰ ਦੀ ਕੁੜੀ ਨਾਲ ਵਿਆਹ ਕਰਵਾਉਣ ਦੀ ਤਰਜੀਹ ਉਸਨੂੰ ਮਾਨਸਿਕ ਰੂਪ ਵਿਚ ਤੋੜ ਦਿੰਦੀ ਹੈ। ਜਿੱਥੇ ਭੁਪਿੰਦਰ ਤੇ ਉਸਦੀ ਪਤਨੀ ਨੂੰ ਇਸ ਵਿਆਹ ਤੋਂ ਕੋਈ ਇਤਰਾਜ਼ ਨਹੀਂ ਹੁੰਦਾ ਉੱਥੇ 'ਮੈਂ' ਪਾਤਰ ਭਾਰਤੀ ਸੰਸਕ੍ਰਿਤੀ ਵਿਚ ਇਸ ਰਿਸ਼ਤੇ ਨੂੰ ਖ਼ੂਨ ਦਾ ਰਿਸ਼ਤਾ ਸਮਝਦਾ ਹੋਇਆ ਮਾਨਸਿਕ ਰੂਪ ਵਿਚ ਤਣਾਅ ਗ੍ਰਸਤ ਮਹਿਸੂਸ ਕਰਦਾ ਹੈ।

ਜਸਵਿੰਦਰ ਧਰਮਕੋਟ ਦੁਆਰਾ ਲਿਖੀ ਕਹਾਣੀ **'ਦ ਕਾਮਨ ਅਰਥ'** ਸਕੂਲ ਅਤੇ ਅਧਿਆਪਕ ਕਿੱਤੇ ਦੀ ਦ੍ਰਿਸ਼ਟੀ ਦੀ ਪੇਸ਼ਕਾਰੀ ਕਰਦੀ ਹੈ। ਕਹਾਣੀਕਾਰ ਨੇ ਭਾਰਤੀ ਅਧਿਆਪਕ ਦੀ ਮਨੋਦਿਸ਼ਾ ਦਾ ਵਰਨਣ ਕੀਤਾ ਹੈ। ਜੋ ਜਾਪਾਨ ਦੇ ਸਕੂਲ ਦਾ ਭ੍ਰਮਣ ਕਰਨ ਗਿਆ ਹੈ। ਉਹ ਉਥੋਂ ਦੇ ਸਕੂਲੀ ਵਾਤਾਵਰਣ, ਪਹਿਰਾਵਾ, ਭਾਸ਼ਾਵਾਂ ਆਦਿ ਨੂੰ ਆਪਣੇ ਸਕੂਲੀ ਵਾਤਾਵਰਣ, ਪਹਿਰਾਵਾਂ ਤੇ ਭਾਸ਼ਾਵਾਂ ਨਾਲ ਜੋੜ ਕੇ ਦੇਖਦਾ ਹੈ। ਬੇਸ਼ੱਕ ਕਹਾਣੀ ਵਿਚਲਾ 'ਮੈਂ' ਪਾਤਰ ਉਨ੍ਹਾਂ ਦੀ ਭਾਸ਼ਾ ਨੂੰ ਸਮਝਣ ਵਿੱਚ ਅਸਮਰੱਥ ਹੈ ਪਰ ਉਹ ਇਸ ਗੱਲ ਦਾ ਮਾਣ ਮਹਿਸੂਸ ਕਰਦਾ ਹੈ ਕਿ ਇਹ ਲੋਕ ਉਸਦੀ ਭਾਸ਼ਾ ਨੂੰ ਸਮਝਦੇ ਹਨ। ਵਿਦੇਸ਼ੀ ਭ੍ਰਮਣ 'ਮੈਂ' ਪਾਤਰ ਦੀ ਮਾਨਸਿਕਤਾ ਵਿੱਚ ਉਤਸ਼ਾਹ ਭਰਦਾ ਹੈ।

ਪਰਮਿੰਦਰ ਕੌਰ ਸਵੈਚ ਦੀ ਕਹਾਣੀ **'ਸੂਹਣ ਦਾ ਮੁੱਠਾ'** ਪੁਰਾਣੀ ਤੇ ਨਵੀਂ ਪੀੜ੍ਹੀ ਦੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀ ਹੈ। ਕਹਾਣੀ ਦੀ 'ਮੈਂ' ਪਾਤਰ ਬੇਸ਼ੱਕ ਕੈਨੇਡਾ ਦੀ ਵਸਨੀਕ ਬਣ ਚੁੱਕੀ ਹੈ ਪਰੰਤੂ ਪਿਛੋਕੜ ਪਰੰਪਰਾ ਨਾਲ ਜੁੜਿਆ ਰਹਿੰਦਾ ਹੈ। ਕਰੋਨਾ ਕਾਲ ਦਾ ਹਵਾਲਾ ਦੇ ਕੇ ਘਰ ਵਿੱਚ ਰਾਸ਼ਨ ਜਮ੍ਹਾਂ ਕਰਨਾ ਪੁਰਾਣੀ ਪੀੜੀ ਲਈ ਅਤਿ ਜ਼ਰੂਰੀ ਹੈ ਜਦਕਿ ਨਵੀਂ ਪੀੜ੍ਹੀ ਸਿਰਫ਼ ਲੋੜੀਂਦੀਆਂ ਵਸਤਾਂ ਤੱਕ ਹੀ ਸੋਚ ਸੀਮਿਤ ਰੱਖਦੀ ਹੈ। ਕਹਾਣੀ ਵਿਚ ਸੂਹਣ ਪਰੰਪਰਾ ਵਿਚ ਪਏ ਲੋਕ ਵਿਸ਼ਵਾਸ ਦੀ ਪੇਸ਼ਕਾਰੀ ਕਰਦੀ ਹੈ। ਵਿਦੇਸ਼ੀ ਸੰਸਕ੍ਰਿਤੀ ਵਿਚ ਘਰ ਦੀ ਸਾਫ਼ ਸਫ਼ਾਈ ਲਈ ਵੈਕਿਊਮ ਦੀ ਵਰਤੋਂ ਕੀਤੀ ਜਾਂਦੀ ਹੈ। 'ਮੈਂ' ਪਾਤਰ ਭਾਰਤੀ ਪਰੰਪਰਕ ਵਿਚਲੇ ਇਸ ਸੰਬੰਧੀ ਲੋਕ ਵਿਸ਼ਵਾਸ ਨੂੰ ਯਾਦ ਕਰਦੀ ਹੈ। ਉਸ ਦੀ ਦਾਦੀ ਸੂਹਣ ਨੂੰ ਪਰਿਵਾਰਕ ਇਕਜੁੱਟਤਾ ਦਾ ਪ੍ਰਤੀਕ ਮੰਨਦੀ ਹੈ। ਜਿਵੇਂ ਇਕੱਠੀ ਸੂਹਣ ਘਰ ਦੀ ਸਾਫ਼ ਸਫ਼ਾਈ ਲਈ ਪ੍ਰਯੋਗ ਵਿੱਚ ਲਿਆਂਦੀ ਜਾਂਦੀ ਹੈ ਉਵੇਂ ਪਰਿਵਾਰਕ ਇਕਜੁੱਟਤਾ ਹਰ ਮੁਸ਼ਕਿਲ ਨੂੰ ਪਾਰ ਕਰਦੀ ਨਜ਼ਰ ਆਉਂਦੀ ਹੈ। ਕੈਨੇਡਾ ਵਸਦੀ 'ਮੈਂ' ਪਾਤਰ ਸੂਹਣ ਦੀ ਵਰਤੋਂ ਦੀ ਘਾਟ ਨੂੰ ਪਰਿਵਾਰਕ ਇਕੱਲਤਾ ਨਾਲ ਜੋੜਦੀ ਹੈ।

ਇਸ ਪ੍ਰਕਾਰ 'ਕਹਾਣੀ ਧਾਰਾ'- 69 ਅੰਕ ਵਿਚ ਪ੍ਰਕਾਸ਼ਿਤ ਅੱਠ ਕਹਾਣੀਆਂ ਵੱਖਰੇ ਅਤੇ ਨਵੇਂ ਵਿਸ਼ਿਆਂ ਦੀ ਪੇਸ਼ਕਾਰੀ ਕਰਦੀਆਂ ਹਨ। ਹਰ ਕਹਾਣੀਕਾਰ ਨੇ ਆਪਣੀ ਕਹਾਣੀ ਵਿਚ ਨਵੀਨਤਾ ਦਾ ਰੰਗ ਭਰਨ ਦਾ ਯਤਨ ਕੀਤਾ ਹੈ। ਇਹ ਕਹਾਣੀਆਂ ਜਿੱਥੇ ਵਿਸ਼ੇ ਪੱਖੋਂ ਵਿਸ਼ਾਲਤਾ ਦੀਆਂ ਧਾਰਨੀ ਹਨ ਉੱਥੇ ਇਹਨਾਂ ਕਹਾਣੀਆਂ ਦਾ ਕਲਾਤਮਕ ਪੱਖ ਵੀ ਪ੍ਰੋੜ ਹੈ। ਇਹ ਕਹਾਣੀਆਂ ਪਾਤਰਾਂ ਦੀਆਂ ਸਮਾਜਿਕ, ਪਰਿਵਾਰਕ, ਮਾਨਸਿਕ ਗੁੰਝਲਾਂ ਦੀ ਪੇਸ਼ਕਾਰੀ ਕਰਦੀਆਂ ਹਨ। 'ਕਹਾਣੀ ਧਾਰਾ' ਪੰਜਾਬੀ ਸਾਹਿਤ ਵਿਚ ਉੱਤਮ ਕਹਾਣੀਆਂ ਦੇ ਕੇ ਆਪਣਾ ਨਿੱਗਰਤਾ ਨਾਲ ਯੋਗਦਾਨ ਪਾ ਰਿਹਾ ਹੈ। ਮੁੱਢ ਤੋਂ ਹੀ ਪੰਜਾਬੀ ਕਹਾਣੀ ਵਿਚ ਇਹ ਪਰਚਾ ਗੰਭੀਰਤਾ ਨਾਲ ਲੈ ਰਿਹਾ ਹੈ। ਇਸ ਵਿਚ ਛਪ ਕੇ ਕਹਾਣੀਕਾਰ ਮਾਣ ਮਹਿਸੂਸ ਕਰਦੇ ਹਨ। (**ਸੰਪਰਕ-70870-54964**)

## ਮੇਰਾ ਸਟੱਡੀ ਟੇਬਲ/-ਭਗਵੰਤ ਰਸੂਲਪੁਰੀ





### ਇਲਿਆਸ ਘੁੰਮਣ ਦੀ 'ਵੰਡ'

ਪੰਜਾਬ ਦੀ ਵੰਡ ਦੇ ਜ਼ਖ਼ਮ ਅਜੇ ਵੀ ਅੱਲੇ ਨੇ ਇਸੇ ਕਰਕੇ ਅੱਜ ਵੀ ਅਸੀਂ ਲਿਖ ਰਹੇ ਹਾਂ। 'ਵੰਡ-1' 1000 ਪੰਨਿਆਂ ਤੋਂ ਵੱਡੀ ਏ। ਜਿਹਦੇ ਵਿਚ ਇਲਿਆਸ ਘੁੰਮਣ ਨੇ 94 ਕਹਾਣੀਆਂ ਸ਼ਾਮਿਲ ਕੀਤੀਆਂ ਨੇ। ਘੁੰਮਣ ਪਿਛਲੇ 25 ਸਾਲਾਂ ਤੋਂ ਇਸ ਕਾਰਜ ਨੂੰ ਨੇਪਰੇ ਚਾੜਨ ਲਈ ਲੱਗਾ ਹੋਇਆ ਏ। 1997 ਤੋਂ ਉਹ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਕਥਾਕਾਰਾਂ ਤੋਂ ਕਹਾਣੀਆਂ ਇਕੱਠੀਆਂ ਕਰਦਾ ਆ ਰਿਹਾ ਏ। ਸੰਪਾਦਕ ਘੁੰਮਣ ਨੇ ਵੰਡ ਦੀਆਂ ਕਹਾਣੀਆਂ ਦੋ ਪੱਖਾਂ ਤੋਂ ਸੰਪਾਦਤ ਕੀਤੀਆਂ ਨੇ-ਵੇਲੇ ਵੱਲੋਂ ਵੰਡ ਤੇ ਵਿਸ਼ੇ ਵੱਲੋਂ ਵੰਡ। ਘੁੰਮਣ ਕਹਿੰਦਾ ਏ ਕਿ 1947 ਤੋਂ ਸਤੰਬਰ ਤੱਕ ਜਿਹੜਾ ਘਾਣ ਮਨੁੱਖਤਾ ਦਾ ਹੋਇਆ ਵਧੇਰੇ ਕਹਾਣੀਆਂ ਉਸੇ ਵੇਲੇ ਹੋਈ ਲੁੱਟ-ਮਾਰ ਤੇ ਖ਼ੂਨੀ ਵਕੂਏ ਵੇਲੇ ਨਾਲ ਸੰਬੰਧਤ ਏ। ਉਪਰੰਤ ਦੋਵਾਂ ਪਾਸੇ ਪਨਾਹ ਗੀਰਾਂ ਦੇ ਵਸੇਬੇ ਬਾਰੇ ਵੀ ਕਹਾਣੀਆਂ ਲਿਖੀਆਂ ਗਈਆਂ। ਅਤੇ ਕਈ ਸਾਲ ਏਧਰ ਉੱਧਰ ਰੁਲਦੇ ਪਨਾਹਗੀਰਾਂ ਦੀਆਂ ਕਹਾਣੀਆਂ ਵੀ ਅਸੀਂ ਪੜ੍ਹਦੇ ਰਹੇ। ਕਈ ਕਹਾਣੀਆਂ ਵਿਛੜੇ ਜੀਆਂ ਨੂੰ ਲੱਭਣ ਦੀ ਦੱਸ ਵੀ ਪਾਉਂਦੀਆਂ ਨੇ। ਕੁਝ ਕਹਾਣੀਆਂ 2022 ਦੌਰਾਨ ਲਿਖੀਆਂ ਗਈਆਂ, ਜਿਨ੍ਹਾਂ 'ਚ ਜ਼ਿਕਰ ਏ ਕਿ ਵੰਡ ਦਾ ਸੰਤਾਪ 75 ਸਾਲ ਬੀਤਣ ਤੋਂ ਬਾਅਦ ਵੀ ਲੋਕੀ ਹੰਢਾ ਰਹੇ ਨੇ। ਤੇ ਵੰਡ ਵੇਲੇ ਵਿਛੜਿਆਂ ਦੇ ਮਿਲਾਪ ਦੀਆਂ ਕਹਾਣੀਆਂ ਵੀ ਦਰਜ ਹਨ। ਵੰਡ ਦਾ ਨਵਾਂ ਰੂਪ ਉਦੋਂ ਸਾਹਮਣੇ ਆਉਂਦਾ ਏ ਜਦੋਂ ਅਮਰੀਕਾ, ਕੈਨੇਡਾ ਤੇ ਯੂਰਪ ਵਿਚ ਪੰਜਾਬੀ ਮਿਲਦੇ ਨੇ। ਇਸ ਖਿੱਚ ਦੀਆਂ ਕਹਾਣੀਆਂ ਵੀ ਪੁਸਤਕ ਵਿਚ ਸ਼ਾਮਿਲ ਨੇ।

ਇਨ੍ਹਾਂ ਕਹਾਣੀਆਂ ਨੂੰ ਪੜ੍ਹ ਕੇ ਪਤਾ ਲੱਗਦਾ ਏ ਕਿ ਧਰਮ ਦੇ ਪਾੜੇ ਨੇ ਪੰਜਾਬੀ ਲੋਕਾਂ ਨੂੰ ਇਕ ਦੂਜੇ ਦਾ ਵੈਰੀ ਬਣਾ ਦਿੱਤਾ ਏ। ਸਰਕਾਰੀ ਤੰਤਰ ਤੇ ਵਿਅੰਗ, ਜਦੋਂ ਉਨ੍ਹਾਂ ਦੀ ਮਦਦ ਤੇ ਰਾਖੀ ਕਰਨ ਵਾਲਾ ਤੰਤਰ ਨਾ ਰਹੇ। ਅਫ਼ਵਾਹਾਂ, ਲੁੱਟ-ਮਾਰ ਕਰਨ ਵਾਲਿਆਂ ਦਾ ਬੇਲਗਾਮ ਹੋਣਾ, ਜ਼ਨਾਨੀਆਂ ਤੇ ਕੁੜੀਆਂ ਦੀ ਪੱਤ ਰੋਲ਼ਣਾ, ਨਿਰਦੋਸ਼ ਬਾਲ ਤੇ ਬਾਲੜੀਆਂ ਦਾ ਕਤਲ, ਅਣਗਿਣਤ ਲੋਕਾਂ ਦਾ ਧਰਮ ਬਦਲਣਾ, ਮੁੜ ਵਸੇਬੇ ਤੇ ਚੰਗਾ ਘਰ, ਜ਼ਮੀਨਾਂ ਨਾ ਮਿਲਣਾ,ਉਜੜਨ ਵਾਲਿਆਂ ਨੂੰ ਸਾਰੀ ਉਮਰ ਪਨਾਹਗੀਰ, ਸ਼ਰਨਾਰਥੀ ਕਹਿ ਕੇ ਕੱਖੋਂ ਹੌਲੇ ਕਰਨ ਵਰਗੇ ਪੀੜ ਨਾਲ ਭਰੇ ਵਿਸ਼ੇ ਇਨ੍ਹਾਂ ਕਹਾਣੀਆਂ ਦੇ ਹਨ। ਆਪਣੇ ਆਪਣੇ ਧਰਮ ਤੇ ਧਿਰ ਦਾ ਪੱਖ ਪੂਰਨ ਵਾਲੀਆਂ ਕਹਾਣੀਆਂ ਵੀ ਲਿਖੀਆਂ ਗਈਆਂ, ਜਿਨ੍ਹਾਂ 'ਚ ਦੂਜੇ ਧਰਮ ਵਾਲਿਆਂ ਨੂੰ ਜ਼ਾਲਮ ਕਿਹਾ ਗਿਆ। ਦੂਜੀਆਂ ਕਹਾਣੀਆਂ ਉਹ ਵੀ ਹਨ ਜਿਨ੍ਹਾਂ ਵਿਚ ਜ਼ਾਲਮ ਤੇ ਮਜ਼ਲੂਮ ਨੂੰ ਮਨੁੱਖਤਾ ਨਾਲ ਸਮਝਿਆ ਗਿਆ। ਪਰ ਬਹੁਤੀ ਕਹਾਣੀ ਧਰਮ ਤੇ ਮਜਹੱਬ ਤੋਂ ਉਪਰ ਉੱਠ ਕੇ ਲਿਖੀਆਂ ਗਈਆਂ ਨੇ। ਪਹਿਲੀ ਬੀੜ 'ਚ ਅੰਮ੍ਰਿਤਾ ਪ੍ਰੀਤਮ, ਅਨਵਰ ਅਲੀ, ਜਾਵੇਦ ਬੂਟਾ, ਜਸਵੰਤ ਵਿਰਦੀ, ਜਿੰਦਰ, ਚੰਗਨ ਨੇਗੀ, ਖ਼ਾਲਿਦ ਸ਼ੇਖ਼, ਅਮੀਨ ਮਲਕ ਤੇ ਹੋਰ ਬਹੁਤ ਸਾਰੇ ਲੇਖਕਾਂ ਦੀਆਂ ਵੰਡ ਬਾਰੇ ਕਹਾਣੀਆਂ ਹਨ। ਇਸ ਨੂੰ ਪੰਜਾਬੀ ਵਿਰਸਾ ਪਾਕਿਸਤਾਨ, ਇਸਟੀਟਿਊਟ ਆਫ਼ ਲੈਂਗੁਏਜਜ਼, ਫ਼ੋਕਲੋਰ ਐਂਡ ਪੰਜਾਬੀ ਹੈਰੀਟੇਜ, 24 ਅਮਰ ਰੋਡ, ਬਲਾਲ ਗੰਜ, ਲਾਹੌਰ, ਪਾਕਿਸਤਾਨ ਨੇ 2022 'ਚ ਛਾਪਿਆ ਏ। ਹਵਾਲਾ ਕਿਤਾਬ ਦੀ ਦਿੱਖ ਵੇਖ ਕੇ ਭੁੱਖ ਲੱਥਦੀ ਏ। ਇਲਿਆਸ ਘੁੰਮਣ ਸੰਸਥਾਵਾਂ ਦੇ ਕਰਨ ਵਾਲਾ ਕਾਰਜ ਇਕੱਲਾ ਕਰ ਰਿਹਾ ਏ। ਇਹ ਉਹਦੀ ਬਹਾਦਰੀ ਏ।

## ਬਾਨੋ ਕੁਦਸੀਆ ਦਾ ਨਾਵਲ 'ਰਾਜਾ ਗਿੱਧ'




ਇਸ ਨਾਵਲ ਨੂੰ ਪਾਕਿਸਤਾਨ 'ਚ ਉਰਦੂ ਦੇ ਸ਼ਾਹਕਾਰ ਨਾਵਲ ਵਜੋਂ ਮਾਨਤਾ ਮਿਲੀ ਹੋਈ ਏ। ਕਲਾਸਿਕ ਨਾਵਲ 'ਗਿੱਧ' ਨੂੰ ਇਕ ਚਿਹਨ ਦੇ ਰੂਪ ਵਿਚ ਬਾਨੋ ਨੇ ਹਰਾਮ ਦੀ ਕਮਾਈ ਖਾਣ ਵਾਲੇ ਇਨਸਾਨਾ ਲਈ ਵਰਤਿਆ ਏ। ਇਸ ਬਿਰਤਾਂਤ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਲੇਖਕਾਂ ਹੱਕ ਦਾ ਰਿਜ਼ਕ ਖਾਣ ਵਾਲੇ ਕੁਝ ਪਾਤਰ ਘੜਦਾ ਏ। ਨਾਵਲ 'ਚ ਪਾਗਲਾਂ ਪਾਤਰਾਂ ਦਾ ਵਿਹਾਰ ਸਭ ਤੋਂ ਵੱਡੀ ਟ੍ਰੈਜਡੀ ਏ। ਦੂਜੀ ਟ੍ਰੈਜਡੀ ਪਾਤਰਾਂ ਦੀ ਖ਼ੁਦਕੁਸ਼ੀ ਕਰ ਜਾਣਾ ਏ। ਕਤਲ ਨਾਵਲ ਦਾ ਅਗਲਾ ਪਸਾਰ ਏ। ਇਸ ਸਾਰੇ ਵਰਤਾਰੇ ਵਿਚ ਅਨੇਕ ਕਾਰਨ ਕਾਰਜ਼ਸ਼ੀਲ ਰਹਿੰਦੇ ਨੇ ਜਿਨ੍ਹਾਂ ਨੂੰ ਬਾਨੋ ਨੇ ਤਰਕ ਤੇ ਆਪਣੇ ਵਿਚਾਰਧਾਰਕ ਨਜ਼ਰੀਏ ਨਾਲ ਪੇਸ਼ ਕੀਤਾ ਏ। ਨਾਵਲੀ ਬਿਰਤਾਂਤ ਵਿਚ ਕੋਈ ਵੀ ਪਾਤਰ ਸਹਿਜ ਨਹੀਂ ਵਿਚਰ ਰਿਹਾ। ਇਸ ਅਸਹਿਜਤਾ ਪਿੱਛੇ ਅਨੇਕਾਂ ਕਾਰਨ ਕਾਰਜਸ਼ੀਲ ਵਿਖਾਈ ਦਿੰਦੇ ਨੇ। ਨਾਵਲ ਦਾ ਬਿਰਤਾਂਤ 1970 ਦੇ ਆਸ ਪਾਸ ਫੈਲਿਆ ਹੋਇਆ ਏ। ਪਰ ਬਾਨੋ ਨਾਵਲੀ ਬਿਰਤਾਂਤ ਨੂੰ ਆਪਣੀ ਕੁਸ਼ਲਤਾ ਨਾਲ ਕਈ ਸਾਲ ਪਿੱਛੇ ਚੁੱਕ ਕੇ ਲੈ ਜਾਂਦੀ ਏ। ਭਾਰਤੀ ਮਿਥਿਹਾਸ ਦੇ ਚਿਹਨ ਵੀ ਨਾਵਲ ਨੂੰ ਬਹੁ ਅਰਥੀ ਬਣਾਉਂਦੇ ਨੇ। ਇਸਲਾਮਿਕ ਕਲਚਰ ਦੇ ਚੁਫੇਰੇ ਬੁਣਿਆ ਗਿਆ ਨਾਵਲ ਚਿੰਤਨ ਦੇ ਪੱਧਰ ਤੇ ਮੁੱਲਵਾਨ ਗੱਲਾਂ ਕਰਦਾ ਲੱਗਦਾ ਏ। ਤਵਾਇਫ਼ਾਂ 'ਰਾਜਾ ਗਿੱਧ' ਦਾ ਇਕ ਹੋਰ ਪਸਾਰ ਏ। ਨਾਵਲ ਨੂੰ ਪ੍ਰਸਿੱਧ ਨਾਵਲਕਾਰ ਗੁਰਮੁਖ ਸਿੰਘ ਸਹਿਗਲ ਨੇ ਉਰਦੂ ਤੋਂ ਅਨੁਵਾਦ ਕੀਤਾ ਏ। ਸਹਿਗਲ ਉਰਦੂ-ਫਾਰਸੀ ਦੇ ਗਿਆਤਾ ਸਨ। ਇਸ ਨਾਵਲ ਨੂੰ ਸੰਗਮ ਪਬਲੀਕੇਸ਼ਨ ਨੇ ਛਾਪਿਆ ਏ।


## ਰਾਹੁਲ ਸਾਂਕਰਾਤਿਆਇਨ ਦੀ '22ਵੀਂ ਸਦੀ'

ਬੁੱਧ ਕਾਲ ਨੂੰ ਪੁਨਰ ਪ੍ਰਭਾਸ਼ਿਤ ਕਰਨ 'ਚ ਰਾਹੁਲ ਦੀ ਵੱਡੀ ਦੇਣ ਏ। ਇਸ ਪੁਸਤਕ ਦੇ ਲੇਖ ਪੜ੍ਹਦਿਆਂ ਉਸ ਦੀ ਵਿਗਿਆਨਿਕ ਦ੍ਰਿਸ਼ਟੀ ਦਾ ਸਹਿਜੇ ਗਿਆਨ ਹੋ ਜਾਂਦਾ ਏ। ਕਿਉਂਕਿ ਉਹ ਆਉਣ ਵਾਲੀਆਂ ਦੋ ਸਦੀਆਂ ਭਾਵ ਕਿ 2124 ਬਾਰੇ ਲਿਖਦਾ ਏ।




ਵਿਸ਼ਵ ਮਿੱਤਰ ਪਾਤਰ ਰਾਹੀਂ ਇਨ੍ਹਾਂ ਲਿਖਤਾਂ ਵਿਚ ਉਹਦੀ ਕਮਾਲ ਦੀ ਕਾਲਪਨਿਕ ਉਡਾਰੀ ਦਾ ਪਤਾ ਲੱਗਦਾ ਏ। ਇਨ੍ਹਾਂ ਲੇਖਾਂ ਵਿਚ ਉਸ ਨੇ ਸਮਾਜਿਕ ਸੱਚ ਦੇ ਸਦੀਵੀ ਪਸਾਰਾਂ ਦਾ ਵਿਸ਼ਲੇਸ਼ਣ ਕੀਤਾ ਏ। ਅੱਜ ਦੀ ਸਮਾਜਿਕ ਸਥਿਤੀ ਬਾਰੇ ਜ਼ਿਕਰ ਕਰਦਾ ਉਹ ਦੱਸਦਾ ਏ ਕਿ 2124 ਦੇ ਸਮਾਜਿਕ ਹਾਲਾਤ ਕੀ ਹੋਣਗੇ। ਰਾਜਸੀ ਸਥਿਤੀ ਕਿਸ ਤਰ੍ਹਾਂ ਦੀ ਹੋਵੇਗੀ। 'ਲੰਮੀ ਨੀਂਦ ਦਾ ਅੰਤ' ਬਾੜਾ ਰੌਚਿਕ ਲੇਖ ਏ, ਜਿਸ ਵਿਚ ਪਾਠਕ ਵੇਖਦਾ ਏ ਕਿਵੇਂ ਨਾਲੰਦਾ ਯੂਨੀ. ਦਾ ਪ੍ਰੋ. ਗੁਫ਼ਾ 'ਚ ਜਾਗਦਾ ਏ। ਭਵਿੱਖ ਦੀ ਉਡਾਰੀ ਪਾਠਕ ਨੂੰ ਊਰਜਾ ਭਰਪੂਰ ਲੱਗਦੀ ਏ। ਹੋਰ ਲੇਖਾਂ ਵਿਚ ਲੇਖਕ 'ਨਾਲੰਦਾ ਯੂਨੀ.' ਨਾਲ ਸਿੱਖਿਆ ਸੰਬੰਧੀ ਸੰਵਾਦ ਰਚਾਉਂਦਾ ਏ। ਪੁਸਤਕ ਦਾ ਅਨੁਵਾਦ ਡਾ. ਸੁਮੀਤ ਸ਼ੰਮੀ ਨੇ ਬੜੀ ਕੁਸ਼ਲਤਾ ਨਾਲ ਕੀਤਾ ਏ। ਕਿਤਾਬ ਰੈੱਡ ਕਲਿਪ ਨੇ ਸੁੰਦਰ ਦਿੱਖ ਨਾਲ ਛਾਪੀ ਏ।

## ਵਿਪਨ ਗਿੱਲ ਦੀ 'ਅਣਕਹੀ ਪੀੜ'




ਕਹਾਣੀ ਲਿਖਣ ਵਾਲੇ ਲੇਖਕ ਨੂੰ ਹਮੇਸ਼ਾਂ ਬੇਚੈਨ ਰਹਿਣ ਦਾ ਸਰਾਪ ਮਿਲਿਆ ਹੁੰਦਾ ਏ। ਹਰ ਕਥਾਕਾਰ ਨੂੰ ਉਹਦੇ ਪਾਤਰ, ਸਮਾਜ, ਨਾਰ-ਨਾਰੀ ਬੇਚੈਨ ਕਰੀ ਰੱਖਦੇ ਨੇ। ਵਿਪਨ ਗਿੱਲ ਨਵੀਂ ਕਥਾਕਾਰ ਏ ਜਿਸ ਕਰਕੇ ਇੱਕੀਵੀਂ ਸਦੀ ਵਿਚ ਵਿਚਰ ਰਹੀਆਂ ਨਾਰੀਆਂ ਉਹਨੂੰ ਬੇਚੈਨ ਕਰੀ ਰੱਖਦੀਆਂ ਨੇ। ਇਹ ਨਾਰੀਆਂ ਆਪਣੇ ਪਤੀ, ਪਰਿਵਾਰ ਤੇ ਧੋਖਾ ਦੇਣ ਵਾਲੇ ਮਰਦਾਂ ਤੋਂ ਪੀੜਤ ਨੇ। ਉਹਦੀ ਨਾਰੀ ਮੱਧਵਰਗੀ ਪਰਿਵਾਰਾਂ ਵਿਚ ਆਪਣੇ ਅਸਤਿਤਵ ਦੀ ਜੰਗ ਲੜਦੀ ਨਾਰੀ ਏ। ਜਦੋਂ ਕੋਈ ਨਾਰੀ ਆਰਥਿਕ ਤੌਰ ਤੇ ਆਪਣੀ ਆਜ਼ਾਦ ਹਸਤੀ, ਆਪਣੇ ਗਿਆਨ ਨਾਲ ਪੈਦਾ ਕਰ ਲੈਂਦੀ ਏ ਤੇ ਉਹਨੂੰ ਆਪਣੀ ਗੁਲਾਮੀ ਤੇ ਗਲਾਨੀ ਹੋਣ ਲੱਗ ਪੈਂਦੀ ਏ। ਉਹ ਆਪਣੀ ਆਜ਼ਾਦ ਹਸਤੀ ਸਮਾਜ ਵਿਚ ਪੈਦਾ ਕਰਨ ਲਈ ਨਾਰੀਵਾਦੀ ਸੋਚ ਦੀ ਧਾਰਨੀ ਬਣ ਖਲੋਂਦੀ ਏ। ਵਿਪਨ ਦੀ ਪੀੜ ਸਮਕਾਲ ਦੀ ਨਾਰੀ ਦੀ ਪੀੜ ਏ। ਉਸ ਪੀੜ ਨੂੰ ਬੜੀ ਕੁਸ਼ਲਤਾ ਨਾਲ ਆਪਣੀ ਬਣਾ ਕੇ, ਪਾਠਕ ਨੂੰ ਆਪਣੀ ਕਹਾਣੀ ਨਾਲ ਤੋਰ ਲੈਂਦੀ ਏ। ਉਹਦੀ ਬੇਬਾਕੀ ਨਾਰੀਵਾਦੀ ਚਿੰਤਨ ਨਾਲ ਰਲ਼ ਕੇ ਹੋਰ ਵੀ ਵਿਰਾਟ ਰੂਪ ਧਾਰਨ ਕਰਦੀ ਏ। ਉਹਦੇ ਅੰਦਰ ਵੱਡੀ ਕਹਾਣੀਕਾਰ ਬਣਨ ਦੀਆਂ ਅਸੀਮ ਸੰਭਾਵਨਾ ਨੇ ਕਿਉਂਕਿ ਉਹਦੀ ਸੋਚ ਤੇ ਚਿੰਤਨ ਮੌਲਿਕ ਤੇ ਨਿਵੇਕਲਾ ਏ। ਪੁਸਤਕ ਨੂੰ 'ਵਾਇਟ ਕਰੋਅ' ਤੇ 'ਇੰਕ ਆਰਟ' ਨੇ ਸਾਂਝੇ ਤੌਰ ਤੇ ਛਾਪਿਆ ਏ।

## ਅਮਿਤ ਖ਼ਾਨ ਦੀ 'ਨਾਈਟ ਕਲੱਬ'

ਨਾਈਟ ਕਲੱਬ ਆਪਣੇ ਆਪ 'ਚ ਰੁਮਾਂਚ ਨਾਲ ਭਰਿਆ ਫ਼ਿਕਰਾ ਏ। ਵੱਡੀ ਪੱਧਰ ਤੇ ਕਾੱਮਿਕਸ ਲਿਖਣ ਵਾਲੇ ਅਮਿਤ ਖ਼ਾਨ ਨੇ ਪਾਪੂਲਰ ਪਾਠਕਾਂ ਲਈ ਅਨੇਕਾਂ ਨਾਵਲ ਲਿਖੇ ਨੇ। ਏਸ ਨਾਵਲ 'ਚ ਉਹ ਚੁਲਬੁਲੀ ਸ਼ਿਨਾਇਆ ਨਾਂ ਦੀ ਪਾਤਰ ਲੈ ਕੇ ਆਉਂਦਾ ਏ ਜੋ ਨਾਈਟ ਕਲੱਬ ਦੀ ਡਾਂਸਰ ਤੇ ਹਾਈਪ੍ਰੋਫ਼ਾਇਲ ਕਾਲ ਗਰਲ ਏ। ਇਸ ਪਾਤਰ ਨੂੰ ਲੇਖਕ ਨੇ 'ਚਾਰ ਦਿਨ ਦੀ ਚਾਂਦਨੀ ਫਿਰ ਹਨੇਰੀ ਰਾਤ' ਚਿਹਨ ਨਾਲ ਨਾਵਲ ਵਿਚ ਵਿਚਰਦਿਆਂ ਵਿਖਾਇਆ ਏ। ਧੰਨ ਦੌਲਤ ਲਈ ਉਹ ਇਹ ਅਮੀਰ ਬੰਦੇ ਦੀ ਪਤਨੀ ਦਾ ਕਤਲ ਕਰਦੀ ਏ। ਕਾਤਲ ਦਾ ਪਤਾ ਨ੍ਹੀਂ ਲੱਗਦਾ। ਪੁਸਤਕ ਦਾ ਬਿਰਤਾਂਤ ਪਾਠਕ ਨੂੰ ਬੜੀ ਕੁਸ਼ਲਤਾ ਨਾਲ ਬੰਨ੍ਹੀ ਰੱਖਦਾ ਏ। ਕਤਲ, ਕਾਨੂੰਨ, ਨਿਆ, ਧੋਖਾ, ਹੁਸਨ ਨਾਲ ਨਾਵਲ ਭਰਪੂਰ ਏ। ਰੁਮਾਂਚ ਭਰੀ ਜ਼ਿੰਦਗੀ ਜਿਉਂਣ ਵਾਲੀ ਆਈ. ਟੀ. ਸੈਕਟਰ ਵਿਚ ਵਿਚਰਦੀ ਪੀੜ੍ਹੀ ਨੂੰ ਅਜਿਹੀਆਂ ਪੁਸਤਕਾਂ ਕਾਫੀ ਖਿੱਚ ਪਾਉਂਦੀਆਂ ਨੇ। ਮੇਰੇ ਵਰਗੇ ਯਥਾਰਥਵਾਦੀ ਨਾਵਲ ਪੜ੍ਹਨ ਵਾਲੇ ਪਾਠਕਾਂ ਨੂੰ ਵੀ ਬੰਨ੍ਹ ਮਾਰ ਕੇ ਨਾਲ ਬਿਠਾ ਲੈਂਦੀ ਏ 'ਨਾਈਟ ਕਲੱਬ'। ਹਰਜੋਤ ਦੀ ਅਨੁਵਾਦ ਕੁਸ਼ਲਤਾ ਸਾਫ਼ ਝਲਕਦੀ ਏ। 'ਵਾਇਟ ਕਰੋਅ' ਪਬਲਿਸ਼ਰਜ਼' ਪੜ੍ਹਨਯੋਗ ਕਿਤਾਬਾਂ ਛਾਪ ਕੇ ਪੰਜਾਬੀ ਪਾਠਖਾਂ ਵਿਚ ਆਪਣੀ ਨਿੱਗਰ ਸਪੇਸ ਬਣਾ ਰਿਹਾ ਏ। 'ਕਰੋਅ' ਦਾ ਮਾਰਕਾ ਵੇਖ ਕੇ ਹੁਣ ਪਾਠਕ ਕਿਤਾਬਾਂ ਖਰੀਦਣ ਲੱਗ ਪਏ ਨੇ। ਇਸ ਗੱਲ ਲਈ ਕਿੰਦਾ ਨਾਹਲ ਵਧਾਈ ਦਾ ਪਾਤਰ ਏ।



### ਪਾਸ਼ੋ ਦਾ ਮੁੰਡਾ...ਰਾਮ ਸਿੰਘ




ਜਾਤੀ ਅਤੇ ਸਮਾਜਿਕ ਦਰਜਾਬੰਦੀ 'ਚ ਹਾਸ਼ੀਏ 'ਤੇ ਧੱਕ ਦਿੱਤੇ ਗਏ ਪੁਰਖਿਆ ਦੀ ਗੱਲ ਜਦੋਂ ਲੇਖਕ ਆਪਣੇ ਸਵੈ ਕਥਨ 'ਚ ਕਰਦਾ ਏ ਤਾਂ ਅਨਿਆ, ਕਰੂਰਤਾ, ਵਿਤਕਰਾ, ਦਲਿੱਦਰ ਭਰਿਆ ਜੀਵਨ ਅਤੇ ਜੀਵਨ ਸੰਘਰਸ਼ ਆਪਣੇ ਆਪ ਸਹਿਜ ਰੂਪ ਵਿਚ ਆ ਜਾਂਦਾ ਏ। ਰਾਮ ਸਿੰਘ ਨੇ ਆਪਣੇ ਪੁਰਖਿਆ ਦੀ ਕੰਗਾਲੀ ਵੇਖੀ ਤੇ ਜਾਤੀ ਵਿਤਕਰਾ ਉਨ੍ਹਾਂ ਦੇ ਨਾਲ ਨਾਲ ਆਪ ਵੀ ਆਪਣੀ ਦੇਹ ਤੇ ਹੰਢਾਇਆ ਏ। ਇਸ ਦੇ ਬਾਵਜੂਦ ਮਜ਼ਬੀ ਸਿੱਖ ਪਰਿਵਾਰ 'ਚੋਂ ਇਹ ਮੁੰਡਾ ਉੱਠਿਆ ਤੇ ਪੜ੍ਹ ਲਿਖ ਕੇ ਜ਼ਿੱਲਤ ਤੇ ਗੁਰਬਤ ਨਾਲ ਭਰੀ ਜ਼ਿੰਦਗੀ ਨੂੰ ਠੇਡਾ ਮਾਰ ਪਹਿਲੇ ਦਰਜ਼ੇ ਵਾਲੀ ਸਰਕਾਰੀ ਨੌਕਰੀ ਤੱਕ ਪਹੁੰਚ ਗਿਆ। ਪਿੰਡਾਂ 'ਚ ਮਜ਼ਬੀ ਸਮਾਜ ਦੇ ਲੋਕਾਂ ਦਾ ਪੇਂਡੂ ਜੱਟਾਂ ਨਾਲ ਗੂੜਾ ਰਿਸ਼ਤਾ ਰਿਹਾ ਏ। ਜੱਟ ਆਪਣੀ ਜਾਤੀ ਹਓਂ ਨਾਲ ਇਸ ਸਮਾਜ ਨੂੰ ਬੁਰੀ ਤਰ੍ਹਾਂ ਦਰੜਦੇ ਆਏ ਨੇ। ਜਾਤੀ ਵਿਤਕਰੇ ਭਰਿਆ ਬਿਰਤਾਂਤ ਰਾਮ ਸਿੰਘ ਨੇ ਆਪਣੀ ਸਵੈ ਜੀਵਨੀ 'ਪਾਸ਼ੋ ਦਾ ਮੁੰਡਾ' ਵਿਚ ਬੜੀ ਦਲੇਰੀ ਨਾਲ ਪੇਸ਼ ਕੀਤਾ ਏ। ਰਾਮ ਸਿੰਘ ਦੇ ਮਾਂ-ਬਾਪ ਨੂੰ ਪਤਾ ਸੀ ਜਾਤ-ਪਾਤ ਦਾ ਜੂਲਾ ਵਿੱਦਿਆ ਨਾਲ ਲੱਥਣਾ ਏ ਤੇ ਪਿਤਾ ਨੇ ਰਾਮ ਸਿੰਘ ਨੂੰ ਬੜੀ ਮੁਸ਼ਕਲ ਤੇ ਵਿਰੋਧ ਦੇ ਪ੍ਰਵਚਨ ਦੇ ਬਾਵਜੂਦ ਯੂਨੀਵਰਸਿਟੀ ਤੱਕ ਪੜ੍ਹਾਇਆ। ਆਪਣੇ ਗਿਆਨ ਨਾਲ ਰਾਮ ਸਿੰਘ ਐਸ. ਡੀ. ਐਮ. ਤੱਕ ਪਹੁੰਚ ਜਾਂਦਾ ਏ। ਕਿਤਾਬ 'ਚ ਖਾਲਿਸਤਾਨੀ ਲਹਿਰ ਤੇ ਕਮਿਊਨਿਸਟ ਲਹਿਰ ਵੇਲੇ ਮਜ਼ਬੀਆਂ ਦੀ ਪੇਂਡੂ ਸਥਿਤੀ ਦਾ ਬੇਬਾਕੀ ਨਾਲ ਵਰਣਨ ਕੀਤਾ ਏ। ਪੰਜਾਬ ਦੇ ਪੇਂਡੂ ਖਿੱਤੇ ਦੀ ਜਾਤੀ ਬਣਤਰ ਨੂੰ ਸਮਝਣ ਲਈ ਲੇਖਕ ਦੀ ਸਵੈ ਜੀਵਨੀ ਬੜੀ ਮੁੱਲਵਾਨ ਏ।

### ਪੰਕਜ ਸੁਬੀਰ ਦਾ ਨਾਵਲ 'ਰੂਦਾਦੇ-ਸਫ਼ਰ'

ਇਹ ਨਾਵਲ ਅਨੇਕਾਂ ਗੱਲਾਂ ਕਰਕੇ ਨਿਵੇਕਲਾ ਅਤੇ ਮਾਨਵੀ ਸੰਵੇਦਨਾ ਭਰਪੂਰ ਏ। ਨਾਵਲ ਦਾ ਬਿਰਤਾਂਤ ਤੁਹਾਨੂੰ ਪਰੇਸ਼ਾਨ ਕਰਦਾ ਏ ਕਿਉਂਕਿ ਇਹਦੇ ਵਿਚ ਕਾਰਜਸ਼ੀਲ ਕੁੜੀ ਅਰਚਨਾ ਆਪਣੇ ਡਾਕਟਰੀ ਪੇਸ਼ੇ ਵਿਚ ਜਦੋਂ ਵਿਚਰਦੀ ਏ ਤਾਂ ਸੂਈ ਦੇ ਨੱਕੇ ਵਿੱਚੋਂ ਲੰਘਦੀ ਤੁਹਾਨੂੰ ਮਹਿਸੂਸ ਹੁੰਦੀ ਏ। ਅਰਚਨਾ ਦਾ ਪਿਤਾ ਬੜਾ ਅਦਰਸ਼ਵਾਦੀ ਡਾਕਟਰ ਏ। ਉਸ ਦੇ ਪਿਤਾ ਦਾ ਪ੍ਰਭਾਵ ਵੀ ਉਹਦੇ ਤੇ ਏ ਪਰ ਮਾਂ ਪਦਾਰਥਕ ਖਹਿਸ਼ਾ ਵਾਲੀ ਏ। ਅਰਚਨਾ ਨਵੇਂ ਬਣ ਰਹੇ ਡਾਕਟਰ ਵਿਦਿਆਰਥੀਆਂ ਨੂੰ ਦਾਨ ਕੀਤੀਆਂ ਮਨੁੱਖੀ ਲਾਸ਼ਾਂ ਦੇ ਅੰਦਰੂਨੀ ਅੰਗਾਂ ਦੀ ਚਾਰ ਫਾੜ ਸਿਖਾਉਂਦੀ ਏ। ਨਾਵਲ ਵਿਚ ਇਹ ਦ੍ਰਿਸ਼ ਸਧਾਰਨ ਪਾਠਕ ਨੂੰ ਸਹਿਜ ਨਹੀਂ ਰਹਿਣ ਦਿੰਦੇ। ਨਾਵਲ ਵਿਚ ਲੇਖਕ ਵੱਲੋਂ ਵਰਤੀ ਦਾਰਸ਼ਨਿਕ ਫ਼ਿਕਰੇਬਾਜੀ ਨਾਲ ਪਾਠਕ ਬੱਝਾ ਰਹਿੰਦਾ ਏ। ਵਿਸ਼ਾ ਅਛੂਤਾ ਏ। ਬਿਰਤਾਂਤ ਸੰਘਣਾ ਤੇ ਪਾਠਕ ਨੂੰ ਆਪਣੇ ਨਾਲ ਤੋਰਨ ਵਾਲਾ ਏ। ਪੰਜਾਬੀ ਦੇ ਰਵਾਇਤੀ ਨਾਵਲ ਪੜ੍ਹ ਪੜ੍ਹ ਕੇ ਅੱਕੇ ਪਾਠਕਾਂ ਨੂੰ ਇਹ ਨਾਵਲ ਕਈ ਕੁਝ ਨਵਾਂ ਤੇ ਜਾਨਦਾਰ ਬਿਰਤਾਂਤ ਪੜ੍ਹਨ ਨੂੰ ਦਿੰਦਾ ਏ। ਨਾਵਲ ਆਨ ਲਾਇਨ ਆਸਾਨੀ ਨਾਲ ਮਿਲ ਜਾਂਦਾ ਏ।



## ਮਹੀਸੇ ਬੋਲਦੇ ਨੇ (ਕਾਵਿ ਸੰਗ੍ਰਹਿ)

**ਜਸਪਾਲ ਧਾਮੀ**

ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ, ਜਲੰਧਰ

ਮੁੱਲ : 200, ਪੰਨੇ : 127




ਵਿਸ਼ਵ ਪੱਧਰ ਤੇ 'ਮਸੀਹੇ' ਦਾ ਚਿਹਨ ਬੜਾ ਵਿਰਾਟ ਤੇ ਬਹੁ ਅਰਥੀ ਧੁੰਨੀਆਂ ਪੈਦਾ ਕਰਨ ਵਾਲਾ ਏ। ਸਾਹਿਤ ਉਦੋਂ ਹੀ ਵੱਡਾ ਬਣਦਾ ਏ ਜਦੋਂ ਉਸ ਨੂੰ ਲਿਖਣ ਵਾਲਾ ਸਾਹਿਤਕਾਰ ਆਪਣੀ ਲਿਖਤ 'ਚ ਸਮਾਜਿਕ ਸਰੋਕਾਰ ਆਪਣੀ ਨਿਵੇਕਲੀ ਸ਼ੈਲੀ ਤੇ ਚਿਹਨਾ ਰਾਹੀਂ ਲੈ ਕੇ ਆਉਂਦਾ ਏ। 'ਮਸੀਹੇ ਬੋਲਦੇ ਨੇ' ਦੀ ਕਵਿਤਾ 'ਚੋਂ ਜਦੋਂ ਮੈਂ ਗੁਜਰਿਆ ਤਾਂ ਮੈਨੂੰ ਅਹਿਸਾਸ ਹੋਇਆ ਕਿ ਜਸਪਾਲ ਧਾਮੀ ਦੀ ਕਵਿਤਾ ਪਾਠਕ ਨੂੰ ਆਪਣੇ ਨਾਲ ਉਂਗਲੀ ਫੜ ਕੇ ਜੋੜ ਤੇ ਤੋਰ ਲੈਂਦੀ ਏ। ਕਵਿਤਾ ਵਿੱਚੋਂ ਲੰਘਦਿਆਂ ਪਤਾ ਲੱਗਦਾ ਏ ਕਿ ਉਹਦੇ ਕੋਲ ਮੁੱਲਵਾਨ ਸੰਵੇਦਨਾ ਏ। ਇਸੇ ਸੰਵੇਦਨਾ ਕਰਕੇ ਉਹ ਸਮਕਾਲ ਨਾਲ ਗੋਸ਼ਟ, ਸੰਵਾਦ ਤੇ ਪ੍ਰਵਚਨ ਕਰਦਾ ਪ੍ਰਤੀਤ ਹੁੰਦਾ ਏ। ਜਟਿਲ ਸਮਾਜਿਕ ਬਣਤਰ ਨੂੰ ਲੈ ਕੇ ਜਸਪਾਲ ਧਾਮੀ ਵਿਰੋਧ ਦਾ ਪ੍ਰਵਚਨ ਉਸਾਰਦਾ ਏ। ਦ੍ਰਿਸ਼ਟੀ ਦੇ ਪੱਧਰ 'ਤੇ ਉਹਦੇ ਮਨ 'ਚ ਕੋਈ ਧੁੰਦਲਕਾ ਨਹੀਂ ਇਸੇ ਕਰਕੇ ਉਹਦੀ ਕਵਿਤਾ ਸਮਕਾਲੀ ਸਰੋਕਾਰਾਂ ਨਾਲ ਘਸਰ ਕੇ ਲੰਘਦੀ ਏ। 'ਉਹ' ਤੇ 'ਸਾਡੇ' ਰਾਹੀਂ ਦੋ ਧਿਰਾ ਦੀ ਬਾਤ ਪਾਉਂਦਾ ਧਾਮੀ ਦਰੜੀ ਧਿਰ ਵੱਲ ਖੜਦਾ ਏ। ਵਿਸ਼ਵੀਕਰਨ ਦੇ ਸਮਕਾਲੀ ਦੌਰ ਵਿਚ ਬਜ਼ਾਰ ਦੀਆਂ ਲੂੰਬੜ ਚਾਲਾ ਨੂੰ ਬੜੀ ਸਪੱਸ਼ਟਾ ਨਾਲ ਨੰਗਿਆ ਕਰਦਾ ਏ। ਉਹਦੀ ਕਵਿਤਾ ਗਲੋਬਲੀ ਚਕਾਚੌਂਧ ਵਿਚ ਗੁਵਾਚ ਗਏ ਮਨੁੱਖ ਲੱਭਣ ਦੀ ਬਾਤ ਵੀ ਪਾਉਂਦੀ ਏ। ਦੂਜਾ ਮੁੱਦਾ ਧਰਮ ਤੇ ਰਾਜਨੀਤੀ ਏ, ਇਨ੍ਹਾਂ ਨੂੰ ਆਪਣੀ ਕਵਿਤਾ 'ਚ ਸਵਾਲਾਂ ਦੇ ਘੇਰੇ 'ਚ ਲੈ ਕੇ ਆਉਂਦਾ ਏ। ਉਹਦੀ ਕਵਿਤਾ ਦਾ ਤੀਜਾ ਮੁੱਦਾ ਮਜ਼੍ਹਬੀ ਕੱਟੜਤਾ ਰਿਹਾ ਏ। ਇਹ ਅਜੋਕੇ ਦੌਰ ਦਾ ਭੱਖਵਾਂ ਮੁੱਦਾ ਏ। ਇਸ ਮੁੱਦੇ ਨੇ ਪੂਰੀ ਮਨੁੱਖਤਾ ਦਾ ਘਾਣ ਕਰਕੇ ਰੱਖ ਦਿੱਤਾ ਏ। ਮਜ਼੍ਹਬ ਨੇ ਮਨੁੱਖ ਦੀ ਚੇਤਨਾ ਖੁੰਢੀ ਕਰਕੇ ਰੱਖ ਦਿੱਤੀ ਏ। ਉਹਦੇ ਅਵਚੇਤਨ ਵਿਚ ਅਨੇਕ ਕਿਸਮ ਦੀਆਂ ਭ੍ਰਾਂਤੀਆਂ ਭਰ ਦਿੱਤੀਆਂ ਨੇ। ਇਨ੍ਹਾਂ ਤੇ ਧਾਮੀ ਬੜੀ ਇਕਾਗਰਤਾ ਨਾਲ ਸੱਟ ਮਾਰਦਾ ਏ। ਉਹਦੀ ਕਵਿਤਾ ਦੇ ਸਰੋਕਾਰ ਬਹੁਤ ਵਿਸ਼ਾਲ ਨੇ। ਉਹ ਵਿਸ਼ਵ ਦੇ ਮਨੁੱਖ ਦੀ ਗੱਲ ਕਰਦਾ ਹੋਇਆ ਉਨ੍ਹਾਂ ਦੇ ਸਮਾਜਿਕ concern ਦੀ ਬਾਤ ਪਾਉਂਦਾ ਏ। ਆਪਣੀ ਕਵਿਤਾ 'ਚ ਉਹ stereotype ਨਾ ਹੁੰਦਾ ਹੋਇਆ ਜ਼ਿੰਦਗੀ ਨੂੰ Black and white ਵੀ ਨਹੀਂ ਚਿਤਰਦਾ। ਆਪਣੀ ਕਵਿਤਾ 'ਚ ਜਿਉਣ ਲਈ ਧਾਮੀ alternative ਵੀ ਲੈ ਕੇ ਆਉਂਦਾ ਏ। ਸਮਾਜਿਕ ਸਰੋਕਾਰਾਂ ਨਾਲ commitment ਹੋਰ ਕਰਕੇ ਉਹਦੀ ਕਵਿਤਾ ਦੇ ਅਨੇਕਾਂ shades ਨੇ। ਕਵਿਤਾ 'ਚ ਉਹਦਾ ਅਨੁਭਵ first hand ਹੋਣ ਕਰਕੇ ਉਹਦਾ ਕਵਿਤਾ 'ਚ ਗਹਿਰਾਈ ਲੈ ਕੇ ਆਉਂਦਾ ਏ। ਇਸ ਤੋਂ ਪਹਿਲਾਂ ਜਸਪਾਲ ਧਾਮੀ ਆਪਣੀ ਪ੍ਰਗੀਤਕ ਆਵਾਜ਼ ਦਾ ਲੋਹਾ ਵੀ ਮਨਵਾ ਚੁੱਕਾ ਏ ਤੇ ਉਹਦੀ ਇਕ ਗ਼ਜ਼ਲਾਂ ਦੀ ਕਿਤਾਬ 'ਯਾਦਾਂ ਦਾ ਪਸ਼ਮੀਨਾ' ਵੀ ਸਾਡੇ ਬੂਹਿਆ ਤੱਕ ਦਸਤਕ ਦੇ ਚੁੱਕੀ ਏ। 'ਮਸੀਹੇ ਬੋਲਦੇ ਨੇ' ਦਾ ਸਵਾਗਤ ਏ।

–ਭਗਵੰਤ ਰਸੂਲਪੁਰੀ

Year: 18 issue:70 ISSN: 2321-4445
'Kahani Dhara' (Punjabi Quarterly) July-Sept.,2023, R.N.I.Regd. No. PUN2006/19971

## ਸ਼ਾਮ ਦੀ ਸ਼ਾਖ਼ 'ਤੇ (ਗ਼ਜ਼ਲ ਸੰਗ੍ਰਹਿ)

ਕੁਲਵਿੰਦਰ

ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ

ਮੁੱਲ : 200, ਪੰਨੇ : 84




ਕੁਲਵਿੰਦਰ ਦੀ ਗ਼ਜ਼ਲ ਦੀ ਜ਼ਮੀਨ ਗਹਿਰੀ ਤੇ ਮੋਕਲੀ ਏ। ਸ਼ਾਇਰੀ ਵੱਲ ਭਾਵੇਂ ਮੈਂ ਬਹੁਤਾ ਮੂੰਹ ਨ੍ਹੀਂ ਕਰਦਾ ਪਰ 'ਸ਼ਾਮ ਦੀ ਸ਼ਾਖ਼ 'ਤੇ' ਜਿਓਂ ਬੈਠਾ, ਮੁੜ ਉਤਰਨ ਦਾ ਨਾਂ ਨਾ ਲਿਆ। ਕੁਲਵਿੰਦਰ ਆਪਣੀ ਗ਼ਜ਼ਲ 'ਚ ਜਿਹੜੇ ਚਿਹਨ ਵਰਤਦਾ ਏ ਪਾਠਕ ਦੇ ਮਨ ਅੰਦਰ ਜਦੋਂ ਲੱਥਦੇ ਨੇ ਤਾਂ ਉਨ੍ਹਾਂ ਦਾ ਘੇਰਾ ਵਸੀਹ ਹੁੰਦਾ ਜਾਂਦਾ ਏ। 'ਕੁਦਰਤ' ਦੇ ਚਿਹਨ ਉਹਦਾ ਸਾਰਾ ਮਸਤਕ ਮੱਲੀ ਬੈਠੇ ਨੇ। ਆਪਣੀ ਸਪੱਸ਼ਟ ਵਿਚਾਰਧਾਰਕ ਦ੍ਰਿਸ਼ਟੀ ਨਾਲ 'ਢਲ਼ਦੀ ਸ਼ਾਮ' 'ਚ ਹਲਕੇ ਰੰਗ ਭਰ ਦਿੰਦਾ ਏ। ਜਿਹਦੇ 'ਚ ਮਹਿਕ ਦੇ ਨਾਬਰੀ ਰੰਗ ਵੇਖਣ ਸਮਝਣ ਨੂੰ ਮਿਲ ਜਾਂਦੇ ਨੇ। ਕੁਲਵਿੰਦਰ 'ਰੌਸ਼ਨੀ' ਨੂੰ ਪਿਆਰ ਕਰਦਾ ਏ ਏਸੇ ਕਰਕੇ 'ਸੂਰਜ' ਨੂੰ ਆਪਣੀ ਬੁੱਕਲ 'ਚ ਲੈ ਲੈਂਦਾ ਏ। ਉਹ ਸ਼ਾਖ਼ਾਂਵਾਂ ਉੱਤੇ ਬੈਠੀ ਤ੍ਰੇਹ ਦੀ ਵੀ ਬਾਤ ਪਾਉਂਦਾ ਏ। ਉਹ 'ਹਥਿਆਰਾਂ' ਤੋਂ ਨਾਬਰੀ ਦਾ 'ਪ੍ਰਵਚਨ' ਦਿੰਦਾ, 'ਸ਼ਬਦਾਂ' ਦੀ ਸ਼ਕਤੀ ਦੀ ਲੋਰੀ ਸੁਣਾਉਂਦਾ ਜ਼ਿੰਦਗੀ ਦੇ ਖੁਸ਼ਕ ਸਫ਼ਰ ਦੀ ਬਾਤ ਵੀ ਪਾਉਂਦਾ ਏ। ਦੀਪ, ਰੌਸ਼ਨੀ, ਛਾਵਾਂ, ਸੂਰਜ ਕੁਲਵਿੰਦਰ ਦੀ ਗ਼ਜ਼ਲ 'ਚ ਥਾਂ ਥਾਂ ਧੜਕਦੇ ਮੈਂ ਮਹਿਸੂਸ ਕੀਤੇ ਨੇ। ਕੁਲਵਿੰਦਰ ਦੀ ਗ਼ਜ਼ਲ 'ਚ 'ਸੂਰਜ' ਦੇ ਅਨੇਕਾਂ ਰੰਗ ਮਿਲ ਜਾਂਦੇ ਨੇ। ਹਰ ਰੰਗ ਦੇ ਆਪਣੇ ਨਿਵੇਕਲੇ ਅਰਥ ਨੇ। 'ਸੁੱਕੀਆਂ ਸ਼ਾਖ਼ਾਂ' ਤੇ 'ਸੁੱਕੀ ਨਦੀ' ਦੀ ਗੱਲ ਕਰਦਾ ਕੁਲਵਿੰਦਰ ਇਸ ਮੁੱਦੇ ਨੂੰ ਸਵਾਲਾਂ ਦੇ ਘੇਰੇ ਵਿਚ ਲੈ ਕੇ ਆਂਦਾ ਏ ਜੋ ਲੋਕ ਦਰਖਤਾਂ ਤੋਂ 'ਬੰਸਰੀ' ਤੇ 'ਰਬਾਬ' ਬਣਾਉਣ ਦੀ ਬਜਾਏ ਹਥਿਆਰ ਦਾ 'ਦਸਤਾ' ਤੇ 'ਕੁਰਸੀ' ਬਣਾਉਣ ਲੱਗੇ ਹੋਏ ਨੇ। ਕੁਲਵਿੰਦਰ ਸ਼ਬਦ ਦੀ ਸ਼ਕਤੀ ਦਾ ਪੁਜ਼ਾਰੀ ਏ ਇਸੇ ਕਰਕੇ ਹਥਿਆਰਬੰਦ ਇਨਕਲਾਬ ਤੋਂ ਨਾਬਰੀ ਦੇ ਚਿਹਨ ਆਪਣੀਆਂ ਗ਼ਜ਼ਲਾਂ 'ਚ ਵਰਤਦਾ ਹੋਇਆ 'ਸ਼ਬਦ' ਨੂੰ ਆਪਣੇ ਅੰਦਰ ਆਤਮਸਾਤ ਕਰਨ ਦੀ ਪ੍ਰੇਰਨਾ ਦਿੰਦਾ ਏ। 'ਸੂਰਜ' ਤੇ 'ਸ਼ਬਦ' ਨੂੰ ਗਲਵਕੜੀ ਪਾਉਂਦਾ ਕੁਲਵਿੰਦਰ ਅਮਰੀਕਾ ਬੈਠਾ ਅਜੇ ਵੀ ਸੁੱਕੇ ਗੁਲਦਸਤੇ, ਬੁਝਿਆ ਦੀਵਾ, ਘਰ ਦੀ ਚੋਂਦੀ ਛੱਤ, ਜ਼ਹਿਰੀ ਹਵਾ ਦੀ ਗੱਲ ਕਰਨਾ ਆਪਣਾ ਫ਼ਰਜ਼ ਸਮਝਦਾ ਏ। 'ਪਰਿੰਦੇ ਪੀ ਰਹੇ ਨੇ ਰੇਤ' ਪੜ੍ਹ ਕੇ ਮੈਂ ਬੇਚੈਨ ਹੋ ਗਿਆ ਤੇ 'ਸ਼ਾਮ ਦੀ ਸ਼ਾਖ 'ਤੇ ਬੈਠ ਕੇ ਪੱਥਰ ਹੋ ਗਿਆ ਸਾਂ। ਕੁਲਵਿੰਦਰ ਭਾਅ ਕੋਲ ਅੰਤਾਂ ਦੀ ਬੇਚੈਨੀ ਏ, ਉਨ੍ਹਾਂ ਦੀ ਗ਼ਜ਼ਲ ਬੇਚੈਨੀ ਪੈਦਾ ਕਰਦੀ ਏ। ਏਸ ਬੇਚੈਨੀ 'ਚੋਂ ਪਾਠਕ ਦੇ ਮਨ 'ਚ 'ਸੂਰਜ' ਨੂੰ ਆਪਣੀ ਬੁਕਲ 'ਚ ਲੈਣ ਲਈ ਤੜਫ ਪੈਦਾ ਹੋਣ ਲੱਗ ਪੈਂਦੀ ਏ। ਕੁਲਵਿੰਦਰ ਸਮਕਾਲ ਦਾ ਸਾਡਾ ਯਥਾਰਥਵਾਦੀ ਸ਼ਾਇਰ ਏ, ਜਿਹਦੇ ਕੋਲ ਅੰਤਾਂ ਦੀ ਸਮਾਜਿਕ ਸੂਝ ਦੇ ਨਾਲ ਨਾਲ ਇਤਿਹਾਸ, ਮਿਥਿਹਾਸ ਤੇ ਪ੍ਰਕ੍ਰਿਤੀ ਦੇ ਠੋਸ ਚਿਹਨ ਨੇ। ਤੇ ਮੈਂ ਉਨ੍ਹਾਂ ਦੇ ਪਹਿਲੇ ਗ਼ਜ਼ਲ ਸੰਗ੍ਰਹਿ 'ਬਿਰਛਾ ਅੰਦਰ ਉੱਗੇ ਖੰਡਰ' ਅਤੇ 'ਨੀਲੀਆਂ ਲਾਟਾਂ ਦਾ ਸੇਕ' ਆਪਣੀ ਨਿੱਜੀ ਲਾਇਬ੍ਰੇਰੀ ਦੇ ਰੈਕ 'ਚੋਂ ਕੱਢ ਕੇ ਆਪਣੇ 'ਸਟੱਡੀ ਟੇਬਲ' 'ਤੇ ਰੱਖ ਲੈਂਦਾ ਹਾਂ।

-ਭਗਵੰਤ ਰਸੂਲਪੁਰੀ